# ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਜਮਾਤੀ-ਚੇਤਨਾ

# AJMER SINGH AULAKH DE NATAK ATE JAMATI-CHETNA

Thesis Submitted for the Award of the Degree of

**DOCTOR OF PHILOSOPHY**

**in**

**Punjabi**

**By**

**Gurlal Singh**

**Registration Number: 42000347**

**Supervised BY**

**Dr. Yadwinder Kaur (UID-22780)**

**Punjabi (Assistant Professor)**

**Lovely Professional University**

**LOVELY PROFESSIONAL UNIVERSITY, PUNJAB**

**2025**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਗੁਰਲਾਲ ਸਿੰਘ ਦੁਆਰਾ 'ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਜਮਾਤੀ-ਚੇਤਨਾ' ਵਿਸ਼ੇ ਉੱਤੇ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਕੀਤਾ ਖੋਜ-ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਗਿਆ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ। ਇਸ ਖੋਜ-ਪ੍ਰਬੰਧ ਨੂੰ ਪਹਿਲਾਂ ਕਿਸੇ ਡਿਗਰੀ/ਡਿਪਲੋਮਾ ਲਈ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਡਾ. ਯਾਦਵਿੰਦਰ ਕੌਰ

ਨਿਗਰਾਨ

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਸਕੂਲ ਆਫ਼ ਹਿਊਮੈਨਟੀਜ਼

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ।

ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਮੇਰੇ ਵੱਲੋਂ 'ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਜਮਾਤੀ-ਚੇਤਨਾ' ਵਿਸ਼ੇ ਉਪਰ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ ਮੇਰੇ ਦੁਆਰਾ ਕੀਤਾ ਹੋਇਆ ਮੌਲਿਕ ਖੋਜ-ਕਾਰਜ ਹੈ ਅਤੇ ਇਸ ਖੋਜ-ਪ੍ਰਬੰਧ 'ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਜਮਾਤੀ-ਚੇਤਨਾ' ਨੂੰ ਪਹਿਲਾਂ ਕਿਸੇ ਡਿਗਰੀ/ਡਿਪਲੋਮਾ ਲਈ ਕਿਸੇ ਹੋਰ ਯੂਨੀਵਰਸਿਟੀ/ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ

ਡਾ. ਯਾਦਵਿੰਦਰ ਕੌਰ

ਪ੍ਰਤੀ ਹਸਤਾਖ਼ਰ ਖੋਜਾਰਥੀ

ਗੁਰਲਾਲ ਸਿੰਘ

ਰਜਿ.ਨੰ. 42000347.

# <u>ਤਤਕਰਾ</u>


**ਭੂਮਿਕਾ** **7-8**

**ਧੰਨਵਾਦ** **9**

**ਅਧਿਆਇ ਪਹਿਲਾ**

**ਸਿਧਾਂਤਕ ਪਿੱਠ ਭੂਮੀ** **10-94**

1.1. ਸਮੱਸਿਆ ਕਥਨ

1.2 ਪੂਰਵ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ

1.3 ਖੋਜ-ਕਾਰਜ ਦੇ ਉਦੇਸ਼

1.4 ਸਮਾਜਿਕ ਅਤੇ ਸਾਹਿਤਕ ਸਾਰਥਿਕਤਾ

1.5 ਖੋਜ ਦੀ ਵਿਧੀ

1.6 ਪਰਿਕਲਪਨਾ

1.7 ਨਾਟਕ ਦਾ ਸਿਧਾਂਤ ਤੇ ਪੰਜਾਬੀ ਨਾਟਕ ਦਾ ਇਤਿਹਾਸ

1.7.1 ਨਾਟਕ ਦਾ ਸਿਧਾਂਤ

1.7.2 ਪੰਜਾਬੀ ਨਾਟਕ ਦਾ ਇਤਿਹਾਸ

1.8 ਜਮਾਤੀ-ਚੇਤਨਾ: ਪਰਿਭਾਸ਼ਾ, ਸੰਕਲਪ, ਸਿਧਾਂਤਕ ਤੇ ਇਤਿਹਾਸਕ ਸੰਦਰਭ

1.8.1 ਜਮਾਤ: ਇਤਿਹਾਸਕ ਅਤੇ ਸਿਧਾਂਤਕ ਪਰਿਪੇਖ

1.8.2 ਚੇਤਨਾ: ਸ਼ਬਦ ਵਿਉਂਤਪੱਤੀ ਤੇ ਪਰਿਭਾਸ਼ਾ

1.9 ਅਜਮੇਰ ਸਿੰਘ ਔਲਖ:ਜੀਵਨ, ਰਚਨਾ ਅਤੇ ਮਾਨ-ਸਨਮਾਨ

1.9.1 ਪਰਿਵਾਰਕ ਪਿਛੋਕੜ

1.9.2 ਸਾਹਿਤਕ ਸਫ਼ਰ (ਰਚਨਾ ਸੰਸਾਰ)

1.9.3 ਸਥਾਪਿਤ ਨਾਟਕਕਾਰ ਦਾ ਸਫ਼ਰ

1.9.4 ਸਨਮਾਨ

1.10 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਜਮਾਤੀ-ਚੇਤਨਾ ਦਾ ਮਾਡਲ

**ਅਧਿਆਇ-ਦੂਜਾ**

**ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਆਰਥਿਕ ਪਰਿਪੇਖ** **95-115**

2.1 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚੋਂ ਅਭਿਵਿਅਕਤ ਹੁੰਦੀਆਂ ਆਰਥਿਕ ਸਮੱਸਿਆਵਾਂ

2.1.1 ਨਿਮਨ-ਕਿਸਾਨੀ ਨਾਲ ਸੰਬੰਧਿਤ ਆਰਥਿਕ ਸਮੱਸਿਆਵਾਂ

2.1.2 ਬੇ-ਜ਼ਮੀਨੇ ਲੋਕਾਂ ਦੀਆਂ ਆਰਥਿਕ ਸਮੱਸਿਆਵਾਂ ਦਾ ਅਧਿਐਨ

2.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਉਪਜੀਆਂ ਆਰਥਿਕ ਸਮੱਸਿਆਵਾਂ

2.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਆਰਥਿਕ ਪਰਿਪੇਖ ਸੰਬੰਧੀ ਚੇਤਨਾ

**ਅਧਿਆਇ-ਤੀਜਾ**

**ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਰਾਜਨੀਤਕ ਪਰਿਪੇਖ**

**116-135**

3.1 ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਰਾਜਸੀ ਸਰੂਪ

3.1.1 ਪੁਲਿਸ/ਸਟੇਟ ਦਾ ਵਿਵਹਾਰ

3.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਜਨ-ਸਧਾਰਨ ਦੀ ਸਥਿਤੀ

3.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਰਾਜਨੀਤਕ ਪਰਿਪੇਖ ਸੰਬੰਧੀ ਚੇਤਨਾ

**ਅਧਿਆਇ-ਚੌਥਾ**

**ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਸਮਾਜ-ਸਭਿਆਚਾਰਕ ਪਰਿਪੇਖ** **136-189**

4.1 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਲਵਈ ਜੀਵਨ-ਜਾਚ

4.1.1 ਨਿਮਨ/ਬੇ-ਜ਼ਮੀਨੇ ਲੋਕਾਂ ਦਾ ਖੇਤੀ ਢੰਗ ਅਤੇ ਪਰਿਵਾਰਕ ਸੰਰਚਨਾ

4.1.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਲਵਈ ਜੀਵਨ ਅਤੇ ਨਾਰੀ

4.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਲਵਈ ਜਨ-ਜੀਵਨ ਅਤੇ ਦਲਿਤ

4.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਸਮਾਜ-ਸਭਿਆਚਾਰਕ ਪਰਿਪੇਖ ਸੰਬੰਧੀ ਚੇਤਨਾ

**ਅਧਿਆਇ- ਪੰਜਵਾਂ**

**ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਧਾਰਮਿਕ ਪਰਿਪੇਖ** **190-210**

5.1 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ ਦਾ ਸਰੂਪ

5.1.1 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ ਦਾ ਸੰਪ੍ਰਦਾਇਕ ਸਰੂਪ

5.1.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ ਦਾ ਡੇਰਾਵਾਦੀ ਰੂਪ

5.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ: ਵਹਿਮ-ਭਰਮ, ਜਾਦੂ-ਟੂਣੇ

5.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਾਰਮਿਕ ਪਰਿਪੇਖ ਸੰਬੰਧੀ ਚੇਤਨਾ।

**ਸਾਰ ਅਤੇ ਸਥਾਪਨਾਵਾਂ** **211-223**

**ਪੁਸਤਕ ਸੂਚੀ** **224-229**

# ਭੂਮਿਕਾ

ਸਾਹਿਤ ਅਤੇ ਸਮਾਜ ਦਾ ਸੰਬੰਧ ਇੰਨਾ ਹੀ ਨਹੀਂ ਕਿ ਸਾਹਿਤ ਸਮਾਜ ਦੀ ਤਸਵੀਰ ਪੇਸ਼ ਕਰਦਾ ਹੈ, ਸਗੋਂ ਇਹ ਸੰਬੰਧ ਇੰਨਾ ਪ੍ਰਬਲ ਹੈ ਕਿ ਸਾਹਿਤ ਇਸ ਤਸਵੀਰ ਨੂੰ ਬਣਾਉਣ ਅਤੇ ਬਦਲਣ ਦੀ ਸਮਰੱਥਾ ਵੀ ਰੱਖਦਾ ਹੈ। ਦੂਜੇ ਸ਼ਬਦਾਂ ਵਿਚ ਸਾਹਿਤ ਸਮਾਜ ਦੇ ਭਾਈਚਾਰਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਢਾਂਚੇ ਨੂੰ ਬਦਲ ਕੇ ਰੱਖ ਦਿੰਦਾ ਹੈ।

ਔਲਖ ਦੀ ਨਾਟ ਸਿਰਜਣਾ ਨੇ ਸਮਾਜ ਅਤੇ ਸਮਾਜਿਕ ਸੰਸਥਾਵਾਂ ਨੂੰ ਸਮਝਣ ਲਈ ਉਕਤ ਭੂਮਿਕਾ ਨਿਭਾਈ ਹੈ। ਉਸਦੇ ਨਾਟਕਾਂ ਵਿਚ ਸਮਾਜ ਦੇ ਹਰੇਕ ਪੱਖ (ਰਾਜਨੀਤਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ) ਨੂੰ ਸਮਝਿਆ ਜਾ ਸਕਦਾ ਹੈ। ਉਸਦੇ ਨਾਟਕਾਂ ਵਿਚ ਉਕਤ ਤੱਥਾਂ ਦਾ ਮੁਲਾਂਕਣ ਕਰਨਾ ਹੀ ਹੱਥਲੇ ਖੋਜ-ਕਾਰਜ **"ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਜਮਾਤੀ-ਚੇਤਨਾ"** ਦਾ ਮੂਲ ਪ੍ਰਯੋਜਨ ਹੈ। ਖੋਜ-ਕਾਰਜ ਨੂੰ ਵਿਧੀਵਤ ਢੰਗ ਨਾਲ ਮੁਕੰਮਲ ਕਰਨ ਲਈ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ।

ਪਹਿਲਾ ਅਧਿਆਇ 'ਸਿਧਾਂਤਕ ਪਿੱਠ ਭੂਮੀ' ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਖੋਜ ਸਮੱਗਰੀ ਅਤੇ ਖੋਜ-ਕਾਰਜ ਦੀਆਂ ਪੂਰਵ ਪਰਿਕਲਪਨਾਵਾਂ ਨੂੰ ਸਿਧਾਂਤਬੱਧ ਕੀਤਾ ਗਿਆ ਹੈ। ਔਲਖ ਦੀ ਸਮੁੱਚੀ ਜੀਵਨ ਸ਼ੈਲੀ ਨੂੰ ਸਮਝਣ ਦੇ ਨਾਲ-ਨਾਲ ਔਲਖ ਦੀ ਨਾਟ-ਸਿਰਜਣਾ ਅਤੇ ਮਾਨ-ਸਨਮਾਨ ਦਾ ਵੇਰਵਾ ਪੇਸ਼ ਕੀਤਾ ਗਿਆ ਹੈ। ਔਲਖ ਦੇ ਨਾਟਕਾਂ ਸੰਬੰਧੀ ਹੋਏ ਪੂਰਵ ਖੋਜ-ਕਾਰਜ ਦਾ ਇਸ ਅਧਿਆਇ ਵਿਚ ਹੀ ਮੁਲਾਂਕਣ ਕੀਤਾ ਗਿਆ ਹੈ। ਜਮਾਤੀ-ਚੇਤਨਾ ਦੇ ਸਿਧਾਂਤ ਅਤੇ ਇਤਿਹਾਸ ਸੰਬੰਧੀ ਵਿਭਿੰਨ ਵਿਦਵਾਨਾਂ ਦੇ ਵਿਚਾਰਾਂ ਨਾਲ ਤਾਰਕਿਕ ਢੰਗ ਨਾਲ ਸੰਵਾਦ ਰਚਾਇਆ ਗਿਆ ਹੈ ਅਤੇ ਔਲਖ ਦੇ ਨਾਟਕਾਂ ਵਿਚ ਵਿਆਪਕ ਜਮਾਤੀ-ਚੇਤਨਾ ਦੇ ਵਿਭਿੰਨ ਪਾਸਾਰਾਂ (ਆਰਥਿਕ, ਰਾਜਨੀਤਕ, ਸਮਾਜ-ਸਭਿਆਚਾਰਕ ਅਤੇ ਧਾਰਮਿਕ) ਨੂੰ ਮਾਡਲ ਵਜੋਂ ਪੇਸ਼ ਕੀਤਾ ਗਿਆ ਹੈ।

ਦੂਜਾ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਆਰਥਿਕ ਪਰਿਪੇਖ' ਵਿਚ ਔਲਖ ਦੇ ਨਾਟਕਾਂ ਵਿਚ ਵਿਆਪਕ ਨਿਮਨ-ਕਿਸਾਨੀ, ਬੇ-ਜ਼ਮੀਨੇ ਲੋਕਾਂ ਦੇ ਆਰਥਿਕ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ। ਇਸ ਅਧਿਆਇ ਨੂੰ ਅੱਗੋਂ ਉਪਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ।

ਤੀਜਾ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਰਾਜਨੀਤਕ ਪਰਿਪੇਖ' ਨਾਲ ਸੰਬੰਧਿਤ ਹੈ। ਜਿਸ ਵਿਚ ਔਲਖ ਦੇ ਨਾਟਕਾਂ ਵਿਚ ਵਿਆਪਕ ਰਾਜਸੀ-ਚੇਤਨਾ ਨੂੰ ਰੂਪਮਾਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਰਾਜਸੀ ਸਰੂਪ ਦਾ ਵਖਿਆਨ ਕੀਤਾ ਗਿਆ। ਇਸਦੇ ਨਾਲ ਹੀ ਪੁਲਿਸ/ਸਟੇਟ ਦੇ ਵਿਵਹਾਰ ਨੂੰ ਵੀ ਵਾਚਿਆ ਗਿਆ ਹੈ।

ਚੌਥਾ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਸਮਾਜ ਸਭਿਆਚਾਰਕ ਪਰਿਪੇਖ' ਹੈ। ਇਸ ਅਧਿਆਇ ਵਿਚ ਔਲਖ ਦੇ ਨਾਟਕਾਂ ਵਿਚ ਔਰਤ, ਦਲਿਤ ਅਤੇ ਸਮਾਜ ਦੇ ਹੋਰਨਾਂ ਵਰਗਾਂ ਦੀਆਂ ਸਮੱਸਿਆਵਾਂ ਦੇ ਸਮਾਂਤਰ ਰਿਸ਼ਤਾ ਨਾਤਾ-ਪ੍ਰਬੰਧ, ਵਿਆਹ-ਪ੍ਰਣਾਲੀ, ਨਿਮਨ-ਕਿਸਾਨੀ ਵਿਚ ਪੈਦਾ ਹੋਏ ਵਿਘਟਨ ਪੇਸ਼ ਕੀਤੇ ਗਏ ਹਨ। ਇਸ ਅਧਿਆਇ ਨੂੰ ਅੱਗੋਂ ਹੋਰ ਉਪ ਭਾਗਾਂ ਵਿਚ ਵੰਡ ਕੇ ਸਮਝਿਆ ਗਿਆ ਹੈ।

ਪੰਜਵਾਂ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਧਾਰਮਿਕ ਪਰਿਪੇਖ' ਨਾਲ ਸੰਬੰਧਤ ਹੈ। ਇਸ ਅਧਿਆਇ ਵਿਚ ਧਰਮ ਦੇ ਸਦਾਚਾਰਕ ਸਰੂਪ ਤੋਂ ਇਲਾਵਾ ਨਿਮਨ-ਕਿਸਾਨੀ ਵਿਚ ਧਰਮ ਦੇ ਉਸ ਰੂਪ ਨੂੰ ਵੀ ਪੇਸ਼ ਕੀਤਾ ਹੈ ਜੋ ਲੋਕਾਂ ਨੂੰ ਵਹਿਮਾਂ-ਭਰਮਾਂ, ਜਾਦੂ-ਟੂਣੇ ਅਤੇ ਟੋਟਕਿਆਂ ਦੀ ਸਿੱਖਿਆ ਦਿੰਦਾ ਹੈ। ਡੇਰਾਵਾਦ ਧਰਮ ਦੇ ਅਸਲੀ ਮੰਤਵ ਨੂੰ ਕਿਵੇਂ ਖੋਰਾ ਲਾਉਂਦਾ ਹੈ? ਔਲਖ ਦੇ ਨਾਟਕਾਂ ਵਿੱਚੋਂ ਭਲੀ-ਭਾਂਤ ਸਮਝਿਆ ਜਾ ਸਕਦਾ ਹੈ।

ਸਮੁੱਚੇ ਅਧਿਐਨ ਉਪਰੰਤ ਅੰਤ ਵਿਚ ਪ੍ਰਾਪਤ ਸਿੱਟਿਆਂ ਨੂੰ 'ਸਾਰ ਅਤੇ ਸਥਾਪਨਾਵਾਂ' ਅਧੀਨ ਦਰਜ਼ ਕੀਤਾ ਗਿਆ ਹੈ। ਖੋਜ-ਕਾਰਜ ਦੇ ਅੰਤ ਵਿਚ ਸਹਾਇਕ ਪੁਸਤਕ-ਸੂਚੀ ਸ਼ਾਮਿਲ ਕੀਤੀ ਗਈ ਹੈ।

## ਧੰਨਵਾਦ

ਬੇਸ਼ੱਕ ਇਹ ਧੰਨਵਾਦ ਸ਼ਬਦ ਇਹਨਾਂ ਵਿਦਵਾਨਾਂ ਦੇ ਕੀਤੇ ਅਹਿਸਾਨ ਦੇ ਕਰਜ਼ ਨੂੰ ਉਤਾਰਨ ਦੇ ਸਮਰੱਥ ਨਹੀਂ, ਪਰ ਮੈਂ ਇਹ ਧੰਨਵਾਦ ਕਰਜ਼ ਮੁਕਤ ਹੋਣ ਦੀ ਭਾਵਨਾ ਨਾਲ ਨਹੀਂ ਸਗੋਂ ਇਹਨਾਂ ਦੇ ਕਰਜ਼ ਯੁਕਤ ਹੋਣ ਦੇ ਡੂੰਘੇ ਅਹਿਸਾਸ ਨਾਲ ਕਰ ਰਿਹਾ ਹਾਂ। ਭਾਰਤੀ ਪਰੰਪਰਾ ਵਿਚ ਗੁਰੂ ਅਤੇ ਚੇਲੇ ਦਾ ਰਿਸ਼ਤਾ ਅਟੁੱਟ ਹੈ। ਸੋ ਮੈਂ ਭਾਰਤੀ ਪਰੰਪਰਾ ਨੂੰ ਸਨਮੁੱਖ ਰੱਖਦਾ ਹੋਇਆ ਆਪਣੇ ਸਤਿਕਾਰਤ ਗੁਰੂ (ਨਿਗਰਾਨ) ਡਾ. ਯਾਦਵਿੰਦਰ ਕੌਰ ਜੀ ਦਾ ਤਹਿ ਦਿਲੋਂ ਧੰਨਵਾਦੀ ਅਤੇ ਰਿਣੀ ਹਾਂ, ਜਿਨ੍ਹਾਂ ਦੀ ਯੋਗ ਰਹਿਨੁਮਾਈ ਹੇਠ ਮੈਂ ਆਪਣਾ ਖੋਜ-ਕਾਰਜ ਪੂਰਾ ਕਰ ਸਕਿਆ। ਉਹਨਾਂ ਦੀ ਯੋਗ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਤੋਂ ਬਿਨਾਂ ਮੇਰੇ ਲਈ ਇਹ ਇਕ ਅਸੰਭਵ ਕਾਰਜ ਸੀ।

ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਪਰਿਵਾਰ ਦਾ ਜਿੰਨ੍ਹਾਂ ਦੀ ਅਣਥੱਕ ਮਿਹਨਤ, ਅਸੀਮ ਪਿਆਰ ਅਤੇ ਹੌਂਸਲਾ ਅਫਜ਼ਾਈ ਸਦਕਾ ਮੈਂ ਇਹ ਖੋਜ-ਕਾਰਜ ਕਰਨ ਦੇ ਸਮਰੱਥ ਹੋ ਸਕਿਆ।

ਦਿਲ ਦੀਆਂ ਅਸੀਮ ਗਹਿਰਾਈਆਂ ਤੋਂ ਧੰਨਵਾਦੀ ਹਾਂ ਪੰਜਾਬੀ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਅਤੇ ਸਮੂਹ ਅਧਿਆਪਕ ਸਾਹਿਬਾਨ ਡਾ. ਹਰਪ੍ਰੀਤ ਸਿੰਘ, ਡਾ. ਸੋਨਾ ਮੈਮ ਅਤੇ ਡਾ. ਸਤਵੰਤ ਸਿੰਘ ਦਾ ਜਿਨ੍ਹਾਂ ਦੀ ਯੋਗ ਅਗਵਾਈ ਮੇਰੇ ਲਈ ਹਮੇਸ਼ਾ ਇਕ ਮਾਰਗ ਦਰਸ਼ਨ ਬਣੀ ਅਤੇ ਉਹਨਾਂ ਦੀ ਹੱਲਾ-ਸ਼ੇਰੀ ਨਾਲ ਮੈਂ ਇਸ ਖੋਜ-ਕਾਰਜ ਵਿਚ ਡਟਿਆ ਰਿਹਾ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਪਰਿਵਾਰ ਦੇ ਮੁਖੀ ਸਰਦਾਰ ਪਾਲ ਸਿੰਘ ਅਤੇ ਮਾਤਾ ਮਨਜੀਤ ਕੌਰ ਜੀ ਦਾ ਜਿੰਨ੍ਹਾਂ ਦੀ ਅਣਥੱਕ ਮਿਹਨਤ, ਅਸੀਮ ਪਿਆਰ ਅਤੇ ਹੌਂਸਲਾ ਅਫਜ਼ਾਈ ਸਦਕਾ ਮੈਂ ਇਹ ਖੋਜ-ਕਾਰਜ ਕਰਨ ਦੇ ਸਮਰੱਥ ਹੋ ਸਕਿਆ।

ਅੰਤ ਵਿਚ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਮੇਰੇ ਛੋਟੇ ਵੀਰ ਸੁਖਲਾਲ ਸਿੰਘ, ਪਤਨੀ ਸੁਰਿੰਦਰ ਕੌਰ, ਪੁੱਤਰ (ਦਿਲਸ਼ਾਨ ਸਿੰਘ ਅਤੇ ਗੁਰਸ਼ਾਨ ਸਿੰਘ) ਅਤੇ ਪਿਆਰੇ ਦੋਸਤ ਜਗਮੀਤ ਸਿੰਘ ਦਾ ਕਿਉਂਕਿ ਉਹਨਾਂ ਨੇ ਮੇਰੇ ਇਸ ਖੋਜ-ਕਾਰਜ ਨੂੰ ਪੂਰਾ ਕਰਨ ਵਿਚ ਸਹਾਇਤਾ ਕੀਤੀ।

ਗੁਰਲਾਲ ਸਿੰਘ

# ਅਧਿਆਇ ਪਹਿਲਾ: ਸਿਧਾਂਤਕ ਪਿੱਠ ਭੂਮੀ

## 1.1 ਸਮੱਸਿਆ ਕਥਨ

ਸਾਹਿਤ ਮਨੁੱਖੀ ਸਮਾਜ ਦਾ ਸ਼ੀਸ਼ਾ ਹੈ। ਸਮਾਜ ਵਿਚ ਘਟਿਤ ਘਟਨਾਵਾਂ ਸਾਹਿਤ ਵਿਚ ਪ੍ਰਤੀਬਿੰਬਤ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਸਮਾਜ ਅਨੇਕਾਂ ਕਾਰਨਾਂ ਕਰਕੇ ਵਿਭਿੰਨ ਜਮਾਤਾਂ ਵਿਚ ਤਕਸੀਮ ਹੋਇਆ ਹੈ। ਜਮਾਤਾਂ ਮਨੁੱਖੀ ਸੁਭਾਅ, ਲੱਛਣ, ਗੁਣਾਂ-ਔਗੁਣਾਂ ਦੀ ਵੱਖਰਤਾ ਕਾਰਨ ਹੋਂਦ ਵਿਚ ਆਉਂਦੀਆਂ ਹਨ। ਮਾਰਕਸਵਾਦੀ ਵਿਚਾਰਧਾਰਾ ਦੇ ਅਨੁਸਾਰ ਸਮਾਜ ਦੀ ਅਮੀਰ-ਗ਼ਰੀਬ  ਦੋ ਵਰਗਾਂ ਵਿਚ ਵੰਡ ਹੋ ਚੁੱਕੀ ਹੈ। ਅਮੀਰ ਲੋਕਾਂ ਅੰਦਰ ਹੋਰ ਅਮੀਰ ਹੋਣ ਦੀ ਲਾਲਸਾ ਵਧਣ ਕਾਰਨ ਅਮੀਰ ਵਰਗ ਸਾਧਨ ਸੰਪੰਨ ਹੋਣ ਕਰਕੇ ਗ਼ਰੀਬ ਵਰਗ ਦੇ ਲੋਕਾਂ ਦਾ ਸ਼ੋਸਣ ਕਰਦਾ ਹੈ। ਵਰਨ ਵੰਡ ਸਮੇਂ ਤੋਂ ਲੈ ਕੇ ਗ਼ਰੀਬ ਲੋਕ ਸਮਾਜਿਕ, ਆਰਥਿਕ ਅਤੇ ਰਾਜਨੀਤਕ ਤੌਰ 'ਤੇ ਅਮੀਰਾਂ ਨਾਲੋਂ ਪੱਛੜੇ ਹੋਏ ਹਨ। ਜਦੋਂ ਤੱਕ ਦੇਸ਼ ਭਰ ਵਿਚ ਅਨਪੜ੍ਹਤਾ ਸੀ ਉਦੋਂ ਤੱਕ ਇਹ ਪੱਛੜਾਪਨ ਇਨ੍ਹਾਂ ਗ਼ਰੀਬ ਧਿਰਾਂ ਦੀ ਹੋਣੀ ਸੀ ਪਰ ਪੱਛਮੀ ਅਤੇ ਆਧੁਨਿਕ ਵਿਦਿਆ ਦੇ ਆਗਮਨ ਨਾਲ ਇਨ੍ਹਾਂ ਵਰਗਾਂ ਨੇ ਗਿਆਨ ਪ੍ਰਾਪਤੀ ਕੀਤੀ ਅਤੇ ਆਪਣੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਨ੍ਹਾਂ ਦੇ ਮਸਤਕ ਵਿਚ ਆਪਣੇ ਵਰਗ ਦੇ ਹੱਕਾਂ ਅਤੇ ਅਧਿਕਾਰਾਂ ਦੀ ਸੋਝੀ ਦਾ ਗਿਆਨ ਫੈਲਿਆ ਸਿੱਟੇ ਵਜੋਂ ਉਹ ਸੱਤਾ ਧਿਰ ਦੇ ਵਿਰੁੱਧ ਡੱਟ ਗਏ। ਉਨ੍ਹਾਂ ਦਾ ਇਹ ਸੰਘਰਸ਼ ਹੀ ਉਨ੍ਹਾਂ ਦੀ ਚੇਤਨਾ ਹੈ। ਸਾਹਿਤ ਦੇ ਮਹੱਤਵਪੂਰਨ ਰੂਪ ਨਾਟਕ ਵਿਚ ਇਸ ਚੇਤਨਾ ਦਾ ਵਿਕਾਸ ਅਤੇ ਪੇਸ਼ਕਾਰੀ ਕਿਵੇਂ ਹੋਈ? ਇਸ ਤੱਥ ਦਾ ਮੁਲਾਂਕਣ ਕਰਨ ਹਿੱਤ ਹੀ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਵਿਆਪਕ ਜਮਾਤੀ-ਚੇਤਨਾ ਦਾ ਮੁਤਾਲਿਆ ਕੀਤਾ ਜਾਵੇਗਾ, ਜੋ ਇਸ ਖੋਜ-ਕਾਰਜ  ਦਾ ਮੁੱਖ ਕਾਰਜ ਹੈ।

## 1.2 ਪੂਰਵ ਖੋਜ-ਕਾਰਜ  ਦਾ ਸਰਵੇਖਣ ਅਤੇ ਮੁਲਾਂਕਣ

**ਪੀਐੱਚ. ਡੀ. ਪੱਧਰ 'ਤੇ ਵਿਸ਼ੇ ਨਾਲ ਸੰਬੰਧਤ ਪਹਿਲਾਂ ਹੋਇਆ ਖੋਜ-ਕਾਰਜ**

**ਦਿਲਬਾਗ ਸਿੰਘ, ਅਜਮੇਰ ਸਿੰਘ ਔਲਖ ਦੀ ਨਾਟਕ ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1984.**

ਇਸ ਖੋਜ-ਪ੍ਰਬੰਧ ਵਿਚ ਕੁਲ ਪੰਜ ਅਧਿਆਇ ਹਨ। ਇਸ ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ 'ਪੰਜਾਬੀ ਨਾਟਕ ਦੇ ਇਤਿਹਾਸ ਅਤੇ ਔਲਖ ਤੋਂ ਪਹਿਲਾਂ ਨਾਟਕ ਦੀਆਂ ਪ੍ਰਵਿਰਤੀਆਂ' ਦੇ ਵਿਵੇਚਨ ਨੂੰ ਪੇਸ਼ ਕਰਦਾ ਹੈ। ਦੂਜਾ ਅਧਿਆਇ 'ਅਜਮੇਰ ਔਲਖ ਦੇ ਪੂਰੇ ਨਾਟਕ, ਇਕਾਂਗੀ ਨਾਟਕ ਅਤੇ ਕਾਵਿ ਨਾਟਕ' ਸੰਬੰਧੀ ਮਹੱਤਵਪੂਰਨ ਵੇਰਵੇ ਪੇਸ਼ ਕਰਦਾ ਹੈ। ਤੀਜੇ

ਅਧਿਆਇ ਵਿਚ 'ਇਕਾਂਗੀ, ਲਘੂ ਨਾਟਕ, ਕਾਵਿ ਇਕਾਂਗੀ (ਬਾਲ ਨਾਥ ਦੇ ਟਿੱਲੇ 'ਤੇ ਅਤੇ ਮਿਰਜ਼ੇ ਦੀ ਮੌਤ) ਨੂੰ ਵਿਸ਼ਾਗਤ ਪਰਿਪੇਖ' ਤੋਂ ਪੇਸ਼ ਕੀਤਾ ਗਿਆ ਹੈ। ਇਸ ਖੋਜ-ਪ੍ਰਬੰਧ ਦਾ ਚੌਥਾ ਅਧਿਆਇ 'ਔਲਖ ਦੇ ਨਾਟਕਾਂ ਦੇ ਕਲਾਤਮਿਕ ਪੱਖ' ਨਾਲ ਸਬੰਧਤ ਹੈ ਜਿਸ ਵਿਚ ਗੋਂਦ, ਪਾਤਰ, ਵਾਰਤਾਲਾਪ ਅਤੇ ਬੋਲੀ ਨੂੰ ਵਿਚਾਰਿਆ ਗਿਆ ਹੈ। ਪੰਜਵੇਂ ਅਧਿਆਇ ਵਿਚ 'ਔਲਖ ਦੇ ਨਾਟਕਾਂ ਦਾ ਰੰਗਮੰਚੀ ਪਰਿਪੇਖ' ਤੋਂ ਅਧਿਐਨ ਕੀਤਾ ਗਿਆ ਹੈ ਅਤੇ ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਸ਼ਰਨਜੀਤ ਕੌਰ, ਅਜਮੇਰ ਔਲਖ ਦੀ ਲਘੂ ਨਾਟਕ ਕਲਾ (ਮੇਰੇ ਚੋਣਵੇਂ ਇਕਾਂਗੀ ਦੇ ਆਧਾਰ ਉੱਤੇ) , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988.**

ਇਸ ਖੋਜ-ਪ੍ਰਬੰਧ ਦਾ ਖ਼ੇਤਰ ਔਲਖ ਰਚਿਤ ਮੇਰੇ ਚੋਣਵੇਂ ਇਕਾਂਗੀ ਸੰਗ੍ਰਹਿ ਤੱਕ ਸੀਮਤ ਹੈ ਇਸ ਵਿਚ ਪੰਜ ਰਚਨਾਵਾਂ 'ਅਰਬਦ ਨਰਬਦ ਧੁੰਧੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਤੂੜੀ ਵਾਲਾ ਕੋਠਾ', 'ਇਕ ਰਮਾਇਣ ਹੋਰ' ਅਤੇ 'ਅੰਨ੍ਹੇ ਨਿਸ਼ਾਨਚੀ' ਸ਼ਾਮਿਲ ਹਨ। ਇਸ ਖੋਜ-ਪ੍ਰਬੰਧ ਨੂੰ ਛੇ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਪੰਜਾਬੀ ਲਘੂ ਨਾਟਕ ਸਰੂਪ ਤੇ ਸਿਧਾਂਤ' ਵਿਚ ਲਘੂ ਨਾਟਕ ਦੇ ਉਦਭਵ, ਕਾਰਨ ਅਤੇ ਵਿਕਾਸ ਦੇ ਸਮਾਂਤਰ ਲਘੂ ਨਾਟਕ ਦੀ ਪਰਿਭਾਸ਼ਾ ਅਤੇ ਉਸਦੇ ਤੱਤਾਂ ਬਾਰੇ ਗੰਭੀਰ ਚਰਚਾ ਕੀਤੀ ਹੈ। ਇਸ ਖੋਜ-ਪ੍ਰਬੰਧ ਦਾ ਦੂਜਾ ਅਧਿਆਇ 'ਅਰਬਦ ਨਰਬਦ ਧੁੰਧੂਕਾਰਾ' ਇਕਾਂਗੀ ਦਾ ਵਿਸ਼ਾ, ਰੂਪ ਅਤੇ ਰੰਗਮੰਚੀ ਵਿਸ਼ਲੇਸ਼ਣ ਕੀਤਾ ਗਿਆ ਹੈ, ਇਸ ਮਾਡਲ ਉਪਰ ਹੀ ਤੀਜਾ ਅਧਿਆਇ (ਬਗਾਨੇ ਬੋਹੜ ਦੀ ਛਾਂ), ਚੌਥਾ ਅਧਿਆਇ (ਤੂੜੀ ਵਾਲਾ ਕੋਠਾ), ਪੰਜਵਾਂ ਅਧਿਆਇ (ਇਕ ਰਮਾਇਣ ਹੋਰ) ਅਤੇ ਛੇਵਾਂ ਅਧਿਆਇ (ਅੰਨ੍ਹੇ ਨਿਸ਼ਾਨਚੀ) ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਇਸ ਦੇ ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ। ਜਿਸ ਵਿਚ ਲਘੂ ਨਾਟਕ ਨੂੰ ਜ਼ਿੰਦਗੀ ਦੀ ਕੇਂਦਰੀ ਸਮੱਸਿਆ ਨੂੰ ਪੇਸ਼ ਕਰਨ ਦਾ ਸਾਧਨ ਮੰਨਿਆ ਗਿਆ ਹੈ। ਔਲਖ ਦੀ ਨਾਟ ਸਿਰਜਣਾ ਦੀ ਜੁਗਤ ਨੂੰ ਸਮਝਣ ਲਈ ਇਹ ਮਹੱਤਵਪੂਰਨ ਉਪਰਾਲਾ ਹੈ।

**ਗੁਰਪਿੰਦਰ ਕੌਰ, ਪੰਜਾਬੀ ਨਾਟਕਾਂ ਵਿਚ ਮਿੱਥ ਦਾ ਰੂਪਾਂਤਰਣ (ਕਲਾਕਾਰ, ਇਕ ਰਮਾਇਣ ਹੋਰ ਅਤੇ ਬਾਬਾ ਬੰਤੂ ਦੇ ਪ੍ਰਸੰਗ ਵਿਚ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991-92.**

ਇਸ ਖੋਜ-ਕਾਰਜ ਨੂੰ ਛੇ ਭਾਗਾਂ ਵਿਚ ਵੰਡਿਆ ਗਿਆ ਹੈ। ਖੋਜ-ਪ੍ਰਬੰਧ ਵਿਚ ਔਲਖ ਰਚਿਤ ਨਾਟਕ 'ਇਕ ਰਮਾਇਣ ਹੋਰ' ਦਾ ਮਿੱਥ ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ, ਇਸਦੇ ਪਹਿਲੇ ਅਧਿਆਇ ਵਿਚ 'ਲੋਕਧਾਰਾ ਅਤੇ ਮਿੱਥ ਦੇ ਅੰਤਰ-ਸੰਬੰਧ' ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਦੂਜਾ ਅਧਿਆਇ 'ਮਿੱਥ ਅਤੇ ਸਾਹਿਤ ਦੇ ਆਪਸੀ ਸਹਿ-ਸੰਬੰਧ' ਨੂੰ ਪੇਸ਼ ਕੀਤਾ ਗਿਆ ਹੈ। ਤੀਜਾ ਅਧਿਆਇ 'ਮਿੱਥ ਦਾ ਨਾਟਕੀ ਰੁਪਾਂਤਰਣ ਅਤੇ ਪੰਜਾਬੀ ਨਾਟਕ' ਨਾਲ ਸੰਬੰਧਤ ਹੈ, ਜਿਸ ਵਿਚ ਨਾਟਕ ਅਤੇ ਮਿੱਥ ਦੀ ਸਹਿਸੰਬੰਧਤਾ ਦਾ ਭਾਵ ਪੇਸ਼ ਹੋਇਆ ਹੈ। ਚੌਥਾ ਅਤੇ ਛੇਵਾਂ ਅਧਿਆਇ ਕ੍ਰਮਵਾਰ 'ਕਲਾਕਾਰ' ਅਤੇ 'ਬਾਬਾ ਬੰਤੂ' ਨਾਟਕ ਦੇ ਮਿੱਥ ਰੁਪਾਂਤਰਣ' ਨਾਲ ਜੁੜਿਆ ਹੈ।

ਇਸ ਖੋਜ-ਪ੍ਰਬੰਧ ਦਾ ਪੰਜਵਾਂ ਅਧਿਆਇ 'ਇਕ ਰਮਾਇਣ ਹੋਰ, ਔਲਖ ਰਚਿਤ ਨਾਟਕ ਦਾ ਮਿੱਥ ਰੁਪਾਂਤਰਣ' ਮਾਡਲ ਪੇਸ਼ ਕੀਤਾ ਗਿਆ ਹੈ। ਖੋਜ-ਪ੍ਰਬੰਧ ਦੇ ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਜੁਗਨੂੰ, ਅਜਮੇਰ ਔਲਖ ਦੇ ਨਾਟਕਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.**

ਇਸ ਖੋਜ-ਪ੍ਰਬੰਧ ਵਿਚ ਅਜਮੇਰ ਔਲਖ ਦੇ ਨਾਟਕਾਂ ਨੂੰ ਸਮਾਜ-ਸ਼ਾਸਤਰੀ ਬਾਹਰਵਰਤੀ ਅਧਿਐਨ ਵਿਧੀ ਨਾਲ ਪਰਿਭਾਸ਼ਤ ਕੀਤਾ ਗਿਆ ਹੈ। ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ 'ਸਾਹਿਤ ਦਾ ਸਮਾਜ-ਸ਼ਾਸਤਰ ਅਧਿਐਨ' ਵਿਚ ਸਮਾਜ ਤੇ ਸਮਾਜ-ਸ਼ਾਸਤਰ, ਪ੍ਰਯੋਜਨ ਤੇ ਪ੍ਰਕਿਰਿਆ ਸੰਬੰਧੀ ਮਹੱਤਵਪੂਰਨ ਚਰਚਾ ਕੀਤੀ ਗਈ ਹੈ, ਜਿਸ ਵਿਚ ਸਾਹਿਤ ਦੇ ਸਮਾਜ-ਸ਼ਾਸਤਰੀ ਅਧਿਐਨ ਦਾ ਮਾਡਲ ਉਸਾਰਨ ਦਾ ਯਤਨ ਕੀਤਾ ਹੈ। ਇਸ ਖੋਜ-ਪ੍ਰਬੰਧ ਦਾ ਦੂਸਰਾ ਅਧਿਆਇ 'ਨਾਟਕ ਦਾ ਸਮਾਜ-ਸ਼ਾਸਤਰ' ਵਿੱਚ ਸਾਹਿਤ ਦੇ ਸਮਾਜ-ਸ਼ਾਸਤਰੀ ਅਧਿਐਨ ਲਈ ਸਾਹਿਤਕ ਰੂਪਾਂ ਦੇ ਮਹੱਤਵ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਖੋਜ-ਕਾਰਜ ਦੇ ਤੀਜੇ ਅਧਿਆਇ ਵਿਚ 'ਔਲਖ ਦੇ ਨਾਟਕਾਂ ਦਾ ਸਮਾਜ-ਸ਼ਾਸਤਰੀ ਅਧਿਐਨ' ਪੇਸ਼ ਕੀਤਾ ਗਿਆ ਹੈ, ਜਿਸ ਵਿਚ ਪ੍ਰਤੀਬਿੰਬਨ ਸਿਧਾਂਤ, ਨਿਯੰਤਰਣ ਸਿਧਾਂਤ, ਪ੍ਰਭਾਵਵਾਦੀ ਸਿਧਾਂਤ, ਸਮਾਜਵਾਦੀ ਯਥਾਰਥ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ।

ਇਸ ਖੋਜ-ਕਾਰਜ ਦਾ ਚੌਥਾ ਅਧਿਆਇ ਸਥਾਪਨਾਵਾਂ ਅਤੇ ਸਿੱਟਿਆਂ ਨਾਲ ਸੰਬੰਧਤ ਹੈ, ਜਿਸ ਵਿਚੋਂ ਔਲਖ ਦੀ ਨਾਟ ਰਚਨਾ ਦੀ ਵਿਲੱਖਣਤਾ ਦਾ ਆਭਾਸ ਹੁੰਦਾ ਹੈ। ਔਲਖ ਦੇ ਨਾਟਕਾਂ ਨੂੰ ਸਮਾਜ-ਸ਼ਾਸਤਰੀ ਅਧਿਐਨ ਵਿਧੀ ਦੇ ਪ੍ਰਸੰਗ ਹਿਤ ਸਮਝਣ ਲਈ ਇਹ ਮਹੱਤਵਪੂਰਨ ਖੋਜ-ਕਾਰਜ ਹੈ।

**ਹਰਜਿੰਦਰ ਸਿੰਘ, ਬਲਵੰਤ ਗਾਰਗੀ ਅਤੇ ਅਜਮੇਰ ਔਲਖ ਦੇ ਨਾਟਕਾਂ ਵਿਚ ਮਲਵਈ ਸਭਿਆਚਾਰ: ਤੁਲਨਾਤਮਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018.**

ਇਸ ਖੋਜ-ਪ੍ਰਬੰਧ ਵਿਚ ਪੰਜਾਬੀ ਨਾਟਕ ਦੇ ਦੋ ਪ੍ਰਮੁੱਖ ਨਾਟਕਕਾਰਾਂ ਦੀ ਨਾਟ ਸਿਰਜਣਾ ਵਿਚ ਕਾਰਜਸ਼ੀਲ ਮਲਵਈ ਸਭਿਆਚਾਰ ਨੂੰ ਪੜ੍ਹਤ ਦਾ ਕੇਂਦਰ ਬਣਾਇਆ ਗਿਆ ਹੈ । ਇਸ ਖੋਜ-ਪ੍ਰਬੰਧ ਨੂੰ ਛੇ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਸਭਿਆਚਾਰ ਅਤੇ ਉਪ ਸਭਿਆਚਾਰ: ਸਿਧਾਂਤਕ ਪਰਿਪੇਖ' ਨਾਲ ਸੰਬੰਧਤ ਹੈ, ਜਿਸ ਵਿਚ ਭਾਰਤੀ ਅਤੇ ਪੱਛਮੀ ਚਿੰਤਕਾਂ ਦੀਆਂ ਰਾਵਾਂ ਦੇ ਮਾਧਿਅਮ ਨਾਲ ਸਭਿਆਚਾਰ ਅਤੇ ਉਪ ਸਭਿਆਚਾਰ ਦੀ ਪਰਿਭਾਸ਼ਾ, ਮਹੱਤਤਾ ਅਤੇ ਲੱਛਣਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਜਾ ਅਧਿਆਇ 'ਤੁਲਨਾਤਮਕ ਅਧਿਐਨ: ਸਿਧਾਂਤ ਤੇ ਵਿਹਾਰ' ਵਿਚ ਤੁਲਨਾਤਮਕ ਅਧਿਐਨ ਵਿਧੀ ਦੇ ਸਿਧਾਂਤਕ ਅਤੇ ਵਿਹਾਰਕ ਰੂਪ ਨਾਲ ਸੰਬੰਧਤ ਹੈ। ਇਸ ਵਿਚ ਤੁਲਨਾਤਮਕ ਅਧਿਐਨ ਦੀਆਂ ਪ੍ਰਾਪਤ ਵਿਧੀਆਂ ਅਤੇ ਸ਼ਾਖਾਵਾਂ ਦੀ ਨਿਸ਼ਾਨਦੇਹੀ ਕਰਨ ਉਪਰੰਤ ਤੁਲਨਾਤਮਕ ਅਧਿਐਨ ਵਿਧੀ ਦੇ ਵਿਹਾਰਕ ਮਸਲੇ ਨਾਲ ਨਜਿੱਠਣ ਦਾ ਯਤਨ ਕੀਤਾ ਗਿਆ ਹੈ।

ਤੀਸਰਾ ਅਧਿਆਇ 'ਬਲਵੰਤ ਗਾਰਗੀ ਦੇ ਨਾਟਕਾਂ ਵਿਚ ਮਲਵਈ ਸਭਿਆਚਾਰ' ਨਾਲ ਸੰਬੰਧਿਤ ਹੈ, ਜਿਸ ਵਿਚ 'ਧੂਣੀ ਦੀ ਅੱਗ', 'ਪੱਤਣ ਦੀ ਬੇੜੀ' ਨਾਟਕਾਂ ਦੇ ਨਾਮਕਰਨ ਵਿਚੋਂ ਹੀ ਮਲਵਈ ਸਭਿਆਚਾਰ ਨੂੰ ਉਘਾੜਿਆ ਗਿਆ ਹੈ। ਖੋਜ-ਕਾਰਜ ਦਾ ਚੌਥਾ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਲਵਈ ਸਭਿਆਚਾਰ' ਵਿਚ ਔਲਖ ਰਚਿਤ ਨਾਟਕਾਂ ਵਿਚ ਮਲਵਈ ਸਭਿਆਚਾਰ ਨੂੰ ਸਟੂਆਰਟ ਹਾਲ ਦੇ ਮਾਡਲ ਰਾਹੀਂ ਰੂਪਮਾਨ ਕੀਤਾ ਗਿਆ ਹੈ। ਪੰਜਵਾਂ ਅਧਿਆਇ 'ਬਲਵੰਤ ਗਾਰਗੀ ਅਤੇ ਅਜਮੇਰ ਔਲਖ ਦੇ ਨਾਟਕਾਂ ਵਿਚ ਮਲਵਈ ਸਭਿਆਚਾਰ: ਤੁਲਨਾਤਮਕ ਅਧਿਐਨ ' ਵਿਚ ਤੀਜੇ ਅਤੇ ਚੌਥੇ ਅਧਿਆਇ ਤੋਂ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਅਤੇ ਦੋਵੇਂ ਨਾਟਕਕਾਰਾਂ ਦੇ ਨਾਟਕਾਂ ਵਿਚ ਵਿਆਪਕ ਮਲਵਈ ਸਭਿਆਚਾਰ ਦੇ ਸਮਾਂਤਰ ਪੇਸ਼ਕਾਰੀ ਜੁਗਤਾਂ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਖੋਜ-ਕਾਰਜ ਦਾ ਛੇਵਾਂ ਅਧਿਆਇ 'ਸਥਾਪਨਾਵਾਂ ਅਤੇ ਸਿੱਟੇ' ਨਾਲ ਸੰਬੰਧਿਤ ਹੈ।

**ਕੁਲਜੀਤ ਕੌਰ, ਅਜਮੇਰ ਸਿੰਘ ਔਲਖ ਦੇ ਨਾਟਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2018.**

ਇਸ ਖੋਜ-ਪ੍ਰਬੰਧ ਵਿਚ ਅਜਮੇਰ ਸਿੰਘ ਔਲਖ ਦੇ ਨਾਟਕਾਂ ਨੂੰ ਸਮਾਜ-ਭਾਸ਼ਾ ਵਿਗਿਆਨਕ ਵਿਧੀ ਰਾਹੀਂ ਵਿਸ਼ਲੇਸ਼ਿਤ ਕੀਤਾ ਗਿਆ ਹੈ। ਸਮੁੱਚੇ ਖੋਜ-ਪ੍ਰਬੰਧ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਪੂਰਵ ਪ੍ਰਾਪਤ ਖੋਜ' ਨਾਲ ਸੰਬੰਧਿਤ ਹੈ, ਜਿਸ ਵਿਚ ਅਜਮੇਰ ਸਿੰਘ ਔਲਖ ਦੇ ਨਾਟਕਾਂ ਅਤੇ ਸਮਾਜ-ਭਾਸ਼ਾ ਵਿਗਿਆਨ ਨਾਲ ਸੰਬੰਧਿਤ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਗਿਆ ਹੈ। ਦੂਜਾ ਅਧਿਆਇ 'ਸਮਾਜ-ਭਾਸ਼ਾ ਵਿਗਿਆਨ ਦੇ ਸਿਧਾਂਤਕ ਪਰਿਪੇਖ' ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਸਮਾਜ ਤੇ ਭਾਸ਼ਾ ਦੇ ਅੰਤਰਸੰਬੰਧ ਅਤੇ ਭਾਸ਼ਾਈ ਰੂਪਾਂ ਨੂੰ ਵਰਗੀਕ੍ਰਿਤ ਕੀਤਾ ਗਿਆ ਹੈ। ਅਧਿਆਇ ਤੀਜਾ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਦੀਆਂ ਗੈਰ ਭਾਸ਼ਾਈ ਜੁਗਤਾਂ' ਨਾਲ ਸੰਬੰਧਤ ਹੈ, ਇਸ ਵਿਚ ਔਲਖ ਰਚਿਤ ਨਾਟਕਾਂ ਵਿਚ ਇਸ਼ਾਰਿਆਂ ਦੀ ਭਾਸ਼ਾ ਅਤੇ ਰੰਗਮੰਚੀ ਭਾਸ਼ਾ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਅਧਿਆਇ ਚੌਥਾ 'ਅਜਮੇਰ ਸਿੰਘ ਔਲਖ ਰਚਿਤ ਨਾਟਕਾਂ ਦੇ ਭਾਸ਼ਾਈ ਵਿਸ਼ਲੇਸ਼ਣ' ਨਾਲ ਸੰਬੰਧਤ ਹੈ ਜਿਸ ਦੇ ਅੰਤਰਗਤ ਵਾਕ ਪੱਧਰ, ਸ਼ਬਦ ਪੱਧਰ ਅਤੇ ਔਰਥੋਗ੍ਰਾਫੀ ਪੱਧਰ ਨੂੰ ਵਿਚਾਰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਅਧਿਆਇ ਪੰਜਵਾਂ ਵਿਚ 'ਅਜਮੇਰ ਸਿੰਘ ਔਲਖ ਰਚਿਤ ਨਾਟਕਾਂ ਵਿੱਚੋਂ ਸਮਾਜਿਕ ਰੂਪਾਂ' ਨੂੰ ਉਭਾਰਿਆ ਗਿਆ ਹੈ। ਇਸ ਉਪਰੰਤ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਮਨਜਿੰਦਰ ਕੌਰ, ਪੰਜਾਬੀ ਨਾਟਕ ਵਿਚ ਪਿੱਤਰ ਸੱਤਾ ਅਤੇ ਵਰਣ ਵਿਵਸਥਾ ਦੇ ਦਮਨ ਦੇ ਵਿਭਿੰਨ ਪਾਸਾਰ (ਚਰਨਦਾਸ ਸਿੱਧੂ, ਅਜਮੇਰ ਸਿੰਘ ਔਲਖ ਅਤੇ ਸਵਰਾਜਬੀਰ ਦੇ ਪ੍ਰਸੰਗ ਵਿਚ) , ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2020.**

ਇਸ ਖੋਜ-ਪ੍ਰਬੰਧ ਵਿਚ ਪਿੱਤਰ ਸੱਤਾ ਅਤੇ ਵਰਣ ਵਿਵਸਥਾ ਦੀਆਂ ਗੁੰਝਲਦਾਰ ਅਤੇ ਬਹੁ-ਪਰਤੀ ਸੰਸਥਾਵਾਂ ਦੀ ਭਾਰਤੀ ਸਮਾਜ ਵਿਚ ਦਮਨਕਾਰੀ ਭੂਮਿਕਾ ਦੀ ਜਾਂਚ ਕੀਤੀ ਗਈ ਹੈ। ਸੁਲਭਤਾ ਲਈ ਸਮੁੱਚੇ ਖੋਜ-ਕਾਰਜ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ, ਪਹਿਲਾ ਅਧਿਆਇ 'ਪਿੱਤਰ ਸੱਤਾ: ਸੰਸਥਾਈ ਸਰੂਪ, ਵਿਚਾਰਧਾਰਾ ਅਤੇ ਇਤਿਹਾਸ' ਵਿਚ ਪਿੱਤਰ ਸੱਤਾ ਇਤਿਹਾਸ, ਵਿਚਾਰਧਾਰਾਈ ਆਧਾਰ, ਬਦਲਵੇਂ ਸੰਸਥਾਈ ਸਰੂਪ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਦੂਜਾ ਅਧਿਆਇ 'ਵਰਣ ਵਿਵਸਥਾ: ਆਰੰਭ ਅਤੇ ਸਰੂਪ' ਵਿਚ ਭਾਰਤੀ ਸਮਾਜ ਵਿਚ ਵਰਣ ਵਿਵਸਥਾ ਦੇ

ਇਤਿਹਾਸ, ਪ੍ਰਸਥਿਤੀਆਂ, ਪਰਿਵਰਤਿਤ ਪ੍ਰਤਿਮਾਨ, ਬ੍ਰਾਹਮਣੀ ਵਿਚਾਰਧਾਰਾ, ਧਾਰਮਿਕ ਸੰਸਥਾਵਾਂ ਦੁਆਰਾ ਵਰਣ ਵਿਵਸਥਾ ਨੂੰ ਸਥਾਪਿਤ ਕਰਨ ਦੀ ਭੂਮਿਕਾ ਤੋਂ ਇਲਾਵਾ ਪੰਜਾਬੀ ਨਾਟ ਪਰੰਪਰਾ ਵਿਚ ਵਰਣ ਅਤੇ ਜਾਤੀ ਪ੍ਰਥਾ ਦੇ ਸੰਕੇਤਾਂ ਨੂੰ ਉਭਾਰਿਆ ਗਿਆ ਹੈ। ਤੀਜਾ ਅਧਿਆਇ 'ਚਰਨਦਾਸ ਸਿੱਧੂ ਦੇ ਨਾਟਕਾਂ ਵਿਚ ਵਰਣ ਵਿਵਸਥਾ ਅਤੇ ਪਿੱਤਰ ਸੱਤਾ' ਦੇ ਦਮਨ ਦੇ ਵਿਭਿੰਨ ਪਾਸਾਰ' ਵਿਚ ਚਰਨਦਾਸ ਸਿੱਧੂ ਦੇ ਨਾਟਕਾਂ ਦੀ ਵਿਸ਼ਾ-ਸਮੱਗਰੀ, ਨਾਟ-ਦ੍ਰਿਸ਼ਟੀ, ਨਾਟ-ਜੁਗਤਾਂ ਅਤੇ ਸਰੋਕਾਰਾਂ ਨੂੰ ਵਿਚਾਰਿਆ ਗਿਆ। ਉਸਦੇ ਵਿਭਿੰਨ ਨਾਟਕਾਂ ਵਿਚ ਨਾਰੀ ਦੀ ਹੋਂਦ, ਨਾਰੀਤਵ ਦੀ ਪਛਾਣ ਅਤੇ ਉਸਦੇ ਅਧਿਕਾਰਾਂ ਦਾ ਉਦਾਰਵਾਦੀ, ਮਾਨਵਵਾਦੀ ਦ੍ਰਿਸ਼ਟੀ ਤੋਂ ਚਿਤਰਣ ਪੇਸ਼ ਹੋਇਆ ਹੈ। ਅਧਿਆਇ ਚੌਥੇ ਵਿਚ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਵਰਣ ਵਿਵਸਥਾ ਅਤੇ ਪਿੱਤਰ ਸੱਤਾ' ਦੇ ਦਮਨ ਦੇ ਪਾਸਾਰ' ਵਿਚ ਔਲਖ ਦੀਆਂ ਨਾਟ ਰਚਨਾਵਾਂ ਵਿਚ ਪ੍ਰਵਾਹਿਤ ਨਿਮਨ-ਕਿਸਾਨੀ, ਦਲਿਤ-ਵਰਗ ਅਤੇ ਔਰਤ ਦੇ ਮਸਲਿਆਂ ਨੂੰ ਆਰਥਿਕ ਵਿਤਕਰਿਆਂ ਅਤੇ ਵਿਰੋਧਾਂ ਵਾਲੀ ਸਮਾਜਿਕ ਵਿਵਸਥਾ ਦੀ ਰੌਸ਼ਨੀ ਵਿਚ ਦੇਖਿਆ ਗਿਆ ਹੈ। ਪੰਜਵੇਂ ਅਧਿਆਇ 'ਸਵਰਾਜਬੀਰ ਦੇ ਨਾਟਕਾਂ ਵਿਚ ਵਰਣ-ਵਿਵਸਥਾ ਅਤੇ ਪਿੱਤਰ-ਸੱਤਾ ਦੇ ਦਮਨ ਦੇ ਪਾਸਾਰ' ਵਿਚ ਨਾਰੀ, ਦਲਿਤ ਪਾਤਰ ਦੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ, ਅੰਤ ਵਿਚ ਨਿਸ਼ਕਰਸ਼ ਰੂਪ ਵਿਚ ਸਿੱਟਾ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ।

**ਐਮ.ਫਿਲ. ਪੱਧਰ 'ਤੇ ਵਿਸ਼ੇ ਨਾਲ ਸੰਬੰਧਤ ਪਹਿਲਾਂ ਹੋਇਆ ਖੋਜ-ਕਾਰਜ।**

**ਸੁਰਿੰਦਰਜੀਤ ਸਿੰਘ ਸੰਧੂ, ਔਲਖ ਦੇ ਨਾਟਕਾਂ ਵਿਚ ਪੇਂਡੂ ਜੀਵਨ' ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.**

ਇਸ ਖੋਜ-ਨਿਬੰਧ ਵਿਚ ਔਲਖ ਦੇ ਨਾਟਕਾਂ ਵਿਚ ਵਿਆਪਕ ਪੇਂਡੂ ਜੀਵਨ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ-ਕਾਰਜ ਦੇ ਪਹਿਲੇ ਅਧਿਆਇ ਵਿਚ 'ਪੰਜਾਬ ਦੇ ਪੇਂਡੂ ਜੀਵਨ ਦੀ ਸਥਿਤੀ' ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਐਨ ਦੇ ਦੂਜਾ ਅਧਿਆਇ 'ਅਜਮੇਰ ਔਲਖ ਤੋਂ ਪਹਿਲਾਂ ਨਾਟਕਕਾਰਾਂ ਦੀ ਨਾਟ ਸਿਰਜਣਾ' ਵਿਚ ਪੇਂਡੂ ਜੀਵਨ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਕਾਰਜ ਵਿਚੋਂ ਹੀ ਪੰਜਾਬੀ ਨਾਟਕ ਇਤਿਹਾਸ ਵਿਚ ਔਲਖ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ। ਇਸ ਖੋਜ-ਕਾਰਜ ਦਾ ਤੀਸਰਾ ਅਧਿਆਇ 'ਔਲਖ ਦੇ ਨਾਟਕਾਂ ਵਿਚ ਪੇਂਡੂ ਜੀਵਨ' ਨਾਲ ਸੰਬੰਧਤ ਹੈ ਜਿਸ ਵਿਚ 'ਬਗਾਨੇ ਬੋਹੜ ਦੀ ਛਾਂ', 'ਇਕ ਰਮਾਇਣ ਹੋਰ', 'ਅਰਬਦ ਨਰਬਦ ਧੁੰਧੂਕਾਰਾ', 'ਸੁੱਕੀ ਕੁੱਖ' ਨੂੰ ਆਧਾਰ ਬਣਾਇਆ ਗਿਆ ਹੈ, ਜਿਸ ਵਿਚ

ਉਸਦੇ ਨਾਟਕਾਂ ਵਿਚ ਵਿਆਪਕ ਮਾਲਵੇ ਖੇਤਰ ਦੇ ਮਰਦ-ਤੀਵੀਂ ਸੰਬੰਧਾਂ ਦੀ ਜਾਣਕਾਰੀ ਮਿਲਦੀ ਹੈ। ਇਸ ਖੋਜ-ਕਾਰਜ ਦਾ ਚੌਥਾ ਅਧਿਆਇ 'ਨਿਸ਼ਕਰਸ਼' ਨਾਲ ਸੰਬੰਧਤ ਹੈ। ਜਿਸ ਵਿਚ ਖੋਜਾਰਥੀ ਦੀ ਵਿਗਿਆਨਕ ਦ੍ਰਿਸ਼ਟੀ ਦਾ ਪ੍ਰਮਾਣ ਮਿਲਦਾ ਹੈ।

**ਬਲਵਿੰਦਰ ਸਿੰਘ ਚਾਹਲ, ਅਜਮੇਰ ਔਲਖ ਦੀ ਨਾਟਕ ਕਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.**

ਇਸ ਖੋਜ-ਨਿਬੰਧ ਦੇ ਪੰਜ ਅਧਿਆਇ ਹਨ। ਪਹਿਲਾ ਅਧਿਆਇ 'ਔਲਖ ਦੇ ਜੀਵਨ ਅਤੇ ਰਚਨਾ' ਨਾਲ ਸੰਬੰਧਤ ਹੈ। ਜਿਸ ਵਿਚ ਵਿਭਿੰਨ ਪ੍ਰਸਥਿਤੀਆਂ ਵਿਚੋਂ ਅਨੁਭਵ ਗ੍ਰਹਿਣ ਕਰਦੇ ਹੋਏ ਔਲਖ ਦੀ ਨਾਟ ਸਿਰਜਣਾ ਪ੍ਰਕਿਰਿਆ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਦੂਜਾ ਅਧਿਆਇ 'ਪੰਜਾਬੀ ਨਾਟਕ ਤੇ ਔਲਖ' ਨਾਲ ਸੰਬੰਧਤ ਹੈ, ਜਿਸ ਵਿਚ ਔਲਖ ਦਾ ਪੰਜਾਬੀ ਨਾਟਕ ਵਿਚ ਸਥਾਨ ਨਿਸ਼ਚਿਤ ਕੀਤਾ ਗਿਆ ਹੈ। ਤੀਜਾ ਅਧਿਆਇ 'ਔਲਖ ਦੇ ਨਾਟਕਾਂ ਦਾ ਵਿਸ਼ਾਗਤ ਸਰੂਪ' ਪੇਸ਼ ਕਰਦੇ ਹਨ, ਜਿਸ ਵਿਚ 'ਅਰਬਦ ਨਰਬਦ ਧੁੰਧੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਇਕ ਰਮਾਇਣ ਹੋਰ', 'ਬਹਿਕਦਾ ਰੋਹ' ਅਤੇ 'ਤੂੜੀ ਵਾਲਾ ਕੋਠਾ' ਸ਼ਾਮਲ ਹਨ। ਚੌਥਾ ਅਧਿਆਇ 'ਔਲਖ ਦੇ ਨਾਟਕਾਂ ਦੀ ਰੂਪਗਤ ਦ੍ਰਿਸ਼ਟੀ' ਨੂੰ ਪੇਸ਼ ਕਰਦਾ ਹੈ। ਇਸ ਖੋਜ-ਨਿਬੰਧ ਦਾ ਪੰਜਵਾਂ ਅਧਿਆਇ 'ਔਲਖ ਦੇ ਨਾਟਕਾਂ ਨੂੰ ਰੰਗਮੰਚ ਪ੍ਰਸੰਗ' ਵਿਚ ਵਿਸ਼ਲੇਸ਼ਿਤ ਕਰਦਾ ਹੈ।

**ਧੰਨਾ ਸਿੰਘ, ਔਲਖ ਦੇ ਨਾਟਕਾਂ ਵਿਚ ਯਥਾਰਥਵਾਦ, ਜੰਮੂ ਯੂਨੀਵਰਸਿਟੀ, ਜੰਮੂ, 1986.**

ਇਸ ਖੋਜ-ਨਿਬੰਧ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਯਥਾਰਥਵਾਦ ਸਿਧਾਂਤਕ ਪਰਿਪੇਖ' ਵਿਚ ਯਥਾਰਥ ਅਤੇ ਸਾਹਿਤ ਅਧਿਐਨ ਦੀ ਯਥਾਰਥਿਕ ਦ੍ਰਿਸ਼ਟੀ ਨੂੰ ਅਧਿਐਨ ਕੇਂਦਰ ਬਣਾਇਆ ਗਿਆ ਹੈ। ਇਸ ਅਧਿਆਇ ਦੇ ਦੂਜੇ ਉਪਭਾਗ ਵਿਚ ਨਾਟਕ ਦੀ ਵਿਧਾ ਅਤੇ ਯਥਾਰਥਵਾਦ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਸ ਖੋਜ-ਨਿਬੰਧ ਦਾ ਦੂਜਾ ਅਧਿਆਇ 'ਔਲਖ ਦੇ ਨਾਟਕਾਂ ਵਿਚ ਯਥਾਰਥਵਾਦੀ ਵਿਵੇਚਨ' ਨਾਲ ਜੁੜਿਆ ਹੋਇਆ ਹੈ। ਇਸ ਅਧਿਆਇ ਵਿਚ ਖੋਜਾਰਥੀ ਨੇ ਔਲਖ ਰਚਿਤ ਅੱਠ ਨਾਟਕ 'ਬਗਾਨੇ ਬੋਹੜ ਦੀ ਛਾਂ', 'ਤੂੜੀ ਵਾਲਾ ਕੋਠਾ', 'ਇਕ ਰਮਾਇਣ ਹੋਰ', 'ਸੁੱਕੀ ਕੁੱਖ', 'ਬਹਿਕਦਾ ਰੋਹ', 'ਭੱਠ ਖੇੜਿਆਂ ਦਾ ਰਹਿਣਾ', 'ਅਰਬਦ ਨਰਬਦ ਧੁੰਧੂਕਾਰਾ' ਅਤੇ 'ਅੰਨ੍ਹੇ ਨਿਸ਼ਾਨਚੀ' ਦਾ ਵਿਸ਼ਾ ਪੱਖ ਤੋਂ ਵਿਸ਼ਲੇਸ਼ਣ ਕੀਤਾ ਹੈ। ਤੀਜਾ ਅਧਿਆਇ 'ਪੰਜਾਬੀ ਯਥਾਰਥਵਾਦੀ ਨਾਟਕ ਅਤੇ ਅਜਮੇਰ ਔਲਖ ਦਾ ਸਥਾਨ' ਨਿਸ਼ਚਿਤ ਕਰਨ ਵੱਲ ਰੁਚਿਤ ਹੈ ਅਤੇ ਅੰਤ ਵਿਚ ਨਿਸ਼ਕਰਸ਼ ਸ਼ਾਮਲ ਹੈ। ਇਸ ਖੋਜ-ਕਾਰਜ ਦੀ ਯਥਾਰਥਿਕ ਦ੍ਰਿਸ਼ਟੀ ਇਸ ਨੂੰ ਮਹੱਤਵਪੂਰਨ ਬਣਾਉਂਦੀ ਹੈ।

**ਪਰਮਜੀਤ ਕੌਰ, ਔਲਖ ਦੇ ਨਾਟਕਾਂ ਦਾ ਵਿਸ਼ੈਗਤ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1986.**

ਇਸ ਖੋਜ-ਨਿਬੰਧ ਦਾ ਪਹਿਲਾ ਅਧਿਆਇ 'ਔਲਖ ਦੇ ਜੀਵਨ, ਰਚਨਾ ਅਤੇ ਨਾਟਕੀ ਪ੍ਰਤਿਭਾ ਦੇ ਵਿਕਾਸ' ਨਾਲ ਸੰਬੰਧਤ ਹੈ। ਦੂਜਾ ਅਧਿਆਇ 'ਅਰਬਦ ਨਰਬਦ ਧੁੰਧੂਕਾਰਾ ਨਾਟ ਸੰਗ੍ਰਹਿ ਦਾ ਵਿਸ਼ਾ ਪਰਿਪੇਖ' ਨੂੰ ਪੇਸ਼ ਕਰਦਾ ਹੈ। ਜਿਸ ਵਿਚ 'ਅਰਬਦ ਨਰਬਦ ਧੁੰਧੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਬਾਲ ਨਾਥ ਦੇ ਟਿੱਲੇ 'ਤੇ', 'ਮਿਰਜ਼ੇ ਦੀ ਮੌਤ', 'ਤੂੜੀ ਵਾਲਾ ਕੋਠਾ' ਨਾਟਕਾਂ ਨੂੰ ਵਿਸ਼ਾ ਪ੍ਰਸੰਗ ਵਿਚ ਵਿਸ਼ਲੇਸ਼ਿਤ ਕੀਤਾ ਗਿਆ ਹੈ। ਤੀਜਾ ਅਧਿਆਇ  ਵਿਚ 'ਬਗਾਨੇ ਬੋਹੜ ਦੀ ਛਾਂ' ਨਾਟ ਸੰਗ੍ਰਹਿ ਦੇ ਕਲਾਤਮਿਕ ਪੱਖ' ਨੂੰ ਪੇਸ਼ ਕੀਤਾ ਹੈ, ਜਿਸ ਵਿਚ 'ਸੁੱਕੀ ਕੁੱਖ', 'ਬਗਾਨੇ ਬੋਹੜ ਦੀ ਛਾਂ', 'ਇਕ ਰਮਾਇਣ ਹੋਰ', 'ਭੱਠ ਖੇੜਿਆਂ ਦਾ ਰਹਿਣਾ' ਨਾਟਕ ਸ਼ਾਮਲ ਹਨ। ਚੌਥੇ ਅਧਿਆਇ ਵਿਚ 'ਅੰਨ੍ਹੇ ਨਿਸ਼ਾਨਚੀ' ਅਤੇ ਹੋਰ ਨਾਟਕ ਨੂੰ ਆਧਾਰ ਬਣਾ ਕੇ ਵਿਵੇਚਨ ਕੀਤਾ ਗਿਆ ਹੈ ਅਤੇ ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਗੁਰਿੰਦਰ ਕੌਰ ਤੂਰ, ਅਜਮੇਰ ਔਲਖ ਦੇ ਨਾਟਕਾਂ ਵਿਚ ਯਥਾਰਥਵਾਦ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1987.**

ਇਸ ਖੋਜ-ਨਿਬੰਧ ਦੇ ਪਹਿਲੇ ਅਧਿਆਇ ਵਿਚ 'ਯਥਾਰਥਵਾਦ ਦੀ ਪਰਿਭਾਸ਼ਾ, ਲੱਛਣ, ਇਤਿਹਾਸ ਅਤੇ ਯਥਾਰਥਵਾਦੀ ਨਾਟਕਾਂ' ਬਾਰੇ ਗੰਭੀਰ ਚਰਚਾ ਕੀਤੀ ਹੈ। ਦੂਜਾ ਅਧਿਆਇ ਵਿਚ 'ਯਥਾਰਥਵਾਦੀ ਪੰਜਾਬੀ ਨਾਟਕਾਂ ਅਤੇ ਨਾਟਕਕਾਰਾਂ ਦੇ ਸੰਦਰਭ' ਵਿਚ ਮਹੱਤਵਪੂਰਨ ਵਿਚਾਰ ਚਰਚਾ ਪੇਸ਼ ਹੋਈ ਹੈ, ਤੀਜਾ ਅਧਿਆਇ 'ਔਲਖ ਦੇ ਨਾਟਕਾਂ ਦੇ ਯਥਾਰਥਵਾਦੀ ਵਿਸ਼ੇ, ਪਾਤਰਾਂ, ਵਾਰਤਾਲਾਪ' ਬਾਰੇ ਗੰਭੀਰ ਚਰਚਾ ਹੋਈ ਹੈ। ਜਿਸ ਵਿਚ 'ਅਰਬਦ ਨਰਬਦ ਧੁੰਧੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਅੰਨ੍ਹੇ ਨਿਸ਼ਾਨਚੀ' ਅਤੇ ਹੋਰ ਨਾਟਕ ਅਤੇ ਪੂਰੇ ਨਾਟਕ 'ਸੱਤ ਬਗਾਨੇ' ਨੂੰ ਆਧਾਰ ਬਣਾਇਆ ਗਿਆ ਹੈ। ਚੌਥਾ ਅਧਿਆਇ 'ਔਲਖ ਦੇ ਯਥਾਰਥਵਾਦੀ ਰੰਗਮੰਚੀ ਦ੍ਰਿਸ਼ਟੀ' ਨੂੰ ਪੇਸ਼ ਕਰਦਾ ਹੈ, ਜਿਸ ਵਿਚ 'ਅਰਬਦ ਨਰਬਦ ਧੁੰਧੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਅੰਨ੍ਹੇ ਨਿਸ਼ਾਨਚੀ' ਤੇ ਹੋਰ ਨਾਟਕ ਅਤੇ 'ਸੱਤ ਬਗਾਨੇ' ਨੂੰ ਆਧਾਰ ਬਣਾਇਆ ਗਿਆ ਹੈ। ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਛੈਂਬਰ ਸਿੰਘ ਬੜਿੰਗ, ਔਲਖ ਦੇ ਨਾਟਕ ਬਗਾਨੇ ਬੋਹੜ ਦੀ ਛਾਂ ਦਾ ਚਿਹਨ ਵਿਗਿਆਨਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.**

ਇਸ ਖੋਜ-ਨਿਬੰਧ ਦਾ ਪਹਿਲਾ ਅਧਿਆਇ 'ਚਿਹਨ ਵਿਗਿਆਨਕ ਅਧਿਐਨ ਸਿਧਾਂਤਕ ਪਰਿਪੇਖ' ਹੈ, ਜਿਸ ਵਿਚ ਚਿਹਨ ਵਿਗਿਆਨ ਦੀ ਪਰਿਭਾਸ਼ਾ, ਮਹੱਤਤਾ ਅਤੇ ਵਿਭਿੰਨ ਅਧਿਐਨ ਖੇਤਰਾਂ ਨੂੰ ਪੇਸ਼ ਕੀਤਾ ਗਿਆ ਹੈ। ਖੋਜਾਰਥੀ ਨੇ ਦੂਜਾ ਅਧਿਆਇ 'ਬਗਾਨੇ ਬੋਹੜ ਦੀ ਛਾਂ' ਨਾਟਕ ਵਿਚ ਵਿਆਪਕ ਘਟਨਾਵਾਂ ਤੱਤ ਅਤੇ ਜੁਗਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਤੀਜਾ ਅਧਿਆਇ 'ਬਗਾਨੇ ਬੋਹੜ ਦੀ ਛਾਂ' ਪ੍ਰਮੁੱਖ ਸਹਿਚਾਰੀ ਅਰਥ ਇਕਾਈਆਂ ਵਿਚ 'ਬੋਹੜ' ਨੂੰ ਚਿਹਨ ਵਜੋਂ ਸਵੀਕਾਰ ਕੀਤਾ ਗਿਆ ਹੈ। ਸਮੁੱਚੇ ਭਾਵ ਪ੍ਰਬੰਧ ਨੂੰ ਨਵੀਨ ਅਰਥ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਮਨਜੀਤ ਕੌਰ, ਅਜਮੇਰ ਔਲਖ ਦੇ ਇਕਾਂਗੀ ਸੰਗ੍ਰਹਿ ਗਾਨੀ ਦਾ ਆਲੋਚਨਾਤਮਕ ਅਧਿਐਨ, ਰਿਜਨਲ ਸੈਂਟਰ, ਬਠਿੰਡਾ, 1993.**

ਇਸ ਖੋਜ-ਨਿਬੰਧ ਵਿਚ ਅਜਮੇਰ ਔਲਖ ਦੀ ਇਕਾਂਗੀ ਨੂੰ ਖੋਜ ਸੰਦਰਭ ਵਜੋਂ ਵਰਤਿਆ ਗਿਆ ਹੈ। ਸਮੁੱਚੇ ਖੋਜ-ਕਾਰਜ ਨੂੰ ਤਿੰਨ ਅਧਿਆਵਾਂ ਵਿਚ ਵੰਡਿਆ ਗਿਆ ਹੈ। ਇਸ ਖੋਜ-ਕਾਰਜ ਦਾ ਪਹਿਲਾ ਅਧਿਆਇ 'ਪੰਜਾਬੀ ਨਾਟਕ ਅਤੇ ਅਜਮੇਰ ਸਿੰਘ ਔਲਖ' ਵਿਚ ਪੰਜਾਬੀ ਨਾਟਕ ਵਿਚ ਅਜਮੇਰ ਔਲਖ ਦਾ ਸਥਾਨ ਨਿਸ਼ਚਿਤ ਕਰਨ ਵੱਲ ਰੁਚਿਤ ਹੈ। ਖੋਜ-ਨਿਬੰਧ ਦਾ ਦੂਜਾ ਅਧਿਆਇ 'ਅਜਮੇਰ ਔਲਖ ਰਚਿਤ ਗਾਨੀ ਨਾਟ ਸੰਗ੍ਰਹਿ ਦਾ ਵਿਸ਼ਾ ਵਸਤੂ' ਪੇਸ਼ ਕੀਤਾ ਹੈ। ਇਸ ਅਧਿਆਇ ਵਿਚ 'ਗਾਨੀ, 'ਤੇੜਾਂ, 'ਢਾਂਡਾ' ਤਿੰਨ ਇਕਾਂਗੀਆਂ ਦਾ ਵਿਚਾਰਧਾਰਾਈ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ-ਕਾਰਜ ਦਾ ਤੀਜਾ ਅਧਿਆਇ 'ਅਜਮੇਰ ਔਲਖ ਰਚਿਤ ਗਾਨੀ ਸੰਗ੍ਰਹਿ ਦਾ ਕਲਾ ਪੱਖ' ਪੇਸ਼ ਕੀਤਾ ਗਿਆ ਹੈ। ਅੰਤ ਵਿਚ ਪ੍ਰਾਪਤ ਅਧਿਐਨ ਦੇ ਨਿਸ਼ਕਰਸ਼ ਨੂੰ ਪੇਸ਼ ਕੀਤਾ ਗਿਆ ਹੈ, ਜਿਸ ਵਿਚੋਂ ਔਲਖ ਦੇ ਨਾਟਕਾਂ ਵਿਚ ਵਿਆਪਕ ਸਮਾਜਿਕ ਸਮੱਸਿਆਵਾਂ ਨੂੰ ਯਥਾਰਥਕ ਦ੍ਰਿਸ਼ਟੀ ਦੇ ਰੰਗ ਦਾ ਪਤਾ ਚੱਲਦਾ ਹੈ।

**ਕਾਂਤਾ ਰਾਣੀ, ਅਜਮੇਰ ਔਲਖ ਦੇ ਨਾਟਕਾਂ ਵਿਚ ਯਥਾਰਥਵਾਦ ( ਬਗਾਨੇ ਬੋਹੜ ਦੀ ਛਾਂ, ਇਕ ਰਮਾਇਣ ਹੋਰ ਤੇ ਤੂੜੀ ਵਾਲਾ ਕੋਠਾ ਦੇ ਸੰਦਰਭ 'ਚ), ਜੰਮੂ ਯੂਨੀਵਰਸਿਟੀ, ਜੰਮੂ, 1999.**

ਇਸ ਖੋਜ-ਨਿਬੰਧ ਨੂੰ ਚਾਰ ਅਧਿਆਵਾਂ ਵਿਚ ਵੰਡਿਆ ਗਿਆ ਹੈ, ਪਹਿਲੇ ਅਧਿਆਇ ਵਿਚ 'ਯਥਾਰਥਬੋਧ ਸਿਧਾਂਤਕ ਪਰਿਪੇਖ' ਨੂੰ ਉਲੀਕਿਆ ਗਿਆ ਹੈ, ਜਿਸ ਵਿਚ ਪੰਜਾਬੀ ਸਾਹਿਤ ਵਿਚ ਯਥਾਰਥਕ ਦ੍ਰਿਸ਼ਟੀ ਦਾ ਵਿਵੇਚਨ ਪੇਸ਼ ਕੀਤਾ ਗਿਆ ਹੈ। ਇਸ ਖੋਜ-ਨਿਬੰਧ ਦਾ ਦੂਜਾ ਅਧਿਆਇ 'ਅਜਮੇਰ ਔਲਖ ਦਾ ਜੀਵਨ ਤੇ ਨਾਟਕ ਰਚਨਾ' ਵਿਚ ਔਲਖ ਦੇ ਜੀਵਨ ਅਤੇ ਨਾਟਕ ਸਿਰਜਣਾ ਨੂੰ ਗੰਭੀਰ ਰੂਪ ਵਿਚ ਪੇਸ਼ ਕੀਤਾ ਹੈ। ਤੀਜਾ ਅਧਿਆਇ ਨੂੰ ਤਿੰਨ ਉਪਭਾਗਾਂ ਵਿਚ ਵੰਡਿਆ ਹੈ। ਪਹਿਲੇ ਉਪਭਾਗ ਵਿਚ ਪੰਜਾਬੀ ਨਾਟਕ ਦਾ ਆਰੰਭ ਤੇ ਵਿਕਾਸ, ਦੂਜਾ ਉਪਭਾਗ ਪੰਜਾਬੀ ਨਾਟਕ ਵਿਚ ਯਥਾਰਥਵਾਦ ਦਾ ਆਰੰਭ ਅਤੇ ਤੀਜਾ ਉਪਭਾਗ ਪੰਜਾਬੀ ਨਾਟਕ ਵਿਚ ਯਥਾਰਥਵਾਦ ਦਾ ਆਰੰਭਕ ਵਿਸ਼ਲੇਸ਼ਣ ਨਾਲ ਜੁੜਿਆ ਹੋਇਆ ਹੈ। ਚੌਥਾ ਅਧਿਆਇ 'ਯਥਾਰਥ ਬੋਧ ਅਤੇ ਅਜਮੇਰ ਔਲਖ ਦੇ ਨਾਟਕ' ਵਿਚ ਔਲਖ ਰਚਿਤ ਨਾਟਕ 'ਬਗਾਨੇ ਬੋਹੜ ਦੀ ਛਾਂ', 'ਤੂੜੀ ਵਾਲਾ ਕੋਠਾ' ਅਤੇ 'ਇਕ ਰਮਾਇਣ ਹੋਰ' ਨਾਲ ਸੰਬੰਧਤ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਅੰਤ ਵਿਚ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

**ਬਲਦੇਵ ਸਿੰਘ, ਔਲਖ ਦੇ ਲੋਕ ਕਥਾ ਅਧਾਰਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.**

ਇਸ ਖੋਜ-ਨਿਬੰਧ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲੇ ਅਧਿਆਇ ਵਿਚ 'ਲੋਕ ਕਥਾ ਤੇ ਪੰਜਾਬੀ ਨਾਟਕ' ਵਿਚ ਲੋਕ ਕਥਾ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣ ਦੇ ਨਾਲ-ਨਾਲ ਪੰਜਾਬੀ ਨਾਟਕ ਅਤੇ ਨਾਟਕਕਾਰਾਂ ਦੁਆਰਾ ਵਰਤੀਆਂ ਗਈਆਂ ਲੋਕ ਕਥਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿਚ ਹੀ ਔਲਖ ਦਾ ਸਥਾਨ ਨਿਸ਼ਚਿਤ ਕੀਤਾ ਗਿਆ।

ਦੂਜਾ ਅਧਿਆਇ 'ਔਲਖ ਦੇ ਜੀਵਨ ਅਤੇ ਰਚਨਾ' ਨਾਲ ਸੰਬੰਧਤ ਹੈ, ਤੀਜਾ ਅਧਿਆਇ 'ਔਲਖ ਦੇ ਲੋਕ ਆਧਾਰਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ' ਪੇਸ਼ ਕਰਦਾ ਹੈ । ਇਸ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਉਪ ਭਾਗ 'ਵਸਤੂ ਜਗਤ' ਅਤੇ ਦੂਜਾ ਉਪ ਭਾਗ 'ਰੂਪ ਜਗਤ' ਨਾਲ ਜੁੜਿਆ ਹੋਇਆ ਹੈ। ਲੋਕ ਕਥਾਵਾਂ ਅਧਾਰਿਤ ਨਾਟਕਾਂ ਵਿਚ ਖੋਜਾਰਥੀ ਨੇ 'ਬਾਲ ਨਾਥ ਦੇ ਟਿੱਲੇ 'ਤੇ', 'ਕਿਹਰ ਸਿੰਘ ਦੀ ਮੌਤ', 'ਬ੍ਰਹਮ ਭੋਜ', 'ਮਿਰਜ਼ਾ ਸਾਹਿਬਾਂ', 'ਇਕ ਸੀ ਦਰਿਆ', 'ਸੱਤ ਬਗਾਨੇ', 'ਇਕ ਰਮਾਇਣ ਹੋਰ', 'ਅਰਬਦ ਨਰਬਦ ਧੁੰਧੂਕਾਰਾ' ਅਤੇ 'ਸਲਵਾਨ' ਨੂੰ ਆਧਾਰ ਬਣਾਇਆ ਹੈ। ਚੌਥਾ ਅਧਿਆਇ 'ਨਿਸ਼ਕਰਸ਼' ਵਜੋਂ ਪੇਸ਼ ਕੀਤਾ ਗਿਆ ਹੈ।

**ਰਜਵੰਤ ਕੌਰ, ਕਿਹਰ ਸਿੰਘ ਦੀ ਮੌਤ ਥੀਮਿਕ ਅਧਿਐਨ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, 2002.**

ਇਸ ਖੋਜ-ਨਿਬੰਧ ਵਿਚ ਨਾਟਕਕਾਰ ਅਜਮੇਰ ਔਲਖ ਦੇ ਨਾਟਕ ਕਿਹਰ ਸਿੰਘ ਦੀ ਮੌਤ ਦਾ ਥੀਮਿਕ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਇਸ ਖੋਜ-ਨਿਬੰਧ ਨੂੰ ਚਾਰ ਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ, ਪਹਿਲਾ ਅਧਿਆਇ 'ਥੀਮਿਕ ਅਧਿਐਨ: ਸਿਧਾਂਤਕ ਪਰਿਪੇਖ' ਵਿਚ ਥੀਮਿਕ ਅਧਿਐਨ ਵਿਧੀ ਨੂੰ ਚਰਚਾ ਦਾ ਕੇਂਦਰ ਬਣਾਇਆ ਗਿਆ ਹੈ। ਇਸ ਵਿਚ ਪੰਜਾਬੀ ਸਾਹਿਤ ਸਮੀਖਿਆ ਵਿਚ ਪ੍ਰਾਪਤ ਥੀਮ ਵਿਗਿਆਨਕ ਚਿੰਤਨ ਨੂੰ ਆਧਾਰ ਬਣਾ ਕੇ ਥੀਮਿਕ ਅਧਿਐਨ ਦਾ ਮਾਡਲ ਉਸਾਰਨ ਦਾ ਪ੍ਰਯਤਨ ਕੀਤਾ ਗਿਆ ਹੈ।

ਇਸ ਖੋਜ-ਕਾਰਜ ਦਾ ਦੂਜਾ ਅਧਿਆਇ 'ਪੰਜਾਬੀ ਨਾਟਕ ਅਤੇ ਅਜਮੇਰ ਸਿੰਘ ਔਲਖ' ਨਾਲ ਸੰਬੰਧਤ ਹੈ। ਇਸ ਵਿਚ ਪੰਜਾਬੀ ਨਾਟਕ ਦੇ ਵਿਕਾਸ ਅਤੇ ਵਿਭਿੰਨ ਪੜਾਵਾਂ ਦਾ ਵਿਸ਼ਲੇਸ਼ਣ ਕਰਕੇ ਅਜਮੇਰ ਔਲਖ ਦੇ ਪ੍ਰਸੰਗ ਵਿਚ ਵਿਸ਼ੇਸ਼ ਚਰਚਾ ਕੀਤੀ ਗਈ ਹੈ।

ਇਸ ਖੋਜ-ਨਿਬੰਧ ਦਾ ਤੀਸਰਾ ਅਧਿਆਇ 'ਵਿਵਹਾਰਕ ਪੱਖ' ਔਲਖ ਰਚਿਤ ਨਾਟਕ 'ਕਿਹਰ ਸਿੰਘ ਦੀ ਮੌਤ' ਦੀ ਥੀਮ ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕਰਨ ਹਿੱਤ ਨੌਂ ਸਥਿਤੀਆਂ ਅਤੇ ਉਪਸਥਿਤੀਆਂ ਵਿੱਚ ਵੰਡਿਆ ਹੈ, ਜਿਸ ਨਾਲ ਰਚਨਾ ਵਿਚ ਕਾਰਜਸ਼ੀਲ ਤੱਤਾਂ ਨੂੰ ਸੂਖਮਤਾ ਨਾਲ ਪੇਸ਼ ਕੀਤਾ ਗਿਆ ਹੈ। ਚੌਥਾ ਅਧਿਆਇ 'ਨਿਸ਼ਕਰਸ਼' ਨਾਲ ਸੰਬੰਧਤ ਹੋਣ ਕਾਰਨ ਪ੍ਰਾਪਤ ਸਥਾਪਨਾਵਾਂ ਨੂੰ ਇਸ ਅਧਿਆਇ ਵਿਚ ਪੇਸ਼ ਕੀਤਾ ਗਿਆ ਹੈ।

**ਕਰਮਜੀਤ ਕੌਰ, ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਲੋਕਧਾਰਾਈ ਅਧਿਐਨ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, 2004.**

ਇਸ ਖੋਜ-ਨਿਬੰਧ ਵਿਚ ਖੋਜਾਰਥੀ ਨੇ ਅਜਮੇਰ ਸਿੰਘ ਔਲਖ ਰਚਿਤ ਦੋ ਨਾਟਕਾਂ 'ਸਲਵਾਨ' ਅਤੇ 'ਕਿਹਰ ਸਿੰਘ ਦੀ ਮੌਤ' ਨੂੰ ਆਧਾਰ ਬਣਾ ਕੇ ਲੋਕਧਾਰਾਈ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਹੈ, ਇਸ ਖੋਜ-ਨਿਬੰਧ ਨੂੰ ਸੁਲਭ ਢੰਗ ਨਾਲ ਮੁਕੰਮਲ ਕਰਨ ਲਈ ਖੋਜਾਰਥੀ ਨੇ ਸਮੁੱਚੇ ਕਾਰਜ਼ ਨੂੰ ਚਾਰ ਅਧਿਆਇ ਵਿਚ ਵਿਭਾਜਿਤ ਕੀਤਾ ਹੈ।

ਪਹਿਲਾ ਅਧਿਆਇ 'ਲੋਕਧਾਰਾ ਅਤੇ ਸਾਹਿਤ' ਨਾਲ ਸੰਬੰਧਿਤ ਹੈ, ਜਿਸ ਵਿਚ ਲੋਕਧਾਰਾ ਅਤੇ ਸਾਹਿਤ ਨੂੰ ਅੰਤਰ-ਸੰਬੰਧਤ ਵਿਧੀ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ, ਦੂਜਾ ਅਧਿਆਇ 'ਲੋਕਧਾਰਾਈ ਅਧਿਐਨ ਵਿਧੀ' ਨਾਲ ਸੰਬੰਧਤ ਹੈ। ਜਿਸ ਵਿਚ ਨਾਟਕ ਵਿਧਾ ਨੂੰ ਲੋਕਧਾਰਾਈ ਅਨੁਸ਼ਾਸਨ ਦੇ ਪ੍ਰਸੰਗ ਵਿਚ ਪਰਿਭਾਸ਼ਤ ਕਰਨ ਦੀ ਵਿਧੀ/ਮਾਡਲ ਉਸਾਰਨ ਦਾ ਯਤਨ ਕੀਤਾ ਗਿਆ ਹੈ। ਤੀਜਾ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਲੋਕਧਾਰਾਈ ਅਧਿਐਨ' ਇਸ ਖੋਜ-ਨਿਬੰਧ ਦਾ ਮੂਲ ਆਧਾਰ ਹੈ, ਜਿਸ ਵਿਚ ਅਜਮੇਰ ਔਲਖ ਦੇ ਨਾਟਕਾਂ ਦਾ ਲੋਕਧਾਰਾਈ ਦ੍ਰਿਸ਼ਟੀਕੋਣ ਤੋਂ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਵਾਸਤਵ ਵਿਚ ਇਹ ਅਧਿਆਇ ਹੀ ਸਾਡੇ ਖੋਜ-ਮੰਤਵ ਦਾ ਆਂਸ਼ਿਕ ਸ੍ਰੋਤ ਬਣ ਸਕੇਗਾ। ਇਸ ਖੋਜ-ਨਿਬੰਧ ਦਾ ਅੰਤਲਾ ਅਧਿਆਇ 'ਨਿਸ਼ਕਰਸ਼' ਹੈ, ਜਿਸ ਵਿਚ ਅਧਿਐਨ ਉਪਰੰਤ ਖੋਜਾਰਥੀ ਨੇ ਸਥਾਪਨਾਵਾਂ ਪੇਸ਼ ਕੀਤੀਆਂ ਹਨ।

ਉਕਤ ਸਰਵੇਖਣ ਅਤੇ ਮੁਲਾਂਕਣ ਤੋਂ ਸਪੱਸ਼ਟ ਹੈ ਕਿ ਔਲਖ ਦੇ ਨਾਟਕਾਂ ਉਪਰ ਵਿਭਿੰਨ ਯੂਨੀਵਰਸਿਟੀਆਂ ਵਿਚ ਵਿਸਤ੍ਰਿਤ ਖੋਜ-ਕਾਰਜ ਹੋਇਆ ਹੈ, ਪਰ ਸਮੁੱਚਤਾ ਵਜੋਂ ਪਹਿਲੇ ਖੋਜ-ਕਾਰਜਾਂ ਵਿਚ ਔਲਖ ਦੇ ਵਿਕਲੋਤਰੇ ਨਾਟਕਾਂ ਨੂੰ ਆਧਾਰ ਬਣਾਇਆ ਗਿਆ ਹੈ, ਜਦੋਂ ਕਿ ਸਾਡੇ ਖੋਜ-ਕਾਰਜ ਵਿਚ ਔਲਖ ਦੇ ਸਮੁੱਚੇ ਨਾਟਕਾਂ ਨੂੰ ਇਕ ਟੈਕਸਟ ਵਜੋਂ ਗ੍ਰਹਿਣ ਕੀਤਾ ਜਾਵੇਗਾ। ਦੂਜਾ, ਔਲਖ ਦੇ ਨਾਟਕਾਂ ਵਿਚ ਕਾਰਜਸ਼ੀਲ ਜਮਾਤੀ-ਚੇਤਨਾ ਨੂੰ ਸਮਝਣ ਦਾ ਯਤਨ ਹੁਣ ਤੱਕ ਨਹੀਂ ਹੋਇਆ, ਇਸ ਲਈ ਹੱਥਲਾ ਖੋਜ-ਕਾਰਜ ਇਸ ਪੱਖ ਤੋਂ ਮਹੱਤਵਪੂਰਨ ਹੋਵੇਗਾ, ਜਿਸ ਨਾਲ ਖੋਜ-ਖੇਤਰ ਦਾ ਦਾਇਰਾ ਵੀ ਵੱਡਾ ਹੋਵੇਗਾ।

**1.3 ਖੋਜ-ਕਾਰਜ ਦੇ ਉਦੇਸ਼-** ਪ੍ਰਸਤਾਵਿਤ ਖੋਜ-ਕਾਰਜ ਦੇ ਨਿਮਨਲਿਖਤ ਉਦੇਸ਼ ਹਨ-

1. ਵਿਸ਼ਵ ਪਰੰਪਰਾ ਅਧੀਨ ਜਮਾਤੀ-ਚੇਤਨਾ ਦੇ ਸਿਧਾਂਤਕ ਅਤੇ ਇਤਿਹਾਸਕ ਸੰਦਰਭ ਦੀ ਪੜ੍ਹਚੋਲ ਕਰਨਾ
2. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ ਦੇ ਵਿਭਿੰਨ ਪਸਾਰਾਂ ਦੀ ਪਹਿਚਾਣ ਕਰਨਾ

3. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ ਅਤੇ ਅਜੋਕੀਆਂ ਪ੍ਰਸਥਿਤੀਆਂ ਦੀ ਪ੍ਰਸੰਗਿਕਤਾ ਦਾ ਮੁਲਾਂਕਣ ਕਰਨਾ

4. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ ਦਾ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਪਰਿਦ੍ਰਿਸ਼ ਪੇਸ਼ ਕਰਨਾ

5.ਪੰਜਾਬ ਦੀ ਬਦਲਦੀ ਜਾਤੀ ਅਤੇ ਜਮਾਤੀ ਸੰਰਚਨਾ ਵਿਸ਼ੇਸ਼ਕਰ ਸੀਮਾਂਤ ਕਿਸਾਨੀ ਤੋਂ ਭੂਮੀਹੀਣ ਕਿਸਾਨ ਬਣਨ ਦੀ ਪ੍ਰਕਿਰਿਆ ਵਿਚੋਂ ਉਪਜੇ ਸੰਕਟਾਂ ਦਾ ਅਜਮੇਰ ਸਿੰਘ ਔਲਖ ਦੇ ਨਾਟਕਾਂ ਦੇ ਸੰਦਰਭ ਵਿਚ ਅਧਿਐਨ ਕਰਨਾ

**1.4 ਸਮਾਜਿਕ ਅਤੇ ਸਾਹਿਤਕ ਸਾਰਥਿਕਤਾ**- ਹੱਥਲੇ ਖੋਜ-ਕਾਰਜ ਦੀ ਸਾਰਥਿਕਤਾ ਦਾ ਸਭ ਤੋਂ ਜ਼ਰੂਰੀ ਪੱਖ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਵਿਆਪਕ ਜਮਾਤੀ-ਚੇਤਨਾ ਦੀ ਨਿਸ਼ਾਨਦੇਹੀ ਕਰਕੇ ਉਸਦਾ ਵਿਸ਼ਲੇਸ਼ਣ ਕਰਨਾ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਵਿਭਿੰਨ ਜਮਾਤਾਂ ਵਿਚ ਵੰਡਿਆ ਹੋਇਆ ਹੈ। ਇਸ ਖੋਜ-ਕਾਰਜ ਵਿਚ ਸਮਾਜ ਦੀਆਂ ਵਿਭਿੰਨ ਜਮਾਤਾਂ ਦੀ ਚੇਤਨਾ ਨੂੰ ਉਜਾਗਰ ਕਰਨਾ ਹੈ। ਇਹ ਖੋਜ-ਕਾਰਜ ਸਮਾਜ ਅਤੇ ਸਾਹਿਤਕ ਖੇਤਰ ਵਿਚ ਆਪਣੀ ਸਾਰਥਕ ਭੂਮਿਕਾ ਨਿਭਾਏਗਾ।

**1.5 ਖੋਜ ਦੀ ਵਿਧੀ**- ਕਿਸੇ ਵੀ ਖੋਜ-ਕਾਰਜ ਨੂੰ ਨਿਸ਼ਚਿਤ ਸਮੇਂ ਵਿਚ ਸੰਪੂਰਨ ਕਰਨ ਲਈ ਯੋਗ ਖੋਜ-ਵਿਧੀ ਦੀ ਜ਼ਰੂਰਤ ਹੁੰਦੀ ਹੈ। ਤਰਕਵਾਦੀ ਵਿਧੀ - ਇਹ ਵਿਧੀ ਤਰਕ-ਵਿਤਰਕ ਨਾਲ ਚੱਲਦੀ ਹੈ। ਦੋ ਜਾਂ ਦੋ ਤੋਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਨਿਸ਼ਕਰਸ਼ਾਂ ਦੀ ਤਲਾਸ਼ ਕਰਨਾ ਤਰਕਵਾਦੀ ਵਿਧੀ ਅਖਵਾਉਂਦੀ ਹੈ। ਇਸਨੂੰ ਅੱਗੋਂ ਦੋ ਭਾਗਾਂ (ਨਿਗਮਨਾਤਮਕ ਅਤੇ ਆਗਮਨਾਤਮਕ ਵਿਧੀ) ਵਿਚ ਵੰਡਿਆ ਜਾਂਦਾ ਹੈ।

ਨਿਗਮਨਾਤਮਕ ਵਿਧੀ - ਇਸ ਵਿਧੀ ਵਿਚ ਵਿਆਪਕ ਜਾਂ ਸਰਬਸਧਾਰਨ ਸਥਿਤੀ ਤੋਂ ਵਿਸ਼ੇਸ਼ ਸਥਿਤੀ 'ਤੇ ਪਹੁੰਚਣ ਦਾ ਯਤਨ ਕੀਤਾ ਜਾਂਦਾ ਹੈ। ਇਸ ਵਿਧੀ ਨੂੰ ਹੇਤੁਵਾਦ ਵੀ ਕਿਹਾ ਜਾਂਦਾ ਹੈ। ਆਧਾਰ ਵਾਕ ਇਸ ਵਿਧੀ ਲਈ ਮਹੱਤਵਪੂਰਨ ਹੁੰਦੇ ਹਨ।

ਆਗਮਨਾਤਮਕ ਵਿਧੀ - ਇਹ ਵਿਧੀ ਨਿਗਮਨਾਤਮਕ ਵਿਧੀ ਤੋਂ ਵਿਪਰੀਤ ਚੱਲਦੀ ਹੈ, ਇਸ ਵਿਧੀ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਜਾਂ ਸਰਬਸਧਾਰਨ ਸਥਿਤੀ ਵੱਲ ਜਾਣ ਦਾ ਯਤਨ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਔਲਖ ਦੇ ਨਾਟਕਾਂ ਵਿਚੋਂ ਜਮਾਤੀ-ਚੇਤਨਾ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕਰਨ ਲਈ ਪ੍ਰਾਪਤ ਤੱਥਾਂ ਦਾ ਆਂਕਲਨ ਉਕਤ ਵਿਧੀਆਂ 'ਤੇ ਆਧਾਰਤ ਹੋਵੇਗਾ। ਸਾਹਿਤ ਦੇ ਵਿਭਿੰਨ ਰੂਪਾਂ ਦੇ ਖੋਜ-ਕਾਰਜਾਂ ਲਈ ਵਿਭਿੰਨ ਕਿਸਮ ਦੀਆਂ ਖੋਜ-ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਜਮਾਤੀ-ਚੇਤਨਾ ਦੇ ਪ੍ਰਸੰਗ ਵਿਚ ਅਧਿਐਨ ਕਰਨ ਲਈ ਅੰਤਰ-ਅਨੁਸ਼ਾਸ਼ਨੀ ਵਿਧੀ ਨੂੰ ਕੇਂਦਰ ਵਿਚ ਰੱਖਿਆ ਜਾਵੇਗਾ। ਇਹ ਖੋਜ-ਕਾਰਜ ਸਮਾਜਿਕ, ਵਿਆਖਿਆਤਮਕ ਅਤੇ ਵਿਸ਼ਲੇਸ਼ਣਾਤਮਿਕ ਵਿਧੀਆਂ ਰਾਹੀਂ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਖੋਜ-ਵਿਧੀ ਦੀ ਕਸਵੱਟੀ ‘ਤੇ ਪੂਰਾ ਉਤਰਨ ਹਿਤ ਨਿਰਧਾਰਤ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਸ਼ੇ ਨਾਲ ਸੰਬੰਧਤ ਪੁਸਤਕਾਂ ਦਾ ਸਮੁੱਚਾ ਅਧਿਐਨ ਕੀਤਾ ਜਾਵੇਗਾ।

### 1.6 ਪਰਿਕਲਪਨਾ

ਨਾਟਕ ਸਾਹਿਤ ਵਿਚ ਜਮਾਤੀ-ਚੇਤਨਾ ਨਾਲ ਸੰਬੰਧਤ ਨਾਟਕਾਂ ਵਿਚ ਵਿਭਿੰਨ ਵਰਗਾਂ ਦੇ ਪਾਤਰਾਂ ਦੇ ਅੰਤਰ ਵਿਰੋਧ, ਅਮੀਰਾਂ ਦੁਆਰਾ ਗ਼ਰੀਬ ਧਿਰਾਂ ਦਾ ਸ਼ੋਸ਼ਣ, ਸ਼ੋਸ਼ਿਤ ਵਰਗ ਦਾ ਅਮੀਰਾਂ ਦੇ ਵਿਰੁੱਧ ਬਗ਼ਾਵਤੀ ਸੁਰ ਆਦਿ ਪੇਸ਼ ਕੀਤਾ ਗਿਆ ਹੈ। ਹਰੀ ਕ੍ਰਾਂਤੀ ਦੇ ਆਗਮਨ ਨਾਲ ਪੰਜਾਬ ਦੇ ਸਮਾਜਿਕ ਜੀਵਨ ਵਿਚ ਢੇਰ ਪਰਿਵਰਤਨ ਆਇਆ ਜਨਮ-ਆਧਾਰਿਤ ਕੰਮ ਧੰਦੇ ਇੱਛਾ ਆਧਾਰਿਤ ਹੋਣ ਕਾਰਨ, ਨਵੀਂ ਮੰਡੀ ਦੇ ਪੈਦਾ ਹੋਣ ਨਾਲ ਨਵੀਂਆਂ ਜਮਾਤਾਂ ਦਾ ਜਨਮ ਹੋਣਾ ਆਰੰਭ ਹੋਇਆ। ਇਹ ਜਮਾਤਾਂ ਆਪਣੇ-ਆਪਣੇ ਹੱਕਾਂ ਪ੍ਰਤੀ ਕਿਸ ਪੱਧਰ ਤੱਕ ਜਾਗਰੂਕ ਹਨ। ਇਸਦਾ ਅਧਿਐਨ ਹੀ ਹੱਥਲੇ ਖੋਜ-ਕਾਰਜ ਦਾ ਮੂਲ ਧੁਰਾ ਹੈ।

### 1.7 ਨਾਟਕ ਦਾ ਸਿਧਾਂਤ ਤੇ ਪੰਜਾਬੀ ਨਾਟਕ ਦਾ ਇਤਿਹਾਸ

**1.7.1. ਨਾਟਕ ਦਾ ਸਿਧਾਂਤ-** ਨਾਟਕ ਸਾਹਿਤ ਦੀ ਅਜਿਹੀ ਵਿਧਾ ਹੈ ਜੋ ਸਾਹਿਤ, ਕਲਾ ਅਤੇ ਪ੍ਰਦਰਸ਼ਨ ਦੇ ਜੋੜ ਨੂੰ ਦਰਸਾਉਂਦੀ ਹੈ। ਨਾਟਕ ਸ਼ਬਦ ਅੰਗਰੇਜ਼ੀ ਦੇ ਡਰਾਮਾ ਸ਼ਬਦ ਦਾ ਸਮਾਨ-ਅਰਥੀ ਸ਼ਬਦ ਹੈ। ਭਾਰਤੀ ਸਾਹਿਤ ਵਿਚ ਨਾਟਕ ਦੀ ਆਪਣੀ ਪੁਰਾਤਨਤਾ ਅਤੇ ਮਹੱਤਤਾ ਹੈ। ਨਾਟਕ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਨਾਟਜ ਸ਼ਬਦ ਤੋਂ ਪੈਦਾ ਹੋਇਆ ਹੈ। ਇਹ ਸ਼ਬਦ ਨਾਟ ਜਾਂ ਨਟ ਤੋਂ ਵਿਕਸਤ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ, “ਨਟ ਸ਼ਬਦ ਦਾ ਅਰਥ ਨੱਚਣਾ, ਹੇਠਾਂ ਡਿੱਗਣਾ, ਦਿਖਾਉਣਾ, ਸਰਕਣਾ, ਨਾਟਕ ਖੇਡਣ ਤੋਂ ਹੈ।” (ਨਾਭਾ 509) ਨਾਟਜ ਸ਼ਬਦ ਦਾ ਅਰਥ ਨਕਲ ਜਾਂ

ਸ੍ਵਾਂਗ ਰਚਾਉਣ ਤੋਂ ਹੈ। ਇਸ ਕਾਰਨ ਹੀ ਨਾਟਕ ਨੂੰ ਨਕਲ ਜਾਂ ਸ੍ਵਾਂਗ ਰਚਣ ਦਾ ਮਾਧਿਅਮ ਮੰਨਿਆ ਜਾਂਦਾ ਹੈ। ਪੱਛਮ ਵਿਚ ਵੀ ਨਾਟਕ ਦੀ ਉਤਪੱਤੀ ਦਾ ਸ੍ਰੋਤ ਨਾਚ ਜਾਂ ਨਕਲ ਹੀ ਹੈ। ਬੇਸ਼ੱਕ ਨਾਚ ਜਾਂ ਨ੍ਰਿਤ, ਨਕਲ ਅਤੇ ਸ੍ਵਾਂਗ ਨਾਟਕ ਤੋਂ ਵੱਖਰੇ ਸੰਕਲਪ ਹਨ ਪ੍ਰੰਤੂ ਫਿਰ ਵੀ ਇਹ ਤਿੰਨੋਂ ਸੰਕਲਪ ਕਿਸੇ ਨਾ ਕਿਸੇ ਰੂਪ ਜਾਂ ਢੰਗ ਰਾਹੀਂ ਨਾਟਕ ਵਿਚ ਵਿਦਮਾਨ ਰਹਿੰਦੇ ਹਨ। ਇਸ ਤਰ੍ਹਾਂ ਨਾਟਕ ਸੰਯੁਕਤ, ਸੁਤੰਤਰ, ਅਭਿਨੈ-ਮੂਲਕ ਅਤੇ ਦਰਸ਼ਨੀ ਗੁਣਾਂ ਦਾ ਧਾਰਨੀ ਸਾਹਿਤ ਰੂਪ ਹੈ। ਉਕਤ ਚਰਚਾ ਤੋਂ ਬਾਅਦ ਨਾਟਕ ਦੀ ਪਰਿਭਾਸ਼ਾ ਨਿਸ਼ਚਿਤ ਕਰਨੀ ਅਤਿ ਮਹੱਤਵਪੂਰਨ ਹੈ। ਵਿਭਿੰਨ ਵਿਦਵਾਨਾਂ ਨੇ ਨਾਟਕ ਦੀਆਂ ਅਨੇਕਾਂ ਪਰਿਭਾਸ਼ਾਵਾਂ ਨਿਸ਼ਚਿਤ ਕੀਤੀਆਂ ਹਨ।

ਜਗੀਰ ਸਿੰਘ ਨੂਰ ਆਪਣੀ ਪੁਸਤਕ 'ਨਾਟਕ ਸਿਧਾਂਤ ਅਤੇ ਸਿੱਧੂ ਦੀ ਨਾਟ-ਚੇਤਨਾ' ਵਿਚ ਭਰਤਮੁਨੀ ਦੇ ਹਵਾਲੇ ਅਨੁਸਾਰ ਕਹਿੰਦੇ ਹਨ, "ਨਾਟਕ ਪਾਠ, ਗੀਤ, ਅਭਿਨੈ ਅਤੇ ਰਸ ਦਾ ਅਦਭੁੱਤ ਮਿਸ਼੍ਰਣ ਵੀ ਹੈ ਅਤੇ ਇਹ ਲੋਕ-ਬਿਰਤੀਆਂ ਅਤੇ ਮਨੁੱਖ ਦੇ ਵਰਤਾਰੇ ਦੀ ਭਾਵ-ਪੂਰਤ ਅਤੇ ਜਜ਼ਬਿਆਂ ਭਰਪੂਰ ਨਕਲ/ਅਨੁਕਰਣ ਵੀ ਹੈ।" (ਨੂਰ 10)

ਉਕਤ ਪਰਿਭਾਸ਼ਾਵਾਂ ਨਾਟਕ ਦੇ ਅਨੁਕਰਣ ਮੂਲਕ ਸੁਭਾਓ ਨੂੰ ਆਧਾਰ ਬਣਾ ਕੇ ਪੇਸ਼ ਕੀਤੀਆਂ ਗਈਆਂ ਹਨ। ਇਸ ਕਰਕੇ ਨਾਟਕ ਦੇ ਬਾਕੀ ਦੇ ਪੱਖ ਉਜਾਗਰ ਨਹੀਂ ਹੋ ਸਕੇ। ਨਾਟਕ ਸਾਹਿਤ ਦਾ ਅਜਿਹਾ ਸਾਹਿਤ ਰੂਪ ਹੈ ਜਿਸ ਵਿਚ ਸਾਹਿਤ, ਕਲਾ, ਪ੍ਰਦਰਸ਼ਨ ਆਦਿ ਦੇ ਗੁਣਾਂ, ਪ੍ਰਯੋਜਨਾਂ ਨੂੰ ਮਨੁੱਖੀ ਵਰਤਾਰੇ ਦੇ ਪ੍ਰਸੰਗ ਵਿਚ ਰੱਖ ਕੇ ਅਭਿਵਿਅਕਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਿਸ ਰਚਨਾ ਵਿਚ ਸਮਾਜਕ ਅਨੁਭਵ ਵਿਚੋਂ ਵਿਚਾਰ ਗ੍ਰਹਿਣ ਕੀਤੇ ਗਏ ਹੋਣ, ਘਟਨਾਵਾਂ/ਸਥਿਤੀਆਂ ਵਿਚ ਟੱਕਰ, ਵਿਰੋਧ, ਸੰਘਰਸ਼, ਕਾਰਜ-ਕਾਰਨ ਦੀ ਲੜੀਵਾਰਤਾ, ਅਦਾਕਾਰਾਂ ਦੀ ਕਲਾ ਨਾਲ ਸਮੁੱਚੇ ਪ੍ਰਭਾਵ ਨੂੰ ਜੀਵੰਤ ਕੀਤਾ ਜਾਵੇ ਉਸਨੂੰ ਨਾਟਕ ਕਿਹਾ ਜਾਂਦਾ ਹੈ।

ਨਾਟਕ ਦੀ ਪੇਸ਼ਕਾਰੀ ਲਈ ਅਨੇਕਾਂ ਸਮੱਗਰੀ ਮੂਲਕ ਸੰਕਲਪਾਂ ਦੀ ਜ਼ਰੂਰਤ ਪੈਂਦੀ ਹੈ, ਜਿਸਨੂੰ ਉਸਦੇ ਤੱਤ ਮੰਨਿਆ ਜਾਂਦਾ ਹੈ। ਨਾਟਕ ਦਾ ਵਿਸ਼ਾ ਨਾਟਕਕਾਰ ਆਪਣੇ ਆਲੇ-ਦੁਆਲੇ ਤੋਂ ਗ੍ਰਹਿਣ ਕਰਦਾ ਹੈ। ਕੋਈ ਵੀ ਨਾਟਕ ਵਿਸ਼ਾ ਪੱਖ ਤੋਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਇਤਿਹਾਸਕ ਜਾਂ ਸਭਿਆਚਾਰਕ ਵੀ ਹੋ ਸਕਦਾ ਹੈ। ਇਨ੍ਹਾਂ ਵਿਸ਼ਿਆਂ ਨੂੰ ਸਫਲਤਾਪੂਰਵਕ ਪੇਸ਼ ਕਰਨ ਹਿੱਤ ਨਾਟਕ ਦੀਆਂ ਘਟਨਾਵਾਂ ਨੂੰ ਸਹੀ ਢੰਗ ਨਾਲ ਗੁੰਦਣਾ ਜ਼ਰੂਰੀ ਹੁੰਦਾ ਹੈ। ਨਾਟਕ ਦੀਆਂ ਘਟਨਾਵਾਂ ਦੀ ਇਸ ਗੋਂਦ ਨੂੰ ਹੀ ਪਲਾਟ ਕਿਹਾ ਜਾਂਦਾ ਹੈ। ਹਰੇਕ ਨਾਟਕ ਦੀ ਕਹਾਣੀ ਦਾ ਆਦਿ, ਮੱਧ ਅਤੇ ਅੰਤ ਹੁੰਦਾ ਹੈ, ਜਿਸਨੂੰ ਪਲਾਟ ਕਹਿੰਦੇ ਹਨ।

ਨਾਟਕ ਦੇ ਪਲਾਟ ਨੂੰ ਪਾਤਰ ਗਤੀ ਦਿੰਦੇ ਹਨ। ਇਸ ਕਾਰਨ ਨਾਟਕ ਵਿਚ ਪਾਤਰਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਨਾਟਕ ਵਿਚ ਨਾਇਕ, ਨਾਇਕਾ ਅਤੇ ਖਲਨਾਇਕ ਦੇ ਸੰਘਰਸ਼ ਦੀ ਤਿਕੋਣ ਸਿਰਜੀ ਗਈ ਹੁੰਦੀ ਹੈ। ਇਨ੍ਹਾਂ ਪਾਤਰਾਂ ਦੇ ਸੁਭਾਅ, ਪ੍ਰਕਿਰਤੀ ਨੂੰ ਉਨ੍ਹਾਂ ਦੀ ਵਾਰਤਾਲਾਪ ਤੋਂ ਹੀ ਸਮਝਿਆ ਜਾ ਸਕਦਾ ਹੈ। ਨਾਟਕ ਨੂੰ ਅੱਗੇ ਤੋਰਨ ਲਈ ਨਾਟਕਕਾਰ ਵਾਰਤਾਲਾਪ ਦਾ ਸਹਾਰਾ ਲੈਂਦਾ ਹੈ। ਨਾਟਕਕਾਰ ਵਾਰਤਾਲਾਪ ਨੂੰ ਵਧੇਰੇ ਸੁਹਜਮਈ ਬਣਾਉਣ ਲਈ ਅਤੇ ਮਨੁੱਖੀ ਭਾਵਾਂ ਨੂੰ ਪੇਸ਼ ਕਰਨ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ। ਨਾਟਕ ਨੂੰ ਵਧੇਰੇ ਸਾਰਥਿਕ ਬਣਾਉਣ ਲਈ ਭਾਸ਼ਾ ਅੰਤਰਰਾਸ਼ਟਰੀ, ਕੇਂਦਰੀ ਜਾਂ ਇਲਾਕਾਈ ਵੀ ਹੋ ਸਕਦੀ ਹੈ। ਸਫ਼ਲ ਨਾਟਕ ਦੀ ਬੋਲੀ/ਭਾਸ਼ਾ ਵਧੇਰੇ ਸਪੱਸ਼ਟ, ਸਰਲ ਅਤੇ ਸੰਖੇਪ ਹੋਣੀ ਚਾਹੀਦੀ ਹੈ।

ਨਾਟਕਕਾਰ ਭਾਸ਼ਾ ਦੇ ਮਾਧਿਅਮ ਨਾਲ ਹੀ ਵਾਤਾਵਰਨ ਦੀ ਉਸਾਰੀ ਕਰਦਾ ਹੈ। ਸੰਗੀਤ ਅਤੇ ਰਸ ਨਾਟਕ ਨੂੰ ਵਧੇਰੇ ਸੁਹਜਮਈ ਅਤੇ ਸੁਆਦਪਰਕ ਬਣਾਉਣ ਵਿਚ ਸਹਾਇਕ ਹੁੰਦੇ ਹਨ।ਨਾਟਕ ਦਾ ਸੰਬੰਧ ਦ੍ਰਿਸ਼ ਨਾਲ ਹੋਣ ਕਾਰਨ ਰੰਗਮੰਚ ਦਾ ਹੋਣਾ ਅਤਿ ਜ਼ਰੂਰੀ ਹੈ। ਰੰਗਮੰਚ ਦੀਆਂ ਮੁੱਖ ਜ਼ਰੂਰਤਾਂ ਅਭਿਨੇਤਾ, ਦਰਸ਼ਕ, ਸਜਾਵਟ ਅਤੇ ਸ਼ਿੰਗਾਰ ਦਾ ਸਮਾਨ ਮਹੱਤਵਪੂਰਨ ਹੁੰਦਾ ਹੈ। ਇਸ ਤੋਂ ਇਲਾਵਾ ਬਿਜਲੀ, ਲਾਈਟਾਂ, ਮੇਕਅੱਪ ਦਾ ਸਾਮਾਨ, ਪਹਿਰਾਵਾ, ਆਵਾਜ਼ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਨਾਟਕ ਵਿਚ ਉਪਰੋਕਤ ਤੱਤਾਂ ਵਿਚੋਂ ਕਿਸੇ ਇਕ ਦੀ ਗੈਰਹਾਜ਼ਰੀ ਵੀ ਨਾਟਕ ਦੀ ਸਫਲਤਾ ਵਿਚ ਅਵਰੋਧ ਪੈਦਾ ਕਰਦੀ ਹੈ। ਇਸ ਲਈ ਨਾਟਕ ਵਿਚ ਉਕਤ ਤੱਤਾਂ ਦਾ ਹੋਣਾ ਜ਼ਰੂਰੀ ਹੈ।

ਨਾਟਕ ਦੇ ਤੱਤਾਂ ਦਾ ਵਿਵੇਚਨ ਕਰਨ ਉਪਰੰਤ ਨਾਟਕ ਦੀ ਪ੍ਰਕਾਰ ਵੰਡ ਜਾਂ ਵਰਗੀਕਰਨ ਕਰਨਾ ਜ਼ਰੂਰੀ ਹੈ। ਸੁਰਜੀਤ ਸਿੰਘ ਸੇਠੀ ਨੇ ਆਪਣੀ ਪੁਸਤਕ 'ਨਾਟਕ ਕਲਾ' ਵਿਚ (ਦੁਖਾਂਤ, ਸੁਖਾਂਤ, ਮੇਲੋ ਡਰਾਮਾ, ਫਾਰਸ, ਦੁਖਾਂਤਕ-ਸੁਖਾਂਤ) ਪ੍ਰਵਰਗ ਦੱਸੇ ਹਨ।

ਇਸ ਤੋਂ ਇਲਾਵਾ ਜੀ. ਐਲ. ਸ਼ਰਮਾ ਨੇ ਪੁਸਤਕ 'ਪੰਜਾਬੀ ਨਾਟਕ ਦੇ ਰੂਪ ਰੰਗ' ਵਿਚ ਪੰਜਾਬੀ ਨਾਟਕ ਨੂੰ ਸੁਖਾਂਤ ਨਾਟਕ, ਦੁਖਾਂਤ ਨਾਟਕ, ਸਮੱਸਿਆ ਨਾਟਕ, ਇਤਿਹਾਸਕ ਨਾਟਕ, ਪ੍ਰਯੋਗਵਾਦੀ ਨਾਟਕ ਅਤੇ ਐਬਸਰਡ ਨਾਟਕ ਵਰਗਾਂ ਵਿਚ ਵੰਡਿਆ ਹੈ।

ਇਨ੍ਹਾਂ ਨਾਟਕਾਂ ਦੇ ਵਿਭਿੰਨ ਵਰਗਾਂ ਨੂੰ ਵਿਭਿੰਨ ਸ਼ੈਲੀਆਂ ਜਿਵੇਂ ਕਿ ਬਿਆਨੀਆਂ ਸ਼ੈਲੀ, ਕਾਵਿਕ ਸ਼ੈਲੀ, ਸੂਤਰਬੱਧ ਸ਼ੈਲੀ, ਵਿਸ਼ਿਅਕ ਸ਼ੈਲੀ, ਨਾਟਕੀ ਸ਼ੈਲੀ, ਐਬਸਰਡ ਸ਼ੈਲੀ, ਚਿਹਨਾਤਮਕ ਸ਼ੈਲੀ, ਸੂਤਰਧਾਰ ਸ਼ੈਲੀ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਸਾਰੀਆਂ ਸ਼ੈਲੀਆਂ ਨਾਟਕੀ ਜੁਗਤਾਂ ਦੇ ਸੰਦਰਭ ਵਿਚ ਪੇਸ਼ ਹੁੰਦੀਆਂ ਹਨ। ਇਸ ਪ੍ਰਕਾਰ ਉਕਤ ਤੋਂ ਸਪੱਸ਼ਟ ਹੈ ਕਿ ਨਾਟਕ

ਪੰਜਾਬੀ ਸਾਹਿਤ ਦੀ ਪੁਰਾਤਨ ਸਾਹਿਤ ਵਿਧਾ ਹੈ। ਜਿਸਦਾ ਦ੍ਰਿਸ਼ ਕਾਵਿ ਨਾਲ ਸੰਬੰਧ ਹੈ, ਇਸਦੇ ਬਾਕੀ ਦੇ ਸਾਹਿਤ ਰੂਪਾਂ ਵਾਂਗ ਵਿਲੱਖਣ ਤੱਤ ਹਨ ਅਤੇ ਇਹ ਤੱਤ ਕਿਸੇ ਨਾ ਕਿਸੇ ਸ਼ੈਲੀ ਵਿਚ ਅਭਿਵਿਅਕਤ ਕੀਤੇ ਜਾਂਦੇ ਹਨ।

**1.7.2. ਪੰਜਾਬੀ ਨਾਟਕ ਦਾ ਇਤਿਹਾਸ**-ਪੰਜਾਬ ਵਿਚ ਨਾਟਕ ਦੀ ਮਹੱਤਤਾ ਭਰਪੂਰ ਪਰੰਪਰਾ ਰਹੀ ਹੈ। ਪੰਜਾਬ ਵਿਚ ਨਾਟਕ ਦੀ ਸ਼ੁਰੂਆਤ ਹੜੱਪਾ ਸੱਭਿਅਤਾ ਤੋਂ ਮੰਨੀ ਜਾਂਦੀ ਹੈ। ਡਾ. ਹਰਚਰਨ ਸਿੰਘ ਦੀ ਪੁਸਤਕ 'ਨਾਟਕ ਕਲਾ ਅਤੇ ਹੋਰ ਲੇਖ' ਅਨੁਸਾਰ,

> ਸਿੰਧੂ ਘਾਟੀ ਦੇ ਵਸਨੀਕ ਨਾਚ ਗਾਣੇ ਅਤੇ ਨਾਟਕ ਕਲਾ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਹ ਵੀ ਸਪੱਸ਼ਟ ਹੈ ਕਿ ਜਿਸ ਸਮੇਂ ਆਰੀਆ ਲੋਕ ਪੰਜਾਬ ਵਿਚ ਆਏ, ਉਸ ਸਮੇਂ ਸੁਦੇਸੀ ਨਾਟਕੀ ਪਰੰਪਰਾਵਾਂ ਪ੍ਰਚਲਿਤ ਸਨ। ਉਨ੍ਹਾਂ ਦੀਆਂ ਉਕਰੀਆਂ ਲੀਹਾਂ ਉਤੇ ਹੀ ਸੰਸਕ੍ਰਿਤ ਨਾਟਕ ਦੀ ਉਸਾਰੀ ਹੋਈ। ਸੋ ਸੰਸਕ੍ਰਿਤ ਨਾਟਕ ਦਾ ਜਨਮ ਤੇ ਵਿਕਾਸ ਪੂਰੀ ਤਰ੍ਹਾਂ ਹੜੱਪਾ ਸੱਭਿਅਤਾ ਨਾਲ ਸੰਬੰਧਤ ਹੈ। (ਹਰਚਰਨ 23-24)

ਇਸ ਤੋਂ ਬਾਅਦ ਆਰੀਆ ਕਾਲ ਵਿਚ ਪੈਦਾ ਹੋਈ ਸੰਸਕ੍ਰਿਤੀ ਨਾਟ ਪਰੰਪਰਾ ਅਨਆਰੀਆ ਲੋਕਾਂ ਤੋਂ ਪ੍ਰਭਾਵਤ ਰਹੀ ਹੋਵੇਗੀ, ਕਿਉਂਕਿ ਭਰਤਮੁਨੀ ਮੰਚ ਉਤੇ ਖੇਡੀ ਖੇਡ ਨੂੰ ਹੀ ਨਾਟਕ ਮੰਨਦਾ ਹੈ। ਇਸ ਲਈ ਸੰਭਵ ਹੈ ਕਿ ਭਰਤਮੁਨੀ ਦਾ 'ਨਾਟਯ-ਸ਼ਾਸਤਰ' ਉਸ ਤੋਂ ਪਹਿਲਾਂ ਖੇਡੇ ਗਏ ਨਾਟਕਾਂ 'ਤੇ ਆਧਾਰਿਤ ਰਿਹਾ ਹੋਵੇਗਾ। ਜੋ ਆਪਣੇ ਮੌਖਿਕ ਰੂਪ ਦੇ ਕਾਰਨ ਜਾਂ ਸਮੇਂ ਦੇ ਪ੍ਰਵਾਹ ਨਾਲ ਵਰਤਮਾਨ ਸਮੇਂ ਆਪਣੀ ਹੋਂਦ ਗੁਆ ਚੁੱਕੇ ਹਨ। ਸੰਸਕ੍ਰਿਤੀ ਨਾਟਕ ਨਾਲ ਪੰਜਾਬ ਦੀ ਧਰਤੀ ਨਾਲ ਜੁੜੇ ਹੋਣਾ ਨਾਟਕ ਦੀ ਪੰਜਾਬ ਨਾਲ ਸਦੀਆਂ ਪੁਰਾਣੀ ਸਾਂਝ ਦਾ ਸੂਚਕ ਬਣਦਾ ਹੈ।

ਮੱਧਕਾਲ ਦਾ ਸਮਾਂ ਪੰਜਾਬੀ ਸਾਹਿਤ ਦੀ ਰਚਨਾ ਪੱਖੋਂ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇਸ ਸਮੇਂ ਬਹੁਤ ਸਾਰੇ ਨਵੇਂ ਸਾਹਿਤਕ ਰੂਪਾਂ ਦਾ ਜਨਮ ਅਤੇ ਵਿਕਾਸ ਹੁੰਦਾ ਹੈ, ਪਰ ਨਾਟਕੀ ਵਿਧਾ ਦੀ ਇਸ ਸਮੇਂ ਅਣਹੋਂਦ ਰਹਿੰਦੀ ਹੈ। ਨਰੈਣ ਸਿੰਘ ਗਿਆਨੀ ਦਾ 'ਪ੍ਰਬੋਧ ਚੰਦਰ ਨਾਟਕ' ਅਤੇ ਹਿਰਦੇ ਰਾਮ ਭੱਲਾ ਦਾ 'ਹਨੂੰਮਾਨ ਨਾਟਕ' ਜਿਹੀਆਂ ਨਾਟਕੀ ਅੰਸ਼ਾਂ ਨਾਲ ਮੇਲ ਖਾਂਦੀਆਂ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਵਿਚੋਂ 'ਪ੍ਰਬੋਧ ਚੰਦਰ ਨਾਟਕ' ਦਾਰਸ਼ਨਿਕ ਰੂਪਕ ਹੈ ਅਤੇ 'ਹਨੂੰਮਾਨ ਨਾਟਕ' ਇੱਕ ਕਾਵਿਕ ਬਿਰਤਾਂਤ ਹੈ। ਇਨ੍ਹਾਂ ਨਾਟਕਾਂ ਉਪਰ ਸੰਸਕ੍ਰਿਤ ਨਾਟ ਪਰੰਪਰਾ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ 'ਬਚਿੱਤਰ ਨਾਟਕ' ਵੀ ਮੱਧ ਕਾਲ ਦੇ ਸਮੇਂ ਪ੍ਰਾਪਤ ਹੁੰਦਾ ਹੈ ਜੋ ਇਕ ਕਾਵਿ-ਨਾਟਕ ਹੈ। ਇਸ

ਵਿਚ ਅਕਾਲ ਪੁਰਖ ਦੀ ਉਸੱਤਤ ਦੇ ਲੰਮੇ ਕਾਵਿਕ ਵਖਿਆਨ ਹਨ। ਇਨ੍ਹਾਂ ਸਾਰੇ ਨਾਟਕਾਂ ਦਾ ਪੰਜਾਬੀ ਵਿਚ ਨਾ ਰਚੇ ਹੋਣ ਕਾਰਨ ਇਨ੍ਹਾਂ ਨੂੰ ਪੰਜਾਬੀ ਨਾਟਕਾਂ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ ।

ਮੱਧ ਕਾਲ ਦੇ ਸਮੇਂ ਪੰਜਾਬੀ ਨਾਟਕ ਨੂੰ ਸੰਜੀਵ ਕਰਨ ਵਿਚ ਲੋਕ-ਨਾਟ ਪਰੰਪਰਾ ਦਾ ਵਿਸ਼ੇਸ਼ ਯੋਗਦਾਨ ਹੈ। ਪੰਜਾਬ ਦੀ ਧਰਤੀ 'ਤੇ ਨਾਟਕੀ ਅੰਸ਼ਾਂ ਨਾਲ ਭਰਪੂਰ ਲੋਕਧਾਰਾ ਵਿਗਸਦੀ ਰਹੀ ਹੈ। ਬੇਸ਼ੱਕ ਇਹ ਲੋਕ-ਨਾਟਕ ਕਿਸੇ ਨਿਸ਼ਚਿਤ ਸਰੂਪ ਨੂੰ ਗ੍ਰਹਿਣ ਕਰਨ ਤੋਂ ਅਸਮਰੱਥ ਰਹੇ ਹਨ। ਪਰ ਲੋਕ-ਨਾਟਕ ਦੇ ਭਿੰਨ-ਭਿੰਨ ਰੂਪ ਨੌਟੰਕੀ, ਸਵਾਂਗ, ਨਕਲਾਂ ਵਿਚ ਦੇਖਣ ਨੂੰ ਮਿਲਦੇ ਹਨ। ਪੰਜਾਬ ਵਿਚ ਪ੍ਰਚੱਲਿਤ ਲੋਕ-ਨਾਟ ਰੂਪਾਂ ਵਿਚ ਨਕਲਾਂ ਸਭ ਤੋਂ ਪ੍ਰਸਿੱਧ ਹਨ। ਜੋ ਪੰਜਾਬ ਦੀ ਮੁਸਲਮਾਨ ਜਾਤ ਮਰਾਸੀ ਦੁਆਰਾ ਕੀਤੀਆਂ ਜਾਂਦੀਆਂ ਹਨ। ਇਸ ਵਿਚ ਦੋ ਵਿਅਕਤੀ ਆਪਸੀ ਵਾਰਤਾਲਾਪ ਦੇ ਦੁਆਰਾ ਕਾਟਵੇਂ ਸੁਆਲ-ਜੁਆਬ ਰਾਹੀਂ ਹਾਸ-ਰਸ ਉਤਪੰਨ ਕਰਦੇ ਹਨ।

ਅਠਾਰ੍ਹਵੀਂ ਸਦੀ ਵਿਚ ਰਾਸ ਲੀਲ੍ਹਾ ਤੇ ਰਾਮ ਲੀਲ੍ਹਾ ਖੇਡਣ ਵਾਲੀਆਂ ਮੰਡਲੀਆਂ ਦੀ ਹੋਂਦ ਰਹੀ ਹੈ। ਰਾਸ ਲੀਲ੍ਹਾ  ਕ੍ਰਿਸ਼ਨ ਜੀਵਨ ਦੀ ਪੇਸ਼ਕਾਰੀ ਨਾਲ ਸਬੰਧ ਰੱਖਦੀ ਹੈ, ਜਦ ਕਿ ਰਾਮ ਲੀਲ੍ਹਾ ਦਾ ਆਯੋਜਨ ਦੁਸਹਿਰੇ ਤੋਂ ਪਹਿਲਾਂ ਕੀਤਾ ਜਾਂਦਾ ਸੀ, ਜਿਸ ਵਿਚ ਰਮਾਇਣ ਦੀ ਕਥਾ ਦੀ ਨਾਟਕੀ ਪੇਸ਼ਕਾਰੀ ਕੀਤੀ ਜਾਂਦੀ ਸੀ। ਇਨ੍ਹਾਂ ਨਾਟ ਮੰਡਲੀਆਂ ਨੇ ਹੌਲੀ-ਹੌਲੀ ਅੱਗੇ ਵਿਕਾਸ ਕਰਦੇ ਹੋਏ ਲੋਕ ਕਥਾਵਾਂ ਜਿਵੇਂ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾ ਆਦਿ ਦੀ ਪੇਸ਼ਕਾਰੀ ਵੀ ਸ਼ੁਰੂ ਕਰ ਦਿੱਤੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਾਟਕ ਮੁੱਢ ਤੋਂ ਹੀ ਪੰਜਾਬ ਵਿਚ ਕਿਸੇ ਨਾ ਕਿਸੇ ਰੂਪ ਰਾਹੀਂ ਪਨਪਦਾ ਰਿਹਾ ਹੈ। ਮੱਧਕਾਲ ਵਿਚ ਪਹੁੰਚ ਕੇ ਇਹ ਸੰਸਕ੍ਰਿਤ ਨਾਟਕ ਤੋਂ ਮੁਕਤ ਹੋ ਕੇ ਲੋਕ-ਨਾਟ ਪਰੰਪਰਾ ਦੇ ਰੂਪ ਵਿਚ ਵਿਚਰਦਾ ਹੈ, ਜਿਸ ਦਾ ਪੁਨਰ ਵਿਕਾਸ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨਾਲ ਸੁਭਾਵਿਕ ਬਣਦਾ ਹੈ।

ਅੰਗਰੇਜ਼ਾਂ ਦੀ ਆਮਦ ਤੋਂ ਬਾਅਦ ਹੀ ਬਦਲਦੀਆਂ ਪ੍ਰਸਥਿਤੀਆਂ ਨੇ ਪੰਜਾਬੀ ਨਾਟਕ ਦੇ ਮੂਲ ਸੋਮਿਆਂ ਨੂੰ ਜਨਮ ਦਿੱਤਾ। ਕਾਲਜ ਖੁੱਲ੍ਹਣ ਨਾਲ ਵਿੱਦਿਆ ਦਾ ਪਸਾਰ ਹੋਇਆ ਅਤੇ ਅੰਗਰੇਜ਼ੀ ਸਾਹਿਤ ਨਾਲ ਵਿਦਿਆਰਥੀਆਂ ਦੀ ਜਾਣ-ਪਛਾਣ ਹੁੰਦੀ ਹੈ। ਅੰਗਰੇਜ਼ੀ ਨਾਟਕਾਂ ਦੀ ਜਾਣਕਾਰੀ ਲਈ ਉਨ੍ਹਾਂ ਦਾ ਪੰਜਾਬ ਵਿਚ ਅਨੁਵਾਦ ਕੀਤਾ ਜਾਣ ਲੱਗਾ, ਜਿਨ੍ਹਾਂ ਵਿਚ 'ਸਿਲਵਰ ਬਾਕਸ' ਦਾ 'ਚਾਂਦੀ ਦਾ ਡੱਬਾ', 'ਕਿੰਗਲੀਅਰ' ਦਾ 'ਦੁਖੀ ਰਾਜਾ', 'ਹੈਮਲਿਟ' ਦਾ 'ਹੈਮਲਿਟ', 'ਉਥੈਲੋ' ਦਾ 'ਦੇਸ਼ ਦਮਨ' ਅਧੀਨ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ। ਇਸ ਦੇ ਪ੍ਰਤੀਕਰਮ ਵਜੋਂ ਚਰਨ ਸਿੰਘ ਨੇ ਸੰਸਕ੍ਰਿਤ ਦੇ ਪ੍ਰਸਿੱਧ

ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਅਨੁਵਾਦ ਕੀਤਾ, ਪਰ ਇਨ੍ਹਾਂ ਨਾਟਕਾਂ ਦੇ ਅਨੁਵਾਦ ਭਾਸ਼ਾ ਦੇ ਪੱਧਰ 'ਤੇ ਹੋਣ ਕਾਰਨ ਇਹ ਨਾਟਕ ਪੰਜਾਬੀ ਰਹਿਤਲ ਤੋਂ ਦੂਰ ਦੇ ਪ੍ਰਤੀਤ ਹੁੰਦੇ ਹਨ, ਜਿਸ ਕਾਰਨ ਇਨ੍ਹਾਂ ਨਾਟਕਾਂ ਦੀ ਸਾਰਥਿਕ ਮਹੱਤਤਾ ਬਹੁਤ ਘੱਟ ਹੈ।

ਪੰਜਾਬੀ ਵਿਚ ਮੌਲਿਕ ਨਾਟਕ ਲਿਖਣ ਦਾ ਆਰੰਭ ਐੱਸ.ਐੱਸ. ਬਚਿੰਤ ਦੇ ਨਾਟਕ 'ਮਲਕਾ ਅਸਤਰਾ' ਤੋਂ ਮੰਨਿਆ ਜਾਂਦਾ ਹੈ, ਜੋ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਅਧੀਨ ਈਸਾਈ ਮੱਤ ਦੇ ਪ੍ਰਚਾਰ ਲਈ ਲਿਖਿਆ ਗਿਆ ਸੀ। ਇਸ ਨਾਟਕ ਦਾ ਸੰਬੰਧ ਬਾਈਬਲ ਦੀ ਇੱਕ ਕਥਾ ਨਾਲ ਹੈ।

ਉਨੀਵੀਂ ਸਦੀ ਵਿਚ ਪਹੁੰਚ ਕੇ ਬਾਵਾ ਬੁੱਧ ਦਾ ਲਿਖਿਆ ਨਾਟਕ 'ਚੰਦਰ ਹਰੀ' ਸਾਹਮਣੇ ਆਉਂਦਾ ਹੈ। ਇਹ ਨਾਟਕ ਸੁਧਾਰਵਾਦੀ ਪ੍ਰਵਿਰਤੀ ਅਧੀਨ ਲਿਖਿਆ ਗਿਆ ਸੀ, ਪਰ ਇਸ 'ਤੇ ਪਾਰਸੀ ਥੀਏਟਰ ਦੇ ਪ੍ਰਭਾਵ ਕਾਰਨ ਅਸ਼ਲੀਲ ਵਾਰਤਾਲਾਪ ਅਤੇ ਕਾਮ ਉਤੇਜਿਤ ਦ੍ਰਿਸ਼ਾਂ ਦੀ ਭਰਮਾਰ ਹੈ। ਇਸ ਕਾਰਨ ਉਪਰੋਕਤ ਦੋਨੋਂ ਨਾਟਕ ਅੰਗਰੇਜ਼ੀ ਸੱਭਿਅਤਾ ਦਾ ਪ੍ਰਚਾਰ ਕਰਦੇ ਦਿਖਾਈ ਦਿੰਦੇ ਹਨ।

ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੇ ਸਮਵਿੱਥ ਪੰਜਾਬੀ ਸਮਾਜ ਸੁਧਾਰਕ ਲਹਿਰਾਂ ਨੇ ਵੀ ਨਾਟ-ਕਲਾ ਵੱਲ ਰੁਖ਼ ਅਖ਼ਤਿਆਰ ਕੀਤਾ। ਭਾਈ ਵੀਰ ਸਿੰਘ ਰਚਿਤ 'ਰਾਜਾ ਲਖਦਾਤਾ ਸਿੰਘ' ਈਸਾਈ ਮਿਸ਼ਨਰੀਆਂ ਦੇ ਪ੍ਰਤੀਕਰਮ ਵਜੋਂ ਸਿੱਖੀ ਸੁਧਾਰ ਦੇ ਉਪਦੇਸ਼ ਅਧੀਨ ਲਿਖਿਆ ਗਿਆ। ਅਰੂੜ ਸਿੰਘ ਤਾਇਬ ਦਾ 'ਸੁੱਕਾ ਸਮੁੰਦਰ', ਗੁਰਬਖਸ਼ ਸਿੰਘ ਰਚਿਤ 'ਮਨਮੋਹਨ ਨਾਟਕ' ਵੀ ਪੱਛਮ ਦੇ ਪ੍ਰਭਾਵ ਵਜੋਂ ਸਿੱਖੀ ਸੁਧਾਰਾਂ ਦੇ ਹਿੱਤ ਲਿਖੇ ਗਏ, ਪਰ ਉਪਰੋਕਤ ਨਾਟਕਾਂ ਵਿਚੋਂ ਕੋਈ ਵੀ ਨਾਟਕ ਕਸੌਟੀ ਉੱਪਰ ਪੂਰਾ ਨਹੀਂ ਉਤਰਦਾ ਸੀ ਅਤੇ ਨਾ ਹੀ ਇਨ੍ਹਾਂ ਦੀ ਰੰਗਮੰਚੀ ਪੇਸ਼ਕਾਰੀ ਸੰਭਵ ਸੀ। ਇਸ ਕਾਰਨ ਉਸ ਸਮੇਂ ਦੇ ਇਹ ਨਾਟਕ ਨਿਸ਼ਚਿਤ ਰੂਪ ਵਿਚ ਨਾਟਕ ਦੇ ਸਿਧਾਂਤਕ ਚੌਖਟਿਆਂ ਨੂੰ ਪੂਰਾ ਨਹੀਂ ਕਰਦੇ ਪਰ ਇਨ੍ਹਾਂ ਨਾਟਕਾਂ ਰਾਹੀਂ ਪੰਜਾਬੀ ਨਾਟਕ ਨੂੰ ਮੁੱਢਲੀ ਅਵਸਥਾ ਵਿਚ ਗਤੀਸ਼ੀਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ।

ਨੋਰਾ ਰਿਚਰਡਜ਼ ਦਾ ਪੰਜਾਬੀ ਨਾਟਕ ਵਿਚ ਆਗਮਨ ਇੱਕ ਸ਼ੁਭ ਸ਼ਗਨ ਹੈ, ਜਿਸ ਨੇ ਪੰਜਾਬੀ ਨਾਟਕ ਨੂੰ ਨਵੀਆਂ ਸੇਧਾਂ ਦੇਣ ਦਾ ਕਾਰਜ ਕੀਤਾ। ਨੋਰਾ ਨੇ ਪੰਜਾਬ ਵਿਚ ਪਾਰਸੀ ਥੀਏਟਰ ਦੇ ਪ੍ਰਤੀਕਰਮ ਵਜੋਂ ਪਹਿਲੀ ਰੰਗਮੰਚ ਸਭਾ 'ਸਰਸਵਤੀ ਸਟੇਜ ਸੁਸਾਇਟੀ' ਦੀ ਸਥਾਪਨਾ 1911 ਈ. ਵਿਚ ਕੀਤੀ। ਆਇਰਲੈਂਡ ਦੀ ਨਾਟ ਲਹਿਰ ਦਾ ਪ੍ਰਭਾਵ ਹੋਣ ਕਾਰਨ ਨੋਰਾ ਨੇ ਨਾਟਕ ਪ੍ਰਤੀਮਾਨ ਨਿਸ਼ਚਿਤ ਕਰਦਿਆਂ ਸਮਾਜਿਕ ਸਮੱਸਿਆਵਾਂ, ਵਿਸ਼ੇਸ਼ ਕਰਕੇ ਪੇਂਡੂ ਜੀਵਨ ਨੂੰ ਨਾਟਕਾਂ ਦਾ ਵਿਸ਼ਾ

ਬਣਾਉਣ ਲਈ ਪ੍ਰੇਰਿਤ ਕੀਤਾ। 1913 ਵਿਚ ਉਸ ਦੁਆਰਾ ਰੱਖੀ ਗਈ ਪ੍ਰਤੀਯੋਗਤਾ ਵਿਚ ਆਈ. ਸੀ. ਨੰਦਾ ਦਾ ਇਕਾਂਗੀ 'ਦੁਲਹਨ' ਪਹਿਲਾ ਸਥਾਨ ਪ੍ਰਾਪਤ ਕਰਦਾ ਹੈ, ਜੋ ਤਕਨੀਕ ਪੱਖੋਂ ਪੱਛਮੀ ਨਾਟਕ ਨਾਲ ਮੇਲ ਖਾਂਦਾ ਹੈ, ਪਰ ਇਸ ਦਾ ਵਿਸ਼ਾ ਪੰਜਾਬੀ ਪੇਂਡੂ ਜੀਵਨ ਦੇ ਨਾਲ ਸੰਬੰਧ ਰੱਖਦਾ ਹੈ। ਇਹ ਨਾਟਕ ਆਧੁਨਿਕ ਪੰਜਾਬੀ ਰੰਗਮੰਚੀ ਲੋੜਾਂ ਦੇ ਅਨੁਕੂਲ ਲਿਖਿਆ ਗਿਆ ਪਹਿਲਾ ਪੰਜਾਬੀ ਨਾਟਕ ਹੈ, ਜਿਸਦਾ ਕਾਰਨ ਨੰਦਾ ਦੀ ਪੱਛਮੀ ਨਾਟਕ ਪ੍ਰਤੀ ਸੂਝ ਸੀ। ਪੱਛਮੀ ਨਾਟਕ ਦੀ ਜਾਣਕਾਰੀ ਆਈ. ਸੀ. ਨੰਦਾ ਨੂੰ ਪੂਰਬਲੇ ਨਾਟਕਕਾਰਾਂ ਤੋਂ ਅਲੱਗ ਕਰਦੀ ਹੈ। ਇਸ ਲਈ 'ਦੁਲਹਨ' ਦੀ ਰਚਨਾ ਤੋਂ ਬਾਅਦ ਨੰਦਾ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਟਕਕਾਰ ਸਵੀਕਾਰ ਕੀਤਾ ਜਾਂਦਾ ਹੈ, ਜਿਸ ਤੋਂ ਆਧੁਨਿਕ ਕਿਸਮ ਦੇ ਪੰਜਾਬੀ ਨਾਟਕ ਦਾ ਆਰੰਭ ਹੁੰਦਾ ਹੈ। ਸਤੀਸ਼ ਕੁਮਾਰ ਵਰਮਾ ਆਪਣੀ ਪੁਸਤਕ 'ਨਾਟਕਕਾਰਾਂ ਨਾਲ ਸੰਵਾਦ' ਵਿਚ ਆਈ. ਸੀ. ਨੰਦਾ ਨੂੰ ਪਹਿਲਾ ਨਾਟਕਕਾਰ ਸਵੀਕਾਰ ਕਰਦਾ ਹੋਇਆ ਲਿਖਦਾ ਹੈ, "ਪੰਜਾਬੀ ਨਾਟਕ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੀ ਉਪਜ ਹੈ ਭਾਵੇਂ ਇਸ ਤੋਂ ਪਹਿਲਾਂ ਵੀ ਕੁਝ ਇੱਕ ਯਤਨ ਹੁੰਦੇ ਹਨ ਪ੍ਰੰਤੂ ਵਿਧੀਗਤ ਆਰੰਭ ਆਈ. ਸੀ. ਨੰਦਾ ਦੀ ਨਾਟਕਕਾਰੀ ਤੋਂ ਮੰਨਿਆ ਜਾਂਦਾ ਹੈ ਅਤੇ ਪੰਜਾਬੀ ਨਾਟ ਆਲੋਚਨਾ ਵਿਚ ਇਹ ਲਗਭਗ ਸਵੀਕ੍ਰਿਤੀ ਸਥਿਤੀ ਰਹੀ ਹੈ"( ਵਰਮਾ 226)

ਉਪਰੋਕਤ ਧਾਰਨਾ ਦੇ ਸੰਬੰਧ ਵਿਚ ਆਧੁਨਿਕ ਕਿਸਮ ਦੇ ਪੰਜਾਬੀ ਨਾਟਕ ਦਾ ਜਨਮ ਈਸ਼ਵਰ ਚੰਦਰ ਨੰਦਾ ਤੋਂ ਹੁੰਦਾ ਹੈ। ਉਸ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਪੰਜਾਬੀ ਨਾਟਕ ਆਪਣੇ ਇਤਿਹਾਸ ਦੀ ਇੱਕ ਸਦੀ ਪਾਰ ਕਰ ਚੁੱਕਾ ਹੈ। ਇਸ ਸਮੇਂ ਦੌਰਾਨ ਨਾਟਕ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਸਮੇਂ ਅਨੁਸਾਰ ਵਿਕਾਸ ਕਰਦਾ ਹੋਇਆ ਵਰਤਮਾਨ ਅਵਸਥਾ ਤੱਕ ਪਹੁੰਚਦਾ ਹੈ।

**ਪਹਿਲੀ ਪੀੜ੍ਹੀ ਦੇ ਨਾਟਕਕਾਰ**

ਨਾਟਕ ਦੀ ਪਹਿਲੀ ਪੀੜ੍ਹੀ ਨਾਟਕ ਦੇ ਮੁੱਢਲੇ ਦੌਰ ਦਾ ਸਮਾਂ ਹੈ। ਪੱਛਮ ਦੇ ਪ੍ਰਭਾਵ ਅਧੀਨ ਉਪਜਿਆ ਨਾਟਕ ਇਸ ਸਮੇਂ ਲੋਕ-ਨਾਟਕ ਪਰੰਪਰਾ ਦਾ ਪ੍ਰਭਾਵ ਵੀ ਗ੍ਰਹਿਣ ਕਰਦਾ ਹੈ। ਇਸ ਪੀੜ੍ਹੀ ਦੇ ਨਾਟਕਕਾਰਾਂ ਨੇ ਜਿੱਥੇ ਪੱਛਮੀ ਨਾਟਕ ਦਾ ਪ੍ਰਭਾਵ ਸੁਚੇਤ ਰੂਪ ਵਿਚ ਗ੍ਰਹਿਣ ਕੀਤਾ, ਉੱਥੇ ਪੇਂਡੂ ਰਹਿਤਲ ਨਾਲ ਜੁੜੇ ਹੋਣ ਕਾਰਨ ਅਚੇਤ ਰੂਪ ਵਿਚ ਲੋਕ ਨਾਟ ਪਰੰਪਰਾ ਦੇ ਅੰਸ਼ ਵੀ ਇਨ੍ਹਾਂ ਦੀਆਂ ਰਚਨਾਵਾਂ ਵਿਚ ਸੁਭਾਵਿਕ ਸਮਾਅ ਜਾਂਦੇ ਹਨ। ਇਹ ਨਾਟਕ ਆਰੰਭਕ ਪੜਾਅ ਦੇ ਨਾਟਕ ਹੋਣ ਕਾਰਨ ਸਮਾਜਿਕ ਸਮੱਸਿਆਵਾਂ ਨੂੰ ਸੁਧਾਰਵਾਦੀ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ। ਨਾਟਕਾਂ ਦੇ ਮੁੱਢਲੇ ਵਿਸ਼ੇ ਵਿਆਹ ਪ੍ਰਬੰਧ ਪੇਂਡੂ ਜੀਵਨ

ਅਤੇ ਵਹਿਮ-ਭਰਮ ਬੇਰੁਜ਼ਗਾਰੀ ਨਾਲ ਸਬੰਧਤ ਸਨ, ਜੋ ਅੱਗੇ ਵਿਕਾਸ ਕਰਕੇ ਸਮਾਜਵਾਦੀ ਇਤਿਹਾਸਕ ਅਤੇ ਮਨੋਵਿਗਿਆਨਕ ਵਿਸ਼ਿਆਂ ਦੀ ਪੇਸ਼ਕਾਰੀ ਵੀ ਕਰਦੇ ਹਨ। ਇਸ ਪੀੜ੍ਹੀ ਨੂੰ ਸਾਬਤ ਕਰਨ ਵਾਲੇ ਨਾਟਕਕਾਰਾਂ ਵਿਚ ਆਈ. ਸੀ. ਨੰਦਾ ਤੋਂ ਬਾਅਦ ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ ਦਾ ਨਾਮ ਲਿਆ ਜਾ ਸਕਦਾ ਹੈ, ਜਿਨ੍ਹਾਂ ਨੇ ਪੰਜਾਬੀ ਨਾਟਕ ਨੂੰ ਸਾਬਤ ਕਰਨ ਵਿਚ ਆਪਣਾ ਯੋਗਦਾਨ ਪਾਇਆ।

ਈਸ਼ਵਰ ਚੰਦਰ ਨੰਦਾ ਪਹਿਲੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ। ਉਸਦੇ ਨਾਟਕਾਂ ਦੇ ਵਿਸ਼ੇ ਤਤਕਾਲੀ ਸਮਾਜ ਦੇ ਆਲੇ-ਦੁਆਲੇ ਘੁੰਮਦੇ ਹਨ। ਸਮਾਜ ਦੀਆਂ ਕੁਰੀਤੀਆਂ ਦੇ ਡੂੰਘੀਆਂ ਸਮੱਸਿਆਵਾਂ ਦਾ ਪ੍ਰਗਟਾਵਾ ਨੰਦੇ ਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਹੈ। ਬਾਲ-ਵਿਆਹ, ਵਿਧਵਾ-ਵਿਆਹ, ਬੇਰੁਜ਼ਗਾਰੀ, ਪ੍ਰੇਮ-ਵਿਆਹ, ਅੰਧ-ਵਿਸਵਾਸ਼, ਪੇਂਡੂ ਅਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਨੂੰ ਉਸ ਨੇ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਜਿਸ ਸੰਦਰਭ ਵਿਚ ਉਸਦੀਆਂ ਨਾਟ ਰਚਨਾਵਾਂ 'ਵਰ ਘਰ', 'ਸੁਭੱਦਰਾ', 'ਸ਼ਾਮੂ ਸ਼ਾਹ', 'ਸ਼ੋਸਲ ਸਰਕਲ', ਦੇਖੀਆਂ ਜਾ ਸਕਦੀਆਂ ਹਨ। 'ਸੁਭੱਦਰਾ' ਨਾਟਕ ਵਿਧਵਾ ਵਿਆਹ ਦੇ ਹੱਕ ਵਿਚ ਪ੍ਰਚਾਰ ਕਰਦਾ ਹੈ।

ਹਰਚਰਨ ਸਿੰਘ ਨੇ ਨੰਦਾ ਦੁਆਰਾ ਸ਼ੁਰੂ ਕੀਤੀ ਸੁਧਾਰਵਾਦੀ ਪ੍ਰਵਿਰਤੀ ਅਧੀਨ ਨਾਟਕ ਲਿਖਣੇ ਸ਼ੁਰੂ ਕੀਤੇ ਅਤੇ ਹੌਲੀ-ਹੌਲੀ ਉਸਦੇ ਨਾਟ ਸਰੋਕਾਰਾਂ ਦਾ ਘੇਰਾ ਵਿਸ਼ਾਲ ਹੁੰਦਾ ਗਿਆ। ਤਤਕਾਲੀ ਸਮਾਜਿਕ ਵਿਸ਼ਿਆਂ ਦੀ ਯਥਾਰਥਕ ਪੇਸ਼ਕਾਰੀ ਉਸ ਦੇ ਨਾਟਕਾਂ ਵਿਚ ਵੇਖਣ ਨੂੰ ਮਿਲਦੀ ਹੈ। ਸਮਾਜਿਕ ਸੁਧਾਰਾਂ ਦੇ ਅਧੀਨ ਹਰਚਰਨ ਸਿੰਘ ਨੇ 'ਅਣਜੋੜ', 'ਸ਼ੋਭਾ ਸ਼ਕਤੀ', 'ਖੇਡਣ ਦੇ ਦਿਨ ਚਾਰ' ਨਾਟਕਾਂ ਦੀ ਰਚਨਾ ਕੀਤੀ 'ਰੱਤਾ ਸਾਲੂ' ਨਾਟਕ ਰਾਹੀਂ ਨਾਟਕਕਾਰ ਨੇ ਮੁਜ਼ਾਹਰਿਆਂ ਬਿਸਵੇਦਾਰਾਂ ਦੀ ਟੱਕਰ ਦਿਖਾ ਕੇ ਸਮਾਜਵਾਦੀ ਸੋਚ ਦਾ ਪ੍ਰਗਟਾਵਾ ਕੀਤਾ ਹੈ।

ਨਾਟਕਕਾਰ ਸੰਤ ਸਿੰਘ ਸੇਖੋਂ ਮਾਰਕਸਵਾਦੀ ਵਿਚਾਰਧਾਰਾ ਦਾ ਅਨੁਯਾਈ ਹੋਣ ਕਰਕੇ ਉਸ ਦੇ ਨਾਟਕਾਂ ਵਿਚ ਸਮਾਜਵਾਦੀ ਵਿਚਾਰਧਾਰਾ ਦੇਖਣ ਨੂੰ ਮਿਲਦੀ ਹੈ। ਪੰਜਾਬੀ ਨਾਟਕ ਵਿਚ ਸਮਾਜਿਕ ਮਸਲਿਆਂ ਦੇ ਨਾਲ ਨਿਵੇਕਲੇ ਵਿਸ਼ਿਆਂ ਦੀ ਪੇਸ਼ਕਾਰੀ ਹਿੱਤ ਮਿਥਿਹਾਸਕ-ਇਤਿਹਾਸਕ ਅਤੇ ਲੋਕ-ਕਥਾਵਾਂ ਨੂੰ ਆਧਾਰ ਬਣਾਉਂਦਾ ਹੈ। ਮਿਥਿਹਾਸ ਦੇ ਅੰਤਰਗਤ 'ਕਲਾਕਾਰ', 'ਦਮਿਅੰਤੀ', 'ਸਿਆਲਾਂ ਦੀ ਨੱਢੀ' ਇਤਿਹਾਸਕ 'ਮੋਇਆਂ ਸਾਰ ਨਾ ਕਾਈ', 'ਮਿੱਤਰ ਪਿਆਰਾ', 'ਬੰਦਾ ਬਹਾਦਰ', 'ਬਾਬਾ ਬੋਹੜ' ਆਦਿ ਨਾਟਕਾਂ ਨੂੰ ਦੇਖਿਆ ਜਾ ਸਕਦਾ ਹੈ।

ਕਰਤਾਰ ਸਿੰਘ ਦੁੱਗਲ ਨੇ ਆਪਣਾ ਪ੍ਰੋਫੈਸ਼ਨਲ ਜੀਵਨ ਆਲ ਇੰਡੀਆ ਰੇਡਿਓ ਤੋਂ ਸ਼ੁਰੂ ਕੀਤਾ ਸੀ। ਇਸ ਅਦਾਰੇ ਨਾਲ ਇਹ 1942 ਤੋਂ 1966 ਤੱਕ ਵੱਖ-ਵੱਖ ਅਹੁਦਿਆਂ 'ਤੇ ਰਹਿਕੇ ਕੰਮ ਕਰਦਾ ਰਿਹਾ ਅਤੇ ਸਟੇਸ਼ਨ ਡਾਇਰੈਕਟਰ ਬਣਿਆ। ਇਸ ਦੌਰਾਨ ਉਸ ਨੇ ਪੰਜਾਬੀ ਅਤੇ ਹੋਰਨਾਂ ਭਾਸ਼ਾਵਾਂ ਵਿੱਚ ਪ੍ਰੋਗਰਾਮ ਬਣਾਉਣ ਦਾ ਕਾਰਜਭਾਰ ਨਿਭਾਇਆ। ਦੁੱਗਲ 1966 ਤੋਂ 1973 ਤੱਕ ਨੈਸ਼ਨਲ ਬੁੱਕ ਟਰੱਸਟ ਦੇ ਸਕੱਤਰ ਅਤੇ ਡਾਇਰੈਕਟਰ ਵੀ ਰਿਹਾ। ਉਸ ਨੇ ਸੂਚਨਾ ਅਡਵਾਈਜ਼ਰ ਵਜੋਂ ਮਨਿਸਟਰੀ ਆਫ਼ ਇਨਫ਼ਰਮੇਸ਼ਨ ਐਂਡ ਬਰਾਡਕਾਸਟਿੰਗ (ਪਲੈਨਿੰਗ ਕਮਿਸ਼ਨ) ਵਿੱਚ ਵੀ ਕੰਮ ਕੀਤਾ। ਉਹ ਰਾਜ ਸਭਾ ਦੇ ਮੈਂਬਰ ਵੀ ਰਿਹਾ। ਉਸਨੇ 'ਮਿੱਠਾ ਪਾਣੀ', 'ਪੁਰਾਣੀਆਂ ਬੋਤਲਾਂ', 'ਤਿੰਨ ਨਾਟਕ' ਅਤੇ 'ਸੱਤ ਨਾਟਕ' ਦੀ ਰਚਨਾ ਕੀਤੀ।

ਬਲਵੰਤ ਗਾਰਗੀ ਦੇ ਮਹੱਤਵਪੂਰਨ ਨਾਟਕਾਂ ਦੇ ਵਿਚ 'ਲੋਹਾ ਕੁੱਟ', 'ਕਣਕ ਦੀ ਬੱਲੀ', 'ਧੂਣੀ ਦੀ ਅੱਗ', 'ਸ਼ੈਲ ਪੱਥਰ', 'ਸੋਹਣੀ ਮਹੀਂਵਾਲ', 'ਸੁਲਤਾਨ ਰਜ਼ੀਆ', 'ਅਭਿਸਾਰਿਕਾ', 'ਮਿਰਜ਼ਾ ਸਾਹਿਬਾ' ਆਦਿ ਨਾਟਕਾਂ ਨੂੰ ਲਿਆ ਜਾ ਸਕਦਾ ਹੈ। ਪੰਜਾਬੀ ਨਾਟਕ ਨੂੰ ਨਵਾਂ ਮੁਹਾਂਦਰਾ ਬਖ਼ਸ਼ਦੇ ਹੋਏ ਬਲਵੰਤ ਗਾਰਗੀ ਨੇ ਪਹਿਲੀ ਵਾਰ ਪੰਜਾਬੀ ਨਾਟਕ ਵਿਚ ਔਰਤ ਮਨ ਦੀਆਂ ਅੰਦਰੂਨੀ ਗੁੰਝਲਾਂ ਅਤ੍ਰਿਪਤ ਖਾਹਿਸ਼ਾਂ ਅਤੇ ਦੱਬੀਆਂ ਭਾਵਨਾਵਾਂ ਨੂੰ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਹੈ, ਜਿਸ ਕਾਰਨ ਬਲਵੰਤ ਗਾਰਗੀ ਦੇ ਆਗਮਨ ਨਾਲ ਪੰਜਾਬੀ ਨਾਟਕ ਵਿਚ ਮਨੋਵਿਗਿਆਨਕ ਛੋਹਾਂ ਦਾ ਪ੍ਰਗਟਾਵਾ ਹੁੰਦਾ ਹੈ।

**ਦੂਜੀ ਪੀੜ੍ਹੀ ਦੇ ਨਾਟਕਕਾਰ**

ਨਾਟਕ ਦੀ ਦੂਜੀ ਪੀੜ੍ਹੀ ਆਜ਼ਾਦੀ ਤੋਂ ਬਾਅਦ ਹੋਂਦ ਗ੍ਰਹਿਣ ਕਰਦੀ ਹੈ, ਇਹ ਸਮਾਂ ਪੰਜਾਬੀ ਨਾਟਕ ਦੇ ਬਹੁ-ਪਸਾਰਾਂ ਨਾਲ ਸੰਬੰਧਿਤ ਹੈ। ਦੂਜੀ ਪੀੜ੍ਹੀ ਦੇ ਨਾਟਕ ਵਿਚ ਕਲਾਤਮਕ ਅਤੇ ਗੰਭੀਰਤਾ ਦੇ ਗੁਣ ਪ੍ਰਵੇਸ਼ ਕਰਦੇ ਹਨ। ਇਸ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰਾਂ ਦੇ ਵਿਚ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸ਼ਰਨ ਸਿੰਘ ਅਤੇ ਗੁਰਚਰਨ ਸਿੰਘ ਜਸੂਜਾ ਸ਼ਾਮਲ ਹਨ।

ਸੁਰਜੀਤ ਸਿੰਘ ਸੇਠੀ ਦੂਜੀ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰਾਂ ਵਿਚ ਵਿਲੱਖਣ ਹਸਤਾਖ਼ਰ ਹੈ। ਉਸ ਦੇ ਨਾਟਕ ਨਾਲ ਪੰਜਾਬੀ ਨਾਟਕ ਵਿਚ ਐਬਸਰਡ ਨਾਟ ਪ੍ਰਵਿਰਤੀ ਦਾ ਪ੍ਰਵੇਸ਼ ਹੁੰਦਾ ਹੈ, ਜਿਸ ਨੂੰ ਪੰਜਾਬੀ ਦਾ ਪਹਿਲਾ ਐਬਸਰਡ ਨਾਟਕਕਾਰ ਕਿਹਾ ਜਾਂਦਾ ਹੈ। ਇਸ ਨਾਟਕ ਵਿਚ ਊਲ-ਜਲੂਲ ਵਾਰਤਾਲਾਪ ਦੇ ਰਾਹੀਂ ਸਮਾਜ ਦੀਆਂ ਕੌੜੀਆਂ ਹਕੀਕਤਾਂ 'ਤੇ ਵਿਅੰਗ ਕੀਤਾ ਗਿਆ ਹੈ। ਉਸਦੇ ਬਾਕੀ ਨਾਟਕਾਂ 'ਕਾਫ਼ੀ ਹਾਊਸ', 'ਕੱਚਾ ਘੜਾ', 'ਕਾਦਰਯਾਰ', 'ਭਰਿਆ ਭਰਿਆ ਸੱਖਣਾ

ਸੱਖਣਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ', 'ਨੰਗੀ ਰਾਤ ਸੜਕ ਦਾ ਓਹਲਾ', 'ਮੇਰਾ ਮੁਰਸ਼ਦ ਮੋੜ ਲਿਆਓ' ਆਦਿ ਵਿਚ ਐਬਸਰਡਵਾਦ ਪ੍ਰਭਾਵ ਦੇਖਣ ਨੂੰ ਮਿਲਦਾ ਹੈ।

ਕਪੂਰ ਸਿੰਘ ਘੁੰਮਣ ਦੂਜੀ ਪੀੜ੍ਹੀ ਦਾ ਅਗਲਾ ਮਹੱਤਵਪੂਰਨ ਨਾਟਕਕਾਰ ਹੈ। ਜਿਸਨੇ ਪ੍ਰੰਪਰਾਗਤ ਨਾਟਕਾਂ ਦੀ ਸ਼ੁਰੂਆਤ ਕਰਦੇ ਹੋਏ ਹੌਲੀ-ਹੌਲੀ ਵਿਸ਼ੇਗਤ ਰੂਪ ਤੋਂ ਕਈ ਨਵੇਂ ਤਜਰਬੇ ਕੀਤੇ। ਪੰਜਾਬੀ ਨਾਟਕ ਨੂੰ ਯਥਾਰਥਵਾਦ ਦੇ ਸੰਕਲਪ ਤੋਂ ਅੱਗੇ ਲਿਜਾ ਕੇ ਮਨੋਵਿਗਿਆਨਕ ਯਥਾਰਥ ਦੇ ਨਾਲ ਜੋੜਿਆ, ਜਿਸ ਕਾਰਨ ਉਸ ਦੇ ਨਾਟਕ ਸਮਾਜਿਕ ਸਮੱਸਿਆਵਾਂ ਦੇ ਨਾਲ-ਨਾਲ ਸਾਧਾਰਨ ਜੀਵਨ ਦੀਆਂ ਅਸਾਧਾਰਨ ਘਟਨਾਵਾਂ ਦੀ ਪੇਸ਼ਕਾਰੀ ਕਰਦੇ ਹਨ। ਕਪੂਰ ਸਿੰਘ ਘੁੰਮਣ ਨੇ ਵੀ ਸੁਰਜੀਤ ਸਿੰਘ ਸੇਠੀ ਦੇ ਵਾਂਗ ਪਾਤਰਾਂ ਦੇ ਸੁਚੇਤ ਮਨ ਦੀ ਪੇਸ਼ਕਾਰੀ ਨਾਲੋਂ ਅਚੇਤ ਮਨ ਨਾਲ ਪ੍ਰਗਟਾਵਾ ਕੀਤਾ ਹੈ। ਉਸ ਦੇ ਪ੍ਰਮੁੱਖ ਨਾਟਕਾਂ ਵਿਚ 'ਜਿਊਂਦੀ ਲਾਸ਼', 'ਅਤੀਤ ਦੇ ਪਰਛਾਵੇਂ', 'ਮਾਨਸ ਕੀ ਏਕ ਜਾਤ', 'ਮੂਕ ਸੰਸਾਰ', 'ਪੁਤਲੀ ਘਰ', 'ਜ਼ਿੰਦਗੀ ਤੋਂ ਦੂਰ', 'ਰਾਣੀ ਕੋਕਲਾਂ' ਆਦਿ ਸ਼ਾਮਲ ਹਨ। 'ਜਿਉਂਦੀ ਲਾਸ਼' ਨਾਟਕ ਆਜਾਦੀ ਤੋਂ ਉਪਰੰਤ ਵੰਡ ਦੇ ਹਾਲਾਤਾਂ ਨੂੰ ਔਰਤ ਦੀ ਤ੍ਰਾਸਦੀ ਦੇ ਰਾਹੀਂ ਪੇਸ਼ ਕਰਦਾ ਹੈ। 'ਅਤੀਤ ਦੇ ਪਰਛਾਵੇਂ' ਨਾਟਕ ਵਿਚ ਆਪਣੇ ਅਤੀਤ ਤੋਂ ਮੂੰਹ ਮੋੜਨ ਦਾ ਅਸਫ਼ਲ ਯਤਨ ਕਰ ਰਹੀ ਨਾਇਕਾ ਦੀ ਮਾਨਸਿਕ ਦਸ਼ਾ ਦਾ ਚਿਤਰਨ ਕੀਤਾ ਗਿਆ ਹੈ। 'ਮੂਕ ਸੰਸਾਰ' ਸਰਮਾਏਦਾਰੀ ਨਿਜ਼ਾਮ ਦੀਆਂ ਉਨ੍ਹਾਂ ਪ੍ਰਸਥਿਤੀਆਂ ਦਾ ਵਰਨਣ ਕਰਦਾ ਹੈ, ਜੋ ਮਨੁੱਖ ਨੂੰ ਚੁੱਪ ਰਹਿਣ ਲਈ ਮਜ਼ਬੂਰ ਕਰਦੀਆਂ ਹਨ।

ਸਮਾਜਿਕ ਸਮੱਸਿਆਵਾਂ ਨੂੰ ਰਾਜਸੀ ਸਰੋਕਾਰਾਂ ਨਾਲ ਜੋੜ ਕੇ ਪੇਸ਼ ਕਰਨ ਦੀ ਪਹਿਲ ਹਰਸ਼ਰਨ ਸਿੰਘ ਨੇ ਹੀ ਕੀਤੀ। ਜਿਸ ਅਧੀਨ 'ਰਾਜਾ ਰਸਾਲੂ, ਨਿਜ਼ਾਮ ਸਿੱਕਾ, ਲੰਮੇ ਸਮੇਂ ਦਾ ਨਰਕ, ਨਾਟਕਾਂ ਦੀ ਰਚਨਾ ਕਰਦਾ ਹੈ। ਇਹ ਨਾਟਕ ਰਾਜਨੀਤਕ ਭ੍ਰਿਸ਼ਟਾਚਾਰ ਦੀ ਪੇਸ਼ਕਾਰੀ ਕਰਦੇ ਹੋਏ, ਉਸ ਵਿਰੁੱਧ ਘੋਲ ਲਈ ਪ੍ਰੇਰਦੇ ਹਨ। ਐਪਿਕ ਥੀਏਟਰ ਦੇ ਨਾਲ ਐਬਸਰਡ ਸ਼ੈਲੀ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਖਾਸ ਕਰਕੇ ਉਸ ਦੇ ਮਨੁੱਖੀ ਰਿਸ਼ਤਿਆਂ ਦੀ ਜਟਿਲਤਾ ਨਾਲ ਜੁੜ ਕੇ ਨਾਟਕ ਇਸ ਸ਼ੈਲੀ ਦੀ ਵਰਤੋਂ ਦਾ ਹੁੰਗਾਰਾ ਭਰਦੇ ਹਨ 'ਕੁਲੱਛਣੇ', 'ਫੁੱਲ ਕੁਮਲਾ ਗਿਆ' ਨਾਟਕ ਇਸ ਸੰਬੰਧੀ ਵਿਚਾਰੇ ਜਾ ਸਕਦੇ ਹਨ।

ਗੁਰਦਿਆਲ ਸਿੰਘ ਖੋਸਲਾ ਇੱਕ ਪੰਜਾਬੀ ਨਾਟਕਕਾਰ ਹੈ। ਗੁਰਦਿਆਲ ਸਿੰਘ ਖੋਸਲਾ ਦੀ ਦੇਣ ਨਾਟਕ ਲੇਖਣ ਨਾਲੋਂ ਪੰਜਾਬੀ ਰੰਗਮੰਚ ਨੂੰ ਵੱਧ ਹੈ। ਦੇਸ਼ ਵੰਡ ਤੋਂ ਬਾਅਦ ਉਸ ਨੇ ਦਿੱਲੀ ਵਿੱਚ ਪੰਜਾਬੀ ਥੀਏਟਰ ਗਰੁੱਪ ਦੀ ਸਥਾਪਨਾ ਕੀਤੀ। ਨੌਕਰੀ ਕਰ ਕੇ ਉਸ ਦੀ ਬਦਲੀ ਜਿੱਥੇ ਵੀ ਹੁੰਦੀ ਉਹ ਆਪਣੇ ਨਾਲ ਪੰਜਾਬੀ ਥੀਏਟਰ ਨੂੰ ਨਾਲ ਲੈ ਜਾਂਦਾ। ਉਸਨੇ 'ਬੂਹੇ ਬੈਠੀ ਧੀ', 'ਮਰ ਮਿਟਨ ਵਾਲੇ', 'ਪਰਲੋ ਤੋਂ ਪਹਿਲਾ', 'ਬੇ-ਘਰੇ', 'ਸਤਾਰਵਾਂ ਪਤੀ' ਨਾਟਕਾਂ ਦੀ ਰਚਨਾ ਕੀਤੀ।

ਗੁਰਚਰਨ ਸਿੰਘ ਜਸੂਜਾ ਦੂਜੀ ਪੀੜ੍ਹੀ ਦਾ ਸੰਵੇਦਨਸ਼ੀਲ ਨਾਟਕਕਾਰ ਹੈ, ਜੋ ਪੰਜਾਬੀ ਨਾਟਕ ਦੇ ਖੇਤਰ ਵਿਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਮਹਾਂਨਗਰਾਂ ਦੇ ਜੀਵਨ ਦਾ ਵਿਸ਼ਾਲ ਨਿੱਜੀ ਤਜਰਬਾ ਹੋਣ ਦੇ ਕਾਰਨ ਉਹ ਸ਼ਹਿਰੀ ਮੱਧਵਰਗ ਦੇ ਅੰਤਰਗਤ ਵੱਖ-ਵੱਖ ਪੇਸ਼ਿਆਂ ਵਿਸ਼ੇਸ਼ ਕਰਕੇ ਵਪਾਰੀ ਵਰਗ, ਦੁਕਾਨਦਾਰਾਂ, ਕਲਾਕਾਰਾਂ ਆਦਿ ਦੀ ਜਟਿਲ ਜ਼ਿੰਦਗੀ ਦੀਆਂ ਬਹੁ-ਪਰਤਾਂ ਨੂੰ ਨਾਟਕੀ ਵਿਸ਼ਾ-ਵਸਤੂ ਚਾਹੁੰਦਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਧਾਰਮਿਕ, ਇਤਿਹਾਸਕ ਪਹਿਲੂਆਂ ਨੂੰ ਰਚਨਾਵਾਂ ਦਾ ਆਧਾਰ ਬਣਾਉਂਦਾ ਹੈ। ਉਸ ਦੇ ਪ੍ਰਮੁੱਖ ਨਾਟਕਾਂ ਦੇ ਵਿਚ 'ਮੱਕੜੀ ਦਾ ਜਾਲ', 'ਕੰਧਾਂ ਰੇਤ ਦੀਆਂ', 'ਅੰਧਕਾਰ', 'ਇਕ ਹੀਰੋ ਦੀ ਤਲਾਸ਼', 'ਬਾਦਸ਼ਾਹ ਦਰਵੇਸ਼', 'ਪਾਰਸ ਦੀ ਛੋਹ' ਸ਼ਾਮਲ ਹਨ।

ਗੁਰਦਿਆਲ ਸਿੰਘ ਫੁੱਲ ਦਾ ਜਨਮ 1911 ਵਿੱਚ ਗਰੀਬ ਮਾਪਿਆਂ ਦੇ ਘਰ ਹੋਇਆ ਸੀ। 1927 ਵਿੱਚ ਦੁਆਬਾ ਹਾਈ ਸਕੂਲ ਜਲੰਧਰ ਤੋਂ ਉਸ ਨੇ ਮੈਟਰਿਕ ਪਾਸ ਕਰਨ ਨਾਲ ਆਪਣਾ ਅਕਾਦਮਿਕ ਕੈਰੀਅਰ ਸ਼ੁਰੂ ਕੀਤਾ। ਉਸ ਨੇ 1931 ਵਿੱਚ ਬੀ.ਏ.ਅਤੇ ਫਿਰ ਖਾਲਸਾ ਕਾਲਜ, ਅੰਮ੍ਰਿਤਸਰ ਤੋਂ 1951 ਵਿੱਚ ਪੰਜਾਬੀ ਵਿੱਚ ਮਾਸਟਰ ਦੀ ਡਿਗਰੀ ਕੀਤੀ। ਉਸਨੇ ਪੂਰੇ ਨਾਟਕ ਸੰਗ੍ਰਹਿ 'ਪਿਤਾ ਪਿਆਰ', 'ਕਾਲਜੀਏਟ', 'ਜੋਤੀ', 'ਸਾਥੀ', 'ਆਦਮੀ ਦੀ ਅਕਲ', 'ਅੱਜਕਲ', 'ਕਲਾ ਤੇ ਜਿੰਦਗੀ', 'ਧਰਤੀ ਦੀ ਜਾਈ', 'ਉੜਕ ਸੱਚ ਰਹੀ', 'ਕਲਜੁਗ ਰਥ ਅਗਨਿ ਕਾ', 'ਨਵਾਂ ਜਨਮ ਪੁਰਾਣੀ ਮੌਤ', 'ਲੱਜਿਆ', 'ਤਾਤੀ ਵਾਉ ਨਾ ਲਗਈ', 'ਆਪਣਾ ਮੂਲ ਪਛਾਣ', 'ਬੰਦਾ ਸਿੰਘ ਬਹਾਦਰ', 'ਚੋਅ ਅਜੇ ਨਹੀਂ ਸੁੱਕਾ','ਵਾਰਿਸ ਸਾਹ' ਅਤੇ 'ਨਾਟਕ ਸਿੱਧਾਤ ਤੇ ਨਾਟਕਕਾਰ ਦੀ ਰਚਨਾ ਕੀਤੀ।

ਉਪਰੋਕਤ ਨਾਟਕਕਾਰਾਂ ਤੋਂ ਬਿਨਾਂ ਪੰਜਾਬੀ ਨਾਟਕ ਦੀ ਦੂਜੀ ਪੀੜ੍ਹੀ ਦੇ ਵਿਚ ਪ੍ਰਤਿਊਸ਼ ਗਾਰਗੀ, ਅਮਰੀਕ ਸਿੰਘ, ਰੋਸ਼ਨ ਲਾਲ ਆਹੂਜਾ, ਰਵਿੰਦਰ ਰਵੀ ਆਦਿ ਨਾਟਕਕਾਰਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

**ਤੀਜੀ ਪੀੜ੍ਹੀ ਦੇ ਨਾਟਕਕਾਰ**

ਨਾਟਕ ਦੀ ਤੀਜੀ ਪੀੜ੍ਹੀ ਅਜਮੇਰ ਸਿੰਘ ਔਲਖ, ਚਰਨ ਦਾਸ ਸਿੱਧੂ ਅਤੇ ਆਤਮਜੀਤ ਦੇ ਪ੍ਰਵੇਸ਼ ਨਾਲ ਹੋਂਦ ਗ੍ਰਹਿਣ ਕਰਦੀ ਹੈ। ਜਿਨ੍ਹਾਂ ਦੇ ਆਗਮਨ ਨਾਲ ਪੰਜਾਬੀ ਨਾਟਕ ਵਿਸ਼ੇਗਤ ਪ੍ਰਸਾਰਣ ਦੇ ਨਾਲ-ਨਾਲ ਵਿਧਾਗਤ ਪੱਧਰ 'ਤੇ ਵੀ ਫੈਲਦਾ ਹੈ।

ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਵਿਚ ਨਵੀਆਂ ਸੰਭਾਵਨਾਵਾਂ ਲੈ ਕੇ ਆਉਂਦਾ ਹੈ ਜਿਸ ਨਾਲ ਨਾਟਕ ਦੂਜੀ ਪੀੜ੍ਹੀ ਤੋਂ ਵੱਖਰਤਾ ਗ੍ਰਹਿਣ ਕਰਦਾ ਹੋਇਆ ਤੀਜੀ ਪੀੜ੍ਹੀ ਨੂੰ ਜਨਮ ਦਿੰਦਾ ਹੈ। ਉਹ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਅਤੇ ਲੋਕ ਵਿਰਸੇ ਦੀ ਪੇਸ਼ਕਾਰੀ ਕਰਨ ਵਾਲਾ ਨਾਟਕਕਾਰ ਹੈ। ਮਾਲਵਾ ਇਲਾਕੇ ਦਾ ਜੰਮਪਲ ਹੋਣ ਕਰਕੇ ਉਸ ਦੇ ਨਾਟਕਾਂ ਵਿਚ ਇਸ ਖਿੱਤੇ ਦੀ ਨਿਮਨ-ਕਿਸਾਨੀ ਦੀਆਂ ਸਮੱਸਿਆਵਾਂ ਰੂਪਮਾਨ ਹੁੰਦੀਆਂ ਹਨ। ਪੇਂਡੂ ਜੀਵਨ ਦੀਆਂ ਸਮਾਜਿਕ ਅਤੇ ਆਰਥਿਕ ਤੰਗੀਆਂ-ਤੁਰਸ਼ੀਆਂ, ਧਾਰਮਿਕ ਅਤੇ ਨੈਤਿਕ ਗਿਰਾਵਟਾਂ, ਰਿਸ਼ਤੇ-ਨਾਤੇ ਪ੍ਰਬੰਧ ਵਿਚ ਪਈਆਂ ਤਰੇੜਾਂ ਕਿਸਾਨੀ ਅਤੇ ਕਾਮਿਆਂ ਦੀ ਬੇਵਸੀ ਉਸਦੇ ਨਾਟਕੀ ਸਰੋਕਾਰ ਬਣਦੇ ਹਨ। ਮਲਵਈ ਉਪਭਾਸ਼ਾ ਦੀ ਵਰਤੋਂ ਅਤੇ ਸਭਿਆਚਾਰ ਦੀ ਪੇਸ਼ਕਾਰੀ ਕਾਰਨ ਉਸ ਦੇ ਨਾਟਕ ਇੱਕ ਵਿਲੱਖਣ ਮੁਹਾਂਦਰਾ ਸਾਬਤ ਕਰਦੇ ਹਨ। ਔਲਖ ਦੀਆਂ ਨਾਟ ਰਚਨਾਵਾਂ ਵਿਚ 'ਅਰਬਦ ਨਰਬਦ ਧੁੰਦੂਕਾਰਾ', 'ਬਗਾਨੇ ਬੋਹੜ ਦੀ ਛਾਂ', 'ਸੱਤ ਬਗਾਨੇ', 'ਇੱਕ ਰਮਾਇਣ ਹੋਰ', 'ਅੰਨ੍ਹੇ ਨਿਸ਼ਾਨਚੀ', 'ਝਨਾਂ ਦੇ ਪਾਣੀ', 'ਨਿਉਂ-ਜੜ', 'ਅਵੇਸਲੇ ਯੁੱਧਾਂ ਦੀ ਨਾਇਕਾ' ਛੋਟੀ ਕਿਸਾਨੀ ਦੀ ਆਰਥਿਕ ਮੰਦਹਾਲੀ ਵਿੱਚੋਂ ਪੈਦਾ ਹੋਈ ਬੇਵਸੀ ਨੂੰ ਪ੍ਰਗਟ ਕਰਦੇ ਹਨ। 'ਇੱਕ ਰਮਾਇਣ ਹੋਰ' ਨਾਟਕ ਵਿਚ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਸਮਾਜਿਕ ਉਸ ਪ੍ਰਬੰਧ ਦੀ ਆਰਥਿਕ ਅਤੇ ਸਮਾਜਿਕ ਵਰਤਾਰੇ ਦੇ ਸੰਦਰਭ ਵਿਚ ਰੂਪਮਾਨ ਕੀਤਾ ਗਿਆ ਹੈ।

ਆਤਮਜੀਤ ਪੰਜਾਬੀ ਨਾਟਕ ਦੇ ਵਿਚ ਐਬਸਰਡਵਾਦ ਤੋਂ ਸ਼ੁਰੂ ਹੋ ਕੇ ਯਥਾਰਥਕ ਵੱਲ ਰੁਖ਼ ਕਰਦਾ ਹੈ। ਅਜਮੇਰ ਸਿੰਘ ਔਲਖ ਜਿੱਥੇ ਪੇਂਡੂ ਸਮਾਜ ਦੀ ਪੇਸ਼ਕਾਰੀ ਕਰਦਾ ਹੈ। ਉੱਥੇ ਉਸ ਦਾ ਸਮਕਾਲੀ ਆਤਮਜੀਤ ਸ਼ਹਿਰੀ ਵਰਗ ਦੀਆਂ ਸਮੱਸਿਆਵਾਂ ਸਾਹਮਣੇ ਲੈ ਕੇ ਆਉਂਦਾ ਹੈ। ਅਜੋਕੇ ਮਨੁੱਖ ਦੀਆਂ ਅੰਦਰਲੀਆਂ ਖਾਹਿਸ਼ਾਂ, ਵਹਿਮ-ਭਰਮ, ਰਿਸ਼ਤਿਆਂ ਦੇ ਬਦਲਦੇ ਅਰਥ ਭ੍ਰਿਸ਼ਟਾਚਾਰ ਅਤੇ ਪੂੰਜੀਵਾਦ ਦੀ ਕਰੂਪਤਾ ਨੂੰ ਸਫਲਤਾ ਸਹਿਤ ਪੇਸ਼ ਕੀਤਾ ਹੈ। 'ਕਬਰਸਤਾਨ', 'ਹਵਾ ਮਹਿਲ', 'ਨਾਟਕ ਨਾਟਕ ਨਾਟਕ', 'ਰਿਸ਼ਤਿਆਂ ਦਾ ਕੀ ਰੱਖੀਏ ਨਾਂ', 'ਸ਼ਹਿਰ ਬਿਮਾਰ ਹੈ', 'ਫਰਸ਼ ਵਿਚ ਉੱਗਿਆ ਰੁੱਖ, 'ਕੈਮਲੂਪਸ ਦੀਆਂ ਮੱਛੀਆਂ' ਜਿਹੀਆਂ ਨਾਟ ਰਚਨਾਵਾਂ ਵਿਚ ਉਸ ਦੀ ਸਿਰਜਣ ਪ੍ਰਕਿਰਿਆ ਸਿਖਰਾਂ ਨੂੰ ਛੂੰਹਦੀ ਹੈ। ਰੰਗਮੰਚ ਪ੍ਰਤੀ ਪੂਰੀ ਸਮਝ ਹੋਣ ਦੇ ਕਾਰਨ ਉਸ ਨੇ ਨਾਟਕਾਂ ਨੂੰ ਸਫ਼ਲਤਾ ਨਾਲ ਖੇਡਿਆ ਹੈ।

ਚਰਨ ਦਾਸ ਸਿੱਧੂ ਤੀਜੀ ਪੀੜ੍ਹੀ ਦਾ ਅਜਿਹਾ ਨਾਟਕਕਾਰ ਹੈ, ਜੋ ਦਿੱਲੀ ਵਰਗੇ ਮਹਾਂਨਗਰਾਂ ਦੇ ਵਿਚ ਆਪਣੀ ਨਾਟ ਮੰਡਲੀ ਕਾਲਜੀਏਟ ਡਰਾਮਾ ਸੁਸਾਇਟੀ ਰਾਹੀਂ ਪੰਜਾਬੀ ਨਾਟਕ ਅਤੇ ਰੰਗਮੰਚ ਦਾ ਧੁਰਾ ਬਣਿਆ ਹੋਇਆ ਹੈ। ਇਸ ਤਰ੍ਹਾਂ ਅਜਮੇਰ ਸਿੰਘ ਔਲਖ ਨੇ ਮਲਵਈ ਆਂਚਲਿਕਤਾ ਦੀ ਵਰਤੋਂ ਕੀਤੀ ਹੈ। ਉਸਨੇ ਅਜੋਕੀ ਵਿੱਦਿਆ ਪ੍ਰਣਾਲੀ ਦੇ ਕਮਜ਼ੋਰ ਪਹਿਲੂਆਂ ਨੂੰ ਆਪਣੇ ਨਾਟਕਾਂ ਵਿਚ ਬਾਖ਼ੂਬੀ ਉਘਾੜਿਆ ਹੈ। ਚਰਨਦਾਸ ਸਿੱਧੂ ਦੇ ਨਾਟਕਾਂ ਵਿਚ 'ਭਜਨੋ', 'ਅੰਬੀਆਂ ਨੂੰ ਤਰਸੇਂਗੀ', 'ਇੰਦੂਮਤੀ ਸਤਿਦੇਵ', 'ਕੱਲ੍ਹ ਕਾਲਜ ਬੰਦ ਰਹੇਗਾ', 'ਭਗਤ ਸਿੰਘ ਸ਼ਹੀਦ', 'ਬਾਬਾ ਬੰਤੂ', 'ਚੰਨੋ ਬਾਜ਼ੀਗਰਨੀ' ਆਦਿ ਵਿਸ਼ੇਸ਼ ਤੌਰ 'ਤੇ ਚਰਚਿਤ ਹਨ।

ਤੀਜੀ ਪੀੜ੍ਹੀ ਦਾ ਅਗਲਾ ਨਾਟਕਕਾਰ ਗੁਰਸ਼ਰਨ ਸਿੰਘ ਹੈ, ਜਿਸਨੂੰ ਪੇਂਡੂ ਰੰਗਮੰਚ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਉਸਨੇ ਪੰਜਾਬੀ ਨਾਟਕ ਨੂੰ ਨਿਸ਼ਚਿਤ ਦਰਸ਼ਕਾਂ ਦੇ ਘੇਰੇ ਵਿਚੋਂ ਕੱਢ ਕੇ ਪੰਜਾਬ ਦੇ ਪਿੰਡ-ਪਿੰਡ ਤੱਕ ਪਹੁੰਚਾਉਣ ਦਾ ਕਾਰਜ ਕੀਤਾ। ਗੁਰਸ਼ਰਨ ਸਿੰਘ ਨਾਟਕਾਂ ਰਾਹੀਂ ਕੇਵਲ ਸਮੱਸਿਆ ਦੀ ਪੇਸ਼ਕਾਰੀ ਹੀ ਨਹੀਂ ਕਰਦਾ ਬਲਕਿ ਉਸ ਦਾ ਹੱਲ ਵੀ ਦੱਸਦਾ ਹੈ। ਜਿਸ ਕਾਰਨ ਦਰਸ਼ਕ ਭਾਵੁਕ ਅਤੇ ਬੌਧਿਕ ਪੱਧਰ 'ਤੇ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ। ਗੁਰਸ਼ਰਨ ਸਿੰਘ ਦੇ ਪ੍ਰਮੁੱਖ ਨਾਟਕਾਂ ਦੇ ਵਿਚ 'ਸੀਸ ਤਲੀ 'ਤੇ', 'ਧਮਕ ਨਗਾਰੇ ਦੀ', 'ਚਾਂਦਨੀ ਚੌਕ ਤੋਂ ਸਰਹਿੰਦ ਤਕ', 'ਹਵਾ ਵਿਚ ਲਟਕਦੇ ਲੋਕ', 'ਬਾਬਾ ਬੋਲਦਾ ਹੈ', 'ਸਿਉਂਕ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਭਾਈ ਮੰਨਾ ਕਾਮਰੇਡ' ਆਦਿ ਨਾਟਕ ਸ਼ਾਮਲ ਹਨ। ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਇਨਕਲਾਬੀ ਅਤੇ ਸਮਾਜਵਾਦੀ ਵਿਚਾਰਧਾਰਾ ਸਪੱਸ਼ਟ ਦਿਖਾਈ ਦਿੰਦੀ ਹੈ। ਜਿਸ ਨੂੰ ਉਹ ਆਪਣੇ ਹਰ ਇੱਕ ਨਾਟਕ ਦੇ ਵਿਚ ਅਲੱਗ ਤਰੀਕੇ ਨਾਲ ਪੇਸ਼ ਕਰਦਾ ਹੈ। ਸੰਕਟ ਦੀ ਪੇਸ਼ਕਾਰੀ ਕਰਦੇ ਹੋਏ, ਗੁਰਸ਼ਰਨ ਸਿੰਘ ਇਸ ਦੇ ਅਸਲੀ ਕਾਰਨ ਰਾਜਸੀ ਪਾਰਟੀਆਂ ਵਿਚ ਲੱਭਦਾ ਹੈ, ਜੋ ਕਿਰਤੀ ਸ਼੍ਰੇਣੀ ਨੂੰ ਜਮਾਤੀ ਘੋਲਾਂ ਤੋਂ ਹਟਾ ਕੇ ਫਿਰਕੂ ਭਾਵਨਾਵਾਂ ਦੇ ਵਿਚ ਉਲਝਾਈ ਰੱਖਦੀਆਂ ਹਨ। ਜਿਸ ਤੋਂ ਗੁਰਸ਼ਰਨ ਦੀ ਮਾਰਕਸਵਾਦੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ।

**ਚੌਥੀ ਪੀੜ੍ਹੀ ਦੇ ਨਾਟਕਕਾਰ**

ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਸਾਹਮਣੇ ਆਉਂਦੀ ਹੈ। ਜਿਸ ਸਮੇਂ ਭਾਰਤ ਵਿਚ ਆਰਥਿਕ ਸੁਧਾਰਾਂ ਦੇ ਤਹਿਤ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ। ਬਦਲਦੇ ਸਮੇਂ ਦੇ ਸਾਹਮਣੇ ਨਵੀਆਂ ਪੈਦਾ ਹੋਈਆਂ ਚੁਣੌਤੀਆਂ ਵਿਚੋਂ ਨਵੇਂ ਨਾਟਕਕਾਰਾਂ ਦੀ ਚੌਥੀ

ਪੀੜ੍ਹੀ ਜਨਮ ਲੈਂਦੀ ਹੈ, ਜੋ ਪੂਰੀ ਸਦੀ ਦੇ ਨਾਟਕਕਾਰਾਂ ਵਾਂਗ ਨਾਟਕ ਨੂੰ ਸਮਕਾਲ ਦੇ ਸਮੇਂ ਅਨੁਸਾਰ ਢਾਲਦੀ ਹੋਈ ਨਵੀਂਆਂ ਚੁਣੌਤੀਆਂ ਦੇ ਸਨਮੁੱਖ ਪੂਰੇ ਜੋਸ਼ ਨਾਲ ਉੱਭਰਦੀ ਹੈ। ਵਿਸ਼ਵੀਕਰਨ ਦੇ ਪ੍ਰਭਾਵਾਂ ਨੂੰ ਪਛਾਣਦੇ ਹੋਏ ਪੰਜਾਬੀ ਨਾਟਕਕਾਰਾਂ ਦੀ ਚੌਥੀ ਪੀੜ੍ਹੀ ਨੇ ਮਨੁੱਖੀ ਸੰਕਟ ਨੂੰ ਨਾਟਕਾਂ ਦਾ ਆਧਾਰ ਬਣਾਇਆ ਹੈ। ਇਸ ਵਰਤਾਰੇ ਵਿਚ ਟੁੱਟਦੇ ਮਾਨਵੀ ਰਿਸ਼ਤੇ ਕਦਰਾਂ-ਕੀਮਤਾਂ ਦਾ ਹੁੰਦਾ ਘਾਣ ਅਤੇ ਵਧਦੀ ਮਨੁੱਖ ਦੀ ਲਾਲਸਾ ਆਦਿ ਦੀ ਪੇਸ਼ਕਾਰੀ ਨਾਟਕਾਂ ਵਿਚ ਦੇਖਣ ਨੂੰ ਮਿਲਦੀ ਹੈ। ਪੂਰੀ ਸਦੀ ਦੀ ਚਾਲ ਵਿਚ ਥੀਏਟਰ ਦੇ ਵਿਕਸਤ ਹੋਣ ਨਾਲ ਇਸ ਪੀੜ੍ਹੀ ਵਿਚ ਪਹੁੰਚ ਕੇ ਨਾਟਕ ਥੀਏਟਰ ਮੁਖੀ ਬਣ ਕੇ ਉੱਭਰਦਾ ਹੈ। ਜਿਸ ਨਾਲ ਕਈ ਨਵੇਂ ਨਾਟਕਕਾਰ ਥੀਏਟਰ ਵਿਚੋਂ ਹੀ ਜਨਮ ਲੈਂਦੇ ਹਨ। ਗਿਣਾਤਮਕ ਪੱਖੋਂ ਵੀ ਨਾਟਕਕਾਰ ਨਵੀਆਂ ਸਿਰਜਣਾਵਾਂ ਕਰਦੇ ਹਨ। ਇਸ ਪੀੜ੍ਹੀ ਦੇ ਨਾਟਕਕਾਰਾਂ ਦੇ ਵਿਚ ਸਵਰਾਜਬੀਰ, ਪਾਲੀ ਭੁਪਿੰਦਰ ਸਿੰਘ, ਦੇਵਿਦਰ ਦਮਨ, ਮਨਜੀਤਪਾਲ ਕੌਰ, ਕੁਲਦੀਪ ਸਿੰਘ ਦੀਪ, ਨਸੀਬ ਬਵੇਜਾ, ਕੇਵਲ ਧਾਲੀਵਾਲ, ਸਾਹਿਬ ਸਿੰਘ, ਬਲਦੀਪ ਸਿੰਘ ਆਦਿ ਨਾਟਕਕਾਰ ਸ਼ਾਮਲ ਹਨ। ਸਵਰਾਜਬੀਰ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦਾ ਵਿਲੱਖਣ ਹਸਤਾਖ਼ਰ ਹੈ। ਜਿਸਨੇ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਕਰਨ ਦੇ ਲਈ ਮਿਥਿਹਾਸਕ ਕਥਾਵਾਂ ਨੂੰ ਇੱਕ ਨਵੇਂ ਰੂਪ ਵਿਚ ਪੇਸ਼ ਕੀਤਾ ਹੈ। ਆਪਣੇ ਨਾਟਕਾਂ ਵਿਚ ਸਵਰਾਜਬੀਰ ਸਾਧਾਰਨ ਲੋਕਾਂ ਦੀਆਂ ਸਮੱਸਿਆਵਾਂ, ਦਮਨ, ਲੁੱਟ-ਖਸੁੱਟ, ਆਰਥਿਕ-ਮੰਦਹਾਲੀ, ਸ਼ੋਸ਼ਣ ਆਦਿ ਨੂੰ ਪੇਸ਼ ਕਰਦਾ ਹੈ, ਪ੍ਰੰਤੂ ਇਨ੍ਹਾਂ ਸਾਧਾਰਨ ਸਮੱਸਿਆਵਾਂ ਦੀ ਪੇਸ਼ਕਾਰੀ ਵੀ ਬਿਰਤਾਂਤ ਸਿਰਜਣ ਵਿਚ ਉਸ ਦੀ ਵਿਲੱਖਣਤਾ ਹੈ। ਸਵਰਾਜਬੀਰ ਸਾਬਤ ਹੋ ਚੁੱਕੀਆਂ ਮਿੱਥਾਂ ਅਤੇ ਕਥਾਵਾਂ ਨੂੰ ਇੱਕ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੋਇਆ ਪ੍ਰਚੱਲਤ ਅਰਥਾਂ ਵਿਚ ਵੀ ਭੰਨ-ਤੋੜ ਕਰਦਾ ਹੈ। ਜਿਸ ਸਬੰਧੀ ਉਸ ਦੇ ਨਾਟਕ 'ਧਰਮ ਗੁਰੂ', 'ਕ੍ਰਿਸ਼ਨ', 'ਮੇਦਨੀ', 'ਸ਼ਾਇਰੀ' ਮਹੱਤਵਪੂਰਨ ਹਨ। 'ਧਰਮ ਗੁਰੂ, ਕ੍ਰਿਸ਼ਨ' ਨਾਟਕ ਵਿਚ ਪੁਰਾਤਨ ਮਿਥਿਹਾਸ ਦੇ ਪ੍ਰਵੇਗ ਵਿਚ ਅਨੋਖੀ ਰਾਜਨੀਤੀ ਦੀ ਤਸਵੀਰ ਪੇਸ਼ ਕੀਤੀ ਹੈ। ਨਾਲ ਹੀ ਇਹ ਨਾਟਕ ਦਲਿਤ-ਚੇਤਨਾ ਨੂੰ ਵੀ ਉਘਾੜਦੇ ਹਨ। 'ਸ਼ਾਇਰੀ' ਨਾਟਕ ਔਰਤ ਦੀ ਸਵੈ ਪਛਾਣ ਦੀ ਗੱਲ ਕਰਦਾ ਮਰਦ ਪ੍ਰਧਾਨ ਸੋਚ ਦਾ ਪ੍ਰਗਟਾਵਾ ਕਰਦਾ ਹੈ। 'ਮੇਦਨੀ' ਨਾਟਕ ਸਮਕਾਲੀ ਪ੍ਰਸਥਿਤੀਆਂ ਦੇ ਸੰਬੰਧ ਵਿਚ ਧਾਰਮਿਕ ਡੇਰਿਆਂ ਦੇ ਪਾਖੰਡ ਨੂੰ ਉਜਾਗਰ ਕਰਦਾ ਹੋਇਆ ਰਾਜਨੀਤਿਕ ਭ੍ਰਿਸ਼ਟਾਚਾਰ ਨੂੰ ਵੀ ਪੇਸ਼ ਕਰਦਾ ਹੈ।

ਪਾਲੀ ਭੁਪਿੰਦਰ ਸਿੰਘ ਚੌਥੀ ਪੀੜ੍ਹੀ ਦਾ ਇੱਕ ਸਥਾਪਤ ਨਾਟਕਕਾਰ ਹੈ। ਜਿਸਨੇ ਆਪਣੀ ਨਾਟਕੀ ਪ੍ਰਤਿਭਾ ਅਤੇ ਰੰਗਮੰਚੀ ਸੂਝ ਦੇ ਸਦਕਾ ਨਾਟਕ ਦੇ ਖੇਤਰ ਵਿਚ ਆਪਣੀ ਵਿਲੱਖਣ ਥਾਂ ਬਣਾ ਲਈ ਹੈ। ਪੰਜਾਬੀ ਦੇ ਮੌਜੂਦਾ ਸਮਾਜ ਦੇ ਵਿਚ

ਜੀਵਨ ਵਰਤਾਰਿਆਂ ਪ੍ਰਤੀ ਉਸਦੇ ਵਿਸ਼ੇਸ਼ ਦ੍ਰਿਸ਼ਟੀਕੋਣ ਦੇ ਕਾਰਨ ਉਸ ਦੇ ਨਾਟਕ ਮੌਲਿਕਤਾ ਤਾਜ਼ਗੀ ਅਤੇ ਨਵੀਨਤਾ ਨਾਲ ਭਰਪੂਰ ਹਨ। ਸਮਕਾਲ ਦੇ ਭਖਦੇ ਸਮਾਜਿਕ ਮਸਲਿਆਂ ਅਧੀਨ ਪੰਜਾਬ ਸਮੱਸਿਆ, ਭਰੂਣ ਹੱਤਿਆ, ਜੰਗ, ਕੌਮੀ ਅਤੇ ਨਕਸਲੀ ਵਿਤਕਰੇ ਆਰਥਿਕ-ਸਮਾਜਿਕ ਸ਼ੋਸ਼ਣ ਅਤੇ ਉਪਭੋਗਤਾਵਾਦੀ ਸਭਿਆਚਾਰ ਤੋਂ ਪੈਦਾ ਹੋਏ ਖਪਤਵਾਦ ਦੇ ਬਾਅਦ ਅਤੇ ਨਿੱਜਵਾਦ ਆਦਿ ਉਸ ਦੇ ਨਾਟਕਾਂ ਦੀ ਕੇਂਦਰੀ ਥੀਮ ਬਣਦੇ ਹਨ। ਜਿਸ ਸਬੰਧੀ ਉਸ ਦੀਆਂ ਨਾਟ-ਰਚਨਾਵਾਂ 'ਸਿਰਜਣਾ', 'ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ', 'ਮਿੱਟੀ ਦਾ ਬਾਵਾ', 'ਟੈਰੱਰਿਸਟ ਦੀ ਪ੍ਰੇਮਿਕਾ', 'ਘਰ ਘਰ, ਪੰਦਰਾਂ ਅਗਸਤ' ਉਲੇਖਯੋਗ ਹਨ। ਪਾਲੀ ਦੀ ਨਾਟ ਕਲਾ ਦੀ ਇੱਕ ਵਿਸ਼ੇਸ਼ਤਾ ਬ੍ਰੈਖਤ ਸਿਧਾਂਤ ਦੇ ਵਿਪਰੀਤ ਦਰਸ਼ਕਾਂ ਨੂੰ ਭਾਵੁਕ ਪੱਧਰ 'ਤੇ ਆਪਣੇ ਨਾਲ ਜੋੜਨ ਵਿਚ ਹੈ। ਜਿਸ ਦਾ ਕਾਰਨ ਉਸਦੇ ਨਾਟ ਸਿਰਜਣ ਪ੍ਰਕਿਰਿਆ ਦੀ ਵਿਲੱਖਣਤਾ ਦੇ ਨਾਲ-ਨਾਲ ਰੰਗਮੰਚੀ ਕੁਸ਼ਲਤਾ ਵੀ ਹੈ, ਕਿਉਂਕਿ ਇਕ ਨਾਟਕਕਾਰ ਦੇ ਨਾਲ ਪਾਲੀ ਭੁਪਿੰਦਰ ਇੱਕ ਸਫ਼ਲ ਨਿਰਦੇਸ਼ਕ ਵੀ ਹੈ।

ਕੇਵਲ ਧਾਲੀਵਾਲ ਚੌਥੀ ਪੀੜ੍ਹੀ ਦਾ ਨਾਟਕਕਾਰ ਹੈ, ਜੋ ਗੁਰਸ਼ਰਨ ਸਿੰਘ ਦੀ ਸ਼ਾਗਿਰਦੀ ਵਿਚੋਂ ਪੈਦਾ ਹੁੰਦਾ ਹੈ। ਉਹ ਅਜਿਹਾ ਨਾਟਕਕਾਰ ਹੈ, ਜਿਸਨੇ ਵਿਵਹਾਰਕ ਰੂਪ ਵਿਚ ਨਾਟਕ ਨਾਲ ਜੁੜਨ ਤੋਂ ਬਾਅਦ 'ਨੈਸ਼ਨਲ ਸਕੂਲ ਆਫ਼ ਡਰਾਮਾ' ਤੋਂ ਤਕਨੀਕੀ ਜਾਣਕਾਰੀ ਪ੍ਰਾਪਤ ਕੀਤੀ ਹੈ ਅਤੇ ਫਿਰ ਦੁਬਾਰਾ ਥੀਏਟਰ ਵੱਲ ਆਪਣਾ ਰੁਝਾਨ ਕੀਤਾ। ਉਸ ਨੇ ਆਪਣੇ ਨਾਟਕਾਂ ਵਿਚ ਸਮਾਜਿਕ ਤੇ ਸਭਿਆਚਾਰਕ ਪ੍ਰਸੰਗਾਂ ਨੂੰ ਉਘਾੜਿਆ ਹੈ। ਜਿਸ ਵਿਚ ਉਸਨੇ ਸਮਾਜਿਕ ਸਥਿਤੀ ਤੋਂ ਲੈ ਕੇ ਰਾਜਸੀ ਸਥਿਤੀ ਤਕ ਨੂੰ ਆਪਣੇ ਨਾਟਕਾਂ ਦੇ ਕਲਾਵੇ ਵਿਚ ਲਿਆ ਹੈ। ਉਸਦੇ ਬਹੁਤੇ ਨਾਟਕ ਮਨੁੱਖੀ ਮਨ ਦੀਆਂ ਡੂੰਘਾਈਆਂ ਨੂੰ ਮਾਪਣ ਦਾ ਯਤਨ ਕਰਦੇ ਨਜ਼ਰ ਆਉਂਦੇ ਹਨ। ਨਾਟਕਾਂ ਦੇ ਵਿਸ਼ੇ ਔਰਤ ਦੀ ਸਥਿਤੀ ਦਲਿਤ ਵਰਗ ਦੀ ਜ਼ਿੰਦਗੀ ਅਫ਼ਸਰਸ਼ਾਹੀ ਤੇ ਭ੍ਰਿਸ਼ਟਾਚਾਰ ਨਾਲ ਸਬੰਧਤ ਹਨ। ਕੇਵਲ ਧਾਲੀਵਾਲ ਦੇ ਪ੍ਰਮੁੱਖ ਨਾਟਕਾਂ ਵਿਚ 'ਪੁਲਸੀਏ', 'ਕੁੱਤਾ', 'ਕਾਮਰੇਡ ਦਾ ਕੋਟ', 'ਜਦੋਂ ਖੇਤ ਜਾਗੇ', 'ਅਣਵਿਆਹੀ ਮਾਂ', 'ਸ਼ਾਮ' ਸ਼ਾਮਿਲ ਹਨ। ਉਸਦੇ ਨਾਟਕ ਨਾਟ-ਵਿਸ਼ੇ ਅਤੇ ਨਾਟ-ਜੁਗਤਾਂ ਦਾ ਉਚਿਤ ਸੁਮੇਲ ਹਨ। ਕੇਵਲ ਧਾਲੀਵਾਲ ਨੇ ਨਾਟ ਰਚਨਾਵਾਂ ਲਈ ਵਿਭਿੰਨ ਵਿਸ਼ਿਆਂ ਨੂੰ ਵਰਤਣ ਦੇ ਨਾਲ ਹੀ ਰੰਗਮੰਚ ਲਈ ਨਿਵੇਕਲੀਆਂ ਵਿਧੀਆਂ ਵਰਤੀਆਂ ਹਨ, ਕਿਉਂਕਿ ਇਕ ਸਫ਼ਲ ਨਾਟਕਕਾਰ ਦੇ ਨਾਲ-ਨਾਲ ਨਿਰਦੇਸ਼ਕ ਵੀ ਹੈ, ਜਿਸ ਕਾਰਨ ਰੰਗਮੰਚ ਦੀ ਦੁਨੀਆ ਵਿਚ ਕੇਵਲ ਧਾਲੀਵਾਲ ਦਾ ਵਿਸ਼ੇਸ਼ ਸਥਾਨ ਹੈ।

ਪੰਜਾਬੀ ਨਾਟਕ ਦਾ ਛੇਵਾਂ ਦੌਰ 2010 ਤੋਂ ਬਾਅਦ ਪੰਜਵੀਂ ਪੀੜ੍ਹੀ ਦੇ ਨਾਟਕਕਾਰਾਂ ਨਾਲ ਬੱਝਦਾ ਹੈ। 21ਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਗਤੀਸ਼ੀਲ ਹੋਈ ਪੰਜਾਬੀ ਨਾਟਕ ਦੀ ਪੰਜਵੀਂ ਪੀੜ੍ਹੀ ਵਿਚ ਤਰਸਪਾਲ ਕੌਰ, ਸੈਮੂਅਲ ਜੌਨ ਅਤੇ ਰਤਨ ਰੀਹਲ ਤੋਂ ਇਲਾਵਾ ਬਹੁਤ ਸਾਰੇ ਨਵੇਂ ਨਾਟਕਕਾਰ ਆਪਣੀਆਂ ਨਾਟ ਲਿਖਤਾਂ ਨਾਲ ਪੰਜਾਬੀ ਨਾਟਕ ਦੇ ਵਿਕਾਸ ਰੁਖ਼ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਰਹੇ ਹਨ। 21ਵੀਂ ਸਦੀ ਦਾ ਦੂਜਾ ਦਹਾਕਾ ਨਵੀਨ ਤਕਨੀਕੀ ਯੁੱਗ ਦਾ ਹਿੱਸਾ ਹੈ, ਜਦ ਇਲੈਕਟ੍ਰੌਨਿਕ ਮੀਡੀਆ ਦਾ ਵਿਕਾਸ ਬਹੁਤ ਵੱਡੇ ਪੱਧਰ 'ਤੇ ਹੋ ਚੁੱਕਾ ਹੈ। ਉਸ ਦੌਰ ਵਿਚ ਨਾਟਕ ਦੀ ਹੋਂਦ ਨੂੰ ਵਰਤਮਾਨ ਪਰਿਪੇਖ ਦੇ ਅੰਤਰਗਤ ਸਥਾਪਿਤ ਕਰਨਾ ਆਪਣੇ ਆਪ ਵਿਚ ਚੁਣੌਤੀ ਭਰਪੂਰ ਕਾਰਜ ਹੈ। ਪਰੰਤੂ ਨਵੀਂ ਪੀੜ੍ਹੀ ਦੇ ਨਾਟਕਕਾਰ ਪੰਜਾਬੀ ਨਾਟਕ ਦੇ ਵਿਕਾਸ ਰੁਖ਼ ਵਿਚ ਨਿਰੰਤਰਤਾ ਨੂੰ ਜਾਰੀ ਰੱਖਦੇ ਹੋਏ ਨਵੀਆਂ ਤਕਨੀਕਾਂ ਨਾਲ ਗਤੀਸ਼ੀਲ ਭੂਮਿਕਾ ਅਦਾ ਕਰ ਰਹੇ ਹਨ।

### 1.8 ਜਮਾਤੀ-ਚੇਤਨਾ : ਪਰਿਭਾਸ਼ਾ, ਸੰਕਲਪ, ਸਿਧਾਂਤਕ ਤੇ ਇਤਿਹਾਸਕ ਸੰਦਰਭ

ਮਨੁੱਖ ਆਦਿਕਾਲ ਤੋਂ ਹੀ ਪ੍ਰਕਿਰਤੀ ਨਾਲ ਸੰਘਰਸ਼ਮਈ ਰਿਸ਼ਤੇ ਵਿਚ ਬੱਝਿਆ ਹੋਇਆ ਹੈ। ਦੋਵਾਂ ਦੇ ਸੰਘਰਸ਼ਮਈ ਸੰਵਾਦ ਵਿਚੋਂ ਹੀ ਵਿਕਾਸ ਦੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਕਿਸੇ ਵੀ ਸਮਾਜ ਦੀ ਬਣਤਰ ਦੇ ਨਿਰਮਾਣਕਾਰੀ ਤੱਤ (ਭੂਗੋਲ, ਉਤਪਾਦਨ ਸਾਧਨ, ਅੰਦਰੂਨੀ ਅਤੇ ਬਾਹਰੀ ਮੁੱਠਭੇੜ ਅਤੇ ਸਭਿਆਚਾਰ) ਹੀ ਉਸ ਸਮਾਜ ਵਿਚ ਵਿਆਪਕ ਜਾਤ, ਧਰਮ ਅਤੇ ਜਮਾਤੀ ਢਾਂਚੇ ਨੂੰ ਪ੍ਰਭਾਵਿਤ ਕਰਦੇ ਹਨ। ਹਰੇਕ ਸਮਾਜ ਵਿਭਿੰਨ ਕਿਸਮ ਦੀਆਂ ਜਮਾਤਾਂ ਅਤੇ ਜਾਤਾਂ ਵਿਚ ਵਿਭਾਜਿਤ ਹੋਇਆ ਹੁੰਦਾ ਹੈ। ਅਜਿਹੇ ਸਮਾਜ ਵਿਚ ਵਿਅਕਤੀ ਇਕ ਪਾਸੇ ਇਤਿਹਾਸਿਕ ਚੇਤੰਨਤਾ ਕਾਰਨ ਜਾਤ ਨਾਲ ਜੁੜਿਆ ਹੋਇਆ ਹੁੰਦਾ ਹੈ ਅਤੇ ਦੂਜੇ ਪਾਸੇ ਆਰਥਿਕ ਗਤੀਵਿਧੀਆਂ ਕਾਰਨ ਜਮਾਤ ਨਾਲ ਜੁੜ ਜਾਂਦਾ ਹੈ। ਜਮਾਤ ਦੇ ਸੰਕਲਪ ਦਾ ਗਹਿਨ ਅਧਿਐਨ ਅਤੇ ਇਸਦੀ ਮਹੱਤਤਾ ਅਤੇ ਸੀਮਾ ਨੂੰ ਸਮਝਣ ਲਈ ਇਸਦੇ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

#### 1.8.1. ਜਮਾਤ: ਇਤਿਹਾਸਕ ਅਤੇ ਸਿਧਾਂਤਕ ਪਰਿਪੇਖ

ਆਦਿ ਕਾਲੀਨ ਮਨੁੱਖ ਕਬੀਲਾਈ ਸਮਾਜ ਵਿਚ ਰਹਿੰਦਾ ਸੀ। ਇਸ ਸਮੇਂ ਸਮਾਜ ਵਿਚ ਕਿਸੇ ਕਿਸਮ ਦੀ ਜਮਾਤ ਦਾ ਉੱਥਾਨ ਨਹੀਂ ਹੋਇਆ ਸੀ, ਕਿਉਂਕਿ ਕੀਤੇ ਗਏ ਸ਼ਿਕਾਰ ਨੂੰ ਆਪਸ ਵਿਚ ਬਰਾਬਰ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਸੀ। ਅਜਿਹੇ

ਵਰਤਾਰੇ ਤੋਂ ਆਭਾਸ ਹੁੰਦਾ ਹੈ ਕਿ ਕਬੀਲਾਈ ਸਮਾਜ ਵਿਚ ਕਿਰਤ ਦੀ ਵੰਡ ਦਾ ਕੋਈ ਵੀ ਸੰਕਲਪ ਮੌਜੂਦ ਨਹੀਂ ਸੀ। ਅਜਿਹਾ ਵਰਤਾਰਾ ਲੰਬਾ ਸਮਾਂ ਨਹੀਂ ਚੱਲਿਆ ਕਿਉਂਕਿ ਪਸ਼ੂ-ਪਾਲਕ ਕਬੀਲੇ ਅਤੇ ਆਮ ਕਬੀਲੇ ਵੱਖ-ਵੱਖ ਰਹਿਣ ਲੱਗੇ। ਫਿਰ ਦਸਤਕਾਰੀ ਅਤੇ ਖੇਤੀ ਕਰਨ ਵਾਲੇ ਇਕ ਦੂਜੇ ਤੋਂ ਵੱਖ ਹੋ ਗਏ। ਇਸ ਤੋਂ ਬਾਅਦ ਹੱਥੀਂ ਕੰਮ ਕਰਨ ਵਾਲੇ ਮਾਨਸਿਕ ਕੰਮ ਕਰਨ ਵਾਲਿਆਂ ਤੋਂ ਅਲੱਗ ਹੋ ਗਏ। ਕਬੀਲਿਆਂ ਵਿਚ ਅਜਿਹਾ ਨਿਖੇੜਾ ਨਵੀਨ ਸਮਾਜਿਕ ਵਰਗਾਂ ਦੀ ਉਪਜ ਦਾ ਸ੍ਰੋਤ ਬਣਿਆ, ਜਿਸ ਕਾਰਨ ਜਮਾਤ ਦਾ ਉੱਥਾਨ ਆਰੰਭ ਹੋਇਆ। ਪਹਿਲੀ ਗੱਲ, ਉਹ ਕਬੀਲੇ ਵਿਚ ਇਕ ਲੋਟੂ ਚੋਣਵੇਂ ਲੋਕਾਂ ਜੋ ਮੁੱਢ ਵਿਚ ਅਮੀਰ-ਸ਼ਾਹੀ ਉਤੇ ਆਧਾਰਿਤ ਸੀ, ਦੇ ਪੈਦਾ ਹੋਣ ਨਾਲ ਅਤੇ ਗ਼ਰੀਬੀ ਮਾਰੇ ਲੋਕਾਂ ਦੇ ਆਪਣੇ ਕਰਜ਼ਿਆਂ ਕਾਰਨ ਉਹਨਾਂ ਦੇ ਗੁਲਾਮ ਬਣ ਜਾਣ ਨਾਲ ਬਣੀਆਂ। ਦੂਜੀ ਗੱਲ, ਉਹ ਜੰਗੀ ਕੈਦੀਆਂ ਦੇ ਗੁਲਾਮ ਬਣਾਏ ਜਾਣ ਨਾਲ ਪੈਦਾ ਹੋਈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਲਾਮਦਾਰੀ ਯੁੱਗ/ਪ੍ਰਬੰਧ ਦੇ ਆਗਮਨ ਤੱਕ ਕਿਰਤ ਦਾ ਵਿਭਾਜਨ ਹੋਣਾ ਸ਼ੁਰੂ ਹੋ ਗਿਆ ਸੀ। ਅਜਿਹੇ ਸਮਾਜਿਕ ਢਾਂਚੇ ਵਿਚ ਇਕ ਪਾਸੇ ਮਾਲਕ ਅਤੇ ਦੂਜੇ ਪਾਸੇ ਗੁਲਾਮ ਦੀ ਸਥਿਤੀ ਬਣੀ ਰਹਿੰਦੀ ਹੈ। ਇਸ ਲਈ ਗੁਲਾਮਦਾਰੀ ਪ੍ਰਬੰਧ ਵਿਚ ਇਕ ਧਿਰ ਮਨੁੱਖੀ ਕਿਰਤ ਦੀ ਲੁੱਟ ਕਰਕੇ ਮਨੁੱਖ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਦੀ ਹੈ ਅਤੇ ਦੂਜੀ ਧਿਰ ਹਰੇਕ ਕਿਸਮ ਦੇ ਦਬਾਓ ਨੂੰ ਸਹਿਣ ਕਰਕੇ ਸਵੈ ਦਾ ਸ਼ੋਸਣ ਕਰਵਾਉਣ ਲਈ ਮਜਦੂਰ ਜਮਾਤ ਪੈਦਾ ਹੁੰਦੀ ਹੈ। ਗੁਲਾਮਦਾਰੀ ਪ੍ਰਬੰਧ ਦੇ ਸਾਧਨਾਂ ਦੇ ਵਿਕਸਿਤ ਹੋਣ ਕਾਰਨ ਹੀ ਜਗੀਰੂ ਸਮਾਜ ਹੋਂਦ ਵਿਚ ਆਉਂਦਾ ਹੈ। ਜਗੀਰੂ ਪ੍ਰਬੰਧ ਨੇ ਸਮਾਜ ਨੂੰ ਹੋਰ ਵਿਭਿੰਨ ਵਰਗਾਂ ਵਿਚ ਵੰਡਣ ਦੀ ਭੂਮਿਕਾ ਨਿਭਾਈ ਕਿਉਂਕਿ ਜਗੀਰਦਾਰੀ ਢਾਂਚਾ ਸਵੈ-ਨਿਰਭਰ ਹੋਣ ਵੱਲ ਰੁਚਿਤ ਸੀ। ਜਗੀਰੂ ਕਿਸਾਨਾਂ ਨੂੰ ਖੇਤੀ ਕਰਨ ਲਈ ਭੂਮੀ ਦਿੰਦਾ ਸੀ ਅਤੇ ਕਿਸਾਨ ਉਸ ਜ਼ਮੀਨ ਉਤੇ ਜਗੀਰਦਾਰ ਲਈ ਕੰਮ ਕਰਦੇ ਸਨ। ਜਗੀਰਦਾਰ ਵਾਧੂ ਉਪਜ ਪ੍ਰਾਪਤ ਕਰਨ ਲਈ ਜ਼ਮੀਨ ਉਨ੍ਹਾਂ ਕਿਸਾਨਾਂ ਨੂੰ ਹੀ ਦਿੰਦਾ ਸੀ, ਜਿੰਨ੍ਹਾਂ ਕੋਲ ਵਾਹੀ ਕਰਨ ਲਈ ਲੋੜੀਂਦਾ ਸਾਧਨ (ਘੋੜਾ, ਸੰਦ ਆਦਿ) ਹੁੰਦੇ ਸਨ ਅਤੇ ਜਿਸ ਕੋਲ ਉਕਤ ਸਾਧਨ ਨਹੀਂ ਸਨ, ਉਨ੍ਹਾਂ ਨੂੰ ਕੁਦਰਤੀ ਤੌਰ 'ਤੇ ਜਗੀਰਦਾਰ ਜ਼ਮੀਨ ਨਹੀਂ ਦਿੰਦਾ ਸੀ। ਇਸ ਲਈ ਜਗੀਰਦਾਰੀ ਢਾਂਚੇ ਵਿਚ ਕਿਸਾਨ ਅਤੇ ਕਿਸਾਨ ਦੇ ਸੰਦਾਂ ਸਾਧਨਾਂ ਦੀ ਵਰਤੋਂ ਕਰਕੇ ਉਪਜ ਪ੍ਰਾਪਤ ਕੀਤੀ ਜਾਂਦੀ ਸੀ। ਕਿਸਾਨ ਨੂੰ ਸਿਰਫ਼ ਗੁਜ਼ਾਰੇ ਲਈ ਹੀ ਧਨ ਅਤੇ ਭੋਜਨ ਦਿੱਤਾ ਜਾਂਦਾ ਸੀ। ਇਸ ਸਥਿਤੀ ਵਿਚ ਸਮਾਜ ਵਿਚ ਜਮਾਤਾਂ ਦਾ ਉਗਮਨਾ ਸੁਭਾਵਿਕ ਹੀ ਹੈ। ਉਕਤ ਚਰਚਾ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਮਾਜ ਵਿਚ ਜ਼ਮੀਨ ਆਧਾਰਿਤ ਤਿੰਨ ਜਮਾਤਾਂ ਦਾ ਬੋਲਬਾਲਾ ਸੀ। ਪਹਿਲਾ ਜਗੀਰਦਾਰ,

ਦੂਜਾ ਉਸਦੀ ਜ਼ਮੀਨ ਉੱਤੇ ਕੰਮ ਕਰਦੇ ਕਿਸਾਨ ਜਿਨ੍ਹਾਂ ਕੋਲ ਸੰਦ ਸਾਧਨ ਸਨ, ਤੀਜਾ ਉਹ ਕਿਸਾਨ ਜਾਂ ਲੋਕ ਜਿਨ੍ਹਾਂ ਕੋਲ ਕੋਈ ਸੰਦ ਸਾਧਨ ਪ੍ਰਾਪਤ ਨਹੀਂ ਸਨ।

ਗੁਲਾਮਦਾਰੀ/ਜਗੀਰਦਾਰੀ ਪ੍ਰਬੰਧ ਤੋਂ ਅਲੱਗ, ਸਮਾਜਕ ਆਦਾਨ-ਪ੍ਰਦਾਨ ਵਸਤੂ-ਵਿਨਿਮਯ ਪ੍ਰਣਾਲੀ ਤੋਂ ਪੂੰਜੀ-ਵਿਨਿਮਯ ਪ੍ਰਣਾਲੀ ਵਿਚ ਪਰਿਵਰਤਿਤ ਹੋ ਗਿਆ। ਇਸ ਪ੍ਰਬੰਧ ਨੂੰ ਸਰਮਾਏਦਾਰੀ ਅਰਥਚਾਰੇ ਵਜੋਂ ਚਿੰਨਤ ਕੀਤਾ ਜਾਂਦਾ ਹੈ। ਇਸ ਪ੍ਰਬੰਧ ਵਿਚ ਵਾਫਰ ਮੁੱਲ ਮਨੁੱਖ ਦੀ ਦੇਹੀ ਤੋਂ ਹੀ ਨਹੀਂ ਬਲਕਿ ਮਸ਼ੀਨ ਅਤੇ ਦੇਹ ਦੋਵਾਂ ਦੇ ਸਾਂਝੇ ਅਨੁਪਾਤ ਵਜੋਂ ਦਰਜ਼ ਕੀਤਾ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਮਸ਼ੀਨ ਰਾਹੀਂ ਅਧਿਕਤਮ ਉਤਪਾਦਨ ਅਤੇ ਮਸ਼ੀਨ ਚਾਲਕ (ਮਜ਼ਦੂਰ) ਤੋਂ ਵੱਧ ਸਮਾਂ ਕੰਮ ਕਰਵਾ ਕੇ ਵਾਫਰ ਮੁੱਲ ਪ੍ਰਾਪਤ ਕੀਤਾ ਜਾਂਦਾ ਹੈ। ਜਗੀਰਦਾਰੀ ਸਮਾਜ ਵਿਚ ਜਗੀਰਦਾਰ ਜ਼ਮੀਨ ਦਾ ਮਾਲਕ ਸੀ ਪ੍ਰੰਤੂ ਇਸ ਸਮਾਜਿਕ ਪ੍ਰਬੰਧ ਵਿਚ ਪੂੰਜੀਪਤੀ ਉਦਯੋਗਪਤੀ ਜਾਂ ਕਾਰਖਾਨੇਦਾਰ ਦੇ ਰੂਪ ਵਜੋਂ ਪੇਸ਼ ਹੋ ਗਿਆ। ਮਨੁੱਖ ਆਪਣੇ ਕਿੱਤਾ ਚੋਣ ਪ੍ਰਤੀ ਸੁਤੰਤਰ ਹੋਂਦ ਧਾਰਨ ਕਰਦਾ ਹੈ, ਪਰ ਮਜ਼ਦੂਰ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਵਾਧੂ/ਸਰਪਲੱਸ ਉਪਜ ਨੂੰ ਅਜਿਹੇ ਥਾਵਾਂ ਉਪਰ ਵੇਚਿਆ ਜਾਣ ਲੱਗਾ ਜਿੱਥੋਂ ਪੂੰਜੀਪਤੀ ਆਪਣੇ ਖਰਚੇ ਅਤੇ ਲਾਭ ਦੀ ਪ੍ਰਾਪਤੀ ਕਰ ਸਕਦਾ ਹੋਵੇ। ਇਨ੍ਹਾਂ ਥਾਵਾਂ ਨੂੰ ਮੰਡੀ ਦਾ ਨਾਂ ਦਿੱਤਾ ਗਿਆ। ਮੰਡੀਆਂ ਵਿਚ ਮੁਲਾਜ਼ਮ ਮੁੱਖ ਤੌਰ 'ਤੇ ਪੂੰਜੀਪਤੀਆਂ ਲਈ ਕੰਮ ਕਰਦੇ ਸਨ। ਵਾਫਰ ਮੁੱਲ ਦਾ ਕੁਝ ਹਿੱਸਾ ਇਨ੍ਹਾਂ ਮੁਲਾਜ਼ਮਾਂ ਵਿਚ ਵੰਡ ਦਿੱਤਾ ਜਾਂਦਾ ਸੀ। ਇਨ੍ਹਾਂ ਮੁੱਲਾਂ ਉਪਰ ਆਸ਼ਰਿਤ ਮੁਲਾਜ਼ਮ ਵਿਭਿੰਨ ਪ੍ਰਕਾਰ ਦੇ ਸਮਾਜਿਕ-ਆਰਥਿਕ ਪ੍ਰਵਰਗਾਂ ਵਿਚ ਵਿਭਾਜਿਤ ਹੋ ਗਏ ਅਤੇ ਲੋੜੀਂਦੀਆਂ ਵਸਤਾਂ ਪ੍ਰਾਪਤ ਕਰਨ ਹਿੱਤ ਮੰਡੀਆਂ ਵਿਚ ਗਾਹਕ ਦੇ ਰੂਪ ਵਜੋਂ ਆਉਣ ਲੱਗੇ। ਉਦਯੋਗਿਕ ਖੇਤਰ ਵਿਚ ਕੰਮ ਕਰਦੇ ਮਜ਼ਦੂਰ ਵੀ ਮੰਡੀ ਦੇ ਗਾਹਕਾਂ ਵਜੋਂ ਪੇਸ਼ ਆਉਂਦੇ ਸਨ। ਇਸ ਤਰ੍ਹਾਂ ਇਸ ਸਮਾਜਿਕ ਅਰਥਚਾਰੇ ਵਿਚ ਪੂੰਜੀਪਤੀ, ਮੱਧਵਰਗੀ ਮੁਲਾਜ਼ਮ ਅਤੇ ਮਜ਼ਦੂਰ ਤਿੰਨ ਵਰਗ ਹੋਂਦ ਵਿਚ ਆਉਂਦੇ ਹਨ ਪ੍ਰੰਤੂ ਮੁੱਖ ਤੌਰ 'ਤੇ ਪੂੰਜੀਪਤੀ ਅਤੇ ਮਜ਼ਦੂਰ ਹੀ ਸਰਮਾਏਦਾਰੀ ਅਰਥਚਾਰੇ ਦੀਆਂ ਦੋ ਜਮਾਤਾਂ ਹਨ।

ਪੂੰਜੀਪਤੀ ਘਰਾਣੇ ਆਪਣੀ ਕੈਪੀਟਲੀ ਸੋਚ ਨੂੰ ਨਿਰਮਿਤ ਅਤੇ ਸਥਾਪਤ ਕਰਨ ਹਿੱਤ ਅਨੇਕਾਂ ਕਿਸਮ ਦੀਆਂ ਨੀਤੀਆਂ ਦਾ ਨਿਰਮਾਣ ਕਰਦਾ ਹੈ। ਇਨ੍ਹਾਂ ਨੀਤੀਆਂ ਦੀ ਸਫ਼ਲਤਾ ਲਈ ਰਾਜਸੀ ਸੱਤਾ ਦਾ ਸਹਾਰਾ ਪ੍ਰਾਪਤ ਕਰਦਾ ਹੈ। ਲੋਕਤੰਤਰੀ ਪ੍ਰਣਾਲੀ ਵਿਚ ਅਜਿਹੇ ਕਾਰਜ ਸਫਲਤਾ ਨਾਲ ਨੇਪਰੇ ਚਾੜ੍ਹੇ ਜਾਂਦੇ ਹਨ। ਪੂੰਜੀਵਾਦੀ ਰਾਜ ਨੇ ਸਰਵ ਵੋਟ ਅਧਿਕਾਰ ਦਾ ਐਲਾਨ ਕਰ ਦਿੱਤਾ ਅਤੇ ਬੁਰਜ਼ੂਆ ਵਿਚਾਰਧਾਰਕ ਇਸ ਗੱਲ ਤੋਂ ਇਨਕਾਰ ਕਰਨ ਲੱਗੇ ਕਿ ਰਾਜ ਲੋਕਾਂ ਦੀ ਮਰਜ਼ੀ ਨੂੰ ਪ੍ਰਗਟਾਉਂਦਾ ਹੈ। ਅਜਿਹੇ ਸਾਰੇ ਸਿਧਾਂਤਾਂ ਨੇ ਪੂੰਜੀਵਾਦੀ ਰਾਜ ਦੇ ਸਾਰ ਨੂੰ ਅੱਖੋਂ ਓਹਲੇ ਕਰ ਦਿੱਤਾ। ਇਸਦੀ ਸ਼ਕਲ ਚਾਹੇ ਕੁਝ

ਵੀ ਹੋਵੇ ਜਦੋਂ ਤੱਕ ਇਹ ਬੁਰਜ਼ੂਆ ਰਾਜ ਹੈ, ਜਦੋਂ ਤੱਕ ਇਹ ਜ਼ਮੀਨ, ਕਾਰਖਾਨਿਆਂ ਅਤੇ ਨਿੱਜੀ ਪੂੰਜੀ ਦੀ ਸੰਭਾਲ ਕਰਦਾ ਹੈ ਅਤੇ ਉਜਰਤੀ ਮਿਹਨਤ ਨੂੰ ਕਾਇਮ ਰੱਖਦਾ ਹੈ, ਓਦੋਂ ਤੱਕ ਇਹ ਜਨ ਸਮੂਹਾਂ ਨੂੰ ਦਬਾਉਣ ਲਈ ਹਾਕਮ ਜਮਾਤਾਂ ਦਾ ਸੰਦ ਹੀ ਹੈ। ਇਸ ਲਈ ਸਰਮਾਏਦਾਰੀ ਅਰਥਚਾਰੇ ਵਿਚ ਦੋ ਜਮਾਤਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਬੁਰਜ਼ੂਆਜ਼ੀ ਅਤੇ ਦੂਜੀ ਪ੍ਰੋਲਿਤਾਰੀ, ਪਹਿਲੇ ਵਰਗ ਕੋਲ ਉਤਪਾਦਨ ਦੇ ਸਰੋਤਾਂ, ਸੰਦਾਂ ਸਾਧਨਾਂ ਦੀ ਮਾਲਕੀਅਤ ਹੈ ਅਤੇ ਦੂਜਾ ਵਰਗ ਆਪਣੀ ਦੇਹ ਨਾਲ ਉਤਪਾਦਨ ਕਰਨ ਹਿੱਤ ਉੱਚ ਵਰਗ ਦੇ ਸੰਦਾਂ ਸਾਧਨਾਂ ਦੀ ਇਮਦਾਦ ਲੈਂਦਾ ਹੈ। ਸਰਮਾਏਦਾਰੀ ਦੇ ਵਿਕਾਸ ਨਾਲ ਸਮਾਜਿਕ, ਆਰਥਿਕ, ਵਪਾਰਿਕ ਪ੍ਰਬੰਧ ਦਾ ਫੈਲਾਅ ਹੋਇਆ ਸਿੱਟੇ ਵਜੋਂ ਉਤਪਾਦਨ ਦੀ ਵਿਕਰੀ ਲਈ ਮੰਡੀ, ਮੰਡੀ ਦੀ ਕਾਰਵਾਈ ਸੰਭਾਲਣ ਲਈ ਮੁਲਾਜ਼ਮ, ਵਿਭਿੰਨ ਪ੍ਰਕਾਰ ਦੇ ਕਾਰਖਾਨੇ, ਕਾਰਖਾਨੇ ਚਲਾਉਣ ਲਈ ਕਾਰੀਗਰ ਅਤੇ ਮੁਲਾਜ਼ਮ, ਕਾਰੀਗਰ ਪੈਦਾ ਕਰਨ ਲਈ ਤਕਨੀਕੀ ਸਿੱਖਿਆ, ਤਕਨੀਕੀ ਸਿੱਖਿਆ ਲਈ ਸਕੂਲ ਜਾਂ ਕਾਲਜ ਵਰਗੀਆਂ ਜਮਾਤਾਂ ਅਤੇ ਇਨ੍ਹਾਂ ਜਮਾਤਾਂ ਦੀਆਂ ਬਹੁ-ਭਾਂਤੀ ਪਰਤਾਂ ਹੋਂਦ ਵਿਚ ਆਉਂਦੀਆਂ ਹਨ।

ਜਮਾਤ ਅੰਗਰੇਜ਼ੀ ਭਾਸ਼ਾ ਦੇ CLASS ਸ਼ਬਦ ਦਾ ਪੰਜਾਬੀ ਰੂਪ ਹੈ। ਪੰਜਾਬੀ ਵਿਚ ਇਸਦੇ ਸਮ-ਅਰਥੀ ਵਰਗ, ਸ਼੍ਰੇਣੀ ਸ਼ਬਦ ਹਨ। ਕਿਸੇ ਵੀ ਵਰਗ ਜਾਂ ਜਮਾਤ ਦੀ ਵੰਡ ਦੇ ਵਿਭਿੰਨ ਆਧਾਰ (ਭੌਤਿਕਤਾ, ਬੌਧਿਕਤਾ) ਹੋ ਸਕਦੇ ਹਨ। ਇਸ ਲਈ ਜਮਾਤ ਤੋਂ ਭਾਵ ਉਹ ਵਸਤੂ, ਵਿਅਕਤੀ ਜੋ ਆਪਣੇ ਗੁਣਾਂ-ਔਗੁਣਾਂ ਕਾਰਨ ਦੂਜੇ ਵਸਤੂ ਜਾਂ ਵਿਅਕਤੀ ਤੋਂ ਵਿੱਥ ਥਾਪ ਕੇ ਆਪਣੇ ਆਪ ਨੂੰ ਉਸਤੋਂ ਅਲੱਗ ਕਰ ਲੈਂਦਾ ਹੈ ਅਤੇ ਆਪਣੇ ਗੁਣਾਂ-ਔਗੁਣਾਂ ਵਾਲੇ ਸਮੂਹ ਵਿਚ ਜੁੜ ਜਾਂਦਾ ਹੈ, ਉਸਨੂੰ ਜਮਾਤ ਕਿਹਾ ਜਾਂਦਾ ਹੈ। ਇਨ੍ਹਾਂ ਜਮਾਤਾਂ ਵਿਚ ਵੱਖਰਤਾ ਪਾਈ ਜਾਂਦੀ ਹੈ, ਜਿਸ ਕਾਰਨ ਆਪਸ ਵਿਚ ਵਿਰੋਧਤਾ ਉਤਪੰਨ ਹੁੰਦੀ ਹੈ, ਇਸੇ ਵਿਰੋਧਤਾ ਵਿਚੋਂ ਹੀ ਵਿਕਾਸ ਦੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਵਰਗ ਜਾਂ ਜਮਾਤ ਨੂੰ ਆਰਥਿਕ ਆਧਾਰ ਵਜੋਂ ਸਵੀਕਾਰ ਕਰਨ ਸਮੇਂ ਸਮਾਜ ਵਿਚ ਵਿਆਪਕ ਉਤਪਾਦਨ ਸਥਿਤੀਆਂ ਸਪੱਸ਼ਟ ਰੂਪ ਵਿਚ ਸਨਮੁੱਖ ਆਉਂਦੀਆਂ ਹਨ। ਉਤਪਾਦਨ ਕਿਸੇ ਵੀ ਸਮਾਜ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਤੱਖ ਰੂਪ ਵਿਚ ਖੋਲ੍ਹਦਾ ਹੈ। ਜਮਾਤ ਦੀ ਅਜਿਹੀ ਸਥਿਤੀ ਦੇ ਸੰਬੰਧ ਵਿਚ ਕਾਰਲ ਮਾਰਕਸ ਦੀ ਕਿਤਾਬ 'ਪੂੰਜੀ' ਵਿਚਲੇ ਵਿਚਾਰ ਗੌਲਣਯੋਗ ਹਨ,

> ਕਿਰਤ ਸ਼ਕਤੀ ਦੇ ਮਾਲਕ, ਪੂੰਜੀ ਦੇ ਮਾਲਕ ਅਤੇ ਭੂਮੀ ਦੇ ਮਾਲਕ, ਜਿੰਨ੍ਹਾਂ ਦੀ ਆਮਦਨ ਦੇ ਸ੍ਰੋਤ ਕ੍ਰਮਵਾਰ: ਮਜ਼ਦੂਰ, ਲਾਭ ਅਤੇ ਜ਼ਮੀਨ ਦਾ ਕਿਰਾਇਆ ਹੈ। ਦੂਜੇ ਸ਼ਬਦਾਂ ਵਿਚ ਕਾਮਾ-ਮਜ਼ਦੂਰ,

> ਪੂੰਜੀਪਤੀ ਅਤੇ ਭੂਮੀ ਮਾਲਕ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਉੱਤੇ ਆਧਾਰਿਤ ਆਧੁਨਿਕ ਸਮਾਜ ਦੇ ਤਿੰਨ ਵਰਗਾਂ ਦਾ ਨਿਰਮਾਣ ਕਰਦੇ ਹਨ। (ਮਾਰਕਸ 776)

ਇਸ ਤਰ੍ਹਾਂ ਸਮਾਜ ਵਿਚ ਤਿੰਨ ਵਰਗਾਂ ਜਾਂ ਜਮਾਤਾਂ ਦੀ ਹੋਂਦ ਦੀ ਪਛਾਣ ਹੁੰਦੀ ਹੈ, ਜੋ ਆਪਸ ਵਿਚ ਅੰਤਰ-ਨਿਰਭਰਤਾ ਦੇ ਰੂਪ ਵਿਚ ਜੁੜੇ ਹੋਏ ਹੁੰਦੇ ਹਨ। ਇਸ ਅੰਤਰ ਨਿਰਭਰਤਾ ਵਿਚ ਹੀ ਸਾਧਨਾਂ ਦੇ ਕੇਂਦਰੀਕਰਨ ਦਾ ਪ੍ਰਸ਼ਨ ਪੈਦਾ ਹੁੰਦਾ ਹੈ। ਸਾਧਨਾਂ ਦੇ ਧਰੁਵੀਕਰਨ ਜਾਂ ਕੇਂਦਰੀਕਰਨ ਕਾਰਨ ਹੀ ਸਮਾਜ ਵਿਚ ਵਿਸ਼ੇਸ਼ ਕਿਸਮ ਦੀ ਜਮਾਤ ਦਾ ਉੱਥਾਨ ਹੁੰਦਾ ਹੈ। ਅਜਿਹੀ ਸਥਿਤੀ ਵਿਚ ਸੱਤਾ ਜਾਂ ਭਾਰੂ ਧਿਰ ਉਤਪਾਦਨੀ ਸਾਧਨਾਂ ਉਪਰ ਕਾਬਜ਼ ਹੋ ਕੇ ਜਮਾਤੀ ਵਿਕਾਸ ਨੂੰ ਆਪਣੇ ਢੰਗ ਅਨੁਕੂਲ ਨਿਯੰਤ੍ਰਤ ਕਰਦੀ ਹੈ। ਪਰ ਫਿਰ ਵੀ ਉਤਪਾਦਨ ਪ੍ਰਕਿਰਿਆ ਵਿਭਿੰਨ ਵਰਗਾਂ ਦੀ ਅੰਤਰਸੰਬੰਧਤਾ ਨੂੰ ਹੀ ਰੂਪਮਾਨ ਕਰਦਾ ਹੈ। ਇਹ ਹਮੇਸ਼ਾ ਉਤਪਾਦਨ ਹਾਲਤਾਂ ਦੇ ਮਾਲਕਾਂ ਅਤੇ ਪੈਦਾ ਕਰਨ ਵਾਲਿਆਂ ਦੇ ਸਿੱਧੇ ਸੰਬੰਧ ਵਿਚ ਹੁੰਦੀ ਹੈ, ਜਿਹੜੀ ਇਸ ਦੇ ਧੁਰ ਅੰਦਰਲੇ ਰਾਜ਼ ਨੂੰ ਪ੍ਰਗਟ ਕਰਦੀ ਹੋਈ ਸਮਾਜਿਕ ਢਾਂਚੇ ਦੀ ਛੁਪੀ ਹੋਈ ਬੁਨਿਆਦ ਨੂੰ ਵੀ ਸਾਹਮਣੇ ਲਿਆਉਂਦੀ ਹੈ।

ਇਹ ਜਮਾਤਾਂ ਆਰਥਿਕ ਅਤੇ ਸਮਾਜਿਕ ਸਮੂਹ ਹਨ ਜੋ ਸਰਮਾਏਦਾਰੀ ਆਧਾਰਤ ਬਾਜ਼ਾਰ ਦੇ ਨੇਮ ਪ੍ਰਬੰਧ ਦੀ ਪਾਲਣਾ ਕਰਦੀਆਂ ਹਨ। ਸੋ ਸਪੱਸ਼ਟ ਹੈ ਕਿ ਜਮਾਤ ਦੀ ਹੋਂਦ ਲਈ ਉਤਪਾਦਨ ਸਰੋਤਾਂ ਅਤੇ ਸ਼ਕਤੀਆਂ ਦਾ ਧਰੁਵੀਕਰਨ ਹੋਣਾ ਅਤਿ ਜਰੂਰੀ ਹੈ। ਇਸ ਵਿਚੋਂ ਹੀ ਨਿੱਜੀ ਮਾਲਕੀ ਦਾ ਸੰਕਲਪ ਆਕਾਰ ਗ੍ਰਹਿਣ ਕਰਦਾ ਹੈ, ਜੋ ਪਰਿਵਾਰ ਦੀ ਭੂਮਿਕਾ ਨੂੰ ਪੇਸ਼ ਕਰਦਾ ਹੈ। ਇਸਦੇ ਨਾਲ ਹੀ ਕਿਰਤ ਦੀ ਵੰਡ ਦਾ ਸੰਕਲਪ ਪੈਦਾ ਹੁੰਦਾ ਹੈ, ਸਿੱਟੇ ਵਜੋਂ ਜਮਾਤਾਂ ਦਾ ਜਨਮ ਹੁੰਦਾ ਹੈ।

ਨਿੱਜੀ ਮਾਲਕੀ ਅਤੇ ਸਰਪਲੱਸ ਵੈਲਯੂ ਕਿਸੇ ਵੀ ਜਮਾਤ ਦੀ ਨਿਰਮਾਣਕਾਰੀ ਦੇ ਮਹੱਤਵਪੂਰਨ ਤੱਤ ਹੁੰਦੇ ਹਨ। ਜਮਾਤ ਸੰਬੰਧੀ ਸਭ ਤੋਂ ਪਹਿਲੀ ਚਰਚਾ ਮਾਰਕਸ ਨੇ ਸ਼ੁਰੂ ਕੀਤੀ। ਇਸ ਸੰਬੰਧੀ ਉਸਨੇ ਸਮਾਜ ਵਿਚ ਵਿਆਪਕ ਤਿੰਨ ਜਮਾਤਾਂ ਜਾਂ ਕਿਸਮਾਂ ਦੀ ਗੱਲ ਕੀਤੀ।

1. ਉੱਚ, (Super/Upper Class)

2. ਮੱਧ, (Middle Class)

3. ਨਿਮਨ, (Lower Class)

ਮਾਰਕਸ ਦੀ ਅਜਿਹੀ ਸਮਾਜ-ਵੰਡ ਨੂੰ ਲੈਨਿਨ ਨੇ ਵਧੇਰੇ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਹੈ, ਜਮਾਤਾਂ ਲੋਕਾਂ ਦੇ ਵੱਡੇ-ਵੱਡੇ ਗਰੁੱਪ ਹਨ ਜੋ ਸਮਾਜਿਕ ਪੈਦਾਵਾਰ ਦੇ ਇਤਿਹਾਸਕ ਤੌਰ 'ਤੇ ਨਿਰਧਾਰਤ ਸਿਸਟਮ ਵਿਚ ਉਹਨਾਂ ਦੇ ਸਥਾਨ ਕਾਰਨ, ਪੈਦਾਵਾਰ ਦੇ ਸਾਧਨਾਂ ਨਾਲ ਉਹਨਾਂ ਦੇ ਰਿਸ਼ਤੇ ਕਾਰਨ (ਬਹੁਤੀ ਦੇਰ ਇਹ ਨਿਯਮ ਅਨੁਸਾਰ ਨਿਸ਼ਚਿਤ ਹੁੰਦਾ ਹੈ), ਕਿਰਤ ਦੀ ਸਮਾਜਿਕ ਤਰਤੀਬ ਵਿਚ ਉਹਨਾਂ ਦੇ ਰੋਲ ਕਾਰਨ ਅਤੇ ਇਸਦੇ ਫਲਸਰੂਪ ਸਮਾਜਿਕ ਦੌਲਤ ਵਿਚ ਉਹਨਾਂ ਨੂੰ ਪ੍ਰਾਪਤ ਹੋਣ ਵਾਲੇ ਹਿੱਸੇ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਵਿਧੀ ਕਾਰਨ, ਇਕ ਦੂਜੇ ਤੋਂ ਵੱਖਰੇ ਹੁੰਦੇ ਹਨ। ਜਮਾਤ ਦੀ ਨਿਰਮਾਣਕਾਰੀ ਲਈ ਰਿਸ਼ਤਾ, ਰੋਲ/ਭੂਮਿਕਾ, ਅਤੇ ਮਿਲਣ ਵਾਲਾ ਹਿੱਸਾ ਮਹੱਤਵਪੂਰਨ ਤੱਤ ਬਣ ਕੇ ਉਭਰਦੇ ਹਨ।

ਉਤਪਾਦਨ ਦੇ ਸਾਧਨਾਂ ਉਪਰ ਜਿਨ੍ਹਾਂ ਜਮਾਤਾਂ ਦੀ ਨਿੱਜੀ ਮਾਲਕੀ ਸੀ, ਉਨ੍ਹਾਂ ਨੇ ਆਪਣੀ ਸਿਰਦਾਰੀ ਨੂੰ ਕਾਇਮ ਅਤੇ ਦ੍ਰਿੜ੍ਹ ਰੱਖਣ ਲਈ ਕਈ ਸਭਿਆਚਾਰ ਪ੍ਰਤਿਮਾਨ ਥਾਪੇ ਜਿਨ੍ਹਾਂ ਵਿਚ ਸੰਗੋਤਰੀ ਵਿਆਹ ਕਰਵਾਉਣਾ ਇਕ ਹੈ। ਇਹ ਉਚ ਵਰਗੀ ਲੋਕ/ਉਤਪਾਦਨ ਸ੍ਰੋਤਾਂ ’ਤੇ ਕਾਬਜ਼ ਲੋਕ ਆਪਣੀ ਸਭਿਆਚਾਰ ਧੌਂਸ ਨਾਲ ਹੀ ਦੂਜੇ ਲੋਕਾਂ ’ਤੇ ਸ਼ਾਸ਼ਨ ਕਰਦੇ ਹਨ। ਅਮਰ ਤਰਸੇਮ ਆਪਣੀ ਕਿਤਾਬ ‘ਪੰਜਾਬੀ ਨਾਵਲ:ਸ਼੍ਰੇਣੀ-ਸ਼ਾਸਤਰੀ ਪਰਿਪੇਖ’ ਵਿਚ ਐਨਤਿਨੋ ਗ੍ਰਾਮਸ਼ੀ ਦੇ ਹਵਾਲੇ ਅਨੁਸਾਰ ਕਹਿੰਦੇ ਹਨ, "ਹਾਕਮ ਸ਼੍ਰੇਣੀਆਂ ਦੰਡ ਅਤੇ ਦਮਨ ਰਾਹੀਂ ਰਾਜ ਕਰਨ ਦੀ ਥਾਂ ਸੱਭਿਆਚਾਰਕ ਸਰਦਾਰੀ/ਧੌਂਸ (Hegemony) ਰਾਹੀਂ ਰਾਜ ਕਰਦੀਆਂ ਹਨ।"(ਅਮਰ 18) ਸਮਾਜ ਵਿਚ ਵਿਆਪਕ ਜਮਾਤਾਂ ਦਾ ਵਰਗੀਕਰਨ ਅਤੇ ਉਨ੍ਹਾਂ ਦੇ ਤੱਤਾਂ ਦਾ ਅਧਿਐਨ ਐਨਾ ਸਰਲ ਅਤੇ ਸਪਾਟ ਨਹੀਂ ਹੈ, ਬਲਕਿ ਉਤਪਾਦਕ ਸ਼ਕਤੀਆਂ ਦੇ ਨਿਰੰਤਰ ਵਿਕਾਸ ਹੋਣ ਕਾਰਨ ਜਮਾਤਾਂ ਦੇ ਸੰਕਲਪ ਵਧੇਰੇ ਗੁੰਝਲਦਾਰ ਅਤੇ ਜਟਿਲ ਹੋ ਗਏ ਹਨ। ਉਤਪਾਦਨ ਸ੍ਰੋਤਾਂ ਵਿਚ ਮਸ਼ੀਨੀਕਰਨ ਦਾ ਪ੍ਰਭਾਵ ਵਧਣ ਕਾਰਨ ਇਕ ਅਜਿਹੀ ਜਮਾਤ ਦਾ ਉਦੈ ਹੋ ਰਿਹਾ ਹੈ, ਜੋ ਮਾਲਕਾਂ ਲਈ ਮਜ਼ਦੂਰਾਂ, ਮਸ਼ੀਨਾਂ ਦੇ ਨਿਰੀਖਣ ਦੇ ਨਾਲ-ਨਾਲ ਉਨ੍ਹਾਂ ਨੂੰ ਨਿਯੰਤਰਿਤ ਵੀ ਕਰਦਾ ਹੈ। ਸਰਮਾਏਦਾਰੀ ਦਾ ਇਹ ਸਭ ਤੋਂ ਵੱਡਾ ਲੱਛਣ ਹੈ ਕਿ ਉਹ ਪਹਿਲਾਂ ਮੌਜੂਦ ਵਰਗਾਂ ਜਾਂ ਜਮਾਤਾਂ ਨੂੰ ਹੋਰ ਵਰਗਾਂ ਵਿਚ ਵੰਡ ਦਿੰਦੀ ਹੈ, ਜਿਸ ਕਾਰਨ ਸਮਾਜਿਕ ਵਰਗਾਂ ਜਾਂ ਜਮਾਤਾਂ ਵਿਚ ਸੰਕਟ, ਤਣਾਓ, ਟਕਰਾਓ ਦੀ ਸਥਿਤੀ ਬਣੀ ਰਹਿੰਦੀ ਹੈ। ਅਜਿਹੀ ਸਥਿਤੀ ਵਿਚ ਜਮਾਤ ਬਾਰੇ ਟੀ. ਆਰ. ਵਿਨੋਦ ਨੇ ਆਪਣੀ ਪੁਸਤਕ ‘ਨਾਵਲ ਆਲੋਚਨਾ ਸ਼ਬਦਾਵਲੀ ਕੋਸ਼’ ਵਿਚ ਨਿਮਨਲਿਖਤ ਵਿਚਾਰ ਪੇਸ਼ ਹਨ,

Classes (ਕਲਾਸਿਜ਼): ਸ਼੍ਰੇਣੀਆਂ, ਜਮਾਤਾਂ, ਵਰਗ, ਤਬਕੇ-ਅਸਾਵੇਂ ਆਰਥਿਕ ਰਿਸ਼ਤਿਆਂ ਵਿਚ ਬੱਝੇ ਵਿਸ਼ਾਲ ਸਮਾਜਿਕ ਗੁੱਟ ਇਸ ਸੰਕਲਪ ਦੇ ਚਾਰ ਪ੍ਰਮੁੱਖ ਲੱਛਣ ਮੰਨੇ ਗਏ ਹਨ:

1.ਪੈਦਾਵਾਰ ਦੇ ਵਸੀਲਿਆਂ ਨਾਲ ਸੰਬੰਧ। ਮਿਸਾਲ ਵਜੋਂ ਮਾਲਕ ਤੇ ਬੇਮਾਲਕ।

2. ਸਮਾਜਿਕ ਪੈਦਾਵਾਰ ਵਿਚ ਨਿਭਾਈ ਭੂਮਿਕਾ। ਮਿਸਾਲ ਵਜੋਂ ਕੰਮ ਲੈਣ ਵਾਲੇ ਅਤੇ ਕੰਮ ਕਰਨ ਵਾਲੇ।

3. ਹੋਈ ਪੈਦਾਵਾਰ ਉਤੇ ਅਧਿਕਾਰ । ਮਿਸਾਲ ਵਜੋਂ ਜ਼ਿਆਦਾ ਆਮਦਨ ਅਤੇ ਘੱਟ ਆਮਦਨ।

4.ਆਮਦਨ ਦੇ ਵੱਖ-ਵੱਖ ਰੂਪ। ਮਿਸਾਲ ਵਜੋਂ ਮੁਨਾਫ਼ਾ ਅਤੇ ਉਜਰਤ। (ਵਿਨੋਦ 20-21)

ਇਸ ਤਰ੍ਹਾਂ ਸ਼੍ਰੇਣੀਬੱਧ ਸਮਾਜਿਕ ਆਰਥਿਕ ਢਾਂਚੇ ਦੀਆਂ ਦੋ ਜਮਾਤਾਂ ਹੋਣ ਕਾਰਨ ਦੋਵਾਂ ਦੇ ਹਿਤ ਪਰਸਪਰ ਵਿਰੋਧਤਾ ਵਾਲੇ ਹੁੰਦੇ ਹਨ। ਇਸੇ ਕਾਰਨ ਦੋਵਾਂ ਵਿਚਕਾਰ ਸੰਘਰਸ਼ ਅਤੇ ਤਣਾਓ ਦੀ ਸਥਿਤੀ ਉਪਜਦੀ ਰਹਿੰਦੀ ਹੈ। ਇਨ੍ਹਾਂ ਸੰਦਰਭਾਂ ਵਿਚ ਹੀ ਜਮਾਤਾਂ ਦੀ ਉਤਪਤੀ ਜਾਂ ਨਿਰਮਾਣਕਾਰੀ ਸੰਬੰਧੀ ਕਈ ਸਿਧਾਂਤ ਪੈਦਾ ਹੋਏ ਹਨ।

1.ਤਾਕਤਵਰ ਵਰਗ ਨੇ ਕਮਜ਼ੋਰ ਵਰਗ ਨੂੰ ਦਬਾ ਕੇ ਸਾਧਨਾਂ ਉਪਰ ਕਬਜ਼ਾ ਕੀਤਾ ਜਿਸਨੂੰ ਹਿੰਸਾ ਦਾ ਸਿਧਾਂਤ ਕਿਹਾ ਗਿਆ।

2. ਲੋਕਾਂ ਵਿਚ ਉਤਪਾਦਨੀ ਸਾਧਨਾਂ ਦੀ ਅਸਾਵੀਂ ਵੰਡ ਕਾਰਨ ਅਮੀਰ/ਗ਼ਰੀਬ ਵਰਗ ਪੈਦਾ ਹੋਏ ਜਿਸਨੂੰ ਵੰਡ ਦਾ ਸਿਧਾਂਤ ਕਿਹਾ ਗਿਆ।

3.ਬੌਧਿਕ ਤੌਰ ’ਤੇ ਤਾਕਤਵਰ ਲੋਕਾਂ ਨੇ ਅਬੌਧਿਕ ਲੋਕਾਂ ਨੂੰ ਦਬਾ ਕੇ ਤਕਨੀਕੀ ਸਾਧਨਾਂ ਉਪਰ ਕਬਜ਼ਾ ਕੀਤਾ ਜਿਸਨੂੰ ਤਕਨੀਕੀ ਜਥੇਬੰਦਕ ਸਿਧਾਂਤ ਦਾ ਨਾਂ ਦਿੱਤਾ ਗਿਆ।

4. ਕੁਝ ਸੀਮਤ ਲੋੜਾਂ ਵਾਲੇ ਲੋਕਾਂ ਦੀ ਤੁਲਨਾ ਵਿਚ ਅਸੀਮਤ ਲੋੜਾਂ ਵਾਲੇ ਲੋਕਾਂ ਨੇ ਅਸੰਤੁਸ਼ਟਤਾ ਦੀ ਸਥਿਤੀ ਵਿਚ ਨਵੀਨ ਦਿਸਹੱਦਿਆਂ ਨੂੰ ਤਲਾਸ਼ਦਿਆਂ ਸਾਧਨਾਂ ਉਪਰ ਕਬਜ਼ਾ ਕਰਨਾ ਸ਼ੁਰੂ ਕੀਤਾ। ਇਸ ਸਿਧਾਂਤ ਨੂੰ ਅੰਸੁਤਸ਼ਟਤਾ ਦਾ ਸਿਧਾਂਤ ਕਿਹਾ ਗਿਆ।

ਜਮਾਤੀ-ਉਥਾਨ ਲਈ ਜਿੰਮੇਵਾਰ ਉਕਤ ਸਿਧਾਂਤਾਂ ਦੀਆਂ ਅਨੇਕਾਂ ਸੀਮਾਵਾਂ ਹਨ, ਜਿਨ੍ਹਾਂ ਕਰਕੇ ਇਹ ਸਿਧਾਂਤ ਕਿਸੇ ਵੀ ਤਰ੍ਹਾਂ ਦਰੁਸਤ ਨਹੀਂ ਠਹਿਰਾਏ ਜਾ ਸਕਦੇ ਕਿਉਂਕਿ ਸ਼ਰੀਰਕ ਤੌਰ ’ਤੇ ਗ਼ਰੀਬ ਵੀ ਤਕੜਾ ਹੋ ਸਕਦਾ ਪਰ ਉਸਦਾ ਸਾਧਨਾਂ ਉਪਰ ਕਬਜ਼ਾ ਨਹੀਂ ਹੋ ਸਕਦਾ। ਦੂਜਾ, ਸੰਤੁਸ਼ਟਤਾ/ਅਸੰਤੁਸ਼ਟਤਾ ਮਨੁੱਖ ਦੀਆਂ ਅੰਤਰਮੁਖੀ ਕ੍ਰਿਆਵਾਂ ਹਨ। ਇਨ੍ਹਾਂ ਦਾ ਨਿਰੰਤਰ ਪਰਿਵਰਤਿਤ ਹੋਣਾ ਸੁਭਾਵਿਕ ਹੈ। ਇਕ ਸਮੇਂ ਕੋਈ ਮਨੁੱਖ ਸੰਤੁਸ਼ਟ ਹੈ, ਦੂਜੇ ਪਲ ਉਹ ਕਿਸੇ ਕਾਰਨਾਂ ਕਰਕੇ ਅਸੰਤੁਸ਼ਟ ਵੀ ਹੋ ਸਕਦਾ ਹੈ।

### 1.8.2. ਚੇਤਨਾ: ਸ਼ਬਦ ਵਿਉਂਤਪੱਤੀ ਤੇ ਪਰਿਭਾਸ਼ਾ

ਜਮਾਤ ਦੀ ਪਰਿਭਾਸ਼ਾ, ਸਰੂਪ ਜਾਨਣ ਉਪਰੰਤ ਚੇਤਨਾ ਦੀ ਪਰਿਭਾਸ਼ਾ ਅਤੇ ਪ੍ਰਕਿਰਤੀ ਨੂੰ ਸਮਝ ਲੈਣਾ ਬਹੁਤ ਜ਼ਰੂਰੀ ਹੈ। ਚੇਤਨਾ ਮਨੁੱਖੀ ਮਨ ਦੀ ਵਿਸ਼ੇਸ਼ਤਾ ਹੈ। ਇਸਨੂੰ ਵਸਤੂ ਅਤੇ ਵਿਵਹਾਰ ਦੇ ਗਿਆਨ ਵਜੋਂ ਵੀ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ। ਇਹ ਗਤੀਸ਼ੀਲ ਵਰਤਾਰਾ ਹੈ ਜੋ ਮਨੁੱਖ ਅਤੇ ਪਸ਼ੂ ਜਗਤ ਵਿਚ ਅੰਤਰ ਸਪੱਸ਼ਟ ਕਰਦਾ ਹੈ।

ਚੇਤਨਾ ਸ਼ਬਦ ਸੰਸਕ੍ਰਿਤ ਦੇ ਚਿਤ+ਯੁਚ+ਅਨੁ ਤੋਂ ਬਣਿਆ ਹੈ। ਇਹ ਅੰਗਰੇਜ਼ੀ ਭਾਸ਼ਾ ਦੇ Consciousness ਦਾ ਸਮਾਨਾਰਥਕ ਸ਼ਬਦ ਹੈ। ਇਸਦਾ ਸੰਬੰਧ ਮਨੁੱਖ ਦੀ ਅੰਦਰਲੀ ਸ਼ਕਤੀ 'ਚਿੱਤ' ਤੋਂ ਹੈ। ਜੀ.ਐਸ. ਰਿਆਲ ਦੇ 'ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼' ਅਨੁਸਾਰ, "ਚੇਤਨਾ ਸ਼ਬਦ ਦਾ ਅਰਥ ਬੁੱਧੀ, ਵਿਚਾਰ, ਹੋਸ਼, ਅਕਲ ਤੋਂ ਹੈ।" (ਰਿਆਲ 275) ਰਾਮਚੰਦਰ ਵਰਮਾ ਦੀ ਰਚਨਾ 'ਮਾਨਕ ਹਿੰਦੀ ਕੋਸ਼' ਅਨੁਸਾਰ, "ਚੇਤਨਾ ਮਨ ਦੀ ਉਹ ਸ਼ਕਤੀ ਹੈ ਜਿਸ ਨਾਲ ਜੀਵ ਜਾਂ ਪ੍ਰਾਣੀ ਨੂੰ ਆਂਤਰਿਕ ਅਨੁਭਵੀ, ਭਾਵਾਂ, ਵਿਚਾਰਾਂ ਆਦਿ ਅਤੇ ਬਾਹਰੀ ਘਟਨਾਵਾਂ ਅਤੇ ਗੱਲਾਂ ਦਾ ਅਨੁਭਵ ਹੁੰਦਾ ਹੈ।" (ਵਰਮਾ 274) ਅਵਧ ਨਰਾਇਣ ਤ੍ਰਿਪਾਠੀ ਦੀ ਪੁਸਤਕ 'ਨਵੀਂ ਕਵਿਤਾ ਮੇਂ ਵਿਅਕਤੀਤਵ ਚੇਤਨਾ' ਅਨੁਸਾਰ,

> "ਮਨੁੱਖੀ ਮਨ ਦੀਆਂ ਸਾਰੀਆਂ ਕਿਰਿਆਵਾਂ ਉਸਦੇ ਹਾਵ-ਭਾਵ, ਸੰਵੇਦਨਾ, ਵਿਚਾਰ ਬੁੱਧੀ ਅਤੇ ਗਿਆਨ ਆਦਿ ਸਾਰੀਆਂ ਕ੍ਰਿਆਵਾਂ ਉਸਦੀ ਚੇਤਨਾ ਦੁਆਰਾ ਹੀ ਸੰਤੁਲਿਤ ਅਤੇ ਨਿਰਧਾਰਤ ਹੁੰਦੀਆਂ ਹਨ। ਵਰਤਮਾਨ ਦੀ ਗਿਆਤ ਕ੍ਰਿਆਵਾਂ ਨੂੰ ਚੇਤਨਾ ਕਿਹਾ ਜਾਂਦਾ ਹੈ। ਚੇਤਨਾ ਵਿਅਕਤੀ ਦੀ ਸਾਪੇਖ, ਸੂਖਮ, ਸੁਤੰਤਰ ਅਤੇ ਗਤੀਸ਼ੀਲ ਵਸਤੂ ਹੈ।" (ਤ੍ਰਿਪਾਠੀ 17)

ਉਕਤ ਤੋਂ ਸਪੱਸ਼ਟ ਹੈ ਕਿ ਚੇਤਨਾ ਦਾ ਸੰਬੰਧ ਮਨੁੱਖੀ ਗਿਆਨ ਨਾਲ ਹੋਣ ਕਾਰਨ ਇਹਦਾ ਪ੍ਰਯੋਗ ਬੋਧ, ਚਿੰਤਨ, ਹੋਸ਼ ਨਾਲ ਹੁੰਦਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੋਣ ਕਾਰਨ ਚੇਤਨਾ ਦੇ ਮਾਧਿਅਮ ਨਾਲ ਹੀ ਸਮਾਜ ਸਭਿਆਚਾਰ ਵਿਚ ਪੈਦਾ ਹੋ ਰਹੇ ਮਸਲਿਆਂ ਬਾਰੇ ਜਾਗਰੂਕ ਹੁੰਦਾ ਹੈ। ਇਸ ਪ੍ਰਕਾਰ ਜਮਾਤ ਅਤੇ ਚੇਤਨਾ ਸਮਾਜਿਕ ਉਪਜ ਹੈ।

### ਮਾਰਕਸਵਾਦ, ਪ੍ਰਗਤੀਵਾਦ ਅਤੇ ਸਮਾਜਵਾਦ ਦਾ ਜਮਾਤੀ ਪਰਿਪੇਖ-

ਸ਼੍ਰੇਣੀ ਘੋਲ ਮਾਰਕਸਵਾਦੀ ਦਰਸ਼ਨ ਦੀ ਆਧਾਰ ਸ਼ਿਲਾ ਹੈ। ਵਿਸ਼ਲੇਸ਼ਨ ਦੇ ਇਸ ਸੰਦ ਨੂੰ, ਜਿਸ ਦੀ ਘਾੜਤ ਕਾਰਲ ਮਾਰਕਸ ਨੇ ਮਨੁੱਖੀ ਇਤਿਹਾਸ ਦੀ ਗਤੀ ਦੀ ਵਿਆਖਿਆ ਲਈ ਕੀਤੀ ਸੀ, ਮਾਰਕਸਵਾਦੀ ਸਾਹਿਤਕਾਰਾਂ ਨੇ ਸਾਹਿਤ ਤੇ ਕਲਾ ਦੇ

ਖੇਤਰ ਵਿਚ ਵੀ ਵਰਤੋਂ ਵਿਚ ਲਿਆਂਦਾ ਹੈ । ਇਸ ਲਈ ਇਹ ਅਤਿ ਅਵੱਸ਼ਕ ਹੈ ਕਿ ਪਹਿਲਾਂ ਮਾਰਕਸ ਦੇ ਸ਼੍ਰੇਣੀਆਂ ਸੰਬੰਧੀ ਸੰਕਲਪ ਨੂੰ ਸਮਝਿਆ ਜਾਵੇ, ਅਤੇ ਸ਼੍ਰੇਣਿਕ ਸੰਘਰਸ਼ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ । ਇਸ ਤੋਂ ਉਪਰੰਤ ਹੀ ਅਸੀਂ ਇਹ ਨਿਰਨਾ ਕਰਨ ਯੋਗ ਹੋ ਸਕਾਂਗੇ ਜੋ ਕਿ ਇਸ ਸਿਧਾਂਤ ਨੂੰ ਸਾਹਿਤ ਤੇ ਕਲਾ ਦੇ ਖੇਤਰ ਵਿਚ ਲਾਗੂ ਕਰਨਾ ਕਿਥੋਂ ਤੱਕ ਉਚਿਤ ਹੈ ? ਮਨੁੱਖੀ ਸਮਾਜ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ, ਇਨ੍ਹਾਂ ਵਿਚਕਾਰ ਪ੍ਰਸਪਰ ਸੰਘਰਸ਼ ਚਲਦਾ ਰਹਿੰਦਾ ਹੈ, ਜਿਹੜਾ ਕਿ ਇਤਿਹਾਸ ਦੇ ਸੰਚਾਲਣ ਦਾ ਕਾਰਨ ਬਣਦਾ ਹੈ । ਮਾਰਕਸ ਦੇ ਵਿਚਾਰ ਅਨੁਸਾਰ ਹੁਣ ਤੱਕ ਹੋਂਦ ਵਿਚ ਆਏ ਮਨੁੱਖੀ ਸਮਾਜ ਦਾ ਇਤਿਹਾਸ, ਸ਼੍ਰੇਣਿਕ ਸੰਘਰਸ਼ ਦਾ ਇਤਿਹਾਸ ਹੈ । ਮਨੁੱਖੀ ਸਮਾਜ ਆਦਿ ਕਾਲੀ ਸਮਾਜਵਾਦ, ਜਾਗੀਰਦਾਰੀ ਦੇ ਪੜਾਵਾਂ ਵਿਚੋਂ ਲੰਘ ਕੇ ਸਰਮਾਏਦਾਰੀ ਨਿਜ਼ਾਮ ਵਿਚ ਦਾਖ਼ਲ ਹੋਇਆ ਹੈ, ਅਤੇ ਇਸ ਤੋਂ ਉਪਰੰਤ ਸਮਾਜਵਾਦ ਵੱਲ ਵਧੇਗਾ । ਪੈਦਾਵਾਰ ਦੀਆਂ ਵਿਧੀਆਂ ਨੇ ਹਰ ਪੜਾਅ ਵਿਚ ਵੱਖ-ਵੱਖ ਭਾਂਤ ਦੇ ਸਮਾਜ ਤੇ ਸ਼੍ਰੇਣੀਆਂ ਨੂੰ ਜਨਮ ਦਿੱਤਾ ਅਤੇ ਇਨ੍ਹਾਂ ਸ੍ਰੇਣੀਆਂ ਵਿਚਕਾਰ ਚਲ ਰਿਹਾ ਸੰਘਰਸ਼ ਮਨੁੱਖੀ ਸਮਾਜ ਨੂੰ ਵਿਕਸਤ ਕਰਨ ਲਈ ਜ਼ਿੰਮੇਦਾਰ ਹੈ । ਮਾਰਕਸ ਦੇ ਹੋਰਾਂ ਸੰਕਲਪਾਂ ਵਾਂਗ ਸ਼੍ਰੇਣੀ ਘੋਲ ਦਾ ਸੰਕਲਪ ਵੀ ਉਸਦੀ ਵਿਰਾਟ ਵਿਧੀ (Macro approach) ਤੋਂ ਉਪਜਿਆ ਹੈ। ਸ਼੍ਰੇਣੀ ਇਕ ਵਿਰਾਟ (Macro) ਸੰਕਲਪ ਹੈ । ਪਰ ਸਾਹਿਤ ਤੇ ਕਲਾ ਦੇ ਖੇਤਰ ਵਿਚ ਵਿਰਾਟ ਵਿਧੀ ਬਹੁਤੀ ਸਹਾਈ ਨਹੀਂ ਹੋ ਸਕਦੀ। ਸਾਹਿਤ ਤੇ ਕਲਾ ਵਿਅਕਤੀਗਤ ਕਿਰਿਆ ਹੈ। ਕਵਿਤਾ, ਨਾਵਲ, ਕਹਾਣੀ, ਨਾਟਕ ਵਿਅਕਤੀ ਦੀ ਘਾਲਣਾ ਦੇ ਆਸਰੇ ਜਨਮ ਲੈਂਦੇ ਹਨ, ਇਤਿਹਾਸ ਦਾ ਵਿਕਾਸ ਆਰਥਿਕ ਸੰਬੰਧਾਂ ਦੀ ਤਬਦੀਲੀ ਦਾ ਸਿੱਟਾ ਹੈ, ਇਨ੍ਹਾਂ ਆਰਥਿਕ ਤਬਦੀਲੀਆਂ ਦੇ ਮੂਲ ਆਧਾਰ ਵਰਗ ਹਨ। ਇਕ ਵਰਗ ਵਿਚ ਉਹ ਸਾਰੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਆ ਜਾਂਦੇ ਹਨ, ਜਿਨ੍ਹਾਂ ਦੇ ਆਰਥਿਕ ਸੰਬੰਧ ਇਕ ਪੱਧਰ ਉਤੇ ਰਹਿੰਦੇ ਹਨ। ਇਸ ਵਰਗ ਦੀ ਸਮਾਜਕ ਉਤਪਾਦਨ ਦੀ ਪ੍ਰਣਾਲੀ ਵਿਚ ਇਕ ਨਿਸਚਿਤ ਥਾਂ ਹੁੰਦੀ ਹੈ। ਇਨ੍ਹਾਂ ਦਾ ਆਪੋ ਵਿਚ ਅਤੇ ਉਤਪਾਦਨ ਦੇ ਨਾਲ ਸੰਬੰਧ ਇਕ ਮਿਥੀ ਹੋਈ ਕ੍ਰਿਆ ਦੇ ਢੰਗ ਨਾਲ ਚਲਦਾ ਹੈ। ਇਕ ਵਰਗ ਦੂਜੇ ਨਾਲ ਆਪਣੇ ਸਵਾਰਥ ਦੇ ਕਾਰਨ ਟਕਰਾਉਂਦਾ ਹੈ। ਵਰਗਾਂ ਵਿਚ ਸੰਘਰਸ਼ ਛਿੜਨਾ ਸੁਭਾਵਕ ਅਤੇ ਜ਼ਰੂਰੀ ਹੈ। ਜਿਥੇ ਵਰਗ ਹੋਣਗੇ ਉਥੇ ਤੰਗੀ ਪਰੇਸ਼ਾਨੀ ਹੋਵੇਗੀ ਕਿਉਂਕਿ ਵਰਗਾਂ ਦਾ ਨਿਰਮਾਣ ਹੀ ਇਸੇ ਲਈ ਹੁੰਦਾ ਹੈ। ਇਹ ਤੰਗੀ ਪਰੇਸ਼ਾਨੀ ਆਰਥਿਕ ਆਧਾਰਾਂ ਉਤੇ ਖੜੀ ਹੋਣ ਕਰ ਕੇ ਭੌਤਿਕ ਹੈ।.ਉਤਪਾਦਨ ਸਾਧਨਾਂ ਉਤੇ ਜਿਸ ਵਰਗ ਦਾ ਅਧਿਕਾਰ ਹੁੰਦਾ ਹੈ । ਸ਼ਾਸਨ ਸੱਤਾ ਉਤੇ ਵੀ ਉਸ ਦਾ ਪ੍ਰਭਾਵ ਰਹਿੰਦਾ ਹੈ। ਇਥੇ ਹੀ ਬਸ ਨਹੀਂ ਉਸ ਜੁਗ ਦੀ ਵਿਚਾਰਧਾਰਾ

ਵੀ ਉਸ ਦਾ ਸਮਰਥਨ ਕਰਦੀ ਹੈ। ਕਲਾ ਅਤੇ ਸੰਸਕ੍ਰਿਤੀ ਆਦਿ ਉਤੇ ਉਸ ਦਾ ਅੰਕੁਸ਼ ਆਪਣੇ ਆਪ ਹੀ ਟਿਕ ਜਾਂਦਾ ਹੈ । ਹਰ ਇਕ ਜੁਗ ਵਿਚ ਜਿਸ ਵਰਗ ਦੇ ਹੱਥ ਵਿਚ ਉਤਪਾਦਨ ਸਾਧਨ ਹੁੰਦੇ ਹਨ—ਜਿਹੜਾ ਸ਼ਾਸਕ ਹੁੰਦਾ ਹੈ ਉਸੇ ਦੀ ਵਿਚਾਰਧਾਰਾ ਵੀ ਪ੍ਰਮੁਖ ਬਣ ਜਾਂਦੀ ਹੈ। ਸ਼ਾਸਨ ਇਸ ਵਿਚਾਰਧਾਰਾ ਦੀ ਰੱਖਿਆ ਕਰਦਾ ਹੈ । ਪਰੰਤੂ ਤੰਗ ਪਰੇਸ਼ਾਨ ਹੋਣ ਵਾਲਿਆਂ ਦੀ ਪ੍ਰਤੀਨਿਧਤਾ ਕਰਨ ਵਾਲੀ ਵਿਚਾਰਧਾਰਾ ਉਸੇ ਦੇ ਵਿਰੋਧ ਵਿਚ ਆ ਖੜ੍ਹੀ ਹੁੰਦੀ ਹੈ । ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਵਿਚਾਰ ਅਤੇ ਉਤਪਾਦਨ ਦੋਹਾਂ ਖੇਤਰਾਂ ਵਿਚ ਵਰਗਵਾਦ ਆਹਮੋ-ਸਾਹਮਣੇ ਖੜਾ ਹੋਕੇ ਸੰਘਰਸ਼ ਛੇੜ ਦੇਂਦਾ ਹੈ । 'Oppressor and oppressed stood in constant opposition to one another, carried on an uninterrupted...fight, a fight that each time ended...in a revolutionary reconstruction of society."(V.i. Lenin, Marx- Engels- Marxism, p-29.) ਇਸ ਨੂੰ ਵਰਗ ਸੰਘਰਸ਼ ਕਿਹਾ ਗਿਆ ਹੈ। ਇਸ ਸੰਘਰਸ਼ ਦੁਆਰਾ ਸਮਾਜ ਦਾ ਵਿਕਾਸ ਹੁੰਦਾ ਹੈ। ਵਰਗ ਸੰਘਰਸ਼ ਦਾ ਇਤਿਹਾਸ ਹੀ ਸਮਾਜ ਦਾ ਇਤਿਹਾਸ ਹੁੰਦਾ ਹੈ ਕਿਉਂਕਿ ਸਮਾਜ ਦਾ ਵਿਕਾਸ ਵਰਗ ਸੰਘਰਸ਼ ਉਤੇ ਆਧਾਰ ਰਖਦਾ ਹੈ। ਵਰਗ ਸੰਘਰਸ਼ ਦਾ ਕਾਰਣ ਇਹ ਅੰਤਰ-ਵਿਰੋਧ ਹੁੰਦਾ ਹੈ, ਜਿਹੜਾ ਦੋਹਾਂ ਵਰਗਾਂ ਨੂੰ ਲੜਾ ਕੇ ਸਮਾਜ ਨੂੰ ਅੱਗੇ ਲੈ ਜਾਂਦਾ ਹੈ। ਇਹ ਦੋਵੇਂ ਵਰਗ ਇਕ ਹੱਦ ਤਕ ਇਕ ਦੂਜੇ ਨਾਲ ਮਿਲ ਕੇ ਸੰਘਰਸ਼ ਕਰਦੇ ਹਨ। ਦੋਹਾਂ ਵਰਗਾਂ ਦੀ ਉਦਾਰ ਪੂਰਨਾ ਦਾ ਸਾਧਨ ਇਕ ਹੀ ਹੁੰਦਾ ਹੈ। ਸਾਮੰਤਵਾਦੀ ਸਮਾਜ ਵਿਚ ਜਿਥੇ ਕਿਰਸਾਨ ਖੇਤੀ ਕਰ ਕੇ ਆਪਣਾ ਪੇਟ ਪਾਲਦਾ ਹੈ, ਭੂਮੀ ਦਾ ਮਾਲਿਕ ਵੀ ਉਸੇ ਖੇਤੀ ਉਤੇ ਮੌਜਾਂ ਮਾਣਦਾ ਹੈ। ਇਹੋ ਹਾਲਤ ਪੂੰਜੀਵਾਦੀ ਸਮਾਜ ਪ੍ਰਣਾਲੀ ਵਿਚ ਦੇਖੀ ਜਾਂਦੀ ਹੈ। ਕਾਰਖ਼ਾਨਿਆਂ ਵਿੱਚ ਮਜ਼ਦੂਰਾਂ ਨੂੰ ਜਿਥੇ ਮਿਹਨਤ ਕਰਨ ਦੀ ਮਜ਼ਦੂਰੀ ਮਿਲਦੀ ਹੈ, ਉਥੋਂ ਕਾਰਖ਼ਾਨਿਆਂ ਦੇ ਮਾਲਕ ਉਸੇ ਉਤਪਾਦਨ ਨਾਲ ਭਾਰੀ ਲਾਭ ਲੈ ਕੇ ਸਾਮੰਤਾਂ ਨਾਲੋਂ ਵੀ ਵਧੇਰੇ ਮੌਜਾਂ ਮਾਣਦੇ ਹਨ। ਉਤਪਾਦਨ ਤਾਂ ਦੋਹਾਂ ਹਾਲਤਾਂ ਵਿਚ ਕਿਸਾਨ ਅਤੇ ਮਜ਼ਦੂਰ ਨੇ ਕੀਤਾ। ਪਰ ਉਨ੍ਹਾਂ ਨੂੰ ਮਾਲਕਾਂ ਵਲੋਂ ਘੱਟ ਤੋਂ ਘੱਟ ਮਜ਼ਦੂਰੀ ਦੇਣ ਦਾ ਯਤਨ ਕੀਤਾ ਗਿਆ । ਉਨ੍ਹਾਂ ਨੇ ਆਪਣੇ ਲਈ ਵੱਧ ਤੋਂ ਵੱਧ ਰੱਖਣ ਦੀ ਚੇਸ਼ਟਾ ਕਰੀ ਰਖੀ । ਮਾਲਕ ਅਤੇ ਮਜ਼ਦੂਰ ਦੋਹਾਂ ਨੇ ਆਪਣੇ-ਆਪਣੇ ਹਿੱਤਾਂ ਦੀ ਰੱਖਿਆ ਲਈ ਸੰਗਠਨ ਬਣਾਏ ਅਤੇ ਧਰਮ, ਦਰਸ਼ਨ, ਰਾਜਨੀਤੀ, ਕਲਾ, ਸਾਹਿਤ ਆਦਿ ਉਤੇ ਇਸੇ ਲਈ ਪ੍ਰਭਾਵ ਪਾਉਣ ਦੀ ਪੂਰੀ-ਪੂਰੀ ਚੇਸ਼ਟਾ ਕੀਤੀ । ਪੂੰਜੀਵਾਦੀ ਸਮਾਜ ਅਵਸਥਾ ਵਿਚ ਪੂੰਜੀਪਤੀ ਲੋਕਤੰਤਰਿਕ ਕਹੀ ਜਾਣ ਵਾਲੀ ਸਰਕਾਰ ਵਿਚ ਆਪਣੇ ਪ੍ਰਤੀਨਿਧੀ ਭੇਜ ਕੇ ਜਾਂ ਪੈਸੇ ਦੇ ਬਲ ਉਤੇ ਉਨ੍ਹਾਂ ਨੂੰ ਖ਼ਰੀਦ ਕੇ ਸਰਕਾਰ ਉਤੇ ਦਬਾਉ ਪਾਉਂਦੇ ਹਨ, ਕਿ ਸਰਕਾਰ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕਰੇ । ਮਜ਼ਦੂਰ ਵਰਗ ਕੋਲ ਪੈਸਾ ਨਹੀਂ ਹੁੰਦਾ। ਉਹ ਅਜਿਹੀ

ਨੀਤੀ ਵਿਚ ਭਾਗ ਨਹੀਂ ਲੈ ਸਕਦੇ ਜਿਥੇ ਪੈਸੇ ਦੀ ਲੋੜ ਹੋਵੇ ਅਤੇ ਨਾ ਚੋਣਾਂ ਲੜ ਕੇ ਜਿੱਤਣ ਦੀ ਆਸ਼ਾ ਰਖਦੇ ਹਨ। ਇਸ ਲਈ ਸਰਕਾਰ ਉਤੇ ਉਨ੍ਹਾਂ ਦਾ ਪ੍ਰਭਾਵ ਜੰਮਣਾ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਦੇ ਨੇਤਾ ਉਨ੍ਹਾਂ ਨੂੰ ਸਲਾਹ ਦੇਂਦੇ ਹਨ ਕਿ ਉਹ ਆਪਣਾ ਸੰਘਰਸ਼ ਖੇਤਰ ਵਿਧਾਨ ਸਭਾ ਦੀ ਥਾਂ ’ਤੇ ਆਪਣੇ ਕਾਰਖ਼ਾਨਿਆਂ ਨੂੰ ਹੀ ਬਣਾਉਣ ਇਸ ਤਰ੍ਹਾਂ ਆਪਣੇ ਸੰਗਠਨ ਦੀ ਸ਼ਕਤੀ ਉਤੇ ਹੀ ਸੰਘਰਸ਼ ਜਿੱਤਣ ਦੀ ਚੇਸ਼ਟਾ ਕਰਦੇ ਹਨ। ਇਹ ਸੰਘਰਸ਼ ਹਾਲਾਤ ਅਤੇ ਸਰਕਾਰ ਨੂੰ ਰੁਖ ਅਨੁਸਾਰ ਨਿਤ ਨਵਾਂ ਸਾਂਗ ਰਚਦਾ ਹੈ। ਪੂੰਜੀਵਾਦੀ ਸਮਾਜ ਪ੍ਰਣਾਲੀ ਨੂੰ ਘਰ ਵਿਚ ਜੇਕਰ ਉਤਪਾਦਨ ਸਾਧਨਾਂ ਅਤੇ ਉਦਯੋਗ ਧੰਦਿਆਂ ਉਤੇ ਸਰਕਾਰ ਦਾ ਅਧਿਕਾਰ ਹੋ ਜਾਂਦਾ ਹੈ ਤਾਂ ਵੀ ਵਰਗ ਸੰਘਰਸ਼ ਘੱਟ ਨਹੀਂ ਹੁੰਦਾ । ਉਸ ਹਾਲਤ ਵਿਚ ਪੂੰਜੀਪਤੀ ਦੀ ਥਾਂ ਸਰਕਾਰ ਲੈ ਲੈਂਦੀ ਹੈ ਅਤੇ ਮਜ਼ਦੂਰਾਂ ਨੂੰ  ਵਿਅਕਤੀ ਦੀ ਥਾਂ ’ਤੇ ਕਾਨੂੰਨੀ ਸਮਰਥਨ ਪ੍ਰਾਪਤ ਸਰਕਾਰ ਦੀ ਵੱਡੀ ਸ਼ਕਤੀ ਨਾਲ ਨਿਪਟਣਾ ਪੈਂਦਾ ਹੈ । ਸੰਘਰਸ਼ ਦਾ ਮੂਲ ਆਧਾਰ ਇਸ ਤਰ੍ਹਾਂ ਨਾਲ ਬਦਲ ਨਹੀਂ ਸਕਦਾ। ਵਰਗ ਸੰਘਰਸ਼ ਵਿਚ ਪ੍ਰਮੁਖਤਾ ਵਿਅਕਤੀ ਦੀ ਨਹੀਂ ਹੈ, ਸਗੋਂ ਪ੍ਰਬੰਧ ਦੀ ਹੈ । ਮਾਰਕਸ ਦੀ ਇਹ ਵੀ ਧਾਰਨਾ ਹੈ ਕਿ ਜਦ ਤਕ ਉਤਪਾਦਨ ਸਾਧਨਾਂ ਅਤੇ ਪੂਰੇ ਉਤਪਾਦਨ ਦੀ ਮਲਕੀਅਤ ਪੂਰੇ ਸਮਾਜ ਦੇ ਹੱਥ ਵਿਚ ਨਹੀਂ ਆਉਂਦੀ ਤਦੋਂ ਤਕ ਵਰਗ ਸੰਘਰਸ਼ ਬਣਿਆ ਰਹੇਗਾ। ਉਸ ਦਾ ਰੂਪ ਬਦਲ ਸਕਦਾ ਹੈ ਪਰੰਤੂ ਹੋਂਦ ਨਹੀਂ ਮਿਟ ਸਕਦੀ। ਵਰਗਾਂ ਵਿਚ ਵੰਡੇ ਹੋਏ ਸਮਾਜ ਵਿਚ ਧਰਮ, ਦਰਸ਼ਨ, ਸਾਹਿਤ ਅਤੇ ਕਲਾ ਆਦਿ ਦੇ ਦੋ ਰੂਪ ਮਿਲਦੇ ਹਨ। ਇਕ ਰੂਪ ਮਾਲਿਕਾਂ ਦੇ ਹਿੱਤਾਂ ਦੀ ਰੱਖਿਆ ਲਈ ਤਤਪਰ ਰਹਿੰਦਾ ਹੈ ਅਤੇ ਦੂਜਾ ਮਜ਼ਦੂਰਾਂ ਦੇ ਪੱਖ ਦੀ ਗੱਲ ਕਰਦਾ ਹੈ। ਮਾਲਕਾਂ ਦਾ ਹਿਤ ਖੁਲ੍ਹ ਕੇ ਆਪਣੇ ਵਰਗ ਦਾ ਸਮਰਥਨ ਕਰਨ ਦੀ ਥਾਂ ਅਜਿਹੀਆਂ ਨੀਤੀਆਂ ਅਤੇ ਨਾਅਰੇ ਅਪਨਾਉਂਦਾ ਹੈ, ਜਿਹੜੇ ਦੇਖਣ ਵਿਚ ਬੜੇ ਦਿਲ-ਖਿੱਚਵਾਂ ਲੱਗਦੇ ਹਨ, ਪਰ ਉਨ੍ਹਾਂ ਦਾ ਸਿੱਟਾ ਆਪਣੇ ਵਰਗ ਦੇ ਹਿੱਤਾਂ ਦੀ ਰੱਖਿਆ ਤੋਂ ਛੁਟ ਹੋਰ ਕੁਝ ਨਹੀਂ ਹੁੰਦਾ। ਇਸ ਦੇ ਉਲਟ ਮਜ਼ਦੂਰਾਂ ਦੇ ਸ਼ੁਭ-ਚਿੰਤਕ ਖੁਲ੍ਹ ਕੇ ਆਪਣੀ ਗੱਲ ਕਰਦੇ ਹਨ ਅਤੇ ਹਾਲਾਤ ਨੂੰ ਬਦਲਣ ਲਈ ਯੋਜਨਾ ਬਣਾਉਂਦੇ ਹਨ। ਸਰਵਹਾਰਾ ਵਰਗ ਦੀ ਅਗਵਾਈ ਬੁਧੀਜੀਵੀ ਲੋਕੀਂ ਕਰਦੇ ਹਨ, ਜਿੰਨ੍ਹਾਂ ਨੇ ਆਪਣੇ ਹਿੱਤਾਂ ਨੂੰ ਉਨ੍ਹਾਂ ਦੇ ਹਿੱਤਾਂ ਨਾਲ ਜੋੜਿਆ ਹੋਇਆ ਹੈ। ਮਾਰਕਸਵਾਦੀ ਵਿਚਾਰਾਂ ਦੇ ਮੁੱਖ ਪ੍ਰਚਾਰਕ ਬਣ ਕੇ ਇਹ ਨੇਤਾ ਜਦੋਂ ਤਕ ਆਪਣੇ ਉਦੇਸ਼ ਨਾਲ ਜੁੜੇ ਰਹਿੰਦੇ ਹਨ, ਉਦੋਂ ਤੱਕ ਕ੍ਰਾਂਤੀਕਾਰੀ ਸ਼ਕਤੀ ਦੇ ਚਿੰਨ੍ਹ ਅਤੇ ਪ੍ਰੇਰਨਾ ਦੇ ਸੋਮੇ  ਬਣੇ ਰਹਿੰਦੇ ਹਨ । ਪਰ ਵਰਗੀ ਕਮਜ਼ੋਰੀਆਂ, ਅਵਸਰਵਾਦੀ ਨੀਤੀ ਦੇ ਕਾਰਣ ਕਦੀ-ਕਦੀ ਸਮਝੌਤਾ ਕਰਨ ਦਾ ਰੁਖ਼ ਅਪਣਾ ਕੇ ਵਿਨਾਸ਼ਕਾਰੀ ਸਿਧ ਹੁੰਦੀਆਂ ਹਨ । ਇਸ ਲਈ  ਜ਼ਰੂਰੀ ਹੈ ਕਿ ਮਜ਼ਦੂਰ ਵਰਗ ਨੂੰ ਸਲਾਹ ਆਦਿ ਲਈ ਇਨ੍ਹਾਂ ਨੂੰ ਆਪਣੇ ਨਾਲ ਰੱਖਣਾ ਚਾਹੀਦਾ ਹੈ। ਅਸਲੀ ਸ਼ਕਤੀ ਅਤੇ ਅੰਤਿਮ ਫ਼ੈਸਲੇ ਦਾ ਅਧਿਕਾਰ ਇਨ੍ਹਾਂ ਨੂੰ ਨਾ ਦੇ ਕੇ, ਆਪਣੇ ਹੱਥ ਵਿਚ ਰਖਣਾ

ਜ਼ਰੂਰੀ ਹੈ। ਤਾਂ ਹੀ ਵਰਗ ਸੰਘਰਸ਼ ਨਾਲ ਸੱਚੀ ਕ੍ਰਾਂਤੀ ਸਾਹਮਣੇ ਆ ਸਕਦੀ ਹੈ ਅਤੇ ਮਜ਼ਦੂਰਾਂ ਤੇ ਕਾਮਿਆਂ ਆਦਿ ਦੇ ਹਿੱਤਾਂ ਦੀ ਰੱਖਿਆ ਹੋ ਸਕਦੀ ਹੈ । ਮਾਰਕਸ ਨੇ ਮਜ਼ਦੂਰਾਂ ਦੀ ਇਸ ਕ੍ਰਾਂਤੀ ਦੀ ਤੁਲਨਾ ਭੂਤ ਕਾਲ ਦੇ ਅੰਦੋਲਨਾਂ ਨਾਲ ਕੀਤੀ ਹੈ । ਉਨ੍ਹਾਂ ਨੇ ਦੱਸਿਆ ਹੈ ਕਿ ਭੂਤ ਕਾਲ ਦੇ ਸਾਰੇ ਇਤਿਹਾਸਿਕ ਅੰਦੋਲਨਾਂ ਵਿਚ ਘਟ ਗਿਣਤੀ ਵਾਲੇ ਸ਼ੋਸ਼ਕਾਂ ਦੇ ਹਿੱਤਾਂ ਦੀ ਰੱਖਿਆ ਦਾ ਉਦੇਸ਼ ਮੌਜੂਦ ਸੀ, ਜਦ ਕਿ ਇਹ ਕ੍ਰਾਂਤੀ ਇਕ ਅਜਿਹਾ ਸੁਤੰਤਰ ਅੰਦੋਲਨ ਹੈ ਜਿਹੜਾ ਬਾਹਲੀ ਗਿਣਤੀ ਵਾਲੇ ਮਜ਼ਦੂਰਾਂ ਤੇ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਤਿਆਰ ਬਰ ਤਿਆਰ ਰਹਿੰਦਾ ਹੈ ।

> ‘All previous historical move- ments were movements of minority or in the interests of minorities. The proletarian movement is the self-conscious, independent movement of the immense majority, in the interest of the immense majority."( K. Marx, Communist Manifesto (mascow). P-74.)

ਇਹ ਵਰਗ ਸੰਘਰਸ਼, ਮਜ਼ਦੂਰਾਂ, ਕਾਮਿਆਂ ਦੇ ਹੱਥ ਵਿਚ ਰਾਜ-ਸੱਤਾ ਆ ਜਾਣ 'ਤੇ ਅਤੇ ਉਤਪਾਦਨ ਸਾਧਨਾਂ ਅਤੇ ਉਤਪਾਦਨ ਉਤੇ ਪੂਰੇ ਸਮਾਜ ਦਾ ਅਧਿਕਾਰ ਹੋ ਜਾਣ ’ਤੇ ਸਮਾਪਤ ਹੋ ਜਾਂਦਾ ਹੈ, ਕਿਉਂਕਿ ਵਰਗ ਭੇਦ ਦੀ ਰਚਨਾ, ਜਿਹੜੀ ਤੰਗੀ ਪਰੇਸ਼ਾਨੀ ਦੇ ਕਾਰਨ ਹੁੰਦੀ ਹੈ, ਇਸ ਕ੍ਰਾਂਤੀ ਦੇ ਮਗਰੋਂ ਸਮਾਪਤ ਹੋ ਜਾਂਦੀ ਹੈ । ਵਰਗਾਂ ਵਿਚ ਵੰਡੇ ਹੋਏ ਸਮਾਜ ਦਾ ਵਰਣਨ ਕਰਨ ਲੱਗਿਆਂ, ਉਸੇ ਸਮੇਂ ਦਾ ਉੱਨਤ ਸਾਹਿਤਕਾਰ, ਉਨ੍ਹਾਂ ਸੰਘਰਸ਼ ਸੂਤ੍ਰਾਂ ’ਤੇ ਵਿਚਾਰ ਜ਼ਰੂਰ ਕਰਦਾ ਹੈ, ਜਿਹੜੇ ਦੋਹਾਂ ਵਰਗਾਂ ਵਿਚਕਾਰ ਕਈ ਪ੍ਰਕਾਰ ਦੇ ਖਿਚਾਵਾਂ ਕਾਰਨ ਪੈਦਾ ਹੁੰਦੇ ਹਨ। ਸਮਾਜਵਾਦੀ ਯਥਾਰਥਵਾਦ ਦੇ ਘੇਰੇ ਵਿਚ ਲੇਖਕ ਦੀ ਹਮਦਰਦੀ ਮਜ਼ਦੂਰ ਵਰਗ ਨਾਲ ਰਹਿੰਦੀ ਹੈ, ਕਿਉਂਕਿ ਵਧੇਰੇ ਦੁਖੀ ਵਿਅਕਤੀਆਂ ਦਾ ਬਹੁ-ਗਿਣਤੀ ਵਾਲਾ ਵਰਗ ਹੀ ਅਨੇਕਾਂ ਇਤਿਹਾਸਕ ਜੁਗਾਂ ਤੋਂ ਸਤਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਮਿਹਨਤ ਦਾ ਲਾਭ ਘਟ ਗਿਣਤੀ ਵਾਲੇ, ਤੰਗ ਪਰੇਸ਼ਾਨ ਕਰਨ ਵਾਲੇ ਉਠਾਂਦੇ ਰਹੇ ਹਨ । ਸਮਾਜਵਾਦੀ ਸਮਾਜ ਪ੍ਰਬੰਧ ਆ ਜਾਣ ’ਤੇ ਵਰਗ ਸੰਘਰਸ਼ ਸਮਾਪਤ ਹੋ ਜਾਂਦਾ ਹੈ, ਪਰ ਅੰਤਰ-ਵਿਰੋਧ ਬਣੇ ਰਹਿੰਦੇ ਹਨ ਅਤੇ ਅੱਗੇ ਵਿਕਾਸ ਇਨ੍ਹਾਂ ਹੀ ਅੰਤਰ-ਵਿਰੋਧਾਂ ਦੁਆਰਾ ਹੁੰਦਾ ਹੈ। ਸਮਾਜਵਾਦੀ ਪ੍ਰਬੰਧ ਵਿਚ ਨਾਗਰਿਕਾਂ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਸਰਬ ਅੰਗੀ ਵਿਕਾਸ ਦੀ ਦਿਸ਼ਾ ਵਿਚ ਕੰਮ ਕਰਦੀ ਹੈ। ਇਸ ਹਾਲਤ ਦੀ ਖੋਜ ਪੜਤਾਲ ਕਰਦਿਆਂ ਹੋਇਆਂ ਦੱਸਿਆ ਗਿਆ ਹੈ ਕਿ ਇਸ ਦੇ ਘੇਰੇ ਵਿਚ ਪੂੰਜੀਵਾਦੀ ਈਰਖਾ ਭਰੀ ਦ੍ਰਿਸ਼ਟੀ ਨਾਲ ਪੈਦਾ ਹੋਣ ਵਾਲਾ ਵਿਅਕਤੀਵਾਦ, ਲੁਕਵੇਂ ਸਵਾਰਥ ਦੀ ਥਾਂ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਗ੍ਰਹਿਣ ਕਰ ਲੈਂਦਾ ਹੈ। ਹਰ ਇਕ ਨਾਗਰਿਕ ਚੌਕਸ ਹੋ ਕੇ ਆਪਣੀ ਜ਼ਿੰਮੇਵਾਰੀ ਦੀ ਭੂਮਿਕਾ ਦਾ ਮਤਲਬ ਸਮਝਣ ਲੱਗ ਪੈਂਦਾ ਹੈ। ਇਸ

ਸਮਾਜਿਕ ਪ੍ਰਬੰਧ ਦੇ ਘੇਰੇ ਵਿਚ ਮਿਹਨਤ ਕੇਵਲ ਰੋਟੀ ਕਮਾਉਣ ਦਾ ਸਾਧਨ ਹੀ ਨਹੀਂ ਹੁੰਦੀ, ਸਗੋਂ ਜੀਵਨ ਲਈ ਜ਼ਰੂਰੀ ਵੀ ਬਣ ਜਾਂਦੀ ਹੈ। ਜਦੋਂ ਇਸ ਸਮਾਜ ਪ੍ਰਬੰਧ ਦਾ ਚੰਗੀ ਤਰ੍ਹਾਂ ਵਿਕਾਸ ਹੋ ਜਾਂਦਾ ਹੈ ਅਤੇ ਇਹ ਕਮਯੂਨਿਸਟ ਪ੍ਰਬੰਧ ਵਿਚ ਬਦਲ ਜਾਂਦਾ ਹੈ ਤਾਂ ਮਿਹਨਤ ਕਰਨ ਲਈ ਕਿਸੇ ਪ੍ਰਕਾਰ ਦੀ ਖਿਚ ਦੀ ਲੋੜ ਨਹੀਂ ਪੈਂਦੀ ਕਿਉਂਕਿ ਉਸ ਅਵਸਥਾ ਵਿਚ ਸਾਰੇ ਨਾਗਰਿਕ ਸਮਾਜਿਕ ਵਿਕਾਸ ਲਈ, ਆਪਣੀ ਮਨ-ਮਰਜ਼ੀ ਨਾਲ ਕੰਮ ਨੂੰ  ਜੁਟ ਕੇ ਮਿਹਨਤ ਕਰਨ ਵਿਚ ਚੰਗੀ ਤਰ੍ਹਾਂ ਲੀਨ ਹੋ ਜਾਂਦੇ ਹਨ। ਇਸ ਹਾਲਤ ਨੂੰ ਪੂੰਜੀਵਾਦੀ ਵਿਚਾਰਕਾਂ ਨੇ ਕਲਪਨਾ ਮਾਤ੍ਰ (Utopian) ਕਿਹਾ ਹੈ; ਕਿਉਂਕਿ ਉਹ ਮਾਰਕਸਵਾਦੀ ਵਿਚਾਰਧਾਰਾ ਦੀ ਵਿਗਿਆਨਤਾ ਨੂੰ ਨਹੀਂ ਸਮਝ ਸਕੇ । ਭੌਤਿਕ ਵਿਕਾਸਵਾਦੀ ਦ੍ਰਿਸ਼ਟੀ ਮਨੁਖੀ ਸੁਭਾਵ ਨੂੰ ਨਿਰਪੇਖ ਅਤੇ ਸਦਾ ਇਕੋ ਜਿਹਾ ਰਹਿਣ ਵਾਲਾ ਨਹੀਂ ਮੰਨਦੀ। ਉਸ ਅਨੁਸਾਰ ਵਿਅਕਤੀ ਦੀ ਵਿਚਾਰਧਾਰਾ ਅਤੇ ਮਨੋਵਿਰਤੀਆਂ ਸਾਪੇਖ ਹੁੰਦੀਆਂ ਹਨ । ਆਦਮ-ਜਾਤੀਆਂ ਅਤੇ ਜਨ-ਜਾਤੀਆਂ ਵਿਚ ਅੱਜ ਵੀ ਹਰ ਇਕ ਵਿਅਕਤੀ ਸਮਾਜ ਸੱਤਾ ਨੂੰ ਸਭ ਤੋਂ ਉੱਚਾ ਸਮਝ ਕੇ ਚਲਦਾ ਹੈ। ਉਹ ਰਾਜ ਸੱਤਾ ਨੂੰ ਸਵੀਕਾਰ ਕਰਨੋਂ ਨਾਂਹ ਕਰ ਸਕਦਾ ਹੈ, ਪਰ ਸਮਾਜ ਸਭਾ ਨਾਲ ਜ਼ਰੂਰੀ ਤੌਰ ’ਤੇ ਜੁੜ ਕੇ ਚਲਦਾ ਹੈ ਅਤੇ ਸਮਾਜ ਦੇ ਆਦੇਸ਼ਾਂ ਨੂੰ ਆਪਣੇ ਮਨ ਦੀ ਆਵਾਜ਼ ਮੰਨ ਕੇ, ਹਰ ਕੀਮਤ ’ਤੇ ਉਸ ਦਾ ਪਾਲਨ ਕਰਦਾ ਹੈ। ਇਸ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਵਿਅਕਤੀਆਂ ਦਾ ਦ੍ਰਿਸ਼ਟੀਕੋਨ ਉਸ ਦੇ ਭੌਤਿਕ ਹਾਲਾਤ ਦੇ ਅਨੁਸਾਰ ਬਦਲ ਜਾਂਦਾ ਹੈ ਅਤੇ ਜਦੋਂ ਕਮਯੂਨਿਸਟ ਪ੍ਰਬੰਧ ਆ ਜਾਏਗਾ ਅਤੇ ਹਰ ਪ੍ਰਕਾਰ ਦੀ ਤੰਗੀ ਪਰੇਸ਼ਾਨੀ ਦਾ ਅੰਤ ਹੋ ਜਾਏਗਾ ਤਾਂ ਮਨੁਖੀ ਚੇਤਨਾ ਦੀ ਵਧੇਰੇ ਉੱਨਤੀ ਤੇ ਵਿਕਾਸ ਹੋ ਜਾਏਗਾ। ਭਾਰਤੀ ਸਮਾਜ ਦੇ ਸੰਬੰਧ ਵਿਚ ਵਿਚਾਰ ਕਰਨ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਥੇ ਸਾਮੰਤੀ ਸਮਾਜ ਪ੍ਰਬੰਧ ਦਾ ਦੌਰ ਵਧੇਰੇ ਸਮਾਂ ਤਕ ਰਿਹਾ ਹੈ, ਹਜ਼ਾਰਾਂ ਸਾਲ ਲੰਮੇ ਇਸ ਜੁਗ ਵਿਚ ਵਰਗ ਸੰਘਰਸ਼ ਆਪਣੇ ਅਨੇਕਾਂ ਰੂਪ ਬਦਲਦਾ ਰਿਹਾ ਹੈ। ਜੇਕਰ ਅਸੀਂ ਇਸ ਸੰਘਰਸ਼ ਦੇ ਰੂਪ ਨੂੰ ਸਮਝ ਲਈਏ ਤਾਂ ਇਤਿਹਾਸਕ ਕਰਮ ਅਤੇ ਸਮਾਜਕ ਵਿਕਾਸ ਦੀ ਕ੍ਰਿਆ ਦੇ ਢੰਗ ਨੂੰ ਸਮਝਣਾ ਬਹੁਤ ਸਰਲ ਹੋ ਜਾਏਗਾ। ਮੱਧਕਾਲ ਵਿਚ ਧਰਮ ਦਾ ਰੂਪ ਤੰਗੀ ਪਰੇਸ਼ਾਨੀ ਦੀ ਕ੍ਰਿਆ ਦੀ ਸਹਾਇਕ ਸ਼ਕਤੀ ਮਾਤ੍ਰ ਨਹੀਂ ਰਿਹਾ ਹੈ, ਸਗੋਂ ਸੰਤਾਂ ਅਤੇ ਵੈਸ਼ਨਵਾਂ ਨੇ ਦਲਿਤ ਲੋਕਾਂ ਅਤੇ ਲਤਾੜੇ ਹੋਏ ਲੋਕਾਂ ਦੇ ਦੁਖਾਂ ਨੂੰ ਉਜਾਗਰ ਕੀਤਾ ਹੈ । ਸਮਾਨਤਾ ਅਤੇ ਭਾਈਚਾਰੇ ਦੇ ਪ੍ਰਚਾਰ ਲਈ ਉਨ੍ਹਾਂ ਬਹੁਤ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੇ ਮੁਖ ਮੰਤਵ ਦੇ ਸੁਧਾਰਵਾਦੀ ਹੋਣ ਦੇ ਕਾਰਣ ਨਾ ਉਸ ਨਾਲ ਲੋਕਾਂ ਦੇ ਝੂਠ ਫ਼ਰੇਬ ਘਟ ਹੋਏ ਅਤੇ ਨਾ ਤੰਗੀ ਪਰੇਸ਼ਾਨੀ ਵਾਲੀ ਕ੍ਰਿਆ ਦੇ ਢੰਗ ਉਤੇ ਕੋਈ ਰੋਕ ਲੱਗੀ। ਧਰਮ ਦੀ ਭਾਵਨਾ ਨੇ ਲੋਕਾਂ ਦੀ ਪੀੜ, ਨਾਬਰਾਬਰੀ, ਦੁਖ ਅਤੇ ਤੰਗੀ-ਪ੍ਰੇਸ਼ਾਨੀ ਦੀ ਕ੍ਰਿਆ ਦੇ ਢੰਗਾਂ ਦੁਆਰਾ ਪੈਦਾ ਹੋਏ ਦੁਖਾਂ ਤਕਲੀਫ਼ਾਂ ਨੂੰ ਪਿਛਲੇ ਜਨਮ ਦਾ ਫਲ, ਭਾਗਾਂ ਦਾ ਫਲ ਅਤੇ ਪਾਪ-ਪੁੰਨ ਦੀ

ਪੁਰਾਣੀ ਵਿਚਾਰਧਾਰਾ ਨਾਲ ਜੋੜ ਦਿਤਾ, ਜਿਸ ਨਾਲ ਸੰਸਕ੍ਰਿਤਕ ਪਰੇਸ਼ਾਨੀ ਇਤਨੀ ਸੂਖਮ ਹੋ ਗਈ ਕਿ ਉਸ ਦਾ ਪ੍ਰਭਾਵ ਵਿਗਿਆਨਿਕ ਕ੍ਰਾਂਤੀ ਹੋਣ ਉਤੇ ਵੀ ਬਣਿਆ ਹੋਇਆ ਹੈ। ਵਰਗ ਸੰਘਰਸ਼ ਦਾ ਅਜਿਹਾ ਸਿਧਾ ਅਤੇ ਸਾਫ਼ ਰੂਪ ਸਾਡੇ ਦੇਸ਼ ਅੰਦਰ ਦੇਖਣ ਵਿਚ ਨਹੀਂ ਆਇਆ ਜਿਹਾ ਕਿ ਯੂਰਪ ਵਿਚ ਪ੍ਰਗਟ ਹੋਇਆ । ਸੰਸਕ੍ਰਿਤਕ ਦ੍ਰਿਸ਼ਟੀ ਨਾਲ ਬਹੁਤ ਪੁਰਾਣੀਆਂ ਅਤੇ ਮਿਲੀਆਂ-ਜੁਲੀਆਂ ਸਥਿਤੀਆਂ ਵਿਚੋਂ ਲੰਘਣ ਦੇ ਕਾਰਨ ਇਸ ਦੇਸ਼ ਵਿਚ ਵਰਗ ਸੰਘਰਸ਼ ਭੂਮਿਕਾ ਲਗਾਤਾਰ ਆਪਣਾ ਰੂਪ ਬਦਲਦੀ ਰਹੀ । ਜਾਤੀਵਾਦ ਅਤੇ ਕਿਸੇ ਹੱਦ ਤਕ ਸੰਪ੍ਰਦਾਇਕਤਾਵਾਦ, ਵਰਗ-ਸੰਘਰਸ਼ ਦੇ ਹੀ ਰੂਪ ਸਨ, ਜਿਨ੍ਹਾਂ ਦੇ ਕਾਰਨ ਅੱਜ ਵੀ ਤੰਗੀ ਪਰੇਸ਼ਾਨੀ ਦੇ ਢੰਗਾਂ ਨੂੰ ਜੀਉਂਦਾ ਰੱਖਿਆ ਹੋਇਆ ਹੈ। ਬਹੁਤ ਸਾਰੇ ਮਾਨਵਤਾਵਾਦੀ ਮੁੱਲਾਂ ਨਾਲ ਜੁੜੇ ਰਹਿਣ ਦੇ ਕਾਰਨ ਮੱਧਕਾਲ ਦੀ ਧਰਮ ਚੇਤਨਾ ਵਰਗ-ਸੰਘਰਸ਼ ਨੂੰ ਬਹੁਤ ਤੇਜ਼ ਹੋਣ ਤੋਂ ਰੋਕਦੀ ਰਹੀ ਅਤੇ ਇਸ ਦਾ ਐਨਾ ਵਿਆਪਕ ਪ੍ਰਭਾਵ ਭਾਰਤੀ ਲੋਕਾਂ ’ਤੇ ਰਿਹਾ ਹੈ ਅਤੇ ਅੱਜ ਤਕ ਬਣਿਆਂ ਹੋਇਆ ਹੈ ਕਿ ਉਦਯੋਗਿਕ ਕ੍ਰਾਂਤੀ ਦੇ ਮਗਰੋਂ ਵੀ ਵਰਗ ਸੰਘਰਸ਼ ਵਿਚ ਇਹ ਤੇਜ਼ੀ ਨਹੀਂ ਆਈ ਜਿਹੜੀ ਕਿ ਇਛਾ ਵਿਰੁਧ ਛੋਟੀ ਪਰੰਪਰਾ ਵਾਲੇ ਯੂਰਪ ਦੇ ਦੇਸ਼ਾਂ ਵਿਚ ਆ ਗਈ ਹੈ। ਪਿਛਲੇ ਸੌ ਸਾਲਾਂ ਵਿਚ ਭਾਰਤੀ ਜਨ ਜੀਵਨ ਵਿਚ ਬਹੁਤ ਸਾਰੀਆਂ ਮੁਢਲੀਆਂ ਤਬਦੀਲੀਆਂ ਆਈਆਂ ਹਨ । 1850 ਤੋਂ 1947 ਤਕ ਦਾ ਕਾਲ ਮੂਲ ਰੂਪ ਵਿਚ ਸੁਤੰਤਰਤਾ ਪ੍ਰਾਪਤ ਕਰਨ ਦਾ ਕਾਲ ਰਿਹਾ ਜਿਸ ਵਿਚ ਧਰਮ, ਸੰਸਕ੍ਰਿਤੀ, ਕਲਾ ਅਤੇ ਸਾਹਿੱਤ ਸਾਰਿਆਂ ਦੀ ਵਰਤੋਂ ਰਾਜਨੀਤਕ ਹਿੱਤਾਂ ਲਈ ਕੀਤੀ ਗਈ ਹੈ। ਜਾਣ ਬੁਝ ਕੇ ਅਜਿਹੀ ਨੀਤੀ ਅਪਣਾਈ ਗਈ ਜਿਸ ਨਾਲ ਸਾਰਾ ਸਮਾਜ ਇਕ ਜੁਟ ਹੋ ਕੇ ਸਮਾਜਵਾਦੀਆਂ, ਉਪਨਿਵੇਸ਼ਵਾਦੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਅੱਡ-ਅੱਡ ਕਰਕੇ ਲਲਕਾਰ ਸਕੇ ਅਤੇ ਇੰਞ ਉਨ੍ਹਾਂ ਨੂੰ ਆਪਣਾ ਮੁਖੜਾ ਛੁਪਾਉਣ ਦੀ ਵੀ ਵਿਹਲ ਨਾ ਮਿਲ ਸਕੀ। ਇਸ ਲਈ ਧਰਮ ਦੇ ਮਨੁਖਤਾਵਾਦੀ (ਸਰਬ ਜਨ ਵਿਆਪਕ) ਰੂਪ ਦੇ ਪ੍ਰਯੋਗ ਤੋਂ ਮੂੰਹ ਨਾ ਮੋੜਿਆ । ਸੋਚਿਆ ਗਿਆ ਕਿ Negation of Negation ਦੀ ਨੀਤੀ ਉਤੇ ਚਲ ਕੇ ਛੋਟੇ ਅਤੇ ਸੁਦੇਸ਼ੀ ਵਿਰੋਧੀਆਂ ਨੂੰ ਨਾਲ ਮਿਲਾ ਕੇ ਭਿਆਨਕ ਅਤੇ ਖੂੰਖਾਰ ਵਿਦੇਸ਼ੀ ਵੈਰੀਆਂ ਨੂੰ ਕਰਾਰੀ ਹਾਰ ਦਿਤੀ ਜਾਏ । ਸੰਘਰਸ਼ ਦੀ ਇਹ ਭੂਮਿਕਾ ਬਹੁਤ ਗੁੰਝਲਦਾਰ ਅਤੇ ਆਸਾਨੀ ਨਾਲ ਸਮਝ ਨਾ ਆਉਣ ਵਾਲੀ ਸਿਧ ਹੋਈ ਹੈ । ਇਹੋ ਕਾਰਣ ਹੈ ਕਿ ਮਾਰਕਸਵਾਦੀ ਵਿਚਾਰਕਾਂ ਨੇ ਇਸ ਆਜ਼ਾਦੀ ਦੇ ਸੰਘਰਸ਼ ਦੇ ਲਈ ਸਮੇਂ-ਸਮੇਂ ਆਪਣੇ ਨੇਮ ਬਦਲੇ। ਅੱਜ ਤਕ ਇਸ ਵਿਸ਼ੇ ਉਤੇ ਸਾਰਿਆਂ ਦਾ ਇਕ ਖ਼ਿਆਲ ਨਹੀਂ ਬਣ ਸਕਿਆ।

ਯਥਾਰਥਵਾਦੀ ਸਾਹਿਤ ਨੇ ਸਮਾਜ ਵਿਚ ਚੱਲਣ ਵਾਲੇ ਵਰਗ ਸੰਘਰਸ਼ ਨਾਲ ਆਪਣਾ ਸੰਪਰਕ ਬਣਾਇਆ ਹੋਇਆ ਹੈ; ਕਿਉਂਕਿ ਸਮਾਜ ਦੇ ਸੱਚੇ ਚਿਤਰਨ ਵਿਚ ਉਹ ਜੁ ਉਭਰ ਕੇ ਆਉਣੇ ਜ਼ਰੂਰੀ ਹਨ, ਜਿਨ੍ਹਾਂ ਦੀ ਭੂਮਿਕਾ ਸਮਾਜ ਨੂੰ ਅੱਗੇ

ਚਲਾਉਂਦੀ ਹੈ। ਕਮਯੂਨਿਸਟ ਘੋਸ਼ਨਾ ਪੱਤਰ ਵਿਚ ਮਾਰਕਸ ਨੇ ਇਸ ਪਾਸੇ ਵਲ ਸਪੱਸ਼ਟ ਸੰਕੇਤ ਦਿਤਾ ਹੈ। ਸਮਾਜ ਅੰਦਰ ਦੁਖ ਝੱਲਣ ਵਾਲਿਆਂ ਤੋਂ ਦੁਖ ਦੇਣ ਵਾਲਿਆਂ ਵਿਚ ਕੜਾ ਸੰਘਰਸ਼ ਚਲਦਾ ਆਇਆ ਹੈ। ਇਹ ਦੋਵੇਂ ਵਰਗ ਕਦੀ ਛੁਪ ਕੇ ਤੇ ਕਦੀ ਪ੍ਰਗਟ ਰੂਪ ਵਿਚ ਇਕ ਦੂਜੇ ਨਾਲ ਲੜਦੇ ਰਹੇ। ਇਸ ਲੜਾਈ ਦੇ ਸਿੱਟੇ ਵਜੋਂ ਸਮਾਜ ਦੇ ਸਾਰੇ ਢਾਂਚੇ ਅੰਦਰ ਕ੍ਰਾਂਤੀਕਾਰੀ ਤਬਦੀਲੀ ਹੋ ਜਾਂਦੀ ਜਾਂ ਦੋਵੇਂ ਵਿਰੋਧੀ ਵਰਗ ਨਸ਼ਟ ਹੋ ਜਾਂਦੇ। ਸਾਮੰਤੀ ਸਮਾਜ ਦੇ ਨਾਸ਼ ਹੋਣ ਤੋਂ ਪੈਦਾ ਹੋਏ ਆਧੁਨਿਕ ਪੂੰਜੀਵਾਦੀ ਸਮਾਜ ਨੇ ਵਰਗ-ਵਿਰੋਧਾਂ ਨੂੰ ਸਮਾਪਤ ਨਹੀਂ ਕੀਤਾ। ਉਸ ਨੇ ਕੇਵਲ ਪੁਰਾਣੇ ਵਰਗਾਂ ਦੀ ਥਾਂ 'ਤੇ ਨਵੇਂ ਵਰਗ, ਪੀੜਨ ਦੀ ਨਵੀਂ ਪ੍ਰਣਾਲੀ ਅਤੇ ਸੰਘਰਸ਼ ਦੇ ਨਵੇਂ ਸਰੂਪ ਖੜੇ ਕਰ ਦਿਤੇ ਹਨ। ਪੂੰਜੀਵਾਦੀ ਯੁੱਗ ਦੀ, ਦੂਜੇ ਯੁੱਗਾਂ ਦੀ ਤੁਲਨਾ ਵਿਚ ਬਸ ਇਹੀ ਵਿਸ਼ੇਸ਼ਤਾ ਹੈ ਕਿ ਇਸ ਨੇ ਵਰਗ ਵਿਰੋਧਾਂ ਨੂੰ ਸਰਲ ਬਣਾ ਦਿਤਾ ਹੈ। ਜਿਥੇ ਵਰਗ ਸੰਘਰਸ਼ ਦਾ ਇਤਿਹਾਸ ਸਮਾਜ ਦਾ ਇਤਿਹਾਸ ਹੁੰਦਾ ਹੈ, ਉਥੇ ਵਰਗ ਸੰਘਰਸ਼ ਦਾ ਮੁੱਖ ਕਲਾਤਮਕ ਆਲੇਖਨ ਸਾਹਿਤ ਅਖਵਾਉਂਦਾ ਹੈ।

ਸਮਾਜ ਵਿਕਾਸ ਦੀ ਪ੍ਰਕ੍ਰਿਆ ਨੂੰ ਪ੍ਰਗਤੀ ਅਤੇ ਸਹੀ ਦਿਸ਼ਾ ਵਲ ਅਗਰਸਰ ਕਰਨ ਵਾਲੀਆਂ ਸ਼ਕਤੀਆਂ ਤੋਂ ਪ੍ਰਗਤੀਵਾਦੀ ਸਾਹਿਤ ਸ਼ਕਤੀ ਹਾਸਲ ਕਰਦਾ ਹੋਇਆ ਮੁੜ ਇਸੇ ਵਾਮ-ਪੱਖੀ ਸ਼ਕਤੀਆਂ ਦਾ ਮਾਰਗ-ਦਰਸ਼ਨ ਵੀ ਕਰਦਾ ਹੈ। ਭਾਰਤ ਦੀ ਮੌਜੂਦਾ ਸਮਾਜਕ ਵਿਵਸਥਾ ਵਿਚ ਕਿਰਤੀ (ਪ੍ਰੋਲਤਾਰੀ) ਤੇ ਕਿਸਾਨੀ, ਦੋਵੇਂ ਅਜਿਹੀਆਂ ਹੀ ਸ਼ਕਤੀਆਂ ਹਨ, ਜਿਨ੍ਹਾਂ ਤੋਂ ਪ੍ਰਗਤੀਵਾਦੀ ਸਾਹਿਤ ਨੇ ਆਪਣੇ ਪ੍ਰਾਣ-ਤੱਤ ਹਾਸਲ ਕਰਨੇ ਹਨ ਅਤੇ ਮੁੜ ਇਨ੍ਹਾਂ ਸ਼੍ਰੇਣੀਆਂ ਦਾ ਪੱਖ : ਸਮਰਥਨ ਕਰਦਾ ਹੋਇਆ ਇਹ ਸਾਹਿਤ ਇਨ੍ਹਾਂ ਦੇ ਕਲਿਆਣ ਦਾ ਹੀ ਮੁੱਖ ਲਕਸ਼ ਸਾਹਮਣੇ ਰੱਖਦਾ ਹੈ। ਭਾਰਤੀ ਅਤੇ ਪੰਜਾਬੀ - ਪ੍ਰਗਤੀਵਾਦੀ ਸਾਹਿਤ ਇਨ੍ਹਾਂ ਵਿਚਾਰਧਾਰਕ ਸੂਤਰਾਂ ਦੇ ਪਰਿਪੱਖ ਨੂੰ ਸਾਹਮਣੇ ਰੱਖਦਾ ਹੋਇਆ, ਆਪਣੇ ਇਤਿਹਾਸਕ ਕਾਲ-ਖੰਡ ਦੀ ਵਸਤੂਗਤ ਸਥਿਤੀ ਤੇ ਸਮਾਜਕ ਯਥਾਰਥ ਵਿਚੋਂ ਉਤਪੰਨ ਰਾਜਨੀਤਕ, ਸਮਾਜਕ ਤੇ ਸਾਂਸਕ੍ਰਿਤਿਕ ਵਿਵੇਕ ਅਨੁਸਾਰ, ਵਿਸ਼ਾਲ ਰਾਸ਼ਟਰੀ ਸੁਤੰਤਰਤਾ ਅੰਦੋਲਨ ਦੇ ਸੰਘਰਸ਼ ਦੇ ਵਿਚਾਰਧਾਰਕ ਲਕਸ਼ਾਂ ਪ੍ਰਤੀ ਪ੍ਰਤਿਬੱਧ ਹੋ ਜਾਂਦਾ ਹੈ। ਇਸ ਬਿੰਦੂ 'ਤੇ ਆ ਕੇ ਰਾਜਨੀਤਕ ਵਿਵੇਕ ਤੇ ਕਾਰਜ ਅਤੇ ਸਾਂਸਕ੍ਰਿਤਿਕ ਵਿਵੇਕ ਤੇ ਪ੍ਰੇਰਣਾ ਇਕ ਦੂਸਰੇ ਦੇ ਪੂਰਕ ਬਣ ਜਾਂਦੇ ਹਨ, ਕਿਉਂਕਿ ਉਸ ਸਮੇਂ ਦੀ ਇਤਿਹਾਸਕ ਸਥਿਤੀ ਬਾਰੇ ਡਾ. ਕਰਮਜੀਤ ਸਿੰਘ ਦੀ ਪੁਸਤਕ ਆਧੁਨਿਕ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ ਅਨੁਸਾਰ,

> ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਪ੍ਰਿਸ਼ਠਭੂਮੀ ਵਿਚ ਸ਼੍ਰੇਣੀ ਸੰਘਰਸ਼ ਦੀ ਵਿਚਾਰਧਾਰਾ ਸੁਤੰਤਰਤਾ ਅੰਦੋਲਨ ਦਾ ਹੀ ਇਕ ਗਤੀਸ਼ੀਲ ਵਿਸਤਾਰ ਬਣ ਕੇ ਉਦੈ ਹੁੰਦੀ ਹੈ। ਸੁਤੰਤਰਤਾ ਅੰਦੋਲਨ ਦਾ ਚਰਿੱਤਰ ਵਿਆਪਕ ਰੂਪ ਵਿਚ ਭਾਰਤੀ ਮੱਧ ਸ਼੍ਰੇਣੀਆਂ ਦੇ ਵਰਗ-ਚਰਿੱਤਰ ਦੇ ਅਨੁਰੂਪ ਸੀ। ਕਿਰਤੀ-ਕਿਸਾਨ ਸ਼੍ਰੇਣੀਆਂ ਵਿਚ ਸਰਮਾਇਦਾਰੀ, ਜਾਗੀਰਦਾਰੀ ਪ੍ਰਬੰਧ ਦੇ ਪ੍ਰਤਿਕਰਮ ਵਿਚ ਰੋਸ ਅਤੇ ਵਿਦਰੋਹ ਦੀ ਜੋ ਚੇਤਨਤਾ ਜਾਗ ਰਹੀ ਸੀ, ਉਸ ਲਈ ਸੁਤੰਤਰਤਾ ਅੰਦੋਲਨ ਦੇ ਸੰਘਰਸ਼ ਦੇ ਅਨੁਸ਼ਾਸਨ ਤੇ ਸੰਗਠਨ ਨੂੰ ਪ੍ਰਵਾਨ ਕਰਨਾ ਇਤਿਹਾਸਕ ਸਥਿਤੀ ਦੇ ਵਿਵੇਕ ਦੀ ਮੰਗ ਸੀ। ਸਾਮਰਾਜੀ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰਨਾ ਨਿਸਚੇ ਹੀ ਭਾਰਤ ਦੇ ਇਤਿਹਾਸਕ ਯਥਾਰਥ ਦੀ ਤਤਕਾਲਿਕ ਲੋੜ ਸੀ। ਇਹ ਲੋੜ ਹੀ ਭਾਰਤੀ ਮੱਧ ਸ਼੍ਰੇਣੀਆਂ ਅਤੇ ਕਿਰਤੀ-ਕਿਸਾਨ ਸ਼੍ਰੇਣੀਆਂ ਦੇ ਹਿਤਾਂ ਨੂੰ ਰਾਸ਼ਟਰਵਾਦੀ ਅੰਦੋਲਨ ਵਿਚ ਇਕਾਗਰ ਕਰਨ ਦੀ ਮੁੱਖ ਪ੍ਰੇਰਨਾ ਬਣੀ... ਇਸ ਲਈ ਰਾਸ਼ਟਰਵਾਦੀ ਅੰਦੋਲਨ ਪ੍ਰਗਤੀਵਾਦੀ ਧਾਰਾ ਦੇ ਇਨ੍ਹਾਂ ਲਕਸ਼ਾਂ ਦੀ ਪ੍ਰੇਰਨਾ ਭੂਮੀ ਸੀ ਅਤੇ ਦਵੰਦਵਾਦੀ ਪਦਾਰਥਵਾਦੀ ਦੀ ਪ੍ਰਗਤੀਵਾਦੀ ਚੇਤਨਾ ਤੇ ਸਾਹਿਤ ਇਨ੍ਹਾਂ ਦੀ ਪ੍ਰਾਪਤੀ ਦਾ ਇਕਰਾਰ ਸੀ। (ਕਰਮਜੀਤ ਸਿੰਘ, 110-111)

ਪ੍ਰਗਤੀਵਾਦੀ ਯਥਾਰਥਵਾਦ ਮੂਲ ਰੂਪ ਵਿਚ ਇਕ ਦਾਰਸ਼ਨਿਕ ਪ੍ਰਸ਼ਨ ਹੈ, ਨਾ ਕਿ ਸ਼ੁੱਧ ਸਾਹਿਤਕ ਪ੍ਰਸ਼ਨ। ਵਿਗਿਆਨਕ ਵਿਸ਼ਵ-ਦ੍ਰਿਸ਼ਟੀ ਦੇ ਉਦੈ ਹੋਣ 'ਤੇ ਯਥਾਰਥਕ ਜੀਵਨ- ਦ੍ਰਿਸ਼ਟੀ ਦੇ ਸਥਾਪਿਤ ਹੋਣ ਦੇ ਨਾਲ-ਨਾਲ ਹੀ ਸਾਹਿਤ ਵਿਚ ਵੀ 'ਯਥਾਰਥਵਾਦ' ਦਾ ਉਦੈ ਹੁੰਦਾ ਹੈ। ਇਸ ਤਰ੍ਹਾਂ ਸਾਹਿਤ ਅਤੇ ਕਲਾ ਦੀ ਇਤਿਹਾਸਕ ਸਿਰਜਣਾਤਮਕ ਵਿਕਾਸ ਪ੍ਰਕਿਰਿਆ ਵਿਚ ਯਥਾਰਥਵਾਦ ਬਾਰੇ ਚਿੰਤਨ ਵੀ ਵਿਕਸਿਤ ਹੁੰਦਾ ਰਿਹਾ ਹੈ ਅਤੇ ਇਸ ਬਾਰੇ ਸਾਹਿਤ-ਸਿਧਾਂਤ ਵੀ ਨਿਮਿਤ ਹੁੰਦੇ ਰਹੇ ਹਨ। ਇਉਂ ਯਥਾਰਥਵਾਦ ਇਕ ਜੀਵਨ-ਦ੍ਰਿਸ਼ਟੀ ਤੋਂ ਰਚਨਾ-ਦ੍ਰਿਸ਼ਟੀ ਭਾਸ਼ਾ ਰਚਨਾ, ਪੱਧਤੀ ਬਣਦਾ ਗਿਆ। ਇਸ ਲਈ ਬੁਰਜਵਾ ਸਾਹਿਤ-ਸ਼ਾਸਤਰੀਆਂ ਵਾਂਗ ਯਥਾਰਥਵਾਦ ਨੂੰ ਨਿਰੋਲ ਰਚਨਾ-ਪੱਧਤੀ ਅਥਵਾ ਰਚਨਾ-ਦ੍ਰਿਸ਼ਟੀ ਤਕ ਸੀਮਿਤ ਕਰ ਦੇਣਾ, ਅਸਾਹਿਤਕ ਤੇ ਗ਼ੈਰ-ਵਿਗਿਆਨਕ ਹੈ। ਯਥਾਰਥਵਾਦ ਇਕ ਰਚਨਾ-ਪੱਧਤੀ ਤੇ ਇਕ ਰਚਨਾ-ਦ੍ਰਿਸ਼ਟੀ ਵੀ ਹੈ ਜਿਸ ਦਾ ਅਨਿਵਾਰੀ ਸੰਬੰਧ ਜੀਵਨ-ਦ੍ਰਿਸ਼ਟੀ ਨਾਲ ਜਾ ਜੁੜਦਾ ਹੈ। ਇਸ ਲਈ ਯਥਾਰਥਵਾਦ ਦਾ ਇਕ ਸਰੋਕਾਰ (concern) ਤੇ ਰਿਸ਼ਤਾ (relation) ਸਾਹਿਤ ਇਤਿਹਾਸ ਦੀ ਰੂਪਾਤਮਕ ਪਰੰਪਰਾ ਨਾਲ ਜਾ ਜੁੜਦਾ ਹੈ ਤੇ ਦੂਸਰਾ ਇਸ ਦੇ ਸਾਰ ਤੱਤ ਨਾਲ,

ਅਰਥਾਤ ਯਥਾਰਥਵਾਦ ਦਾ ਇਕ ਪੱਖ ਕਲਾ-ਰਚਨਾ ਨਾਲ ਜੁੜਦਾ ਹੈ, ਦੂਸਰਾ, ਮਨੁੱਖ ਦੀ ਚਿੰਤਨ- ਧਾਰਾ ਨਾਲ। ਜੀਵਨ-ਦ੍ਰਿਸ਼ਟੀ ਕਿਸੇ ਵਿਸ਼ਵ-ਦ੍ਰਿਸ਼ਟੀ ਦੇ ਅਧੀਨ ਹੀ ਉਸਰਦੀ ਤੇ ਰੂਪ ਧਾਰਦੀ ਹੈ, ਇਸ ਲਈ ਭੌਤਿਕਵਾਦੀ ਤੇ ਭਾਵਵਾਦੀ ਵਿਸ਼ਵ-ਦ੍ਰਿਸ਼ਟੀਆਂ ਅਧੀਨ ਉਸਰੀਆਂ ਜੀਵਨ-ਦ੍ਰਿਸ਼ਟੀਆਂ ਨੇ ਯਥਾਰਥ ਤੇ ਯਥਾਰਥਵਾਦ ਨੂੰ ਵੀ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ । ਇਸ ਲਈ ਬੁਰਜਵਾ ਸਾਹਿਤ-ਚਿੰਤਕਾਂ ਅਤੇ ਵਿਗਿਆਨਕ ਤੇ ਪ੍ਰਗਤੀਵਾਦੀ ਸਾਹਿਤ-ਚਿੰਤਕਾਂ ਦੀ ਯਥਾਰਥਵਾਦ ਬਾਰੇ ਸਮਝ ਵੱਖੋ-ਵੱਖਰੀ ਹੈ । ਇਥੋਂ ਸਾਡਾ ਸੰਬੰਧ ਵਿਗਿਆਨਕ ਦ੍ਰਿਸ਼ਟੀ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ 'ਪ੍ਰਗਤੀਵਾਦੀ ਯਥਾਰਥਵਾਦ' ਦੀ ਵਿਆਖਿਆ ਕਰਨ 'ਤੇ ਇਸ ਨੂੰ ਪਰਿਭਾਸ਼ਿਤ ਕਰਨ ਦਾ ਹੈ । ਸ਼੍ਰੇਣਿਕ ਸਮਾਜ ਵਿਚ ਯਥਾਰਥਵਾਦ ਨੂੰ ਪਰਿਭਾਸ਼ਿਤ ਕਰਨਾ ਹੋਰ ਵੀ ਕਠਿਨ ਹੈ । ਇਸ ਲਈ 'ਪ੍ਰਗਤੀਵਾਦੀ ਯਥਾਰਥਵਾਦ' ਦੀ ਪਰਿਭਾਸ਼ਾ ਤੇ ਵਿਆਖਿਆ, ਮਾਰਕਸਵਾਦੀ ਜੀਵਨ-ਦ੍ਰਿਸ਼ਟੀ ਦੇ ਅੰਤਰਗਤ ਹੀ ਸਹੀ ਤੇ ਉਪਯੁਕਤ ਰੂਪ ਵਿਚ ਹੋ ਸਕਦੀ ਹੈ। ਦਰਅਸਲ, ਮਾਰਕਸਵਾਦ ਸੁਹਜ-ਸ਼ਾਸਤਰ ਦੇ ਉਤਪਾਦਨ ਨੂੰ, ਸਮਾਜ ਦੀ ਸਮੁੱਚੀ ਉਤਪਾਦਨ-ਵਿਵਸਥਾ ਦੇ ਅਧੀਨ ਹੀ ਵੇਖਦਾ-ਪਰਖਦਾ ਹੈ । ਇਸ ਲਈ ਸਮਾਜ ਦੀ ਉਤਪਾਦਨ-ਵਿਵਸਥਾ ਨਾਲ ਸੁਹਜ-ਸ਼ਾਸਤਰ ਅਥਵਾ ਯਥਾਰਥਵਾਦ ਦਾ ਮਸਲਾ ਅਟੁੱਟ ਰੂਪ ਵਿਚ ਜੁੜਿਆ ਹੋਇਆ ਹੈ। ਟਰੈਗਰ ਅਨੁਸਾਰ, ਯਥਾਰਥਵਾਦ ਦਾ ਮਾਰਕਸੀ ਸਿਧਾਂਤ ਪੂੰਜੀਵਾਦ ਤੇ ਸਮਾਜਵਾਦ ਵਿਚ ਸੰਕ੍ਰਾਂਤੀ ਦੀਆਂ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਦਰਅਸਲ ਇਸ ਦਰਜੇ ਦੀ ਕੇਂਦ੍ਰੀਅਤਾ ਸਾਹਿਤਕ ਅਥਵਾ ਸੌਂਦਰਯਪਰਕ ਉਤਪਾਦਨ ਨੂੰ ਸੰਪੂਰਨ ਉਤਪਾਦਨ ਪ੍ਰਣਾਲੀ ਦੇ ਇਕ ਅਟੁੱਟ ਅੰਗ ਦੇ ਰੂਪ ਵਿਚ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਹੀ ਪਰਿਣਾਮ ਹੈ । ਸ਼੍ਰੇਣਿਕ ਸਮਾਜ ਵਿਵਸਥਾ ਵਿਚ ਸ਼੍ਰੇਣੀ ਸੰਘਰਸ਼ ਹਮੇਸ਼ਾ ਧੀਮੀ ਜਾਂ ਤੇਜ਼ ਗਤੀ ਨਾਲ ਚਲਦਾ ਰਹਿੰਦਾ ਹੈ । ਪ੍ਰਗਤੀਵਾਦੀ ਸ਼੍ਰੇਣੀ ਸਮਾਜਕ ਯਥਾਰਥ ਵਿਚ ਉਦੇ ਹੋ ਰਹੇ ਨਵੇਂ ਤੱਥਾਂ ਨੂੰ ਆਤਮਸਾਤ ਕਰਦੀ ਜਾਂਦੀ ਹੈ ਅਤੇ ਉਸ ਦੇ ਹਿਤਾਂ ਦਾ ਟਕਰਾਉ ਪ੍ਰਤਿਗਾਮੀ ਸ਼੍ਰੇਣੀ ਨਾਲ ਤੀਬਰ ਹੁੰਦਾ ਜਾਂਦਾ ਹੈ । ਦੂਜੇ ਪਾਸੇ, ਪ੍ਰਤਿਗਾਮੀ ਸ਼੍ਰੇਣੀ ਸਮਾਜਕ ਯਥਾਰਥ ਵਿਚ ਪੈਦਾ ਹੋ ਰਹੇ ਅੰਤਰ-ਵਿਰੋਧਾਂ ਨੂੰ ਸੁਲਝਾਉਣ ਦੇ ਅਸਮਰਥ ਰਹਿੰਦੀ ਹੈ, ਇਸ ਲਈ ਉਹ ਸਮਾਜਕ ਯਥਾਰਥ ਨੂੰ ਉਸ ਦੀ ਵਸਤੂਪਰਕਤਾ ਵਿਚ ਪ੍ਰਸਤ ਕਰਨ ਦੀ ਬਜਾਇ ਇਸ ਦਾ ਵਿਕ੍ਰਿਤ ਰੂਪ ਹੀ ਪੇਸ਼ ਕਰਦੀ ਹੈ, ਜਿਸ ਦਾ ਪ੍ਰਭਾਵ ਸਾਹਿਤ ਅਤੇ ਕਲਾ ਉਤੇ ਵੀ ਆਵੱਸ਼ ਪੈਂਦਾ ਹੈ । ਇਸ ਲਈ ਯਥਾਰਥ ਦੀ ਸਹੀ ਸਮਝ ਲਈ ਪ੍ਰਗਤੀਵਾਦੀ ਜੀਵਨ- ਦ੍ਰਿਸ਼ਟੀ ਤੇ ਵਿਚਾਰਧਾਰਾ ਦੀ ਲੋੜ ਪੈਂਦੀ ਹੈ, ਜਿਸ ਨਾਲ ਉਹ ਸਮਾਜ ਵਿਚ ਵਿਆਪਕ ਅੰਤਰ-ਵਿਰੋਧਾਂ ਨੂੰ ਉਸ ਦੇ ਸਹੀ ਪਰਿਪੇਖ ਵਿਚ

ਵੇਖ ਸਕਣ ਅਤੇ ਸਮਾਜਕ ਯਥਾਰਥ ਨੂੰ ਉਸ ਦੀ ਸਮੱਗਰਤਾ ਵਿਚ ਗ੍ਰਹਿਣ ਕਰ ਸਕਣ। ਇਸ ਲਈ ਯਥਾਰਥਵਾਦ ਦਾ ਮਸਲਾ ਲੇਖਕ ਦੇ ਵਸਤੂਗਤ ਜਗਤ ਨਾਲ ਉਸ ਦੇ ਰਵਈਏ ਤੋਂ ਹੀ ਨਿਰਧਾਰਿਤ ਹੋ ਸਕਦਾ ਹੈ। ਹਰ ਲੇਖਕ ਦਾ ਆਪਣੇ ਜਮਾਤੀ ਚਰਿੱਤਰ ਦੇ ਅਨੁਰੂਪ ਯਥਾਰਥ ਪ੍ਰਤਿ ਵੀ ਰਵਈਆ ਵੱਖੋ-ਵੱਖਰਾ ਹੋਵੇਗਾ। ਇਸ ਲਈ ਬਰੈਖ਼ਤ ਦਾ ਕਹਿਣਾ ਸੀ ਕਿ ਯਥਾਰਥਵਾਦ ਸਿਰਫ ਸਾਹਿਤ ਦਾ ਹੀ ਇਕ ਮੁੱਦਾ ਨਹੀਂ ਹੈ, ਬਲਕਿ ਇਕ ਵੱਡਾ ਰਾਜਨੀਤਕ, ਦਾਰਸ਼ਨਿਕ ਅਤੇ ਵਿਵਹਾਰਕ ਮੁੱਦਾ ਹੈ ਜਿਸ ਨੂੰ ਦਰਅਸਲ ਆਮ ਮਾਨਵੀ ਹਿਤ ਦੇ ਸੰਦਰਭ ਵਿਚ ਹੀ ਦੇਖਿਆ-ਪਰਖਿਆ ਜਾਣਾ ਚਾਹੀਦਾ ਹੈ। ਮਾਰਕਸ-ਏਂਗਲਜ਼ ਨੇ ਸਰਵਹਾਰਾ ਵਰਗ ਦੀ ਇਤਿਹਾਸਕ ਭੂਮਿਕਾ ਦੇ ਸਿਧਾਂਤ ਨੂੰ ਸਰਵਹਾਰਾ ਦੇ ਹਿਤ ਨਾਲ ਜੁੜੇ ਸੰਬੰਧਾਂ ਦੇ ਦਾਇਰੇ ਵਿਚ ਹੀ ਦੇਖਿਆ ਅਤੇ ਇਸ ਦੀ ਵਿਆਖਿਆ ਕੀਤੀ। ਇਸ ਵਿਚਾਰ ਦੇ ਅਧੀਨ ਉਨ੍ਹਾਂ ਦੀ ਸਮਝ ਅਨੁਸਾਰ ਸਮੱਗਰ ਸਾਹਿਤ ਦਾ ਪਰਿਪੇਖ ਯਥਾਰਥਵਾਦ ਹੈ ਅਤੇ ਇਸ ਲਈ ਸਾਹਿਤ ਦਾ ਵਿਕਾਸ ਯਥਾਰਥਵਾਦੀ ਸਾਹਿਤ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ। ਨਵਾਂ ਯਥਾਰਥਵਾਦ-ਪ੍ਰਗਤੀਵਾਦੀ ਯਥਾਰਥਵਾਦ ਕੇਵਲ ਕ੍ਰਾਂਤੀਕਾਰੀ ਪ੍ਰਕ੍ਰਿਆ ਦੇ ਰੂਪ ਵਿਚ ਹੀ ਰਚਿਆ ਜਾ ਸਕਦਾ ਹੈ। ਇਹ ਰੁਖ਼ ਦਵੰਦਾਤਮਕ ਦਰਸ਼ਨ ਅਥਵਾ ਅੰਤਰ-ਵਿਰੋਧਾਂ ਦੇ ਸਿਧਾਂਤਾਂ ਨੂੰ ਅਪਣਾ ਕੇ ਹੀ ਸਹੀ ਪਰਿਪੇਖ ਦੀ ਉਸਾਰੀ ਕਰ ਸਕਦਾ ਹੈ। ਯਥਾਰਥ ਚਿਤਰਨ ਵਾਸਤਵਿਕ ਜਗਤ ਦੇ ਸਾਡੇ ਗਿਆਨ ਉਤੇ ਨਿਰਭਰ ਹੁੰਦਾ ਹੈ। ਜੋ ਲੇਖਕ ਸਮਾਜ ਨੂੰ ਗਤੀਸ਼ੀਲ ਮੰਨਦਾ ਹੈ, ਸਮਾਜ ਦੀ ਗਤੀ ਦੇ ਲਕਸ਼ ਨੂੰ ਪਹਿਚਾਣਦਾ ਹੈ ਜੋ ਉਸ ਦੇ ਕ੍ਰਾਂਤੀਕਾਰੀ ਅਤੇ ਅਗਰਗਾਮੀ ਤੱਤਾਂ ਨਾਲ ਸਹਾਨੁਭੂਤੀ ਰਖਦਾ ਹੈ, ਉਹ ਯਥਾਰਥਵਾਦੀ ਚਿਤਰਨ ਵਿਚ ਇਸ ਗਤੀ, ਦਿਸ਼ਾ ਅਤੇ ਲਕਸ਼ ਦਾ ਉਲੇਖ ਅਵੱਸ਼ ਕਰੇਗਾ। ਇਸ ਲਈ ਪ੍ਰਗਤੀਵਾਦੀ ਲੇਖਕ ਲਈ ਪਹਿਲਾ ਸੁਆਲ ਸਹੀ ਪਰਿਪੇਖ ਉਸਾਰਨ ਦਾ ਹੈ। ਪ੍ਰਗਤੀਵਾਦੀ ਜੀਵਨ-ਦ੍ਰਿਸ਼ਟੀ ਉਹੀ ਮੰਨੀ ਜਾਵੇਗੀ ਜਿਹੜੀ ਸਮਾਜਕ ਯਥਾਰਥ ਵਿਚ ਕਿਸੇ ਅਗਾਂਹਵਧੂ ਕ੍ਰਿਆਸ਼ੀਲ ਸ਼੍ਰੇਣੀ ਦੀ ਹੋਵੇਗੀ, ਅਰਥਾਤ ਜਿਹੜੀ ਸ਼੍ਰੇਣੀ ਮੌਜੂਦਾ ਸਮਾਜਕ ਵਿਵਸਥਾ ਵਿਚ ਪ੍ਰਗਤੀਸ਼ੀਲ ਕਿਰਦਾਰ ਨਿਭਾ ਰਹੀ ਹੋਵੇ। ਲੇਖਕ ਦਾ ਉਸ ਅਗਾਂਹਵਧੂ ਸ਼੍ਰੇਣੀ ਦੀ ਜੀਵਨ-ਦ੍ਰਿਸ਼ਟੀ ਨੂੰ ਅਪਨਾਉਣ ਦਾ ਅਰਥ ਉਸ ਨਾਲ ਵਿਆਪਕ ਰੂਪ ਵਿਚ ਤਦਰੂਪਤਾ ਪ੍ਰਾਪਤ ਕਰਨਾ ਹੈ। ਕੋਈ ਲੇਖਕ ਕਿੰਨਾ ਇਸ ਸ਼੍ਰੇਣੀ ਦੀ ਵਾਸਤਵਿਕ ਸਥਿਤੀ ਨੂੰ ਸਮਝਦਾ ਅਤੇ ਆਤਮਸਾਤ ਕਰਦਾ ਹੈ, ਉਸ ਦੀਆਂ ਸਮੱਸਿਆਵਾਂ, ਉਸ ਦੇ ਅੰਤਰ-ਵਿਰੋਧਾਂ ਅਤੇ ਦੁੱਖਾਂ-ਦਰਦਾਂ ਨਾਲ ਕਿੰਨੀ ਕੁ ਸਾਂਝ ਸਥਾਪਿਤ ਕਰਦਾ ਹੈ ਅਤੇ ਕਿਥੋਂ ਤਕ ਉਹ ਇਨ੍ਹਾਂ ਸਮੱਸਿਆਵਾਂ ਵਿਚ ਸਰਗਰਮ ਵਿਵਹਾਰਕ ਰੂਪ ਭਾਗੀਦਾਰੀ ਕਰਦਾ ਹੈ—ਇਹ ਸਾਰੀਆਂ ਗੱਲਾਂ ਉਸ ਦੇ ਲੇਖਣ ਦੇ ਸਰੂਪ ਨੂੰ ਨਿਸ਼ਚਿਤ

ਕਰਦੀਆਂ ਹਨ । ਜਿੰਨਾ ਉਹ ਇਸ ਸ਼੍ਰੇਣੀ ਦੀ ਵਾਸਤਵਿਕ ਸਥਿਤੀ ਨੂੰ ਆਪਣੇ ਜੀਵਨ ਅਨੁਭਵ ਦਾ ਅੰਗ ਬਣਾਵੇਗਾ, ਜਿੰਨੀ ਡੂੰਘਾਈ ਤੇ ਗਹਿਰਾਈ ਨਾਲ ਇਸ : ਸ਼੍ਰੇਣੀ ਨਾਲ ਜੁੜਿਆ ਹੋਵੇਗਾ ਉੱਨੀ ਹੀ ਉਸ ਦੀ ਰਚਨਾ ਯਥਾਰਥਵਾਦੀ ਹੋਵੇਗੀ। ਪ੍ਰਗਤੀਵਾਦੀ ਲੇਖਕ ਤੇ ਸਾਹਿਤਕਾਰ ਦਾ ਕੰਮ ਪ੍ਰਗਤੀਸ਼ੀਲ ਸ਼੍ਰੇਣੀ ਨਾਲ ਵਿਆਪਕ ਰੂਪ ਵਿਚ ਤਦਰੂਪਤਾ, ਉਸ ਨਾਲ ਗਹਿਰੀ ਭਾਵਾਤਮਕ ਸਮਰੂਪਤਾ ਸਥਾਪਿਤ ਕਰ ਕੇ, ਉਸ ਸ਼੍ਰੇਣੀ ਦੀ ਵਾਸਤਵਿਕ ਪਰਿਸਥਿਤੀ ਨੂੰ ਆਪਣੇ ਜੀਵਨ-ਅਨੁਭਵ ਦਾ ਅੰਗ ਬਣਾ ਕੇ ਯਥਾਰਥਕ ਕਿਰਤ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਇਸ ਵਾਸਤਵਿਕ ਯਥਾਰਥ ਨੂੰ ਤਬਦੀਲ ਕਰਨ ਵਾਸਤੇ ਮਾਰਗ-ਦਰਸ਼ਨ ਕਰਨਾ ਵੀ ਹੈ । ਜਿੰਨਾ ਕੋਈ ਲੇਖਕ ਇਸ ਤਬਦੀਲੀ ਲਈ ਸੰਕਲਪਬੱਧ ਹੋਵੇਗਾ, ਜਿੰਨੀ ਉਸ ਦੀ ਇਸ ਤਬਦੀਲੀ ਲਈ ਵਿਵਹਾਰਕ ਸਰਗਰਮੀ ਹੋਵੇਗੀ, ਉਸੇ ਮਾਤਰਾ ਵਿਚ ਉਸ ਦੀ ਰਚਨਾ ਪ੍ਰਗਤੀਵਾਦੀ ਯਥਾਰਥਵਾਦ ਦੀ ਲਖਾਇਕ ਹੋਵੇਗੀ। ਪ੍ਰਗਤੀਵਾਦੀ ਯਥਾਰਥਵਾਦ ਲਈ ਇਸ ਦਾ ਅੰਤਿਮ ਅਤੇ ਵਿਸ਼ੇਸ਼ ਮਹੱਤਵਪੂਰਣ ਨੁਕਤਾ, ਪ੍ਰਗਤੀਵਾਦੀ ਲੇਖਕ ਅਤੇ ਸਾਹਿਤਕਾਰ ਦਾ ਪ੍ਰਤਿਭਾ-ਸੰਪੰਨ ਹੋਣਾ ਹੈ। ਜੇ ਪ੍ਰਗਤੀਵਾਦੀ ਲੇਖਕ ਕੋਲ ਵਿਗਿਆਨਕ ਜੀਵਨ-ਦ੍ਰਿਸ਼ਟੀ ਹੈ, ਸਹੀ ਪਰਿਪੇਖ ਹੈ, ਪ੍ਰਗਤੀ-ਸ਼ੀਲ ਸ਼੍ਰੇਣੀ ਨਾਲ ਵਿਆਪਕ ਰੂਪ ਵਿਚ ਭਾਵਾਤਮਕ ਸਾਂਝ ਹੈ, ਸਮਾਜਕ ਯਥਾਰਥ ਉਤੇ ਉਸ ਦੀ ਸਹੀ ਪਕੜ ਹੈ ਅਤੇ ਇਸ ਯਥਾਰਥ ਨੂੰ ਤਬਦੀਲ ਕਰਨ ਲਈ ਪੂਰੀ ਤਰ੍ਹਾਂ ਸੰਕਲਪਬੱਧ ਵੀ ਹੈ, ਤਾਂ ਵੀ ਜੋ ਉਸ ਲੇਖਕ ਕੋਲ ਸਾਹਿਤਕ ਪ੍ਰਤਿਭਾ ਦਾ ਅਭਾਵ ਹੈ ਤਾਂ ਉਹ ਉਚਤਮ ਯਥਾਰਥਵਾਦੀ ਰਚਨਾ ਦੇਣ ਤੋਂ ਅਸਮਰੱਥ ਹੋਵੇਗਾ। ਪ੍ਰਗਤੀਵਾਦੀ ਲੇਖਕ ਤੇ ਸਾਹਿਤਕਾਰ ਲਈ ਭਾਸ਼ਾ ਅਤੇ ਸ਼ਿਲਪ ਦਾ ਵਿਸ਼ੇਸ਼ੱਗ ਹੋਣਾ ਆਵੱਸ਼ਕ ਹੈ । ਕਲਾਤਮਕ ਪ੍ਰਤਿਭਾ ਅਤੇ ਨਿਪੁੰਨਤਾ ਨੂੰ ਇਸ ਸੰਦਰਭ ਵਿਚ ਸਿਰਮੌਰਤਾ ਪ੍ਰਾਪਤ ਹੈ। ਸੋ, 'ਪ੍ਰਗਤੀਵਾਦੀ ਯਥਾਰਥਵਾਦ' ਦੇ ਲੇਖਕ ਤੇ ਸਾਹਿਤਕਾਰ ਲਈ ਵਿਗਿਆਨਕ ਤੇ ਪ੍ਰਗਤੀਵਾਦੀ ਜੀਵਨ-ਦਰਸ਼ਨ ਕਿਸਾਨ-ਮਜ਼ਦੂਰ ਸ਼੍ਰੇਣੀ ਦੀ ਪਰਿਸਥਿਤੀ ਨਾਲ ਤਦਰੂਪਤਾ, ਸਮਾਜਕ ਵਾਸਤਵਿਕਤਾ ਦੇ ਪਰਿਵਰਤਨ ਲਈ ਦ੍ਰਿੜ ਸੰਕਲਪਬੱਧਤਾ ਦੇ ਨਾਲ-ਨਾਲ, ਇਸ ਸ਼੍ਰੇਣੀ ਦੀ ਪਰਿਸਥਿਤੀ ਨੂੰ ਉਸਦੇ ਸਮੱਗਰ ਰੂਪ ਵਿਚ ਪ੍ਰਸਤੁਤ ਕਰਨ ਲਈ ਉੱਚਤਮ ਸਾਹਿਤਕ ਪ੍ਰਤਿਭਾ ਦੀ ਆਵੱਸ਼ਕਤਾ ਅਨਿਵਾਰੀ ਹੈ ।

ਪ੍ਰਗਤੀਵਾਦੀ ਯਥਾਰਥਵਾਦ ਯਥਾਰਥਵਾਦ ਦੇ ਵਿਕਾਸ ਦੇ ਵਿਭਿੰਨ ਸਥਾਪਿਤ ਪੜਾਵਾਂ ਦੀ ਕੋਟੀ ਵਿਚ ਨਹੀਂ ਆਉਂਦਾ। ਬੁਰਜੂਆ ਯਥਾਰਥਵਾਦ ਦੇ ਰੂਪਾਂ ਨੂੰ ਛੱਡਕੇ, ਯਥਾਰਥਵਾਦ ਦੇ ਪ੍ਰਮੁੱਖ ਰੂਪ ਵਿਚ ਦੋ ਰੂਪ ਹੀ ਵਧੇਰੇ ਮੰਨਣਯੋਗ ਹਨ : ਆਲੋਚਨਾਤਮਕ ਯਥਾਰਥਵਾਦ ਅਤੇ ਸਮਾਜਵਾਦੀ ਯਥਾਰਥਵਾਦ । ਜਿਵੇਂ ਤੀਸਰੀ ਦੁਨੀਆਂ ਦੇ ਦੇਸ਼ ਬਾਕੀ ਦੋਹਾਂ ਦੁਨੀਆਂ ਦੇ

ਦੇਸ਼ਾਂ ਨਾਲੋਂ ਆਪਣਾ ਵੱਖਰਾ ਅਸਤਿੱਤਵ ਤੇ ਨੁਹਾਰ ਰਖਦੇ ਹਨ ਅਤੇ ਉਨ੍ਹਾਂ ਦੀ ਆਪਣੀ ਜੀਵਨ ਵਾਸਤਵਿਕਤਾ ਤੇ ਸਮਾਜਕ ਵਾਸਤਵਿਕਤਾ ਹੈ, ਉਸੇ ਤਰ੍ਹਾਂ ਹੀ ਤੀਸਰੀ ਦੁਨੀਆਂ ਦੀ ਵਰਤਮਾਨ ਵਾਸਤਵਿਕਤਾ ਨੂੰ ਪ੍ਰਸਤੁਤ ਕਰਨ ਦੀ ਵਿਧੀ ਅਤੇ ਦ੍ਰਿਸ਼ਟੀ ਵੀ ਵੱਖਰੀ ਤੇ ਨਿਵੇਕਲੀ ਹੈ ਜੋ ਯਥਾਰਥਵਾਦ ਦੇ ਸਥਾਪਿਤ ਰੂਪਾਂ ਵਿਚ ਪੂਰਨ ਭਾਂਤ ਸਮਾਅ ਨਹੀਂ ਸਕਦੀ। ਇਸ ਲਈ ਤੀਸਰੀ ਦੁਨੀਆਂ ਦੇ ਸਮਾਜਕ ਯਥਾਰਥ ਨੂੰ ਪ੍ਰਸਤ ਕਰਨ ਲਈ 'ਪ੍ਰਗਤੀਵਾਦੀ ਯਥਾਰਥਵਾਦ' ਹੀ ਉਚਿਤ ਤੋਂ ਉਪਯੁਕਤ ਵਿਧੀ ਆਖੀ ਜਾ ਸਕਦੀ ਹੈ। ਹਰੇਕ ਸਮਾਜਕ ਵਾਸਤਵਿਕਤਾ ਨੇ ਆਪਣਾ ਪ੍ਰਗਟਾਉ ਆਪਣੇ ਵਿਸ਼ਿਸ਼ਟ ਗੁਣਾਂ-ਲੱਛਣਾਂ ਦੇ ਸੰਦਰਭ ਵਿਚ ਪੇਸ਼ ਕਰਨਾ ਹੁੰਦਾ ਹੈ। ਇਹ ਵਿਸ਼ਿਸ਼ਟ ਸਮਾਜਕ ਵਾਸਤਵਿਕਤਾ ਆਪਣੇ ਅਨੁਰੂਪ ਵਿਸ਼ਿਸ਼ਟ ਜੀਵਨ-ਦ੍ਰਿਸ਼ਟੀ ਤੇ ਰਚਨਾ-ਪੱਧਤੀ ਨੂੰ ਹੋਂਦ ਵਿਚ ਲਿਆਉਂਦੀ ਹੈ ਜੋ ਬੜਾ ਸਹਿਜ ਤੋਂ ਕੁਦਰਤੀ ਵਰਤਾਰਾ ਹੁੰਦਾ ਹੈ। ਹਿੰਦੀ ਸਾਹਿਤ ਦੇ ਪ੍ਰਗਤੀਵਾਦੀ ਵਿਦਵਾਨ ਇਸ ਨੂੰ 'ਜਨਵਾਦੀ ਯਥਾਰਥਵਾਦ' ਦਾ ਨਾਉਂ ਦੇਣਾ ਪਸੰਦ ਕਰਦੇ ਹਨ। 'ਜਨਵਾਦੀ ਯਥਾਰਥਵਾਦ' ਨਾਲੋਂ 'ਪ੍ਰਗਤੀਵਾਦੀ ਯਥਾਰਥਵਾਦ ਵਧੇਰੇ ਵਿਗਿਆਨਕ 'ਤੇ ਉਪਯੁਕਤ ਪਦ-ਸੰਕੇਤ ਹੈ, ਕਿਉਂਕਿ ਇਸ ਵਿਚ ਪ੍ਰਗਤੀਸ਼ੀਲਤਾ ਦੀ ਧਾਰਣਾ ਅਥਵਾ ਸੰਕਲਪ ਨਿਹਿਤ ਹੈ। ਪ੍ਰਗਤੀਵਾਦੀ ਯਥਾਰਥਵਾਦ, ਆਲੋਚਨਾਤਮਕ ਯਥਾਰਥਵਾਦ ਦੀ ਕੋਟੀ ਨਾਲੋਂ ਪ੍ਰਗਤੀ- ਵਾਦੀ ਜੀਵਨ-ਦ੍ਰਿਸ਼ਟੀ ਕਰਕੇ ਹੀ ਇਸ ਤੋਂ ਅੱਗੇ ਦਾ ਸੰਸਕਾਰ ਹੈ। ਆਲੋਚਨਾਤਮਕ ਯਥਾਰਥਵਾਦੀ ਲੇਖਕ ਤੇ ਸਾਹਿਤਕਾਰ ਦਾ ਆਪਣਾ ਨੇੜਲਾ ਸੰਬੰਧ ਪ੍ਰੋਲੋਤਾਰੀ ਸ਼੍ਰੇਣੀ ਨਾਲ ਨਾ ਹੋ ਕੇ ਸ਼ਹਿਰੀ ਤੇ ਗ੍ਰਾਮੀਣ ਮੱਧ-ਸ਼੍ਰੇਣੀ ਨਾਲ ਵਧੇਰੇ ਹੁੰਦਾ ਹੈ। ਇਸ ਲਈ ਇਸ ਆਲੋਚਨਾਤਮਕ ਸਿਰਜਣਾਤਮਕ ਬਿਰਤੀ ਵਿਚ ਮੱਧ-ਸ਼੍ਰੇਣੀ ਦਰਸ਼ਨ ਦਾ ਰਲਾ ਹੋਣਾ ਸੁਭਾਵਕ ਹੁੰਦਾ ਹੈ, ਜਿਸ ਨਾਲ ਲੇਖਕ ਸਮਾਜਕ ਯਥਾਰਥ ਨੂੰ ਉਸ ਦੇ ਸਹੀ ਇਤਿਹਾਸਕ ਤੇ ਦਵੰਦਾਤਮਕ ਰੂਪ ਵਿਚ ਪੇਸ਼ ਕਰਨ ਤੋਂ ਖੁੰਝ ਜਾਂਦਾ ਹੈ, ਜਦੋਂ ਕਿ ਸਮਾਜਵਾਦੀ ਯਥਾਰਥਵਾਦੀ ਲੇਖਕ ਆਪਣੀ ਚੇਤਨਾ ਕਰਕੇ ਅਜਿਹੀ ਰਲਾਵਟ ਦਾ ਸ਼ਿਕਾਰ ਨਹੀਂ ਹੁੰਦਾ। ਪਰੰਤੂ, ਫਿਰ ਵੀ ਪ੍ਰਗਤੀਵਾਦੀ ਯਥਾਰਥਵਾਦੀ ਲੇਖਕ ਤੇ ਸਾਹਿਤਕਾਰ ਵਾਮ-ਪੱਖੀ ਰਾਜਨੀਤੀ ਤੋਂ ਦਰਸ਼ਨ ਦੇ ਕਾਫ਼ੀ ਨੇੜੇ ਹੁੰਦਾ ਹੈ। ਉਸ ਦੀ ਜੀਵਨ-ਦ੍ਰਿਸ਼ਟੀ ਵਿਗਿਆਨਕ ਤੇ ਉਸ ਨੂੰ ਵਰਗ-ਵਿਭਾਜਨ ਦੀ ਪਹਿਚਾਣ, ਸਮਾਜਕ ਪਰਿਵਰਤਨ ਦੀ ਲੋੜ ਅਤੇ ਇਸ ਦੀ ਸੰਭਾਵਨਾ ਪ੍ਰਤੀ ਸੋਝੀ ਤੇ ਅਟਲ ਵਿਸ਼ਵਾਸ ਹੁੰਦਾ ਹੈ। ਪਰੰਤੂ, ਸਮਾਜਵਾਦੀ ਯਥਾਰਥਵਾਦੀ ਲੇਖਕ ਤੇ ਸਾਹਿਤਕਾਰ ਜਿਸ ਪੂਰੀ ਸਜੱਗਤਾ ਤੇ ਸੰਪੂਰਨ ਸਮਾਜਕ ਵਾਸਤਵਿਕਤਾ ਦੀ ਤਤਕਾਲੀ ਪਰਿਵਰਤਨਸ਼ੀਲਤਾ ਲਈ ਤਤਪਰ ਹੁੰਦਾ ਹੈ ਅਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਉਸ ਦਾ ਇਕੋ ਇਕ ਲਕਸ਼ ਹੋ

ਨਿਬੜਦਾ ਹੈ, ਇਸਦੀਆਂ ਸੰਭਾਵਨਾਵਾਂ ਵੀ ਉਸ ਨੂੰ ਆਪਣੇ ਸਮਕਾਲੀ ਸਮਾਜਕ ਯਥਾਰਥ ਵਿਚੋਂ ਅਧਿਕਤਰ ਰੂਪ ਵਿਚ ਉਪਲਬਧ ਹੁੰਦੀਆਂ ਹਨ, ਪ੍ਰਗਤੀਵਾਦੀ ਯਥਾਰਥਵਾਦੀ ਲੇਖਕ ਵਿਚ ਅਜਿਹਾ ਇਕਾਗਰ ਤੇ ਕੇਂਦਰਿਤ ਚਿੰਤਨ ਤੋਂ ਪ੍ਰਯਤਨ ਅਜੇ ਨਹੀਂ ਹੁੰਦਾ, ਅਰਥਾਤ ਉਸ ਦੀ ਸਮਾਜਕ ਵਾਸਤਵਿਕਤਾ ਦੀਆਂ ਪਰਿਸਥਿਤੀਆਂ ਅਜੇ ਇਸ ਨਿਰਣਾਇਕ ਬਿੰਦੂ ਤੋਂ ਨਹੀਂ ਪਹੁੰਚੀਆਂ ਹੁੰਦੀਆਂ। ਅਜਿਹੇ ਨਿਰਣਾਇਕ ਮੋੜ 'ਤੇ ਪਹੁੰਚਣ ਲਈ ਜਿਸ ਸ਼੍ਰੇਣੀ ਚੇਤੰਨਤਾ, ਸ਼ਕਤੀਆਂ ਦੇ ਧਰੁਵੀਕਰਣ ਤੇ ਖਾੜਕੂ ਸੰਘਰਸ਼ ਦੀ ਉਚੇਰੀ ਅਵਸਥਾ ਚਾਹੀਦੀ ਹੈ, ਉਹ ਅਜੇ ਪ੍ਰਾਪਤ ਮਾਤਰਾ ਵਿਚ ਨਹੀਂ ਹੁੰਦੀ । ਇਸ ਲਈ ਪ੍ਰਗਤੀਵਾਦੀ ਯਥਾਰਥਵਾਦੀ ਰਚਨਾਵਾਂ ਸਮਾਜਵਾਦੀ ਯਥਾਰਥਵਾਦੀ ਰਚਨਾਵਾਂ ਹੁਣ ਦਾ ਆਭਾਸ ਤਾਂ ਦਿੰਦੀਆਂ ਹਨ, ਪਰੰਤੂ ਹੁੰਦੀਆਂ ਨਹੀਂ । ਇਸ ਲਈ ਆਲੋਚਨਾਤਮਕ ਯਥਾਰਥਵਾਦ ਅਤੇ ਸਮਾਜਵਾਦੀ ਯਥਾਰਥਵਾਦ ਤੋਂ ਨਿਖੜਵੀਂ ਆਲੋਚਨਾਤਮਕ ਜੀਵਨ-ਦ੍ਰਿਸ਼ਟੀ ਅਤੇ ਯਥਾਰਥ ਦੇ ਰੂਪ ਲਈ 'ਪ੍ਰਗਤੀਵਾਦੀ ਯਥਾਰਥਵਾਦ' ਉਕਤੀ ਸਹੀ ਤੇ ਉਪਯੁਕਤ ਪ੍ਰਤੀਤ ਹੁੰਦੀ ਹੈ । ਸਮੁੱਚੇ ਭਾਰਤੀ ਸਾਹਿਤ ਸਮੇਤ ਪੰਜਾਬੀ ਸਾਹਿਤ ਦੇ ਸਾਰੇ ਸਾਹਿਤ ਦੀ ਪਰਿਸਥਿਤੀ 'ਤੇ ਅਵਸਥਾ ਪ੍ਰਗਤੀਵਾਦੀ ਯਥਾਰਥਵਾਦ ਤਕ ਹੀ ਸੀਮਿਤ ਰਹੀ ਹੈ।

### 1.9 ਅਜਮੇਰ ਸਿੰਘ ਔਲਖ: ਜੀਵਨ, ਰਚਨਾ ਅਤੇ ਮਾਨ-ਸਨਮਾਨ

ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਦੇ ਖੇਤਰ ਵਿਚ ਮਹੱਤਵਪੂਰਨ ਸਥਾਨ ਰੱਖਣ ਵਾਲਾ ਨਾਟਕਕਾਰ ਹੈ। ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਨਾਲ ਸਬੰਧਤ ਅਜਮੇਰ ਸਿੰਘ ਔਲਖ ਇੱਕ ਵਿਲੱਖਣ ਸ਼ਖਸੀਅਤ ਵਜੋਂ ਉੱਭਰ ਕੇ ਸਾਹਮਣੇ ਆਏ। ਉਨ੍ਹਾਂ ਦਾ ਜਨਮ 19 ਅਗਸਤ, 1942 ਈ. ਨੂੰ ਪੰਜਾਬ ਦੇ ਮਾਲਵਾ ਖਿੱਤੇ ਨਾਲ ਸੰਬੰਧਿਤ ਪਿੰਡ ਕੁੰਭੜਵਾਲ, ਜ਼ਿਲ੍ਹਾ ਸੰਗਰੂਰ ( ਜੋ ਕਿ ਅੱਜ-ਕੱਲ੍ਹ ਜ਼ਿਲ੍ਹਾ ਬਰਨਾਲਾ ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਸਰਦਾਰ ਕੌਰ ਸਿੰਘ ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਹਰਨਾਮ ਕੌਰ ਸੀ। ਅਜਮੇਰ ਸਿੰਘ ਔਲਖ ਦੀ ਧਰਮ ਪਤਨੀ ਦਾ ਨਾਮ ਸ੍ਰੀਮਤੀ ਮਨਜੀਤ ਕੌਰ ਔਲਖ ਹੈ। ਉਹਨਾਂ ਦੇ ਘਰ ਤਿੰਨ ਬੇਟੀਆਂ ਨੇ ਜਨਮ ਲਿਆ। ਉਨ੍ਹਾਂ ਨੇ ਆਪਣੀਆਂ ਬੇਟੀਆਂ ਦਾ ਪਾਲਣ ਪੋਸ਼ਣ ਪੁੱਤਰਾਂ ਦੀ ਤਰ੍ਹਾਂ ਕੀਤਾ ।

### 1.9.1. ਪਰਿਵਾਰਕ ਪਿਛੋਕੜ

ਔਲਖ ਦਾ ਪਰਿਵਾਰਕ ਪਿਛੋਕੜ ਥੁੜ ਜ਼ਮੀਨੇ ਪਰਿਵਾਰ ਨਾਲ ਸੰਬੰਧਿਤ ਸੀ। ਉਨ੍ਹਾਂ ਦਾ ਬਚਪਨ ਅਤੇ ਜਵਾਨੀ ਤੰਗੀਆਂ - ਤੁਰਸ਼ੀਆਂ ਗ੍ਰਹਿਣ ਕਰਦਿਆਂ ਗੁਜ਼ਰੀ। ਇਨ੍ਹਾਂ ਨਾਜ਼ੁਕ ਹਾਲਾਤਾਂ ਦਾ ਅਸਰ ਅਜਮੇਰ ਸਿੰਘ ਔਲਖ ਦੀ ਸ਼ਖ਼ਸੀਅਤ ਉਪਰ ਪੈਣਾ ਲਾਜ਼ਮੀ ਸੀ। ਅਜਮੇਰ ਸਿੰਘ ਔਲਖ ਦੇ ਜੀਵਨ ਬਾਰੇ ਉਸਦੀ ਸਵੈ-ਪੁਸ਼ਟੀ 'ਨਾਟਕ-ਕਲਾ' ਪੁਸਤਕ ਵਿਚ ਕੀਤੀ ਹੈ ਕਿ,

> ਅਜਮੇਰ ਸਿੰਘ ਔਲਖ ਨੇ ਨਿਮਨ- ਕਿਸਾਨੀ ਪਰਿਵਾਰ ਵਿਚ ਜਨਮ ਲਿਆ ਅਤੇ ਵਿਸਵੇਦਾਰੀ ਦੇ ਜਬਰ ਦੀ ਰਹਿੰਦ-ਖੂੰਹਦ ਵਿਚ ਬਚਪਨ ਗੁਜ਼ਾਰਿਆ ਹੈ। ਵਿਸਵੇਦਾਰੀ ਦੇ ਵਿਰੁੱਧ ਵਿਦਰੋਹ ਕਾਰਨ ਕਦੇ ਉਸ ਲੀਡਰ ਬਣਨ ਦਾ ਅਹਿਸਾਸ ਆਪਣੇ ਅੰਦਰ ਪਾਲਿਆ ਅਤੇ ਕਦੀ ਆਪਣੇ ਵਿਦਰੋਹੀ ਵਿਚਾਰ ਕਵਿਤਾ ਅਤੇ ਨਾਵਲ ਰਾਹੀਂ ਜ਼ਾਹਿਰ ਕੀਤੇ। (ਔਲਖ 13)

ਉਨ੍ਹਾਂ ਦੇ ਦਾਦੇ-ਪੜ੍ਹਦਾਦੇ ਮੁਜ਼ਾਰਿਆਂ ਵਜੋਂ ਖੇਤਾਂ ਵਿਚ ਕੰਮ ਕਰਦੇ ਸਨ। ਉਨ੍ਹਾਂ ਦੇ ਦਾਦਾ ਜੀ ਮੁਜ਼ਾਰਾ ਕੰਮ ਕਰਦੇ ਪਿੰਡ ਕਿਸ਼ਨਗੜ੍ਹ ਫਰਮਾਹੀ (ਅੱਜ-ਕੱਲ੍ਹ ਜ਼ਿਲ੍ਹਾ ਮਾਨਸਾ) ਆ ਵਸੇ ਸਨ। ਉਨ੍ਹਾਂ ਦੇ ਨਾਲ ਹੀ ਸਾਰਾ ਔਲਖ ਪਰਿਵਾਰ ਇੱਥੇ ਆ ਕੇ ਵਸ ਗਿਆ। ਮੁਜ਼ਾਰਾ ਪ੍ਰਬੰਧ ਖੇਤੀਬਾੜੀ ਨਾਲ ਸੰਬੰਧਿਤ ਸੀ, ਜਿਸ ਵਿਚ ਵੱਡੇ ਜ਼ਿਮੀਂਦਾਰਾਂ ਦੁਆਰਾ ਛੋਟੇ ਕਿਸਾਨਾਂ ਜਾਂ ਮਜ਼ਦੂਰਾਂ ਨੂੰ ਖੇਤੀ ਕਰਨ ਲਈ ਵਾਹਨ ਜਾਂ ਜ਼ਮੀਨ ਦਿੱਤੀ ਜਾਂਦੀ ਸੀ। ਉਸ ਜ਼ਮੀਨ ਦੀ ਮਾਲਕੀ ਵੱਡੇ ਜ਼ਿਮੀਂਦਾਰ ਕੋਲ ਹੀ ਸੀ ਅਤੇ ਛੋਟਾ ਕਿਸਾਨ ਉਸ ਜ਼ਮੀਨ ਵਿਚ ਖੇਤੀ ਕਰਦਾ ਸੀ ਅਤੇ ਫ਼ਸਲ ਦਾ ਵੱਡਾ ਹਿੱਸਾ ਉਸ ਜ਼ਿਮੀਂਦਾਰ ਨੂੰ ਦਿੰਦਾ ਸੀ ਅਤੇ ਬਾਕੀ ਬਚਦਾ ਥੋੜ੍ਹਾ ਹਿੱਸਾ, ਉਹ ਕਿਸਾਨ ਆਪਣੇ ਕੋਲ ਰੱਖਦਾ ਸੀ। ਇਸ ਤਰ੍ਹਾਂ ਇਹ ਮੁਜ਼ਾਰਾ ਪ੍ਰਬੰਧ ਅਧੀਨ ਛੋਟੇ ਕਿਸਾਨ ਅਤੇ ਵੱਡੇ ਜ਼ਿਮੀਂਦਾਰ ਦਾ ਖੇਤੀਬਾੜੀ ਨਾਲ ਜੁੜਿਆ ਹੋਇਆ ਇਕ ਤਰਸਯੋਗ ਢਾਂਚਾ ਸੀ ।

ਮੁਜ਼ਾਰਾ ਪਰਿਵਾਰ ਨਾਲ ਜੁੜੇ ਹੋਣ ਕਾਰਨ ਔਲਖ ਨੇ ਬਚਪਨ ਤੋਂ ਹੀ ਮਿਹਨਤ ਨਾਲ ਨਾਤਾ ਜੋੜਿਆ ਹੋਇਆ ਸੀ। ਸਕੂਲ ਜਾਣ ਤੋਂ ਪਹਿਲਾਂ ਅਤੇ ਸਕੂਲੋਂ ਵਾਪਸ ਆਉਣ ਤੋਂ ਬਾਅਦ ਅਜਮੇਰ ਸਿੰਘ ਘਰ ਅਤੇ ਖੇਤ ਦੇ ਕੰਮਾਂ ਵਿਚ ਰੁੱਝਿਆ ਰਹਿੰਦਾ। ਇਨ੍ਹਾਂ ਗੱਲਾਂ ਦਾ ਸਪੱਸ਼ਟੀਕਰਨ ਅਜਮੇਰ ਸਿੰਘ ਔਲਖ ਆਪਣੀ 'ਸਾਹਿਤਕ ਸਵੈ-ਜੀਵਨੀ' ਵਿਚ ਖੁਦ ਕਰਦੇ ਹਨ, "ਮੇਰਾ ਪਿੰਡ ਕਿਸ਼ਨਗੜ੍ਹ ਫਰਮਾਹੀ ਇੱਕ ਮੁਜ਼ਾਰਾ ਪਿੰਡ ਸੀ, ਜਿੱਥੇ ਸਾਡੇ ਪਰਿਵਾਰ ਸਮੇਤ ਪਿੰਡ ਦੇ ਬਾਕੀ ਕਿਸਾਨ ਪਰਿਵਾਰ ਪਿੰਡ ਦੇ ਜਗੀਰਦਾਰਾਂ ਦੀ ਜ਼ਮੀਨ ਉੱਤੇ ਮੁਜ਼ਾਰਿਆਂ ਦੇ ਰੂਪ ਵਿਚ ਖੇਤੀ ਦਾ ਕੰਮ ਕਰਦੇ ਸਨ।" (ਔਲਖ 02)

ਇਸ ਤਰ੍ਹਾਂ ਕੰਮ-ਧੰਦਿਆਂ ਵਿਚ ਰੁੱਝੇ ਹੋਏ ਔਲਖ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਚੋਂ ਪ੍ਰਾਪਤ ਕੀਤੀ। ਅਗਲੇਰੀ ਪੜ੍ਹਾਈ ਕਰਨ ਲਈ ਉਹ ਨੇੜੇ ਦੇ ਕਸਬੇ ਭਿੱਖੀ ਵਿਖੇ ਸਰਕਾਰੀ ਹਾਈ ਸਕੂਲ ਵਿਚ ਭਰਤੀ ਹੋਏ। ਮੁਜ਼ਾਰਾ ਪ੍ਰਣਾਲੀ ਦਾ ਪ੍ਰਭਾਵ ਔਲਖ ਦੇ ਮਨ ਉੱਤੇ ਬਚਪਨ ਤੋਂ ਹੀ ਪੈਣਾ ਸ਼ੁਰੂ ਹੋ ਗਿਆ ਸੀ । ਔਲਖ ਦਾ ਪਰਿਵਾਰ ਮੁਜ਼ਾਰਾ ਪ੍ਰਬੰਧ ਅਧੀਨ ਖੇਤੀਬਾੜੀ ਕਰਦਾ ਸੀ ਅਤੇ ਉਨ੍ਹਾਂ ਹਾਲਾਤਾਂ ਤੋਂ ਉਹ ਭਲੀ-ਭਾਂਤ ਜਾਣੂ ਸੀ। ਉਸ ਨੂੰ ਆਪਣੇ ਬਚਪਨ ਦੇ ਦਿਨਾਂ ਵਿਚ ਹੀ ਸਮਝ ਆ ਗਈ ਸੀ, ਕਿ ਸਮਾਜਿਕ ਕਾਣੀ-ਵੰਡ ਕਿਸੇ ਇੱਕ ਧਿਰ ਲਈ ਫ਼ਾਇਦੇਮੰਦ ਹੋ ਸਕਦੀ ਹੈ, ਪਰ ਕਿਸੇ ਦੂਜੀ ਧਿਰ ਲਈ ਖ਼ਤਰਨਾਕ ਸਾਬਿਤ ਹੁੰਦੀ ਹੈ। ਇਨ੍ਹਾਂ ਦਿਨਾਂ ਤੋਂ ਹੀ ਔਲਖ ਦੇ ਮਨ ਅੰਦਰ ਬੇਚੈਨੀ ਘਰ ਕਰ ਗਈ। ਉਨ੍ਹਾਂ ਨੇ ਇਸ ਸਮਾਜਿਕ ਨਾ ਬਰਾਬਰੀ ਵਾਲੇ ਸਮਾਜ ਬਾਰੇ ਆਪਣੇ ਪ੍ਰਾਇਮਰੀ ਵਿੱਦਿਆ ਦੇ ਦਿਨਾਂ ਵਿਚ ਹੀ ਲਿਖਣਾ ਤੇ ਗਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਮੁਜ਼ਾਰਾ ਕਿਸਾਨ, ਕਿਰਤੀਆਂ ਅਤੇ ਜਗੀਰਦਾਰਾਂ ਵਿਚ ਆਪਸੀ ਖਿੱਚੋਤਾਣ ਚੱਲ ਰਹੀ ਸੀ। ਮੁਜ਼ਾਰਾ ਪਰਿਵਾਰ ਜਿਨ੍ਹਾਂ ਜ਼ਮੀਨਾਂ ਉੱਪਰ ਖੇਤੀ ਕਰਦੇ ਸਨ, ਉਨ੍ਹਾਂ ਜ਼ਮੀਨਾਂ ਉੱਪਰ ਉਹ ਆਪਣਾ ਹੱਕ ਸਮਝਣ ਲੱਗੇ। ਜਗੀਰਦਾਰਾਂ ਨੂੰ ਇਹ ਗੱਲ ਬਿਲਕੁਲ ਵੀ ਪਸੰਦ ਨਹੀਂ ਸੀ। ਮੁਜ਼ਾਰਿਆਂ ਅਤੇ ਜਗੀਰਦਾਰਾਂ ਦਰਮਿਆਨ ਇੱਕ ਤਿੱਖਾ ਸੰਘਰਸ਼ ਚੱਲਿਆ। ਇਸ ਸੰਘਰਸ਼ ਨੇ ਔਲਖ ਨੂੰ ਕਾਫੀ ਪ੍ਰਭਾਵਿਤ ਕੀਤਾ। ਔਲਖ ਨੇ ਆਪਣੇ ਸਕੂਲ ਦੇ ਦੋਸਤਾਂ ਨਾਲ ਮਿਲ ਕੇ ਜਗੀਰਦਾਰੀ ਪ੍ਰਬੰਧ ਦੀਆਂ ਜੋ ਵਧੀਕੀਆਂ ਪੇਸ਼ ਆ ਰਹੀਆਂ ਸਨ, ਉਨ੍ਹਾਂ ਖਿਲਾਫ ਡਟ ਕੇ ਪਹਿਰਾ ਦਿੱਤਾ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਰਾਹੀਂ ਕਿਰਤੀ ਕਿਸਾਨਾਂ ਦੀ ਆਵਾਜ਼ ਬੁਲੰਦ ਕੀਤੀ ਇਸ ਗੱਲ ਦਾ ਵੇਰਵਾ ਅਜਮੇਰ ਸਿੰਘ ਔਲਖ ਆਪਣੀ 'ਸਾਹਿਤਕ ਸਵੈ-ਜੀਵਨੀ' ਵਿਚ ਖੁਦ ਕਰਦੇ ਹਨ,

> ਪਿੰਡ ਦੇ ਹੋਰ ਬੱਚਿਆਂ ਵਾਂਗ ਮੇਰੇ ਉੱਤੇ ਵੀ ਇਸ ਲਹਿਰ ਦਾ ਬੜਾ ਅਸਰ ਸੀ ਤੇ ਅਸੀਂ ਸ਼ਾਮੀ ਜਾਂ ਰਾਤ ਨੂੰ ਆਪਣੀਆਂ ਖੇਡਾਂ ਖੇਡਦੇ ਹੱਥਾਂ ਵਿਚ ਲਾਲ ਝੰਡੀਆਂ ਫੜ ਜਾਂ ਉਂਜ ਹੀ ਜਗੀਰਦਾਰੀ ਜਾਂ ਵਿਸਵੇਦਾਰੀ ਵਿਰੁੱਧ ਅਜਿਹੇ ਨਾਹਰੇ ਲਾਉਣ ਲੱਗ ਪੈਂਦੇ ਸੀ, ਜਿਹੜੇ ਅਸੀਂ ਅਕਸਰ ਕਮਿਊਨਿਸਟ ਪਾਰਟੀ ਦੀਆਂ ਕਾਨਫ਼ਰੰਸਾਂ ਜਾਂ ਪਿੰਡ ਦੇ ਆਗੂਆਂ ਤੋਂ ਸੁਣਦੇ ਹੁੰਦੇ ਸੀ ਅਜਿਹੀਆਂ ਖੇਡਾਂ ਖੇਡਣ ਤੇ ਨਾਹਰੇਬਾਜ਼ੀ ਕਰਨ ਵਾਲੇ ਮੋਹਰੀ ਬੱਚਿਆਂ ਵਿੱਚੋਂ ਮੈਂ ਵੀ ਇੱਕ ਮੋਹਰੀ ਬੱਚਾ ਹੁੰਦਾ ਸਾਂ। (ਔਲਖ 02)

ਇਸ ਤਰ੍ਹਾਂ ਅਜਮੇਰ ਸਿੰਘ ਔਲਖ ਛੋਟੀ ਉਮਰੇ ਹੀ ਕਮਿਊਨਿਸਟਾਂ ਦੀ ਸਟੇਜ 'ਤੇ ਗਾਉਣ ਲੱਗ ਪਿਆ ਸੀ ਅਤੇ ਦਸ ਕੁ ਸਾਲ ਦੀ ਨਿੱਕੀ ਜਿਹੀ ਉਮਰ ਵਿਚ ਉਸ ਨੇ ਕਵਿਤਾ ਲਿਖ ਦਿੱਤੀ ਸੀ। ਭਿੱਖੀ ਦੇ ਸਰਕਾਰੀ ਸਕੂਲ ਵਿਚ ਇੱਕ ਸਾਹਿਤਕ

ਸਭਾ ਸਥਾਪਿਤ ਕੀਤੀ ਗਈ ਅਤੇ ਉਸ ਸਭਾ ਦਾ ਮੋਢੀ ਅਜਮੇਰ ਸਿੰਘ ਔਲਖ ਨੂੰ ਬਣਾਇਆ ਗਿਆ। ਆਪਣੇ ਸਕੂਲ ਦੇ ਦਿਨਾਂ ਤੋਂ ਹੀ ਔਲਖ ਕ੍ਰਾਂਤੀਕਾਰੀ ਵਿਚਾਰਾਂ ਦਾ ਧਾਰਨੀ ਬਣ ਗਿਆ ਸੀ। ਉਨ੍ਹਾਂ ਨੇ ਸਕੂਲ ਵਿਚ ਪੜ੍ਹਦਿਆਂ ਹੀ ਉੱਘੇ ਸਾਹਿਤਕਾਰ ਜਸਵੰਤ ਕੰਵਲ ਦੁਆਰਾ ਲਿਖੇ ਚਰਚਿਤ ਨਾਵਲ 'ਰਾਤ ਬਾਕੀ ਹੈ' ਅਤੇ 'ਸੱਚ ਨੂੰ ਫਾਂਸੀ' ਪੜ੍ਹ ਲਏ ਸਨ। ਇਨ੍ਹਾਂ ਪ੍ਰਗਤੀਵਾਦੀ ਵਿਚਾਰਾਂ ਵਾਲੇ ਨਾਵਲਾਂ ਦਾ ਔਲਖ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ । ਉਨ੍ਹਾਂ ਦੀ ਸ਼ਖ਼ਸੀਅਤ ਨਿਖਾਰਨ ਪਿੱਛੇ ਉਨ੍ਹਾਂ ਦੀ ਮਾਤਾ ਹਰਨਾਮ ਕੌਰ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਦੇ ਘਰ ਦੇ ਹਾਲਾਤ ਬਹੁਤ ਹੀ ਨਾਜ਼ੁਕ ਸਨ, ਜਿਨ੍ਹਾਂ ਕਾਰਨ ਉਨ੍ਹਾਂ ਦੇ ਪਿਤਾ ਅਜਮੇਰ ਸਿੰਘ ਔਲਖ ਨੂੰ ਘਰ ਅਤੇ ਖੇਤੀ ਦੇ ਕੰਮਾਂ ਉੱਪਰ ਲਾਉਣਾ ਚਾਹੁੰਦੇ ਸਨ, ਪ੍ਰੰਤੂ ਅਜਿਹੇ ਤੰਗੀਆਂ ਭਰੇ ਸਮੇਂ ਵਿਚ ਉਨ੍ਹਾਂ ਦੀ ਮਾਤਾ ਨੇ ਅਜਮੇਰ ਸਿੰਘ ਦਾ ਸਾਥ ਦਿੱਤਾ ਅਤੇ ਪੜ੍ਹਾਈ ਜਾਰੀ ਰੱਖਣ ਲਈ ਹਮੇਸ਼ਾ ਪ੍ਰੇਰਦੀ ਰਹੀ, ਜਿਸ ਸਦਕਾ ਅਜਮੇਰ ਸਿੰਘ ਔਲਖ ਅੱਜ ਇਸ ਮੁਕਾਮ 'ਤੇ ਪਹੁੰਚ ਸਕਿਆ ।

ਸੰਘਰਸ਼ੀ ਰਾਹਾਂ 'ਤੇ ਚੱਲਣ ਦੇ ਨਾਲ-ਨਾਲ ਅਜਮੇਰ ਸਿੰਘ ਔਲਖ ਪੜ੍ਹਾਈ ਵੀ ਉੱਤਮ ਦਰਜ਼ੇ ਦੀ ਕਰਦਾ ਸੀ। ਦਸਵੀਂ ਜਮਾਤ ਉਨ੍ਹਾਂ ਨੇ 1958 ਈ. ਵਿਚ ਕੀਤੀ ਸੀ ਅਤੇ ਪੂਰੇ ਪਿੰਡ ਵਿਚੋਂ ਸਭ ਤੋਂ ਵੱਧ ਅੰਕਾਂ ਨਾਲ ਪ੍ਰਾਪਤ ਕਰਨ ਦਾ ਮਾਨ ਵੀ ਉਹਨਾਂ ਨੂੰ ਹੀ ਹਾਸਿਲ ਹੈ। ਇਸ ਤੋਂ ਬਾਅਦ ਉਹਨਾਂ ਨੇ ਗਿਆਨੀ ਦੀ ਪੜ੍ਹਾਈ ਪ੍ਰਾਪਤ ਕੀਤੀ । ਉਹਨਾਂ ਦੀ ਪੜ੍ਹਾਈ ਵਿਚ ਰੁਚੀ ਸਦਕਾ ਹੀ ਉਹ ਲਗਾਤਾਰ ਪੜ੍ਹਦੇ ਰਹੇ। ਉਹਨਾਂ ਅੰਦਰ ਕੁਝ ਬਨਣ ਦੀ ਹਮੇਸ਼ਾ ਹੀ ਪ੍ਰਬਲ ਇੱਛਾ ਰਹੀ,ਜਿਸ ਸਦਕਾ ਪੜ੍ਹਾਈ ਅੱਗੇ ਦੀ ਅੱਗੇ ਤੁਰਦੀ ਗਈ। ਉਹਨਾਂ ਨੇ ਬੀ.ਏ. ਦੀ ਪੜ੍ਹਾਈ 1963 ਈ. ਵਿਚ ਪ੍ਰਾਪਤ ਕੀਤੀ। ਪੜ੍ਹਾਈ ਦੇ ਨਾਲ ਹੀ ਉਹਨਾਂ ਦਾ ਸਾਹਿਤਕ ਸਫ਼ਰ ਨਾਲੋ-ਨਾਲ ਚਲਦਾ ਰਿਹਾ। ਉਹ ਕਦੇ ਕਵਿਤਾ, ਗੀਤ ਅਤੇ ਸੰਘਰਸ਼ੀ ਰਾਹਾਂ 'ਤੇ ਚੱਲਣ ਵਾਲੀਆਂ ਕਹਾਣੀਆਂ ਸਿਰਜਦੇ ਰਹੇ। ਸਮੇਂ ਦੇ ਬੀਤਣ ਨਾਲ 1965 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉਹਨਾਂ ਨੇ ਐਮ.ਏ. ਪੰਜਾਬੀ ਦੀ ਡਿਗਰੀ ਵੀ ਪ੍ਰਾਪਤ ਕਰ ਲਈ। ਐਮ.ਏ.ਪੰਜਾਬੀ ਦੀ ਡਿਗਰੀ ਹਾਸਿਲ ਕਰਨ ਤੋਂ ਬਾਅਦ ਹੀ ਆਪ 1965 ਈ. ਵਿਚ ਮਾਨਸਾ ਦੇ ਨਹਿਰੂ ਮੈਮੋਰੀਅਲ ਕਾਲਜ ਵਿਖੇ ਪੰਜਾਬੀ ਦੇ ਅਧਿਆਪਕ ਵਜੋਂ ਸੇਵਾਵਾਂ ਨਿਭਾਉਣ ਲੱਗੇ । ਚੀਨ ਦੇ ਖੇਤੀ ਸੰਘਰਸ਼ ਤਾਓਵਾਦ ਦਾ ਔਲਖ ਦੀ ਸਖਸ਼ੀਅਤ ਵਿਚ ਗਹਿਰਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਜੋ ਕਿ ਉਹਨਾਂ ਦੀਆਂ ਲਗਭਗ ਸਾਰੀਆਂ ਹੀ ਸਾਹਿਤਕ ਸਿਰਜਨਾਵਾਂ ਵਿਚ ਦੇਖਣ ਨੂੰ ਮਿਲਦਾ ਹੈ। ਉਹਨਾਂ ਦੀ ਪੜ੍ਹਾਈ ਅਤੇ ਸੰਘਰਸ਼ੀ ਰਾਹਾਂ ਦੀ ਹਾਮੀ ਭਰਦੇ ਕੁਝ ਨਮੂਨੇ 'ਨਾਟਕ ਕਲਾ' ਪੁਸਤਕ ਵਿਚ ਪੇਸ਼ ਹਨ: "ਇਸ ਪਿੱਛੋਂ ਉਸ ਦਾ ਝੁਕਾਅ ਚੀਨ ਪੱਖੀ ਹੋ ਗਿਆ। ਬੀ.ਏ. ਪਿਛੋਂ

ਐਮ. ਏ. ਪੰਜਾਬੀ ਲਈ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਰੈਗੂਲਰ ਦਾਖਲਾ ਲਿਆ 28.08.1965 ਨੂੰ ਉਸ ਨੂੰ ਨਹਿਰੂ ਕਾਲਜ ਮਾਨਸਾ ਵਿਖੇ ਲੈਕਚਰਾਰਸ਼ਿਪ ਮਿਲ ਗਈ।" (ਔਲਖ 02)

ਔਲਖ ਵਿਚ ਇਹ ਗੱਲ ਖ਼ਾਸ ਸੀ ਕਿ ਜੋ ਵੀ ਕੰਮ ਉਨ੍ਹਾਂ ਨੇ ਕੀਤਾ, ਉਹ ਪੂਰੀ ਸ਼ਿੱਦਤ ਨਾਲ ਕੀਤਾ। ਉਨ੍ਹਾਂ ਨੇ ਆਪਣੀ ਨੌਕਰੀ ਦਰਮਿਆਨ ਵੀ ਕਮਿਊਨਿਸਟ ਲਹਿਰਾਂ ਨਾਲ ਨਾਤਾ ਜੋੜੀ ਰੱਖਿਆ । ਉਸ ਸਮੇਂ ਨਕਸਲਬਾੜੀ ਲਹਿਰ ਦਾ ਪੰਜਾਬ ਵਿਚ ਕਾਫ਼ੀ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਇਸ ਲਹਿਰ ਦਾ ਤਿੱਖਾ ਪ੍ਰਭਾਵ ਔਲਖ ਦੀ ਸ਼ਖ਼ਸੀਅਤ ਉੱਪਰ ਵੀ ਪਿਆ। ਔਲਖ ਵੱਡੇ-ਵੱਡੇ ਸੰਮੇਲਨਾਂ ਦੀਆਂ ਸਟੇਜਾਂ ਤੋਂ ਕਿਰਤੀ, ਕਿਸਾਨਾਂ ਦੇ ਹੱਕਾਂ ਦੀ ਆਵਾਜ਼ ਬਣਦਾ ਰਿਹਾ। ਉੱਥੇ ਨਕਸਲਵਾੜੀ ਕਵੀ ਅਵਤਾਰ ਪਾਸ਼ ਨਾਲ ਵੀ ਉਨ੍ਹਾਂ ਦਾ ਮੇਲ ਅਕਸਰ ਸੰਮੇਲਨਾਂ ਵਿਚ ਹੋਇਆ ਕਰਦਾ ਸੀ। ਇਸ ਸਮੇਂ ਦੌਰਾਨ ਹੀ ਔਲਖ ਨੇ ਰੂਸੀ ਸਾਹਿਤ ਦਾ ਅਧਿਐਨ ਵੀ ਕੀਤਾ। ਵਿਸ਼ਵ ਭਰ ਦੇ ਪ੍ਰਸਿੱਧ ਕ੍ਰਾਂਤੀਕਾਰੀ ਚਿੰਤਕਾਂ ਰਸੂਲ ਹਮਜ਼ਾਤੋਵ, ਮੈਕਸਿਮ ਗੋਰਕੀ, ਦੋਸਤੋਵਸਕੀ, ਕਾਰਲ ਮਾਰਕਸ, ਲੈਨਿਨ ਅਤੇ ਮਾਓ-ਜੇ-ਤੁੰਗ ਆਦਿ ਦੇ ਫਲਸਫਿਆਂ ਦਾ ਅਧਿਐਨ ਕੀਤਾ। ਔਲਖ ਅਧਿਆਪਕ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਉਂਦੇ ਹੋਏ, ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਖੇ ਹੀ 31 ਅਗਸਤ, 2000 ਈ. ਨੂੰ ਸੇਵਾਮੁਕਤ ਹੋ ਗਏ। ਆਪਣੀ ਨੌਕਰੀ ਦੀ ਸੇਵਾਮੁਕਤੀ ਤੋਂ ਬਾਅਦ ਵੀ ਅਜਮੇਰ ਸਿੰਘ ਔਲਖ ਕਮਿਊਨਿਸਟ ਸਰਗਰਮੀਆਂ, ਰੰਗਮੰਚ ਅਤੇ ਸਾਹਿਤਕ ਖੇਤਰ ਨਾਲ ਆਪਣਾ ਲਗਾਅ ਰੱਖਦੇ ਹੋਏ, ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਜੂਝਦੇ ਹੋਏ 15 ਜੂਨ,2017 ਈ. ਨੂੰ ਇਸ ਸੰਸਾਰ ਤੋਂ ਚਲੇ ਗਏ।

**1.9.2. ਸਾਹਿਤਕ ਸਫ਼ਰ (ਰਚਨਾ ਸੰਸਾਰ):-**

ਅਜਮੇਰ ਸਿੰਘ ਔਲਖ ਨੇ ਆਪਣੀ ਸਾਹਿਤਕ ਯਾਤਰਾ ਬਚਪਨ ਤੋਂ ਹੀ ਸ਼ੁਰੂ ਕਰ ਦਿੱਤੀ ਸੀ। ਅਕਸਰ ਹੀ ਦੇਖਿਆ ਜਾਂਦਾ ਹੈ ਕਿ ਇਹੋ ਜਿਹੀ ਮਹਾਨ ਪ੍ਰਤਿਭਾ ਵਾਲੀਆਂ ਸ਼ਖ਼ਸੀਅਤਾਂ ਵਿਚ ਅਜਿਹੇ ਗੁਣ ਜਨਮ-ਜਾਤ ਹੀ ਹੁੰਦੇ ਹਨ। ਔਲਖ ਨੇ ਆਪਣੀ 'ਸਾਹਿਤਕ ਸਵੈਜੀਵਨੀ' ਵਿਚ ਖ਼ੁਦ ਹੀ ਲਿਖਿਆ ਹੈ ਕਿ

> ਸਾਹਿਤ-ਸਿਰਜਣ ਦੀ ਮਾਨਸਿਕਤਾ ਤਾਂ ਹੋਰ ਲੇਖਕਾਂ ਵਾਂਗ ਮੈਨੂੰ ਵੀ ਜਨਮ ਤੋਂ ਹੀ ਕੁਦਰਤ ਵੱਲੋਂ ਨਸੀਬ ਹੋਈ ਸੀ, ਪਰ ਇਸ ਮਾਨਸਿਕਤਾ ਅਧੀਨ ਮੈਂ ਪਹਿਲਾਂ ਨਾਟਕ ਨਹੀਂ, ਕਵਿਤਾ ਜਾਂ ਗੀਤ ਲਿਖਣੇ ਸ਼ੁਰੂ ਕੀਤੇ ਸੋ, ਆਪਣੇ ਸਾਹਿਤਕ ਸਫ਼ਰ ਦੀ ਗੱਲ ਪਹਿਲਾਂ ਮੈਂ ਆਪਣੇ ਗੀਤ (ਕਵਿਤਾ) ਲਿਖਣ ਤੋਂ ਹੀ ਕਰਦਾ ਹਾਂ। (ਔਲਖ 02)

ਉਨ੍ਹਾਂ ਨੇ ਮਹਿਜ਼ ਦਸ ਕੁ ਸਾਲ ਦੀ ਉਮਰ ਵਿਚ ਗੀਤ ਲਿਖਿਆ ਜੋ ਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕਮਿਊਨਿਸਟ ਪਾਰਟੀ ਦੀਆਂ ਗਤੀਵਿਧੀਆਂ ਵਿਚ ਗਾਇਆ ਜਾਂਦਾ ਰਿਹਾ। ਇਸ ਗੀਤ ਦੀਆਂ ਸਤਰਾਂ ਨਿਮਨ-ਕਿਸਾਨੀ ਦੇ ਦੁੱਖਾਂ- ਦਰਦਾਂ ਨੂੰ ਬਿਆਨ ਕਰਦੀਆਂ ਹਨ। ਔਲਖ ਮੁਜ਼ਾਰਾ ਪਰਿਵਾਰ ਨਾਲ ਸਬੰਧਿਤ ਹੋਣ ਕਾਰਨ ਬਚਪਨ ਤੋਂ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਸੀ। ਜਗੀਰਦਾਰਾਂ ਦੀਆਂ ਵਧੀਕੀਆਂ ਨੂੰ ਕਿਰਤੀ, ਕਿਸਾਨ ਕਿਵੇਂ ਆਪਣੇ ਪਿੰਡੇ 'ਤੇ ਹੰਢਾਉਂਦੇ ਸਨ, ਉਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਉਨ੍ਹਾਂ ਨੇ ਆਪਣੇ ਇਸ ਗੀਤ ਰਾਹੀਂ ਪੇਸ਼ ਕੀਤਾ ਹੈ। ਗੀਤ ਅਤੇ ਕਵਿਤਾ ਲਿਖਣ ਤੋਂ ਇਲਾਵਾ ਔਲਖ ਨੇ ਕਹਾਣੀਆਂ ਲਿਖਣ ਵਿਚ ਵੀ ਆਪਣਾ ਹੱਥ ਅਜ਼ਮਾਇਆ ਇਸ ਦੇ ਨਾਲ- ਨਾਲ ਉਨ੍ਹਾਂ ਨੇ ਲਗਪਗ 1958 ਈ. ਦੇ ਨੇੜੇ- ਤੇੜੇ ਇੱਕ ਨਾਵਲ ਲਿਖਿਆ, ਜਿਸਦਾ ਨਾਮ 'ਹਰਾਮਜ਼ਾਦਾ ਉਰਫ਼ ਜਗੀਰਦਾਰ' ਸੀ। ਇਸ ਨਾਵਲ ਦਾ ਵਿਸ਼ਾ ਜ਼ਮੀਨੀ ਵਿਵਾਦ ਨਾਲ ਜੁੜਿਆ ਹੋਇਆ ਸੀ। ਕਿਸਾਨੀ ਸੰਘਰਸ਼ਾਂ ਦੀ ਬਾਤ ਪਾਉਂਦਾ ਇਹ ਨਾਵਲ ਜਗੀਰਦਾਰੀ ਵਿਵਸਥਾ ਦੀ ਵਿਰੋਧਤਾ ਕਰਦਾ ਹੈ। ਉਨ੍ਹਾਂ ਦਾ ਇਹ ਨਾਵਲ ਹੱਥ- ਲਿਖਤ ਤਕ ਹੀ ਸੀਮਤ ਰਿਹਾ ਤੇ ਇਸ ਨਾਲ ਨਾਵਲ ਨੂੰ ਪ੍ਰਕਾਸ਼ਿਤ ਨਾ ਕੀਤਾ ਗਿਆ।

ਔਲਖ ਨੇ ਐਮ. ਏ. ਪੰਜਾਬੀ ਦੀ ਪੜ੍ਹਾਈ ਉਪਰੰਤ ਇੱਕ ਕਹਾਣੀ ਲਿਖੀ 'ਸ੍ਰੀਮਤੀ ਜੀ ਤੌਬਾ' ਜੋ ਕਿ ਉਨ੍ਹਾਂ ਦੀ ਪਹਿਲੀ ਪ੍ਰਕਾਸ਼ਤ ਰਚਨਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਵੀ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚੋਂ ਇਕ 'ਮੋੜਾ' ਨਾਮ ਦੀ ਕਹਾਣੀ ਹੈ, ਜੋ ਕੇ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਵੀ ਛਪਦੀ ਰਹੀ ਹੈ। ਇਨ੍ਹਾਂ ਦਿਨਾਂ ਦੌਰਾਨ ਔਲਖ ਨੇ ਇੱਕ ਕਵਿਤਾ 'ਉਸ ਰਾਤ ਪਏ ਭੌਂਕਣ ਕੁੱਤੇ' ਵੀ ਲਿਖੀ। ਭਾਵੇਂ ਅਜਮੇਰ ਔਲਖ ਨਾਟਕਕਾਰ ਦੇ ਤੌਰ 'ਤੇ ਮਕਬੂਲ ਹੋਏ, ਪ੍ਰੰਤੂ ਫਿਰ ਵੀ ਉਨ੍ਹਾਂ ਨੇ ਆਪਣੇ ਸਾਹਿਤ ਦੇ ਸ਼ੁਰੂਆਤੀ ਦੌਰ ਵਿਚ ਇਹ ਰਚਨਾਵਾਂ ਲਿਖੀਆਂ। ਇਹ ਰਚਨਾਵਾਂ ਉਨ੍ਹਾਂ ਦੇ ਸਾਹਿਤਕ ਸਫ਼ਰ ਲਈ ਮੀਲ ਪੱਥਰ ਦਾ ਕਾਰਜ ਕਰਦੀਆਂ ਹਨ।

### 1.9.3. ਸਥਾਪਿਤ ਨਾਟਕਕਾਰ ਦਾ ਸਫਰ :-

ਅਜਮੇਰ ਸਿੰਘ ਔਲਖ ਜਦੋਂ ਤੋਂ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਖੇ ਅਧਿਆਪਕ ਦੇ ਤੌਰ 'ਤੇ ਕਾਰਜ ਕਰਨ ਲੱਗੇ, ਤਾਂ ਉਸੇ ਸਮੇਂ ਤੋਂ ਹੀ ਰੰਗਮੰਚ ਅਤੇ ਨਾਟਕ ਨਾਲ ਨੇੜਲਾ ਸਬੰਧ ਰੱਖਦੇ ਸਨ। ਉਨ੍ਹਾਂ ਨੇ ਕਾਲਜ ਦੀਆਂ ਸਭਿਆਚਾਰਕ ਗਤੀਵਿਧੀਆਂ ਨੂੰ ਤੇਜ਼ ਕੀਤਾ ਅਤੇ ਆਪਣੇ ਵਿਦਿਆਰਥੀਆਂ ਨੂੰ ਰੰਗਮੰਚ ਨਾਲ ਜੋੜਿਆ। ਇਹ ਉਹ ਦੌਰ ਸੀ ਜਦੋਂ ਨਾਟਕ ਦੀ ਤੀਜੀ ਪੀੜ੍ਹੀ ਦੇ ਨਾਟਕਕਾਰ ਅਜਮੇਰ ਔਲਖ ਨੇ ਨਾਟਕ ਦੇ ਖੇਤਰ ਵਿਚ ਉਡਾਣ ਭਰੀ ਸੀ। ਮਾਲਵੇ ਖੇਤਰ ਨਾਲ ਸੰਬੰਧਿਤ ਔਲਖ ਨੇ ਆਪਣੇ ਨਾਟਕਾਂ ਵਿਚ ਮਲਵਈ ਅੰਸ਼ਾਂ ਦਾ ਬਾਖ਼ੂਬੀ ਰੰਗ ਬੰਨ੍ਹਿਆ ਹੈ। ਪੰਜਾਬੀ ਨਾਟਕ ਵਿਚ ਔਲਖ

ਸਾਹਿਬ ਨੇ ਨਵੀਆਂ ਪਿਰਤਾਂ ਪਾਈਆਂ। ਪੰਜਾਬੀ ਨਾਟਕ ਨੂੰ ਪਿੰਡਾਂ ਦੀਆਂ ਸੱਥਾਂ, ਮੋੜਾਂ ਅਤੇ ਥੜ੍ਹਿਆਂ ਤੱਕ ਪਹੁੰਚਦਾ ਕੀਤਾ। ਉਹਨਾਂ ਨੇ ਮਾਲਵਾ ਖੇਤਰ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਰਾਹੀਂ ਉਘਾੜਿਆ। ਉਹਨਾਂ ਨੇ ਆਪਣੇ ਨਾਟਕਾਂ ਰਾਹੀਂ ਮਲਵਈ ਨਿਮਨ-ਕਿਸਾਨੀ ਦੀਆਂ ਸਮੱਸਿਆਵਾਂ, ਥੁੜ-ਜ਼ਮੀਨੇ ਕਿਸਾਨਾਂ ਦੀ ਦਾਸਤਾਨ, ਮਾੜੀ ਆਰਥਿਕ ਸਥਿਤੀ ਕਾਰਨ ਟੁੱਟਦੇ ਰਿਸ਼ਤਿਆਂ, ਅਣਗੌਲੇ-ਪਾਤਰਾਂ, ਮਿਹਨਤਕਸ਼ ਅਤੇ ਕਿਰਤੀ ਲੋਕਾਂ ਦੀ ਤਰਾਸ਼ਦੀ, ਜਾਤੀ- ਜਮਾਤੀ ਸੰਘਰਸ਼ਾਂ, ਸਰਮਾਏਦਾਰੀ ਪ੍ਰਬੰਧ ਦੀ ਵਿਰੋਧਤਾ ਆਦਿ ਵਿਸ਼ਿਆਂ ਨੂੰ ਪੇਸ਼ ਕੀਤਾ।

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿਚ ਯਥਾਰਥਵਾਦੀ ਚਿਤਰਣ ਦੀ ਪੇਸ਼ਕਾਰੀ ਕੀਤੀ ਹੈ। ਉਨ੍ਹਾਂ ਨੇ ਜੋ ਕੁਝ ਆਪਣੇ ਨੇੜੇ ਦੇਖਿਆ ਅਤੇ ਤਜਰਬਾ ਹਾਸਲ ਕੀਤਾ, ਉਨ੍ਹਾਂ ਤੱਥਾਂ ਨੂੰ ਹੀ ਆਧਾਰ ਬਣਾ ਕੇ ਨਾਟਕੀ ਕਲਾ ਰਾਹੀਂ ਆਪਣੇ ਦਰਸ਼ਕਾਂ ਅੱਗੇ ਪਰੋਸਿਆ। ਔਲਖ ਦੀ ਸਿੱਧ- ਪੱਧਰੀ ਬੋਲੀ ਮਾਲਵੇ ਦੀ ਆਂਚਲਿਕਤਾ ਦਾ ਜਿਊਂਦਾ ਜਾਗਦਾ ਸਬੂਤ ਹੈ। ਔਲਖ ਦੀ ਨਾਟ ਕਲਾ ਅਤੇ ਦਰਸ਼ਕਾਂ ਦਰਮਿਆਨ ਐਨਾ ਨੇੜੇ ਦਾ ਸਬੰਧ ਹੋਣਾ ਵੀ ਔਲਖ ਲਈ ਇੱਕ ਵੱਡੀ ਪ੍ਰਾਪਤੀ ਮੰਨੀ ਜਾ ਸਕਦੀ ਹੈ । ਔਲਖ ਜੋ ਕੁਝ ਆਪਣੇ ਨਾਟਕਾਂ ਦੇ ਪਿੰਡੇ ਵਿਚੋਂ ਦਿਖਾਉਣਾ ਚਾਹੁੰਦਾ ਹੈ, ਉਸ ਦੇ ਦਰਸ਼ਕ ਉਹ ਸਭ ਕੁਝ ਦੇਖਣ ਲਈ ਪਹਿਲਾਂ ਤੋਂ ਹੀ ਪੱਬਾਂ ਭਾਰ ਹੋਏ ਹੁੰਦੇ ਹਨ। ਇਸ ਗੱਲ ਦਾ ਵੱਡਾ ਕਾਰਨ ਔਲਖ ਆਪਣੇ ਨਾਟਕਾਂ ਦੇ ਦਰਸ਼ਕਾਂ ਨੂੰ ਭਲੀ- ਭਾਂਤ ਸਮਝਦਾ ਹੈ ਕਿ ਉਹ ਕੀ ਦੇਖਣਾ ਅਤੇ ਸੁਣਨਾ ਪਸੰਦ ਕਰਦੇ ਹਨ। ਇਸ ਤਰ੍ਹਾਂ ਦਰਸ਼ਕਾਂ ਅਤੇ ਪਾਠਕਾਂ ਦੀ ਮਾਨਸਿਕ ਸਥਿਤੀ ਨੂੰ ਸਮਝਦਾ ਹੋਇਆ ਔਲਖ ਉਹ ਸਭ ਕੁਝ ਆਪਣੀ ਕਲਮ ਰਾਹੀਂ ਨਾਟਕਾਂ ਦਾ ਮੂੰਹ- ਮੁਹਾਂਦਰਾ ਤਿਆਰ ਕਰਦਾ ਹੈ।

ਅਜਮੇਰ ਔਲਖ ਬਾਰੇ ਇਹ ਧਾਰਨਾ ਰੂੜ ਹੋ ਚੁੱਕੀ ਹੈ ਕਿ ਉਹ ਨਿਮਨ-ਕਿਸਾਨੀ ਦੀਆਂ ਸਮੱਸਿਆਵਾਂ ਦਾ ਚਿਤਰਣ ਕਰਨ ਵਾਲਾ ਨਿਵੇਕਲਾ ਨਾਟਕਕਾਰ ਹੈ, ਪ੍ਰੰਤੂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਔਲਖ ਨੇ ਸਮਾਜ ਦੀ ਹਰ ਸ਼ੋਸ਼ਿਤ ਜਮਾਤ ਦੀ ਸਮੱਸਿਆ ਨੂੰ ਅਤਿ-ਸੰਵੇਦਨਸ਼ੀਲ ਚੇਤਨਾ ਰਾਹੀਂ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਅਜਮੇਰ ਔਲਖ ਬਾਰੇ ਸਤੀਸ਼ ਕੁਮਾਰ ਵਰਮਾ ਦੀ ਪੁਸਤਕ 'ਨਾਟਕਕਾਰਾਂ ਨਾਲ ਸੰਵਾਦ' ਦਾ ਵੇਰਵਾ ਪੇਸ਼ ਹੈ:"ਅਜਮੇਰ ਸਿੰਘ ਔਲਖ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਉਹ ਕਿਸਾਨੀ ਦੇ ਸਭਿਆਚਾਰਕ ਸੰਕਟ ਦਾ ਨਾਟਕਕਾਰ ਹੈ। ਪਰ ਮੇਰੇ ਵਿਚਾਰ ਵਿਚ ਉਸ ਦੀ ਪਹੁੰਚ ਕੇਵਲ ਸਭਿਆਚਾਰ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇਸ ਦੇ ਪਿੱਛੇ ਕੰਮ ਕਰ ਰਹੀਆਂ ਆਰਥਿਕ ਸ਼ਕਤੀਆਂ, ਨਿੱਜੀ ਜਾਇਦਾਦ 'ਤੇ ਆਧਾਰਿਤ ਸਮਾਜਿਕ ਬਣਤਰ ਅਤੇ ਮਨੁੱਖ ਦੇ ਸ਼ੋਸ਼ਣ ਤੱਕ ਪਹੁੰਚਦੀ ਹੈ।"(ਵਰਮਾ 266)

ਇਨ੍ਹਾਂ ਦਲੀਲਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਅਜਮੇਰ ਸਿੰਘ ਔਲਖ ਆਪਣੀਆਂ ਨਾਟ-ਰਚਨਾਵਾਂ ਵਿਚ ਵਿਸ਼ਿਆਂ ਦੀ ਵਿਭਿੰਨਤਾ ਨੂੰ ਤਨਦੇਹੀ ਨਾਲ ਨਿਭਾਉਂਦਾ ਹੈ। ਉਨ੍ਹਾਂ ਦੇ ਨਾਟਕਾਂ ਵਿਚ ਪ੍ਰਸਤੁਤ ਪਾਤਰ ਘੜੇ- ਘੜਾਏ ਨਹੀਂ ਹੁੰਦੇ,ਸਗੋਂ ਉਹ ਆਪਣੇ ਪਾਤਰਾਂ ਨੂੰ ਨੇੜਲੇ ਤਜਰਬੇ ਵਿਚੋਂ ਉਘਾੜਦਾ ਹੈ। ਉਨ੍ਹਾਂ ਦੀਆਂ ਹੁਣ ਤੱਕ ਆ ਚੁੱਕੀਆਂ ਨਾਟ- ਰਚਨਾਵਾਂ ਹੇਠ ਲਿਖੇ ਅਨੁਸਾਰ ਹਨ :-

**1.ਅਜਮੇਰ ਸਿੰਘ ਔਲਖ - ਮੇਰੇ ਸਾਰੇ ਪੂਰੇ ਨਾਟਕ (ਭਾਗ – ਪਹਿਲਾ, 2015)**

(i) ਸੱਤ ਬਗਾਨੇ

(ii) ਕਿਹਰ ਸਿੰਘ ਦੀ ਮੌਤ

(iii) ਇੱਕ ਸੀ ਦਰਿਆ

(iv) ਸਲਵਾਨ

(v) ਝਨਾਂ ਦੇ ਪਾਣੀ

(vi) ਨਿੱਕੇ ਸੂਰਜਾਂ ਦੀ ਲੜਾਈ

**2. ਅਜਮੇਰ ਸਿੰਘ ਔਲਖ-ਮੇਰੇ ਸਾਰੇ ਪੂਰੇ ਨਾਟਕ (ਭਾਗ- ਦੂਜਾ, 2015)**

(i) ਨਿਉਂ – ਜੜ੍ਹ

(ii) ਅਵੇਸਲੇ ਯੁੱਧਾਂ ਦੀ ਨਾਇਕਾ

(iii) ਚਾਨਣ ਦੇ ਵਣਜਾਰੇ

(iv) ਐਸੇ ਜਨ ਵਿਰਲੇ ਸੰਸਾਰੇ

(v) ਤੂੰ ਚਰਖਾ ਘੂਕਦਾ ਰੱਖ ਜ਼ਿੰਦੇ

(vi) ਐਇੰ ਕਿਵੇਂ ਖੋਹਲੋਂਗੇ ਜਮੀਨਾਂ ਸਾਡੀਆਂ?

**3. ਅਜਮੇਰ ਸਿੰਘ ਔਲਖ-ਮੇਰੇ ਸਾਰੇ ਲਘੂ ਨਾਟਕ (2015)**

(i) ਅਰਬਦ ਨਰਬਦ ਧੁੰਦੂਕਾਰਾ

(ii) ਬਗਾਨੇ ਬੋਹੜ ਦੀ ਛਾਂ

(iii) ਸੁੱਕੀ ਕੁੱਖ

(iv) ਇੱਕ ਰਮਾਇਣ ਹੋਰ

(v) ਭੱਠ ਖੇੜਿਆਂ ਦਾ ਰਹਿਣਾ

(vi) ਗਾਨੀ

(vii) ਤੇੜਾਂ

(viii) ਲੋਹੇ ਦਾ ਪੁੱਤ

(ix) ਐਇੰ ਨੀ ਹੁਣ ਸਰਨਾ

(x) ਊਂਈ- ਮੂੰਈ ਦਾ ਕੁਸ ਨੀ ਹੁੰਦਾ

(xi) ਕਉਲ਼ੇ ਉੱਤੇ ਰੱਖਿਆ ਕੌਲਾ

(xii) ਚੱਲ ਵੀਰਨਾ ਵੇ ਉਥੇ ਪਹੁੰਚੀਏ

(xiii) ਬੰਦ ਬੂਹਿਆਂ ਵਾਲੀ ਨਗਰੀ (ਬਾਲ ਲਘੂ - ਨਾਟਕ)

(xiv) ਪੱਪੂ ਦੀ ਪੈਂਟ (ਬਾਲ ਲਘੂ - ਨਾਟਕ)

**4. ਅਜਮੇਰ ਸਿੰਘ ਔਲਖ -ਮੇਰੇ ਸਾਰੇ ਇਕਾਂਗੀ (2015)**

(i) ਬਾਲ ਨਾਥ ਦੇ ਟਿੱਲੇ ’ਤੇ

(ii) ਮਿਰਜ਼ੇ ਦੀ ਮੌਤ

(iii) ਤੂੜੀ ਵਾਲਾ ਕੋਠਾ

(iv) ਜਦੋਂ ਬੋਹਲ ਰੋਂਦੇ ਹਨ

(v) ਅੰਨ੍ਹੇ ਨਿਸ਼ਾਨਚੀ

(vi) ਸਿੱਧਾ ਰਾਹ, ਵਿੰਗਾ ਬੰਦਾ

(vii) ਢਾਂਡਾ

(viii) ਐਸੇ ਰਚਿਉ ਖ਼ਾਲਸਾ

(ix) ਆਪਣਾ- ਆਪਣਾ ਹਿੱਸਾ

(x) ਇਸ਼ਕ ਬਾਝ ਨਮਾਜ਼ ਦਾ ਹੱਜ਼ ਨਾਹੀਂ

(xi) ਹਰਿਉ ਬੂਟ

(xii) ਅੰਨ੍ਹੇਰ- ਕੋਠੜੀ

(xiv) ਹਾਏ ਨੀ ਮਨਮੀਤ ਕੁਰੇ!

ਉਪਰੋਕਤ ਨਾਟ ਰਚਨਾਵਾਂ ਅਜਮੇਰ ਸਿੰਘ ਔਲਖ ਦੁਆਰਾ ਲਿਖੀਆਂ ਗਈਆਂ ਹਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਬਹੁਤ ਸਾਰਥਿਕ ਅਤੇ ਸ਼ਾਹਕਾਰ ਨਾਟ- ਰਚਨਾਵਾਂ ਪੰਜਾਬੀ ਨਾਟਕ ਦੀ ਝੋਲੀ ਪਾਈਆਂ ਹਨ। ਪੰਜਾਬੀ ਨਾਟਕ ਅਜਮੇਰ ਸਿੰਘ ਔਲਖ ਦਾ ਸਦਾ ਰਿਣੀ ਰਹੇਗਾ। ਉਨ੍ਹਾਂ ਦੁਆਰਾ ਦਿੱਤੀ ਦੇਣ ਸਦਕਾ ਪੰਜਾਬੀ ਨਾਟਕ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਅਤੇ ਪੰਜਾਬੀ ਨਾਟਕ ਦੇ ਪਾਠਕ ਆਪਣੇ ਆਪ ਨੂੰ ਸਾਹਿਤਕ ਤੌਰ 'ਤੇ ਅਮੀਰ ਮਹਿਸੂਸ ਕਰਨਗੇ।

**1.9.4. ਸਨਮਾਨ**

ਅਜਮੇਰ ਸਿੰਘ ਔਲਖ ਦਾ ਨਾਮ ਪੰਜਾਬੀ ਨਾਟਕ ਦੇ ਖੇਤਰ ਵਿਚ ਚੋਣਵੇਂ ਨਾਟਕਕਾਰਾਂ ਵਜੋਂ ਸਥਾਪਤ ਹੋ ਚੁੱਕਾ ਹੈ। ਉਨ੍ਹਾਂ ਦੀਆਂ ਰਚਨਾਵਾਂ ਉਪਰ ਵੱਡੀ ਗਿਣਤੀ ਵਿਚ ਖੋਜ- ਪੱਤਰ ਛਪ ਚੁੱਕੇ ਹਨ ਅਤੇ ਐਮ.ਫਿਲ. ਤੇ ਪੀਐੱਚ.ਡੀ. ਦੀਆਂ ਅਣਗਿਣਤ ਡਿਗਰੀਆਂ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਅਜਮੇਰ ਸਿੰਘ ਔਲਖ ਨੂੰ ਮਿਲੇ ਪੁਰਸਕਾਰਾਂ ਜਾਂ ਪ੍ਰਾਪਤੀਆਂ ਦੀ ਲਾਈਨ ਵੀ ਬਹੁਤ ਵੱਡੀ ਹੈ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

- ਉਨ੍ਹਾਂ ਨੂੰ '**ਅਰਬਦ ਨਰਬਦ ਧੁੰਦੂਕਾਰਾ**' ਉੱਪਰ 1981 ਈ. ਵਿਚ ਪੰਜਾਬੀ ਸਾਹਿਤ ਅਕਾਦਮੀ ਦੁਆਰਾ **ਬਿਹਤਰੀਨ ਇਕਾਂਗੀ ਪੁਰਸਕਾਰ** ਦਿੱਤਾ ਗਿਆ।
- '**ਅੰਨ੍ਹੇ ਨਿਸ਼ਾਨਚੀ**' ਰਚਨਾ ਨੂੰ 1983 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ **ਈਸ਼ਵਰ ਚੰਦਰ ਨੰਦਾ ਪੁਰਸਕਾਰ** ਦਿੱਤਾ ਗਿਆ ।
- **ਬਿਹਤਰੀਨ ਸਾਹਿਤਕਾਰ ਪੁਰਸਕਾਰ** ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਰਟਿਸਟਸ ਵੱਲੋਂ 1991 ਈ. ਵਿਚ ਦਿੱਤਾ ਗਿਆ ।
- **ਕਰਤਾਰ ਸਿੰਘ ਧਾਲੀਵਾਲ ਪੁਰਸਕਾਰ** ਪੰਜਾਬੀ ਸਾਹਿਤ ਅਕਾਦਮੀ ਵੱਲੋਂ 1996 ਈ. ਵਿਚ ਦਿੱਤਾ ਗਿਆ।

- **ਗੁਰਦਿਆਲ ਸਿੰਘ ਫੁੱਲ ਪੁਰਸਕਾਰ** ਫੁੱਲ ਮੈਮੋਰੀਅਲ ਟਰੱਸਟ ਵੱਲੋਂ 1997 ਈ. ਵਿਚ ਭੇਂਟ ਕੀਤਾ ਗਿਆ।
- **ਪੰਜਾਬੀ ਰੰਗਮੰਚ ਸੇਵਾ ਸਨਮਾਨ** ਲੋਕ ਸੱਭਿਆਚਾਰਕ ਵਿਕਾਸ ਮੰਚ, ਜੈਤੋ ਵੱਲੋਂ 1999 ਈ. ਵਿਚ ਪ੍ਰਦਾਨ ਕੀਤਾ ਗਿਆ।
- **ਪੰਜਾਬੀ ਬੋਲੀ ਸੇਵਾ ਦਾ ਇਨਾਮ** ਪੰਜਾਬੀ ਸਾਹਿਤ ਸਭਾ, ਰਾਮਪੁਰਾ ਫੂਲ ਵੱਲੋਂ 1999 ਈ. ਵਿਚ ਦਿੱਤਾ ਗਿਆ।
- **ਸ਼੍ਰੋਮਣੀ ਪੰਜਾਬੀ ਨਾਟਕਕਾਰ ਪੁਰਸਕਾਰ** ਭਾਸ਼ਾ ਵਿਭਾਗ, ਪੰਜਾਬ ਵੱਲੋਂ 1999 ਨੂੰ ਔਲਖ ਦੀ ਝੋਲੀ ਪਿਆ।
- **ਬਲਰਾਜ ਸਾਹਨੀ ਯਾਦਗਾਰੀ ਪੁਰਸਕਾਰ** ਪੰਜਾਬ ਕਲਾ ਕੇਂਦਰ, ਮੁੰਬਈ- ਚੰਡੀਗੜ੍ਹ ਵੱਲੋਂ 2000 ਈ. ਵਿਚ ਦਿੱਤਾ ਗਿਆ।
- **ਜੀਵਨ ਗੌਰਵ ਸਨਮਾਨ** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 2000 ਈ. ਵਿਚ ਦਿੱਤਾ ਗਿਆ।
- '**ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ**' ਇਕਾਂਗੀ ਸੰਗ੍ਰਹਿ ਨੂੰ 2006 ਈ. ਵਿਚ **ਭਾਰਤੀ ਸਾਹਿਤ ਅਕਾਦਮੀ ਪੁਰਸਕਾਰ** ਦਿੱਤਾ ਗਿਆ।
- ਭਾਸ਼ਾ ਵਿਭਾਗ ਪੰਜਾਬ ਵੱਲੋਂ **ਸਿਰਮੌਰ ਪੁਰਸਕਾਰ ਪੰਜਾਬੀ ਸਾਹਿਤ ਰਤਨ** 2013 ਈ. ਵਿਚ ਦਿੱਤਾ ਗਿਆ।
- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 2014 ਈ. ਵਿਚ **ਡੀ.ਲਿਟ. ਦੀ ਡਿਗਰੀ** ਨਾਲ ਸਨਮਾਨਿਤ ਕੀਤਾ ਗਿਆ।

ਅਜਮੇਰ ਸਿੰਘ ਔਲਖ ਪੰਜਾਬੀ ਸਾਹਿਤ ਦੇ ਖੇਤਰ ਵਿਚ ਜਾਣਿਆ-ਪਛਾਣਿਆ ਅਤੇ ਸਨਮਾਨਿਆ ਗਿਆ ਨਾਟਕਕਾਰ ਹੈ। ਔਲਖ ਆਪਣੀ ਨਾਟਕ ਵਿਲੱਖਣਤਾ ਕਾਰਨ ਪੰਜਾਬੀ ਨਾਟਕਕਾਰਾਂ ਵਿਚ ਵੱਖਰੀ ਪਛਾਣ ਕਾਇਮ ਕਰਨ ਵਿਚ ਸਫ਼ਲ ਹੋਇਆ ਹੈ। ਔਲਖ ਨੇ ਯਥਾਰਥਵਾਦੀ ਵਿਧੀ ਨੂੰ ਕੇਵਲ ਯਥਾਰਥਕ ਰੂਪ 'ਤੇ ਵਰਤਿਆ ਹੀ ਨਹੀਂ ਬਲਕਿ ਉਹ ਚੇਤੰਨ ਰੂਪ ਵਿਚ ਇਸ ਵਿਧੀ ਨੂੰ ਰੇਖਾਂਕਿਤ ਕਰਨਾ ਚਾਹੁੰਦਾ ਹੈ। ਉਸਦੀ ਰਚਨਾ ਰੋਮਾਂਸਵਾਦੀ-ਆਦਰਸ਼ਵਾਦੀ ਉਪਭਾਵੁਕਤਾ ਤੋਂ ਮੁਕਤ ਹੈ ਪਰ ਉਹ ਵਸਤੂ ਸਥਿਤੀ ਨੂੰ ਆਲੋਚਨਾਤਮਕ ਯਥਾਰਥਵਾਦੀ ਰਚਨਾ ਵਿਧੀ ਅਨੁਸਾਰ ਪੇਸ਼ ਕਰਦਾ ਹੈ।

### 1.10 ਅਜਮੇਰ ਸਿੰਘ ਔਲਖ ਦਾ ਨਾਟਕੀ ਵਿਕਾਸ ਅਤੇ ਜਮਾਤੀ-ਚੇਤਨਾ ਦਾ ਮਾਡਲ

ਅਜਮੇਰ ਔਲਖ ਪੰਜਾਬੀ ਨਾਟ-ਜਗਤ ਦੀ ਤੀਜੀ ਪੀੜ੍ਹੀ ਦਾ ਲੋਕ ਹਿਤੈਸ਼ੀ, ਮੌਲਿਕ ਨਾਟ-ਪ੍ਰਤਿਭਾ ਦੇ ਮਾਲਕ, ਸਿਰਮੌਰ ਰੰਗਕਰਮੀ ਅਤੇ ਮੰਚ ਪ੍ਰਤੀ ਦ੍ਰਿੜ ਪ੍ਰਤੀਬੱਧਤਾ ਵਾਲਾ ਹਰਮਨ ਪਿਆਰਾ ਨਾਟਕਕਾਰ ਹੈ। ਯਥਾਰਥਵਾਦੀ ਨਾਟ-ਸ਼ੈਲੀ,

ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ, ਦਬੇ-ਕੁਚਲੇ, ਅਣਹੋਇਆਂ ਦੀ ਜੂਨ ਭੋਗਦੀ, ਨਿਮਨ-ਕਿਸਾਨੀ ਦੇ ਦੁੱਖ ਦਰਦ ਦੀ ਆਵਾਜ਼ ਬਣਨਾ, ਆਪ ਦੀਆਂ ਨਾਟ ਕ੍ਰਿਤਾਂ ਦਾ ਵਿਸ਼ਾ ਹੈ। ਸਾਡੇ ਸਮਾਜ ਵਿਚ ਔਰਤ ਦੀ ਦਸ਼ਾ, ਔਰਤ ਵਿਹੂਣੀ ਜ਼ਿੰਦਗੀ ਦਾ ਦੁਖਾਂਤ ਰਿਸ਼ਤਿਆਂ ਦੀ ਟੁੱਟ-ਭੱਜ, ਸ਼ਾਹੂਕਾਰਾਂ ਦੀ ਲੁੱਟ ਨੂੰ ਜਿਸ ਸ਼ਿੱਦਤ ਤੇ ਈਮਾਨਦਾਰੀ ਨਾਲ ਆਪ ਨੇ ਚਿਤਰਿਆ ਹੈ, ਇਹ ਇਕ ਸੁਹਿਰਦ, ਦਿਆਨਤਦਾਰ, ਲੋਕ-ਹਿੱਤੂ, ਪ੍ਰਤੀਬੱਧ ਤੇ ਪ੍ਰਤਿਭਾਸ਼ੀਲ ਨਾਟਕਕਾਰ ਦਾ ਹੀ ਹਿੱਸਾ ਹੋ ਸਕਦਾ ਹੈ। ਉਸ ਨੇ ਪੰਜਾਬੀ ਨਾਟਕ ਨੂੰ ਲੋਕ ਮੁਹਾਵਰਾ ਤੇ ਮਲਵਈ ਭਾਸ਼ਾ ਦੀ ਨਵੇਕਲੀ ਰੰਗਣ ਪ੍ਰਦਾਨ ਕੀਤੀ ਹੈ। ਉਨਾਂ ਦੇ ਡੇਢ ਦਰਜਨ ਤੋਂ ਉਪਰ ਨਾਟਕ ਪੰਜਾਬੀ ਜਗਤ ਵਿਚ ਆਪਣੀ ਪਛਾਣ ਹੀ ਨਹੀਂ ਬਣਾਉਂਦੇ ਸਗੋਂ ਅਨੇਕਾਂ ਵਾਰ, ਅਨੇਕਾਂ ਥਾਈਂ ਪ੍ਰਦਰਸ਼ਿਤ ਹੋ ਕੇ ਉਨਾਂ ਦੀ ਆਵਾਜ਼ ਵੀ ਬੁਲੰਦ ਕਰਦੇ ਹਨ ਤੇ ਮਾਨ-ਸਨਮਾਨ ਦਾ ਸਿਹਰਾ ਵੀ ਬਣ ਰਹੇ ਹਨ।

ਸਭ ਤੋਂ ਪਹਿਲੀ ਨਾਟਕ ਸੰਗ੍ਰਹਿ ਪੁਸਤਕ 'ਅਰਬਦ ਨਰਬਦ ਧੁੰਧੂਕਾਰਾ' ਵਿਚਲਾ ਲਘੂ ਨਾਟਕ ਅਰਬਦ ਧੁੰਧੂਕਾਰਾ' ਹੀ ਹੈ ਅਤੇ 'ਇਸ਼ਕ ਜਿੰਨ੍ਹਾਂ ਦੇ ਹੱਡੀ ਰਚਿਆ' ਨਾਂ ਨਾਲ ਪ੍ਰਸਿੱਧ ਇਸ ਨਾਟਕ ਵਿਚ ਛੇ ਕਿੱਸਾ ਨਾਇਕਾਂ ਨੂੰ ਲੈ ਕੇ ਲਿਖਿਆ ਗਿਆ ਹੈ। ਜੋ ਭੂਤ ਤੋਂ ਵਰਤਮਾਨ ਵਿਚ ਵਿਚਰਦੇ ਵਿਖਾਏ ਗਏ ਹਨ। ਪਹਿਲੀ ਪੁਸਤਕ ਦਾ ਇਹ ਪਹਿਲਾ ਨਾਟਕ 'ਐਬਸਰਡਵਾਦੀ' ਨਾਟਕਾਂ ਦੀ ਵੰਨਗੀ ਵਿਚ ਆਉਂਦਾ ਹੈ। ਇਸ ਨਾਟਕ ਰਾਹੀਂ ਲੇਖਕ ਨੇ ਇਹ ਦੱਸਣਾ ਚਾਹਿਆ ਹੈ ਕਿ ਕੋਈ ਸਮਾਂ ਸੀ ਜਦੋਂ ਮਨੁੱਖ ਦੀ ਇਕ ਅਤਿਅੰਤ ਕੁਦਰਤੀ ਇੱਛਾ 'ਇਸ਼ਕ' ਤੋਂ ਵਿਵਸਥਾ ਉਸਨੂੰ ਗੁੰਮਰਾਹ ਕਰਦੀ ਹੈ। ਭਾਵੇਂ ਹੁਣ ਇੰਨ੍ਹਾਂ ਦਾ ਇਸ਼ਕ 'ਰੋਟੀ' ਨਾਲ ਹੈ ਪਰ ਸਮੱਸਿਆ ਭਾਵੇਂ 'ਰੋਟੀ' ਦੀ ਹੋਵੇ ਜਾਂ 'ਇਸ਼ਕ' ਦੀ ਆਪਣੇ ਅਧੀਨ ਵਸਦੇ ਲੋਕਾਂ ਨੂੰ ਗੁਲਾਮ ਬਣਾ ਕੇ ਹੀ ਲੋੜ ਮੁਤਾਬਿਕ ਉਨ੍ਹਾਂ ਨੂੰ ਵਰਤਦੀ ਹੈ। ਪਹਿਲੀ ਵਾਰ ਉਹ ਹਾਰ ਖਾਂਦੇ ਹਨ, ਲੁੱਟੇ ਜਾਂਦੇ ਹਨ। ਪਰ ਦੂਜੀ ਵਾਰ ਉਹ ਇਸ ਨਿਜ਼ਾਮ ਤੋਂ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋ ਜਾਂਦੇ ਹਨ। ਉਹ ਨਿਜ਼ਾਮ ਨਾਲ ਟੱਕਰ ਲੈਣੀ ਚਾਹੁੰਦੇ ਹਨ ਨਾਂ ਕਿ ਧੁੰਧੂਕਾਰੇ ਵਿਚ ਹੀ ਆਪਣੀ ਜਾਨ ਦਿੰਦੇ ਹਨ। ਸਾਰਿਆਂ ਦੀ ਰਾਜਸੀ-ਚੇਤਨਾ ਉਨ੍ਹਾਂ ਵਿਚ ਲੋਕ-ਸ਼ਕਤੀ ਪੈਦਾ ਕਰਦੀ ਹੈ ਅਤੇ ਰਾਜਸੀ ਵਿਵਸਥਾ 'ਤੇ ਜਿੱਤ ਪ੍ਰਾਪਤ ਕਰ ਲੈਂਦੇ ਹਨ। ਇਸ ਨਾਟ-ਸੰਗ੍ਰਹਿ ਪੁਸਤਕ ਵਿਚਲਾ ਦੂਸਰਾ ਲਘੂ-ਨਾਟਕ 'ਬਗਾਨੇ ਰੁੱਖ ਦੀ ਛਾਂ' ਜਿਸ ਨੂੰ ਔਲਖ ਨੇ ਦੂਸਰੇ ਸੰਗ੍ਰਹਿ ਵਿਚ 'ਬਗਾਨੇ ਬੋਹੜ ਦੀ ਛਾਂ' ਨਾਂ ਹੇਠ ਛਾਪਿਆ ਹੈ ਅਤੇ 'ਅਰਬਦ ਨਰਬਦ ਧੁੰਧੂਕਾਰਾ' ਸੰਗ੍ਰਹਿ ਦੇ ਦੂਜੇ ਐਡੀਸ਼ਨ ਵਿਚ ਵੀ ਇਸ ਨੂੰ 'ਬਗਾਨੇ ਬੋਹੜ ਦੀ ਛਾਂ' ਨਾਂ ਹੇਠ ਹੀ ਛਾਪਿਆ ਗਿਆ ਹੈ। ਨਾਟਕ ਦਾ ਵਿਸ਼ਾ 'ਅਜੋਕੀ ਪੰਜਾਬੀ ਕਿਸਾਨੀ ਦੀਆਂ ਮੂਲ ਸਮੱਸਿਆਵਾਂ' ਨਾਲ ਸੰਬੰਧਿਤ ਹੈ। ਇਸ ਨਾਟਕ ਵਿਚ ਕਿਸਾਨੀ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਸਮੱਸਿਆਵਾਂ ਆਪਣੇ ਪਿੱਛੇ ਕਿੰਨੇ ਗੰਭੀਰ ਕਾਰਨ ਲੁਕੋਈ ਬੈਠੀਆਂ ਹਨ। ਇਸ ਗੱਲ ਵੱਲ ਧਿਆਨ

ਦੁਆਉਣਾ ਇਸ ਨਾਟਕ ਦਾ ਮੁੱਖ ਮੰਤਵ ਹੈ। ਗੱਜਣ ਸਿੰਘ ਦਾ ਆਪਣੀ ਧੀ ਨੂੰ ਛੇਤੀ ਵਿਆਹੁਣ, ਪੁੱਤ ਨੂੰ ਪੜ੍ਹਾਉਣ ਤੇ ਘਰ ਛੋਟੇ ਭਰਾ ਗੇਲੇ ਦੀਆਂ ਅਣਸਰਦੀਆਂ ਗਰਜਾਂ ਪੂਰੀਆਂ ਕਰਨ ਲਈ ਕੀਤੇ ਯਤਨ, ਨਸ਼ੇ ਤੇ ਫਿਰ ਘਰ ਦੀ ਵੰਡ, ਕਰਜ਼ੇ ਦੇ ਭਾਰ, ਜਨਮ ਲੈਣ ਤੋਂ ਪਹਿਲਾਂ ਹੀ ਕੰਮੀਆਂ ਦੇ ਬੱਚਿਆਂ ਸਿਰ ਚੜ੍ਹਿਆ ਕਰਜ਼ਾ ਆਦਿ ਅਨੇਕਾਂ ਹੀ ਪਹਾੜ ਜਿੱਡੀਆਂ ਸਮੱਸਿਆਵਾਂ ਹਨ, ਜਿੰਨ੍ਹਾਂ ਨੇ ਉਨ੍ਹਾਂ ਗਰੀਬ ਲੋਕਾਂ ਦਾ ਜਿਉਣਾ ਦੁੱਭਰ ਕਰ ਰੱਖਿਆ ਹੈ। ਇੰਨ੍ਹਾਂ ਹਾਲਾਤਾਂ ਦੀ ਦਲਦਲ ਵਿਚ ਫਸੇ ਇੰਨ੍ਹਾਂ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਵੀ ਹਰ ਪਲ ਖਤਰਾ ਬਣਿਆ ਰਹਿੰਦਾ ਹੈ, ਜਿਸ ਨਾਲ ਨੌਬਤ 'ਕਤਲ' ਤੱਕ ਜਾ ਪਹੁੰਚਦੀ ਹੈ। ਇਸ ਨਾਟਕ ਦਾ ਵਿਸ਼ਾ ਆਰਥਿਕ ਮੰਦਹਾਲੀ ਦੇ ਮਾਰੇ ਹੋਏ ਕਿਸਾਨ ਦੇ ਸਰਮਾਏਦਾਰੀ ਨਿਜ਼ਾਮ ਦੇ ਬੋਹੜ ਥੱਲੇ ਜ਼ਿੰਦਗੀ ਬਸਰ ਕਰਨ ਨਾਲ ਸੰਬੰਧਤ ਹੈ। ਜਿਥੇ ਉਹ ਕਦੇ ਵੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਔਲਖ ਦਾ ਪੇਂਡੂ ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਇਸ ਨਾਟਕ ਵਿਚ ਪੇਸ਼ ਕਰ ਦੇਣਾ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੇ ਬਰਾਬਰ ਹੈ। ਨਿਸ਼ਚੇ ਹੀ ਔਲਖ ਦਾ ਇਹ ਨਾਟਕ ਉਸਦੇ ਸਾਰੇ ਨਾਟਕਾਂ ਵਿਚੋਂ ਸਰਵੋਤਮ ਨਾਟਕ ਹੋਣ ਦਾ ਦਰਜਾ ਲੈ ਜਾਂਦਾ ਹੈ। ਤੀਸਰਾ ਲਘੂ ਨਾਟਕ 'ਤੂੜੀ ਵਾਲਾ ਕੋਠਾ' ਹੈ। ਇਸ ਨਾਟਕ ਦੇ ਵਿਸ਼ੇ ਵਿਚ ਔਲਖ ਨੇ ਉਨ੍ਹਾਂ ਨੌਜਵਾਨਾਂ ਦੀ ਦੁੱਖ ਭਰੀ ਕਹਾਣੀ ਬਿਆਨ ਕੀਤੀ ਹੈ। ਜਿੰਨ੍ਹਾਂ ਦੀ ਜ਼ਿੰਦਗੀ 'ਔਰਤ' ਤੋਂ ਬਿਨਾਂ ਇਕ ਤੂੜੀ ਵਾਲੀ ਕੋਠੇ ਦੇ ਸਮਾਨ ਹੈ ਜਿਸ ਵਿਚ ਜਾਂ ਤਾਂ ਤੂੜੀ ਭਰੀ ਜਾ ਸਕਦੀ ਹੈ ਅਤੇ ਜਾਂ ਫਿਰ ਘਰ ਦਾ ਵਾਧੂ ਸਮਾਨ ਸੁੱਟਿਆ ਜਾ ਸਕਦਾ ਹੈ। ਇਸ ਨਾਟਕ ਵਿਚਲਾ ਸਾਰਾ ਦੁਖਾਂਤ ਹੀ ਔਰਤ ਦੀ ਘਾਟ ਕਰਕੇ ਵਾਪਰਦਾ ਹੈ ਤੇ ਇਸ ਘਾਟ ਦਾ ਮੁੱਖ ਕਾਰਨ ਜ਼ਮੀਨ ਦੀ ਘਾਟ ਹੀ ਹੈ। ਘੱਟ ਜ਼ਮੀਨ ਹੋਣ ਕਰਕੇ ਜੱਟਾਂ ਦੇ ਮੁੰਡੇ ਵਿਆਹੇ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਕੋਲ ਆਮਦਨ ਦਾ ਇਕੋ-ਇਕ ਸਾਧਨ ਜ਼ਮੀਨ ਹੀ ਹੈ, ਜਿਸਦੇ ਸਿਰ 'ਤੇ ਕਬੀਲਦਾਰੀ ਤੋਰਨੀ ਹੈ। ਇਸ ਨਾਟਕ ਵਿਚਲਾ ਸੰਤੂ ਵੀ ਚਾਰ ਪੁੱਤਰਾਂ ਦਾ ਬਾਪ ਹੋ ਕੇ ਬੁੱਢੇ ਵੇਲ਼ੇ ਆਪਣੇ ਹੱਥ ਸਾੜ ਰਿਹਾ ਹੈ। ਧਰਮਾ ਜ਼ਿੰਦਗੀ ਦੀਆਂ ਤੰਗੀਆਂ ਤੋਂ ਤੰਗ ਆ ਕੇ ਰੱਬ ਨਾਲ ਬਿਰਤੀ ਜੋੜਦਾ ਹੈ। ਸਾਰਾ ਦਿਨ ਕੰਮ ਤੋਂ ਬਾਅਦ ਵੀ ਕਰਮੇ ਨੂੰ ਰੋਟੀਆਂ ਪਕਾਉਣ ਵੇਲੇ ਗ੍ਰਿਹਿਸਤ ਦੀ ਘਾਟ ਮਹਿਸੂਸ ਹੁੰਦੀ ਹੈ। ਆਪਣੇ ਹੱਕ ਦੇ ਖੁੱਸ ਜਾਣ ਅਤੇ ਵੱਡੇ ਭਰਾ ਨਾਹਰੀ ਦੇ ਫਾਹਾ ਲੱਗ ਜਾਣ 'ਤੇ ਦੁੱਖ ਨਾਲ ਅੰਦਰੋਂ-ਅੰਦਰੀ ਕੁੜ੍ਹਦਾ ਧਿੰਦੀ ਸ਼ਰਾਬ ਦਾ ਆਦੀ ਹੋ ਜਾਂਦਾ ਹੈ ਤੇ ਨਸ਼ੇ ਵਿਚ ਆ ਕੇ ਆਪਣੇ ਦੁਸ਼ਮਣ ਤੋਂ ਬਦਲਾ ਲੈਣ ਲਈ ਆਪਣੇ ਭਰਾਵਾਂ ਨੂੰ ਉਕਸਾਉਂਦਾ ਹੈ ਪਰ ਕਈ ਆਰਥਿਕ ਤੇ ਸਮਾਜਿਕ ਮਜ਼ਬੂਰੀਆਂ ਹੀ ਉਨ੍ਹਾਂ ਨੂੰ ਜਕੜੀ ਬੈਠੀਆਂ ਹਨ। ਗ੍ਰਿਹਿਸਤੀ ਜੀਵਨ ਤਾਂ ਅਜਿਹੇ ਨੌਜਵਾਨਾਂ ਲਈ ਸੁਪਨਾ ਬਣਕੇ ਰਹਿ ਜਾਂਦਾ ਹੈ, ਜਿਸਦਾ ਪ੍ਰਵਾਨ ਚੜ੍ਹਨਾ ਮੁਸ਼ਕਿਲ ਹੋ ਜਾਂਦਾ ਹੈ। ਅਜਮੇਰ ਸਿੰਘ ਔਲਖ ਦੀ ਦੂਸਰੀ ਨਾਟ ਸੰਗ੍ਰਹਿ ਪੁਸਤਕ 'ਬਗਾਨੇ ਬੋਹੜ ਦੀ ਛਾਂ' ਵਿਚਲਾ ਪਹਿਲਾ ਲਘੂ ਨਾਟਕ

'ਬਗਾਨੇ ਬੋਹੜ ਦੀ ਛਾਂ' ਹੀ ਹੈ। ਜਿਸਦਾ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ। ਦੂਸਰਾ ਲਘੂ ਨਾਟਕ 'ਸੁੱਕੀ ਕੁੱਖ' ਹੈ। ਇਸ ਨਾਟਕ ਦਾ ਵਿਸ਼ਾ ਔਲਾਦਹੀਣ ਅਤੇ ਭੋਇਹੀਣ ਦਲਿਤ ਪਰਿਵਾਰ ਦੀ ਇਸਤਰੀ ਧੰਨੋ ਦੀ ਮਨੋਦਸ਼ਾ ਤੇ ਮਾਂ ਦੇ ਦਿਲ ਦੀ ਤੜਪ ਅਤੇ ਮਮਤਾ ਨੂੰ ਪੇਸ਼ ਕਰਦਾ ਹੈ। ਸਮਾਜਿਕ ਚੇਤਨਾ ਅਨੁਸਾਰ ਔਲਾਦਹੀਣ ਔਰਤ ਦੀ ਸਾਡੇ ਸਮਾਜ ਵਿਚ ਕੋਈ ਸਤਿਕਾਰਤ ਥਾਂ ਨਹੀਂ। ਬੇ-ਔਲਾਦ ਹੋਣ ਕਰਕੇ ਹੀ ਨਾਟਕ ਵਿਚਲੀ ਨਾਇਕਾ ਧੰਨੋ  ਗੁਆਂਢਣ ਦਰਾਣੀ ਅਤੇ ਆਪਣੇ ਪਤੀ ਕੋਲੋਂ ਦਰਕਾਰੀ ਜਾਂਦੀ ਹੈ। ਇੱਥੋਂ ਤੱਕ ਕਿ ਉਹ ਆਪਣੇ ਪਤੀ ਤੋਤੀ ਦੀ ਕੁੱਟ ਦਾ ਸ਼ਿਕਾਰ ਵੀ ਹੁੰਦੀ ਹੈ। ਉਹ ਵੀ ਇਸੇ ਮਾਨਸਿਕ ਦੁਖਾਂਤ ਦਾ ਸ਼ਿਕਾਰ ਹੋ ਕੇ ਸ਼ਰਾਬ ਪੀਣ ਲੱਗ ਜਾਂਦਾ ਹੈ। ਧੰਨੋ ਅਜਿਹੀਆਂ ਔਰਤਾਂ ਦੀ ਪ੍ਰਤਿਨਿਧਤਾ ਕਰਦੀ ਹੈ ਜੋ ਔਲਾਦ ਪਾਉਣ ਦੀ ਖਾਤਰ ਕੋਹਝੇ ਤੋਂ ਕੋਹਝੇ ਤੇ ਖ਼ਤਰਨਾਕ ਕੰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦੀਆਂ। ਇਸ ਨਾਟਕ ਵਿਚ ਔਲਖ ਨੇ ਅੰਧ-ਵਿਸ਼ਵਾਸਾਂ ਨਾਲ ਭਰੇ ਹੋਏ ਸਮਾਜ ਨੂੰ ਸੁਚੇਤ ਕਰਨਾ ਚਾਹਿਆ ਹੈ ਕਿ ਸਾਧੂ ਸੰਤ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਸਵਾਏ ਹੋਰ ਕੁਝ ਨਹੀਂ ਦਿੰਦੇ। ਧੰਨੋ ਦੀ ਮਮਤਾ ਉਸ ਸਮੇਂ ਪੂਰੇ ਜਲੌਅ ਵਿਚ ਆ ਜਾਂਦੀ ਹੈ ਜਦੋਂ ਉਹ ਪਰਾਏ ਬਾਲਕ ਦੀ ਬਲੀ ਦੇਣ ਲਈ ਤਿਆਰ ਹੋ ਜਾਂਦੀ ਹੈ। ਪਰ ਔਲਖ ਨੇ ਇਨਸਾਨੀ ਰਿਸ਼ਤੇ ਨੂੰ ਸਭ ਤੋਂ ਚੰਗਾ ਦਰਸਾ ਕੇ ਅਤੇ ਮਾਂ ਦੇ ਦਿਲ ਦੀ ਸਾਰੇ ਬੱਚਿਆਂ ਨਾਲ ਸਾਂਝ ਪੁਆ ਕੇ ਉਸਨੂੰ ਅਜਿਹਾ ਕੁਕਰਮ ਕਰਨ ਤੋਂ ਬਚਾ ਲਿਆ ਹੈ। ਇਸਦੇ ਨਾਲ ਹੀ ਨਾਟਕ ਵਿਚ ਨਾਟਕਕਾਰ ਨੇ ਮੁਜ਼ਾਰਿਆਂ ਦੀ ਆਰਥਿਕ ਹਾਲਤ ਨੂੰ ਵੀ ਬਿਆਨ ਕੀਤਾ ਹੈ ਕਿ ਉਨ੍ਹਾਂ ਦੇ ਬੱਚਿਆਂ 'ਤੇ ਜੰਮਦਿਆਂ ਸਾਰ ਹੀ 'ਰੋਟੀ' ਦਾ ਖਿਆਲ ਭਾਰੂ ਹੋ ਜਾਂਦਾ ਹੈ। ਇਸ ਕਰਕੇ ਹੀ ਟੱਲੀ ਵਰਗੇ ਬੱਚੇ 'ਆਟੇ ਵਾਲੀ ਮਸ਼ੀਨ' ਲਾਉਣੀ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਨੂੰ ਰੋਟੀ ਦੀ ਖਾਤਰ ਕਿਸੇ ਜੱਟ ਨਾਲ ਸੀਰੀ ਨਾ ਰਲਣਾ ਪਵੇ। 'ਬਗਾਨੇ ਬੋਹੜ ਦੀ ਛਾਂ' ਪੁਸਤਕ ਵਿਚਲਾ ਤੀਸਰਾ ਲਘੂ ਨਾਟਕ 'ਇਕ ਰਮਾਇਣ ਹੋਰ' ਦਾ ਵਿਸ਼ਾ 'ਨਿਮਨ-ਕਿਸਾਨੀ ਪਰਿਵਾਰ ਵਿਚ ਘੱਟ ਜ਼ਮੀਨ ਦੀ ਸਮੱਸਿਆ' ਨਾਲ ਸੰਬੰਧਿਤ ਹੈ। ਇਸ ਨਾਟਕ ਵਿਚਲੇ ਤਿੰਨ ਪਾਤਰ ਰਾਮ, ਲਛਮਣ ਤੇ ਸੀਤੋ ਨੂੰ ਅਜੋਕੇ ਸਮਾਜਿਕ ਸੰਦਰਭ ਵਿਚ ਵਿਚਰਦੇ ਵਿਖਾਇਆ ਗਿਆ ਹੈ। ਪਹਿਲਾਂ ਤਾਂ ਇਨ੍ਹਾਂ ਪਾਤਰਾਂ ਤੇ 'ਰਮਾਇਣ' ਵਿਚਲੇ ਪਾਤਰਾਂ ਵਾਂਗ ਆਦਰਸ਼ਵਾਦੀ ਚੇਤਨਾ ਭਾਰੂ ਹੋ ਜਾਂਦੀ ਹੈ। ਪਰ ਜਦੋਂ ਉਨ੍ਹਾਂ ਦੀ ਟੱਕਰ ਆਰਥਿਕ ਮੰਦਹਾਲੀ ਨਾਲ ਹੁੰਦੀ ਹੈ ਤਾਂ ਮਜਬੂਰੀ ਵੱਸ ਹੋ ਕੇ ਸੀਤੋ ਵਰਗੀ ਆਦਰਸ਼ਵਾਦੀ ਪਤਨੀ ਨੂੰ ਜ਼ਮੀਨ ਦੀਆਂ ਵੰਡੀਆਂ ਪੈਣ ਤੋਂ ਬਚਾਉਣ ਦੀ ਖਾਤਰ ਆਪਣੇ ਛੜੇ ਜੇਠ ਲੱਛੇ ਕੋਲੋਂ ਆਪਣੀ ਦੇਹ ਜੂਠੀ ਕਰਵਾਉਣੀ ਹੀ ਪੈਂਦੀ ਹੈ ਅਤੇ ਆਪਣਾ ਧਰਮ ਤਿਆਗਣਾ ਹੀ ਪੈਂਦਾ ਹੈ। ਇਸ ਤਰ੍ਹਾਂ ਨਿਮਨ-ਕਿਸਾਨੀ ਨੂੰ ਹਰ ਪੱਖੋਂ ਵੱਡੀ ਕਿਸਾਨੀ ਉਪਰ ਨਿਰਭਰ ਹੋਣਾ ਹੀ ਪੈਂਦਾ ਹੈ। ਅਜਮੇਰ ਸਿੰਘ ਔਲਖ  'ਅੰਨ੍ਹੇ ਨਿਸ਼ਾਨਚੀ ਤੇ ਹੋਰ ਨਾਟਕ' ਵਿਚ ਦੋ ਲਘੂ ਨਾਟਕ 'ਬਹਿਕਦਾ ਰੋਹ' ਤੇ 'ਅੰਨ੍ਹੇ

ਨਿਸ਼ਾਨਚੀ' ਹਨ। 'ਜਦੋਂ ਬੋਹਲ ਰੋਂਦੇ ਹਨ' ਨਾਟਕ ਵਿਚ ਔਲਖ ਨੇ ਛੋਟੇ ਕਿਸਾਨ ਦੀ ਆਰਥਿਕ ਤੰਗੀ, ਬੇਵੱਸੀ ਅਤੇ ਕਿਰਤ ਦੀ ਹੁੰਦੀ ਲੁੱਟ ਨੂੰ ਇਸ ਨਾਟਕ ਦਾ ਵਿਸ਼ਾ ਬਣਾਇਆ ਹੈ। ਇਹ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਹੀ ਆਪਣੀਆਂ ਨਿਤ ਦੀਆਂ ਗਰਜਾਂ ਵੀ ਪੂਰੀਆਂ ਨਹੀਂ ਕਰ ਸਕਦੀ। ਨਾਟਕ ਵਿਚ ਨਾਟਕਕਾਰ ਨੇ 'ਜੱਟ ਤੇ ਸੀਰੀ' ਦੇ ਆਪਸੀ ਰਿਸ਼ਤੇ ਨੂੰ ਵੀ ਉਲੀਕਿਆ ਹੈ। ਭਗਤਾ ਜੱਟ ਅਤੇ ਉਸਦਾ ਸੀਰੀ ਮਾਧੋ ਸਿਰਫ਼ ਕੰਮ ਦੇ ਸਾਂਝੀਵਾਲ ਹੀ ਹਨ। ਆਪਣੇ ਘਰ ਆਈ ਫਸਲ ਨੂੰ ਵੇਖ ਕੇ ਜੱਟ ਤੇ ਸੀਰੀ ਖੁਸ਼ ਹੁੰਦੇ ਹਨ ਪਰ ਇਸ ਵਕਤੀ ਹਰਿਆਵਲ ਤੇ ਉਨ੍ਹਾਂ ਦਾ ਕੋਈ ਅਧਿਕਾਰ ਨਹੀਂ ਬਣਦਾ। ਸੋਸਾਇਟੀ ਦੇ ਕਰਜ਼ੇ ਤੇ ਪੂਹਲੀ ਰਾਮ ਸੇਠ ਵਰਗੇ ਬਾਣੀਏ ਜ਼ਿਮੀਦਾਰਾਂ ਨੂੰ ਜੋਕਾਂ ਵਾਂਗ ਲੱਗ ਚੁੱਕੇ ਹਨ ਜੋ ਹਰ ਛਿਮਾਹੀ ਉਸਦੀ ਫ਼ਸਲ ਨੂੰ ਹਥਿਆ ਕੇ ਲੈ ਜਾਂਦੇ ਹਨ। ਆਪਣੇ ਹੱਕਾਂ ਨੂੰ ਖੁੱਸਦਾ ਵੇਖਕੇ ਮਿਹਨਤਕਸ਼ ਇਨਸਾਨ ਆਪਣੇ ਆਪ ਨੂੰ ਹਾਲਾਤਾਂ ਹੱਥੋਂ ਮਜ਼ਬੂਰ ਹੋਇਆ ਸਮਝਦਾ ਹੈ ਅਤੇ ਆਪਣੇ ਮਨ ਦੀ ਭੜਾਸ ਕੱਢਣ ਲਈ ਉਹ 'ਸ਼ਰਾਬ' ਦਾ ਸਹਾਰਾ ਲੈਂਦਾ ਹੈ ਪਰ ਉਨ੍ਹਾਂ ਨੂੰ ਆਪਣੇ ਅਸਲੀ ਦੁਸ਼ਮਣ ਦੀ ਪਹਿਚਾਣ ਨਹੀਂ ਹੁੰਦੀ ਸਗੋਂ ਉਹ ਗੰਡਾਸੇ ਚੁੱਕ ਕੇ ਆਪਸ ਵਿਚ ਹੀ ਇਕ ਦੂਜੇ ਦਾ ਸਿਰ ਪਾੜਦੇ ਹਨ। ਅਗਲਾ ਲਘੂ ਨਾਟਕ 'ਅੰਨ੍ਹੇ ਨਿਸ਼ਾਨਚੀ' 1947 ਦੀ ਭਾਰਤ-ਪਾਕਿ ਵੰਡ 'ਤੇ ਆਧਾਰਿਤ ਹੈ। ਇਸ ਨਾਟਕ ਦੇ ਵਿਸ਼ੇ ਵਿਚ ਨਾਟਕਕਾਰ ਨੇ 'ਸਮਕਾਲੀ ਸਮਾਜ ਵਿਚ ਫੈਲੀ ਫਿਰਕਾਪ੍ਰਸਤੀ ਤੇ ਮਜ਼ਬੀ ਜਨੂੰਨ ਨੂੰ ਨੰਗਾ ਕੀਤਾ ਹੈ। ਔਲਖ ਇਸ ਨਾਟਕ ਵਿਚ ਇਹ ਦੱਸਣਾ ਚਾਹੁੰਦਾ ਹੈ ਕਿ ਕੁਝ ਲੋਕ ਧਰਮ ਦੀ ਆੜ ਹੇਠ ਕੁਕਰਮ ਕਰਦੇ ਹਨ, ਪਰ ਉਨ੍ਹਾਂ ਵੱਲ ਕੋਈ ਬੰਦਾ ਅੱਖ ਚੁੱਕ ਕੇ ਨਹੀਂ ਵੇਖ ਸਕਦਾ। ਜੇਕਰ ਕੋਈ ਮਾਨਵਵਾਦੀ ਰੁਚੀਆਂ ਦਾ ਮਾਲਕ ਗੁਰਮੁਖ ਸਿੰਘ ਵਰਗਾ ਬੰਦਾ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਬਾਰੇ ਚੇਤੰਨ ਕਰਦਾ ਹੈ ਤਾਂ ਉਸਨੂੰ ਜਾਨੋਂ ਹੱਥ ਧੋਣੇ ਪੈ ਜਾਂਦੇ ਹਨ। ਔਲਖ ਅਨੁਸਾਰ ਮਾਂ ਦੇ ਦਿਲ ਦੀ ਕੋਈ ਜਾਤ ਨਹੀਂ ਉਸ ਲਈ ਹਰ ਧਰਮ, ਹਰ ਕੌਮ ਦਾ ਬੱਚਾ ਆਪਣਾ ਬੱਚਾ ਹੈ ਤੇ ਉਸ ਲਈ ਜਾਤ, ਧਰਮ, ਕੌਮ ਅਤੇ ਨਸਲ ਕੋਈ ਅਰਥ ਨਹੀਂ ਰੱਖਦੇ। ਨਾਟਕਕਾਰ ਇਸ ਨਾਟਕ ਰਾਹੀਂ ਲੋਕਾਂ ਨੂੰ ਫਿਰਕਾਪ੍ਰਸਤੀ ਦੀ ਅੱਗ ਤੋਂ ਝੁਲਸੇ ਜਾਣ ਤੋਂ ਬਚਣ ਬਾਰੇ ਚੇਤੰਨ ਕਰਦਾ ਹੈ। ਆਪਣੀ ਸੁੱਧ-ਬੁੱਧ ਗੁਆ ਚੁੱਕੇ ਖੜਕ ਸਿੰਘ ਤੇ ਨੱਥੂ ਰਾਮ ਵਰਗੇ ਨਫ਼ਰਤ ਦੇ ਵਣਜਾਰੇ ਅਜਿਹੇ 'ਅੰਨ੍ਹੇ ਨਿਸ਼ਾਨਚੀ' ਹਨ ਜਿਹੜੇ ਆਪਣੀਆਂ ਘਟੀਆ ਤੋਂ ਘਟੀਆ ਕਰਤੂਤਾਂ ਦੁਆਰਾ ਮਨੁੱਖਤਾ ਦਾ ਖ਼ੂਨ ਡੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਨਾਟਕਕਾਰ ਨੇ ਇਸ ਨਾਟਕ ਦਾ ਵਿਸ਼ਾ ਬਹੁਤ ਗੰਭੀਰ ਅਰਥਾਂ ਵਿਚ ਪੇਸ਼ ਕੀਤਾ ਹੈ।

ਇਕਾਂਗੀ 'ਭੱਠ ਖੇੜਿਆਂ ਦਾ ਰਹਿਣਾ' ਹੈ ਇਸ ਵਿਚ ਨਾਟਕਕਾਰ ਨੇ ਸਮਕਾਲੀ ਸਮਾਜਿਕ ਅਰਥਚਾਰੇ ਤੋਂ ਸਮਾਜ ਅਤੇ ਰਾਜਨੀਤੀਵਾਨਾਂ 'ਤੇ ਕਰੜੀ ਚੋਟ ਕੀਤੀ ਹੈ। ਇਹ ਰਾਜਨੀਤਕ ਆਗੂ ਆਪਣੇ ਸਵਾਰਥ ਨੂੰ ਮੁੱਖ ਰੱਖਕੇ ਹੀ ਆਮ ਲੋਕਾਂ ਕੋਲੋਂ

ਘਟੀਆ ਤੋਂ ਘਟੀਆ ਹਰਕਤ ਕਰਵਾਉਂਦੇ ਹਨ। ਨਿਰਮਲ ਸਿੰਘ ਵਰਗੇ ਪਾਤਰ ਆਦਰਸ਼ਵਾਦੀ ਤਾਂ ਰਹਿਣਾ ਚਾਹੁੰਦੇ ਹਨ ਪਰ ਸਮਾਜ ਦੇ ਗਲਤ ਸਿਆਸਤਦਾਨਾਂ ਦੇ ਧੜੇ ਇਸ ਕਰਕੇ ਚੜ੍ਹਦੇ ਹਨ ਕਿ ਉਨ੍ਹਾਂ ਨੂੰ ਆਪਣੀ ਹੀ ਰੋਟੀ ਖੋਹੇ ਜਾਣ ਦਾ ਡਰ ਹੈ। ਇਸ ਕਰਕੇ ਹੀ ਉਸਨੂੰ ਆਪਣੇ 'ਕਾਲਜ ਦੇ ਦੋਸਤ' ਨੂੰ ਗੋਲੀ ਮਾਰਨੀ ਹੀ ਪੈਂਦੀ ਹੈ। ਜਿੱਥੇ ਇਸ ਨਾਟਕ ਦਾ ਨਾਇਕ 'ਬਾਗੀ ਦਰਸ਼ਨ' ਤੇ ਬੁੱਢਾ ਬਾਬਾ 'ਲਾਲ ਸਿੰਘ' ਹਾਲਤਾਂ ਦਾ ਮੁਕਾਬਲਾ ਕਰਦੇ ਹੋਏ ਹੱਸ ਕੇ ਸ਼ਹੀਦੀ ਪਾਉਂਦੇ ਹਨ ਉਥੇ ਪਾਤਰ 'ਨਿਰਮਲ' ਵਿਰੋਧੀ ਸਮਾਜ ਦਾ ਟਾਕਰਾ ਕਰਨ ਤੋਂ ਅਸਮਰਥ ਹੈ। ਇਸ ਇਕਾਂਗੀ ਦੇ ਵਿਸ਼ੇ ਵਿਚ ਨਾਟਕਕਾਰ ਨੇ ਅਜੋਕੇ ਦੂਸ਼ਿਤ ਸਮਾਜਿਕ ਪ੍ਰਬੰਧ ਦੀਆਂ ਘਟੀਆਂ ਹਰਕਤਾਂ ਤੋਂ ਪਰਦਾ ਉਠਾ ਕੇ ਪੁਲਿਸ ਦੀਆਂ ਵਧੀਕੀਆਂ ਨੂੰ ਬਿਆਨ ਕੀਤਾ ਹੈ ਕਿ ਸੱਚ ਦੀ ਆਵਾਜ਼ ਨੂੰ ਦਬਾਉਣ ਲਈ ਸਿਆਸੀ ਆਗੂ ਕੀ-ਕੀ ਹਥਿਆਰ ਵਰਤਦੇ ਹਨ। ਅਜਮੇਰ ਸਿੰਘ ਔਲਖ ਦੁਆਰਾ ਰਚਿਤ 'ਗਾਨੀ' ਇਕਾਂਗੀ ਦਾ ਵਿਸ਼ਾ ਨੌਕਰੀ ਪੇਸ਼ਾ ਸੀ. ਆਰ. ਪੀ. ਦੇ ਜਵਾਨਾਂ ਦੀ ਦਰਦ ਭਰੀ ਕਹਾਣੀ ਨਾਲ ਸੰਬੰਧਿਤ ਹੈ ਜੋ ਆਪਣੀਆਂ ਘਰੇਲੂ ਆਰਥਿਕ ਤੰਗੀਆਂ ਕਾਰਨ ਭ੍ਰਿਸ਼ਟ ਪ੍ਰਬੰਧਕੀ ਢਾਂਚੇ ਵਿਚ ਅਣਸੁਖਾਂਵੀ ਜ਼ਿੰਦਗੀ ਬਤੀਤ ਕਰ ਰਹੇ ਹਨ। ਜੱਸਾ ਸਿੰਘ ਅਤੇ ਰਾਠੀ ਸਾਡੇ ਆਮ ਲੋਕਾਂ ਵਿਚੋਂ ਲਏ ਗਏ ਸਧਾਰਨ ਸ਼੍ਰੇਣੀ ਦੇ ਪਾਤਰ ਹਨ, ਜਿੰਨ੍ਹਾਂ ਦਾ ਵਿਆਹ ਹੋਏ ਨੂੰ ਅਜੇ ਥੋੜਾ ਸਮਾਂ ਹੀ ਹੋਇਆ ਹੁੰਦਾ ਹੈ ਕਿ ਸਰਕਾਰ ਵੱਲੋਂ ਬਾਹਰਲੀਆਂ ਸਟੇਟਾਂ ਵਿਚ ਡਿਊਟੀਆਂ 'ਤੇ ਜਾਣ ਦੇ ਹੁਕਮ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਵਿਆਹੁਤਾ ਜੀਵਨ ਬਰਬਾਦ ਹੋ ਜਾਂਦਾ ਹੈ। ਉਹ ਆਪ ਤਾਂ ਦੇਸ਼ ਦੀ ਸੁਰੱਖਿਆ ਕਰਦੇ ਹਨ ਪਰ ਇਨ੍ਹਾਂ ਦੇ ਆਪਣੇ ਘਰ ਅਸੁਰੱਖਿਤ ਹਨ। ਸਾਡੇ ਸਮਾਜ ਵਿਚਲੇ ਲੱਖਾਂ ਹੀ ਅਜਿਹੇ ਨੌਜਵਾਨਾਂ ਨੂੰ ਦੇਸ਼ ਦੀ ਏਕਤਾ ਅਤੇ ਆਖੰਡਤਾ ਦੀ ਰਾਖੀ ਲਈ ਘਰ ਦੀ ਬਰਬਾਦੀ ਸਹਿਣੀ ਪੈ ਰਹੀ ਹੈ। ਨਾਟਕਕਾਰ ਅਨੁਸਾਰ ਦੇਸ਼ ਵਿਚਲੇ ਰਾਜਨੀਤਕ ਆਗੂ ਆਪਣੀ ਕੁਰਸੀ ਹਥਿਆਉਣ ਲਈ ਹੀ ਦੇਸ਼ ਵਿਚ ਗੜਬੜਾਂ ਕਰਵਾਉਂਦੇ ਹਨ। ਹਵਾਈ ਹਾਦਸੇ ਦਾ ਸ਼ਿਕਾਰ ਹੋਏ ਇਕ ਭ੍ਰਿਸ਼ਟ ਰਾਜਸੀ ਨੇਤਾ ਨੂੰ ਮੌਤ ਤੋਂ ਬਾਅਦ ਵੀ ਦੇਸ਼ ਦਾ ਮਹਾਨ ਸਪੂਤ ਹੋਣ ਦਾ ਖ਼ਿਤਾਬ ਦਿੱਤਾ ਜਾਂਦਾ ਹੈ ਅਤੇ ਉਸਦੇ ਅੰਗ ਪੂਰੇ ਕਰਨ ਲਈ ਗਰੀਬ ਲੱਖੇ ਅਮਲੀ ਦੀ ਹਵਾਈ ਹਾਦਸੇ ਵਿਚ ਮਾਰੀ ਗਈ ਬੱਕਰੀ ਦੇ ਅੰਗ ਜੋੜੇ ਜਾਂਦੇ ਹਨ। ਜਿਸ ਨਾਲ ਅਫ਼ਸਰਸ਼ਾਹੀ ਆਪਣੀ ਹੈਂਕੜਬਾਜੀ ਨਾਲ ਲੋਕਾਂ ਦੀਆਂ ਕੋਮਲ ਸੱਧਰਾਂ ਦਾ ਗਲਾ ਘੁੱਟ ਕੇ ਰੱਖ ਦਿੰਦੀ ਹੈ। 'ਤੇੜਾਂ' ਨਿਮਨ-ਕਿਸਾਨ ਪਰਿਵਾਰ ਨਾਲ ਸੰਬੰਧਿਤ ਫੂਡ ਕਾਰਪੋਰੇਸ਼ਨ ਦੇ ਇਮਾਨਦਾਰ ਇੰਸਪੈਕਟਰ ਜਸਦੇਵ ਦੁਆਲੇ ਕੇਂਦਰਿਤ ਹੈ। ਸਮਾਜਵਾਦੀ ਸੋਚ ਦਾ ਮਾਲਕ ਜਸਦੇਵ ਰਿਸ਼ਵਤ ਲੈਣਾ ਪਾਪ ਸਮਝਦਾ ਹੈ। ਜਿਸ ਕਰਕੇ ਹੀ ਉਸਦੀ ਪਤਨੀ ਮਨਦੀਪ ਹਰ ਸਮੇਂ ਉਸ ਨੂੰ ਕੋਸਦੀ ਰਹਿੰਦੀ ਹੈ। ਘਰ ਦੀ ਆਰਥਿਕ ਤੰਗੀ ਹੋਣ ਦੇ ਬਾਵਜੂਦ ਵੀ ਜਸਦੇਵ ਦੇ ਮਾਂ-ਬਾਪ ਕਰਜ਼ਾ ਚੁੱਕ ਕੇ ਉਸਦੀ ਪੜ੍ਹਾਈ ਪੂਰੀ ਕਰਵਾਉਂਦੇ

ਹਨ। ਉਹ ਐਫ਼. ਸੀ. ਆਈ. ਵਿਚ ਅਫ਼ਸਰ ਲੱਗ ਜਾਂਦਾ ਹੈ, ਇਸੇ ਕਰਕੇ ਹੀ ਜਸਦੇਵ ਆਪਣੇ ਘਰਦਿਆਂ ਤੋਂ ਮੂੰਹ ਨਹੀਂ ਮੋੜ ਸਕਦਾ। ਦੂਸਰੇ ਪਾਸੇ ਸ਼ਹਿਰੀ ਜੀਵਨ ਹੋਣ ਕਰਕੇ ਉਸਦੀ ਪਤਨੀ ਤੇ ਬੱਚੇ ਘਰ ਵਿਚ ਆਧੁਨਿਕ ਸਹੂਲਤਾਂ ਲੋੜਦੇ ਹਨ। ਉਧਰ ਮਾਂ ਬਾਪ ਦੀ ਵੀ ਇਹੀ ਖਾਹਸ਼ ਹੈ ਕਿ ਜਸਦੇਵ ਆਪਣੀ ਤਨਖਾਹ ਵਿਚੋਂ ਉਨ੍ਹਾਂ ਦੀ ਵੀ ਕੁਝ ਮਾਇਕ ਸਹਾਇਤਾ ਕਰੇ। ਜਸਦੇਵ, ਪਤਨੀ ਤੇ ਮਾਪਿਆਂ ਵਿਚਲੇ ਅੰਤਰ-ਦਵੰਦ ਦਾ ਸ਼ਿਕਾਰ ਹੈ, ਨਾਂ ਤਾਂ ਉਹ ਪਤਨੀ ਨੂੰ ਛੱਡ ਸਕਦਾ ਹੈ ਅਤੇ ਨਾ ਹੀ ਆਪਣੇ ਗਰੀਬ ਮਾਪਿਆਂ ਅਤੇ ਭਰਾਵਾਂ ਦੀ ਜ਼ਿੰਦਗੀ ਨੂੰ ਨਰਕ ਬਣਿਆ ਦੇਖ ਸਕਦਾ ਹੈ। 'ਢਾਂਡਾ' ਇਕਾਂਗੀ ਵਿਚ ਔਲਖ ਨੇ ਨਿਮਨ-ਕਿਸਾਨੀ ਪਰਿਵਾਰ ਨਾਲ ਸੰਬੰਧਿਤ ਪਾਤਰ 'ਮਾਤੂ' ਦੇ ਘਰ ਦੀ ਆਰਥਿਕ ਮੰਦਹਾਲੀ ਨੂੰ ਆਪਣੇ ਨਾਟਕ ਦਾ ਵਿਸ਼ਾ ਬਣਾਇਆ ਹੈ। ਜ਼ਮੀਨ ਥੋੜ੍ਹੀ ਹੋਣ ਕਰਕੇ ਹੀ ਮਾਤੂ ਨੂੰ ਹਾਣ ਦਾ ਵਰ ਪ੍ਰਾਪਤ ਨਹੀਂ ਹੁੰਦਾ। ਘਰ ਦੀ ਜੜ੍ਹ ਅੱਗੇ ਤੋਰਨ ਲਈ ਵਿਆਹ ਦੀ ਲੋੜ ਅਤੀ ਜ਼ਰੂਰੀ ਹੈ। ਜਿਸ ਕਰਕੇ ਮਾਤੂ ਦਾ ਵਿਆਹ ਵੀ ਨੌਂ ਸਾਲ ਦੀ ਬਾਲੜੀ 'ਭੂਟੀ' ਨਾਲ ਕੀਤਾ ਜਾਂਦਾ ਹੈ। ਪਰ ਭੂਟੀ ਵਰਗੀ ਬਾਲੜੀ ਮਾਤੂ ਦੀ ਕਾਮੁਕ ਤ੍ਰਿਪਤੀ ਨਹੀਂ ਕਰ ਸਕਦੀ। ਜਦੋਂ ਮਾਤੂ ਦਰਸ਼ਨ ਦੀ ਨਵੀਂ ਆਈ ਭਰਜਾਈ ਬਾਰੇ ਦਰਸ਼ਨ ਤੋਂ ਗੱਲਾਂ ਸੁਣਦਾ ਹੈ ਜੋ ਮੱਚਦੀ 'ਤੇ ਤੇਲ ਪਾਉਣ ਸਮਾਨ ਹਨ। ਨਸ਼ੱਈ ਹੋਣ ਕਰਕੇ ਉਹ ਆਪਣਾ ਮਾਨਸਿਕ ਸੰਤੁਲਨ ਖੋਹ ਬੈਠਦਾ ਹੈ ਅਤੇ ਬਾਲੜੀ ਭੂਟੀ ਨੂੰ ਆਪਣੀ ਕਾਮੁਕ ਭੁੱਖ ਦਾ ਸ਼ਿਕਾਰ ਬਣਾ ਲੈਂਦਾ ਹੈ ਪਿੱਛੋਂ ਆ ਕੇ ਦਰਸ਼ਨ ਉਸਨੂੰ ਅਜਿਹਾ ਘਿਨਾਉਣਾ ਕੁਕਰਮ ਕਰਨ 'ਤੇ ਲਾਹਨਤਾਂ ਪਾਉਂਦਾ ਹੈ। ਔਲਖ ਆਪਣੇ ਇਸ ਇਕਾਂਗੀ ਵਿਚ ਦੱਸਣਾ ਚਾਹੁੰਦਾ ਹੈ ਕਿ ਭਾਵੇਂ ਧੀ ਦਾ ਵਿਆਹ ਹੋਵੇ ਜਾਂ ਪੁੱਤ ਦਾ ਛੋਟੇ ਕਿਸਾਨ ਲਈ ਤਾਂ ਔਕੜਾਂ ਹੀ ਔਕੜਾਂ ਹਨ। ਜਿਨ੍ਹਾਂ ਦਾ ਮੁੱਖ ਕਾਰਨ ਮਾੜੀ ਆਰਥਿਕਤਾ ਹੀ ਹੈ। ਆਰਥਿਕ ਹਾਲਤ ਕਾਰਨ ਹੀ ਦਰਸ਼ਨ ਦੇ ਭਰਾ ਵਰਗਿਆਂ ਨੂੰ ਸੁਲਫ਼ੇ ਦੀ ਲਾਟ ਵਰਗੀ ਵਹੁਟੀ ਨਾਲ ਦਾਜ' ਅਤੇ ਮਾਤੂ ਵਰਗਿਆਂ ਨੂੰ ਹਾਣ ਦਾ ਵਰ ਵੀ ਪ੍ਰਾਪਤ ਨਹੀਂ ਹੋ ਸਕਦਾ। ਆਰਥਿਕ ਨਾ ਬਰਾਬਰੀ ਕਰਕੇ ਅਨੇਕਾਂ ਹੀ ਮਾਤੂ ਤੇ ਭੂਟੀ ਜਿਹੇ ਸਮਾਜਿਕ ਮਾਨਦੰਡਾਂ ਦਾ ਸ਼ਿਕਾਰ ਹੋ ਰਹੇ ਹਨ। ਇਕਾਂਗੀ 'ਸਿੱਧਾ ਰਾਹ ਵਿੰਗਾ ਬੰਦਾ' ਐਬਸਰਡ ਨਾਟਕਾਂ ਦੀ ਵੰਨਗੀ ਵਿਚ ਆਉਂਦਾ ਹੈ। ਇਸ ਵਿਚ ਨਾਟਕਕਾਰ ਨੇ ਬੁਰਜੂਆਂ ਜੁਡੀਸ਼ਰੀ, ਬੁਰਜੂਆ ਐਗਜੈਕਟਿਵ, ਬੁਰਜੂਆ ਡੈਮੋਕਰੇਸੀ ਅਤੇ ਬੁਰਜੂਆ ਸਭਿਆਚਾਰ ਇਨ੍ਹਾਂ ਚਾਰ ਆਦਮਖੋਰਾਂ ਹੱਥੋਂ ਸਮੁੱਚੇ ਸਮਾਜ ਦੀ ਹੋ ਰਹੀ ਲੁੱਟ ਨੂੰ ਪੇਸ਼ ਕੀਤਾ ਹੈ। ਜੇਕਰ ਕੋਈ ਵਿਅਕਤੀ ਇਨ੍ਹਾਂ ਦੇ ਖਿਲਾਫ਼ ਆਵਾਜ਼ ਉਠਾਉਂਦਾ ਹੈ ਤਾਂ ਇਹ ਆਪਣੀ ਰਾਜਸੀ ਸ਼ਕਤੀ ਨਾਲ ਲੋਕਾਂ ਦੀ ਆਵਾਜ਼ ਨੂੰ ਕੁਚਲ ਕੇ ਰੱਖ ਦਿੰਦੀਆਂ ਹਨ। ਪਰ ਬੁਰਜੂਆ ਵਿਵਸਥਾਵਾਂ ਲੱਖਾਂ ਕੋਸ਼ਿਸ਼ਾਂ ਕਰਕੇ ਵੀ ਲੋਕ ਸ਼ਕਤੀ ਦੀ ਆਵਾਜ਼ ਨੂੰ ਠੱਲ ਨਹੀਂ ਪਾ ਸਕਦੀਆਂ। ਇਕਾਂਗੀ ਦੇ ਅਖੀਰ ਵਿਚ ਔਲਖ ਨੇ ਪਿੱਠ ਭੂਮੀ ਤੋਂ ਆਵਾਜ਼ ਉਠਾ ਕੇ ਲੋਕ ਚੇਤਨਾ ਦੁਆਰਾ ਸਿੱਧ ਕੀਤਾ ਹੈ ਕਿ

ਜ਼ੁਲਮ ਦੇ ਖਿਲਾਫ਼ ਆਵਾਜ਼ ਉਠ ਕੇ ਹੀ ਰਹੇਗੀ। ਚਾਨਣ ਨੂੰ ਕੋਈ ਰੋਕ ਨਹੀਂ ਸਕਦਾ। ਨਵੇਂ ਸੂਰਜ ਤਾਂ ਚੜ੍ਹ ਕੇ ਹੀ ਰਹਿਣਾ ਹੈ ਅਤੇ ਰਾਤ ਬਾਅਦ ਸਵੇਰਾ ਵੀ ਹੋ ਕੇ ਹੀ ਰਹਿਣਾ ਹੈ।

ਅਜਮੇਰ ਸਿੰਘ ਔਲਖ ਦੁਆਰਾ ਰਚਿਤ ਸਭ ਤੋਂ ਪਹਿਲਾ ਪੂਰਾ ਨਾਟਕ 'ਸੱਤ ਬਗਾਨੇ', 'ਤੂੜੀ ਵਾਲਾ ਕੋਠਾ' ਦਾ ਹੀ ਵਿਸਤਰਿਤ ਰੂਪਾਂਤਰਨ ਹੈ। ਇਸ ਨਾਟਕ ਦਾ ਵਿਸ਼ਾ 'ਘਰ ਦੀ ਤੀਵੀਂ' ਦੀ ਅਣਹੋਂਦ ਦੁਆਲੇ ਘੁੰਮਦਾ ਹੈ। ਇਸ ਨਾਟਕ ਵਿਚਲਾ ਨਾਇਕ ਜੱਟ ਬਚਨਾ ਪਿੰਡ ਦੀ ਕੁੜੀ ਉਹ ਵੀ ਝਿਊਰੀ ਨੂੰ ਆਪਣੇ ਘਰ ਵਸਾ ਲੈਂਦਾ ਹੈ। ਇਕ ਪ੍ਰੇਮ ਵਿਆਹ ਦੂਜਾ ਅੰਤਰਜਾਤੀ ਇਹ ਦੋਵੇਂ ਗੱਲਾਂ ਸਾਡੇ ਸਮਾਜ ਵਿਚ ਪ੍ਰਵਾਨ ਨਹੀਂ ਪਰ ਪਿੰਡ ਦੀ ਕੁੜੀ ਦਾ ਪਿੰਡ ਵਿਚ ਹੀ ਵਸ ਜਾਣਾ ਨੂੰ ਸਮਾਜਿਕ ਕਦਰਾਂ-ਕੀਮਤਾਂ ਤਾਂ ਬਿਲਕੁਲ ਹੀ ਪ੍ਰਵਾਨ ਨਹੀਂ ਕਰਦੀਆਂ। ਥੋੜਾ ਚਿਰ ਦੰਦ ਕਥਾਵਾਂ ਦਾ ਦੌਰ ਚਲਦਾ ਰਹਿੰਦਾ ਹੈ, ਪਰ ਸਮਾਂ ਪਾ ਕੇ ਲੋਕ ਸਭ ਕੁਝ ਭੁੱਲ-ਭੁਲਾ ਜਾਂਦੇ ਹਨ। ਬਚਨੇ ਅਤੇ ਜੈਕੁਰ ਵੱਲੋਂ ਜਵਾਨੀ ਵਿਚ ਕੀਤੀ ਗਈ ਗਲਤੀ ਉਨ੍ਹਾਂ ਦੇ ਚਾਰੇ ਪੁੱਤਰਾਂ ਦਾ ਭਵਿੱਖ ਧੁੰਧਲਾ ਕਰਕੇ ਰੱਖ ਦਿੰਦੀ ਹੈ। ਇਕ ਤਾਂ ਘਰ ਦੀ ਆਰਥਿਕ ਮੰਦਹਾਲੀ ਅਤੇ ਦੂਸਰਾ ਨਾਨਕਿਆਂ ਬਾਹਰੇ ਹੋਣ ਕਰਕੇ ਉਨ੍ਹਾਂ ਦੇ ਪੁੱਤਰਾਂ ਨੂੰ ਕੋਈ ਸਾਕ ਨਹੀਂ ਕਰਦਾ। ਚਾਰੇ ਭਰਾਵਾਂ ਨੂੰ ਘਰ ਵਿਚ ਔਰਤ ਦੀ ਅਣਹੋਂਦ ਖਟਕਦੀ ਰਹਿੰਦੀ ਹੈ। ਜੈਕੁਰ ਆਪਣੇ ਦਿਉਰ ਭੰਗੇ ਨਾਲ ਇਸ ਕਰਕੇ ਹੀ ਸਰੀਰਿਕ ਸੰਬੰਧ ਬਣਾਉਂਦੀ ਹੈ ਕਿਉਂਕਿ ਉਸਨੂੰ ਡਰ ਹੈ ਕਿ ਭੰਗਾ ਆਪਣੀ ਅੱਧੀ ਜ਼ਮੀਨ ਅੱਡ ਨਾ ਕਰਵਾ ਲਏ। ਪਰ ਅਖੀਰ ਜਦੋਂ ਭੰਗਾ ਆਪਣੀ ਜ਼ਮੀਨ ਅੱਡ ਕਰਵਾਕੇ, ਆਪਣੇ ਹੀ ਭਤੀਜੇ ਨਾਹਰੀ ਦੀ ਮੰਗ ਵਿਆਹੁਣੀ ਚਾਹੁੰਦਾ ਹੈ ਤਾਂ ਉਹ ਉਸੇ ਹੀ ਭਤੀਜੇ ਹੱਥੋਂ ਕਤਲ ਹੋ ਜਾਂਦਾ ਹੈ। ਨਾਹਰੀ ਦੇ ਕਤਲ ਕਰਨ ਨਾਲ ਘਰ ਦੀ ਆਰਥਿਕ ਅਵਸਥਾ ਹੋਰ ਵੀ ਵਿਗੜ ਜਾਂਦੀ ਹੈ। ਨਾਟਕ ਵਿਚ ਜੈਕੁਰ ਦੇ ਵਿਆਹ ਤੋਂ ਬਾਅਦ ਚਾਰ ਪੁੱਤਰ ਹੋਏ, ਕਿਸੇ ਦਾ ਰਿਸ਼ਤਾ ਸਿਰੇ ਨਾ ਚੜ੍ਹਨਾ, ਨਾਹਰੀ ਦਾ ਗੁਆਂਢ ਵਿਚੋਂ ਲਗਦੀ ਭਾਬੀ ਮਿੰਦੋ ਨਾਲ ਪਿਆਰ, ਭੰਗੇ ਦਾ ਕਤਲ, ਕਰਮੇ ਦਾ ਆਪਣੇ ਹੀ ਸ਼ਰੀਕੇ ਵਿਚ ਸੀਰੀ ਲਗਣਾ, ਧਰਮੇ ਦਾ ਪਾਠ-ਪੂਜਾ ਦਾ ਸਹਾਰਾ ਲੈਣਾ ਅਤੇ ਧਿੰਦੀ ਦਾ ਸ਼ਰਾਬ ਪੀਣਾ ਆਦਿ ਅਜਿਹੀਆਂ ਘਟਨਾਵਾਂ ਨਾਲ ਨਾਟਕ ਭਰਿਆ ਪਿਆ ਹੈ। ਨਾਟਕ ਦੀਆਂ ਨਾਇਕਾਵਾਂ ਜੈਕੁਰ ਅਤੇ ਮਿੰਦੋ ਜੇਕਰ ਕਿਸੇ ਮਰਦ ਦਾ ਸਾਥ ਫੜ੍ਹਦੀਆਂ ਹਨ ਤਾਂ ਮਰਦੇ ਦਮ ਤੱਕ ਤੋੜ ਚੜ੍ਹਾਉਣ ਦਾ ਪ੍ਰਣ ਵੀ ਕਰਦੀਆਂ ਹਨ। ਨਾਟਕ ਦਾ ਅਖੀਰ ਵਿਚ ਤਿੰਨੇ ਭਰਾਵਾਂ ਵੱਲੋਂ 'ਘਰ ਦੀ ਨਾਰ ਬਿਨਾਂ ਕੁਸ਼ ਨ ਭਰਾਵੋ ਜੂਨਾਂ' 'ਤੇ ਆ ਕੇ ਖ਼ਤਮ ਹੋ ਜਾਂਦਾ ਹੈ। ਇਸ ਨਾਟਕ ਵਿਚ ਨਾਟਕਕਾਰ ਸਾਨੂੰ ਚੇਤੰਨ ਕਰਵਾਉਂਦਾ ਹੈ ਕਿ ਸਮਾਜ ਵਿਚ ਜੇਕਰ ਕੋਈ ਵਿਅਕਤੀ ਗਲਤੀ ਕਰਦਾ ਹੈ ਤਾਂ ਉਸਦਾ ਜਿਉਣਾ ਦੁੱਭਰ ਹੋ ਜਾਂਦਾ ਹੈ। ਜੈਕੁਰ ਤੀਹ ਵਰ੍ਹੇ ਜੱਟ ਦੇ ਘਰ ਵਸਣ ਦੇ ਬਾਵਜੂਦ ਵੀ ਜੱਟੀ ਨਹੀਂ ਬਣ ਸਕੀ। ਉਹਦਾ ਬਚਨੇ ਨਾਲ ਕੀਤਾ ਪ੍ਰੇਮ-

ਵਿਆਹ ਸਾਰੇ ਪਰਿਵਾਰ ਲਈ ਸਰਾਪ ਬਣ ਜਾਂਦਾ ਹੈ। ਅਜਮੇਰ ਸਿੰਘ ਔਲਖ ਦਾ ਅਗਲਾ ਨਾਟਕ 'ਭੱਜੀਆਂ ਬਾਹੀਂ' ਹੈ। ਇਸ ਨਾਟਕ ਦਾ ਵਿਸ਼ਾ 'ਹਿੰਦੂ ਪਰਿਵਾਰ ਰਾਮ ਲਾਲ ਦੇ ਪਰਿਵਾਰ ਦੀ ਆਪਸੀ ਫੁੱਟ ਨਾਲ ਸੰਬੰਧਿਤ ਹੈ। ਨਾਟਕਕਾਰ ਨੇ ਇਸ ਨਾਟਕ ਦੀ ਤੁਲਨਾ ਪੰਜਾਬ ਦੇ ਰਿਸ਼ਤੇ ਨਾਲ ਕੀਤੀ ਹੈ ਜਿਸ ਤਰ੍ਹਾਂ ਕੇਂਦਰ ਸਰਕਾਰ ਪੰਜਾਬ ਸਰਕਾਰ ਪ੍ਰਤੀ ਗੰਭੀਰ ਸੋਚ ਨਹੀਂ ਰੱਖਦੀ ਉਹੋ ਹੀ ਹਾਲ ਰਾਮ ਲਾਲ ਦੇ ਘਰ ਉਸ ਦੇ ਪੁੱਤਰ 'ਕੇਵਲ' ਦਾ ਹੈ। ਘਰ ਦਾ ਸਾਰਾ ਦਿਨ ਕੰਮ ਕਰਨ ਦੇ ਬਾਵਜੂਦ ਉਸਦੀ ਘਰ ਦੀ ਕਿਸੇ ਵੀ ਚੀਜ਼ 'ਤੇ ਖ਼ੁਦਮੁਖਤਿਆਰੀ ਨਹੀਂ। ਘਰ ਦਾ ਸਾਰਾ ਕੰਮ-ਕਾਜ ਉਸਦੇ ਵੱਡੇ ਭਰਾ ਸਰਵਣ ਜੋ 'ਪ੍ਰਧਾਨ ਮੰਤਰੀ' ਦਾ ਪ੍ਰਤੀਕ ਹੈ ਰਾਹੀਂ ਚਲਦਾ ਹੈ। ਕੇਵਲ ਤੇ ਉਸਦੀ ਪਤਨੀ ਦੇ ਸਾਰਾ ਦਿਨ ਘਰ ਵਿਚ ਕੰਮ ਕਰਨ ਦੇ ਬਾਵਜੂਦ ਵੀ ਉਨ੍ਹਾਂ ਦੀ ਕੋਈ ਕਦਰ ਨਹੀਂ ਤੇ ਇੱਥੋਂ ਤੱਕ ਕੀ ਉਨ੍ਹਾਂ ਦੇ ਬੱਚਿਆਂ ਨੂੰ ਵੀ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਨਾਟਕ ਵਿਚਲੀ ਇਕ ਘਟਨਾ 'ਚ ਜਦੋਂ ਕੇਵਲ ਇਕ ਜੱਟ ਨੂੰ ਕੁੱਟ ਬੈਠਦਾ ਹੈ ਕਿਉਂਕਿ ਉਹ ਜੱਟ ਉਸਦੇ ਭਰਾਵਾਂ ਨੂੰ ਗਾਲ੍ਹਾਂ ਕੱਢਦਾ ਹੈ। ਬਰਾਬਰ ਦਾ ਕੇਸ ਬਣਾਉਣ ਲਈ ਕੇਵਲ ਦੀ ਬਾਂਹ 'ਤੇ ਟੱਕ ਲਾਇਆ ਜਾਂਦਾ ਹੈ। ਜਿਹੜਾ ਕੰਮ ਕੇਵਲ ਘਰ ਦੀ ਇੱਜ਼ਤ ਆਬਰੂ ਲਈ ਕਰਦਾ ਹੈ, ਉਸ ਦਾ ਹਿਸਾਬ ਵੀ ਕੇਵਲ ਤੋਂ ਹੀ ਮੰਗਿਆ ਜਾਂਦਾ ਹੈ। ਕੇਵਲ ਘਰਦਿਆਂ ਦੀਆਂ ਵਧੀਕੀਆਂ ਨਾ ਸਹਿਣ ਕਰਦਾ ਹੋਇਆ ਅੱਡ ਹੋਣ ਦੀ ਮੰਗ ਕਰਦਾ ਹੈ ਜਿਥੇ ਉਸ ਨਾਲ ਪੈਰ-ਪੈਰ 'ਤੇ ਬੇਇਨਸਾਫ਼ੀਆਂ ਕੀਤੀਆਂ ਜਾਂਦੀਆਂ ਹਨ। ਕੇਵਲ ਆਪਣੇ ਭਰਾਵਾਂ ਤੋਂ ਵੱਖਰਾ ਕੰਮ ਕਾਰ ਅਤੇ ਘਰ-ਬਾਰ ਵਸਾ ਕੇ ਬਹੁਤ ਖੁਸ਼ ਹੁੰਦਾ ਹੈ। ਅਚਾਨਕ ਕੇਵਲ ਅੱਤਵਾਦੀਆਂ ਦੁਆਰਾ 'ਕਤਲ' ਹੋ ਜਾਂਦਾ ਹੈ। ਜਿਹੜੇ ਪਰਿਵਾਰ ਦੇ ਮੈਂਬਰ ਜਿਊਂਦੇ ਕੇਵਲ ਨੂੰ ਮਰਿਆ ਵੇਖਣਾ ਚਾਹੁੰਦੇ ਸਨ ਅੱਜ ਉਹੀ ਭਰਾ ਉਸਦੀਆਂ ਬਾਹਵਾਂ ਹੋਣ ਦਾ ਦਾਅਵਾ ਕਰਦੇ ਹਨ। ਔਲਖ ਕੇਂਦਰ ਨੂੰ ਸੁਚੇਤ ਕਰਦਾ ਹੈ ਕਿ ਜੇਕਰ ਕੇਂਦਰ ਨੇ ਵੀ ਪੰਜਾਬ ਨੂੰ ਬਚਾਉਣਾ ਹੈ ਤਾਂ ਸਿਆਸੀ ਨੇਤਾਵਾਂ ਨੂੰ ਨਿਮਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਤਾਂ ਕਿ ਉਸਦੇ ਵਲੂੰਧਰੇ ਜ਼ਖਮਾਂ 'ਤੇ ਮੱਲ੍ਹਮ ਲਾਈ ਜਾ ਸਕੇ। ਨਾਟਕਕਾਰ ਦੁਆਰਾ ਰਚਿਆ ਗਿਆ ਇਸ ਨਾਟਕ ਦਾ ਵਿਸ਼ਾ ਆਪਣੇ ਅੰਦਰ ਬਹੁਤ ਹੀ ਗੰਭੀਰ ਅਰਥ ਸਮੋਈ ਬੈਠਾ ਹੈ।

ਔਲਖ ਦੁਆਰਾ ਰਚਿਤ ਨਾਟਕ 'ਕਿਹਰ ਸਿੰਘ ਦੀ ਮੌਤ' ਦਾ ਵਿਸ਼ਾ ਵੀ ਮੁੱਖ ਤੌਰ 'ਤੇ ਘਰ ਦੀ ਆਰਥਿਕ ਅਵਸਥਾ ਦੁਆਲੇ ਹੀ ਘੁੰਮਦਾ ਹੈ। ਭੋਲਾ-ਭਾਲਾ ਕਿਹਰ ਸਿੰਘ ਜੱਟ ਕਿਸਾਨ ਮੁਜ਼ਾਰਾ ਪਰਿਵਾਰ ਨਾਲ ਸੰਬੰਧ ਰੱਖਦਾ ਹੈ ਕਿਉਂਕਿ ਜੱਟ ਰਿਸ਼ਤਾ ਕਰਨ ਤੋਂ ਪਹਿਲਾਂ ਜ਼ਮੀਨ ਵੇਖਦੇ ਹਨ ਅਤੇ ਜੇਕਰ ਕੇਹਰ ਸਿੰਘ ਵਰਗੇ ਨੌਜਵਾਨ ਨੂੰ ਕੋਈ ਜੱਟ ਆਪਣੀ ਧੀ ਦਾ ਰਿਸ਼ਤਾ ਕਰ ਵੀ ਦਿੰਦਾ ਹੈ ਤਾਂ ਉਹ ਕਿਸੇ ਲਾਲਚ ਕਰਕੇ ਹੀ ਹੈ। ਮਾਪੇ ਵੀ ਆਪਣੇ ਘਰ ਦੀ ਜੜ੍ਹ ਅੱਗੇ ਤੋਰਨ ਲਈ ਕਰਜ਼ਾ ਚੁੱਕਣ ਦੀ

ਪ੍ਰਵਾਹ ਨਹੀਂ ਕਰਦੇ। 'ਕਿਹਰ' ਦੇ ਸਹੁਰੇ ਟੂੰਮਾਂ ਦੇ ਲਾਲਚ ਵਿਚ ਆ ਕੇ ਆਪਣੀ ਧੀ 'ਰਾਮੀ' ਦਾ ਵਿਆਹ ਕਰਦੇ ਹਨ। ਜਦੋਂ ਕਿਹਰ ਸਿੰਘ ਰਾਮੀ ਨੂੰ ਲੈਣ ਲਈ ਸਹੁਰੇ ਆਉਂਦਾ ਹੈ ਤਾਂ ਸੱਸ ਹੋਰ ਟੂੰਮਾਂ ਦੀ ਮੰਗ ਕਰਦੀ ਹੋਈ ਰਾਮੀ ਨੂੰ ਨਹੀਂ ਤੋਰਦੀ। ਘਰ ਵਿਚ ਇਤਨੀ ਪਰੋਖੋ ਹੈ ਨਹੀਂ ਕਿ ਕਿਹਰ ਘਰੋਂ ਟੂੰਮਾਂ ਪਾ ਕੇ ਰਾਮੀ ਨੂੰ ਲਿਆ ਸਕੇ। ਇਸ ਕਰਕੇ ਉਸਨੂੰ ਫੌਜ ਵਿਚ ਨੌਕਰੀ ਕਰਨੀ ਪੈਂਦੀ ਹੈ, ਜਿੱਥੇ ਉਹ ਇਕ ਨੇਕ ਇਨਸਾਨ ਵਜੋਂ ਆਪਣੀ ਡਿਊਟੀ ਨਿਭਾਉਂਦਾ ਹੋਇਆ ਅੰਗਰੇਜ਼ ਅਫ਼ਸਰ ਦੇ ਬੰਗਲੇ ਨੂੰ ਲੱਗੀ ਅੱਗ ਵਿਚੋਂ ਉਸਦੇ ਪੁੱਤਰ ਨੂੰ ਸੁਰੱਖਿਅਤ ਕੱਢ ਲਿਆਉਂਦਾ ਹੈ ਤੇ ਅੰਗਰੇਜ਼ ਤੋਂ ਮਿਲੇ ਇਨਾਮ ਅਤੇ ਛੁੱਟੀ ਨਾਲ ਉਹ ਇਨਾਮ ਦੀਆਂ ਟੂੰਮਾਂ ਖਰੀਦਕੇ ਆਪਣੇ ਸਹੁਰੇ ਫਿਰ ਰਾਮੀ ਨੂੰ ਲੈਣ ਲਈ ਆਉਂਦਾ ਹੈ ਪਰ ਉਸ ਸਾਫ਼ ਦਿਲ ਇਨਸਾਨ ਨੂੰ ਇਹ ਨਹੀਂ ਪਤਾ ਕਿ ਇਹ ਇਨਾਮ ਅਤੇ ਛੁੱਟੀ ਹੀ ਉਸ ਲਈ ਮੌਤ ਦਾ ਕਾਰਨ ਬਣਦੇ ਹਨ। ਲਾਲਚੀ ਸਹੁਰੇ ਕਿਹਰ ਕੋਲ ਟੂੰਮਾਂ ਦੇਖਕੇ ਲਾਲਚ ਵਿਚ ਆ ਕੇ ਕਿਹਰ ਦਾ 'ਕਤਲ' ਕਰ ਦਿੰਦੇ ਹਨ। 'ਰਾਮੀ' ਸਮਾਜ ਦੀਆਂ ਸਾਧਾਰਨ ਕੁੜੀਆਂ ਵਾਂਗ ਪਹਿਲਾਂ ਤਾਂ ਸਭ ਕੁਝ ਸਹਿਣ ਕਰਦੀ ਰਹਿੰਦੀ ਹੈ ਪਰ ਨਾਟਕ ਦੇ ਅਖੀਰ 'ਤੇ ਉਹ ਆਪਣੀ ਮਾਂ ਅਤੇ ਭਰਾਵਾਂ ਨੂੰ ਸਖ਼ਤ ਸਜ਼ਾਵਾਂ ਦਵਾਉਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਂਦੀ ਹੈ ਤੇ ਉਨ੍ਹਾਂ ਦੀ ਆਪ ਗਵਾਹ ਬਣਦੀ ਹੈ। ਜਿੱਥੇ ਉਸਦੇ ਦੋਵੇਂ ਲਾਲਚੀ ਭਰਾ ਕੁੱਤਿਆਂ ਦੀ ਸ਼ਕਲ ਵਿਚ ਹਨ ਅਤੇ ਆਪਣੀ ਹੀ ਮਾਂ ਨੂੰ ਨਹੁੰਦਰਾ ਨਾਲ ਪਾੜ-ਪਾੜ ਕੇ ਲਹੂ-ਲੁਹਾਣ ਕਰਕੇ ਮੌਤ ਦੇ ਮੂੰਹ ਵਿਚ ਧਕੇਲ ਦਿੰਦੇ ਹਨ। ਇਸ ਤਰ੍ਹਾਂ ਰਾਮੀ ਆਪਣੇ ਪਤੀ ਦਾ ਬਦਲਾ ਆਪਣੀ ਮਾਂ ਤੇ ਭਰਾਵਾਂ ਕੋਲੋਂ ਲੈ ਲੈਂਦੀ ਹੈ। ਅੱਜ ਵੀ ਸਾਨੂੰ ਅਜਿਹੇ ਸਰਮਾਏਦਾਰ ਲਾਲਚੀ ਹਬਸ਼ੀਆਂ ਤੋਂ ਬਚਣ ਦੀ ਲੋੜ ਹੈ ਜੋ ਭੋਲੀ-ਭਾਲੀ ਜਨਤਾ ਦਾ ਖ਼ੂਨ ਚੂਸਦੇ ਹਨ ਅਤੇ ਪਵਿੱਤਰ ਰੂਹਾਂ ਦੇ ਮਿਲਾਪ ਵਿਚ ਰੁਕਾਵਟ ਬਣਦੇ ਹਨ। ਔਲਖ ਦੁਆਰਾ ਨਾਟਕ 'ਸਲਵਾਨ' ਦਾ ਵਿਸ਼ਾ ਵੀ ਮੁੱਖ ਤੌਰ 'ਤੇ 'ਹਾਣ ਦੇ ਮਰਦ ਦੇ ਸਾਥ' ਨਾਲ ਸੰਬੰਧਿਤ ਹੈ। ਇਸ ਨਾਟਕ ਵਿਚਲਾ 'ਸਲਵਾਨ' ਆਪਣੇ ਪੈਸੇ ਦੇ ਜ਼ੋਰ ਨਾਲ ਭਰ ਜੋਬਨ ਮੁਟਿਆਰ 'ਲੂਣੀ' ਨਾਲ ਵਿਆਹ ਕਰਵਾ ਲੈਂਦਾ ਹੈ। ਅਜਿਹੀ ਹੀ ਸਥਿਤੀ ਵਿਚੋਂ ਇਸ ਨਾਟਕ ਵਿਚਲੀ ਨਾਇਕਾ 'ਲੂਣੀ' ਗੁਜ਼ਰ ਰਹੀ ਹੈ। ਗਰੀਬ ਘਰੇ ਜਨਮੀ ਹੋਣ ਕਰਕੇ ਹੀ ਲੂਣੀ ਆਪਣੇ ਪਿਉ ਦੀ ਉਮਰ ਦੇ ਮਰਦ ਨਾਲ ਵਿਆਹੀ ਜਾਂਦੀ ਹੈ, ਜਿਸਦੇ ਘਰ ਵਿਚ ਰਹਿੰਦੀ ਹੋਈ ਵੀ ਉਹ ਆਪਣੇ ਆਪ ਨੂੰ ਇਕ ਕੈਦਣ ਤੋਂ ਵੱਧ ਹੋਰ ਕੁਝ ਨਹੀਂ ਸਮਝਦੀ ਅਤੇ ਆਪਣੀ ਹੀ ਸੌਂਕਣ ਦੇ ਪੁੱਤਰ ਆਪਣੇ ਹਾਣ ਦੇ ਪੂਰਨ ਨਾਲ ਪਹਿਲੀ ਹੀ ਨਜ਼ਰੇ ਮੋਹਿਤ ਹੋ ਜਾਂਦੀ ਹੈ। ਭਾਵੇਂ ਉਹ ਅੰਦਰੋਂ ਇਸ ਸਥਿਤੀ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੈ ਕਿ 'ਮਾਵਾਂ ਪੁੱਤਰਾਂ ਨੇਹੁੰ ਨਾਂ ਕਦੇ ਲੱਗਾ' ਪਰ ਉਹ ਆਪਣੀ ਅੰਦਰਲੀ ਖਿੱਚ ਅੱਗੇ ਪੂਰੀ ਤਰ੍ਹਾਂ ਝੁਕ ਜਾਂਦੀ ਹੈ। ਵਲੈਤ ਜਾਣ ਦੇ ਇਰਾਦੇ ਨਾਲ ਪੂਰਨ ਸਲਵਾਨ ਕੋਲੋਂ ਪੈਸੇ ਮੰਗਣ ਆਉਂਦਾ ਹੈ ਤਾਂ ਸਲਵਾਨ ਪੂਰਨ ਦੇ ਬਣਦੇ ਕੰਮ ਵਿਚ ਅੜਿੱਕਾ

ਡਾਹੁਣ ਦੇ ਇਰਾਦੇ ਨਾਲ ਉਸਨੂੰ ਪੈਸੇ ਦੇਣ ਤੋਂ ਜਵਾਬ ਦਿੰਦਾ ਹੈ ਪਰ ਜਦੋਂ ਉਸਨੂੰ ਪੂਰਨ ਤੇ ਲੂਣੀ ਦੀਆਂ ਗਲਤ ਚਾਲਾਂ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੇ ਰਾਹ ਵਿਚੋਂ ਕੰਡਾ ਕੱਢਣ ਲਈ ਪੂਰਨ ਨੂੰ ਵਲੈਤ ਜਾਣ ਜੋਗੇ ਵਿਆਜੂ ਪੈਸੇ ਦੇ ਕੇ ਆਪਣਾ ਕੰਮ ਸਿੱਧਾ ਕਰ ਲੈਂਦਾ ਹੈ। ਇਸ ਤਰ੍ਹਾਂ ਔਲਖ ਨੇ ਸਾਨੂੰ ਦੱਸਿਆ ਕਿ ਅਮੀਰ ਲੋਕ ਪੈਸੇ ਦੇ ਜ਼ੋਰ ਨਾਲ ਆਪਣੇ ਰਾਹ ਅੱਗੇ ਬਣਨ ਵਾਲੇ ਰੋੜਿਆ ਨੂੰ ਕੱਢ ਮਾਰਦੇ ਹਨ।

ਔਲਖ ਦੁਆਰਾ ਰਚਿਤ ਅਗਲਾ ਨਾਟਕ 'ਇਕ ਸੀ ਦਰਿਆ' ਵਿਚ ਨਾਟਕਕਾਰ ਨੇ ਸਾਨੂੰ ਇਹ ਦੱਸਣਾ ਚਾਹਿਆ ਹੈ ਕਿ 'ਕੋਈ ਵੀ ਛੋਟਾ ਜੱਟ ਕਿਸਾਨ ਆਪਣੀ ਆਰਥਿਕਤਾ ਨੂੰ ਤਿਲਾਂਜਲੀ ਦੇ ਕੇ ਕਿਤੇ ਭੱਜ ਨਹੀਂ ਸਕਦਾ। ਇਸ ਨਾਟਕ ਵਿਚਲਾ ਨਾਇਕ ਧਰਮ ਸਿੰਘ ਭਾਵੇਂ ਆਪਣੇ ਘਰ ਦੀ ਆਰਥਿਕਤਾ ਤੋਂ ਤੰਗ ਆ ਕੇ ਘਰ-ਬਾਰ ਛੱਡ ਕੇ ਸਾਧਾਂ ਸੰਤਾਂ ਦੇ ਡੇਰੇ ਚਲਾ ਜਾਂਦਾ ਹੈ ਪਰ ਇਕ ਜੱਟ ਕਿਸਾਨ ਨੂੰ ਇਹ ਸਭ ਗੱਲਾਂ ਸ਼ੋਭਾ ਨਹੀਂ ਦਿੰਦੀਆਂ। ਉਸਦਾ ਛੋਟਾ ਭਰਾ 'ਕਰਮਵੀਰ' ਆਪਣੀ ਭਰਜਾਈ ਅਤੇ ਬੱਚਿਆਂ ਦਾ ਸਹਾਰਾ ਬਣਦਾ ਹੈ ਅਤੇ ਰੱਜ ਕੇ ਖੇਤਾਂ ਵਿਚ ਕਮਾਈ ਕਰਦਾ ਹੈ। ਜਦੋਂ ਕਰਮਵੀਰ ਦਾ ਛੋਟਾ ਭਰਾ ਅੱਤਵਾਦੀ ਬਣ ਚੁੱਕਾ ਹੋਣ ਕਰਕੇ ਕਰਮਵੀਰ ਤੇ ਉਸਦੇ ਭਤੀਜੇ ਨੂੰ ਵੀ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਰ ਅਖੀਰ 'ਗੁਰੂ' ਦੇ ਰੂਪ ਵਿਚ ਧਰਮ ਸਿੰਘ ਆਪਣੀ 'ਭਗਤੀ ਦੀ ਸ਼ਕਤੀ' ਦਾ ਪ੍ਰਦਰਸ਼ਨ ਕਰਨ ਲਈ ਪਿੰਡ ਦਰਿਆ ਦੇ ਕਿਨਾਰੇ ਕੁਟੀਆ ਵਿਚ ਬੈਠਦਾ ਹੈ। ਇਸ ਨਾਟਕ ਦੀ ਘਟਨਾ ਦਾ ਸਿਖਰ ਉਸ ਸਮੇਂ ਹੁੰਦਾ ਹੈ ਜਦੋਂ ਇਕ ਦਿਨ ਸਾਧ ਬਣੇ ਧਰਮ ਸਿੰਘ ਦੀ ਪਤਨੀ ਤੇ ਬੱਚੇ ਖੇਤ ਜਾਂਦੇ-ਜਾਂਦੇ ਮੱਥਾ ਟੇਕਣ ਅਤੇ ਕੁਝ ਚਿਰ ਆਰਾਮ ਕਰਨ ਲਈ ਰੁਕ ਜਾਂਦੇ ਹਨ ਤਾਂ ਉਹ ਆਪਣੀ ਕਰਾਮਾਤ ਦਿਖਾਉਣ ਲਈ ਉਨ੍ਹਾਂ ਨੂੰ ਧੂਣੀ ਵਿਚੋਂ ਵਿਭੂਤੀ ਕੱਢ ਕੇ ਦਿੰਦਾ ਹੈ ਤਾਂ ਜੋ ਦਰਿਆ ਰਾਹ ਦੇ ਦੇਵੇ ਪਰ ਜਦੋਂ ਉਧਰ ਕਰਮਵੀਰ 'ਜੋ ਹੁਣ ਆਪਣੀ ਭਰਜਾਈ ਦੇ ਘਰ ਵਾਲਾ ਹੈ'' ਆਪਣੇ ਹਲ੍ਹ ਦੀ ਚਉ ਨਾਲੋਂ 'ਮਿੱਟੀ ਲਾਹ ਕੇ ਦਰਿਆ ਵਿਚ ਸੁੱਟਦਾ ਹੈ ਤਾਂ ਦਰਿਆ ਰਾਹ ਦੇ ਦਿੰਦਾ ਹੈ। ਸਭ ਕੁਝ ਵੇਖ ਕੇ ਸਾਧ ਬਣ ਚੁੱਕਾ ਧਰਮ ਸਿੰਘ ਆਪਣੀ ਟਿੰਡ ਫਾਉੜੀ ਵਗਾਹ ਕੇ ਮਾਰਦਾ ਹੈ ਤੇ ਮੁੜ ਹਲ ਦਾ ਮੁੰਨਾ ਫੜ ਲੈਂਦਾ ਹੈ।ਔਲਖ ਨੇ ਇਸ ਨਾਟਕ ਦੇ ਵਿਸ਼ੇ ਵਿਚ ਇਹ ਦਰਸਾਇਆ ਹੈ ਕਿ ਸਾਧਾਂ ਸੰਤਾਂ ਨਾਲੋਂ ਇਕ ਦੁਨਿਆਵੀ ਮਨੁੱਖ ਦੇ ਸਿੱਧੀ ਲਗਨ ਨਾਲ ਕੰਮ ਕਰਨ ਵਿਚ ਵੱਧ ਸ਼ਕਤੀ ਹੁੰਦੀ ਹੈ। 'ਕਰਮ ਹੀ ਪੂਜਾ ਹੈ' ਦੇ ਅਨੁਸਾਰ ਕੰਮ ਕਰਦਾ ਹੋਇਆ ਮਨੁੱਖ ਹੀ ਰਿੱਧੀਆਂ-ਸਿੱਧੀਆਂ ਨੂੰ ਪ੍ਰਾਪਤ ਕਰਦਾ ਹੈ। ਅਜਮੇਰ ਸਿੰਘ ਔਲਖ ਦੁਆਰਾ ਰਚਿਤ ਸਭ ਤੋਂ ਆਖਰੀ ਨਾਟਕ 'ਝਨਾਂ ਦੇ ਪਾਣੀ' ਦੇ ਵਿਸ਼ੇ ਵਿਚ ਨਾਟਕਕਾਰ ਨੇ ਇਹ ਦੱਸਣਾ ਚਾਹਿਆ ਹੈ ਕਿ 'ਆਰਥਿਕ ਪੱਖੋਂ ਮਾੜੇ ਗਰੀਬ ਮਾਪੇ ਮਜ਼ਬੂਰ ਹੋ ਕੇ ਆਪਣੀਆਂ ਧੀਆਂ ਵੇਚ ਦਿੰਦੇ ਹਨ। ਇਹੀ ਹਾਲ ਇਸ ਨਾਟਕ ਵਿਚਲੀ ਗੰਗਾ ਦਾ ਹੈ। ਦੂਸਰੇ ਪਾਸੇ ਨਾਟਕ

ਵਿਚਲਾ ਨਾਇਕ ਭੰਤੀ ਵੀ ਆਪਣੀ ਕਮਜ਼ੋਰ ਆਰਥਿਕਤਾ ਅਤੇ ਨਸ਼ਈ ਹੋਣ ਕਰਕੇ ਉਸਨੂੰ ਸਾਕ ਨਹੀਂ ਹੋ ਸਕਦਾ ਅਤੇ ਉਸਨੂੰ ਵੀ ਮਜ਼ਬੂਰ ਹੋ ਕੇ ਬੰਗਾਲ ਵਿਚੋਂ ਗੰਗਾ ਨੂੰ ਮੁੱਲ ਲਿਆਉਣਾ ਹੀ ਪੈਂਦਾ ਹੈ। ਪਰ ਮਾੜੀ ਆਰਥਿਕ ਵਿਵਸਥਾ ਹੋਣ ਕਰਕੇ ਉਸ ਨੂੰ ਬਹੁਤਾ ਚਿਰ ਘਰ ਰੱਖ ਨਹੀਂ ਸਕਦਾ ਅਤੇ ਅੱਗੇ ਵੇਚ ਦਿੰਦਾ ਹੈ। 'ਸਾਕ ਮਾੜਿਆਂ ਦੇ ਖੋਹ ਲੈਣ ਡਾਹਢੇ' ਵਾਂਗ ਆਰਥਿਕ ਪੱਖੋਂ ਤਕੜਾ ਸਰਮਾਏਦਾਰ ਜੱਗਾ-ਜੁਗਤੀ ਆਪਣੇ ਆਯੋਗ ਪੁੱਤਰ ਲਈ ਗੰਗਾ ਨੂੰ ਉਸ ਪਾਸੋਂ ਹਥਿਆ ਕੇ ਲੈ ਜਾਂਦਾ ਹੈ। ਇੰਨਾਂ ਅਮੀਰਾਂ ਦਾ ਆਪਣਾ ਕੋਈ ਚਰਿੱਤਰ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀ ਨੂੰਹ-ਧੀ ਦੀ ਕੋਈ ਲੱਜ ਸ਼ਰਮ ਨਹੀਂ ਹੁੰਦੀ। ਜੱਗਾ-ਜੁਗਤੀ ਆਪਣੀ ਨੂੰਹ ਗੰਗਾ 'ਤੇ ਬਦਨੀਤ ਹੋ ਜਾਂਦਾ ਹੈ ਅਤੇ ਦੋਸ਼ ਗੰਗਾ ਦੇ ਬਿਹਾਰੀ ਪ੍ਰੇਮੀ 'ਤੇ ਲਾ ਕੇ ਉਸਦਾ, ਕਤਲ ਕਰ ਦਿੰਦਾ ਹੈ। ਪਰ ਗੰਗਾ ਹੁਣ ਅਜਿਹੇ ਚਰਿਤਰਹੀਣ ਇਨਸਾਨ ਦੇ ਘਰ ਰਹਿਣਾ ਨਹੀਂ ਚਾਹੁੰਦੀ। ਇਸੇ ਕਰਕੇ ਹੀ ਉਸਨੂੰ ਤੀਜੀ ਵਾਰ ਅਰਜਨ ਬੁੱਢਾ ਖਰੀਦ ਲੈਂਦਾ ਹੈ, ਜਿਸਨੂੰ ਉਸ ਪਾਸੋਂ ਪੁੱਤਰ ਦੀ ਜ਼ਰੂਰਤ ਹੁੰਦੀ ਹੈ। ਜਦੋਂ ਅਰਜਨ ਦੇ ਭਤੀਜਿਆਂ ਨੂੰ ਉਸਦੀ ਜੜ੍ਹ ਅੱਗੇ ਵਧਦੀ ਦਿਸਦੀ ਹੈ ਤਾਂ ਉਹ ਗੰਗਾ ਨੂੰ 'ਕਤਲ' ਕਰਨ ਦੀ ਧਾਰ ਲੈਂਦੇ ਹਨ ਤਾਂ ਕਿ ਉਹ ਅਰਜਨ ਦੀ ਹੋਣ ਵਾਲੀ ਔਲਾਦ ਦੀ ਮਾਂ ਨਾ ਬਣ ਸਕੇ ਅਤੇ ਉਹ ਆਪਣੇ ਚਾਚੇ ਦੀ ਜ਼ਮੀਨ ਹਥਿਆ ਸਕਣ। ਨਾਟਕ ਦੇ ਅੰਤ ਵਿਚ ਗੰਗਾ ਇਕ ਕਮਜ਼ੋਰ ਔਰਤ ਵਾਲਾ ਦਿਲ ਨਹੀਂ ਰਹਿੰਦਾ ਅਤੇ ਉਹ 'ਚੰਡੀ ਦਾ ਰੂਪ ਧਾਰਕੇ ਉਨ੍ਹਾਂ ਮਹਿਖ਼ਾਸੁਰ ਤੇ ਸੁੰਭ-ਨਿਸੁੰਭ ਜਿਹੇ ਸਰਮਾਏਦਾਰਾਂ ਨਾਲ ਟੱਕਰ ਲੈਂਦੀ ਹੈ। ਇਸ ਨਾਟਕ ਵਿਚ 'ਔਲਖ' ਨੇ ਗੰਗਾ ਦਾ ਚਰਿਤਰ ਬਹੁਤ ਹੀ ਸੁਚੇਤ ਹੋ ਕੇ ਚਿਤਰਿਆ ਹੈ ਜੋ ਇਕ ਵਾਰ ਨਹੀਂ ਸਗੋਂ ਤਿੰਨ ਵਾਰ ਵਿਕਦੀ ਹੈ ਅਤੇ ਸਾਨੂੰ ਉਹ ਉਸ 'ਝਨਾਂ ਦੇ ਪਾਣੀ ਵਾਂਗ ਹੀ ਲਗਦੀ ਹੈ, ਜਿਸਦਾ ਕੋਈ ਅਸਲੀ ਪੱਕਾ ਟਿਕਾਣਾ ਨਹੀਂ ਹੁੰਦਾ। ਔਲਖ ਦੀਆਂ ਰਚਨਾਵਾਂ ਦਾ ਵਿਸਤਰਿਤ ਅਧਿਐਨ ਕਰਨ ਉਪਰੰਤ ਅਸੀਂ ਇਹ ਗੱਲ ਨਿਸ਼ਚੇ ਨਾਲ ਹੀ ਕਹਿ ਸਕਦੇ ਹਾਂ ਕਿ ਨਾਟਕਕਾਰ ਦੀ ਨਾਟ-ਚੇਤਨਾ ਦਾ ਸਫ਼ਰ ਗਿਣਾਤਮਕ ਨਾਲੋਂ ਗੁਣਾਤਮਕ ਪੱਖੋਂ ਵਧੇਰੇ ਮਹੱਤਵਪੂਰਨ ਹੈ, ਜਿਸ ਵਿਚ ਉਸਨੇ ਜ਼ਿੰਦਗੀ ਦੇ ਹਰ ਪੱਖ ਨੂੰ ਕਲਮਬੱਧ ਕਰਕੇ ਰੱਖ ਦਿੱਤਾ ਹੈ। ਕੁਝ ਕੁ ਇਕਾਂਗੀ ਤੇ ਨਾਟਕਾਂ ਨੂੰ ਛੱਡ ਕੇ ਉਸਦੇ ਬਹੁਤੇ ਨਾਟਕ ਵਰਤਮਾਨ ਸਮਾਜਿਕ ਸੰਦਰਭ ਵਿਚ ਰਹਿ ਕੇ ਜ਼ਿੰਦਗੀ ਦੀਆਂ ਵਧ ਰਹੀਆਂ ਜ਼ਰੂਰਤਾਂ ਅਤੇ ਆਮਦਨ ਦੇ ਘਟ ਰਹੇ ਸਾਧਨ ਆਰਥਿਕ ਤੰਗੀਆਂ ਦਾ ਕਾਰਨ ਬਣਦੇ ਹਨ। ਅੱਜ ਦੀ ਛੋਟੀ ਕਿਸਾਨੀ ਆਰਥਿਕ ਮੰਦਹਾਲੀ ਦੇ ਅਜਿਹੇ ਦੌਰ ਵਿਚੋਂ ਗੁਜ਼ਰ ਰਹੀ ਹੈ, ਜਿਸ ਵਿਚ ਉਹ ਆਪਣੇ ਜੀਵਨ ਦੀਆਂ ਸਧਾਰਣ ਗਰਜਾਂ ਦੀ ਪੂਰਤੀ ਵੀ ਨਹੀਂ ਕਰ ਸਕਦੀ। ਕਈ ਵਾਰ ਕਿਸਾਨ ਦੇ ਪਰਿਵਾਰ ਨੂੰ ਆਰਥਿਕ ਸਾਧਨ ਬਹਾਲ ਰੱਖਣ ਲਈ ਸਾਰੇ ਆਦਰਸ਼ਾਂ ਤੇ ਨੈਤਿਕਤਾ ਦੀ ਬਲੀ ਚੜ੍ਹਾਉਣੀ ਪੈਂਦੀ ਹੈ ਅਤੇ ਜ਼ਿੰਦਗੀ ਨਾਲ ਸਮਝੌਤਾ ਕਰਨਾ ਹੀ ਪੈਂਦਾ ਹੈ। ਜੀਵਨ ਦੇ ਅਜਿਹੇ ਕਠੋਰ

ਸੱਚ ਨੂੰ ਨਾਟਕਾਂ ਦਾ ਵਿਸ਼ਾ ਬਣਾਉਣਾ ਹੀ ਉਸਦੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ’ਤੇ ‘ਔਲਖ ਦੀ ਨਾਟ-ਚੇਤਨਾ' ਦੇ ਸੰਦਰਭ ਵਿਚ ਅਸੀਂ ਉਸ ਨੂੰ ਪੇਂਡੂ ਛੋਟੀ ਕਿਸਾਨੀ ਦਾ ਯਥਾਰਥਵਾਦੀ ਨਾਟਕਕਾਰ ਹੀ ਮੰਨਾਂਗੇ। ਉਸਦੇ ਸਾਰੇ ਨਾਟਕਾਂ ਵਿਚ ਯਥਾਰਥਵਾਦੀ ਚੇਤਨਾ ਦੀ ਸੁਰ ਹੀ ਕੰਮ ਕਰਦੀ ਹੈ।

ਕਿਸੇ ਵੀ ਸਮਾਜ ਦੀ ਸੰਰਚਨਾ ਉਸਦੇ ਅਰਥਚਾਰੇ ਤੋਂ ਨਿਰਧਾਰਤ ਕੀਤੀ ਜਾ ਸਕਦੀ ਹੈ। ਕਿਸੇ ਸਮਾਜ ਕੋਲ ਪ੍ਰਾਪਤ ਸਾਧਨ ਹੀ ਉਸਦੇ ਵਿਕਾਸ ਅਤੇ ਉੱਨਤੀ ਦੇ ਵਾਹਕ ਬਣਦੇ ਹਨ। ਇਹ ਕੁਦਰਤੀ ਅਤੇ ਮਾਨਵ ਨਿਰਮਤ ਸਾਧਨ ਸਮਾਜ/ਦੇਸ਼ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕੁਦਰਤੀ ਸਾਧਨਾਂ (ਭੂਮੀ, ਹਵਾ, ਪਾਣੀ, ਜੰਗਲ, ਆਦਿ) ਉਪਰ ਸਾਰੇ ਵਰਗਾਂ ਦਾ ਬਰਾਬਰ ਅਧਿਕਾਰ ਹੁੰਦਾ ਹੈ ਪਰ ਸਮਾਜ ਦੀਆਂ ਵਿਭਿੰਨ ਵਿਸੰਗਤੀਆਂ ਕਾਰਨ ਇਨ੍ਹਾਂ ਸਾਧਨਾਂ ਦੀ ਲੁੱਟ ਉਲਾਰੂ ਵਾਤਾਵਰਨ ਸਿਰਜਣ ਵਿਚ ਸਹਾਇਕ ਹੁੰਦੀਆਂ ਹਨ। ਇਸ ਲਈ ਜਿੱਥੇ ਇਨ੍ਹਾਂ ਸਾਧਨਾਂ ਉਪਰ ਸਾਰੇ ਵਰਗਾਂ ਦਾ ਬਰਾਬਰ ਅਧਿਕਾਰ ਹੁੰਦਾ ਹੈ, ਉਹ ਸਮਾਜ ਵੀ ਉਦਾਰਤਾ ਅਤੇ ਖੁਸ਼ਹਾਲ ਜੀਵਨ ਬਤੀਤ ਕਰਦਾ ਹੈ। ਦੂਜੇ ਪਾਸੇ ਜਿਥੇ ਇਨ੍ਹਾਂ ਸਾਧਨਾਂ ਉਪਰ ਕਿਸੇ ਵਿਸ਼ੇਸ਼ ਵਰਗ ਦਾ ਅਧਿਕਾਰ ਹੁੰਦਾ ਹੈ, ਉਥੇ ਸਮਾਜ ਵਿਚ ਲੁੱਟ-ਖਸੁੱਟ, ਜਮਾਤੀ ਪਾੜਾ ਅਤੇ ਹੋਰ ਵਿਸੰਗਤੀਆਂ ਉਤਪੰਨ ਹੋ ਜਾਂਦੀਆਂ ਹਨ। ਇਸ ਲਈ ਆਰਥਿਕਤਾ ਸਮਾਜਕ ਸੰਗਠਨ ਦਾ ਆਧਾਰ ਹੈ।

ਸਮਾਜ ਵਿਚ ਵਿਆਪਕ ਜਮਾਤੀ-ਚੇਤਨਾ ਨੂੰ ਮਾਰਕਸਵਾਦੀ ਚਿੰਤਨ ਤਿੰਨ ਪੜਾਵਾਂ ਵਿਚ ਵੰਡਦੇ ਹਨ। ਮੁੱਢਲੇ ਕਬੀਲਾ ਦੌਰ ਵਿਚ ਮਨੁੱਖ ਜੰਗਲਾਂ ਵਿਚ ਰਹਿ ਕੇ ਰਲ ਮਿਲਕੇ ਜੀਵਨ ਬਤੀਤ ਕਰਦਾ ਸੀ। ਘੱਟ ਖੁਰਾਕ ਅਤੇ ਉਤਪਾਦਨ ਹੋਣ ਕਾਰਨ ਆਰਥਿਕ ਜੁੱਟ ਹੋਣਾ ਸੰਭਵ ਹੀ ਨਹੀਂ ਸੀ। ਲੋਕ ਸਾਂਝੀਵਾਲਤਾ ਨਾਲ ਆਪਣਾ ਜੀਵਨ ਬਤੀਤ ਕਰਦੇ ਸਨ। ਜਮਾਤੀ ਸਮਾਜ ਦਾ ਪਹਿਲਾ ਪੜਾਅ ਗੁਲਾਮਦਾਰੀ ਯੁੱਗ ਹੈ। ਇਸ ਵਿਚ ਇਕ ਜਮਾਤ ਸਰੋਤਾਂ ਜਾਂ ਸਾਧਨਾਂ ਦੀ ਮਾਲਕ ਅਤੇ ਦੂਜੀ ਜਮਾਤ ਇਨ੍ਹਾਂ ਕਿਰਤ ਦੇ ਸੰਦਾਂ ਤੋਂ ਸੱਖਣੀ ਹੁੰਦੀ ਸੀ। ਇਸ ਸਮਾਜ ਦੀ ਸਥਿਤੀ ਦੀ ਵਿਡੰਬਨਾ ਇਹ ਹੁੰਦੀ ਸੀ ਕਿ ਬਹੁ ਗਿਣਤੀ ਜਮਾਤ ਗੁਲਾਮ ਅਤੇ ਘੱਟ ਗਿਣਤੀ ਜਮਾਤ ਮਾਲਕ ਵਜੋਂ ਸਥਾਪਤ ਹੋਏ। ਸਮੁੱਚੀ ਉਤਪਾਦਕਤਾ ਉਪਰ ਮਾਲਕ ਜਮਾਤ ਦਾ ਅਧਿਕਾਰ ਹੋਣ ਕਾਰਨ ਇਹ ਸਮਾਜ ਬਹੁਤਾ ਚਿਰ ਥਿਰ ਨਾ ਰਿਹਾ ਕਿਉਂਕਿ ਗੁਲਾਮਦਾਰੀ ਸਮਾਜ ਵਿਚ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਰਿਸ਼ਤਿਆਂ ਵਿਚਕਾਰ ਆਪਸੀ ਵਿਰੋਧਤਾਈਆਂ ਤੀਖਣ ਰੂਪ ਧਾਰਨ ਕਰਨ ਲੱਗੀਆਂ।

ਗੁਲਾਮਦਾਰੀ ਯੁੱਗ ਤੋਂ ਬਾਅਦ ਜਗੀਰਦਾਰੀ ਸਮਾਜ ਵਿਚ ਵੀ ਸਮਾਜ ਪ੍ਰਧਾਨਤਾ ਅਤੇ ਅਧੀਨਤਾ ਦੋ ਜਮਾਤਾਂ ਵਿਚ ਵਿਭਾਜਤ ਹੋ ਗਿਆ। ਇਸ ਯੁੱਗ ਵਿਚ ਵੀ ਕਿਸਾਨਾਂ/ਕਿਰਤੀਆਂ ਦੀ ਜਗੀਰਦਾਰਾਂ ਦੁਆਰਾ ਅੰਨੀਂ ਲੁੱਟ ਕੀਤੀ ਜਾਂਦੀ ਸੀ। ਇਸ ਤਰ੍ਹਾਂ ਸਰਮਾਏਦਾਰੀ ਨੇ ਜਗੀਰਦਾਰੀ ਮਾਲਕੀ ਨੂੰ ਖਤਮ ਕਰ ਦਿੱਤਾ। ਇਸਦਾ ਕਾਰਨ ਇਹ ਵੀ ਸੀ ਕਿ ਮਜ਼ਦੂਰ ਸਰਮਾਏਦਾਰੀ ਸਿਸਟਮ ਵਿਚ ਕਾਨੂੰਨੀ ਤੌਰ ’ਤੇ ਆਜਾਦ ਸਨ। ਪਰ ਪੂੰਜੀਵਾਦੀ ਜਮਾਤ ਦੇ ਅਧੀਨ ਸਨ ਕਿਉਂਕਿ ਸਰਮਾਏਦਾਰੀ ਸਮਾਜ ਵਿਚ ਕੇਵਲ ਪੂੰਜੀਪਤੀ ਹੀ ਸਮੁੱਚੇ ਸਾਧਨਾਂ ਦਾ ਮਾਲਕ ਹੁੰਦਾ ਹੈ। ਉਹ ਮਜ਼ਦੂਰ ਦੀ ਕਿਰਤ ਸਮਰੱਥਾ ਅਤੇ ਸ਼ਕਤੀ ਨੂੰ ਖਰੀਦਦਾ ਹੈ। ਮਜ਼ਦੂਰ ਉਸਦਾ ਗੁਲਾਮ ਬਣਦਾ ਹੈ।

ਸਰਮਾਏਦਾਰੀ ਸਮਾਜ ਦੀ ਅੰਨੇਵਾਹ ਲੁੱਟ ਕਾਰਨ ਸਮਾਜਵਾਦ ਪੈਦਾ ਹੁੰਦਾ ਹੈ। ਸਮਾਜਵਾਦ ਵਿਚ ਉਤਪਾਦਨ ਦੇ ਸੰਦਾਂ ਸਾਧਨਾਂ ਉਪਰ ਸਰਵਜਨਕ ਮਾਲਕੀ ਅਤੇ ਲੁਟ-ਖਸੁੱਟ ਦੀ ਕੋਈ ਥਾਂ ਨਹੀਂ ਹੁੰਦੀ। ਸਮਾਜਵਾਦ ਦੇ ਹੇਠ ਲਿਖੇ ਪਛਾਣ ਚਿੰਨ੍ਹ ਹੁੰਦੇ ਹਨ -

- ਸਾਧਨਾਂ ਦੀ ਨਿੱਜੀ ਮਲਕੀਅਤ ਨੂੰ ਖ਼ਤਮ ਕਰਨ ਲਈ ਕਿਰਤੀ ਜਮਾਤ ਨੂੰ ਬੁਰਜੂਆਜ਼ੀ ਜਮਾਤ ਵਿਰੁੱਧ ਸਖ਼ਤ ਸੰਘਰਸ਼ ਕਰਨਾ ਪੈਂਦਾ ਹੈ।

- ਸਮੁੱਚਾ ਸੰਘਰਸ਼ ਵਿਗਿਆਨਕ ਵਿਚਾਰਧਾਰਾ ’ਤੇ ਆਧਾਰਤ ਹੁੰਦਾ ਹੈ।

- ਮਾਲਕ ਅਤੇ ਕਿਰਤੀਆਂ ਵਿਚਕਾਰ ਭਾਈਚਾਰਾ, ਮਿਲਵਰਤਣ, ਪਰਸਪਰ ਸਹਿਯੋਗ ਦੇ ਸੰਬੰਧ ਸਥਾਪਿਤ ਹੁੰਦੇ ਹਨ।

- ਸਮਾਜਵਾਦੀ ਸਮਾਜ ਵਿਚ ਵਿਅਕਤੀਗਤ ਅਤੇ ਸਰਵਜਨਿਕ ਹਿੱਤਾਂ ਦਾ ਸੁਮੇਲ ਆਰਥਿਕ ਉੱਨਤੀ ਕਾਰਨ ਪੈਦਾ ਹੁੰਦਾ ਹੈ।

ਸਮਾਜਵਾਦ ਤੋਂ ਅੱਗੇ ਸਾਮਵਾਦ ਭਾਵ ਸ਼੍ਰੇਣੀ ਰਹਿਤ ਸਮਾਜ ਦਾ ਪੜਾਅ ਆਉਂਦਾ ਹੈ। ਜਿਸ ਵਿਚ ਸਮੁੱਚੀ ਮਨੁੱਖਤਾ ਦਾ ਸਾਰੇ ਉਤਪਾਦਨ ਦੇ ਸਾਧਨਾਂ ਉਪਰ ਬਰਾਬਰ ਦਾ ਹੱਕ ਹੁੰਦਾ ਹੈ। ਇਸ ਵਿਚ ਲੋਕਾਂ ਦੇ ਸਰਵਪੱਖੀ ਵਿਕਾਸ ਦੇ ਸਮਾਂਤਰ ਵਿਗਿਆਨ-ਤਕਨਾਲੋਜੀ ਦੇ ਨਾਲ ਉਤਪਾਦਨ ਸ਼ਕਤੀਆਂ ਦਾ ਵਿਕਾਸ ਵੀ ਹੁੰਦਾ ਹੈ। ਇਸਦਾ ਆਰਥਿਕ ਪ੍ਰਯੋਜਨ ਸਮਾਜ ਵਿਚ ਪਦਾਰਥਕ ਅਤੇ ਤਕਨੀਕੀ ਆਧਾਰ ਪੈਦਾ ਕਰਨਾ ਹੈ। ਇਸਦੀ ਪ੍ਰਮੁੱਖ ਮੰਗ ਜਮਾਤ ਰਹਿਤ ਸਮਾਜ ਦੀ ਉਸਾਰੀ ਕਰਨਾ ਹੈ। ਕੋਈ ਵੀ ਜਮਾਤ ਇਕ ਦਮ ਹੀ ਹੋਂਦ ਵਿਚ ਨਹੀਂ ਆਉਂਦੀ ਬਲਕਿ ਇਹ ਲੰਬੇ ਇਤਿਹਾਸਕ ਸੰਘਰਸ਼ ਵਜੋਂ ਆਕਾਰ ਗ੍ਰਹਿਣ

ਕਰਦੀ ਹੈ। ਆਦਿ ਯੁੱਗ ਵਿਚ ਉਤਪਾਦਾਂ ਦੀ ਵੰਡ ਨਾ ਹੋਣ ਕਾਰਨ ਕੋਈ ਵੀ ਜਮਾਤ ਨਹੀਂ ਸੀ। ਗੁਲਾਮਦਾਰੀ ਯੁੱਗ ਵਿਚ ਸਾਧਨਾਂ ਉਪਰ ਵਿਸ਼ੇਸ਼ ਲੋਕਾਂ ਦੇ ਅਧਿਕਾਰ ਹੋਣ ਨਾਲ ਸਾਧਨ ਸੰਪੰਨ ਅਤੇ ਸਾਧਨ ਹੀਣ ਦੋ ਜਮਾਤਾਂ ਦਾ ਉਦੈ ਹੋਇਆ। ਜਗੀਰਦਾਰੀ ਸਮਾਜ ਵਿਚ ਸਰਮਾਏਦਾਰੀ ਪੈਦਾ ਹੋਈ ਜਿਸ ਕਾਰਨ ਸਮਾਜ ਵਿਚ ਹੋਰਨਾਂ ਜਮਾਤਾਂ ਦਾ ਨਿਰਮਾਣ ਹੋਇਆ। ਸਾਧਨਾਂ, ਮਨੁੱਖਾਂ ਦੀ ਕ੍ਰਿਤ ਆਦਿ ਦੀ ਅੰਨ੍ਹੇਵਾਹ ਲੁੱਟ ਨੇ ਲੋਕਾਂ ਵਿਚ ਆਪਣੇ ਅਧਿਕਾਰ ਪ੍ਰਾਪਤ ਕਰਨ ਦੀ ਚੇਤਨਾ ਦ੍ਰਿੜ ਕੀਤੀ। ਫਲਸਰੂਪ ਲੋਕਾਂ ਵਿਚ ਚੇਤਨਾ/ਜਾਗਰੂਕਤਾ ਵਧੀ। ਇਹ ਚੇਤਨਾ ਵਿਗਿਆਨਕ ਦ੍ਰਿਸ਼ਟੀਕੋਣ, ਵਿੱਦਿਆ/ਸਿੱਖਿਆ ਨਾਲ ਹੀ ਸੰਭਵ ਹੋ ਸਕੀ ਹੈ। ਇਸ ਤਰ੍ਹਾਂ ਦੀ ਜਮਾਤੀ-ਚੇਤਨਾ ਕਾਰਨ ਹੀ ਜਨ ਸਾਧਾਰਨ ਵਿਚ ਸਮਾਜਵਾਦੀ ਦ੍ਰਿਸ਼ਟੀਕੋਣ ਦੀ ਚੇਤਨਾ ਪੈਦਾ ਹੋਈ ਹੈ। ਇਸ ਤਰ੍ਹਾਂ ਸਮਾਜ ਵਿਚ ਪੈਦਾ ਹੋਈਆਂ ਜਮਾਤਾਂ ਦਾ ਸੰਬੰਧ ਆਰਥਿਕਤਾ ਨਾਲ ਹੈ। ਆਰਥਿਕਤਾ ਦਾ ਉਚਾ-ਨੀਵਾਂ ਪੱਧਰ ਹੀ ਗ਼ਰੀਬ -ਅਮੀਰ, ਸ਼ੋਸ਼ਤ-ਸ਼ੋਸ਼ਕ ਵਰਗੇ ਵਰਗ ਬਣਾਉਣ ਵਿਚ ਸਹਾਈ ਹੈ।

ਮਨੁੱਖੀ ਸਭਿਅਤਾ ਦੀ ਵਿਕਾਸ ਪ੍ਰਕਿਰਿਆ ਵਿਚ ਸਮਾਜਿਕ-ਚੇਤਨਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਪਰ ਜਾਗਰੂਕਤਾ ਦੇ ਇਸ ਸਮੂਹ ਨੂੰ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਰਾਜਨੀਤੀ ਵਿਚੋਂ ਹੀ ਪਛਾਣਿਆ ਜਾ ਸਕਦਾ ਹੈ। ਰਾਜਨੀਤੀ ਵਿਚਾਰਾਂ ਜਾਂ ਆਦਰਸ਼ਾਂ ਦਾ ਇਕ ਖ਼ਾਸ ਸੋਚ ਪ੍ਰਬੰਧ ਹੁੰਦੀ ਹੈ ਪਰ ਇਹ ਪ੍ਰਬੰਧ ਸਮਾਜਿਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ ਸੰਬੰਧਾਂ ਨਾਲ ਵੀ ਜੁੜਿਆ ਹੁੰਦਾ ਹੈ। ਰਾਜਸੀ-ਚੇਤਨਾ ਮਨੁੱਖ ਦੇ ਗਿਆਨ, ਚਿੰਤਨ ਅਤੇ ਨੀਤੀਆਂ ਦਾ ਉਹ ਪੱਧਰ ਹੈ, ਜਿਸ ਵਿਚ ਮਨੁੱਖ ਸਮੱਸਿਆਵਾਂ ਨੂੰ ਸਮਝਣ ਅਤੇ ਨਜਿੱਠਣ ਦੀ ਸੂਝ-ਬੂਝ ਰੱਖਦਾ ਹੈ। ਸਾਹਿਤ ਵਿਚ ਪੇਸ਼ ਹੋ ਰਹੀ ਰਾਜਸੀ-ਚੇਤਨਾ ਦੀ ਰੂਪ ਵਿਧੀ ਵੀ ਕਈ ਧਰਾਤਲਾਂ ਤੋਂ ਅਰਥਾਂ ਦਾ ਉਤਪਾਦਨ ਕਰਦੀ ਹੈ। ਇਸ ਕਰਕੇ ਇਹ ਜ਼ਰੂਰੀ ਹੈ ਕਿ ਰਾਜਸੀ-ਚੇਤਨਾ ਦੀ ਸਾਹਿਤ ਸਿਰਜਣਾ ਵਿਚ ਸਰਗਰਮੀ/ਭੂਮਿਕਾ ਨੂੰ ਸਮਝਣ ਲਈ ਇਸਦੀ ਰੂਪ ਵਿਧੀ ਅਤੇ ਸੰਕਲਪ ਨੂੰ ਅੰਤਰ-ਅਨੁਸ਼ਾਸਨੀ ਦ੍ਰਿਸ਼ਟੀ ਦੁਆਰਾ ਸਮਝੀਏ।

ਸਾਹਿਤ ਸਿਰਜਣਾ ਇਕ ਮਾਨਵੀ ਕਾਰਜ ਹੈ ਜੋ ਰਾਜਸੀ-ਚੇਤਨਾ ਤੋਂ ਬਿਨਾਂ ਅਧੂਰਾ ਹੈ। ਰਾਜਸੀ-ਚੇਤਨਾ ਬੌਧਿਕ ਅਤੇ ਮਾਨਸਿਕ ਪ੍ਰਕ੍ਰਿਆ ਹੈ, ਜੋ ਕਿਸੇ ਨਾ ਕਿਸੇ ਰੂਪ ਰਾਹੀਂ ਸਾਹਿਤ ਸਿਰਜਣਾ ਵਿਚ ਵਿਦਮਾਨ ਰਹਿੰਦੀ ਹੈ। ਸੱਤਾ ਦੀ ਉਤਪੱਤੀ ਅਤੇ ਰਾਜਨੀਤਕ ਉਸਾਰੀ ਵਿਚ ਨਿੱਜੀ ਜਾਇਦਾਦ ਦੀ ਵਿਸ਼ੇਸ਼ ਮਹੱਤਤਾ ਰਹਿੰਦੀ ਹੈ। ਨਿੱਜੀ ਜਾਇਦਾਦ ਦੇ ਪੈਦਾ ਹੋਣ ਨਾਲ ਸਮਾਜੀ-ਉਤਪਾਦਨ-ਸੰਬੰਧ, ਜਮਾਤਾਂ ਦੀ ਉਤਪੱਤੀ, ਸਮਾਜੀ-ਆਰਥਿਕ ਅਤੇ ਰਾਜਸੀ ਸੰਬੰਧਾਂ ਵਿਚ ਵੀ ਪਰਿਵਰਤਨ

ਆਉਂਦਾ ਹੈ। ਰਾਜਨੀਤੀ ਦਾ ਆਧਾਰ ਮਨੁੱਖੀ ਸਮਾਜ ਹੈ। ਸਮਾਜਕ ਸੰਗਠਨ ਤੋਂ ਬਿਨਾਂ ਰਾਜਨੀਤੀ ਦੀ ਹੋਂਦ ਸੰਭਵ ਨਹੀਂ ਹੈ। ਰਾਜਨੀਤੀ ਸਮਾਜ ਉਪਰ ਥੋਪੀ ਨਹੀਂ ਜਾਂਦੀ ਬਲਕਿ ਮਨੁੱਖੀ ਸਮਾਜ ਦੇ ਵਿਕਾਸ ਪੜਾਵਾਂ 'ਤੇ ਹੀ ਰਾਜਨੀਤੀ ਦਾ ਜਨਮ ਹੁੰਦਾ ਹੈ। ਰਾਜਨੀਤੀ ਸਮਾਜ ਦੇ ਆਰਥਿਕ ਢਾਂਚੇ ਕਾਰਨ ਹੀ ਹੋਂਦ ਵਿਚ ਆਉਂਦੀ ਹੈ। ਸਮਾਜ ਵਿਚ ਇਨ੍ਹਾਂ ਪੈਦਾਵਾਰੀ ਤਣਾਓ ਪੂਰਵਕ ਰਿਸ਼ਤਿਆਂ ਕਾਰਨ ਦੋ ਜਮਾਤਾਂ ਸ਼ਾਸਕ ਅਤੇ ਸ਼ੋਸ਼ਿਤ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਤਾਂ ਇਨ੍ਹਾਂ ਜਮਾਤਾਂ ਦੇ ਆਰਥਿਕ ਸੰਘਰਸ਼ ਦਾ ਪ੍ਰਗਟਾ ਰਾਜਨੀਤੀ ਵਜੋਂ ਹੀ ਪੇਸ਼ ਹੁੰਦਾ ਹੈ। ਪਦਾਰਥਕ ਪੈਦਾਵਾਰ ਦਾ ਸੰਬੰਧ ਆਰਥਿਕ ਢਾਂਚੇ ਵਿਚ ਉਤਪਾਦਨ ਦੇ ਸਾਧਨਾਂ ਉਤੇ ਅਧਿਕਾਰ ਜਮਾਉਣ ਲਈ ਲੜਾਈ, ਜਮਾਤੀ ਲੜਾਈ ਅਤੇ ਸਿੱਟਿਆਂ ਵਜੋਂ ਰਾਜਨੀਤਕ ਲੜਾਈ ਰਾਜਨੀਤੀ ਦੇ ਆਰਥਿਕ ਆਧਾਰ ਨੂੰ ਸਪੱਸ਼ਟ ਕਰਦੀ ਹੈ। ਆਦਿ ਕਾਲੀਨ ਸਮਾਜ ਵਿਚ ਪੈਦਾਵਾਰੀ ਢੰਗਾਂ ਦਾ ਵਿਕਾਸ ਨਾ ਹੋਣ ਕਾਰਨ ਵਰਗ/ ਜਮਾਤ ਦੀ ਉਤਪੱਤੀ ਨਹੀਂ ਹੋਈ ਸੀ। ਇਸ ਲਈ ਉਸ ਸਮੇਂ ਰਾਜਨੀਤੀ ਵੀ ਅਸੰਭਵ ਸੀ।

ਇਸ ਪ੍ਰਕਾਰ ਸ਼ਾਸਕ ਅਤੇ ਸ਼ੋਸ਼ਿਤ ਵਰਗ ਦਾ ਆਪਸੀ ਸੰਘਰਸ਼ ਹੀ ਰਾਜਨੀਤੀ ਦੀ ਆਧਾਰਸ਼ਿਲਾ ਬਣਦਾ ਹੈ ਪਰ ਕੋਈ ਵੀ ਆਰਥਿਕ ਘੋਲ, ਰਾਜਨੀਤਕ ਸੰਘਰਸ਼/ਘੋਲ ਦਾ ਰੂਪ ਸ਼ੋਸ਼ਿਤ ਅਤੇ ਸ਼ਾਸਕ ਵਰਗ ਵਿਚ ਪੈਦਾਵਾਰੀ ਸਾਧਨਾਂ ਨੂੰ ਚੇਤੰਨਤਾ ਨਾਲ ਆਪੋ-ਆਪਣੇ ਅਧਿਕਾਰ ਵਿਚ ਕਰਨ ਲਈ ਸ਼ੁਰੂ ਹੁੰਦਾ ਹੈ। ਲੁੱਟ-ਖਸੁੱਟ ਦਾ ਸ਼ਿਕਾਰ ਜਮਾਤ ਇਕ ਪੜਾਅ 'ਤੇ ਜਾ ਕੇ ਆਪਣੀ ਜਮਾਤੀ ਹੋਂਦ ਪ੍ਰਤੀ ਚੇਤੰਨ ਹੁੰਦੀ ਹੈ। ਇਸ ਜਮਾਤੀ-ਚੇਤੰਨਤਾ ਨਾਲ ਹੀ ਜਮਾਤੀ-ਸੰਘਰਸ਼ ਪੈਦਾ ਹੁੰਦਾ ਹੈ। ਜਿਸਦਾ ਪ੍ਰਗਟਾਵਾ ਰਾਜਨੀਤੀ ਦੇ ਰੂਪ ਵਿਚ ਹੁੰਦਾ ਹੈ। ਇਸ ਪੱਖ ਤੋਂ ਜਮਾਤੀ-ਚੇਤੰਨਤਾ ਰਾਜਨੀਤੀ ਦਾ ਇਕ ਹੋਰ ਅਭਿੰਨ ਲੱਛਣ ਹੈ।

ਰਾਜਨੀਤਕ-ਚੇਤੰਨਤਾ ਰਾਜ ਦੀ ਸਮਾਜੀ ਆਰਥਿਕ ਵਿਵਸਥਾ ਦਾ ਜਟਿਲ ਵਰਤਾਰਾ ਹੈ। ਇਹ ਸੱਤਾ ਦੀ ਇਕ ਸੰਸਥਾ ਵਜੋਂ ਕਾਰਜਗਤ ਹੁੰਦੀ ਹੈ। ਇਹੀ ਸੰਸਥਾ, ਵਿਭਿੰਨ ਲੋਕ ਸਮੂਹਾਂ, ਵਰਗਾਂ ਅਤੇ ਪਾਰਟੀਆਂ ਦੇ ਆਪਸੀ ਸੰਬੰਧਾਂ ਨੂੰ ਨਿਰਧਾਰਤ ਕਰਨ ਅਤੇ ਰਾਜ ਦੀ ਕਾਰਜ ਪ੍ਰਣਾਲੀ ਨੂੰ ਚਲਾਉਣ ਵਿਚ ਭੂਮਿਕਾ ਨਿਭਾਉਂਦੀ ਹੈ। ਇਸ ਪ੍ਰਕਾਰ ਸਿਆਸੀ/ਰਾਜਸੀ ਪ੍ਰਣਾਲੀ ਇਕ ਵਿਸ਼ੇਸ਼ ਸਾਧਨ ਹੈ। ਰਵਿੰਦਰ ਰਵੀ ਦੀ ਪੁਸਤਕ 'ਰਵੀ ਚੇਤਨਾ' ਅਨੁਸਾਰ,

> ਸਿਆਸੀ ਚੇਤਨਾ ਆਪਣੇ ਵਿਵਿਧ ਰੂਪਾਂ ਵਿਚ ਜਨ ਸਾਧਾਰਨ ਦੀਆਂ ਸਮਾਜਿਕ ਆਰਥਿਕ ਪਰਿਸਥਿਤੀਆਂ ਉਹਨਾਂ ਦੀਆਂ ਲੋੜਾਂ, ਭਾਵਨਾਵਾਂ, ਕਦਰਾਂ ਕੀਮਤਾਂ ਤੇ ਧਾਰਨਾਵਾਂ ਵਿਚ ਆਪ ਮੁਹਾਰੇ ਹੀ ਪ੍ਰਗਟ ਹੁੰਦੀ ਹੈ ਤੇ ਉਨ੍ਹਾਂ ਦੇ ਜੀਵਨ ਦੀ ਸਰਗਰਮੀ ਦਾ ਆਧਾਰ ਬਣਦੀ ਹੈ। (ਰਵੀ 28-29)

ਇਸ ਪ੍ਰਕਾਰ ਰਾਜਸੀ-ਚੇਤਨਾ ਵਿਅਕਤੀਗਤ ਨਹੀਂ ਬਲਕਿ ਸਮਾਜਿਕ ਯਥਾਰਥ ਦੀ ਸਥਿਤੀ ਵਿਚੋਂ ਪੈਦਾ ਹੋਈ ਸਮੂਹਵਾਦੀ ਪ੍ਰਕ੍ਰਿਆ ਹੈ। ਇਸ ਲਈ ਸਮਾਜਿਕ ਆਰਥਿਕ ਵਿਕਾਸ ਦੀ ਗਤੀ ਵਿਚ ਪਰਿਵਰਤਨ ਆਉਣ ਨਾਲ ਰਾਜਨੀਤਕ-ਚੇਤਨਾ ਵਿਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਲਈ ਰਾਜਨੀਤਕ-ਚੇਤੰਨਤਾ ਇਕ ਜਟਿਲ ਵਰਤਾਰਾ ਹੈ, ਜੋ ਸਮਾਜ ਦੇ ਰਾਜਨੀਤਕ ਢਾਂਚੇ ਪ੍ਰਤੀ ਵਿਚਾਰਾਂ, ਆਦਰਸ਼ਾਂ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਸ ਲਈ ਰਾਜਨੀਤਕ-ਚੇਤੰਨਤਾ ਇਕ ਵਿਚਾਰਧਾਰਾ ਦਾ ਸਿਰਜਣ ਕਰਦੀ ਹੈ।

ਮਨੁੱਖ ਹੋਰਨਾਂ ਜੀਵਾਂ ਵਾਂਗ ਇਕ ਪ੍ਰਕਿਰਤਕ ਜੀਵ ਹੈ ਜੋ ਕੁਝ ਜਮਾਂਦਰੂ ਪ੍ਰਵਿਰਤੀਆਂ ਦਾ ਮਾਲਕ ਹੈ ਜਿਵੇਂ ਕਾਮ-ਤ੍ਰਿਪਤੀ, ਭੁੱਖ-ਪਿਆਸ ਆਦਿ। ਪਰ ਇਨ੍ਹਾਂ ਨੂੰ ਮਨੁੱਖ ਮਰਜ਼ੀ ਨਾਲ ਪੂਰਾ ਨਹੀਂ ਕਰ ਸਕਦਾ ਜਿਵੇਂ ਉਹ ਮੁਢਲੇ ਕਾਲ ਵਿਚ ਕਿਸੇ ਨਾਲ ਵੀ ਸਰੀਰਕ ਸਬੰਧ ਬਣਾਉਣ ਲਈ ਆਜ਼ਾਦ ਸੀ। ਪਰ ਮਨੁੱਖ ਨੂੰ ਸਮਾਜ ਦੀ ਲੋੜ ਹੈ, ਇਸ ਅੰਦਰ ਰਹਿ ਕੇ ਹੀ ਉਹ ਪਸ਼ੂ-ਜੀਵਨ ਦੀ ਸੁਤੰਤਰਤਾ ਤੋਂ ਨੇਮਬੱਧ ਹੋਇਆ ਹੈ। ਸਮਾਜ ਨੂੰ ਆਪਸੀ ਸਮਝੌਤੇ ਦੀ ਰਚਨਾ ਵੀ ਮੰਨਿਆ ਜਾਂਦਾ ਹੈ। ਇਹ ਸਮਝੌਤਾ ਮਾਨਵ ਜਾਤੀ ਦੇ ਵਿਕਾਸ ਲਈ ਬੇਹੱਦ ਮਹੱਤਵਪੂਰਨ ਹੋ ਨਿਬੜਿਆ। ਇਸਦਾ ਸਮਾਜ ਤੋਂ ਬਿਨਾਂ ਜਿਉਂਦੇ ਰਹਿਣਾ ਨਾ-ਮੁਮਕਿਨ ਸੀ। ਆਪਣੀ ਵਿਵੇਕਸ਼ੀਲ ਬੁੱਧੀ ਕਾਰਨ ਦੂਸਰੇ ਜੀਵਾਂ ਤੋਂ ਵੱਖਰਤਾ ਦਾ ਧਾਰਨੀ ਬਣਿਆ ਸਮੁੱਚੇ ਬ੍ਰਹਿਮੰਡ ਨੂੰ ਅਗਰਭੂਮਿਤ ਕਰਨ ਵੱਲ ਰੁਚਿਤ ਇਹ ਮਨੁੱਖ ਕਈ ਅਜਿਹੀਆਂ ਮਹੱਤਵਪੂਰਨ ਪ੍ਰਾਪਤੀਆਂ ਹਾਸਿਲ ਕਰ ਗਿਆ, ਜਿਸਨੇ ਇਸਨੂੰ ਮਹਾਨ ਬਣਾ ਦਿੱਤਾ। ਡਾ. ਜਸਬੀਰ ਸਿੰਘ ਭੱਲਾ ਅਨੁਸਾਰ, "ਮਨੁੱਖ ਨੇ ਆਪਣੀ ਉੱਚਤਾ ਪੌੜੀ-ਦਰ-ਪੌੜੀ ਚੜ੍ਹ ਕੇ ਪ੍ਰਾਪਤ ਕੀਤੀ। ਮਨੁੱਖ ਦਿਨ-ਬ-ਦਿਨ ਗਿਆਨ ਦੇ ਵਾਧੇ ਨਾਲ 'ਸਮਾਜਕ ਪਸ਼ੂ ਅਖਵਾਉਂਦਾ ਹੋਇਆ ਉੱਤਮ ਪ੍ਰਾਣੀ ਬਣ ਗਿਆ ਹੈ।"(ਭੱਲਾ 101) ਮਨੁੱਖੀ ਜੀਵਨ ਦੀਆਂ ਮੁਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਹਿੱਤ ਅਤੇ ਆਪਣੀ ਹੋਂਦ ਨੂੰ ਬਣਾਏ ਰੱਖਣ ਲਈ ਜੋ ਸਬੰਧ ਬਣੇ, ਉਹੀ ਮਨੁੱਖੀ ਸਮਾਜ ਦੀ ਬੁਨਿਆਦ ਬਣ ਕੇ ਸਾਹਮਣੇ ਆਏ। ਇਸੇ ਸਮਾਜ ਦਾ ਪੂਰਨ ਰੂਪ ਵਿਚ ਅਧਿਐਨ ਕਰਨ ਵਜੋਂ ਅਤੇ ਇਸ ਅੰਦਰਲੀਆਂ ਸਮੱਸਿਆਵਾਂ ਨੂੰ ਸਮਝਣ ਲਈ ਸਮਾਜ ਵਿਗਿਆਨ ਹੋਂਦ ਵਿਚ ਆਇਆ। ਮਨੁੱਖੀ ਸਮਾਜ ਨੂੰ ਵੱਖ-ਵੱਖ ਭਾਗਾਂ ਵਿਚ ਵੰਡ ਕੇ ਨਹੀਂ ਸਗੋਂ ਇਸਦਾ ਅਧਿਐਨ ਪੂਰਨਤਾ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ ਅਤੇ ਸਮਾਜ ਵਿਗਿਆਨ ਹੀ ਪੂਰਨ ਸਮਾਜ ਦਾ ਅਧਿਐਨ ਕਰਕੇ ਅੰਤਿਮ ਸਿੱਟੇ ਤੱਕ ਪਹੁੰਚ ਸਕਦਾ ਹੈ। ਕਈ ਲੋਕ ਸਮਾਜ ਵਿਗਿਆਨ

ਅਤੇ ਮਾਨਵ ਵਿਗਿਆਨ ਨੂੰ ਇਕੋ ਸਮਝਣ ਦੀ ਭੁੱਲ ਕਰਦੇ ਹਨ। ਪਰ ਕਿਸੇ ਵੀ ਮਨੁੱਖੀ ਸਮਾਜ ਨੂੰ ਸਮਝਣ ਲਈ ਸਾਨੂੰ ਮਨੁੱਖ ਨੂੰ ਸਮਝਣਾ ਅਤੇ ਮਨੁੱਖ ਨੂੰ ਸਮਝਣ ਲਈ ਉਸਦੇ ਵਿਕਾਸ ਦਾ ਅਧਿਐਨ ਲਾਜ਼ਮੀ ਹੈ।

ਮਾਨਵ ਵਿਗਿਆਨ ਜਦੋਂ ਆਦਿਮ ਸਮਾਜਾਂ ਦਾ ਅਧਿਐਨ ਕਰਦਾ ਹੈ ਤਾਂ ਉਹ ਉਸ ਸਮਾਜ ਅੰਦਰ ਰਹਿੰਦਾ ਹੋਇਆ, ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਤੌਰ ਤਰੀਕਿਆਂ ਨੂੰ ਸਮਝਦਾ ਹੋਇਆ, ਉਨ੍ਹਾਂ ਦੀ ਭਾਸ਼ਾ ਬੋਲਦਾ ਹੋਇਆ ਬਰੀਕੀ ਨਾਲ ਉਨ੍ਹਾਂ ਦੇ ਸੰਪੂਰਨ ਜੀਵਨ ਨੂੰ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਦੂਸਰੇ ਪਾਸੇ ਸਮਾਜ ਵਿਗਿਆਨ ਵਿਚ ਸਮਾਜਿਕ ਸੰਬੰਧਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾਂਦਾ ਹੈ,ਸਵਿੰਦਰਜੀਤ ਕੌਰ ਅਨੁਸਾਰ :-

> ਸਮਾਜ ਵਿਗਿਆਨ ਨਾ ਕੇਵਲ ਇਹ ਖੋਜ ਕਰਦਾ ਹੈ ਕਿ ਸੰਸਥਾਵਾਂ ਕਿਸ ਪ੍ਰਕਾਰ ਕਾਰਜ ਕਰਦੀਆਂ ਹਨ, ਬਲਕਿ ਉਨ੍ਹਾਂ ਨੂੰ ਕਿਸ ਪ੍ਰਕਾਰ ਕਾਰਜ ਕਰਨਾ ਚਾਹੀਦਾ ਹੈ, ਇਸ ਵਿਸ਼ੇ ਬਾਰੇ ਵੀ ਸੁਝਾਅ ਦਿੰਦਾ ਹੈ। ਇਹ ਭਵਿੱਖ ਦੀ ਯੋਜਨਾ ਲਈ ਵੀ ਸੁਝਾਅ ਦਿੰਦਾ ਹੈ, ਮਾਨਵ ਵਿਗਿਆਨ ਸਮਾਜਿਕ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ, ਪਰੰਤੂ ਇਨ੍ਹਾਂ ਨੂੰ ਸੁਲਝਾਉਣ ਦਾ ਕੋਈ ਸੁਝਾਅ ਨਹੀਂ ਦਿੰਦਾ। (ਸਵਿੰਦਰਜੀਤ 73)

ਉਪਰੋਕਤ ਪਰਿਭਾਸ਼ਾ ਸਮਾਜਕ ਸੰਬੰਧਾਂ ਲਈ ਘੱਟ ਤੋਂ ਘੱਟ ਦੋ ਅਜਿਹੇ ਵਿਅਕਤੀਆਂ ਦੀ ਗੱਲ ਕਰਦੀ ਹੈ ਜੋ ਇਕ ਦੂਜੇ ਬਾਰੇ ਭਲੀ-ਭਾਂਤ ਜਾਣੂ ਹੋਣ ਤਾਂ ਕਿ ਇਕ ਵਲੋਂ ਕੀਤੀ ਕੋਈ ਕ੍ਰਿਆ ਦੂਸਰਾ ਭਲੀ ਪ੍ਰਕਾਰ ਸਮਝ ਸਕੇ ਭਾਵ ਉਨ੍ਹਾਂ ਵਿਚਕਾਰ ਪ੍ਰਸਪਰ ਚੇਤੰਨਤਾ ਹੋਵੇ ਤਾਂ ਹੀ ਸਮਾਜਿਕ ਸੰਬੰਧ ਉਤਪੰਨ ਹੋ ਸਕਣਗੇ । ਦੂਸਰਾ ਕ੍ਰਿਆ ਦਾ 'ਅਰਥਪੂਰਣ' ਹੋਣਾ ਜ਼ਰੂਰੀ ਹੈ। ਜੇਕਰ ਉਹ ਇਕ-ਦੂਜੇ ਪ੍ਰਤੀ ਚੇਤੰਨ ਨਹੀਂ ਹੋਣਗੇ ਭਾਵ ਬਿਲਕੁਲ ਅਣਜਾਣ ਦੋ ਮਨੁੱਖ ਇਕ-ਦੂਜੇ ਦੀਆਂ ਕ੍ਰਿਆਵਾਂ ਦਾ ਅਰਥ ਕੱਢਣ ਵਿਚ ਅਸਫਲ ਹੋਣ ’ਤੇ ਕ੍ਰਿਆ ਅਰਥਹੀਣ ਹੋਵੇਗੀ ਅਤੇ ਸਮਾਜਿਕ ਸੰਬੰਧਾਂ ਦਾ ਬਣਨਾ ਮੁਮਕਿਨ ਨਹੀਂ ਹੋਵੇਗਾ। ਸੋ ਸਮਾਜਿਕ ਸੰਬੰਧ ਕੇਵਲ ਉਨ੍ਹਾਂ ਮਨੁੱਖਾਂ ਵਿਚ ਹੀ ਸਥਾਪਤ ਹੋ ਸਕਦੇ ਹਨ ਜੋ ਇਕ ਦੂਸਰੇ ਦੇ ਹਰ ਪੱਖ ਤੋਂ ਭਲੀ-ਭਾਂਤ ਜਾਣੂ ਹੋਣ ਦੇ ਨਾਲ-ਨਾਲ ਇਕ-ਦੂਜੇ ਪ੍ਰਤੀ ਚੇਤੰਨ ਵੀ ਹੋਣ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਨ। ਨਿਰਜੀਵ ਵਸਤਾਂ ਵਿਚਕਾਰ ਚੇਤੰਨਤਾ ਦੀ ਅਣਹੋਂਦ ਵਜੋਂ ਕਿਸੇ ਪ੍ਰਕਾਰ ਦਾ ਸੰਬੰਧ ਸਥਾਪਤ ਹੋਣਾ ਨਾ-ਮੁਮਕਿਨ ਹੈ।

ਇਹ ਦੋ ਵਿਅਕਤੀਆਂ ਵਿਚਕਾਰ ਹੀ ਨਹੀਂ ਸਗੋਂ ਦੋ ਸਮੂਹਾਂ ਵਿਚਕਾਰ ਵੀ ਹੋ ਸਕਦੇ ਹਨ, ਸੰਬੰਧ ਸਰਲ ਨਾ ਹੋ ਕੇ ਜਟਿਲ ਹੁੰਦੇ ਹਨ। ਇਸ ਪ੍ਰਕਾਰ ਜਿੱਥੇ ਵੀ ਇਹੋ ਜਿਹੇ ਸੰਬੰਧ ਪਾਏ ਜਾਂਦੇ ਹਨ, ਉਥੇ ਸਮਾਜ ਦੀ ਵਿਵਸਥਾ ਮੰਨੀ ਜਾ ਸਕਦੀ ਹੈ। ਇਸ

ਅੰਦਰ ਸੰਬੰਧਾਂ ਦਾ ਹਮੇਸ਼ਾ ਹੀ ਜਟਿਲਤਾ ਧਾਰਨ ਕਰੀ ਰੱਖਣਾ ਸੰਭਵ ਨਹੀਂ ਕਿਉਂਕਿ ਇਹ ਪ੍ਰਣਾਲੀ ਪਰਿਵਰਤਨਸ਼ੀਲ ਵੀ ਹੈ ਜਿਸ ਕਾਰਨ ਸੰਬੰਧ ਸਥਿਰਤਾ ਵੱਲ ਵਧਦੇ ਹੋਏ ਆਪਣਾ ਢਾਂਚਾ ਖੜ੍ਹਾ ਕਰਨ ਵਿਚ ਕਾਮਯਾਬ ਸਮਾਜ ਦੀ ਸੰਰਚਨਾ - ਭਿੰਨ-ਭਿੰਨ ਅੰਗਾਂ, ਤੱਤਾਂ, ਇਕਾਈਆਂ ਦਾ ਕਿਸੇ ਖਾਸ ਪ੍ਰਬੰਧ ਜਾਂ ਤਰਤੀਬ ਵਿਚ ਬੱਝ ਜਾਣਾ ਹੀ ਸੰਰਚਨਾ ਅਖਵਾਉਂਦਾ ਹੈ। ਪਰ ਸਮਾਜ ਦੇ ਸੰਬੰਧ ਵਿਚ ਜਦੋਂ ਵਿਅਕਤੀ ਆਪਸੀ ਸੰਬੰਧਾਂ ਦੁਆਰਾ ਵਿਵਸਥਿਤ ਢੰਗ ਨਾਲ ਹਰ ਉਹ ਕੰਮ ਕਰਦੇ ਹਨ ਜੋ ਸਮਾਜ ਦੇ ਢਾਂਚੇ ਨੂੰ ਉਸਾਰਨ ਵਿਚ ਸਹਾਈ ਹੋਣ, ਇਹ ਢੰਗ ਹੀ ਸਮਾਜ ਦੀ ਸੰਰਚਨਾ ਬਣਦਾ ਹੈ।

ਪਰਿਵਾਰ ਅੰਦਰ ਸਾਰੇ ਕਾਰਜ ਇਕ-ਦੂਜੇ ਦੇ ਸਹਿਯੋਗ ਕਾਰਨ ਹੀ ਨੇਪਰੇ ਚੜਦੇ ਹਨ। ਇਕੱਲਾ ਵਿਅਕਤੀ, ਇਕੱਲਾ ਅੰਗ ਜਾਂ ਇਕੱਲੀ ਸੰਸਥਾ ਕਿਸੇ ਵੀ ਰੂਪ ਵਿਚ ਉਸ ਕੰਮ ਨੂੰ ਪੂਰਾ ਨਹੀਂ ਕਰ ਸਕਦੇ ਜੋ ਸਹਿਯੋਗ ਦੀ ਮੰਗ ਕਰਦਾ ਹੈ। ਇਕੱਲੀ ਸੰਸਥਾ ਜਾਂ ਤੱਤ ਕਈ ਵਾਰ ਲਾਚਾਰਗੀ ਮਹਿਸੂਸ ਕਰਦੀ ਹੋਈ ਦੂਸਰਿਆਂ ਉਪਰ ਨਿਰਭਰ ਹੋ ਕੇ ਹੀ ਭਾਵ ਦੂਸਰੇ ਦੇ ਸਹਿਯੋਗ ਨਾਲ ਹੀ ਕਾਰਜ ਨੂੰ ਪੂਰਨ ਕਰ ਪਾਉਂਦੀ ਹੈ। ਆਦਿ ਕਾਲ ਵਿਚ ਹੀ ਇਕੱਲਾ ਮਨੁੱਖ ਕੁਦਰਤ ਸਾਹਮਣੇ ਇਕ ਬੇਬਸ ਬਾਲਕ ਤੋਂ ਜ਼ਿਆਦਾ ਕੁਝ ਨਹੀਂ ਸੀ, ਉਸ ਅੰਦਰ ਤਾਕਤ, ਹੌਂਸਲਾ ਉਦੋਂ ਹੀ ਵਧਿਆ ਜਦੋਂ ਉਹ ਦੂਸਰਿਆਂ ਨਾਲ ਸਹਿਯੋਗ ਵਿਚ ਹਰ ਕਾਰਜ ਕਰਨ ਲੱਗਾ। ਜਿਵੇਂ ਸ਼ਿਕਾਰ ਕਰਨਾ, ਜੰਗਲੀ ਜਾਨਵਰਾਂ ਤੋਂ ਰੱਖਿਆ ਕਰਨੀ, ਸੰਦ ਬਣਾਉਣੇ ਆਦਿ। ਸਹਿਯੋਗ ਦੇ ਨਾਲ ਸੰਘਰਸ਼ ਵੀ ਅਹਿਮ ਤੱਤ ਹੈ। ਡਾਰਵਿਨ ਦਾ 'ਸਹਿਯੋਗ ਦਾ ਬਚਾਅ' ਦਾ ਸਿਧਾਂਤ ਇਸ ਵੱਲ ਇਸ਼ਾਰਾ ਕਰਦਾ ਹੈ, ਜਿਸ ਅਨੁਸਾਰ ਕੁਦਰਤ ਨਾਲ ਸੰਘਰਸ਼ ਕਰਕੇ ਕੇਵਲ ਤਾਕਤਵਰ ਹੀ ਜ਼ਿੰਦਾ ਰਹਿ ਸਕਦਾ ਹੈ। ਮਾਰਕਸ ਵੀ ਜਦੋਂ ਸੰਘਰਸ਼ ਦੀ ਗੱਲ ਕਰਦਾ ਹੈ ਤਾਂ ਕਿਰਤੀ ਵਰਗ ਵਲੋਂ ਕੀਤਾ ਜਾ ਰਿਹਾ ਸੰਘਰਸ਼ ਸਹਿਯੋਗਤਾ ਉਪਰ ਹੀ ਆਧਾਰਿਤ ਹੁੰਦਾ ਹੈ। ਸਮਾਜ ਦੇ ਮੈਂਬਰਾਂ ਦੁਆਰਾ ਆਪਣੇ ਕਾਰਜਾਂ ਨੂੰ ਵਿਵਸਥਿਤ ਢੰਗ ਨਾਲ ਕਰਨ ਦੀ ਸ਼ੁਰੂਆਤ ਕੇਵਲ ਪਰਿਵਾਰ ਤੋਂ ਹੀ ਹੁੰਦੀ ਹੈ। ਇੱਥੋਂ ਹੀ ਮਨੁੱਖ ਦਾ ਸਮਾਜੀਕਰਨ ਸ਼ੁਰੂ ਹੁੰਦਾ ਹੈ ਜੋ ਸਕੂਲ, ਯੂਨੀਵਰਸਿਟੀ ਤੋਂ ਹੁੰਦਾ ਹੋਇਆ ਆਖ਼ਿਰ ਇਕ ਦਿਨ ਉਸ ਮੁਕਾਮ 'ਤੇ ਪਹੁੰਚਦਾ ਹੈ, ਜਿਥੇ ਉਹ ਸਮਾਜ ਦੇ ਨਿਰਮਾਣ ਵਿਚ ਅਹਿਮ ਯੋਗਦਾਨ ਪਾਉਣ ਦੇ ਯੋਗ ਹੋ ਜਾਂਦਾ ਹੈ।

ਸਧਾਰਣ ਸ਼ਬਦਾਂ ਵਿਚ ਲਿੰਗਕ-ਭੁੱਖ, ਸੰਤਾਨ ਉਤਪਤੀ ਅਤੇ ਆਰਥਿਕ ਲੋੜਾਂ ਦੀ ਪੂਰਤੀ ਹਿੱਤ ਪਰਿਵਾਰ ਦਾ ਜਨਮ ਹੋਇਆ ਮੰਨਿਆ ਜਾ ਸਕਦਾ ਹੈ। ਲੇਵਿਸ ਹੇਨਰੀ ਮਾਰਗਨ ਮਨੁੱਖੀ ਪਰਿਵਾਰ ਦੇ ਵਿਕਾਸ ਦੀਆਂ ਪੰਜ ਅਵਸਥਾਵਾਂ ਬਾਰੇ ਗੱਲ ਕਰਦਾ ਹੈ। ਪੁਨਾਲੁਆਨ ਭਾਵ ਸਮੂਹ ਪਰਿਵਾਰ ਜੰਗਲੀ ਯੁੱਗ ਦੀ ਮੱਧ ਅਵਸਥਾ ਸੀ। ਇਸ ਵੇਲੇ ਭਰਾਵਾਂ ਨੇ ਆਪਣੀਆਂ

ਸਕੀਆਂ ਅਤੇ ਰਿਸ਼ਤੇ ਦੀਆਂ ਭੈਣਾਂ ਨਾਲ ਵਿਆਹ ਕਰਨੇ ਬੰਦ ਕਰ ਦਿੱਤੇ ਪਰ ਬਾਕੀ ਉਨ੍ਹਾਂ ਦੀਆਂ ਸਾਂਝੀਆਂ ਪਤਨੀਆਂ ਰਹੀਆਂ। ਇਸੇ ਪ੍ਰਕਾਰ ਭੈਣਾਂ ਨੇ ਸਕੇ ਅਤੇ ਰਿਸ਼ਤੇ ਦੇ ਭਰਾਵਾਂ ਨਾਲ ਵਿਆਹ ਬੰਦ ਕੀਤੇ ਪਰ ਬਾਕੀ ਉਨ੍ਹਾਂ ਦੇ ਸਾਂਝੇ ਪਤੀ ਸਨ। ਯੁਗਲਨ ਪਰਿਵਾਰ ਇਹ ਪੱਥਰ ਯੁੱਗ ਦੀ ਨਿਮਨ ਅਵਸਥਾ ਸੀ। ਇਸ ਵਿਚ ਵੱਖ-ਵੱਖ ਜੋੜਿਆਂ ਵਿਚ ਵਿਆਹ ਦੀ ਪ੍ਰਥਾ ਸੀ ਪਰ ਲਿੰਗਕ ਸੰਬੰਧ ਦੂਸਰੀਆਂ ਔਰਤਾਂ ਨਾਲ ਵੀ ਸੀ। ਪਿਤਰ ਸੱਤਾਵਾਦੀ ਪਰਿਵਾਰ (Patriarchal) - ਇਸਦਾ ਆਧਾਰ ਅਨੇਕ ਇਸਤਰੀਆਂ ਨਾਲ ਇਕ ਪੁਰਖ ਦਾ ਵਿਆਹ ਸੀ। ਆਮ ਤੌਰ ’ਤੇ ਪਤਨੀਆਂ ਨੂੰ ਇਕ-ਦੂਸਰੀ ਤੋਂ ਵੱਖ ਰੱਖਿਆ ਜਾਂਦਾ ਸੀ।

ਸਭਿਆਚਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ Culture ਦਾ ਸਮਾਨਅਰਥੀ ਹੈ। ਇਹ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ Culture ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ, ਇਸਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ। ਪੰਜਾਬੀ ਵਿਚ ਇਸ ਨੂੰ 'ਸੰਸਕ੍ਰਿਤੀ' ਅਤੇ 'ਸਭਿਆਚਾਰ' ਦੋ ਸ਼ਬਦਾਂ ਨੂੰ, ਸਮਾਨ ਅਰਥ ਦਿੱਤੇ ਜਾਂਦੇ ਹਨ। ਓਮ ਪ੍ਰਕਾਸ਼ ਗਾਸੋ ਲਿਖਦੇ ਹਨ।

> ਸੰਸਕ੍ਰਿਤੀ ਸ਼ਬਦ ਜਿਸਨੂੰ ਪੰਜਾਬੀ ਧਾਰਨਾ ਅਨੁਸਾਰ ਸਭਿਆਚਾਰ ਦਾ ਪਰਿਆਇ ਹੀ ਸਮਝਿਆ ਜਾਂਦਾ ਹੈ, ਸੰਸਕਾਰ ਤੋਂ ਉਤਪੰਨ ਹੋਇਆ ਹੈ। ਸੰਸਕਾਰ ਦਾ ਅਰਥ ਕਿਸੇ ਵਸਤੂ ਦੇ ਮਲ ਭਾਵ ਦੋਸ਼ ਨੂੰ ਦੂਰ ਕਰਕੇ ਸ਼ੁੱਧ ਕਰਨਾ ਹੈ। ਪੁਰਾਣੇ ਅਭਿਆਸ ਅਤੇ ਆਦਤਾਂ ਨੂੰ ਵੀ ਸੰਸਕਾਰ ਕਹਿੰਦੇ ਹਨ। ਸਭਿਆਚਾਰ ਸੰਸਾਰਿਕ ਖੇਲ ਵਾਂਗ ਤੁਰਦਾ ਹੈ ਅਤੇ ਸੰਸਕ੍ਰਿਤੀ ਅੰਤਰ-ਵਿਰਤੀਆਂ ਦੀ ਸੋਧ ਦਾ ਸਾਧਨ ਬਣਦੀ ਹੈ। ਜਦਕਿ ਸਭਿਆਚਾਰ ਕ੍ਰਿਆਸ਼ੀਲ ਕਾਰਜ ਅਤੇ ਸਥੂਲ ਸੰਪੰਨਤਾ ਬਣ ਜਾਂਦਾ। (ਗਾਸੋ 99)

ਆਮ ਧਾਰਨਾ ਹੈ ਕਿ ਕਿਸੇ ਵੀ ਸਮਾਜ ਨੂੰ ਸਮਝਣ ਲਈ ਉਸਦੇ ਸਭਿਆਚਾਰ ਨੂੰ ਸਮਝਣਾ ਬੇਹੱਦ ਲਾਜ਼ਮੀ ਹੈ, ਕਿਉਂਕਿ ਸਮਾਜ ਦੀ ਹੋਂਦ ਨੂੰ ਸੰਸਕ੍ਰਿਤੀ ਭਾਵ ਸਭਿਆਚਾਰ ਤੋਂ ਬਿਨਾਂ ਕਿਆਸ ਹੀ ਨਹੀਂ ਕੀਤਾ ਜਾ ਸਕਦਾ ਸਭਿਆਚਾਰ-ਹੀਣ ਮਨੁੱਖ ਕੇਵਲ ਪਸ਼ੂ ਹੋ ਸਕਦਾ ਹੈ ਅਤੇ ਸਭਿਆਚਾਰ ਹੀ ਉਸਨੂੰ ਪਸ਼ੂ ਤੋਂ ਮਨੁੱਖ ਵੱਲ ਲੈ ਕੇ ਜਾਣ ਦਾ ਇਕੋ-ਇਕ ਜ਼ਰੀਆ ਹੈ। ਸਭਿਆਚਾਰ ਦੀ ਸਭ ਤੋਂ ਪਹਿਲਾਂ ਵਿਆਖਿਆ ਮਾਨਵ ਵਿਗਿਆਨੀ ਈ.ਬੀ. ਟਾਈਲਰ ਨੇ ਕੀਤੀ, ਉਸ ਅਨੁਸਾਰ, "ਸਭਿਆਚਾਰ ਅਜਿਹਾ ਜਟਿਲ ਸਮੁੱਚ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੀਤੀ, ਨਿਯਮ, ਕਾਨੂੰਨ, ਸੰਸਕਾਰ ਅਤੇ

ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਿਲ ਹਨ, ਜਿਨ੍ਹਾਂ ਨੂੰ ਉਸਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਪ੍ਰਾਪਤ ਕੀਤਾ ਹੈ।" (ਟਾਈਲਰ 1) ਇਸ ਪਰਿਭਾਸ਼ਾ ਵਿਚ ਸਭ ਤੋਂ ਪਹਿਲਾਂ ਜੋ ਅੰਸ਼ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਇਹ ਕਿ ਟਾਈਲਰ ਨੇ ਸਭਿਆਚਾਰ ਨੂੰ ਸਰਲ ਨਹੀਂ ਬਲਕਿ ਇਕ ਜਟਿਲਤਾ ਭਰਪੂਰ ਸਮੱਗਰ ਰੂਪ ਮੰਨਿਆ ਹੈ ਅਤੇ ਨਾਲ ਹੀ ਅਜਿਹੇ ਅਭੌਤਿਕ ਤੱਤਾਂ ਨੂੰ ਵੀ ਸ਼ਾਮਿਲ ਕੀਤਾ ਹੈ ਜੋ ਕਿਸੇ ਵੀ ਸਮਾਜ ਅੰਦਰ ਰਹਿੰਦੇ ਹੋਏ ਵਿਅਕਤੀਆਂ ਦੇ ਅੰਤਰ-ਕਾਰਜਾਂ ਤੋਂ ਉਤਪੰਨ ਹੁੰਦੇ ਹਨ। ਇਸਨੂੰ ਵਿਅਕਤੀ ਕੇਵਲ ਅਤੇ ਕੇਵਲ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਹੀ ਹਾਸਿਲ ਕਰ ਸਕਦਾ ਹੈ। ਸਭਿਆਚਾਰ ਉਹ ਯੰਤਰ ਹੈ ਜਿਸ ਰਾਹੀਂ ਮਨੁੱਖ ਆਪਣੀਆਂ ਸਰੀਰਿਕ ਲੋੜਾਂ ਦੀ ਪੂਰਤੀ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ ਉਹ ਮੁਢਲੀਆਂ ਲੋੜਾਂ ਹਨ ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਹੋਣ ਤੋਂ ਬਾਅਦ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ। ਇਹ ਲੋੜਾਂ ਸਰਵਵਿਆਪਕ ਹਨ, ਜਿਸ ਕਾਰਨ ਸਭਿਆਚਾਰ ਵੀ ਸਰਵਵਿਆਪਕ ਹੈ। ਇਨ੍ਹਾਂ ਲੋੜਾਂ ਦੀ ਪੂਰਤੀ ਦੌਰਾਨ ਹੀ ਸੰਸਥਾਵਾਂ ਦਾ ਜਨਮ ਹੁੰਦਾ ਹੈ। ਜਿਨ੍ਹਾਂ ਰਾਹੀਂ ਮਨੁੱਖੀ ਵਿਵਹਾਰ ਦੇ ਆਦਰਸ਼ਕ ਮਾਪਦੰਡਾਂ ਦਾ ਨਿਰਧਾਰਨ ਹੁੰਦਾ ਹੈ। ਉਪਰੋਕਤ ਪਰਿਭਾਸ਼ਾ ਵਿਚ ਲੇਖਕ ਨੇ ਸਭਿਆਚਾਰ ਨੂੰ ਬਾਕੀ ਜੀਵਾਂ ਵਾਂਗ ਮਨੁੱਖੀ ਮੁੱਢਲੀਆਂ ਲੋੜਾਂ ਨਾਲ ਜੋੜਿਆ ਹੈ ਜੋ ਪੂਰੇ ਮਨੁੱਖੀ ਸਮਾਜ ਅੰਦਰ ਬਿਰਾਜਮਾਨ ਹਨ। ਉਸਨੇ ਸੰਸਥਾਵਾਂ ਦਾ ਆਧਾਰ ਵੀ ਇਨ੍ਹਾਂ ਲੋੜਾਂ ਦੀ ਪੂਰਤੀ ਕਰਨ ਹਿੱਤ ਹੀ ਮੰਨਿਆ ਹੈ, ਜਦਕਿ ਮਨੁੱਖ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਤੋਂ ਇਲਾਵਾ ਸੰਸਥਾਵਾਂ ਹੋਰ ਵੀ ਅਨੇਕਾਂ ਪ੍ਰਕਾਰ ਦੇ ਕਾਰਜ ਕਰਕੇ ਸਭਿਆਚਾਰ ਨੂੰ ਪ੍ਰਫੁੱਲਤ ਕਰਦੀਆਂ ਹਨ। ਪਰ ਕਿਤੇ ਉਸਨੇ ਮਨੁੱਖ ਦੀਆਂ ਲੋੜਾਂ ਤੋਂ ਉਪਰੰਤ ਵਿਸ਼ੇਸ਼ ਸਿਰਜਨਾਵਾਂ ਨੂੰ ਅੱਖੋਂ ਉਹਲੇ ਕਰਕੇ ਕੁੱਝ ਅਧੂਰਾ ਛੱਡ ਦਿੱਤਾ ਗਿਆ ਜਾਪਦਾ ਹੈ। ਰਿਸ਼ਤਾ ਨਾਤਾ ਪ੍ਰਬੰਧ ਅਧੀਨ ਵਿਆਹ ਇਹ ਅਜਿਹਾ ਤੱਤ ਬਣਕੇ ਉਭਰਦਾ ਹੈ। ਜਿਸ ਵਿਚ ਦੋ ਵਿਰੋਧੀ ਲਿੰਗਾਂ ਵਿਚਕਾਰ ਸਰੀਰਕ ਸੰਬੰਧ ਕਾਇਮ ਹੁੰਦੇ ਹਨ। ਆਦਿ ਕਾਲ ਤੋਂ ਹੀ ਇਸ ਦਾ ਸਰੂਪ ਬਦਲਦਾ ਆ ਰਿਹਾ ਹੈ । ਜੰਗਲਾਂ, ਗੁਫ਼ਾਵਾਂ ਵਿਚ ਰਹਿੰਦਾ ਮਨੁੱਖ ਸਰੀਰਕ ਲੋੜ ਭਾਵ ਲਿੰਗ ਸੰਤੁਸ਼ਟੀ ਲਈ ਕਿਸੇ ਨਾਲ ਵੀ ਸੰਬੰਧ ਬਣਾਉਣ ਲਈ ਆਜ਼ਾਦ ਸੀ ਪਰ ਇਸ ਵਿਰਤੀ ਕਾਰਨ ਮਨੁੱਖ ਅਤੇ ਬਾਕੀ ਜੀਵਾਂ ਵਿਚ ਕੋਈ ਨਿਖੇੜ ਨਜ਼ਰ ਨਹੀਂ ਆਉਂਦਾ ਸੀ। ਉਨ੍ਹਾਂ ਦੇ ਸੰਬੰਧਾਂ ਤੋਂ ਪੈਦਾ ਹੋਏ ਬੱਚੇ ਆਪਣੇ ਬਾਪ ਬਾਰੇ ਅਣਜਾਣ ਸਨ। ਇਸ ਲਈ ਮਰਦ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਦਿਲਵਾਉਣ ਹਿੱਤ ਅਤੇ ਬੱਚਿਆਂ ਨੂੰ ਬਾਪ ਦਾ ਪਿਆਰ ਦੇਣ ਹਿੱਤ ਇਹ ਸੰਸਥਾ ਹੋਂਦ ਵਿਚ ਆਈ। ਇਸ ਵਿਚ ਸਮਾਜਿਕ ਨਿਯਮਾਂ ਅਧੀਨ ਆਦਰਸ਼ ਜੀਵਨ ਦਾ ਸੰਚਾਲਨ ਕਰਨ ਲਈ ਲੜਕੇ-ਲੜਕੀਆਂ ਦੇ ਵਿਆਹ ਕੀਤੇ ਜਾਣ ਲੱਗੇ। ਇਸ ਨੂੰ ਦੋ ਵਿਰੋਧੀ ਲਿੰਗਾਂ ਵਿਚਕਾਰ ਅਜਿਹਾ ਇਕਰਾਰ ਕਿਹਾ ਹੈ ਜੋ ਆਪਣੇ ਪਰਿਵਾਰ ਦਾ ਨਿਰਮਾਣ ਕਰ ਸਕੇ। ਵਿਆਹ

ਪ੍ਰਬੰਧ ਵਿਚ ਅੰਤਰ-ਜਾਤੀ ਵਿਆਹ, ਬਾਹਰੀ-ਵਿਆਹ ਅਤੇ ਪ੍ਰੇਮ-ਵਿਆਹ ਆਦਿ ਕਿਸਮਾਂ ਵੇਖਣ ਵਿਚ ਆਉਂਦੀਆਂ ਹਨ। ਜਸਵਿੰਦਰ ਸਿੰਘ ਅਨੁਸਾਰ :-

> ਵੱਖ-ਵੱਖ ਤਰ੍ਹਾਂ ਦੀਆਂ ਵਿਆਹ ਪ੍ਰਣਾਲੀਆਂ ਵਿਚ ਰਿਸ਼ਤਾ-ਨਾਤਾ ਪ੍ਰਬੰਧ ਦੇ ਅਨੇਕ ਰਿਸ਼ਤਿਆਂ ਵਿਚ ਨਵੀਨ ਭਾਂਤ ਦੀ ਬਹੁ-ਪੱਖਤਾ ਪ੍ਰਤੱਖ ਹੈ। ਸਾਡੇ ਸਮਾਜ ਵਿਚ ਪ੍ਰਚਲਿਤ ਵੱਟਾ ਵਿਆਹ ਦੀ ਪ੍ਰਥਾ ਨਾਲ ਇਕੋ ਸਮੇਂ ਮਾਮੀ, ਫੁੱਫੜ, ਮਾਸੀ/ਭੂਆ ਆਦਿਕ ਰਿਸ਼ਤੇ ਇਕੋ ਵਿਅਕਤੀ ਵਿਚ ਹੀ ਪਛਾਣੇ ਜਾਂਦੇ ਹਨ। ਇਵੇਂ ਹੀ ਦੋ ਸਕੇ ਭਰਾਵਾਂ ਦਾ ਦੋ ਸਕੀਆਂ ਭੈਣਾਂ ਨੂੰ ਪਤਨੀਆਂ ਬਣਾਉਣਾ ਇਕੋ ਹੀ ਸਮੇਂ ਚਾਚੀ/ ਤਾਈ/ਮਾਸੀ, ਚਾਚਾ, ਤਾਇਆ/ਮਾਸੜ, ਦਰਾਣੀ-ਜਠਾਣੀ/ਭੈਣ ਆਦਿ ਰਿਸ਼ਤੇ ਸਿਰਜਦਾ ਹੈ। (ਜਸਵਿੰਦਰ 40)

ਸਿਸਟਮ ਭਾਵ ਪ੍ਰਬੰਧ ਦਾ ਮਤਲਬ ਇੱਕ ਅਜਿਹੇ ਸਮੂਹ ਤੋਂ ਹੁੰਦਾ ਹੈ, ਜਿਹੜਾ ਭਾਗਾਂ ਤੋਂ ਮਿਲ ਕੇ ਬਣਿਆ ਹੁੰਦਾ ਹੈ। ਇਹਨਾਂ ਭਾਗਾਂ ਦੀ ਆਪਸ ਵਿਚ ਅੰਤਰ ਕਿਰਿਆ ਵੀ ਚਲਦੀ ਹੈ। ਇਹ ਅੰਤਰ-ਸੰਬੰਧ ਵੀ ਰਖਦੇ ਹਨ, ਭਾਵ ਇਹ ਇੱਕ ਦੂਜੇ ਦੀ ਕਿਰਿਆ ਉਤੇ ਅਸਰ ਵੀ ਪਾਉਂਦੇ ਹਨ, ਇੱਕ ਦੂਜੇ ਦੀ ਕਿਰਿਆ ਨੂੰ ਨਿਰਧਾਰਿਤ ਵੀ ਕਰਦੇ ਹਨ। ਪਰ ਜਦੋਂ ਸਿਸਟਮ ਦੇ ਭਾਗ ਇੱਕ ਦੂਜੇ ਦੀ ਹੋਂਦ ਨੂੰ ਨਿਰਧਾਰਿਤ ਕਰਦੇ ਹਨ ਤਾਂ ਉਸ ਨੂੰ ਇੱਕ ਜੁੱਟ ਸਿਸਟਮ ਕਿਹਾ ਜਾਂਦਾ ਹੈ। ਸਭਿਆਚਾਰ ਅਜਿਹਾ ਹੀ ਇੱਕ ਜੁੱਟ ਸਿਸਟਮ ਹੈ। ਸਭਿਆਚਾਰ ਵਿਚ ਕੋਈ ਇੱਕ ਵਿਸ਼ੇਸ਼ ਕਿਰਿਆਸ਼ੀਲ ਨਹੀਂ ਹੁੰਦਾ ਸਗੋਂ ਕਈ ਪ੍ਰਬੰਧ ਕਿਰਿਆਸ਼ੀਲ ਹੁੰਦੇ ਹਨ। ਅੱਗੋਂ ਇਹ ਪ੍ਰਬੰਧ ਛੋਟੇ ਪ੍ਰਬੰਧਾਂ ਵਿਚ ਵੰਡੇ ਹੋਏ ਹੁੰਦੇ ਹਨ। ਜਿਸ ਤਰ੍ਹਾਂ ਲੋਕਧਾਰਾ ਸਭਿਆਚਾਰ ਦਾ ਇੱਕ ਪ੍ਰਬੰਧ ਹੈ, ਸਮਾਜ ਪ੍ਰਬੰਧ ਦੂਸਰਾ ਰਾਜਨੀਤਕ ਪ੍ਰਬੰਧ, ਦਰਸ਼ਨ, ਧਰਮ ਆਦਿ ਵਿਭਿੰਨ ਪ੍ਰਬੰਧ ਜੁੜਕੇ, ਇਸ ਸੰਗਠਨ ਦੀ ਉਸਾਰੀ ਕਰਦੇ ਹਨ। ਸਭਿਆਚਾਰ ਵਿਆਪਕ ਇਸ ਕਰਕੇ ਹੈ ਕਿ ਇਹ ਮਨੁੱਖੀ ਹੋਂਦ ਦੀ ਪ੍ਰਲੱਭਤ ਹੈ। ਜਿਥੇ ਕਿਤੇ ਮਨੁੱਖੀ ਹੋਂਦ ਹੈ ਉਥੇ ਸਭਿਆਚਾਰ ਵੀ ਮੌਜੂਦ ਹੈ। ਸਭਿਆਚਾਰ ਦੀ ਵਿਆਪਕਤਾ ਦਾ ਹੋਰ ਪੱਖ ਵੀ ਹੈ। ਜਦੋਂ ਵਿਸ਼ਵ ਦੇ ਸਭਿਆਚਾਰ ਵਸਤੂ-ਮੂਲਕ ਦ੍ਰਿਸ਼ਟੀ ਤੋਂ ਪਰਖੇ ਜਾਂਦੇ ਹਨ ਤਾਂ ਉਹਨਾਂ ਵਿਚ ਕਈ ਪੱਖਾਂ ਤੋਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਸਭਿਆਚਾਰ ਵਿਚ ਧਰਮ, ਦਰਸ਼ਨ, ਸਿਲਪ, ਕਲਾ ਅਤੇ ਹੋਰ ਸੁਹਜ ਸਮੱਗਰੀ ਉਪਲਬਧ ਹੁੰਦੀ ਹੈ। ਇਹ ਸਭਿਆਚਾਰ ਦੀ ਵਿਆਪਕਤਾ ਹੈ। ਸਭਿਆਚਾਰ ਦੀ ਵਿਸ਼ੇਸਤਾ ਦਾ ਰਾਜ ਇਸ ਗੱਲ ਵਿਚ ਹੈ ਕਿ ਦੁਨੀਆ ਉਪਰ ਅਜਿਹੀ ਕੋਈ ਕੌਮ, ਵਰਗ, ਸਮਾਜ, ਭਾਈਚਾਰਾ ਨਹੀਂ ਜਿਸਦਾ ਆਪਣਾ ਸਭਿਆਚਾਰ ਨਹੀਂ ਹੈ, ਸਭਿਆਚਾਰ ਹਰ ਥਾਂ ਮੌਜੂਦ ਹੈ ਅਤੇ ਹਰ ਕੌਮ, ਵਰਗ

ਸਮਾਜ ਦਾ ਆਪਣਾ ਨਿਵੇਕਲਾ ਸਭਿਆਚਾਰ ਹੁੰਦਾ ਹੈ, ਜਿਹੜਾ ਦੂਸਰੇ ਸਭਿਆਚਾਰ ਨਾਲੋਂ ਨਿਵੇਕਲਾ ਹੁੰਦਾ ਹੋਇਆ ਆਪਣੀ ਹੋਂਦ ਨੂੰ ਨਿਰਧਾਰਿਤ ਕਰਦਾ ਹੈ। ਹਰ ਸਭਿਆਚਾਰ ਆਪਣੇ ਲੋਕਾਂ ਦੇ ਵਿਸ਼ੇਸ਼ ਇਤਿਹਾਸਕ ਤਜ਼ਰਬੇ ਦੀ ਸਿਰਜਣਾ ਹੁੰਦਾ ਹੈ। ਇਸ ਲਈ ਕੋਈ ਸਭਿਆਚਾਰ ਉਨ੍ਹੀ ਦੇਰ ਨਹੀਂ ਸਮਝਿਆ ਜਾ ਸਕਦਾ ਜਿੰਨ੍ਹੀ ਦੇਰ ਉਹਨਾਂ ਸਿਰਜਣਹਾਰੇ ਲੋਕਾਂ ਦੇ ਵਿਸ਼ੇਸ਼ ਇਤਿਹਾਸਕ ਤਜ਼ਰਬੇ ਤੋਂ ਜਾਣੂ ਨਾ ਹੋਇਆ ਜਾਵੇ। ਜਦੋਂ ਅਸੀਂ ਸਭਿਆਚਾਰ ਨੂੰ ਮਨੁੱਖੀ ਵਿਵਹਾਰ ਦਾ ਭਾਗ ਕਹਿੰਦੇ ਹਾਂ ਤਾਂ ਸਭਿਆਚਾਰ ਦੇ ਲਈ ਲੱਛਣਾਂ ਵੱਲ ਸੰਕੇਤ ਕਰ ਰਹੇ ਹੁੰਦੇ ਹਾਂ। ਸਿੱਖਿਅਤ ਤੋਂ ਭਾਵ ਹੈ, ਜਿਹੜਾ ਅਭਿਆਸ ਸਦਕਾ ਸਿੱਖਿਆ ਜਾਵੇ, ਸਭਿਆਚਾਰ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਇਸ ਮਾਧਿਅਮ ਦੁਆਰਾ ਸੰਚਾਲਤ ਹੁੰਦਾ ਹੈ। ਇਹ ਲੱਛਣ ਸਿੱਧੇ ਹੀ ਸਭਿਆਚਾਰ ਦੇ ਪਰੰਪਰਾਗਤ ਹੋਣ ਬਾਰੇ ਸੰਕੇਤ ਕਰਦਾ ਹੈ। ਸਿੱਖਿਅਤ ਇਸ ਲੱਛਣ ਵਲ ਵੀ ਸੰਕੇਤ ਕਰਦਾ ਹੈ ਕਿ ਮਨੁੱਖ ਆਪਣੀਆਂ ਪ੍ਰਵਿਰਤੀਆਂ ਨੂੰ ਇਸ ਸਿੱਖਿਆ ਦੇ ਅਨੁਸਾਰ ਢਾਲਦਾ ਹੈ। ਸਭਿਆਚਾਰ ਨੂੰ ਵਿਅਕਤੀ ਆਪਣੇ ਪਰਿਵਾਰ, ਭਾਈਚਾਰੇ, ਸਮਾਜ ਵਿਚ ਵਿਚਰਦਾ ਹੋਇਆ ਗ੍ਰਹਿਣ ਕਰਦਾ ਹੈ। ਸਭਿਆਚਾਰ ਵਿਕਾਸਸ਼ੀਲ ਸੁਭਾਅ ਕਰਕੇ ਹੀ ਇਸ ਵਿਚ ਨਿਰੰਤਰ ਤਬਦੀਲੀ ਆਉਂਦੀ ਰਹਿੰਦੀ ਹੈ। ਸਭਿਆਚਾਰਕ ਵਿਕਾਸ ਪਦਾਰਥਕ, ਸਮਾਜਿਕ ਅਤੇ ਇਤਿਹਾਸਕ ਹਾਲਤਾਂ ਅਨੁਸਾਰ ਸਮਾਜਿਕ ਵਹਿਣ ਦੇ ਨਿਯਮਾਂ ਅਨੁਸਾਰ ਹੁੰਦਾ ਹੈ। ਵਿਕਾਸ ਦੀ ਨਿਰੰਤਰ ਪ੍ਰਕਿਰਿਆ ਹੋਣ ਕਰਕੇ ਜੀਵਿਤ ਸਭਿਆਚਾਰ ਇੱਕ ਲਹਿਰ ਹੈ ਜੋ ਕਿ ਭੂਤ ਨੂੰ ਭਵਿੱਖ ਨਾਲ ਜੋੜਦੀ ਹੈ। ਕੁਝ ਬਾਹਰਲੇ ਲੋਕਾਂ ਦਾ ਕਿਸੇ ਸਭਿਆਚਾਰ ਵਿਚ ਪਰਿਵੇਸ਼ ਕਰਨਾ ਸਭਿਆਚਾਰਕ ਤਬਦੀਲੀ ਦਾ ਕਾਰਨ ਬਣਦਾ ਹੈ। ਸਭਿਆਚਾਰਕ ਪਰਿਵਰਤਨ ਦੀਆਂ ਵੱਖ-ਵੱਖ ਦਿਸ਼ਾਵਾਂ ਨਾਲ ਸੰਬੰਧਿਤ ਸਭਿਆਚਾਰਕ-ਖਿਲਾਰ, ਸਭਿਆਚਾਰਕ-ਪਛੜੇਵਾਂ ਅਤੇ ਸਭਿਆਚਾਰੀਕਰਣ ਦੇ ਸੰਕਲਪ ਆ ਜਾਂਦੇ ਹਨ। ਸੋ ਸਭਿਆਚਾਰਕ ਪਰਿਵਰਤਨ ਦੇ ਅਮਲ ਵਿਚ ਮਨੁੱਖੀ ਪਹੁੰਚ ਕਿਰਿਆਸ਼ੀਲ ਹੁੰਦੀ ਹੈ। ਹਰ ਸਭਿਆਚਾਰ ਹਰ ਮਨੁੱਖ ਲਈ ਉਸ ਤੋਂ ਪਿਛਲੇ ਮਨੁੱਖ ਅਰਥਾਤ ਉਸਦੇ ਵੱਡੇ-ਵਡੇਰਿਆਂ ਦੀਆਂ ਕੋਸ਼ਿਸ਼ਾਂ ਅਤੇ ਕਾਮਯਾਬੀਆਂ ਦੀ ਸੰਭਾਲੀ ਯਾਦ ਦਿੰਦਾ ਹੈ। ਇਹ ਮਨੁੱਖੀ ਵਿਰਾਸਤ ਦੀ ਸੰਭਾਲ਼ ਕਰਦਾ ਹੈ, ਜੋ ਅੱਗੇ ਜਾ ਕੇ ਉਸ ਲਈ ਸਭਿਆਚਾਰ ਦੀ ਵਿਸ਼ੇਸ਼ ਪਹਿਚਾਣ ਬਣਦੀ ਹੈ। ਸਮਾਜ ਵਿਚ ਮੌਜੂਦ ਪ੍ਰਤੀਕਾਂ ਤੋਂ ਭਾਵ ਸਮਾਜ ਦਾ ਵਰਤਾਰਾ ਹੈ। ਪ੍ਰਤੀਕ ਉਸਨੂੰ ਕਹਿੰਦੇ ਹਨ ਜਦੋਂ ਕਿਸੇ ਘਟਨਾ, ਵਿਚਾਰ ਜਾਂ ਵਰਤਾਰੇ ਨੂੰ ਸੰਬੰਧਿਤ ਮਨੁੱਖੀ ਸਮਾਜ ਵਲੋਂ ਕੁਝ ਅਰਥ ਦਿੱਤੇ ਗਏ ਹੋਣ। ਪ੍ਰਤੀਕ ਮਨੁੱਖ ਦੇ ਕਿਸੇ ਨਿਸ਼ਚਿਤ ਸਮਾਜਿਕ ਸੰਸਥਾ ਵਿਚ ਹੀ ਅਰਥ ਗ੍ਰਹਿਣ ਕਰਦਾ ਹੈ। ਪ੍ਰਤੀਕਾਤਮਕ ਵਿਵਹਾਰ ਕੇਵਲ ਮਨੁੱਖ ਹੀ ਕਰਦਾ ਹੈ, ਕਿਉਂਕਿ ਸਭਿਆਚਾਰ ਉਸਨੂੰ ਅਜਿਹਾ ਸਿਖਾਉਂਦਾ ਹੈ। ਸਭਿਆਚਾਰ ਦਾ ਸਭ ਤੋਂ ਮਹੱਤਵਪੂਰਨ ਪ੍ਰਤੀਕਾਤਮਕ ਪੱਖ ਭਾਸ਼ਾ ਹੈ। ਪ੍ਰਤੀਕਾਂ ਬਿਨ੍ਹਾਂ

ਸਭਿਆਚਾਰਕ ਸੰਸਥਾਵਾਂ ਦਾ ਉਭਰਨਾ ਅਸੰਭਵ ਸੀ ਜਿਵੇਂ ਕਿ ਧਰਮ, ਕਲਾ, ਰਾਜਨੀਤਿਕ-ਸੰਸਥਾਵਾਂ ਆਦਿ। ਸਪੀਅਰ ਦਾ ਵਿਚਾਰ ਵੀ ਇਸ ਤਰ੍ਹਾਂ ਦਾ ਹੀ ਹੈ ਕਿ ਭਾਸ਼ਾ ਦੇ ਮਾਧਿਅਮ ਨਾਲ ਹੀ ਮਨੁੱਖ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸਭਿਆਚਾਰ ਨੂੰ ਪਹੁੰਚਾਉਂਦਾ ਹੈ। ਸਭਿਆਚਾਰ ਆਪਣੀ ਹਰ ਕਿਰਤ ਸੰਭਾਲ਼ ਕੇ ਰੱਖਦਾ ਹੈ, ਪਦਾਰਥਕ ਸਭਿਆਚਾਰ ਲਈ ਇਹ ਵਧੇਰੇ ਢੁੱਕਦਾ ਹੈ, ਕਿਉਂਕਿ ਪਦਾਰਥਕ ਖੇਤਰ ਵਿਚਲੀ ਹਰ ਨਵੀਂ ਕਾਢ ਆਪਣੀਆਂ ਪਿਛਲੀਆਂ ਪ੍ਰਾਪਤੀਆਂ ਨੂੰ ਨਾਲ ਲੈ ਕੇ ਚਲਦੀ ਹੈ। ਪਰ ਗੈਰ ਪਦਾਰਥਕ ਖੇਤਰ ਵਿਚ ਵਿਕਾਸ ਕਰਦੇ ਸਮੇਂ ਕਈ ਨਵੇਂ ਅੰਸ਼ਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੀ ਥਾਂ ਲੈਂਦੇ ਹਨ। ਮਹਿੰਜੋਦੜੋ ਦੇ ਸਮੇਂ ਦੀਆਂ ਪਦਾਰਥਕ ਲੱਭਤਾਂ ਉਦੋਂ ਦੇ ਲੋਕਾਂ ਅਤੇ ਪਦਾਰਥਕ ਸਭਿਆਚਾਰਕ ਪੱਧਰ ਦੀਆਂ ਤਾਂ ਸੂਚਕ ਹਨ ਪਰ ਉਹਨਾਂ ਦੇ ਸਮਾਜਿਕ ਸੰਗਠਤ ਵਿਸ਼ਵਾਸਾਂ ਸ਼ਿਸਟਾਚਾਰ ਆਦਿ ਬਾਰੇ ਇਨ੍ਹਾਂ ਤੋਂ ਕੇਵਲ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ, ਸਭਿਆਚਾਰ ਦੇ ਸੰਚਿਤ ਹੋਣ ਦੀ ਪ੍ਰਕਿਰਤੀ ਨੂੰ ਪ੍ਰਗਟ ਕਰਦਾ ਇੱਕ ਤੱਥ ਇਹ ਵੀ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ, ਮਨੁੱਖ ਦੇ ਸਭਿਆਚਾਰਕ ਵਿਕਾਸ ਦੀ ਗਤੀ ਤੇਜ਼ ਹੁੰਦੀ ਜਾਂਦੀ ਹੈ। ਸਭਿਆਚਾਰ ਦੀ ਇੱਕ ਵਿਲੱਖਣਤਾ ਮਨੁੱਖੀ ਲੋੜਾਂ ਪੂਰੀਆਂ ਕਰਨ ਹਿੱਤ ਦੀ ਹੈ। ਹਰੇਕ ਮਨੁੱਖੀ ਸਿਰਜਣਾ ਦਾ ਕੋਈ ਮਨੋਰਥ ਹੁੰਦਾ ਹੈ ਜੋ ਉਸ ਦੀ ਕਿਸੇ ਨਾ ਕਿਸੇ ਲੋੜ ਨੂੰ ਪੂਰਾ ਕਰਨ ਲਈ ਸਿਰਜੀ ਜਾਂਦੀ ਹੈ। ਮੈਲਿਨੋਵਸਕੀ ਨੇ ਸਭਿਆਚਾਰ ਨੂੰ ਮਨੁੱਖ ਦੀ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਸੰਤੁਸ਼ਟੀ ਕਰਨ ਦੀ ਮੁੱਢਲੀ ਸ਼ਰਤ ਵਜੋਂ ਦਰਸਾਇਆ ਹੈ। ਹਰ ਸਭਿਆਚਾਰਕ ਸਿਰਜਣਾ ਕਿਸੇ ਪੱਧਰ ’ਤੇ ਮਾਨਵੀ ਲੋੜਾਂ ਦੀ ਉਪਜ ਹੈ। ਪਰ ਮਨੁੱਖ ਦੀ ਦੂਜੇ ਜੀਵਨ ਨਾਲੋਂ ਵਿਲੱਖਣਤਾ ਇਹ ਹੈ ਕਿ ਇਹ ਕੇਵਲ ਆਪਣੀਆਂ ਲੋੜਾਂ ਲਈ ਹੀ ਸਿਰਜਣਾ ਨਹੀਂ ਕਰਦਾ ਸਗੋਂ ਆਪਣੀਆਂ ਵਿਸ਼ਾਲ ਮਨੁੱਖੀ ਸੰਭਾਵਨਾਵਾਂ ਦਾ ਪ੍ਰਯੋਗ ਕਰਦਾ ਹੋਇਆ ਨਵੀਆਂ ਸਿਰਜਣਾਵਾਂ ਵੀ ਕਰਦਾ ਹੈ।

ਧਰਮ ਭਾਰਤ ਦੀ ਪ੍ਰਾਚੀਨਤਮ ਭਾਸ਼ਾ ਸੰਸਕ੍ਰਿਤ ਦਾ ਸ਼ਬਦ ਹੈ ਜੋ ਮਨੁੱਖ ਲਈ ਧਾਰਨ ਕਰਨਯੋਗ ਭਾਵ ਕੁਦਰਤ ਦੁਆਰਾ ਨਿਰਧਾਰਤ ਕਰਮਾਂ ’ਤੇ ਆਧਾਰਤ ਨਤੀਜਿਆਂ ਦੀ ਅਜਿਹੀ ਵਿਵਸਥਾ ਹੈ ਜਿਸ ਤੋਂ ਕੋਈ ਵੀ ਮਨੁੱਖ ਬਾਹਰ ਨਹੀਂ ਜਾ ਸਕਦਾ। ਧਰਮ ਦਾ ਇੱਕ ਸਭਿਆਚਾਰਕ ਰੂਪ ਵੀ ਹੈ ਜੋ ਸੰਸਥਾਗਤ ਤੌਰ ’ਤੇ ਹੋਰ ਬਾਕੀ ਸੰਸਥਾਵਾਂ ਵਾਂਗ ਜੀਵਨ ਦੇ ਵਿਸ਼ੇਸ਼ ਖੇਤਰ ਵਿਚ ਕਿਰਿਆਸ਼ੀਲ ਹੈ। ਇਹ ਖੇਤਰ ਅਨਿਸ਼ਚਿਤ, ਅਣਜਾਤੇ ਅਤੇ ਪਰਾਲੌਕਿਕ ਸੰਸਾਰ ਦਾ ਖੇਤਰ ਵੀ ਹੈ। ਇਸਦਾ ਸੰਸਥਾਗਤ ਰੂਪ ਆਪਣੇ ਪ੍ਰਚਾਰ ਲਈ ਦੂਸਰੀਆਂ ਹੋਰ ਸਭਿਆਚਾਰਕ ਕਲਾਵਾਂ ਜਾਂ ਵਸਤਾਂ ਦਾ ਸਹਾਰਾ ਲੈਂਦਾ ਹੈ, ਜਿਵੇਂ ਚਿੱਤਰਕਾਰੀ, ਸੰਗੀਤ, ਕਵਿਤਾ, ਭਵਨ ਨਿਰਮਾਣ ਅਤੇ ਨ੍ਰਿਤ ਆਦਿ।

ਆਮ ਕਰਕੇ 'ਧਰਮ` ਸ਼ਬਦ ਲਈ ਅੰਗਰੇਜ਼ੀ ਦਾ ਸ਼ਬਦ Religion ਵਰਤ ਲਿਆ ਜਾਂਦਾ ਹੈ। ਪਰ ਵੱਖ-ਵੱਖ ਧਾਰਮਿਕ ਵਿਦਵਾਨ ਅਤੇ ਇਤਿਹਾਸਕਾਰ ਇਹ ਮੰਨਦੇ ਹਨ ਕਿ 'ਧਰਮ' ਸ਼ਬਦ ਦੇ ਅਰਥ ਉਹ ਨਹੀਂ ਜੋ Religion ਦੇ ਹਨ। ਜੇ ਸਭ ਤੋਂ ਪਹਿਲਾਂ ਅੰਗਰੇਜ਼ੀ ਦੇ ਸ਼ਬਦ Religion ਦੀ ਗੱਲ ਕੀਤੀ ਜਾਵੇ ਤਾਂ ਮੈਕਸ ਮੂਲਰ Religion ਸ਼ਬਦ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਹੋਇਆ ਕਹਿੰਦਾ ਹੈ ਕਿ

> ਰੋਮਨ ਲੋਕ ਆਪ ਵੀ ਸ਼ਬਦ 'religio' ਦੇ ਅਸਲ ਮੌਲਿਕ ਅਰਥਾਂ ਬਾਰੇ ਸੰਸੇ ਵਿਚ ਸਨ। ਸਾਰੇ ਜਾਣਦੇ ਹਨ ਕਿ ਸਿਸਰੋ ਨੇ ਇਸ ਦਾ ਮੂਲ re-leger ਮੰਨਿਆ ਹੈ ਜਿਸ ਦੇ ਅਰਥ ਹਨ, 'ਮੁੜ ਇਕੱਤਰ ਕਰਨਾ', 'ਚੁੱਕਣਾ', 'ਵਿਚਾਰਨਾ', 'ਸੋਚਣਾ'। ਮੇਰਾ ਆਪਣਾ ਵਿਚਾਰ ਹੈ ਕਿ ਸਿਸਰੋ ਠੀਕ ਹੈ ਪਰ ਜੇ religioਅਰਥ 'ਧਿਆਨ', ਸਤਿਕਾਰ, ਪਾਵਨ ਭਾਵਨਾ ਸੀ ਤਾਂ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਹ ਮੂਲ ਅਰਥ ਬਹੁਤ ਸਮਾਂ ਇਸ ਨਾਲ ਸੰਬੰਧਿਤ ਨਾ ਰਹਿ ਸਕਿਆ। (ਮੈਕਸਮੂਲਰ 8)

ਧਰਮ ਸ਼ਬਦ ਦੇ ਅਸਲੀ ਅਰਥ ਹਨ ਕੁਦਰਤ ਦਾ ਧਾਰਨ ਕਰਨਯੋਗ ਨਿਯਮ, ਇਹ ਧਰਮ ਉਹ ਨਿਯਮ ਹੈ, ਜਿਹੜਾ ਸਮੁੱਚੀ ਕਾਇਨਾਤ ਵਿਚ ਸੁੱਤੇ ਸਿੱਧ ਵਰਤ ਰਿਹਾ ਹੈ। ਮਹਾਂਭਾਰਤ ਅਨੁਸਾਰ ਸੰਸਾਰ ਧਰਮ ਦੇ ਆਸਰੇ ਹੀ ਖੜਾ ਹੈ ਅਤੇ ਵੇਦਾਂ ਵਿਚ ਧਰਮ ਨੂੰ ਵੱਖ-ਵੱਖ ਰਹੁ ਰੀਤਾਂ ਨਾਲ ਵੀ ਜੋੜਿਆ ਗਿਆ ਹੈ। ਮਹਾਂਭਾਰਤ, ਗੀਤਾ, ਧਰਮ ਸ਼ਾਸਤਰ ਅਤੇ ਪੁਰਾਣਾਂ ਵਿਚ ਧਰਮ ਦੇ ਅਰਥ ਕਾਨੂੰਨ, ਕਰਤੱਵ, ਸੱਚਾਈ, ਚੰਗੇ ਗੁਣ, ਫਰਜ਼, ਵਿਸ਼ੇਸ਼ ਅਧਿਕਾਰ ਅਤੇ ਰਹੁ-ਰੀਤੀ ਆਦਿ ਵਜੋਂ ਵੀ ਸਾਹਮਣੇ ਆਏ ਹਨ, ਹਿੰਦੁਸਤਾਨ ਵਿਚ ਧਰਮ ਦੇ ਅਰਥਾਂ ਵਿਚ ਰਹੁ-ਰੀਤਾਂ, ਵਿਸ਼ਵਾਸ, ਆਦਰਸ਼, ਦੇਵੀ ਦੇਵਤਿਆਂ ਬਾਰੇ ਕਲਪਿਤ ਕਹਾਣੀਆਂ, ਵੱਖ-ਵੱਖ ਜਾਤਾਂ ਅਤੇ ਸਮਾਜਕ ਸ੍ਰੇਣੀਆਂ ਦੇ ਫਰਜ, ਕਾਨੂੰਨ ਆਦਿ ਸਭ ਕੁਝ ਸਮਾਅ ਜਾਂਦੇ ਹਨ। ਪਰ ਅੱਜ ਧਰਮ ਅਤੇ ਰਿਲੀਜਨ ਸ਼ਬਦ ਨੂੰ 'ਧਾਰਮਿਕ ਮੱਤ ਦੇ ਤੌਰ ਤੋਂ ਹੀ ਵਰਤ ਲਿਆ ਜਾਂਦਾ ਹੈ, ਜੋ ਧਰਮ ਸ਼ਬਦ ਦੇ ਅਰਥਾਂ ਨਾਲ ਇਨਸਾਫ਼ ਨਹੀਂ ਹੈ। ਦਰਅਸਲ ਮੱਤ, ਧਰਮ ਅਤੇ ਮਜ਼ਹਬ ਦਾ ਨਿਖੇੜਾ ਸਮੇਂ ਦੀ ਸਭ ਤੋਂ ਵੱਡੀ ਜਰੂਰਤ ਹੈ। ਮੱਤ ਨੂੰ ਇੱਕ ਵੱਖਰੇ ਧਰਮ ਦਾ ਨਾਂ ਦੇ ਦਿੱਤਾ ਗਿਆ ਹੈ, ਜਿਵੇਂ ਇਸਲਾਮ ਮੱਤ ਲਈ ਇਸਲਾਮ ਧਰਮ, ਸਿੱਖ ਮੱਤ ਲਈ ਸਿੱਖ ਧਰਮ, ਜੈਨ ਮੱਤ ਲਈ ਜੈਨ ਧਰਮ, ਬੋਧ ਮੱਤ ਲਈ ਬੋਧ ਧਰਮ ਅਤੇ ਇਸਾਈਅਤ ਮੱਤ ਲਈ ਇਸਾਈ ਧਰਮ ਆਦਿ।

ਸਭਿਆਚਾਰ ਅਤੇ ਧਰਮ ਆਪਸ ਵਿਚ ਅੰਤਰ ਸੰਬੰਧਤ ਹਨ। ਧਰਮ ਉਹ ਸੰਸਥਾ ਹੈ ਜੋ ਕਿਸੇ ਸਭਿਆਚਾਰ ਵਿਚ ਰਹਿਣ ਲਈ ਜੀਵ ਨੂੰ ਨੈਤਿਕ ਗੁਣ ਸਿਖਾਉਂਦੀ ਹੈ ਅਤੇ ਇਹ ਨੈਤਿਕ ਗੁਣ ਉਸ ਸਭਿਆਚਾਰ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਦੇ ਹਨ ਪਰ ਇਹ ਨੈਤਿਕ ਕਰਤੱਵ ਜੋ ਧਰਮ ਸਿਖਾਉਦਾਂ ਹੈ। ਇਹ ਸਥਾਨਿਕ ਸਭਿਆਚਾਰ ਤੋਂ ਹੀ ਜਨਮ ਲੈਂਦੇ ਹਨ, ਭਾਵ ਕੋਈ ਵੀ ਮੱਤ ਉੱਥੋਂ ਦੇ ਸਮਾਜ ਜਾਂ ਸਭਿਆਚਾਰ ਦੇ ਅਨੁਕੂਲ ਹੋਵੇਗਾ ਅਤੇ ਇਹ ਨੈਤਿਕ ਗੁਣ ਜਾਂ ਪੱਖ ਉਸ ਮੱਤ ਵਿਚੋਂ ਨਿਕਲਦੇ ਹਨ ਜੋ ਮੂਲ ਰੂਪ ਵਿਚ ਉੱਥੋਂ ਦੇ ਸਭਿਆਚਾਰ ਦੇ ਹੀ ਚੰਗੇ ਪੱਖ ਜਾਂ ਗੁਣ ਹੁੰਦੇ ਹਨ। ਸੰਸਾਰ ਵਿਚ ਹਰੇਕ ਸਭਿਆਚਾਰ ਉੱਥੋਂ ਦੇ ਧਰਮ ਦਾ ਸਰੂਪ ਨਿਸ਼ਚਿਤ ਕਰਦਾ ਹੈ ਅਤੇ ਹਰ ਧਰਮ ਉੱਥੋਂ ਦੇ ਸਭਿਆਚਾਰ ਦੇ ਸਰੂਪ ਤੇ ਆਪਣਾ ਪ੍ਰਭਾਵ ਪਾਉਂਦਾ ਹੈ। ਜਿਵੇਂ ਕਿ ਉਦਾਹਰਨ ਦੇ ਤੌਰ ’ਤੇ ਅਸੀਂ ਦੇਖੀਏ ਤਾਂ ਭਾਰਤੀ ਪੰਜਾਬ ਵਿਚ ਸਿੱਖ ਧਰਮ ਬਹੁ ਗਿਣਤੀ ਦਾ ਧਰਮ ਹੈ ਅਤੇ ਜਿਸ ਦੇ ਪ੍ਰਭਾਵ ਸਦਕਾ ਇੱਥੋਂ ਦੀਆਂ ਹਿੰਦੂ ਰਹੁ-ਰੀਤਾਂ ਵੀ ਹਰਿਦੁਆਰ ਦੇ ਹਿੰਦੂ ਧਰਮ ਦੇ ਮੁਕਾਬਲੇ ਵਿਚ ਕਾਫ਼ੀ ਅਲੱਗ ਪ੍ਰਤੀਤ ਹੁੰਦੀਆਂ ਹਨ। ਭਾਵੇਂ ਬੁਨਿਆਦੀ ਪੱਖ ਇਕੋ ਜਿਹੇ ਹੀ ਹਨ। ਇਹ ਸਭ ਇੱਥੋਂ ਦੇ ਸਭਿਆਚਾਰ ਅਤੇ ਉਹਨਾਂ ਦੇ ਵਿਸ਼ੇਸ਼ ਵਿਸ਼ਵਾਸਾਂ ਕਰਕੇ ਹੈ। ਇਸੇ ਤਰ੍ਹਾਂ ਇੱਕ ਭਾਰਤੀ ਪੰਜਾਬ ਦੇ ਸਿੱਖ ਅਤੇ ਇੱਕ ਵਿਦੇਸ਼ੀ ਸਿੱਖ ਦੇ ਰਹਿਣ-ਸਹਿਣ ਵਿਚ ਵੀ ਫਰਕ ਹੋਵੇਗਾ ਭਾਵੇਂ ਇਹਨਾਂ ਦੇ ਵੀ ਬੁਨਿਆਦੀ ਪੱਖ ਇਕੋ ਜਿਹੇ ਹੀ ਹਨ। ਧਰਮ ਦੀ ਹੋਂਦ ਪੂਰਵ ਇਤਿਹਾਸਕ ਕਾਲ ਵਿਚ ਵੀ ਮਿਲਦੀ ਹੈ। ਨਵੀਨ ਖੋਜ ਨੇ ਇਹ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਆਰੀਆ ਲੋਕਾਂ ਤੋਂ ਪਹਿਲਾਂ ਵੀ ਇਸ ਧਰਤੀ ਉਤੇ ਵਸਦੀਆਂ ਦਰਾਵੜ ਅਤੇ ਕੋਲ ਜਾਤੀਆਂ ਵਿਚ ਧਰਮ ਅਤੇ ਧਾਰਮਿਕ ਭਾਵਨਾਵਾਂ ਪੂਰੀ ਤਰ੍ਹਾਂ ਪ੍ਰਚਲਿਤ ਸਨ।

> ਹੜੱਪਾ ਮਹਿੰਜੋਦੜੋ ਆਦਿ ਸਥਾਨਾਂ ’ਤੇ ਹੋਈ ਖੁਦਾਈ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਮਾਧੀ ਵਿਚ ਬੈਠਾ ਵਿਅਕਤੀ ਮੰਦਰ, ਸਰੋਵਰ, ਪੂਜਾ, ਮੁਦਰਾਵਾਂ ਅਸਲ ਵਿਚ ਮੁੱਢਲੇ ਧਰਮ ਦੇ ਹੀ ਚਿੰਨ੍ਹ ਹਨ। ਮ੍ਰਿਤਕ ਸਰੀਰਾਂ ਦਾ ਕਬਰਾਂ ਵਿਚ ਦਫਨਾਏ ਜਾਣਾ, ਮ੍ਰਿਤਕ ਸਰੀਰ ਨਾਲ ਅਨੇਕ ਵਸਤਾਂ ਦਾ ਰੱਖੇ ਜਾਣਾ ਵੀ ਇਸ ਗੱਲ ਦਾ ਸੰਕੇਤ ਮਾਤਰ ਹੈ ਕਿ ਦਰਾਵੜ ਲੋਕ ਜ਼ਿੰਦਗੀ, ਮੌਤ ਉਪਰੰਤ ਜਿੰਦਗੀ ਬਾਰੇ ਵੀ ਵਿਚਾਰ ਰੱਖਦੇ ਹਨ। (ਜੋਸ਼ੀ 15)

ਇਸ ਪ੍ਰਕਾਰ ਉਕਤ ਅਧਿਐਨ ਤੋਂ ਸਪੱਸ਼ਟ ਹੈ ਕਿ ਔਲਖ ਤੀਜੀ ਪੀੜ੍ਹੀ ਦਾ ਪ੍ਰਤਿਭਾਸ਼ਾਲੀ ਨਾਟਕਕਾਰ ਹੈ, ਜਿਸਨੇ ਅਨੇਕਾਂ ਨਾਟਕਾਂ, ਲਘੂ-ਨਾਟਕਾਂ, ਇਕਾਂਗੀਆਂ ਦੀ ਸਿਰਜਣਾ ਤੋਂ ਇਲਾਵਾ ਅਨੇਕਾਂ ਨਾਟਕਾਂ ਨੂੰ ਸਫਲਤਾ ਪੂਰਵਕ ਸਟੇਜਾਂ ਉਪਰ

ਖੇਡਿਆ। ਔਲਖ ਦੇ ਜੀਵਨ ਅਤੇ ਸਾਹਿਤਕ ਸਫ਼ਰ ਤੋਂ ਉਸਦੇ ਨਾਟਕੀ ਸਫ਼ਰ ਦਾ ਪਤਾ ਚੱਲਦਾ ਹੈ, ਉਸਦੇ ਨਾਟਕਾਂ ਦੀ ਸਿਰਜਣਾ ਅਤੇ ਮਕਬੂਲੀਅਤ ਕਾਰਨ ਉਸਨੂੰ ਅਨੇਕਾਂ ਪ੍ਰਕਾਰ ਦੇ ਮਾਨ-ਸਨਮਾਨ ਮਿਲੇ। ਉਸਦੇ ਨਾਟਕਾਂ ਦੇ ਆਧਾਰ 'ਤੇ ਹੱਥਲੇ ਖੋਜ-ਕਾਰਜ ਵਿਚ ਜਮਾਤੀ-ਚੇਤਨਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਸਦੇ ਨਾਟਕਾਂ ਦੇ ਆਧਾਰ 'ਤੇ ਇਕ ਮਾਡਲ ਦੀ ਸਿਰਜਣਾ ਕੀਤੀ, ਜਿਸਨੂੰ ਅੱਗੋਂ ਚਾਰ ਵਰਗਾਂ (ਆਰਥਿਕ, ਰਾਜਨੀਤਕ, ਸਮਾਜ-ਸਭਿਆਚਾਰਕ ਅਤੇ ਧਾਰਮਿਕ ਪਰਿਪੇਖ) ਵਿਚ ਵੰਡਿਆ ਗਿਆ ਹੈ ਤਾਂ ਕਿ ਉਸਦੇ ਨਾਟਕਾਂ ਵਿਚ ਵਿਆਪਕ ਇਨ੍ਹਾਂ ਵਰਗਾਂ ਦੀ ਜਮਾਤੀ-ਚੇਤਨਾ ਨੂੰ ਉਭਾਰਿਆ ਜਾ ਸਕੇ। ਇਸ ਸੰਬੰਧੀ ਗਹਿਨ ਅਧਿਐਨ ਅਗਲੇ ਅਧਿਆਵਾਂ ਵਿਚ ਸ਼ਾਮਿਲ ਹੈ।

# ਅਧਿਆਇ-ਦੂਜਾ

## ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਆਰਥਿਕ ਪਰਿਪੇਖ

ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਸਾਹਿਤ ਦੀ ਤੀਜੀ ਪੀੜ੍ਹੀ ਦੇ ਪ੍ਰਸਿੱਧ ਨਾਟਕਕਾਰਾਂ ਵਿਚੋਂ ਇਕ ਹੈ। ਔਲਖ ਦੇ ਨਾਟਕਾਂ ਦਾ ਵਿਸ਼ਾ ਪੱਖ ਪੇਂਡੂ ਨਿਮਨ-ਕਿਸਾਨੀ ਨਾਲ ਸੰਬੰਧਿਤ ਹੈ। ਉਹ ਨਿਮਨ-ਕਿਸਾਨੀ ਦੀਆਂ ਘੱਟ ਜ਼ਮੀਨਾਂ ਵਿਚੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਕਾਰਨਾਂ ਅਤੇ ਪਰਿਣਾਮਾਂ ਨੂੰ ਨਾਟ-ਰਚਨਾ ਦਾ ਕੇਂਦਰੀ ਤੱਤ ਸਵੀਕਾਰ ਕਰਦਾ ਹੈ। ਉਸਦੇ ਨਾਟਕਾਂ ਵਿਚ ਜੱਟਾਂ ਅਤੇ ਭੂਮੀਹੀਣ ਮਜ਼ਦੂਰਾਂ ਦੇ ਸੰਬੰਧ, ਛੋਟੀ ਕਿਸਾਨੀ ਦੀ ਆਰਥਿਕ ਦਸ਼ਾ ਵਿਚੋਂ ਉਤਪੰਨ ਹੋਈਆਂ ਸਮੱਸਿਆਵਾਂ, ਛੋਟੀ/ਨਿਮਨ-ਕਿਸਾਨੀ ਦੇ ਪਰਿਵਾਰਕ ਅਤੇ ਜਾਤੀ ਸੰਬੰਧ, ਸ਼ਾਹੂਕਾਰਾਂ ਦੁਆਰਾ ਆਮ ਲੋਕਾਂ ਦੀ ਲੁੱਟ-ਖਸੁੱਟ ਨੂੰ ਪੇਸ਼ ਕੀਤਾ ਹੈ। ਉਸ ਦੁਆਰਾ ਸਿਰਜਤ ਨਾਟ-ਸੰਸਾਰ ਵਿਚ ਨਿਮਨ-ਕਿਸਾਨੀ ਦੀਆਂ ਆਰਥਿਕ ਸਮੱਸਿਆਵਾਂ ਨੂੰ ਸਾਰਥਕ ਢੰਗ ਨਾਲ ਪੇਸ਼ ਕੀਤਾ ਹੈ। ਕਿਸਾਨ ਦੀ ਜ਼ਿੰਦਗੀ ਦਾ ਅਜਿਹਾ ਕੋਈ ਵੀ ਪੱਖ ਨਹੀਂ ਜਿਸ ਬਾਰੇ ਔਲਖ ਨੇ ਆਪਣੇ ਨਾਟਕਾਂ ਵਿਚ ਚਰਚਾ ਨਾ ਕੀਤੀ ਹੋਵੇ। ਉਸਨੇ ਕਿਸਾਨੀ ਜੀਵਨ ਵਿਚ ਵਾਪਰੀਆਂ ਸੂਖਮ ਸਮੱਸਿਆਵਾਂ ਦਾ ਮੂਲ ਕਾਰਨ ਆਰਥਿਕ ਥੁੜ੍ਹਾਂ ਨੂੰ ਹੀ ਮੰਨਿਆ ਹੈ। ਬਲਵਿੰਦਰ ਸਿੰਘ ਚਾਹਲ ਦੀ ਪੁਸਤਕ 'ਅਜਮੇਰ ਸਿੰਘ ਔਲਖ ਦੀ ਨਾਟਕ ਕਲਾ' ਅਨੁਸਾਰ,

> ਔਲਖ ਦੇ ਬਹੁਤੇ ਨਾਟਕਾਂ ਦਾ ਵਿਸ਼ੇ ਮਾਲਵੇ ਦੇ ਨਿਮਨ-ਕਿਸਾਨ ਦੀ ਆਰਥਿਕ ਦਸ਼ਾ ਹੈ। ਉਸਦੇ ਬਹੁਤੇ ਮਕਬੂਲ ਨਾਟਕ 'ਬਗਾਨੇ ਬੋਹੜ ਦੀ ਛਾਂ', 'ਤੂੜੀ ਵਾਲਾ ਕੋਠਾ', 'ਇਕ ਰਮਾਇਣ ਹੋਰ' ਤੇ 'ਬਹਿਕਦਾ ਰੋਹ' ਕਿਸਾਨ ਦੀ ਨਿਘਰਦੀ ਹਾਲਤ ਨੂੰ ਬਿਆਨ ਕਰਦੇ ਹਨ। ਪੰਜਾਬ ਅਤੇ ਵਿਸ਼ੇਸ਼ ਕਰਕੇ ਮਾਲਵੇ ਦੇ ਆਮ ਕਿਸਾਨ ਦੀ ਹਾਲਤ ਭੋਇੰ-ਹੀਣ ਹੁੰਦੇ ਹੋਣ ਕਰਕੇ ਡਿੱਗ ਰਹੀ ਹੈ। (ਚਾਹਲ 17)

ਇਸ ਪ੍ਰਕਾਰ ਅਜਮੇਰ ਸਿੰਘ ਔਲਖ ਕਿਸਾਨੀ ਦੁਰਦਸ਼ਾ ਦਾ ਮੂਲ ਕਾਰਨ ਆਰਥਿਕ ਥੁੜ੍ਹਾਂ ਨੂੰ ਮੰਨਦਾ ਹੈ। ਇਸ ਲਈ ਉਸਦੇ ਨਾਟਕਾਂ ਵਿਚ ਵਿਆਪਕ ਜਮਾਤੀ-ਚੇਤਨਾ ਨੂੰ ਸਮਝਣ ਹਿਤ ਆਰਥਿਕ ਪੱਖ ਨੂੰ ਸਮਝਣਾ ਅਤਿ ਜ਼ਰੂਰੀ ਹੈ। ਹੱਥਲੇ ਅਧਿਆਇ ਦਾ ਪ੍ਰਯੋਜਨ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ ਦਾ ਆਰਥਿਕ ਪਰਿਪੇਖ ਨਿਰਧਾਰਿਤ ਕਰਨਾ ਹੈ।

## 2.1.ਅਜਮੇਰ ਔਲਖ ਦੇ ਨਾਟਕਾਂ ਵਿਚੋਂ ਅਭਿਵਿਅਕਤ ਹੁੰਦੀਆਂ ਆਰਥਿਕ ਸਮੱਸਿਆਵਾਂ

ਔਲਖ ਦੇ ਨਾਟਕਾਂ ਵਿਚ ਮਾਲਵੇ ਨਾਲ ਸੰਬੰਧਤ ਨਿਮਨ-ਕਿਸਾਨੀ ਦੇ ਵਿਭਿੰਨ ਪਾਸਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਪੇਂਡੂ ਸੰਸਕ੍ਰਿਤੀ ਦਾ ਆਰਥਿਕ ਆਧਾਰ ਜ਼ਮੀਨ ਹੈ, ਇਸ ਲਈ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੀ ਹੈ। ਡਾ. ਟੀ. ਆਰ ਵਿਨੋਦ ਦੀ ਪੁਸਤਕ 'ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ' ਅਨੁਸਾਰ,

> ਗ੍ਰਾਮ ਸੰਸਕ੍ਰਿਤੀ ਦੇ ਸੁਭਾਅ ਨੂੰ ਨਿਸ਼ਚਿਤ ਕਰਨ ਵਾਲਾ ਮੂਲ ਤੱਤ ਜ਼ਮੀਨ ਦੀ ਮਲਕੀਅਤ ਹੈ। ਜ਼ਮੀਨ ਦੀ ਮਲਕੀਅਤ ਦੇ ਆਧਾਰ 'ਤੇ ਜੇ ਪੇਂਡੂ ਵੱਸੋਂ ਦਾ ਵਰਗੀਕਰਨ ਕੀਤਾ ਜਾਵੇ ਤਾਂ ਇਸਦਾ ਸਭ ਤੋਂ ਵੱਡਾ ਭਾਗ ਮਾਲਕ ਕਿਸਾਨੀ ਨਾਲ ਸੰਬੰਧਤ ਹੈ। (ਵਿਨੋਦ 17-18)

ਇਸ ਤਰ੍ਹਾਂ ਪੰਜਾਬ ਦੀ ਬਹੁਗਿਣਤੀ ਵਸੋਂ ਜ਼ਮੀਨ ਆਧਾਰਤ ਕਿੱਤਿਆਂ ਨਾਲ ਜੁੜੀ ਹੋਣ ਕਾਰਨ ਪੰਜਾਬ ਵਿਚ ਕਿਸਾਨਾਂ/ਮਜ਼ਦੂਰਾਂ ਦਾ ਆਰਥਿਕ ਆਧਾਰ ਜ਼ਮੀਨ ਹੀ ਹੈ। ਇਨ੍ਹਾਂ ਖੇਤੀ ਕਰਨ ਵਾਲਿਆਂ ਵਿਚ ਜ਼ਮੀਨ ਦੀ ਵੱਧ-ਘੱਟ ਮਾਲਕੀ ਦੇ ਆਧਾਰ 'ਤੇ ਡਾ.ਅਨੀਤਾ ਨੇ ਆਪਣੀ ਕਿਤਾਬ 'ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਨਿਮਨ ਕਿਸਾਨੀ' ਅਨੁਸਾਰ ਚਾਰ ਭਾਗਾਂ ਵਿਚ ਵੰਡਿਆ ਹੈ।

1. ਧਨੀ ਕਿਸਾਨ ਵਰਗ

2.ਮੱਧ-ਸ਼੍ਰੇਣਿਕ ਕਿਸਾਨ ਵਰਗ

3. ਨਿਮਨ-ਕਿਸਾਨ ਵਰਗ

4.ਬੇ-ਜ਼ਮੀਨੇ ਕਿਸਾਨ/ਖੇਤ-ਮਜ਼ਦੂਰ। (ਅਨੀਤਾ 8)

ਉਕਤ ਵਰਗ ਵੰਡ ਵਿਚ ਪਹਿਲਾ ਵਰਗ ਵੱਡੀਆਂ/ਵਿਸ਼ਾਲ ਮਲਕੀਅਤਾਂ ਨਾਲ ਜੁੜਿਆ ਹੋਇਆ ਹੈ ਜੋ ਆਪ ਖੇਤੀਬਾੜੀ ਦੇ ਕੰਮਾਂ ਤੋਂ ਦੂਰ ਰਹਿੰਦਾ ਹੈ ਅਤੇ ਮਜ਼ਦੂਰਾਂ ਤੋਂ ਕੰਮ ਕਰਵਾਉਂਦਾ ਹੈ। ਦੂਜਾ ਵਰਗ ਥੋੜੀ ਜ਼ਮੀਨ ਹੋਣ ਕਾਰਨ ਠੇਕੇ ਹਿੱਸੇ 'ਤੇ ਜ਼ਮੀਨ ਲੈ ਕੇ ਵਾਹੀ ਕਰਦਾ ਹੈ। ਇਹ ਵਰਗ ਇਕੋ ਵੇਲੇ ਮਾਲਕ ਅਤੇ ਮੁਜਾਰੇ ਦੀ ਭੂਮਿਕਾ ਨਿਭਾਉਂਦੇ ਹਨ। ਤੀਜਾ ਵਰਗ ਥੋੜੀ ਜ਼ਮੀਨ ਹੋਣ ਕਾਰਨ ਪੈਦਾਵਾਰ ਵੀ ਰੋਟੀ ਦੀ ਲੋੜ ਵਜੋਂ ਕਰਦੇ ਹਨ। ਆਰਥਿਕ ਤੰਗੀਆਂ ਹੋਣ ਕਾਰਨ ਆਧੁਨਿਕ ਸਾਧਨਾਂ ਨੂੰ

ਪ੍ਰਾਪਤ ਕਰਨ ਤੋਂ ਅਸਮਰੱਥ ਰਹਿੰਦੇ ਹਨ। ਚੌਥਾ ਵਰਗ ਬੇ-ਜ਼ਮੀਨੇ ਕਿਸਾਨਾਂ ਜਾਂ ਮਜ਼ਦੂਰਾਂ ਨਾਲ ਸੰਬੰਧਿਤ ਹੈ, ਇਸ ਵਿਚ ਜੱਟ ਅਤੇ ਅਖੌਤੀ ਨਿਮਨ ਜਾਤਾਂ ਸ਼ਾਮਲ ਹੁੰਦੀਆਂ ਹਨ।

'ਐਇੰ ਕਿਵੇਂ ਖੋਹਲੋਂਗੇ ਜ਼ਮੀਨਾਂ ਸਾਡੀਆਂ' ਨਾਟਕ ਵਿਚ ਬਚਨਾ ਆਪਣੀ ਆਰਥਿਕ ਮੰਦਹਾਲੀ ਕਾਰਨ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਉਸਦੀ ਧੀ ਅਤੇ ਪਰਿਵਾਰ ਉਸਨੂੰ ਇਹ ਕਰਨ ਤੋਂ ਸਫਲਤਾ-ਪੂਰਵਕ ਬਚਾਅ ਲੈਂਦੇ ਹਨ। ਉਸਦੀ ਧੀ ਅਮਨ ਪ੍ਰਗਤੀਸ਼ੀਲ ਵਿਚਾਰਾਂ ਵਾਲੀ ਹੈ। ਉਹ ਤਰੱਕੀ-ਪਸੰਦ ਸਾਹਿਤ ਪੜ੍ਹਦੀ ਹੋਈ ਸੰਘਰਸ਼ ਦਾ ਰਸਤਾ ਤਿਆਰ ਕਰਦੀ ਹੈ। ਇਸ ਲਈ ਉਹ ਲੋਟੂ ਜਮਾਤ ਦੀਆਂ ਚਾਲਾਂ ਨੂੰ ਸਮਝਦੀ ਹੈ। ਜਦੋਂ ਬਲਕਾਰ ਉਨ੍ਹਾਂ ਦੇ ਘਰ ਉਨ੍ਹਾਂ ਦੀ ਜ਼ਮੀਨ ਖਰੀਦਣ ਲਈ ਲੂੰਬੜਚਾਲਾਂ ਰਾਹੀਂ ਬਚਨੇ ਨੂੰ ਸੁਪਨੇ ਦਿਖਾਉਂਦਾ ਹੈ ਤਾਂ ਅਮਨ ਗੀਤ ਰਾਹੀਂ ਆਪਣੇ ਪਿਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ।

ਚੁੱਕੀ ਪੈਰ ਜੱਟਾ। ਜ਼ਰਾ ਸੰਭਲ ਸੰਭਾਲ ਕੇ

ਜਾਲ ਲੋਟੂਆਂ ਵਛਾਇਆ।

ਚਾਲ ਬਾਜਾਂ ਰੱਖੇ ਲੂੰਬੜ ਨੇ ਪਾਲ ਕੇ

ਇਹ ਵੀ ਲੂੰਬੜ ਸੀ ਆਇਆ।

ਇਹ ਵੀ ਲੂੰਬੜ ਸੀ ਆਇਆ।

ਇਹ ਵੀ ਲੂੰਬੜ ਸੀ ਆਇਆ। (ਔਲਖ 429)

ਜਦੋਂ ਕਿਸਾਨ ਕਿਸੇ ਵੀ ਤਰ੍ਹਾਂ ਜ਼ਮੀਨ ਕਾਰਪੋਰੇਟ ਜਗਤ ਨੂੰ ਨਹੀਂ ਦਿੰਦੇ ਤਾਂ ਉਹ ਧੱਕੇਸ਼ਾਹੀ ਉਪਰ ਉੱਤਰ ਆਉਂਦੇ ਹਨ। ਪਰ ਕਿਸਾਨ ਆਪਣੇ ਹੱਕਾਂ ਪ੍ਰਤੀ ਸੁਚੇਤ ਹਨ। ਇਸ ਸੁਚੇਤਨਾ ਦਾ ਇਕ ਕਾਰਨ ਉਨ੍ਹਾਂ ਦਾ ਆਰਥਿਕ ਵਸੀਲਾ ਖ਼ਤਮ ਹੋਣ ਦਾ ਡਰ ਹੈ। ਇਸ ਲਈ ਨਾਟਕ ਵਿਚ ਸਾਰਾ ਪਿੰਡ ਗੁਰੂ ਘਰ ਵਿਚ ਇਕੱਠ ਕਰਦਾ ਹੈ ਅਤੇ ਕਾਰਪੋਰੇਟਸ ਕੰਪਨੀਆਂ ਨੂੰ ਆਪਣੀਆਂ ਜ਼ਮੀਨਾਂ ਦੇਣ ਤੋਂ ਇਨਕਾਰ ਕਰਦਾ ਹੈ। ਇਸ ਬਾਬਤ ਅਮਨ ਕਿਸਾਨ ਮਜ਼ਦੂਰ ਜਮਾਤ ਦੀ ਪ੍ਰਤੀਨਿਧਤਾ ਕਰਦੀ ਹੋਈ ਸੰਘਰਸ਼ ਦੀ ਟੇਕ ਲੈਂਦੀ ਹੋਈ ਕਹਿੰਦੀ ਹੈ।

> ਅਮਨ: ਅੱਜ ਤੱਕ ਜਿਹੜਾ ਕੁਸ਼ ਮਿਲਿਐ ਲੋਟੂ ਸਥਾਪਤੀ ਤੇ ਉਸਦੀਆਂ ਸਰਕਾਰਾਂ ਨਾਲ ਮੱਥਾ ਲਾ ਕੇ ਮਿਲਿਐ ਮਿਸਟਰ ਨਸ਼ੇੜੀ ਪਰਸ਼ਾਦ। ਭੁੱਕੀਆਂ ਖਾ-ਖਾ ਤੇ ਸਮੈਕਾਂ ਪੀ-ਪੀ ਨੀਂ। (ਔਲਖ 455)

ਅਮਨ ਆਪਣੇ ਭਰਾ ਗਗਨ ਨੂੰ ਵਾਰ-ਵਾਰ ਲਾਹਨਤਾਂ ਪਾਉਂਦੀ ਹੈ, ਕਿਉਂਕਿ ਉਹ 'ਆਰਥਿਕ ਸੰਕਟ ਵਿਚ ਘਿਰੀ ਕਿਸਾਨੀ ਦਾ ਨਸ਼ੇੜੀ ਪੁੱਤ' ਹੈ ਜੋ ਆਪਣੇ ਪਿਓ ਨੂੰ ਤਹਿਸੀਲ ਵਿਚੋਂ ਚੈੱਕ ਚੁੱਕਣ ਲਈ ਉਕਸਾਉਂਦਾ ਹੈ ਪਰ ਅਮਨ ਅਤੇ ਉਸਦੀ ਮਾਂ ਜਗਮੇਲ ਇਸ ਲੋਟੂ ਕਾਰਪੋਰੇਟ ਸਰਮਾਏਦਾਰੀ ਦੀਆਂ ਧੱਕੇਸ਼ਾਹੀਆ ਮੂਹਰੇ ਹਿੱਕਾਂ ਤਾਣ ਕੇ ਖੜਦੀਆਂ ਹਨ ਅਤੇ ਆਪਣੇ ਆਰਥਿਕ ਵਸੀਲੇ ਦੀ ਰਾਖੀ ਕਰਦੀਆਂ ਹਨ।

### 2.1.1. ਨਿਮਨ-ਕਿਸਾਨੀ ਨਾਲ ਸਬੰਧਿਤ ਆਰਥਿਕ ਸਮੱਸਿਆਵਾਂ

'ਬਗਾਨੇ ਬੋਹੜ ਦੀ ਛਾਂ' ਨਾਟਕ ਵਿਚ ਨਿਮਨ-ਕਿਸਾਨੀ ਨਾਲ ਸੰਬੰਧਿਤ ਪਰਿਵਾਰਾਂ ਵਿਚ ਪੈਦਾ ਹੋਈ ਆਰਥਿਕ ਮੰਦਹਾਲੀ ਅਤੇ ਇਸ ਮੰਦਹਾਲੀ ਤੋਂ ਉਤਪੰਨ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਕਿਸਾਨਾਂ ਦੀ ਅਜਿਹੀ ਸਥਿਤੀ ਦਾ ਮੁੱਖ ਕਾਰਨ ਵਿਸ਼ਵੀਕਰਨ ਕਾਰਨ ਸਬਸਿਡੀਆਂ ਵਿਚ ਆਈ ਕਟੌਤੀ ਹੈ। ਸਰਦਾਰਾ ਸਿੰਘ ਮਹਿਲ ਦੀ ਪੁਸਤਕ ਅਨੁਸਾਰ,

> ਗੇਟ ਸਮਝੌਤੇ ਅਨੁਸਾਰ ਖੇਤੀ ਵਿਚ ਕੁੱਲ ਸਹਾਇਤਾ 10% ਤੋਂ ਵੱਧ ਨਹੀਂ ਹੋਣੀ ਚਾਹੀਦੀ। ਕੁੱਲ ਸਹਾਇਤਾ ਵਿਚ ਖਾਦ ਬਿਜਲੀ ਅਤੇ ਕਰਜ਼ਿਆਂ ਵਿਚ ਮਿਲਦੀ ਸਬਸਿਡੀ ਹੀ ਸ਼ਾਮਲ ਨਹੀਂ ਸਗੋਂ ਖੇਤੀ ਸੈਕਟਰ ਲਈ ਬਜ਼ਟ ਸਹਾਇਤਾ ਜੋ ਨਾਬਾਰਡ, ਖੇਤੀ ਬੈਂਕਾਂ ਸਹਿਕਾਰੀ ਅਦਾਰਿਆਂ ਅਤੇ ਖੇਤੀ ਪ੍ਰੋਜੈਕਟਾਂ ਲਈ ਮਿਲਦੀ ਸਹਾਇਤਾ ਵੀ ਇਸ ਵਿਚ ਸ਼ਾਮਲ ਹੈ। (ਮਹਿਲ 59)

ਸਰਕਾਰੀ ਰਾਹਤ ਅਤੇ ਸਬਸਿਡੀਆਂ ਨਾ ਮਿਲਣ ਕਾਰਨ ਨਿਮਨ-ਕਿਸਾਨੀ ਦੇ ਖਰਚਿਆਂ ਵਿਚ ਵਾਧਾ ਅਤੇ ਆਮਦਨ ਵਿਚ ਘਾਟਾ ਹੋਣ ਕਾਰਨ ਘਰੇਲੂ ਮੰਗਾਂ ਵੀ ਪੂਰੀਆਂ ਕਰਨੀਆਂ ਅਤਿ ਕਠਿਨ ਹੋ ਜਾਂਦੀਆਂ ਹਨ। ਅਜਿਹੀ ਸਥਿਤੀ ਵਿਚ ਨਿਮਨ-ਕਿਸਾਨੀ ਆਪਣੀ ਕਬੀਲਦਾਰੀ ਅਤੇ ਖੇਤੀ ਦੇ ਹੋਰਨਾਂ ਖ਼ਰਚਿਆਂ ਨੂੰ ਪੂਰਨ ਕਰਨ ਲਈ ਬੈਂਕਾਂ ਜਾਂ ਆੜ੍ਹਤੀਆਂ/ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕਦੇ ਹਨ। 'ਬਗਾਨੇ ਬੋਹੜ ਦੀ ਛਾਂ' (ਮੇਰੇ ਸਾਰੇ ਲਘੂ ਨਾਟਕ) ਨਾਟਕ ਵਿਚ ਗੱਜਣ ਸਿੰਘ ਇਸ ਤਰ੍ਹਾਂ ਦੀ ਸਥਿਤੀ ਦਾ ਸ਼ਿਕਾਰ ਹੈ। ਜਿਸ ਕਾਰਨ ਉਹ ਲੰਬੜਾਂ ਕੋਲ ਜ਼ਮੀਨ ਗਹਿਣੇ ਰੱਖਦਾ ਹੈ। ਹਰ ਪਾਸਿਓਂ ਤੰਗੀਆਂ-ਤੁਰਸ਼ੀਆਂ ਦੇ ਆਉਣ ਨਾਲ ਉਸਨੂੰ ਆਪਣੀ ਜ਼ਿੰਦਗੀ ਤੋਂ ਕੁੱਤੇ ਦੀ ਜੂਨ ਚੰਗੀ ਲੱਗਦੀ ਹੈ।

ਗੱਜਣ: (ਅਤਿ ਥੱਕਿਆ ਹੋਇਆ) ਓਇ ਰੱਬਾ! ਏਦੂੰ ਕੁੱਤੇ ਦੀ ਜੂਨੀ ਪਾ ਦਿੰਦਾ। ਕੀ ਥੁੜਿਆ ਪਿਆ ਸੀ ਤੇਰਾ ਜੱਟ ਬਨਾਉਣ ਕੰਨੀਓਂ!? (ਔਲਖ 64)

ਨਾਟਕ ਵਿਚ ਗੱਜਣ ਸਿੰਘ ਨਿਮਨ-ਕਿਸਾਨੀ ਨਾਲ ਸੰਬੰਧਿਤ ਕਿਸਾਨ ਹੈ। ਗੁਰਨਾਮ ਕੌਰ ਉਸਦੇ ਘਰਵਾਲੀ ਹੈ, ਉਨ੍ਹਾਂ ਦੇ ਦੋ ਪੁੱਤਰ (ਬਿੰਦਰ ਤੇ ਟਹਿਲਾ) ਅਤੇ ਇਕ ਕੁੜੀ ਜੀਤੋ ਹੈ। ਨਾਟਕ ਵਿਚ ਗੱਜਣ ਸਿੰਘ ਨੂੰ ਕੇਂਦਰੀ ਪਾਤਰ ਵਜੋਂ ਨਿਮਨ-ਕਿਸਾਨੀ ਦੀ ਪ੍ਰਤੀਨਿਧਤਾ ਵਜੋਂ ਪੇਸ਼ ਕੀਤਾ ਗਿਆ ਹੈ। ਜਿਸਦਾ ਪਰਿਵਾਰ, ਪਰਿਵਾਰਕ ਤੰਗੀਆਂ-ਤੁਰਸ਼ੀਆਂ ਨਾਲ ਜੂਝ ਰਿਹਾ ਹੈ। ਨਾਟਕ ਵਿਚ ਉਸ ਵੇਲੇ ਤਣਾਓ ਦੀ ਸਥਿਤੀ ਹੋਰ ਵੀ ਤੀਬਰ ਹੋ ਜਾਂਦੀ ਹੈ, ਜਦੋਂ ਗੁਰਨਾਮ ਕੁਰ ਗੱਜਣ ਨੂੰ ਜੀਤੋ ਦਾ ਵਿਆਹ ਮੰਗਣ ਦੀ ਗੱਲ ਦੱਸਦੀ ਹੈ। ਆਰਥਿਕ ਤੰਗੀਆਂ ਹੋਣ ਕਾਰਨ ਇਹ ਖੁਸ਼ੀ ਦਾ ਸੁਨੇਹਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਨਾਟਕ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਕਿਸਾਨਾਂ ਦੀ ਅਜਿਹੀ ਕਰਜੇ-ਮਾਰੀ ਸਥਿਤੀ ਪੀੜ੍ਹੀ ਦਰ ਪੀੜ੍ਹੀ ਚਲਦੀ ਰਹਿੰਦੀ ਹੈ।

ਗੇਲਾ: ਬਾਪੂ ਦੀ ਰੂਹ ਕਹਿੰਦੀ ਹੋਊ, "ਪੁੱਤ ਗੇਲਿਆ। ਜਿਹੜਾ ਕਰਜ਼ਾ ਮੈਂ ਤੇਰੇ ਸਿਰ ਛੱਡ ਕੇ ਗਿਆ ਸੀ, ਉਹ ਲਾਹ ਤਾ ਕਿ ਅਜੇ ਵਿਚੇ ਈ ਲਟਕਦਾ ਫਿਰਦੈ? (ਔਲਖ 47)

ਬੇਸ਼ੱਕ ਤਕਨੀਕ ਆਉਣ ਕਾਰਨ ਨਵੇਂ ਸੰਦਾਂ, ਮਸ਼ੀਨਾਂ ਨਾਲ ਖੇਤੀ ਕਰਨੀ ਆਸਾਨ ਹੋਈ ਹੈ ਪਰ ਇਸ ਵਰਤਾਰੇ ਦਾ ਨਿਮਨ-ਕਿਸਾਨੀ ਨੂੰ ਕੋਈ ਲਾਭ ਨਹੀਂ ਹੋਇਆ। ਇਸ ਸੰਬੰਧੀ ਪੀਤਾ ਗੱਜਣ ਨੂੰ ਕਹਿੰਦਾ ਹੈ।

ਪੀਤਾ: ਓਇ ਆਪਣਾ ਜੱਟਾਂ ਦਾ ਤਾਂ, ਚਾਚਾ ਸਿਆਂ, ਏਹੀ ਹਾਲ ਰਹੂ। ਆਪਣਾ ਨੀਂ ਜੇ ਤੂੰ ਕਹੇਂ, ਕਦੇ ਹੱਥ ਖੁੱਲ੍ਹਾ ਹੁੰਦਾ। ਤੂੰ ਦੇਖ ਲੈ, ਐਨੀ ਉਮਰ ਤੇਰੀ ਨੰਘ ਗੀ, ਚਾਲੀਆਂ ਦੇ ਨੇੜੇ ਤੇੜੇ ਮੈਂ ਹੋਊਂ, ਓਹੋ ਬਾਹਾਂ, ਉਹੋ ਕੁਹਾੜੀ।... ਨਵੇਂ ਬੀ ਵੀ ਆਗੇ, ਜੂਰੀਏ ਵੀ ਆ ਗੇ, ਟਰੈਕਟਰਾਂ ਵੀ ਆ ਗੇ, ਪਰ ਕੱਟੇ ਨੂੰ ਮਣ ਦੁੱਧ ਦਾ ਕੀ ਲੇਸ? (ਔਲਖ 44-45)

ਨਾਟਕ ਵਿਚ ਅਮੀਰ-ਗ਼ਰੀਬ ਦੇ ਵਧ ਰਹੇ ਪਾੜੇ ਦਾ ਵੀ ਗਿਆਨ ਹੁੰਦਾ ਹੈ ਕਿਉਂਕਿ ਜਗੀਰਦਾਰ ਕਿਸਾਨ ਮਹਿੰਗੇ ਸੰਦਾਂ, ਬੀਜਾਂ ਨਾਲ ਵੱਧ ਝਾੜ ਪੈਦਾ ਕਰਕੇ ਵੱਧ ਧਨ ਕਮਾਉਂਦੇ ਹਨ ਬਲਕਿ ਗ਼ਰੀਬ ਇਨ੍ਹਾਂ ਤਕਨੀਕਾਂ ਦੀ ਪਹੁੰਚ ਤੋਂ ਅਸਮਰੱਥ ਹੋਣ ਕਾਰਨ ਲੋੜੀਂਦਾ ਉਤਪਾਦਨ ਅਤੇ ਪੂੰਜੀ ਪ੍ਰਾਪਤ ਨਹੀਂ ਕਰ ਸਕਦੇ। ਸਿੱਟੇ ਵਜੋਂ ਅਮੀਰ-ਗ਼ਰੀਬ ਦਾ ਪਾੜਾ ਨਿਰੰਤਰ ਵਧ ਰਿਹਾ ਹੈ।

'ਇਕ ਰਮਾਇਣ ਹੋਰ' ਔਲਖ ਦਾ ਮਿੱਥ ਆਧਾਰਤ ਨਾਟਕ ਹੈ, ਜਿਸ ਵਿਚ ਉਸਨੇ ਸਮਕਾਲੀ ਆਰਥਿਕਤਾ ਨੂੰ ਪੇਸ਼ ਕੀਤਾ ਹੈ। ਨਾਟਕ ਵਿਚ ਨਿਮਨ-ਕਿਸਾਨੀ ਨਾਲ ਸੰਬੰਧਤ ਪਰਿਵਾਰ ਦੀ ਆਰਥਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਨਾਟਕ ਵਿਚ ਰਾਮ ਤੇ ਲੱਛਾ ਦੋ ਭਰਾ ਹਨ, ਜਿਨ੍ਹਾਂ ਕੋਲ ਮਸਾਂ ਗੁਜ਼ਾਰੇ ਜੋਗੀ ਜ਼ਮੀਨ ਹੈ। ਲੱਛਾ ਰਾਮ ਤੋਂ ਉਮਰ ਵਿਚ ਵੱਡਾ ਹੈ ਅਤੇ ਸ਼ਰੀਰਕ ਕੁਹਝ ਹੋਣ ਕਾਰਨ ਉਸਨੇ ਵਿਆਹ ਨਹੀਂ ਕਰਵਾਇਆ ਬਲਕਿ ਆਪਣੇ ਛੋਟੇ ਭਰਾ ਰਾਮ ਦਾ ਵਿਆਹ ਕਰਵਾ ਦਿੱਤਾ। ਪਰ ਸਮਾਂ ਪੈਣ 'ਤੇ ਲੱਛੂ ਦੇ ਮਨ ਵਿਚ ਤੀਵੀਂ ਦੀ ਭੁੱਖ ਜਾਗਦੀ ਹੈ ਅਤੇ ਉਹ ਮੁੱਲ ਦਾ ਵਿਆਹ ਕਰਵਾਉਣ ਦਾ ਫ਼ੈਸਲਾ ਕਰਦਾ ਹੈ, ਜਿਸਦੀ ਸਹਾਇਤਾ ਰੌਣੀ ਕਰਦਾ ਹੈ । ਘਰ ਵਿਚ ਲੱਛੂ ਦੇ ਇਸ ਫੈਸਲੇ ਨਾਲ ਕਲੇਸ਼ ਪੈਦਾ ਹੋ ਜਾਂਦਾ ਹੈ, ਇਸ ਲਈ ਰਾਮ ਸੀਤੋ ਨੂੰ ਕਹਿੰਦਾ ਹੈ।

> ਰਾਮ: (ਸੰਕੇਤਕ ਸੁਰ ਵਿਚ ਮੁਸਕਰਾਉਂਦਾ ਹੋਇਆ) ਤੂੰ ਬੁਲਾ ਚਲਾ ਲਿਆ ਕਰ ਉਹਨੂੰ। ਆਪੇ ਹਟ ਜੂ ਕਲੇਸ਼ ਕਰਨੋਂ।
>
> ਸੀਤੋ: ਤੈਨੂੰ ਸ਼ਰਮ ਨੀ ਆਉਂਦੀ ਏਹੀ ਜੀ ਗੱਲ ਮੂੰਹੋਂ ਕੱਢਦੇ ਨੂੰ? ਮੈਂ ਲੜ ਤੇਰੇ ਲਾਈਐਂ ਮੇਰੇ ਬਾਪ ਨੇ ਕਿ ਉਹਦੇ?
>
> ਰਾਮ: ਓਇ ਜੱਟਾਂ ਦੇ ਕਾਹਦੇ ਲੜ ਹੁੰਦੇ ਐ ਸੀਤ ਕੁਰੇ। ਅਖੇ ਜੱਟ ਜੱਟਾਂ ਦੇ ਸਾਲ਼ੇ, ਵਿਚੇ ਘਾਲੇ ਮਾਲੇ। (ਔਲਖ 166)

ਰਾਮ ਸੀਤੋ ਨੂੰ ਲੱਛੇ ਨਾਲ ਕਾਮ ਸੰਬੰਧ ਬਣਾਉਣ ਦੀ ਖੁੱਲ੍ਹ ਦਿੰਦਾ ਹੈ। ਜਿਸਦਾ ਮੂਲ ਕਾਰਨ ਮਾੜੀ ਆਰਥਿਕਤਾ ਹੈ, ਕਿਉਂਕਿ ਜੇਕਰ ਲੱਛਾ ਮੁੱਲ ਦਾ ਵਿਆਹ ਕਰਵਾਉਂਦਾ ਹੈ ਤਾਂ ਸੁਭਾਵਿਕ ਹੀ ਉਸਦੀ ਜ਼ਮੀਨ ਵੰਡ ਕੇ ਦੇਣੀ ਪੈਣੀ ਸੀ। ਘੱਟ ਜ਼ਮੀਨ ਹੋਣ ਕਾਰਨ ਉਸਦੇ ਧੀਆਂ-ਪੁੱਤਾਂ ਦੇ ਵਿਆਹ ਵੀ ਨਹੀਂ ਹੋਣੇ ਸਨ। ਰਾਮ ਕਹਿੰਦਾ ਹੈ।

> ਰਾਮ: ਬੇਅਕਲੀ ਨੀ ਤਾਂ ਹੋਰ ਕੀ ਐ? ਲਛਮਣ ਨੂੰ ਅੱਡ ਕਰ ਬੈਠੇਂਗੀ। ਜ਼ਮੀਨ ਦੇ ਰਹਿ ਜਾਣਗੇ ਛੀ ਕੀਲੇ, ਕੁੜੀ ਵਿਆਉਣ ਆਲੀ ਐ, ਦੋ ਮੁੰਡੇ ਐ। ਕੌਣ ਦਿਉ ਛੀ ਕੀਲਿਆ ਦੇ ਸਿਰ 'ਤੇ ਤੇਰੇ ਸਾਹਿਬਜ਼ਾਦਿਆਂ ਨੂੰ ਅਵਦੀਆਂ ਧੀਆਂ? (ਔਲਖ 117)

ਪਰ ਸੀਤੋ ਅਜਿਹਾ ਕਰਨ ਤੋਂ ਇਨਕਾਰ ਕਰਦੀ ਹੈ। ਸਮਾਜ ਵਿਚ ਆਪਣੇ ਆਰਥਿਕ ਪੱਧਰ ਨੂੰ ਮਜ਼ਬੂਤ ਕਰਨ ਲਈ ਦਾਨੀ ਵਰਗੀਆਂ ਔਰਤਾਂ ਵੀ ਹੁੰਦੀਆਂ ਹਨ ਜੋ ਇਕ ਨਾਲ ਵਿਆਹੁਣ ਤੋਂ ਬਾਅਦ ਉਸਦੇ ਚਾਰੇ ਭਰਾਵਾਂ ਨੂੰ ਵੀ ਖਸਮ ਵਾਂਗ ਸੰਭਾਲ ਕੇ ਰੱਖਦੀਆਂ ਹਨ। ਦਾਨੀ ਨੇ ਹੀ ਸੀਤੋ ਨੂੰ 'ਬਣੀ ਬਣਾਈ ਖੇਡ ਨਾ ਖਿਲਾਰਨ' ਦੀ ਮੱਤ ਦਿੱਤੀ। ਜਿਸ ਕਾਰਨ ਸੀਤੋ ਲੱਛੂ ਨੂੰ 'ਰੋਟੀ ਦੇਣ' ਲਈ ਤਿਆਰ ਹੋ ਜਾਂਦੀ ਹੈ । ਇਸ ਸਾਰੇ ਵਰਤਾਰੇ ਪਿੱਛੇ ਨਿਮਨ-ਕਿਸਾਨੀ ਦੀ ਮਾੜੀ ਆਰਥਿਕਤਾ ਹੀ ਕੰਮ ਕਰਦੀ ਹੈ। ਮਾੜੀ ਆਰਥਿਕਤਾ ਉਤੇ ਸਕਤੇ ਵੀ ਆਪਣਾ ਰੋਹਬ ਜਮਾ ਕੇ ਰੱਖਦੇ ਹਨ। ਇਸੇ ਕਾਰਨ ਕੈਲੀ ਰੌਣੀ ਦੀ ਤੀਵੀਂ ਕੱਢ ਕੇ ਲੈ ਗਿਆ ਸੀ ਕਿਉਂਕਿ ਕੈਲੀ ਨੂੰ ਸਕਤਿਆਂ ਦੀ ਸਹਿ ਸੀ ਤੇ ਰੌਣੀ ਗ਼ਰੀਬ  ਸੀ।

'ਭੱਠ ਖੇੜਿਆਂ ਦਾ ਰਹਿਣਾ' ਨਾਟਕ ਵਿਚ ਬਾਗੀ ਧਿਰ ਅਤੇ ਪੁਲਿਸ ਵਿਚਕਾਰ ਝੂਠਾ ਮੁਕਾਬਲਾ ਬਣਾ ਕੇ ਤਰੱਕੀਆਂ ਲੈਣ ਦੀਆਂ ਸਾਜ਼ਿਸ਼ਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਨਿਰਮਲ ਸਿੰਘ ਵਰਗੇ ਸਾਫ਼-ਸਫਾਫ ਬੰਦਿਆਂ ਨੂੰ ਧੱਕੇ ਨਾਲ ਭ੍ਰਿਸ਼ਟ ਤੰਤਰ ਦਾ ਅੰਗ ਬਣਾ ਲਿਆ ਜਾਂਦਾ ਹੈ। ਜਮਾਤੀ-ਚੇਤਨਾ ਦੇ ਆਰਥਿਕ ਪਰਿਪੇਖ ਨੂੰ ਉਸਾਰਦਿਆਂ ਇਸ ਨਾਟਕ ਵਿਚ ਕਾਰਜਸ਼ੀਲ ਜ਼ਿਆਦਾਤਰ ਪਾਤਰ ਪੁਲਿਸ ਸੇਵਾਵਾਂ ਨਾਲ ਜੁੜੇ ਹੋਏ ਹਨ। ਅਰਥ ਵਿਵਸਥਾ ਵਿਚ ਇਨ੍ਹਾਂ ਸੇਵਾਵਾਂ ਦੀ ਮੁੱਖ ਭੂਮਿਕਾ ਹੈ। ਇਹ ਸੇਵਾਵਾਂ ਆਜ਼ਾਦੀ ਤੋਂ ਪਹਿਲਾਂ ਦੀਆਂ ਸੇਵਾਵਾਂ ਤੋਂ ਬਿਲਕੁਲ ਵੱਖਰੀਆਂ ਹਨ। ਅਮਰਜੀਤ ਗਰੇਵਾਲ ਅਨੁਸਾਰ,

> ਜਦੋਂ ਭਾਰਤ ਵਿਚ ਕਲੋਨੀਅਲ ਰਾਜ ਦਾ ਖ਼ਾਤਮਾ ਹੋਇਆ ਤਾਂ ਭਾਰਤੀ ਸਮਾਂ ਕੋਈ ਪੂਰਨ ਸਮਾਜ ਨਹੀਂ ਸੀ। ਬੁਰੀ ਤਰ੍ਹਾਂ ਛਾਂਗਿਆ ਹੋਇਆ ਸਮਾਜ ਸੀ। ਜਿਸ ਵਿਚ ਕੋਈ ਵੀ ਹਾਕਮ ਜਮਾਤ ਨਹੀਂ ਸੀ। ਇੱਥੋਂ ਤੱਕ ਕਿ ਕਲੋਨੀਅਲ ਰਾਜ ਦੇ ਖਾਤਮੇ ਉਪਰੰਤ ਵੀ ਕੋਈ ਹਾਕਮ ਹੋਂਦ ਵਿਚ ਨਾ ਆ ਸਕੀ.... ਸਗੋਂ ਇਸਦੇ ਮੁਕਾਬਲੇ ਇਕ 'ਸਿਆਸੀ ਜਮਾਤ' ਦਾ ਸੰਗਠਨ ਜ਼ਰੂਰ ਹੋਇਆ, ਪਰ ਸਰਕਾਰ ਦੀਆਂ ਕਾਰਜ ਵਿਧੀਆਂ ਵਿਚ ਵਾਧੇ ਦੇ ਨਾਲ-ਨਾਲ ਸਰਕਾਰੀ ਮਸ਼ੀਨਰੀ ਅਤੇ ਅਫ਼ਸਰਸ਼ਾਹੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ। ਇਹ ਵਾਧਾ ਕੇਵਲ ਅਫ਼ਸਰਸ਼ਾਹੀ ਅਤੇ ਕਰਮਚਾਰੀਆਂ ਦੀ ਗਿਣਤੀ ਵਿਚ ਹੀ ਨਹੀਂ ਸਗੋਂ ਉਹਨਾਂ ਦੀ ਰਾਜਨੀਤਕ ਸ਼ਕਤੀ, ਪ੍ਰਬੰਧਕੀ ਕੰਟਰੋਲ ਰੁਤਬੇ ਅਤੇ ਆਮਦਨ ਵਿਚ ਵਾਧਾ ਵੀ ਹੋਇਆ। (ਗਰੇਵਾਲ 23-24)

ਅਜਿਹਾ ਕਰਨ ਨਾਲ ਅਤੇ ਰਾਜਨੀਤਕ ਅਸਥਿਰਤਾ ਕਾਰਨ ਅਫ਼ਸਰਸ਼ਾਹੀ ਹੋਂਦ ਵਿਚ ਆਈ ਜੋ ਸਿੱਧੇ ਤੌਰ ’ਤੇ ਸਥਾਪਤੀ ਦੇ ਹੱਕ ਵਿਚ ਭੁਗਤਦੀ ਹੈ। ਨਾਟਕ ਵਿਚ ਐਸ.ਐਸ.ਪੀ. ਜੇ.ਐਸ.ਪਾਲ, ਡੀ.ਐਸ.ਪੀ. ਹਰਮਿੰਦਰ ਸਿੰਘ ਇਸ ਜਮਾਤ ਨਾਲ ਹੀ ਸੰਬੰਧਤ ਹਨ। ਇਸਦੇ ਉਲਟ ਦੌਲਾ ਸਿੰਘ, ਨਿਰਮਲ ਸਿੰਘ ਇਨ੍ਹਾਂ ਦੇ ਅਧੀਨ ਰਹਿ ਕੇ ਕੰਮ ਕਰਨ ਵਾਲੇ ਮੁਲਾਜ਼ਮ ਹਨ। ਨਾਟਕ ਵਿਚ ਜਦੋਂ ਐਸ.ਐਸ.ਪੀ. ਨਿਰਮਲ ਸਿੰਘ ਨੂੰ ਬਾਗ਼ੀ ਦਰਸ਼ਨ ਸਿੰਘ ਦੇ ਗੋਲੀ ਮਾਰਨ ਲਈ ਕਹਿੰਦਾ ਹੈ ਤਾਂ ਉਹ ਮਨਾਂ ਕਰ ਦਿੰਦਾ ਹੈ। ਇਥੋਂ ਹੀ ਨਿਰਮਲ ਸਿੰਘ ਦੀ ਘਰੇਲੂ ਦਸ਼ਾ ਦਾ ਪਤਾ ਚੱਲਦਾ ਹੈ।

> ਨਿਰਮਲ: .... ਘਰੋਂ ਗ਼ਰੀਬ  ਸੀ ਸੋਚਿਆ ਸੀ ਪੜ੍ਹ ਕੇ ਕੋਈ ਚੰਗੀ ਨੌਕਰੀ ਲੈ ਕੇ ਘਰ ਦੀ ਹਾਲਤ ਸੁਧਾਰਾਂਗਾ ਪਰ ਹਾਲਾਤ ਨੇ ਪੜ੍ਹਾਈ ਵਿਚਾਲਿਉਂ ਛੁਡਾ ਕੇ ਸਿਪਾਹੀ ਬਣਾ ਦਿੱਤਾ। (ਔਲਖ 140)

ਪਰ ਐਸ.ਐਸ.ਪੀ. ਉਸਨੂੰ ਸ਼ਹੀਦ ਹੋਣ ਜਾਂ ਬਾਗ਼ੀਆਂ ਨੂੰ ਗੋਲੀ ਮਾਰਨ ਦੀ ਦੁਚਿੱਤੀ ਵਿਚ ਫਸਾ ਲੈਂਦਾ ਹੈ, ਜਿਸ ਕਾਰਨ ਉਹ ਬਾਗੀਆਂ ਨੂੰ ਗੋਲੀ ਮਾਰਨ ਲਈ ਰਾਜੀ ਹੋ ਜਾਂਦਾ ਹੈ।

ਆਰਥਿਕ ਪੱਧਰ ਦੇ ਇਸੇ ਜਮਾਤੀ ਪਰਿਪੇਖ ਨੂੰ ‘ਗਾਨੀ’ ਨਾਟਕ ਵਿਚ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਵਿਚ ਸੀ.ਆਰ.ਪੀ. ਦੇ ਦੋ ਨੌਜਵਾਨਾਂ (ਰਾਠੀ ਤੇ ਜੱਸਾ ਸਿੰਘ) ਦੇ ਡਿਊਟੀ ਦੌਰਾਨ ਦੇ ਵਾਰਤਾਲਾਪ ਨੂੰ ਨਾਟ ਵਿਸ਼ਾ ਬਣਾਇਆ ਗਿਆ ਹੈ। ਜੋ ਹਵਾਈ ਹਾਦਸੇ ਦਾ ਸ਼ਿਕਾਰ ਹੋਏ ਕਿਸੇ ਨੇਤਾ ਦੀ ਲਾਸ਼ ਦੀ ਰਾਖੀ ਕਰ ਰਹੇ ਹਨ। ਉਹ ਨੰਦੀ (ਉਸਦੀ ਪਤਨੀ) ਨੂੰ ਮਿਲਣਾ ਚਾਹੁੰਦਾ ਹੈ। ਪਰ ਉਹ ਬੇਵੱਸ ਹੋਇਆ ਕਹਿੰਦਾ ਹੈ।

> ਰਾਠੀ:.. ਨਹੀਂ ਦੌੜ ਸਕਦਾ ਹੌਲਦਾਰ ਭਾਈ, ਨਹੀਂ ਦੌੜ ਸਕਦਾ। ਘਰ ਦੀਆਂ ਤੰਗੀਆਂ, ਰੋਜੀ ਰੋਟੀ ਦੇ ਸੰਗਲਾਂ ਨੇ ਹਮਨੈ ਨੂੜ ਕੇ ਬਾਂਧ ਰਾਖੈ। (ਔਲਖ 165)

ਇਸ ਤਰ੍ਹਾਂ ਨਾਟਕ ਵਿਚ ਮੰਤਰੀ ਦੇ ਸ਼ਰੀਰ ਦੇ ਉੱਡੇ ਹੋਏ ਚੀਥੜਿਆਂ ਨੂੰ ਲੱਖੇ ਅਮਲੀ ਦੀ ਬੱਕਰੀ ਦੇ ਸ਼ਰੀਰ ਨਾਲ ਪੂਰਾ ਕਰਦੇ ਹਨ। ਉਸਦੀ ਗਾਨੀ ਨੂੰ ਉਹ ਮੰਤਰੀ ਜੀ ਦਾ ਤਵੀਤ ਸਮਝਦੇ ਹਨ।

> ਘਰ ਦੀਆਂ ਤੰਗੀਆਂ ਤੈਨੂੰ ਖੋਹਿਆ
>
> ਡਾਢਿਆ ਖੋਹੀ ਨਿਸ਼ਾਨੀ (ਔਲਖ 175)

ਨਾਟਕ ਵਿਚ ਆਰਥਿਕ ਪੱਧਰ 'ਤੇ ਹੀਣੇ ਲੋਕਾਂ ਦੀ ਮਨੋ-ਪੀੜਾ ਨੂੰ ਚਿਤਰਿਆ ਗਿਆ ਹੈ। ਇਸ ਨਾਟਕ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਬੌਧਿਕ ਕਿਰਤੀਆਂ ਦਾ ਇਕ ਵਰਗ ਜੀਵਨ ਮਿਆਰ ਅਤੇ ਆਰਥਿਕ ਲਾਭ ਪੱਖੋਂ ਮੱਧ ਸ਼੍ਰੇਣੀ ਦਾ ਵਿਚਕਾਰਲਾ ਹਿੱਸਾ ਬਣਦਾ ਹੈ। ਅਮਰ ਤਰਸੇਮ ਅਨੁਸਾਰ,

> ਸਰਕਾਰੀ ਸੰਸਥਾਵਾਂ ਸਹੂਲਤਾਂ ਨੇ ਇਸ ਸ਼੍ਰੇਣੀ ਵਿਚ ਐਸ਼ਵਰਜ ਦੀਆਂ ਵਸਤਾਂ ਦੀ ਵਰਤੋਂ ਵਧਾਈ ਹੈ। ਪੱਕੀ ਆਮਦਨ ਕਰਕੇ ਇਹ ਸ਼੍ਰੇਣੀ ਨਾ ਸਿਰਫ਼ ਚੰਗਾ ਗੁਜ਼ਾਰਾ ਕਰ ਲੈਂਦੀ ਹੈ, ਸਗੋਂ ਤਸੱਲੀਬਖ਼ਸ਼ ਬੱਚਤ ਵੀ ਕਰ ਲੈਂਦੀ ਹੈ। ਪਦਾਰਥਕ ਸੁੱਖ ਦੀ ਬਹੁਲਤਾ ਅਤੇ ਸਮਾਜਿਕ ਰੁਤਬੇ ਕਰਕੇ ਇਹ ਸਮਾਜ ਦੀ ਸਨਮਾਨਯੋਗ ਸ਼੍ਰੇਣੀ ਹੈ। (ਤਰਸੇਮ 206)

ਨਾਟਕ ਵਿਚ ਤਿੰਨ ਧਿਰਾਂ ਨੇਤਾ/ਅਫ਼ਸਰਸ਼ਾਹੀ, ਹਵਾਲਦਾਰ ਅਤੇ ਲੱਖਾ ਅਮਲੀ ਹਨ। ਪਹਿਲੀ ਧਿਰ ਅਫ਼ਸਰਸ਼ਾਹੀ, ਦੂਜੀ ਮੁਲਾਜ਼ਮ ਅਤੇ ਤੀਜੀ ਮਜ਼ਦੂਰ ਹੈ। ਮਜ਼ਦੂਰਾਂ ਦਾ ਰਹਿਣ-ਸਹਿਣ ਬੁੱਧੀਜੀਵੀ ਕਿਰਤੀਆਂ ਦੇ ਮੁਕਾਬਲੇ ਨੀਵੇਂ ਪੱਧਰ ਦਾ ਹੈ।

'ਤੇੜਾਂ' ਨਾਟਕ ਵੀ ਬੌਧਿਕ ਕਿਰਤੀ ਜਮਾਤ ਨਾਲ ਸੰਬੰਧਤ ਹੈ ਜੋ ਨਿਮਨ-ਕਿਸਾਨੀ/ਵਿਪੰਨ ਜਮਾਤ ਵਿਚੋਂ ਹੀ ਨਿਕਲ ਕੇ ਬੌਧਿਕ ਕਿਰਤੀ/ਸੰਪੰਨ ਜਮਾਤ ਵਿਚ ਤਬਦੀਲ ਹੋਈ ਹੈ। ਨਾਟਕ ਵਿਚ ਜਸਦੇਵ ਫੂਡ ਕਾਰਪੋਰੇਸ਼ਨ ਵਿਚ ਇੰਸਪੈਕਟਰ ਹੈ। ਉਸਦੀ ਪਤਨੀ ਮਨਦੀਪ ਸਰਕਾਰੀ ਸਕੂਲ ਦੀ ਅਧਿਆਪਿਕਾ ਹੈ। ਜਸਦੇਵ ਸਮਾਜਵਾਦ ਨੂੰ ਪ੍ਰਣਾਇਆ ਹੋਇਆ ਪਾਤਰ ਹੈ। ਇਸੇ ਕਾਰਨ ਉਸਦੇ ਕਮਰੇ ਵਿਚ ਮੈਕਸਿਮ ਗੋਰਕੀ ਅਤੇ ਲੈਨਿਨ ਦੀਆਂ ਤਸਵੀਰਾਂ ਤੋਂ ਇਲਾਵਾ ਰਾਜਨੀਤੀ ਅਤੇ ਮਾਰਕਸਵਾਦ ਨਾਲ ਸੰਬੰਧਤ ਕਿਤਾਬਾਂ ਪਈਆਂ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਜਸਦੇਵ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹੋਣ ਕਾਰਨ ਸਰਮਾਏਦਾਰੀ ਸਮਾਜ ਤੋਂ ਨਫ਼ਰਤ ਕਰਦਾ ਹੈ। ਕੰਵਲਦੀਪ ਕੌਰ ਬਰਾੜ ਅਨੁਸਾਰ,

> ਇਹ ਨਾਟਕ ਛੋਟੇ ਨਿਮਨ-ਕਿਸਾਨੀ ਦੇ ਨਾਲ-ਨਾਲ ਸ਼ਹਿਰੀ ਮੱਧ ਸ਼੍ਰੇਣੀ ਦੇ ਪਰਿਵਾਰ ਦੀਆਂ ਆਰਥਿਕ ਸਮੱਸਿਆਵਾਂ ਨਾਲ ਸੰਬੰਧਤ ਹੈ। ਨਾਟਕ ਵਿਚਲਾ ਪਾਤਰ ਜਸਦੇਵ ਆਪਣੀ ਪੜ੍ਹਾਈ ਪੂਰੀ ਕਰਕੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਵਿਚ ਇਨਸਪੈਕਟਰ ਦੀ ਨੌਕਰੀ 'ਤੇ ਲੱਗ ਜਾਂਦਾ ਹੈ। ਫੂਡ ਸਪਲਾਈ ਮਹਿਕਮੇ ਦਾ ਅਫ਼ਸਰ ਲੱਗਾ ਹੋਣ ਕਰਕੇ ਉਹ ਲੋਕਾਂ ਤੋਂ ਰਿਸ਼ਵਤ ਲੈ ਕੇ ਆਪਣੀ ਤੇ ਆਪਣੇ ਪਰਿਵਾਰ ਦੀ ਹਾਲਤ ਸੁਧਾਰ ਸਕਦਾ ਸੀ ਪਰ ਆਦਰਸ਼ਵਾਦੀ ਬਿਰਤੀ ਦਾ ਮਾਲਕ ਹੋਣ ਕਰਕੇ ਜਸਦੇਵ ਅਜਿਹਾ ਨਹੀਂ

> ਕਰ ਸਕਦਾ। ਉਹ ਰਿਸ਼ਵਤ, ਠੱਗੀ, ਧੋਖੇਬਾਜ਼ੀ ਵਰਗੇ ਕੰਮ ਆਪਣੀ ਜ਼ਿੰਦਗੀ ਵਿਚ ਨਹੀਂ ਕਰ ਸਕਦਾ। ਸਮਾਜਵਾਦੀ ਚੇਤਨਾ ਅਨੁਸਾਰ ਜਿਨ੍ਹਾਂ ਚਿਰ ਸਾਡੇ ਸਮਾਜ ਜਾਂ ਪਰਿਵਾਰ ਵਿਚ ਕਾਣੀ ਵੰਡ ਰਹੇਗੀ ਤਦ ਤੱਕ ਸੰਕਟਪੂਰਨ ਸਥਿਤੀਆਂ ਜਨਮ ਲੈਂਦੀਆਂ ਹੀ ਰਹਿਣਗੀਆਂ ਜੋ ਮੁੱਖ ਤੌਰ 'ਤੇ ਆਰਥਿਕ ਤ੍ਰਾਸਦੀ ਦਾ ਕਾਰਨ ਬਣਦੀਆਂ ਹਨ। (ਬਰਾੜ 149)

ਜਸਦੇਵ ਮਾਰਕਸਵਾਦੀ ਵਿਚਾਰਾਂ ਵਾਲਾ ਉਹ ਪਾਤਰ ਹੈ ਜੋ ਬਾਲ ਕਹਾਣੀਆਂ, ਕਥਾਵਾਂ ਦੇ ਜਨੌਰ ਪਾਤਰਾਂ ਵਿਚੋਂ ਵੀ ਸਮਾਜ ਵਿਚਲੇ ਵਿਭਿੰਨ ਮਨੁੱਖਾਂ ਦੇ ਕਿਰਦਾਰ ਨੂੰ ਘੜਦਾ ਨਜ਼ਰ ਆਉਂਦਾ ਹੈ।

> ਜਸਦੇਵ: ਨੰਬਰ ਇਕ ਬੱਚੇ, ਨੰਬਰ ਦੋ ਰੋਟੀ ਤੇ ਨੰਬਰ ਤਿੰਨ ਕਾਂ। ਬੱਚੇ ਬਣ ਗਏ ਭੋਲੀ ਭਾਲੀ ਮਿਹਨਤਕਸ਼ ਜਨਤਾ, ਰੋਟੀ ਬਣ ਗਈ ਉਨ੍ਹਾਂ ਦੀ ਹੱਕ ਸੱਚ ਦੀ ਕਮਾਈ। ਤੇ ਕਾਂ ਬਣ ਗਿਆ ਸਾਡੇ ਦੇਸ਼ ਦੀ ਲੁਟੇਰੀ ਸਰਮਾਏਦਾਰੀ, ਜਿਹੜੀ ਝਪਟ ਮਾਰ ਕੇ ਮਿਹਨਤਕਸ਼ ਜਨਤਾ ਕੋਲੋਂ ਉਨ੍ਹਾਂ ਦਾ ਹੱਕ ਖੋਹ ਲੈਂਦੀ ਹੈ। (ਔਲਖ 184)

ਜਸਦੇਵ ਇਮਾਨਦਾਰ ਅਫ਼ਸਰ ਹੈ। ਉਸਦੇ ਪਰਿਵਾਰ ਨੇ ਉਸਨੂੰ ਤੰਗੀਆਂ-ਤੁਰਸ਼ੀਆਂ ਝੱਲ ਕੇ ਪੜ੍ਹਾਇਆ-ਲਿਖਾਇਆ ਇਸ ਲਈ ਉਸਦੀ ਕਮਾਈ ਵਿਚੋਂ ਕੁਝ ਹਿੱਸਾ ਪਿੱਛੇ ਪਿੰਡ ਵਾਲਿਆਂ ਦੀ ਆਰਥਿਕ ਸਹਾਇਤਾ ਲਈ ਜਾਂਦਾ ਸੀ। ਮਨਦੀਪ ਕਿੱਤੇ ਵਜੋਂ ਅਧਿਆਪਕਾ ਹੈ। ਉਹ ਆਧੁਨਿਕ ਵਿਚਾਰਾਂ ਵਾਲੀ ਔਰਤ ਦੀ ਪ੍ਰਤੀਨਿਧਤਾ ਕਰਦੀ ਹੈ, ਜਿਸਨੂੰ ਘਰ ਵਿਚ ਹਰ ਪ੍ਰਕਾਰ ਦਾ ਕੀਮਤੀ ਸਮਾਨ ਅਤੇ ਬੱਚਿਆਂ ਦੀਆਂ ਖਾਹਿਸ਼ਾਂ ਪੂਰਨ ਦਾ ਸ਼ੌਕ ਰੱਖਦੀ ਹੈ। ਜਸਦੇਵ ਦੋ ਪਰਿਵਾਰਾਂ ਦੀ ਆਰਥਿਕਤਾ ਦਾ ਭਾਰ ਚੁੱਕਣ ਕਾਰਨ ਅਜਿਹਾ ਕਰਨ ਵਿਚ ਅਸਮਰਥ ਹੈ, ਪੈਸੇ ਆਧਾਰਤ ਰਿਸ਼ਤਿਆਂ ਨੂੰ ਉਹ ਆਰਥਿਕ ਰਿਸ਼ਤੇ ਮੰਨਦਾ ਹੋਇਆ ਕਹਿੰਦਾ ਹੈ,

> ਜਸਦੇਵ: ਤੂੰ ਠੀਕ ਕਹਿਨੀ ਐ ਦੀਪਾ। ਇਹ ਰਿਸ਼ਤੇ ਗਰਜ਼ ਦੇ ਨੇ, ਪੈਸੇ ਦੇ ਨੇ। ਇਹਨਾਂ ਨੂੰ ਹੀ ਅਸੀਂ ਆਰਥਿਕ ਰਿਸ਼ਤੇ ਆਖਦੇ ਹਾਂ। ਪਰ ਇਹਨਾਂ ਆਰਥਿਕ ਰਿਸ਼ਤਿਆਂ ਵਿਚ ਵੀ ਮੋਹ ਪਿਆਰ ਦੀ ਰੈਲ ਹੁੰਦੀ ਐ। ਇਸੇ ਕਰਕੇ ਇਹਨਾਂ ਵਿਚੋਂ ਇਨਸਾਨੀ ਰਿਸ਼ਤਿਆਂ ਦੀ ਵੀ ਝਲਕ ਪੈਂਦੀ ਦਿਖਾਈ ਦਿੰਦੀ ਐ। (ਔਲਖ 187)

ਅਜਿਹੇ ਸਮਾਜ ਵਿਚ ਆਰਥਿਕਤਾ ਹੀ ਪਰਿਵਾਰਕ ਸਮਾਜਿਕ ਰਿਸ਼ਤਿਆਂ ਦੀ ਪਰਿਭਾਸ਼ਾ ਪਰਿਵਰਤਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮੋਹ ਦੇ ਰਿਸ਼ਤੇ ਆਰਥਿਕਤਾ ਦੇ ਰਿਸ਼ਤਿਆਂ ਵਿਚ ਤਬਦੀਲ ਹੋ ਜਾਂਦੇ ਹਨ। ਜਸਦੇਵ ਦੀ ਆਦਰਸ਼ਕ ਸੋਚ ਹੀ ਉਸਨੂੰ ਅਨੇਕਾਂ ਮੁਸੀਬਤਾਂ ਝੱਲਣ ਦੇ ਬਾਵਜੂਦ ਵੀ ਆਪਣੇ ਪਰਿਵਾਰਕ ਪਿਛੋਕੜ ਦਾ ਮੋਹ ਭੰਗ ਨਹੀਂ ਹੋਣ ਦਿੰਦੀ। ਨਿਮਨ-ਕਿਸਾਨੀ ਦੀ ਮੰਦਹਾਲੀ ਦਾ ਮੂਲ ਕਾਰਨ ਕਰਜ਼ਾ ਹੈ। ਇਸ ਨਾਟਕ ਵਿਚ ਵੀ ਕਰਜ਼ਾ ਲੈ ਕੇ ਲਏ ਟਰੈਕਟਰ ਦੀਆਂ ਕਿਸ਼ਤਾਂ ਦਾ ਪ੍ਰਬੰਧ ਕਰਨ ਲਈ ਬਾਪੂ ਜਸਦੇਵ ਕੋਲ ਆਉਂਦਾ ਹੈ। ਸਮੁੱਚੇ ਰੂਪ ਵਿਚ ਇਸ ਨਾਟਕ ਦੀ ਕਥਾ ਨਿਮਨ-ਕਿਸਾਨੀ ਦੀ ਆਰਥਿਕ ਤ੍ਰਾਸਦੀ ਅਤੇ ਪਿੰਡ ਵਿਚਲੇ ਉਸਦੇ ਪਿਤਾ ਅਤੇ ਭਰਾਵਾਂ ਦੀ ਆਰਥਿਕ ਦਸ਼ਾ ਬਿਆਨ ਕਰਦੀ ਹੈ।

ਮਾੜੀ ਆਰਥਿਕਤਾ, ਕਰਜ਼ੇ ਦੀ ਸਮੱਸਿਆ, ਕਾਰਪੋਰੇਟਸ ਕੰਪਨੀਆਂ/ਬੈਂਕਾਂ ਦੇ ਗੇੜਿਆਂ ਦੇ ਸਤਾਏ ਅਤੇ ਬੇ-ਜ਼ਮੀਨੇ ਹੋਣ ਦੇ ਸੰਤਾਪ ਦੇ ਡਰੋਂ ਨਿਮਨ-ਕਿਸਾਨੀ ਆਰਥਿਕ ਢਾਂਚੇ ਨਾਲ ਸੰਘਰਸ਼ ਕਰਨ ਤੋਂ ਅਸਮਰੱਥ ਹੋ ਜਾਂਦੀ ਹੈ। ਅਜਿਹੀ ਅਸਮਰੱਥਾ ਵਿਚੋਂ ਹੀ ਉਹ ਆਤਮਘਾਤ/ਆਤਮਹੱਤਿਆ ਕਰਨ ਦਾ ਰਾਹ ਅਪਣਾਉਂਦੀ ਹੈ। 'ਐਇੰ ਨੀ ਹੁਣ ਸਰਨਾ' ਨਾਟਕ ਵਿਚ ਨਿਮਨ-ਕਿਸਾਨੀ ਦੀ ਇਸੇ ਸਮੱਸਿਆ ਨੂੰ ਪੇਸ਼ ਕੀਤਾ ਹੈ। ਬਚਨਾ ਸਪਰੇਅ ਪੀ ਕੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕਰਦਾ ਹੈ।

> ਬਚਨਾ: ਤੇ ਅੱਜ ਬਾਪੂ। ਤੇਰਾ ਇਹ ਸ਼ੇਰ ਪੁੱਤ ਵੀ ਓਹੀ ਕਰੂਗਾ, ਜਿਹੜਾ ਉਸਦੇ ਸ਼ੇਰ ਬਾਪ ਨੇ ਕੀਤਾ ਸੀ।? ਤੂੰ ਫਾਹਾ ਲਿਆ ਸੀ ਨਾ ਬਾਪੂ।? (ਸਪਰੇਅ ਵਾਲੀ ਪੀਪੀ ਚੁੱਕ ਕੇ ਉਤਾਹਾਂ ਵੱਲ ਕਰਦਾ) ਮੈਂ ਆਹ ਪੀਉਂਗਾ ਬਾਪੂ। ਆਹਾ। ਅਵਦੀ ਫ਼ਸਲ ਉਤੇ ਛਿੜਕਣ ਵਾਲੀ ਦਵਾਈ। (ਔਲਖ 238)

ਇਸ ਤਰ੍ਹਾਂ ਨਾਟਕ ਵਿਚੋਂ ਪਤਾ ਚਲਦਾ ਹੈ ਕਿ ਘਾਟੇ ਦੀ ਖੇਤੀ ਅਤੇ ਮਾੜੀ ਆਰਥਿਕਤਾ ਕਾਰਨ ਹੀ ਉਸਦਾ ਬਾਪੂ ਫਾਹਾ ਲੈ ਕੇ ਮਰਿਆ ਸੀ। ਇਸ ਪ੍ਰਕਾਰ ਪੰਜਾਬ ਵਿਚ ਕਿਸਾਨ ਦੀ ਮਾੜੀ ਆਰਥਿਕਤਾ ਕਰਜ਼ੇ ਕਾਰਨ ਹੀ ਹੋਈ ਹੈ ਜੋ ਪੀੜ੍ਹੀ ਦਰ ਪੀੜ੍ਹੀ ਉਸਨੂੰ ਤ੍ਰਾਸਦਿਕ ਹਾਲਤਾਂ ਵੱਲ ਧੱਕਦੀ ਹੈ ਅਤੇ ਕਈ ਵਾਰ ਆਤਮਘਾਤ ਕਰਨ ਲਈ ਮਜਬੂਰ ਕਰਦੀ ਹੈ।

ਨਾਟਕ ਵਿਚ ਕਾਰਪੋਰੇਟ ਜਗਤ ਦੁਆਰਾ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਚਾਲ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਵਿਚ ਬਿਜਲੀ ਦਾ ਕਾਰਖਾਨਾ ਲਗਾਇਆ ਜਾਣਾ ਹੈ ਅਤੇ ਇਸ ਵਾਸਤੇ ਕਿਸਾਨਾਂ ਦੀ ਲਗਭਗ ਬਾਰਾਂ-ਤੇਰਾਂ ਸੌ ਕਿੱਲਾ ਜ਼ਮੀਨ

ਖਰੀਦੀ ਜਾਂਦੀ ਹੈ। ਇਹ ਜ਼ਮੀਨ ਹਕੂਮਤ ਧਿਰ ਕਾਰਪੋਰੇਟ ਜਗਤ ਦੀ ਹੱਥ-ਠੋਕਾ ਬਣਕੇ ਆਮ-ਅਵਾਮ ਤੋਂ ਖੋਹਣ ਦੀ ਕੋਸ਼ਿਸ਼ ਕਰਦੀ ਹੈ।

> ਰੰਧਾਵਾ: ਅੱਧਾ ਨੀ, ਤੀਜਾ ਹਿੱਸਾ ਈ ਤਿਆਰ ਹੋ ਜੇ ਬਹੁਤ ਐ। ਬਾਕੀਆਂ ਨਾਲ ਤਾਂ ਫਿਰ ਦੂਜੇ ਤਰੀਕਿਆਂ ਨਾਲ ਵੀ ਨਜਿੱਠ ਲਾਂਗੇ (ਔਲਖ 262)

ਇਸ ਤਰ੍ਹਾਂ ਰੰਧਾਵਾ, ਐਮ ਡੀ ਨਾਲ ਗੱਲ ਕਰਦਾ ਹੋਇਆ ਹਕੂਮਤ ਦਾ ਅਸਲੀ ਚਿਹਰਾ ਦਿਖਾਉਂਦਾ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਸਰਮਾਏਦਾਰੀ ਕਿਸੇ ਵੀ ਤਰ੍ਹਾਂ ਕਿਸਾਨਾਂ ਤੋਂ ਉਨ੍ਹਾਂ ਦੀ ਜ਼ਮੀਨ ਖੋਹਣ ਦੀ ਕੋਸ਼ਿਸ਼ ਕਰਦੀ ਹੈ। ਇਸ ਤਰ੍ਹਾਂ ਬੇ-ਜ਼ਮੀਨੇ ਹੋਣ ਦੇ ਡਰ ਵਿਚੋਂ ਹੀ ਸੰਘਰਸ਼ ਪੈਦਾ ਹੁੰਦਾ ਹੈ।

ਦੂਜੇ ਪਾਸੇ ਸਰਮਾਏਦਾਰੀ ਨਿਮਨ-ਕਿਸਾਨੀ ਤੋਂ ਜ਼ਮੀਨ ਹਥਿਆਉਣ ਲਈ ਉਨ੍ਹਾਂ ਨੂੰ ਨਸ਼ੇ ਵਿਚ ਡੁੱਬਣ ਲਈ ਮਜਬੂਰ ਕਰਦੀ ਹੈ। ਡਾ. ਅਨੀਤਾ ਦੇ ਇਸ ਸੰਬੰਧੀ ਵਿਚਾਰ ਗੌਲਣਯੋਗ ਹਨ।

> ਸਰਮਾਏਦਾਰਾਂ ਦੀ ਨਜ਼ਰ ਗ਼ਰੀਬ ਕਿਸਾਨ ਦੀ ਜ਼ਮੀਨ ’ਤੇ ਹਮੇਸ਼ਾਂ ਬਣੀ ਰਹਿੰਦੀ ਹੈ। ਉਹ ਕਿਸੇ ਨਾ ਕਿਸੇ ਬਹਾਨੇ ਨਿਮਨ ਕਿਸਾਨ ਦੀ ਜ਼ਮੀਨ ਹੜਪਣਾ ਚਾਹੁੰਦੇ ਹਨ। ਆਪਣੀ ਇਸ ਇੱਛਾ ਦੀ ਪੂਰਤੀ ਲਈ ਉਹ ਨਿਮਨ ਕਿਸਾਨ ਨੂੰ ਨਸ਼ੇ ਦੀ ਆਦਤ ਪਾ ਦਿੰਦੇ ਹਨ। ਨਸ਼ੇ ਦੀ ਆਦਤ ਨਿਮਨ ਕਿਸਾਨ ਦੀ ਪਰਿਵਾਰਕ ਜ਼ਿੰਦਗੀ ਦੇ ਦੁੱਖਾਂ ਵਿਚ ਵਾਧਾ ਕਰ ਦਿੰਦੀ ਹੈ। (ਅਨੀਤਾ 115)

ਔਲਖ ਦੇ ਨਾਟਕਾਂ ਵਿਚ ਸਰਮਾਏਦਾਰੀ ਦੀ ਅਜਿਹੀ ਚਾਲ ਸਾਫ਼ ਨਜ਼ਰ ਆਉਂਦੀ ਹੈ। ‘ਐਇੰ ਨੀ ਹੁਣ ਸਰਨਾ’ ਨਾਟਕ ਦਾ ਪਾਤਰ ਗਗਨ ਗ਼ਲਤ ਸੁਸਾਇਟੀ ਵਿਚ ਪੈ ਕੇ ਨਸ਼ੇ ਕਰਨ ਲੱਗ ਪੈਂਦਾ ਹੈ। ਇਸ ਤਰ੍ਹਾਂ ਹੀ ‘ਅਵੇਸਲੇ ਯੁੱਧਾਂ ਦੀ ਨਾਇਕਾ’ ਨਾਟਕ ਵਿਚ ਧਨਵੰਤ ਨਿਮਨ-ਕਿਸਾਨ ਯੋਧੇ ਦੀ ਜ਼ਮੀਨ ’ਤੇ ਕਬਜ਼ਾ ਕਰਨ ਲਈ ਉਸਨੂੰ ਨਸ਼ੇ ਦੀ ਆਦਤ ’ਤੇ ਲਗਾਉਂਦਾ ਹੈ। ਇਸ ਆਦਤ ਕਾਰਨ ਹੀ ਯੋਧਾ ਆਪਣੀ ਸਾਰੀ ਜ਼ਮੀਨ ਧਨਵੰਤ ਦੇ ਨਾਂ ਲਿਖਾਉਣ ਨੂੰ ਤਿਆਰ ਹੋ ਜਾਂਦਾ ਹੈ। ਯੋਧਾ ਧਨਵੰਤ ਨੂੰ ਕਹਿੰਦਾ ਹੈ।

ਯੋਧਾ: ਬਾਈ ਮੁਕੱਦਮੇ 'ਤੇ ਭਾਵੇਂ ਲੱਖ ਲਗ ਜੇ, ਉਹ ਤੂੰ ਸਾਰਾ ਮੇਰੇ ਕੰਨੀਂ ਲਿਖ ਲੀਂ। ਪਰ ਤੂੰ ਮੈਨੂੰ ਐਇੰ ਨਸ਼ੇ ਦੇ ਤੋੜਿਉਂ ਨਾ ਮਰਨ ਦੇਹ। ਦੇਖ ਲਾਇਆ ਤੈਂ ਸੀ, ਹੁਣ ਲਾਜ ਵੀ ਤੂੰ ਈ ਰੱਖ ਇਹ ਦੀ। (ਔਲਖ 255)

ਪਰ ਇਹ ਵੀ ਨਹੀਂ ਕਿ ਨਿਮਨ-ਕਿਸਾਨੀ ਨੂੰ ਸਰਮਾਏਦਾਰੀ ਪ੍ਰਤੱਖ ਰੂਪ ਵਿਚ ਅਜਿਹਾ ਕਰਨ ਲਈ ਪ੍ਰੇਰਿਤ ਕਰਦੀ ਹੈ, ਬਲਕਿ ਅਪ੍ਰਤੱਖ ਰੂਪ ਵਿਚ ਵੀ ਅਜਿਹਾ ਸੰਭਵ ਹੋ ਜਾਂਦਾ ਹੈ। 'ਊਈ ਮੂਈ ਦਾ ਕੁਸ਼ ਨੀਂ ਹੁੰਦਾ' ਨਾਟਕ ਵਿਚ ਜੱਗਾ ਗ਼ਰੀਬ ਕਿਸਾਨੀ ਨਾਲ ਸੰਬੰਧਤ ਨੌਜਵਾਨ ਹੈ। ਜੋ ਸ਼ਰਾਬੀ ਹਾਲਤ ਵਿਚ ਆਪਣੇ ਮਾਂ-ਬਾਪ ਨੂੰ ਉਸਦੀ ਮਾੜੀ ਆਰਥਿਕ ਸਥਿਤੀ ਦਾ ਦੋਸ਼ੀ ਮੰਨਦਾ ਹੈ।

ਜੱਗਾ... ਥੋਡੀ ਛੀ ਕਿੱਲੇ ਭੋਇੰ ਥੋਡੇ ਘਰ ਦੀ ਮਾੜੀ ਹਾਲਤ ਵਾਰ ਵਾਰ ਯਾਦ ਕਰਾ ਕੇ ਥੋਨੂੰ ਵਰਜਦੀ ਰਹੀ ਬਈ ਥੋੜੀ ਭੋਇੰ ਵਾਲੇ ਗ਼ਰੀਬ  ਕਿਸਾਨ ਨੂੰ ਐਨੇ ਬੱਚੇ ਘਰ ਵਿਚ ਨਹੀਂ ਆਉਣ ਦੇਣੇ ਚਾਹੀਦੇ। ਪਰ ਤੁਸੀਂ ਇਕ ਤੋਂ ਬਾਦ ਇਕ ਕੁੜੀ ਜੰਮ-ਜੰਮ ਕੇ ਕੁੜੀਆਂ ਨਾਲ ਅਵਦਾ ਘਰ ਭਰ ਲਿਆ। (ਔਲਖ 287)

ਸਮੁੱਚੀ ਸਥਿਤੀ ਤੋਂ ਪਤਾ ਚਲਦਾ ਹੈ ਕਿ ਜੱਗਾ ਮਾੜੀ ਆਰਥਿਕ ਸਥਿਤੀ ਕਾਰਨ ਹੀ ਸ਼ਰਾਬ ਪੀਣ ਲੱਗਾ ਹੈ। ਉਸਦੀ ਮਾਂ ਉਸਨੂੰ ਇਸ ਆਦਤ ਤੋਂ ਵਰਜਦੀ ਵੀ ਹੈ ਪਰ ਜੱਗਾ ਇਸ ਤੋਂ ਅਗਾਂਹ ਖੁਦਕੁਸ਼ੀ ਕਰਨ ਦੀ ਗੱਲ ਕਹਿੰਦਾ ਹੈ।

ਜੱਗੇ ਦੀ ਮਾੜੀ ਸਥਿਤੀ ਨੂੰ ਸੁਧਾਰਨ ਹਿੱਤ ਜੱਗੇ ਦੀ ਭੈਣ ਉਸਦਾ ਕਾਗਜ਼ੀ ਵਿਆਹ ਉਸਦੀ ਭਾਣਜੀ ਨਾਲ ਕਰਨ ਨੂੰ ਤਿਆਰ ਹੈ। ਜਿਸ ਲਈ ਸਾਰਾ ਪਰਿਵਾਰ ਸਹਿਮਤੀ ਪ੍ਰਗਟਾਉਂਦਾ ਨਜ਼ਰ ਆਉਂਦਾ ਹੈ, ਕਿਉਂਕਿ ਇੱਧਰ ਘੱਟ ਜ਼ਮੀਨ ਅਤੇ ਕਰਜ਼ੇ ਕਾਰਨ ਉਸਦਾ ਵਿਆਹ ਹੋਣਾ ਅਸੰਭਵ ਹੈ। ਸ਼ਾਹਾਂ ਤੋਂ ਲਿਆ ਗਿਆ ਕਰਜ਼ਾ ਸਮੇਂ ਸਿਰ ਨਾ ਮੋੜਨ ਕਰਕੇ ਸ਼ਾਹਾਂ ਦੁਆਰਾ ਕਿਸਾਨਾਂ ਦੀ ਕੀਤੀ ਜਾਂਦੀ ਹੱਤਕ ਨੂੰ ਨਾਟਕਕਾਰ ਨੇ 'ਜਦੋਂ ਬੋਹਲ ਰੋਂਦੇ ਹਨ' ਵਿਚ ਪੇਸ਼ ਕੀਤਾ ਹੈ। ਕਿਸਾਨ ਆਪਣੀ ਭੋਇੰ ਤੋਂ ਹੋਈ ਪੈਦਾਵਾਰ ਤੋਂ ਵੱਧ ਕੇ ਕਰਜ ਚੁੱਕਦੇ ਹਨ, ਜਿਸ ਕਾਰਨ ਜ਼ਮੀਨ ਤੋਂ ਹੋਈ ਪੈਦਾਵਾਰ ਵਿਚੋਂ ਇਸ ਕਰਜ਼ ਨੂੰ ਚੁਕਤਾ ਨਹੀਂ ਕਰ ਸਕਦੇ। ਨਾਟਕ ਵਿਚ ਭਗਤੇ ਦੇ ਘਰ ਹਾੜੀ ਦੀ ਫ਼ਸਲ ਆ ਰਹੀ ਹੈ। ਉਸਦੀ ਘਰਵਾਲੀ ਅਤੇ ਸਾਰਾ ਪਰਿਵਾਰ ਬੇਅੰਤ ਖੁਸ਼ ਦਿਖਾਈ ਦੇ ਰਹੇ ਹਨ।

ਨਸੀਬ ਕੌਰ: ਲੈ ਮਨ ਪਸੰਦ ਦੀ ਦਾਲ ਭਾਜੀ ਕਰਲੋ। ਅੱਜ ਦਾ ਦਿਨ ਤਾਂ ਸੁੱਖ ਨਾਲ ਵਰੇ ਦਿਨਾਂ ਦੇ ਦਿਨ ਅਰਗੈ। ਲਹੂ ਪਸੀਨੇ ਦੀ ਕਮਾਈ ਆ ਵੜੇ ਘਰੇ ਤਾਂ ਤਿੱਥ ਤਿਹਾਰ ਅਰਗੀ ਖੁਸ਼ੀ ਹੁੰਦੀ ਐ। ਜਾਹ ਪੁੱਤ ਆਸੀ ਤੂੰ ਜਾਹ, ਤੂੰ ਲਿਆ ਪੂਹਲੀ ਦੀ ਹੱਟੀ ਤੋਂ ਚੰਗੀ ਜੀ ਹਰੀ ਭਾਜੀ ਦੇਖ ਕੇ। (ਔਲਖ 12)

ਪਰ ਆਸੀ ਕਰਾੜ ਦੀ ਦੁਕਾਨ ਤੋਂ ਜਾਣ ਤੋਂ ਕਤਰਾਉਂਦਾ ਹੈ, ਕਿਉਂਕਿ ਪਿਛਲੇ ਸਮੇਂ ਤੋਂ ਉਨ੍ਹਾਂ ਨੇ ਉਸਦਾ ਕਰਜਾ ਦੇਣਾ ਹੈ। ਬੇਸ਼ੱਕ ਨਿਮਨ-ਕਿਸਾਨੀ ਦੇ ਘਰੇ ਫ਼ਸਲ ਆਉਣ ਨਾਲ ਖ਼ੁਸ਼ੀ ਆਉਂਦੀ ਹੈ।ਪਰ ਸ਼ਾਹਾਂ, ਸੋਸਾਇਟੀਆਂ ਦਾ ਕਰਜ਼ਾ ਉਨ੍ਹਾਂ ਦੇ ਚੇਤਿਆਂ ਵਿਚ ਵਸਿਆ ਰਹਿੰਦਾ ਹੈ। ਇਸੇ ਕਰਕੇ ਆਸਵੰਤ ਖੁਸ਼ੀ ਵਿਚ ਗਾਉਂਦਾ ਹੋਇਆ ਵੀ ਇਸ ਫ਼ਿਕਰ ਵਿਚ ਹੈ ਕਿ 'ਜਰਵਾਣੇ' ਉਨ੍ਹਾਂ ਦੀ ਸਾਰੀ ਫਸਲ ਲੈ ਜਾਣਗੇ।

ਆਸਵੰਤ: ਓਇ ਬਾਰੀ ਬਰਸੀਂ ਖੱਟਣ ਗਿਆ ਸੀ।

ਬਾਰੀ ਬਰਸੀ ਖੱਟਣ ਗਏ ਸੀ।

ਮਾਧੋ: ਕੀ ਖੱਟ ਲਿਆਂਦਾ?

ਆਸੀ: ਖੱਟ ਕੇ ਲਿਆਂਦੇ ਦਾਣੇ।

ਮਾਧੋ: ਅੱਛੈ? ਦਾਣੇ?

ਆਸੀ: ਹਾਂ ਦਾਣੇ

ਅੱਜ ਮਾਧੋ ਖਾ ਲੈ ਰੱਜ ਕੇ ਫੇਰ ਲੈ ਜਾਣਗੇ ਜਰਵਾਣੇ।

ਅੱਜ ਮਾਧੋ ਖਾ ਲੈ ਰੱਜ ਕੇ। (ਔਲਖ 14)

ਖ਼ੁਸ਼ੀ ਦਾ ਮਾਹੌਲ ਇਨ੍ਹਾਂ ਨਿਮਨ-ਕਿਸਾਨੀ ਦੇ ਘਰ ਵਿਚ ਥਿਰ ਨਹੀਂ ਰਹਿੰਦਾ ਬਲਕਿ ਕੁਝ ਪਲ ਹੀ ਆਉਂਦਾ ਹੈ, ਕਿਉਂਕਿ ਫ਼ਸਲ ਆਉਣ ਵੇਲੇ ਖੁਸ਼ੀ ਆਉਂਦੀ ਹੈ ਅਤੇ ਨਾਲ ਹੀ ਬੈਂਕ ਦੇ ਅਧਿਕਾਰੀ, ਬਾਣੀਏ ਅਤੇ ਕੋਆਪਰੇਟਿਵ ਸੁਸਾਇਟੀ ਦੇ ਅਧਿਕਾਰੀ ਕਿਸ਼ਤਾਂ ਲੈਣ ਲਈ ਆ ਜਾਂਦੇ ਹਨ। ਜਿਹੜੇ ਉਨ੍ਹਾਂ ਦੀਆਂ ਸਾਧਾਰਨ ਲੋੜਾਂ ਦੀ ਪੂਰਤੀ ਤੋਂ ਪਹਿਲਾਂ ਕਰਜ਼ੇ ਚੁਕਾਉਣ

ਲਈ ਕਹਿੰਦੇ ਹਨ। ਜਿਸ ਕਾਰਨ ਉਹ ਆਪਣੇ ਜਵਾਕਾਂ (ਧੀ-ਪੁੱਤ) ਦੀਆਂ ਮੰਗਾਂ ਵੀ ਪੂਰੀਆਂ ਨਹੀਂ ਕਰ ਸਕਦੇ। ਨਾਟਕ ਵਿਚ ਭਗਤੇ ਦੀ ਵੱਡੀ ਕੁੜੀ ਕਰਮਜੀਤ ਮਾਂ ਤੋਂ ਸੋਹਣਾ ਸੂਟ, ਦਸੂਤੀ ਦੀ ਚਾਦਰ, ਆਦਿ ਸਮਾਨ ਦੀ ਮੰਗ ਕਰਦੀ ਹੈ ਅਤੇ ਛੋਟੀ ਕੁੜੀ ਪਾਲੀ ਰਬੜ ਦੀ ਗੁੱਡੀ ਮੰਗਦੀ ਹੈ ਪਰ ਮਾੜੀ ਆਰਥਿਕਤਾ ਕਾਰਨ ਉਹ ਦੋਵਾਂ ਕੁੜੀਆਂ ਦੀਆਂ ਮੰਗਾਂ ਪੂਰਨ ਤੋਂ ਅਸਮਰੱਥ ਹੈ।

> ਨਸੀਬ ਕੁਰ: ਕੀ ਕਰਾਂ ਪੁੱਤ, ਜੀਅ ਤਾਂ ਐਂ ਕਰਦੈ ਬਈ ਆਵਦੀ ਧੀ ਲਈ ਸੰਦੂਕ ਭਰ ਦਿਆਂ ਕੱਪੜਿਆਂ ਦਾ। ਪਰ ਕਬੀਲਦਾਰੀ ਦੇ ਝੰਜਟ... ਹੁਣ ਤੈਥੋਂ ਕਿਹੜਾ ਕੁਛ ਲੁਕਿਆ ਵਿਐ। ਐਤਕੀਂ ਤਾਂ ਕਣਕ ਘਰੇ ਆਗੀ, ਪਰ ਅੱਧੀ ਤਾਂ ਗੜਿਆਂ ਨੇ ਮਾਰਤੀ ਸੀ, ਰਹਿੰਦੀ ਪੂਹਲੀ ਖੇਤੋਂ ਈ ਲੈ ਗਿਆ ਸੀ ਟਰਾਲੀ ਭਰਕੇ।
>
> (ਔਲਖ 18)

ਇਨ੍ਹਾਂ ਘੱਟ ਜ਼ਮੀਨੇ-ਕਿਸਾਨਾਂ ਦੇ ਮਨਾਂ ਵਿਚ ਹਮੇਸ਼ਾ ਕਰਜ਼ੇ ਦੇ ਭਾਰ ਦੀ ਦਾਬ ਰਹਿੰਦੀ ਹੈ, ਜਿਸ ਕਾਰਨ ਇਹ ਸਰਮਾਏਦਾਰੀ, ਲੋਟੂ ਸਮਾਜ ਤੋਂ ਬਚ ਨਹੀਂ ਸਕਦੇ ਅਤੇ ਇਸੇ ਕਰਕੇ ਆਸਵੰਤ ਇਨ੍ਹਾਂ ਨੂੰ ਭੂਤ ਕਹਿੰਦਾ ਹੈ, ਜਿਹੜੇ ਕਦੇ ਵੀ ਖਹਿੜਾ ਨਹੀਂ ਛੱਡਦੇ ਅਤੇ ਲੇਹੇ ਵਾਂਗੂੰ ਚੰਬੜੇ ਰਹਿੰਦੇ ਹਨ।

### 2.1.2.ਬੇਜ਼ਮੀਨੇ ਲੋਕਾਂ ਦੀਆਂ ਆਰਥਿਕ ਸਮੱਸਿਆਵਾਂ ਦਾ ਅਧਿਐਨ

'ਸੁੱਕੀ ਕੁੱਖ' (ਮੇਰੇ ਸਾਰੇ ਲਘੂ ਨਾਟਕ) ਨਾਟਕ ਵਿਚ ਗ਼ਰੀਬ ਪਰਿਵਾਰ ਦੀ ਕਹਾਣੀ ਪੇਸ਼ ਕੀਤੀ ਗਈ ਹੈ ਜੋ ਜਾਤੀ ਤੌਰ 'ਤੇ ਮਜ਼ਬੀ ਅਤੇ ਜਮਾਤੀ ਤੌਰ 'ਤੇ ਬੇ-ਜ਼ਮੀਨੇ ਕਿਸਾਨ/ਪਰੋਲੋਤਾਰੀਅਤ ਜਮਾਤ ਨਾਲ ਜੁੜੇ ਹੋਏ ਹਨ। ਸਮੁੱਚਾ ਨਾਟ ਸੰਦਰਭ ਗ਼ਰੀਬ ਪਰਿਵਾਰ ਦੀ ਔਰਤ ਦੇ ਸੰਤਾਨ ਨਾ ਹੋਣ ਦੇ ਸੰਤਾਪ ਨੂੰ ਪੇਸ਼ ਕਰਦਾ ਹੈ ਜੋ ਸੰਤਾਨ ਪ੍ਰਾਪਤੀ ਲਈ ਅੰਧ-ਵਿਸ਼ਵਾਸ ਤਹਿਤ ਬੱਚੇ ਦੀ ਬਲੀ ਦੇਣ ਲਈ ਤਿਆਰ ਹੁੰਦੀ ਹੈ। ਨਾਟਕ ਵਿਚ ਧੰਨੋ ਅਤੇ ਤੋਤੀ ਗ਼ਰੀਬ ਪਰਿਵਾਰ ਨਾਲ ਸਬੰਧਿਤ ਹਨ, ਜਿਨ੍ਹਾਂ ਕੋਲ ਕੋਈ ਸੰਤਾਨ ਨਹੀਂ ਹੈ। ਇਸ ਲਈ ਧੰਨੋ ਨੂੰ ਬਾਂਝ ਹੋਣ ਕਾਰਨ ਤਰ੍ਹਾਂ-ਤਰ੍ਹਾਂ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ। ਉਸਦਾ ਟੱਲੀ ਨਾਲ ਲਗਾਓ ਹੈ। ਟੱਲੀ ਗ਼ਰੀਬ ਪਰਿਵਾਰ ਨਾਲ ਸੰਬੰਧਿਤ ਹੈ। ਨਾਟ ਕਥਾ ਤੋਂ ਪਤਾ ਚਲਦਾ ਹੈ ਕਿ ਜਦੋਂ ਧੰਨੋ ਟੱਲੀ ਦੇ ਬਾਪੂ ਨੂੰ 'ਸਿਆਣਾ' ਕਹਿੰਦੀ ਹੈ ਤਾਂ ਟੱਲੀ ਉਸਨੂੰ ਕਹਿੰਦਾ ਹੈ ਕਿ ਉਸਦਾ 'ਬਾਪੂ ਕੋਈ ਸਿਆਣਾ ਨਹੀਂ' ਕਿਉਂਕਿ,

ਟੱਲੀ: ਕਈ ਦਿਨ ਹੋ ਗੇ ਮੈਨੂੰ ਕਹਿੰਦਾ, ਹੁਣ ਤੂੰ ਵੱਡਾ ਹੋ ਗਿਆ, ਬੱਕਰੀਆਂ ਚਾਰਨ ਵਗ ਜਿਆ ਕਰ ਅਵਦੇ ਬਾਬੇ ਨਾਲ। ਗਾਹਾਂ ਆਲੇ ਸਾਲ ਤੋਂ ਤੈਨੂੰ ਕਿਸੇ ਜੱਟ ਨਾਲ ਪਾਲੀ ਰਲਾ ਦਿਆ ਕਰਾਂਗੇ ....। ਕਹਿੰਦਾ ਪੜ੍ਹਕੇ ਕਿਹੜਾ ਠਾਣੇਦਾਰ ਬਣਜੇਂ ਗਾ। ਆਹੀ ਜੱਟਾਂ ਦਾ ਗੋਲਪੁਣਾ ਕਰਨੈ। ਉਹ ਹੁਣੇ ਤੋਂ ਈ ਕਰਨ ਲੱਗ ਜਾ। (ਔਲਖ 74)

ਟੱਲੀ ਨੂੰ ਧੰਨੋ ਉਸਦੇ ਬਾਪ ਦੀ ਮਜ਼ਬੂਰੀ ਦੱਸਦੀ ਹੈ ਕਿ ਪਹਿਲਾਂ ਉਹ ਕੰਮ ਕਰਦਾ ਗੱਡੇ ਤੋਂ ਡਿੱਗ ਪਿਆ, ਜਿਸ ਕਾਰਨ ਉਸਦੇ ਸ਼ਰੀਰ ਵਿਚ ਬੱਜ ਪੈ ਗਿਆ ਅਤੇ ਕੋਈ ਵੀ ਜੱਟ ਉਸਨੂੰ ਸੀਰੀ ਨਹੀਂ ਰਲਾਉਂਦਾ। ਗ਼ਰੀਬ ਪਰਿਵਾਰਾਂ ਕੋਲ ਕਮਾਈ ਦਾ ਹੋਰ ਕੋਈ ਸਾਧਨ ਨਹੀਂ ਹੁੰਦਾ, ਇਸ ਲਈ ਟੱਲੀ ਕਹਿੰਦਾ ਹੈ।

ਟੱਲੀ: ਚੰਗਾ ਤਾਈ ਹੁਣ ਮੈਂ ਛੇਤੀ-ਛੇਤੀ ਵੱਡਾ ਹੋਊਂ (ਖੜਾ ਹੁੰਦਾ ਉਤਾਂਹ ਬਾਂਹ ਕਰਕੇ) ਐਡਾ ਵੱਡਾ। ਰੱਬ ਜਿੱਡਾ। ਫੇਰ ਮੈਂ ਜੱਟਾਂ ਨਾਲ ਸੀਰੀ ਰਲਿਆ ਕਰੂੰ। ਹਲ ਵਾਹਿਆ ਕਰੂੰ, ਵੱਡੀਆਂ ਵੱਡੀਆਂ ਪੰਡਾਂ ਚੱਕਿਆ ਕਰੂੰ, ਨੱਕੇ ਵੱਡਿਆਂ.. (ਔਲਖ 74)

ਸਿਰਫ਼ ਇਹ ਹੀ ਨਹੀਂ ਨਾਟਕ ਵਿਚ ਗ਼ਰੀਬ ਪਰਿਵਾਰਾਂ ਦੀਆਂ ਹੋਰਨਾਂ ਮਜ਼ਬੂਰੀਆਂ ਨੂੰ ਵੀ ਪੇਸ਼ ਕੀਤਾ ਹੈ, ਜਿਸਤੋਂ ਗਰੀਬਾਂ ਦੀ ਆਰਥਿਕ ਮੰਦਹਾਲੀ ਦਾ ਪਤਾ ਚੱਲਦਾ ਹੈ।

'ਬਗਾਨੇ ਬੋਹੜ ਦੀ ਛਾਂ' (ਮੇਰੇ ਸਾਰੇ ਲਘੂ ਨਾਟਕ) ਨਾਟਕ ਵਿਚ ਬਿਸ਼ਨੀ ਬਜ਼ੁਰਗ ਔਰਤ ਹੈ, ਜਿਸਦੇ ਪਰਿਵਾਰ ਨੂੰ ਉਸਦੇ ਸ਼ਰੀਕਾਂ ਨੇ ਸ਼ਰੇਆਮ ਕਤਲ ਕਰ ਦਿੱਤਾ ਸੀ। ਸਰਮਾਏਦਾਰੀ ਯੁੱਗ ਵਿਚ ਕਾਨੂੰਨ ਨੂੰ ਪੈਸੇ ਦੇ ਜ਼ੋਰ ਨਾਲ ਖਰੀਦ ਕੇ ਮਨਚਾਹੇ ਫੈਸਲੇ ਪ੍ਰਾਪਤ ਕੀਤੇ ਜਾਂਦੇ ਹਨ। ਨਿਮਨ-ਕਿਸਾਨੀ ਆਪਣੇ ਬੱਚਿਆਂ ਦੇ ਸੁਪਨੇ ਪੂਰੇ ਕਰਨ ਤੋਂ ਅਸਮਰੱਥ ਸਾਬਤ ਹੋਈ ਹੈ। ਜਦੋਂ ਬਿੰਦਰ ਟੂਰ 'ਤੇ ਜਾਣ ਲਈ ਘਰੋਂ ਪੈਸੇ ਮੰਗਦਾ ਹੈ ਤਾਂ ਗੁਰਨਾਮ ਕੌਰ ਆਰਥਿਕ ਤੰਗੀ ਤੁਰਸ਼ੀ ਕਰਕੇ ਪੈਸਿਆਂ ਤੋਂ ਨਾਂਹ ਕਰਦੀ ਲੰਬੜਾਂ ਦੁਆਰਾ ਕਮਾਏ ਗਏ ਕਾਲੇ ਧੰਦੇ ਦੇ ਨਜਾਇਜ਼ ਪੈਸੇ ਬਾਰੇ ਦੱਸਦੀ ਹੈ।

ਗੁਰਨਾਮ: ਵੱਡਿਆਂ ਦੀ ਰੀਸ ਕਰਦੈ। ਕਹਿੰਦਾ ਲੰਬੜਦਾਰਾਂ ਦਾ ਪੰਮੀ ਵੀ ਜਾਊ। ਪੰਮੀ ਦਾ ਪਿਉ ਤਾਂ ਫੀਮਾਂ ਵੇਚਦੈ, ਹਰਾਮ ਦਾ ਪੈਸਾ ਐ,(ਅੰਦਰ ਜਾਂਦੀ ਜਾਂਦੀ) ਬੰਮਈ ਛੱਡ ਭਾਵੇਂ ਦਿੱਲੀ ਭੇਜ ਦੇ। (ਔਲਖ 48)

ਇਸ ਮਾੜੀ ਆਰਥਿਕ ਹਾਲਤ ਕਾਰਨ ਘਰਾਂ ਵਿਚ ਕਲੇਸ਼ ਵੱਧਦੇ ਹਨ। 'ਬਗਾਨੇ ਬੋਹੜ ਦੀ ਛਾਂ' ਨਾਟਕ ਵਿਚ ਗੱਜਣ ਸਿੰਘ ਅਤੇ ਉਸਦੇ ਛੋਟੇ ਭਰਾ ਗੇਲਾ ਸਿੰਘ ਵਿਚਾਲੇ ਇਹੀ ਸਥਿਤੀ ਉਤਪੰਨ ਹੁੰਦੀ ਹੈ। ਇਹੀ ਸਥਿਤੀ ਗੁਰਨਾਮ ਕੌਰ ਦੇ ਸੁਭਾਅ ਨੂੰ ਕੁੜੱਤਣ ਵਿਚ ਤਬਦੀਲ ਕਰਨ ਲਈ ਸਹਾਈ ਹੈ। ਨਾਟਕ ਵਿਚ ਸਿਰਫ਼ ਨਿਮਨ-ਕਿਸਾਨੀ ਹੀ ਨਹੀਂ ਬਲਕਿ ਬੇ-ਜ਼ਮੀਨੇ ਕਿਸਾਨਾਂ/ਮਜ਼ਦੂਰਾਂ ਦੀ ਆਰਥਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਵਿਚ ਦੌਲਾ ਆਪਣੇ ਮੁੰਡੇ ਨੂੰ ਇਸ ਲਈ ਕੁੱਟ ਮਾਰ ਰਿਹਾ ਹੈ ਕਿ ਉਹ ਠੀਕ ਢੰਗ ਨਾਲ ਪਸ਼ੂਆਂ ਨੂੰ ਚਰਾਉਂਦਾ ਨਹੀਂ ਹੈ। ਉਹ ਆਪਣੇ ਮੁੰਡੇ ਨੂੰ ਭਾਗੂ ਕੇ ਜੱਗਰ ਨਾਲ ਪਾਲੀ ਰਲਾਉਂਦਾ ਹੈ।

> ਦੌਲਾ:..... ਲਾਣੇਦਾਰਾ ਗੱਲ ਕੀ ਦੱਸਾਂ? ਮੇਰੀ ਤਾਂ ਦੋਇੰ ਪਾਸਿਓਂ ਜਾਨ ਕੁੜਿੱਕੀ ਚ ਆਈ ਵੀ ਐ.... । ਮੈਂ ਭਾਗੂ ਕੇ ਜੱਗਰ ਤੋਂ ਕੁੜੀ ਦੇ ਵਿਆਹ ਵੇਲੇ ਪੰਜ ਹਜ਼ਾਰ ਬਿਨਾਂ ਵਿਆਜੂ ਫੜਿਆ ਸੀ। ਉਹ ਕਹਿੰਦਾ, 'ਸਾਨੂੰ ਇਕ ਪਾਲੀ ਮੁੰਡੇ ਦੀ ਲੋੜ ਐ। ਮੈਂ ਕਿਹਾ ਬਈ ਚਲ ਇਹ ਏਥੇ ਘਰੇ ਕੁੱਤੇ ਖੱਸੀ ਕਰਦਾ ਫਿਰਦੈ, ਨਾਲੇ ਅਪਣੀ ਗਰਜ਼ ਸਰੂ, ਨਾਲੇ ਇਹ ਸੰਭਿਆ ਰਹੂ.... (ਔਲਖ 52)

ਨਾਟਕ ਵਿਚ ਮਜ਼ਦੂਰ ਜਮਾਤ ਦੀ ਆਰਥਿਕ ਮੰਦਹਾਲੀ ਦਾ ਇਹ ਪਤਾ ਚੱਲਦਾ ਹੈ ਕਿ ਉਹ ਵੱਡੇ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਕੰਮ ਕਰਕੇ ਪੂੰਜੀ ਕਮਾਉਂਦੇ ਹਨ। ਇਨ੍ਹਾਂ ਦੇ ਬੱਚੇ ਜੰਮਦੇ ਹੀ ਇਨ੍ਹਾਂ ਕੰਮਾਂ ਵਿਚ ਪਾਲੀ ਰੂਪ ਵਿਚ ਪੈ ਕੇ ਵੱਡੇ ਹੋ ਕੇ ਸੀਰੀ ਰੂਪ ਧਾਰਨ ਕਰਦੇ ਹਨ। ਬੇਹੱਦ ਗਰੀਬੀ ਕਾਰਨ ਇਹ ਲੋਕ ਬੱਚਿਆਂ ਨੂੰ ਪੜ੍ਹਾਉਣ ਤੋਂ ਕੰਨੀਂ ਕਤਰਾਉਂਦੇ ਹਨ।

> ਦੌਲਾ: ਤੂੰ ਤਾਂ ਲੰਬੜਦਾਰਾ ਕਮਲੀਆਂ ਗੱਲਾਂ ਕਰਦੈਂ। ਸਾਡਾ ਪੜ੍ਹਾ ਕੇ ਕਿੱਥੋਂ ਸਰਦਾ? ਜੇ ਕਿਸੇ ਨਾਲ ਸੀਰੀ ਪਾਲੀ ਰਲਾਵਾਂਗੇ ਤਾਂ ਤੇਰੇ ਅਰਗੇ ਸਰਦਾਰ ਤੋਂ ਦੋ ਮਣ ਕਣਕ ਚੱਕਾਂਗੇ ਖਾਣ ਨੂੰ। (ਔਲਖ 53)

ਇਸ ਤਰ੍ਹਾਂ ਸਮੁੱਚੇ ਨਾਟਕ ਵਿਚ ਬਗਾਨਾ ਬੋਹੜ ਸਰਮਾਏਦਾਰੀ ਨੂੰ ਕਿਹਾ ਹੈ। ਜਿਸ ਦੀ ਸੰਘਣੀ ਛਾਂ ਕਿਸਾਨ/ਮਜ਼ਦੂਰ ਕਦੇ ਵੀ ਨਹੀਂ ਮਾਣ ਸਕਦੇ ਅਤੇ ਆਪਣਾ ਸਾਰਾ ਜੀਵਨ ਆਰਥਿਕ ਤੰਗੀਆਂ ਨਾਲ ਜੂਝਦੇ ਗੁਜਾਰ ਦਿੰਦੇ ਹਨ।

## 2.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਆਰਥਿਕ ਪਰਿਪੇਖ ਸੰਬੰਧੀ ਚੇਤਨਾ

ਔਲਖ ਦੁਆਰਾ ਰਚਿਤ ਨਾਟਕ 'ਸੱਤ ਬਗਾਨੇ', 'ਤੂੜੀ ਵਾਲਾ ਕੋਠਾ' ਦਾ ਹੀ ਵਿਸਤਾਰਤ ਰੂਪ ਹੈ ਨਾਟਕ ਵਿਚ ਨਿਮਨ-ਕਿਸਾਨ ਦੀਆਂ ਪਰਿਵਾਰਕ ਰੁਚੀਆਂ ਪਿੱਛੇ ਕਾਰਜ਼ਸ਼ੀਲ ਅਰਥ-ਵਿਵਸਥਾ ਨੂੰ ਯਥਾਰਥਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪੀੜ੍ਹੀ ਦਰ ਪੀੜ੍ਹੀ ਜ਼ਮੀਨ ਦੀ ਵੰਡ ਕਾਰਨ ਜੱਟਾਂ ਦੇ ਵਿਆਹ ਨਾ ਹੋਣ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਨਾਟਕ ਦੇ ਸਮੁੱਚੇ ਪਸਾਰ ਬਾਰੇ ਡਾ. ਜਗੀਰ ਸਿੰਘ ਨੂਰ ਦਾ ਮੰਨਣਾ ਹੈ ਕਿ,

> ਔਲਖ ਨੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਪ੍ਰਸਥਿਤੀਆਂ ਵਿਚੋਂ ਪੈਦਾ ਹੋਈ ਕਿਸਾਨੀ ਦੀ ਤ੍ਰਾਸਦੀ ਨੂੰ ਯਥਾਰਥਵਾਦੀ ਦ੍ਰਿਸ਼ਟੀ ਤੋਂ ਪੇਸ਼ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਨਿੱਘਰੀ ਆਰਥਿਕਤਾ, ਸਮਾਜਕ ਰਿਸ਼ਤੇ ਪ੍ਰਬੰਧ ਵੀ ਕਈ ਤਰੇੜਾਂ ਪੈਦਾ ਕਰ ਦਿੰਦੀ ਹੈ। ਜਿਸਦੇ ਸਿੱਟੇ ਵਜੋਂ ਸਮਾਜਕ ਜੀਵਨ ਕਈ ਵਾਰ ਅਜਿਹੀਆਂ ਨਾਜ਼ੁਕ ਪ੍ਰਸਥਿਤੀਆਂ ਸਿਰਜ ਬੈਠਦਾ ਹੈ ਜਿਹੜੀਆਂ ਅੱਗੋਂ ਕਈ ਹੋਰ ਸਮੱਸਿਆਵਾਂ ਨੂੰ ਜਨਮ ਦਿੰਦੀਆਂ ਹਨ ਅਤੇ ਮਨੁੱਖ ਉਨ੍ਹਾਂ ਤੰਗੀਆਂ ਤੁਰਸ਼ੀਆਂ ਅਤੇ ਸੰਕਟਾਂ ਵਿਚ ਜੀਵਨ ਗੁਜ਼ਰਦਾ ਹੋਇਆ ਅੰਤ 'ਤੇ ਭੰਗ ਦੇ ਭਾੜੇ ਜੀਵਨ ਤੋਂ ਹੱਥ ਧੋ ਬੈਠਦਾ ਹੈ। ਜੱਟ ਦਾ ਜਾਤੀ ਅਭਿਮਾਨ, ਜ਼ਮੀਨ ਨਾਲ ਹੱਦੋਂ ਵੱਧ ਮੋਹ, ਬਦਲਾ ਲਊ ਭਾਵਨਾ, ਮੁਕੱਦਮੇਬਾਜੀ 'ਚ ਪੈਣ ਦੀ ਰੁਚੀ ਆਦਿ ਅਜਿਹੀਆਂ ਧਾਰਨਾਵਾਂ ਹਨ ਜਿਨ੍ਹਾਂ ਨੂੰ ਔਲਖ ਨੇ ਸਫਲਤਾ ਪੂਰਵਕ ਸੱਤ ਬਗਾਨੇ ਨਾਟਕ ਵਿਚ ਪ੍ਰਸਤੁਤ ਕੀਤਾ ਹੈ। (ਨੂਰ 56-57)

ਨਾਟਕ ਦੀ ਸਮੁੱਚੀ ਸਥਿਤੀ 'ਕੁਸ਼ ਨੀਂ ਭਰਾਵੋ ਜੂਨਾਂ, ਘਰ ਦੀ ਨਾਰ ਬਿਨਾਂ' 'ਤੇ ਟਿਕੀ ਹੋਈ ਹੈ। ਨਿਮਨ-ਕਿਸਾਨੀ ਨਾਲ ਸੰਬੰਧਤ ਮਰਦਾਂ ਨੂੰ ਮੁਸ਼ਕਲ ਨਾਲ ਹੀ ਨਾਰ ਜੁੜਦੀ ਹੈ, ਕਿਉਂਕਿ ਘੱਟ ਜ਼ਮੀਨ ਹੋਣ ਕਾਰਨ ਕੋਈ ਵੀ ਆਪਣੀ ਧੀ ਤੋਰਨ ਨੂੰ ਤਿਆਰ ਨਹੀਂ ਹੁੰਦਾ ਅਤੇ ਜੇਕਰ ਅਜਿਹਾ ਬੰਨ੍ਹ ਸੁੱਭ ਬਣ ਵੀ ਜਾਂਦਾ ਹੈ ਤਾਂ ਤਕੜੇ/ਸਿਆਣੇ ਪੈਸੇ ਦੀ ਤਾਕਤ ਨਾਲ ਉਨ੍ਹਾਂ ਦੀ ਮੰਗ ਨੂੰ ਵਿਆਹ ਲੈਂਦੇ ਹਨ। ਸਿੱਟੇ ਵਜੋਂ ਅਣਖ ਕਾਰਨ ਨਾਹਰੀ ਆਪਣੇ ਚਾਚੇ ਦਾ ਕਤਲ ਕਰ ਦਿੰਦਾ ਹੈ, ਜਿਸ ਕਾਰਨ ਉਸ ਦੀ ਤ੍ਰਾਸਦੀ ਹੋਰ ਵੀ ਸੰਘਣਾ ਰੂਪ ਧਾਰਨ ਕਰ ਲੈਂਦੀ ਹੈ।

'ਢਾਂਡਾ' ਇਕਾਂਗੀ ਮੂਲ ਰੂਪ ਵਿਚ ਆਰਥਿਕ ਅਤੇ ਮਾਨਸਿਕ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਮਾਤੂ ਅਤੇ ਭੂਟੀ ਵਰਗੇ ਅਣਜੋੜ ਜੋੜੇ ਉਲਝਦੇ ਰਹਿੰਦੇ ਹਨ। ਮਾਤੂ ਨਿਮਨ-ਕਿਸਾਨੀ ਨਾਲ ਸੰਬੰਧਤ ਹੈ। ਆਰਥਿਕ ਤੰਗੀ ਹੋਣ ਕਾਰਨ

ਉਸਦਾ ਵਿਆਹ ਨਹੀਂ ਹੁੰਦਾ ਜੇ ਹੁੰਦਾ ਹੈ ਤਾਂ ਮੁੱਲ ਦਾ ਵਿਆਹ ਤਿੰਨ ਹਜ਼ਾਰ ਰੁਪਏ ਦੇ ਕੇ ਬਾਲਕੀ ਕੁੜੀ ਭੂਟੀ ਨਾਲ ਹੋ ਜਾਂਦਾ ਹੈ। ਮਾਤੂ ਆਪਣੀ ਮਾਨਸਿਕ ਸਥਿਤੀ ਆਪਣੀ ਵਿਚੋਲਣ ਕੋਲ ਦੱਸਦਾ ਹੈ ਤਾਂ ਉਹ ਕਹਿੰਦੀ ਹੈ।

> ਕੈਲੋ : ਠਾਰਾਂ ਸਾਲ ਦੀ ਨੂੰ ਬਖਤਪੁਰੀਏ ਸਰਦਾਰਾਂ ਨਾਲ ਪਿੱਠ ਲੱਗਦੀ ਐ। ਜ਼ਮੀਨ ਦੇ ਤਿੰਨ ਕੀਲੇ ਨੀ ਬਣਦੇ, ਗੱਲਾਂ ਭਰ ਜੋਬਨ ਦੀਆਂ ਕਰਦੈ। ਭਰ ਜੋਬਨ ਚਾਹੀਦੀ ਸੀ ਤਾਂ ਕਿਸੇ ਸੇਠ ਸਰਦਾਰ ਦੇ ਘਰ ਜੰਮਦਾ। ਭਰ ਜੋਬਨ ਲਿਆ ਦਿਓ ਇਹਨੂੰ ਜੂੰਆਂ ਦੀ ਖਾਧ ਨੂੰ। ਉਕਾਤ ਤਾਂ ਵੇਖ ਆਵਦੀ। (ਔਲਖ 132-133)

ਉਕਤ ਸੰਵਾਦ ਤੋਂ ਪਤਾ ਚਲਦਾ ਹੈ ਕਿ ਮਾਤੂ ਨੂੰ ਉਸਦੇ ਹਾਣ-ਪ੍ਰਵਾਣ ਦੀ ਕੁੜੀ ਮਾੜੀ ਆਰਥਿਕਤਾ ਜਾਂ ਘੱਟ ਜ਼ਮੀਨ ਹੋਣ ਕਾਰਨ ਹੀ ਨਹੀਂ ਮਿਲੀ ਜੇਕਰ ਉਹ ਆਪਣੀ ਖਾਹਿਸ਼ ਦੱਸਦਾ ਵੀ ਹੈ ਤਾਂ ਉਸਦੀ ਔਕਾਤ ਨੂੰ ਪਰਖਿਆ ਜਾਂਦਾ ਹੈ। ਮਾਤੂ ਦੀ ਸਮੁੱਚੀ ਸਥਿਤੀ ਬਾਰੇ ਡਾ. ਕੰਵਲਦੀਪ ਕੌਰ ਬਰਾੜ ਦਾ ਮੰਨਣਾ ਹੈ ਕਿ,

> ਮਾਤੂ ਕੋਈ ਖਲਨਾਇਕ ਪਾਤਰ ਨਹੀਂ ਸਗੋਂ ਆਰਥਿਕ ਤੇ ਮਾਨਸਿਕ ਤ੍ਰਾਸਦੀ ਵਿਚ ਉਲਝਿਆ ਪੇਂਡੂ ਨੌਜਵਾਨ ਹੈ। ਜਿਨ੍ਹਾਂ ਦੀ ਅਜਿਹੀ ਅਵਸਥਾ ਵਿਚ ਜ਼ਿੰਦਗੀ ਨਰਕ ਬਣ ਚੁੱਕੀ ਹੈ। ਮਾਤੂ ਅਤੇ ਭੂਟੀ ਦੋਵੇਂ ਇਕੋ ਹੀ ਸੰਤਾਪ ਦਾ ਸ਼ਿਕਾਰ ਹਨ ਜੇਕਰ ਭੂਟੀ ਦੇ ਮਾਪੇ ਉਸ ਨੂੰ ਜੁਆਨ ਕਰਕੇ ਕਿਸੇ ਜਮੀਨ ਜਾਇਦਾਦ ਵਾਲੇ ਲੜਕੇ ਨਾਲ ਵਿਆਹੁੰਦੇ ਤਾਂ ਉਨ੍ਹਾਂ ਅੱਗੇ ਦਾਜ ਦੀ ਸਮੱਸਿਆ ਹੋਣੀ ਸੀ। ਔਲਖ ਲੋਕਾਂ ਦੇ ਆਰਥਿਕ ਸੰਕਟ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੈ ਕਿ ਸਾਰੀ ਗਲ ਆਰਥਿਕਤਾ ’ਤੇ ਆ ਕੇ ਖੜ ਜਾਂਦੀ ਹੈ। (ਬਰਾੜ 155)

ਸਮੁੱਚੀ ਸਥਿਤੀ ਮਾੜੀ ਆਰਥਿਕਤਾ ਵਿਚੋਂ ਪੈਦਾ ਹੁੰਦੀ ਹੈ। ਮਾੜੀ ਆਰਥਿਕਤਾ ਕਾਰਨ ਉਸਦਾ ਹਾਣ-ਪ੍ਰਵਾਣ ਨਹੀਂ ਮਿਲਦਾ ਇਸੇ ਕਾਰਨ ਮਾਤੂ ਆਪਣੀ ਅੰਦਰਲੀ ਅੱਗ ਵਿਚ ਮੱਚਦਾ ਹੈ। ਇਹੀ ਅੱਗ ਦਰਸ਼ਨ ਦੀ ਭਾਬੀ ਸਮਝ ਕੇ ਭੂਟੀ ਨਾਲ ਬੁਝਾਉਣਾ ਲੋਚਦਾ ਹੈ, ਜਿਸ ਕਾਰਨ ਉਹ ਮਾਨਸਿਕ ਸੰਤੁਲਨ ਖੋ ਬੈਠਦਾ ਹੈ।

ਔਲਖ ਦੀ ਇਕਾਂਗੀ ‘ਆਪਣਾ ਆਪਣਾ ਹਿੱਸਾ’ ਪੂੰਜੀਵਾਦੀ ਯੁੱਗ ਵਿਚ ਬੰਦੇ ਦੀਆਂ ਆਰਥਿਕ ਮਜ਼ਬੂਰੀਆਂ ਨੂੰ ਪੇਸ਼ ਕਰਦਾ ਹੋਇਆ ਮਾਨਵੀ ਰਿਸ਼ਤਿਆਂ ਦੇ ਨਿਘਰਣ ਨੂੰ ਸੁਚੇਤ ਰੂਪ ਵਿਚ ਚਿਤ੍ਰਦਾ ਹੈ। ਵਾਸਤਵ ਵਿਚ ਇਹ ਇਕਾਂਗੀ ਵਰਿਆਮ ਸਿੰਘ ਸੰਧੂ ਦੀ ਕਹਾਣੀ (ਆਪਣਾ ਆਪਣਾ ਹਿੱਸਾ) ਦਾ ਨਾਟਕੀ ਰੁਪਾਂਤਰਣ ਹੈ। ਔਲਖ ਨੇ ਇਸ ਕਹਾਣੀ ਵਿਚ ਵਿਦਮਾਨ

ਸਮੱਸਿਆਵਾਂ ਨੂੰ ਨਾਟਕੀ ਰੂਪ ਦੇ ਕੇ ਪਿੰਡਾਂ ਦੀ ਗੰਭੀਰ ਸਮੱਸਿਆ ਨੂੰ ਪੇਸ਼ ਕੀਤਾ ਹੈ। ਨਾਟਕ ਵਿਚ ਘੁੱਦੂ ਦੀ ਭੈਣ ਬਚਨੋ ਜਿਹੜੀ ਚੰਗੇ ਘਰ ਵਿਆਹੀ ਹੋਈ ਹੈ, ਆਪਣੇ ਮਾਤਾ-ਪਿਤਾ ਦੀ ਜਾਇਦਾਦ ਉਪਰ ਹੱਕ ਜਮਾਉਂਦੀ ਹੈ। ਉਸਦਾ ਭਰਾ ਸਵਰਨਾ ਪੜ੍ਹ ਲਿਖ ਕੇ ਸਰਕਾਰੀ ਨੌਕਰੀ ਪ੍ਰਾਪਤ ਕਰਕੇ ਸ਼ਹਿਰ ਵਸਦਾ ਹੈ। ਕਰਮਾ ਨਸ਼ੇ ਦੀ ਸਮੱਗਲਿੰਗ ਕਰਕੇ ਆਰਥਿਕਤਾ ਸੁਧਾਰ ਲੈਂਦਾ ਹੈ। ਘੁੱਦੂ ਦੀ ਹਾਲਤ ਬਾਰੇ ਬੇਬੇ ਸੋਚਦੀ ਹੈ।

> ਬੇਬੇ: .. ਰੱਬ ਤਾਂ ਵੱਧ ਦੇਣ ਵੇਲੇ ਮੇਰੇ ਇਸ ਘੁੱਦੇ ਨੂੰ ਈ ਭੁੱਲ ਗਿਆ। ਦਿਨ ਰਾਤ ਮਿੱਟੀ ਨਾਲ ਮਿੱਟੀ ਹੋਇਆ ਰਹਿੰਦੈ। ਫਿਰ ਵੀ ਘਰੇ ਭੰਗ ਭੁਜਦੀ ਰਹਿੰਦੀ ਐ। ਤੂੰ ਇਹਦੇ ਉਤੇ ਕਿਉਂ ਦਿਆਲ ਨੀ ਹੁੰਦਾ? (ਔਲਖ 171)

ਪੰਜਾਬ ਦੇ ਪਿੰਡਾਂ ਵਿਚ ਫਜ਼ੂਲ ਖਰਚੀ ਇਕ ਸਮਾਜਕ ਅਤੇ ਆਰਥਿਕ ਸਮੱਸਿਆ ਵਜੋਂ ਸਾਹਮਣੇ ਆ ਰਹੀ ਹੈ। ਨਾਟਕ ਵਿਚ ਆਰਥਿਕ ਪੱਧਰ ’ਤੇ ਸੰਪੰਨ ਧਿਰ ਆਰਥਿਕ ਥੁੜ੍ਹਾਂ ਵਾਲੀ ਧਿਰ ਨੂੰ ਫਜ਼ੂਲ ਖਰਚੀ ਕਰਨ ਲਈ ਪ੍ਰੇਰਿਤ ਕਰਦੀ ਹੈ।

> ਕਰਮਾ: ਓਇ ਵੱਡੇ ਵੀਰ ਸਕਾ ਸੰਬੰਧੀ, ਭਾਈਚਾਰਾ ਕੀ ਆਖੂ।? ਚੰਗੇ ਭਲੇ ਪੁੱਤ ਕਮਾਉਂਦੇ ਐ। ਬੁੜੀ ’ਤੇ ਚਾਰ ਪੈਸੇ ਲਾਉਣ ਵੇਲੇ ਕੀ ਸੱਪ ਸੁੰਘ ਗਿਆ ਇਹਨਾਂ ਨੂੰ। ਥੋਡੇ ਪੜ੍ਹਿਆ ਲਿਖਿਆ ਲਈ ਇਹ ਫਜ਼ੂਲ ਖਰਚੀ। ਨਾਲੇ ਥੋਨੂੰ ਕੀ? ਤੁਸੀਂ ਰਹਿਣਿਉਂ ਦੂਰ ਸ਼ਹਿਰ। ਏਥੇ ਚੋਭਾਂ ਤਾਂ ਲੋਕ ਸਾਨੂੰ ਈ ਲਾਉਣਗੇ।? ਨੱਕ ਤਾਂ ਸਾਡਾ ਈ ਵੱਢਿਆ ਜਾਊ।? (ਔਲਖ 177)

ਇਸ ਤਰ੍ਹਾਂ ਇਕ ਸਮੱਸਿਆ ਸਮਾਜਕ ਨੱਕ-ਨਮੂਜ ਵਿਚੋਂ ਉਗਮੀ ਨਜ਼ਰ ਆਉਂਦੀ ਹੈ, ਜਿਸਦਾ ਪ੍ਰਭਾਵ ਆਰਥਿਕ ਥੁੜ ਵਾਲੀ ਧਿਰ ਨੂੰ ਜ਼ਿਆਦਾ ਹੁੰਦਾ ਹੈ। ਨਾਟਕ ਵਿਚ ਬੇਬੇ ਨਾਟਕੀ ਮਾਹੌਲ ਸਿਰਜਦੀ ਹੈ। ਉਸਦਾ ਸਾਰਾ ਲਗਾਓ ਘੁੱਦੂ ਨਾਲ ਹੈ, ਜਿਹੜਾ ਆਰਥਿਕ ਪੱਧਰ ’ਤੇ ਹੀਣਾ ਹੈ।

‘ਅਵੇਸਲੇ ਯੁੱਧਾਂ ਦੀ ਨਾਇਕਾ’ ਨਾਟਕ ਵਿਚ ਸਤਵੰਤ ਦੇ ਘਰ ਵਾਲਾ ਨਸ਼ੇ ਦਾ ਆਦੀ ਹੈ। ਧਨਵੰਤ (ਇਕ ਰੱਜਿਆ ਪੁੱਜਿਆ ਜ਼ਿਮੀਂਦਾਰ) ਯੋਧੇ ਦੀ ਜ਼ੋਰੂ ਅਤੇ ਜ਼ਮੀਨ ਉੱਤੇ ਅੱਖ ਰੱਖੀ ਬੈਠਾ ਹੈ। ਇਸ ਕਾਰਨ ਹੀ ਉਹ ਯੋਧੇ ਨੂੰ ਨਸ਼ਾ ਕਰਵਾਉਂਦਾ ਹੈ। ਧਨਵੰਤ ਯੋਧੇ ਨੂੰ ਉਸਦੀ ਪਤਨੀ ਖਿਲਾਫ਼ ਭੜਕਾਉਂਦਾ ਹੈ ਪਰ ਸਤਵੰਤ ਇਨ੍ਹਾਂ ਗਿੱਦੜ ਧਮਕੀਆਂ ਤੋਂ ਨਾ ਡਰਦੀ ਹੋਈ ਇਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਦੀ ਹੈ। ਯੋਧਾ ਨਸ਼ੇ ਦੀ ਪੂਰਤੀ ਲਈ ਆਪਣੀ ਧੀ ਮਨਿੰਦਰ ਦਾ ਰਿਸ਼ਤਾ ਧਨਵੰਤ ਦੇ ਕਹਿਣ ’ਤੇ ਬੁਘੀਪੁਰ ਦੇ ਚਾਲੀ ਸਾਲ ਦੇ ਬਘੇਲੇ ਨਾਲ ਕਰ ਦਿੰਦਾ ਹੈ। ਇੱਥੋਂ ਨਾਟਕ ਵਿਚ ਤਣਾਓ ਉਪਜਦਾ ਹੈ ਅਤੇ ਸਤਵੰਤ ਕੌਰ

ਵਿਦਰੋਹ ਨੂੰ ਸਥੂਲ ਰੂਪ ਦਿੰਦੀ ਹੈ। ਉਸਦੇ ਇਰਾਦੇ ਤੋਂ ਪਤਾ ਚਲਦਾ ਹੈ ਕਿ ਉਹ ਆਪਣੀ ਲੜਾਈ ਖੁਦ ਲੜੇਗੀ। ਉਹ ਉਜਾਗਰ ਨੂੰ ਕਹਿੰਦੀ ਹੈ।

> ਸਤਵੰਤ:(ਪੂਰੇ ਗੁੱਸੇ ਵਿਚ ਝਟਕੇ ਨਾਲ ਇਕ ਦਮ ਬਾਂਹ ਛਡਵਾਉਂਦੀ) ਕੋਈ ਨਾ ਸਹਾਰਾ ਦਿਉ ਮੈਨੂੰ। ਸੁਣੀਂ ਨੀ ਮੇਰੀ ਗੱਲ? (ਅਸੰਤੁਲਨ ਅਵਸਥਾ ਵਾਲੀ ਦ੍ਰਿੜਤਾ ਵਿਚ) ਮੈਂ ਕੱਲੀ ਹੀ ਲੜਾਂਗੀ ਇਹ ਲੜਾਈ।
>
> ਮੈਨੂੰ ਕੱਲੀ ਨੂੰ ਹੀ ਲੜਨ ਦੇ
>
> ਲੜਾਈ 'ਜਾਗਰਾ
>
> ਵੇ ਪੁੱਤਾ ਮੇਰੀ ਬਾਂਹ ਛਡਦੇ।
>
> ਮੇਰੇ ਕੱਲੀ ਸਿਰ ਲੜਾਈ
>
> 'ਜਾਗਰਾ
>
> ਵੇ ਪੁੱਤਾ, ਮੇਰੀ ਬਾਂਹ ਛਡਦੇ। (ਔਲਖ 153)

ਨਾਟਕ ਵਿਚੋਂ ਪਤਾ ਚਲਦਾ ਹੈ ਕਿ ਸਤਵੰਤ ਨੇ ਚਾਲ ਖੇਡ ਕੇ ਧਨਵੰਤ ਨੂੰ ਆਪਣੇ ਘਰ ਬੁਲਾਇਆ ਸੀ ਅਤੇ ਆਪਣੀਆਂ ਅਗਲੀਆਂ-ਪਿਛਲੀਆਂ ਜ਼ਿਆਦਤੀਆਂ ਦਾ ਸਾਰਾ ਗੁੱਸਾ ਕੱਢ ਦਿੱਤਾ।

> ਸੱਤੋ ਪਿੱਛੋਂ ਦੀ ਹੋ ਕੇ ਕੁਹਾੜੇ ਨਾਲ ਧਨਵੰਤ ਉੱਤੇ ਹਮਲਾ ਕਰ ਦਿੰਦੀ ਹੈ। ਧਨਵੰਤ ਵਾਰ ਨਾਲ 'ਹਾਏ ਉਇ ਮਾਰ-ਤਾ ਲੋਕੋ' ਦੀ ਆਵਾਜ਼ ਕੱਢਦਾ ਗੇੜੇ ਖਾਣ ਲੱਗਦਾ ਹੈ। ਗੇੜੇ ਖਾਂਦਾ ਉਹ ਹੇਠਾਂ ਡਿੱਗ ਪੈਂਦਾ ਹੈ। ਵੇਖਦਿਆਂ ਹੀ ਯੋਧੇ ਦੇ ਹੋਸ਼ ਹਵਾਸ ਉੱਡ ਜਾਂਦੇ ਹਨ।
>
> ਮਨਿੰਦਰ ਭੱਜ ਕੇ ਅੰਦਰੋਂ ਬਾਹਰ ਆਉਂਦੀ ਹੈ। ਇਕ ਵਾਰ ਤਾਂ ਉਹ ਵੀ ਹੱਕੀ-ਬੱਕੀ ਹੋ ਕੇ ਬੁੱਤ ਜਿਹਾ ਬਣ ਖੜ੍ਹ ਜਾਂਦੀ ਹੈ। ਫੇਰ ਯੋਧੇ ਵੱਲ ਇਸ ਤਰ੍ਹਾਂ ਵੇਖਦੀ ਹੈ ਜਿਵੇਂ ਉਸ ਨੂੰ ਖਾ ਜਾਣਾ ਚਾਹੁੰਦੀ ਹੋਵੇ। ਕਚੀਚੀ ਲੈ ਕੇ ਉਹ ਨੇੜੇ ਪਿਆ ਇਕ ਟਾਕੂਆ ਚੁੱਕਦੀ ਯੋਧੇ ਵੱਲ ਵੱਧਦੀ ਵਾਰ ਕਰਨ ਲਗਦੀ ਬੋਲਦੀ ਹੈ;

ਮਨਿੰਦਰ: ਕੱਲੇ ਇਸ ਨੂੰ ਈ ਕਿਉਂ ਬੀਬੀਏ। ਮੇਰੇ ਇਸ ਕੰਜਰ ਬਾਪੂ ਦੇ ਵੀ ਵੱਢ ਕੇ ਕਰ ਟੋਟੇ।। (ਔਲਖ 161)

ਪਰ ਸਤਵੰਤ ਇਸ ਤੱਥ ਤੋਂ ਜਾਣੂੰ ਹੈ ਕਿ ਯੋਧੇ ਨੂੰ ਵਿਗਾੜਨ ਵਾਲਾ ਧਨਵੰਤ ਹੀ ਹੈ, ਇਸ ਲਈ ਉਹ ਯੋਧੇ ਨੂੰ ਬੇਕਸੂਰ ਕਹਿ ਕੇ ਕਸੂਰਵਾਰ ਦੀ ਜੜ੍ਹ ਪੁੱਟਦੀ ਹੈ।

ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲਾ ਨਿਮਨ ਕਿਸਾਨ ਘੱਟ ਜ਼ਮੀਨ ਕਰਕੇ ਪੈਦਾ ਹੋਈ ਆਰਥਿਕ ਮੰਦਹਾਲੀ ਕਰਕੇ ਪੈਦਾ ਹੋਈਆਂ ਸਮੱਸਿਆਵਾਂ ਵਿਚ ਉਲਝਿਆ ਸਾਰੀ ਜ਼ਿੰਦਗੀ ਉਨ੍ਹਾਂ ਨੂੰ ਸੁਲਝਾਉਣ ਦਾ ਯਤਨ ਕਰਦਾ ਦਿਖਾਈ ਦਿੰਦਾ ਹੈ। ਇਕ ਪਾਸੇ ਭੂਮੀ ਅਧਿਗ੍ਰਹਿਣ ਨਿਯਮ ਅਤੇ ਹੋਰ ਕਈ ਸਮੱਸਿਆਵਾਂ ਕਰਕੇ ਨਿਮਨ ਕਿਸਾਨ ਬੇਜ਼ਮੀਨਾ ਹੋ ਰਿਹਾ ਹੈ ਤਾਂ ਦੂਜੇ ਪਾਸੇ ਸਰਕਾਰ ਵੱਲੋਂ ਮਨਰੇਗਾ ਵਰਗੀਆਂ ਸਹੂਲਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਠਲ੍ਹ ਪਾਉਣ ਵਿਚ ਸਹਿਯੋਗੀ ਸਿੱਧ ਹੁੰਦੀਆਂ ਹਨ। ਜੇਕਰ ਉਹ ਇਕ ਪਾਸੇ ਆਪਣੀ ਅਨਪੜ੍ਹਤਾ, ਯੋਗ ਵਿਦਿਆ ਦੀ ਘਾਟ, ਰਾਜਨੀਤਕ ਚੇਤਨਾ ਦੀ ਘਾਟ ਅਤੇ ਨਾ-ਪੁਗਦੀ ਅਣਖ ਕਰਕੇ ਕਈ ਤਰ੍ਹਾਂ ਦੀ ਤ੍ਰਾਸਦੀ ਭੋਗਦਾ ਹੈ ਤਾਂ ਦੂਜੇ ਪਾਸੇ ਸਰਕਾਰ ਵੱਲੋਂ ਕਿਸਾਨਾਂ ਨੂੰ ਖੇਤੀ ਲਈ ਮਿਲਣ ਵਾਲੀ ਛੂਟ ਕਰਕੇ ਉਨ੍ਹਾਂ ਦੇ ਕਦਮ ਪ੍ਰਗਤੀ ਵੱਲ ਵੀ ਵੱਧ ਰਹੇ ਹਨ। ਦੂਜੇ ਸ਼ਬਦਾਂ ਵਿਚ ਔਲਖ ਦੇ ਨਾਟਕਾਂ ਵਿਚ ਜਮਾਤੀ-ਚੇਤਨਾ ਦੇ ਆਰਥਿਕ ਪੱਖ ਨੂੰ ਵਿਸ਼ਲੇਸ਼ਿਤ ਕਰਦਿਆਂ ਪਤਾ ਚੱਲਦਾ ਹੈ ਕਿ ਉਹ ਲੋਟੂ ਸਰਮਾਏਦਾਰੀ/ਸ਼ੋਸ਼ਕ ਜਮਾਤ ਤੋਂ ਨਿਜਾਤ ਪਾਉਣ ਦਾ ਸਮਾਧਾਨ ਵੀ ਆਪਣੇ ਨਾਟਕਾਂ ਵਿਚ ਦੱਸਦਾ ਹੈ। ਬੇਸ਼ੱਕ ਉਸਦੇ ਕੁਝ ਪਾਤਰ ਇਨ੍ਹਾਂ ਸੰਕਟਮਈ ਸਥਿਤੀਆਂ ਵਿਚ ਭਾਂਜਵਾਦੀ ਦ੍ਰਿਸ਼ਟੀ ਅਪਣਾ ਕੇ ਆਤਮਘਾਤ ਜਾਂ ਨਸ਼ੇ ਦਾ ਸਹਾਰਾ ਲੈਂਦੇ ਪ੍ਰਤੀਤ ਹੁੰਦੇ ਹਨ ਪਰ ਫੇਰ ਵੀ ਉਨ੍ਹਾਂ ਵਿਚ ਇਕ ਕਿਸਮ ਦੀ ਸਪਿਰਟ ਭਰਨ ਲਈ ਔਲਖ ਅਜਿਹੇ ਪਾਤਰਾਂ ਦੀ ਉਸਾਰੀ ਕਰਦਾ ਹੈ, ਜੋ ਸੰਘਰਸ਼ ਦਾ ਰਾਹ ਅਪਣਾਉਂਦੇ ਹਨ।

# ਅਧਿਆਇ-ਤੀਜਾ

# ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਰਾਜਨੀਤਕ ਪਰਿਪੇਖ

ਸਾਹਿਤ ਦਾ ਸਮਾਜ ਅਤੇ ਰਾਜਨੀਤੀ ਨਾਲ ਦਵੰਦਮਈ ਰਿਸ਼ਤਾ ਹੈ। ਇਸ ਲਈ ਕਲਾਕਾਰ/ ਸਾਹਿਤਕਾਰ ਦੀ ਵਿਚਾਰਧਾਰਾ ਸਾਹਿਤ ਰੂਪ ਵਿਚੋਂ ਝਲਕਦੀ ਹੈ ਅਤੇ ਇਸੇ ਵਿਚਾਰਧਾਰਾ ਰਾਹੀਂ ਸਾਹਿਤ ਵਿਸ਼ੇਸ਼ ਜਮਾਤੀ ਹਿੱਤਾਂ ਦੀ ਪੈਰਵਾਈ ਕਰਦਾ ਹੈ। ਇਸ ਤਰ੍ਹਾਂ ਸਾਹਿਤ ਪਾਠਾਂ ਵਿਚ ਸਾਹਿਤ ਅਤੇ ਰਾਜਨੀਤੀ ਦਾ ਆਪਸੀ ਸੰਬੰਧ ਗੁੰਝਲਦਾਰ, ਜਟਿਲ ਅਤੇ ਪੇਚੀਦਾ ਸਮਾਜਿਕ ਸੰਗਠਨ ਨੂੰ ਵਧੇਰੇ ਬਾਹਰਮੁਖੀ, ਵਿਗਿਆਨਕ ਰੂਪ ਵਿਚ ਸਿਰਜਣ ਵਿਚ ਸਮਰੱਥ ਹੁੰਦਾ ਹੈ। ਇਸ ਲਈ ਸਾਹਿਤ ਅਤੇ ਰਾਜਨੀਤੀ, ਸਾਹਿਤ ਦੀ ਰਾਜਸੀ ਭੂਮਿਕਾ ਅਤੇ ਸਾਹਿਤ ਵਿਚ ਰਾਜਨੀਤਕ-ਚੇਤੰਨਤਾ ਦਾ ਰੂਪਾਂਤਰਣ ਜਟਿਲ ਅਤੇ ਗੰਭੀਰ ਪ੍ਰਕਾਰਜ ਹੈ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ:-

> ਸਾਹਿਤ ਦੀ ਸਿਰਜਣ ਪ੍ਰਕਿਰਿਆ ਵਿਚ ਚੇਤਨਾ ਮੋਟਿਫਾਂ ਅਤੇ ਮਿਥਕ ਹਵਾਲਿਆਂ ਦੁਆਰਾ ਸਰਗਰਮ ਰਹਿੰਦੀ ਹੈ। ਲੋਕਧਾਰਾਈ ਮੋਟਿਫਾਂ ਅਤੇ ਮਿਥਕ ਹਵਾਲਿਆਂ ਨਾਲ ਚੇਤਨਾ ਇਤਿਹਾਸਕ ਚਰਿੱਤਰ ਨਾਲ ਸੰਬੰਧਤ ਹੁੰਦੀ ਹੈ ਜਦੋਂ ਕਿ ਦੂਸਰੇ ਪਾਸੇ ਜਿਸ ਵਿਚ ਚੇਤਨਾ ਦਾ ਸਿਰਜਣਾ ਨਾਲ ਨਾਤਾ ਹੈ। ਵਰਤਮਾਨ ਸਥਿਤੀਆਂ ਅਤੇ ਦ੍ਰਿਸ਼ਾਂ ਨਾਲ ਸੰਬੰਧਤ ਹੁੰਦੀ ਹੈ। (ਰਾਹੀ 37)

ਇਸ ਤਰ੍ਹਾਂ ਸਾਹਿਤ ਸਿਰਜਣ ਪ੍ਰਕਿਰਿਆ ਸਥਿਤੀ, ਸਥਾਨ, ਮਾਹੌਲ ਅਤੇ ਪਾਤਰਾਂ ਦੇ ਆਪਸੀ ਸੰਬੰਧਾਂ ਵਿਚੋਂ ਹੀ ਰਾਜਸੀ-ਚੇਤਨਾ ਰਾਹੀਂ ਪ੍ਰਵਚਨ ਉਤਪੰਨ ਹੁੰਦਾ ਹੈ।

**3.1.ਅਜਮੇਰ ਸਿੰਘ ਔਲਖ ਦੇ ਨਾਟਕ ਅਤੇ ਰਾਜਸੀ ਸਰੂਪ** –

ਔਲਖ ਦੇ ਨਾਟਕਾਂ (ਇਕਾਂਗੀ, ਲਘੂ ਨਾਟਕ, ਪੂਰੇ ਨਾਟਕ) ਵਿਚੋਂ ਜਮਾਤੀ-ਚੇਤਨਾ ਦੇ ਰਾਜਨੀਤਕ ਪੱਖ ਨੂੰ ਉਸਾਰਦਿਆਂ ਉਸਦੇ ਸਮੁੱਚੇ ਨਾਟਕਾਂ ਦਾ ਰਾਜਨੀਤਕ ਪੱਖ ਤੋਂ ਵਿਸ਼ਲੇਸ਼ਣ ਕਰਨਾ ਉਚਿਤ ਹੈ। ਔਲਖ ਦੇ ਨਾਟਕਾਂ ਵਿਚ ਵਿਆਪਕ ਰਾਜਨੀਤਕ ਚੇਤਨਾ ਸੰਬੰਧੀ ਵੀਰਪਾਲ ਕੌਰ ਦਾ ਮੰਨਣਾ ਹੈ ਕਿ:-

> ਅਜਮੇਰ ਸਿੰਘ ਔਲਖ ਦੀ ਇਹ ਵਿਲੱਖਣਤਾ ਹੈ ਕਿ ਉਸਨੇ ਰਾਜਸੀ ਪ੍ਰਸਥਿਤੀਆਂ ਨੂੰ ਬਾਖ਼ੂਬੀ ਚਿਤਰਿਆ ਹੈ। ਇਸ ਪ੍ਰਕਾਰ ਦੇ ਚਿਤਰਨ ਵਿਚ ਉਸਨੇ ਉਸੇ ਹੀ ਵਰਗ ਦੇ ਪਾਤਰਾਂ ਅਤੇ ਘਟਨਾਵਾਂ ਦਾ ਵਿਸ਼ਲੇਸ਼ਣ ਇਸ ਤਰੀਕੇ ਨਾਲ ਕੀਤਾ ਹੈ ਕਿ ਉਨ੍ਹਾਂ ਪਾਤਰਾਂ ਦਾ ਇਕ-ਇਕ ਵਾਰਤਾਲਾਪ ਵਰਤਮਾਨ ਸਮੇਂ ਦੀਆਂ ਰਾਜਨੀਤਕ ਅਵਸਥਾਵਾਂ ਅਤੇ ਪੇਚੀਦਗੀਆਂ ਦਾ ਯਥਾਰਥ ਪ੍ਰਸਤੁਤ ਕਰਦਾ ਹੈ। (ਵੀਰਪਾਲ 118)

ਔਲਖ ਦੇ ਰੰਗਮੰਚ ਖ਼ੇਤਰ ਵਿਚ ਪ੍ਰਵੇਸ਼ ਕਰਨ ਸਮੇਂ ਪੰਜਾਬ ਆਰਥਿਕ, ਰਾਜਨੀਤਕ ਸੰਕਟ ਵਿਚੋਂ ਗੁਜ਼ਰ ਰਿਹਾ ਸੀ। ਇਸ ਤਰ੍ਹਾਂ ਉਸਨੇ ਆਪਣੇ ਸਮਕਾਲੀ ਸਮਾਜ ਦਾ ਚਿਤਰਨ ਆਪਣੇ ਨਾਟਕਾਂ ਵਿਚ ਕੀਤਾ ਹੈ। 'ਅੰਨ੍ਹੇ ਨਿਸ਼ਾਨਚੀ' ਨਾਟਕ ਦੀ ਸਿਰਜਣਾ ਪੰਜਾਬ ਦੇ ਸੰਪ੍ਰਦਾਇਕ ਮਾਹੌਲ ਤੋਂ ਪ੍ਰਭਾਵਿਤ ਹੋ ਕੇ ਕੀਤੀ। ਇਹ ਨਾਟਕ 1947 ਈਸਵੀ ਦੇ ਸੰਪ੍ਰਦਾਇਕ ਦੰਗਿਆਂ ਨੂੰ ਆਧਾਰ ਸ੍ਰੋਤ ਬਣਾਉਂਦਾ ਹੈ। ਨਾਟਕ 1947 ਈਸਵੀ ਦੀ ਵੰਡ ਤੋਂ ਬਾਅਦ ਦੇ ਵਾਤਾਵਰਨ ਨੂੰ ਉਸਾਰਦਾ ਹੈ। ਔਲਖ ਨਾਟਕ ਦੇ ਵਾਪਰਦੇ ਘਟਨਾਕ੍ਰਮ ਸੰਬੰਧੀ ਨਾਟਕ ਦੇ ਸ਼ੁਰੂ ਵਿਚ ਹੀ ਦੱਸਦਾ ਹੈ।

> ਰੁੱਤ ਤੇ ਸਮਾਂ: ਸਾਲ 1947 ਦੇ ਸਤੰਬਰ ਮਹੀਨੇ ਦੇ ਅੱਧ ਦੀ ਢਲਦੀ ਦੁਪਹਿਰ। (ਔਲਖ 87)

ਇਸ ਤਰ੍ਹਾਂ ਇਸ ਨਾਟਕ/ ਇਕਾਂਗੀ ਦਾ ਘਟਨਾਕ੍ਰਮ ਭਾਰਤ ਪਾਕਿ ਦੀ ਵੰਡ ਤੋਂ ਦੋ ਢਾਈ ਮਹੀਨੇ ਬਾਅਦ ਵਾਪਰਦਾ ਹੈ। ਜਿਸ ਵਿਚ ਨਾਟਕਕਾਰ ਨੇ ਇਹ ਸੰਦੇਸ਼ ਸੰਚਾਰਤ ਕੀਤਾ ਹੈ ਕਿ ਸੰਪ੍ਰਦਾਇਕ ਵਿਤਕਰੇ ਅਧਿਕਾਰਸ਼ੀਲ ਵਰਗਾਂ ਦੇ ਹਿੱਤਾਂ ਦੀ ਪੂਰਤੀ ਦਾ ਸਾਧਨ ਹੁੰਦੇ ਹਨ। ਡਾ. ਕੰਵਲਦੀਪ ਕੌਰ ਬਰਾੜ ਅਨੁਸਾਰ:-

> ਔਲਖ ਇਸ ਨਾਟਕ ਵਿਚ ਇਹ ਦੱਸਣਾ ਚਾਹੁੰਦਾ ਹੈ ਕਿ ਕੁੱਝ ਲੋਕ ਧਰਮ ਦੀ ਆੜ ਹੇਠ ਕੁਕਰਮ ਕਰਦੇ ਹਨ ਪਰ ਉਨ੍ਹਾਂ ਵੱਲ ਕੋਈ ਬੰਦਾ ਅੱਖ ਚੁੱਕ ਕੇ ਨਹੀਂ ਵੇਖ ਸਕਦਾ। ਜੇਕਰ ਕੋਈ ਮਾਨਵਵਾਦੀ ਰੁਚੀਆਂ ਦਾ ਮਾਲਕ ਗੁਰਮੁਖ ਸਿੰਘ ਵਰਗਾ ਬੰਦਾ ਉਨਾਂ ਨੂੰ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਬਾਰੇ ਚੇਤੰਨ ਕਰਦਾ ਹੈ ਤਾਂ ਉਸਨੂੰ ਜਾਨੋਂ ਹੱਥ ਧੋਣੇ ਪੈ ਜਾਂਦੇ ਹਨ। (ਬਰਾੜ 62)

ਇਸ ਤਰ੍ਹਾਂ ਨਾਟਕ ਵਿਚ ਰਾਜਨੀਤਕ ਪ੍ਰਸਥਿਤੀਆਂ ਦੇ ਪਰਿਵਰਤਿਤ ਹੋਣ ਕਾਰਨ ਔਰਤ ਦੀ ਦਸ਼ਾ ਵਿਚ ਹੋਣ ਵਾਲੇ ਨਿਘਾਰ ਨੂੰ ਸਾਹਮਣੇ ਲਿਆਂਦਾ ਗਿਆ ਹੈ। ਨਾਟਕ ਵਿਚਲੀ ਮੁਟਿਆਰ/ਔਰਤ ਨਾਲ ਅਥਾਹ ਦੁਰਵਿਹਾਰ ਕਰਨ ਨਾਲ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਦੀ ਹੈ। ਫਿਰਕਾਪ੍ਰਸਤੀ ਨੇ ਉਸਦੇ ਪੁੱਤਰ ਨੂੰ ਉਸਦੇ ਸਾਹਮਣੇ ਮਾਰ ਦਿੱਤਾ ਅਤੇ ਉਸਦੀ ਇੱਜ਼ਤ

ਦਾ ਖਿਲਵਾੜ ਕੀਤਾ ਹੈ। ਇਕਾਂਗੀ ਵਿਚ ਖੜਕ ਸਿੰਘ ਅਤੇ ਨੱਥੂ ਰਾਮ ਵਰਗੇ ਸਪੂਤ ਅਖਵਾਉਣ ਵਾਲੇ ਲੋਕਾਂ 'ਤੇ ਵਿਅੰਗ ਕੀਤਾ ਗਿਆ ਹੈ।

ਨੱਥੂ ਰਾਮ:(ਕਾਬੂ ਕੀਤੇ ਗੁੱਸੇ ਨਾਲ ਚੀਕਦਾ) ਫੱਟੇ ਚੱਕ! ਲੈ ਜਾ ਇਸ ਕੰਜਰੀ ਨੂੰ ਕੋਠੇ ਚ ਕਰ ਲੈ ਆਪਣੀ ਹਵਸ ਪੂਰੀ। ਨੋਚ ਸਿੱਟ ਇਸਦੇ ਜਿਸਮ ਦਾ ਅੰਗ ਅੰਗ

ਮੁਟਿਆਰ: (ਇਕਦਮ ਗੰਭੀਰ ਹੋ ਕੇ ਵਾਰ-ਵਾਰ ਦੁਹਰਾਏ ਜਾਣ ਵਾਲੀ ਹੋਣੀ ਲਈ ਤਿਆਰ ਹੁੰਦੀ) ਚੱਲ ਵੇ ਚੱਲ, ਮੇਰੀ ਅੰਮੀ ਜਾਇਆ ਵੀਰਾ,ਚੱਲ... ਤੂੰ ਜਦੋਂ ਵੀ ਮਿਲਦੈਂ, ਭੈਣ ਦੇ ਘਰ ਵਾਲਾ ਈ ਬਣਕੇ ਮਿਲਦੈਂ... ਵੇ ਅੱਲਾ ਨੂੰ ਯਾਦ ਕਰ ਅਲੀ ਸਰਦਾਰਾ? (ਖੜਕ ਸਿੰਘ ਨੂੰ ਨਿਰਉਤਰ ਵੇਖ ਕੇ) ਨਹੀਂ ਕਰਦਾ? ਮੈਂ ਤਾਂ ਉਸਨੂੰ ਮਰਦੇ ਦਮ ਤੱਕ ਨਹੀਂ ਭੁੱਲ ਸਕਦੀ।

ਖੜਕ ਸਿੰਘ: ਫੇਰ ਕਰੀਂ ਆਵਦੇ ਕੁਛ ਲਗਦੇ ਅੱਲਾ ਉੱਲਾ ਨੂੰ ਯਾਦ, ਸਿੱਧੀ ਹੋ ਕੇ ਤੁਰ ਪੈ ਪਤੰਦਰ ਦੇ ਨਾਲ। (ਮੁਟਿਆਰ ਤੁਰ ਪੈਂਦੀ ਹੈ ਤੇ ਫੱਟੇ ਚੱਕ ਵੀ ਜਾਣ ਲੱਗਦਾ ਹੈ। ਪਿੱਛੋਂ ਦਰਦ ਭਰਿਆ ਗੀਤ ਉਭਰਦਾ ਹੈ। (ਔਲਖ 112)

ਨਾਟਕ ਵਿਚ ਰਾਜਨੀਤਕ ਉੱਥਲ-ਪੁਥਲ ਕਾਰਨ ਔਰਤਾਂ ਦੀ ਹੋਈ ਦੁਰਗਤੀ ਸਾਹਮਣੇ ਆਉਂਦੀ ਹੈ। ਨਾਟਕ ਵਿਚਲੀ ਮੁਟਿਆਰ ਨਾਲ ਇਸੇ ਉਥਲ-ਪੁਥਲ ਕਾਰਨ ਹੀ ਦੁਰਵਿਹਾਰ ਹੁੰਦਾ ਹੈ। ਲੋਕ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਕੇ ਸਾਹਮਣੇ ਆਉਂਦੇ ਹਨ ਤੇ ਆਪਣੇ ਹੀ ਧਰਮ ਦੀਆਂ ਔਰਤਾਂ ਦੀ ਪੱਤ ਰੋਲ ਦਿੰਦੇ ਹਨ। ਦੋਹਾਂ ਦੇਸ਼ਾਂ ਵਿਚ ਵੰਡ ਕਾਰਨ ਅਸਥਿਰਤਾ ਫੈਲੀ ਹੋਈ ਸੀ। ਰਾਜ ਪ੍ਰਬੰਧ ਬੇਹੱਦ ਮਾੜੀ ਸਥਿਤੀ ਵਿਚ ਸੀ। ਇਸ ਸੰਬੰਧੀ ਨਿਰਮਲ ਸਿੰਘ ਦਾ ਮੰਨਣਾ ਹੈ:-

ਪੰਜਾਬ ਦੇ ਬਟਵਾਰੇ ਨਾਲ ਰਾਜ ਪ੍ਰਬੰਧ ਦੇ ਖੇਤਰ ਵਿਚ ਸੇਵਾਵਾਂ ਦੀ ਸੁਯੋਗਤਾ ਵਿਚ ਬਹੁਤ ਕਮੀਂ ਆ ਗਈ। ਪੰਜਾਬ ਦੇ ਹਰੇਕ ਰਾਜ ਪ੍ਰਬੰਧਕੀ ਯੂਨਿਟ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਸੀ। ਜਿਸਦਾ ਨਤੀਜਾ ਇਹ ਹੋਇਆ ਕਿ ਦੋਵੇਂ ਪਾਸੀਂ ਨਿਰ ਯੋਗਤਾ ਆ ਗਈ ਹੋਂਦ ਵਿਚ ਆਏ ਦੋਵੇਂ ਰਾਜਾਂ ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਦੇ ਸਕੱਤਰੇਤਾਂ ਦਾ ਪੁਨਰ ਗਠਨ ਕੀਤਾ ਜਾਣਾ ਸੀ। ਫੈਲੇ ਹੋਏ ਫਿਰਕੂ ਫਸਾਦਾਂ ਦਾ ਸਿੱਟਾ ਇਹ ਹੋਇਆ ਕਿ ਪੁਲਿਸ ਦਾ ਗੁੰਡਾ ਰਾਜ ਕਾਇਮ ਹੋ ਗਿਆ। (ਨਿਰਮਲ164)

1947 ਈਸਵੀ ਤੋਂ ਪਹਿਲਾਂ ਜਿੱਥੇ ਸਾਰੀਆਂ ਕੌਮਾਂ, ਜਮਾਤਾਂ ਆਪਸ ਵਿਚ ਭਰਾਤਰੀ ਭਾਵ ਨਾਲ ਰਹਿੰਦੀਆਂ ਸਨ, ਉਥੇ ਇਸ ਰਾਜਨੀਤਕ ਉੱਥਲ-ਪੁਥਲ ਕਾਰਨ ਆਪਸੀ ਭਾਈਚਾਰਕ ਸਾਂਝ ਟੁੱਟ ਗਈ ਅਤੇ ਲੋਕ (ਸਿੱਖ, ਹਿੰਦੂ, ਮੁਸਲਮਾਨ) ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਇਸ ਕਤਲੇਆਮ ਪਿੱਛੇ ਹਾਕਮ ਜਮਾਤ ਦਾ ਹੱਥ ਸੀ, ਜਿਸਨੇ ਆਪਣੀ ਕੁਰਸੀ ਲਈ ਮੁਸਲਮਾਨਾਂ ਨੂੰ ਹਿੰਦੂ ਸਿੱਖ ਨਾਲ ਲੜਾਇਆ। ਇਤਿਹਾਸਕ ਚੇਤਨਾ ਦੀ ਅਣਹੋਂਦ ਕਾਰਨ ਨਾਟਕਕਾਰ ਹਰ ਧਰਮ ਦੇ ਬੰਦਿਆਂ ਨੂੰ ਆਪਣੀ ਹਉਮੈਂ ਅਤੇ ਸੰਪ੍ਰਦਾਇਕ ਦੰਗਿਆਂ ਤੋਂ ਗ਼ੁਰੇਜ਼ ਕਰਨ ਦੀ ਚੇਤਾਵਨੀ ਦਿੰਦਾ ਹੈ ਤਾਂ ਕਿ ਉਹ ਵਾਪਰਨ ਵਾਲੀ ਤ੍ਰਾਸਦੀ ਤੋਂ ਬਚ ਸਕਣ।

### 3.1.1. ਪੁਲਿਸ/ਸਟੇਟ ਦਾ ਵਿਵਹਾਰ

'ਸਿੱਧਾ ਰਾਹ ਵਿੰਗਾ ਬੰਦਾ' ਐਬਸਰਡ ਵੰਨਗੀ ਦਾ ਨਾਟਕ ਹੈ। ਇਸ ਨਾਟਕ ਦੇ ਪਾਤਰਾਂ ਦੇ ਕੋਈ ਨਾਂ ਨਹੀਂ ਬਲਕਿ ਇਕ, ਦੋ, ਤਿੰਨ, ਚਾਰ ਆਦਿ ਨੰਬਰ ਦਿੱਤੇ ਗਏ ਹਨ। ਜਿਨ੍ਹਾਂ ਨੂੰ ਕ੍ਰਮਵਾਰ ਜੁਡੀਸ਼ਰੀ, ਬੁਰਜੂਆ ਐਗਜੈਕਟਿਵ, ਬੁਰਜੂਆ ਡੈਮੋਕ੍ਰੇਸੀ ਅਤੇ ਬੁਰਜੂਆ ਸਭਿਆਚਾਰ ਦੇ ਪ੍ਰਤੀਕ ਬਣਾਇਆ ਹੈ। ਨਿਰਮਲਾ ਰਾਣੀ ਅਨੁਸਾਰ:-

> ਨਾਟਕ ਦਾ ਸਾਰਾ ਤਾਣਾ ਪੇਟਾ ਮੌਜੂਦਾ/ ਸਥਾਪਤ/ ਸਿਆਸੀ ਸਦਾਚਾਰਕ ਕੀਮਤਾਂ ਵਿਚ ਆਏ ਨਿਘਾਰ ਨੂੰ ਪੇਸ਼ ਕਰਦਾ ਹੈ। ਕਾਬਜ਼ ਜਮਾਤ ਨੇ ਕਿਸ ਤਰ੍ਹਾਂ ਨਿਆਂਪਾਲਿਕਾ ਤੇ ਸਮੁੱਚੀ ਰਾਜਨੀਤਕ ਅਵਸਥਾ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ, ਇਸ ਨਾਟਕ ਵਿਚ ਭਲੀ ਭਾਂਤ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਨੇ ਸੁਚੇਤ ਪੱਧਰ 'ਤੇ ਇਨਕਲਾਬੀ ਵਰਗ ਚੇਤਨਾ ਨੂੰ ਇਸ ਨਾਟਕ ਵਿਚ ਸਮੋਣ ਦੀ ਕੋਸ਼ਿਸ਼ ਕੀਤੀ ਹੈ। (ਨਿਰਮਲਾ ਰਾਣੀ 47)

ਨਾਟਕਕਾਰ ਦੀ ਪ੍ਰਤੀਬੱਧਤਾ ਨਿਮਨ ਵਰਗ ਨਾਲ ਹੈ। ਉਹ ਕਾਬਜ਼ ਜਮਾਤ ਦੇ ਇਨ੍ਹਾਂ ਪ੍ਰਤੀਨਿਧਾਂ 'ਤੇ ਵਿਅੰਗ ਕਰਦਾ ਹੈ। ਇਸ ਵਿਚ ਲੇਖਕ ਨੇ ਬੁਰਜੂਆ ਜੁਡੀਸ਼ਰੀ, ਬੁਰਜੂਆ ਐਗਜੈਕਟਿਵ, ਬੁਰਜੂਆ ਡੈਮੋਕ੍ਰੇਸੀ ਅਤੇ ਬੁਰਜੂਆ ਸਭਿਆਚਾਰ ਵੱਲੋਂ ਸਮਾਜ ਦੀ ਕੀਤੀ ਜਾਂਦੀ ਲੁੱਟ ਨੂੰ ਪੇਸ਼ ਕੀਤਾ ਹੈ। ਨਾਟਕ ਦੇ ਸ਼ੁਰੂ ਹੋਣ ਤੋਂ ਹੀ ਸਥਾਪਤੀ ਦੇ 'ਚਮਚੇ' ਪਾਤਰਾਂ ਦੀ ਵਾਰਤਾਲਾਪ ਤੋਂ ਹੀ ਨਾਟਕ ਦੀ ਮੂਲ ਸਮੱਸਿਆ ਖੁੱਲਣ ਲੱਗਦੀ ਹੈ।

ਨੰਬਰ ਦੋ: (ਕੁਰਸੀ ਨੂੰ)

ਸੁੱਤੀ ਰਹਿ ਸੁੱਤੀ ਰਹਿ।

ਸਾਡੇ ਸਿਰ 'ਤੇ ਮੌਜਾਂ ਲੈ।

.......…......….........

ਨੰਬਰ ਤਿੰਨ: ਸੁੱਤੀ ਰਹਿ ਮੇਰੀ ਸਰਕਾਰ

ਦੋ: ਆਪਣੀ ਗੋਗੜ ਭਰਦੀ ਚੱਲ

ਮਨ ਮਰਜ਼ੀਆਂ ਕਰਦੀ ਚੱਲ (ਔਲਖ 112-113)

ਨਾਟਕ ਵਿਚੋਂ ਪਤਾ ਚਲਦਾ ਹੈ ਕਿ ਨਾਬਰ ਜਮਾਤ/ਹਕੂਮਤ ਆਪਣੇ ਸੰਦਾਂ ਨਾਲ ਆਪਣੇ ਖਿਲਾਫ਼ ਉਡਦੀ ਆਵਾਜ਼ ਨੂੰ ਬੜੀ ਚਾਲਾਕੀ ਨਾਲ ਕੁਚਲ ਦਿੰਦੀ ਹੈ। ਇਸ ਸੰਬੰਧੀ ਨਾਟਕ ਦਾ ਫ਼ਰਿਆਦੀ ਪਾਤਰ ਸਟੇਟ ਦੀ ਮਸ਼ੀਨਰੀ ਕੋਲ ਆਪਣਾ ਦੁੱਖ ਦੱਸਣ ਜਾਂਦਾ ਹੈ।

ਫ਼ਰਿਆਦੀ: ਹਜ਼ੂਰ ਕਾਵਾਂ ਨੇ ਮੇਰੇ ਪਿੰਡੇ ਦੇ ਮਾਸ ਦੀ ਬੋਟੀ ਬੋਟੀ ਨੋਚ ਲਈ। ਭੁੱਖੀਆਂ ਤੇ ਹਾਬੜੀਆਂ ਡੈਣਾਂ ਮੇਰੇ ਲਹੂ ਦੀ ਤਿੱਪ ਤਿੱਪ ਕਰ ਕੇ ਸੜ੍ਹਾਕ ਗਈਆਂ। ਡਾਢਿਆਂ ਨੇ ਮੇਰੀਆਂ ਝੌਂਪੜੀਆਂ ਨੂੰ ਅੱਗਾਂ ਲਾ ਕੇ ਮੇਰੇ ਬੱਚਿਆਂ ਨੂੰ ਜਿਉਂਦਿਆਂ ਨੂੰ ਸਾੜ ਦਿੱਤਾ। ਨਾਬਰਾਂ ਨੇ ਮੇਰੀਆਂ ਮਾਵਾਂ.... ਮੇਰੀਆਂ ਭੈਣਾਂ.... ਮੇਰੀਆਂ ਧੀਆਂ ਦੀ ਇੱਜ਼ਤ ਲੁੱਟ ਲਈ ਐ। ਇੱਜਤਾਂ ਵਾਲਿਓ। ਮੈਂ ਕੀ ਕਰਾਂ.. ਕਿੱਥੇ ਜਾਵਾਂ?

ਚਾਰ: ਖੂਹ ਚ ਮਾਰ ਛਾਲ। ਸਾਲਾ ਇੱਜ਼ਤਾਂ ਦਾ। (ਔਲਖ 115-116)

ਨਾਟਕ ਵਿਚੋਂ ਬੁਰਜੂਆ ਬਿਊਰੋਕਰੇਸੀ ਸੱਤਾ ਦੇ ਹੱਕ ਵਿਚ ਭੁਗਤਦੀ ਨਜ਼ਰ ਆਉਂਦੀ ਹੈ, ਜਿੱਥੇ ਆਮ ਜਨਤਾ ਦਾ ਕੋਈ ਵਿਸ਼ੇਸ਼ ਧਿਆਨ ਨਹੀਂ ਰੱਖਿਆ ਜਾਂਦਾ ਬਲਕਿ ਜੇ ਉਹ ਆਪਣੀ ਪੀੜਾ ਸਰਕਾਰ ਤੱਕ ਪਹੁੰਚਾਉਣ ਵੀ ਆਉਂਦੇ ਹਨ ਤਾਂ ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੁੰਦੀ। ਫ਼ਰਿਆਦੀ ਪਾਤਰ ਨੂੰ ਪਾਤਰ ਨੰਬਰ ਦੋ ਬੇਹੱਦ ਘਿਨਾਉਣੀ ਟਿੱਚਰ ਕਰਦਾ ਹੈ ਕਿ ਜੇਕਰ

ਤੇਰੀ ਧੀ-ਭੈਣ ਸੁਰੱਖਿਅਤ ਨਹੀਂ ਹੈ ਤਾਂ ਮੇਰੇ ਕੋਲ ਛੱਡ ਜਾਵੀ। ਨਾਟਕਕਾਰ ਨੇ ਦੱਸਣ ਦੀ ਜੁਗਤ ਰਾਹੀਂ ਫ਼ਰਿਆਦੀ ਪਾਤਰ ਨੂੰ ਭਾਰਤ ਦੇਸ਼ ਵਜੋਂ ਪੇਸ਼ ਕੀਤਾ ਹੈ।

ਫ਼ਰਿਆਦੀ: ਜੀ ਮਾਂ ਬਾਪ ਨੇ ਤਾਂ ਨਾਵਾਂ ਚੋਂ ਨਾਂ ਚੁਣ ਕੇ ਰੱਖਿਆ ਸੀ ਭਾਰਤ ਸਿੰਘ ਸੋਨ-

ਪੰਛੀ... ਪਰ ਹੁਣ ਘਸਦਾ ਘਸਦਾ ਭਰਤੂ ਈ ਰਹਿ ਗਿਆ। (ਔਲਖ 116)

ਕੁਰਸੀ ਮੱਲ ਕੇ ਬੈਠੀ ਅਫ਼ਸਰਸ਼ਾਹੀ ਅਤੇ ਸੱਤਾ ਧਿਰ ਨੇ ਸਿਰਫ ਲੋਕਾਂ ਨੂੰ ਹੀ ਨਹੀਂ ਬਲਕਿ ਸਮੁੱਚੇ ਭਾਰਤ ਨੂੰ ਲੁੱਟਿਆ ਹੈ। ਵਧ ਰਹੇ ਅਨਿਆਂ ਸੰਬੰਧੀ ਨਾਟਕਕਾਰ ਨੇ ਦੱਸਿਆ ਹੈ ਕਿ ਅਫ਼ਸਰਸ਼ਾਹੀ ਜੋ ਸੱਤਾ ਧਿਰ ਦੀ ਮਸ਼ੀਨਰੀ ਹੈ। ਉਹ ਆਮ ਲੋਕਾਂ ਉਪਰ ਝੂਠੇ ਮੁੱਕਦਮੇ ਬਣਾ ਕੇ ਉਨ੍ਹਾਂ ਨੂੰ ਤੰਗ ਕਰਦੀ ਹੈ। ਫਰਿਆਦੀ ਨੂੰ ਵੀ ਕਾਨੂੰਨ ਤੋੜਨ ਦੇ ਜ਼ੁਰਮ ਵਿਚ ਕਾਲ ਕੋਠੜੀ ਵਿਚ ਸੁਟ ਦਿੰਦੇ ਹਨ ਪਰ ਇਸਦੇ ਉਲਟ ਜਨ-ਚੇਤਨਾ ਆਉਣ ’ਤੇ ਅਜਿਹੇ ਭ੍ਰਿਸ਼ਟ ਤੰਤਰ ਦਾ ਖਾਤਮਾ ਹੋ ਹੀ ਜਾਂਦਾ ਹੈ। ਇਥੇ ਨਾਟਕਕਾਰ ਇਹ ਵੀ ਸੰਦੇਸ਼ ਸੰਚਾਰਤ ਕਰਦਾ ਹੈ ਕਿ ਬੁਰਜੂਆ ਵਿਵਸਥਾ ਲੱਖਾਂ ਕੋਸ਼ਿਸ਼ਾਂ ਕਰਕੇ ਵੀ ਲੋਕ ਸ਼ਕਤੀ ਦੀ ਆਵਾਜ਼ ਨੂੰ ਠੱਲ੍ਹ ਨਹੀਂ ਪਾ ਸਕਦੀ।

ਨਾਟਕਕਾਰ ਨੇ ਭੱਠ ਖੇੜਿਆਂ ਦਾ ਰਹਿਣਾ ਨਾਟਕ ਵਿਚ ਪੰਜਾਬ ਦੇ ਉਸ ਰਾਜਸੀ ਸਮਾਜਕ ਸੰਕਟ ਦੀ ਨਿਸ਼ਾਨਦੇਹੀ ਕੀਤੀ ਹੈ, ਜਦੋਂ ਪੁਲਿਸ ਸਟੇਟ ਦੀ ਮਸ਼ੀਨਰੀ ਬਣ ਕੇ ਆਪਣੇ ਵਹਿਸ਼ੀਪੁਣੇ ਉਪਰ ਉੱਤਰੀ ਹੋਈ ਸੀ ਤੇ ਪੰਜਾਬ ਦੀ ਜਵਾਨੀ ਦੀ ਨਸਲਕੁਸ਼ੀ ਕਰ ਰਹੀ ਸੀ। ਨਿਰਮਲਾ ਰਾਣੀ ਅਨੁਸਾਰ:-

> ਭੱਠ ਖੇੜਿਆਂ ਦਾ ਰਹਿਣਾ ਸਮਕਾਲੀ ਅਰਥਚਾਰੇ ਤੋਂ ਪ੍ਰਭਾਵਿਤ ਸਮਾਜ ਅਤੇ ਰਾਜਨੀਤਕ ਸਥਿਤੀ ਤੇ ਕਰਾਰੀ ਚੋਟ ਹੈ। ਨਕਸਲਬਾੜੀ ਲਹਿਰ ਨੇ ਪੰਜਾਬ ਨੂੰ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੇ ਅੰਤ ਵਿਚ ਕਾਫ਼ੀ ਪ੍ਰਭਾਵਿਤ ਕੀਤਾ। ਉਸ ਸਮੇਂ ਸੈਂਕੜੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਅਤੇ ਪ੍ਰੈਸ ਵਿਚ ਝੂਠੇ ਪੁਲਿਸ ਮੁਕਾਬਲਿਆਂ ਦੀਆਂ ਕਹਾਣੀਆਂ ਘੜ ਕੇ ਪੇਸ਼ ਕੀਤੀਆਂ। ਔਲਖ ਦਾ ਇਹ ਨਾਟਕ ਇਸੇ ਵਿਸ਼ੇ ਨੂੰ ਪੇਸ਼ ਕਰਦਾ ਹੋਇਆ ਸਫ਼ਲ ਨਾਟਕ ਹੈ। (ਨਿਰਮਲਾ ਰਾਣੀ 44)

ਇਸ ਪ੍ਰਕਾਰ ਨਾਟਕ ਐਸ.ਐਸ.ਪੀ., ਜੇ.ਐਸ.ਪਾਲ, ਡੀ.ਐਸ.ਪੀ. ਹਰਮਿੰਦਰ ਸਿੰਘ ਨੂੰ ਪ੍ਰੈਸ ਸਟੇਟਮੈਂਟ ਤਿਆਰ ਕਰਨ ਨਾਲ ਸ਼ੁਰੂ ਹੁੰਦਾ ਹੈ। ਐਸ.ਐਸ.ਪੀ. ਅੱਗੋਂ ਥਾਣੇਦਾਰ ਨੂੰ ਪ੍ਰੈਸ ਨੋਟ ਪੜ੍ਹਨ ਲਈ ਕਹਿੰਦਾ ਹੈ, ਥਾਣੇਦਾਰ ਪ੍ਰੈਸ ਨੋਟ ਪੜ੍ਹਦਾ ਹੈ।

ਥਾਣੇਦਾਰ: ਪੁਲਿਸ ਮੁਕਾਬਲੇ ਵਿਚ ਦੋ ਬਾਗੀ ਹਲਾਕ। ਬਾਗੀਆਂ ਕੋਲੋਂ ਦੋ ਸਟੇਨ ਗੰਨਾਂ ਤੇ ਚਾਰ

ਬੰਬ ਬਰਾਮਦ।" ਠੀਕ ਐ ਜਨਾਬ? (ਔਲਖ 131)

ਇਸ ਤਰ੍ਹਾਂ ਨਾਟਕ ਵਿਚੋਂ ਇਹ ਸੂਚਨਾ ਮਿਲਦੀ ਹੈ ਕਿ ਐਸ.ਐਸ.ਪੀ., ਡੀ.ਐਸ.ਪੀ. ਨੂੰ ਤੇ ਡੀ.ਐਸ.ਪੀ. ਆਪਣੇ ਤੋਂ ਛੋਟੇ ਅਧਿਕਾਰੀ ਥਾਣੇਦਾਰ ਨੂੰ ਕੰਮ ਕਰਨ ਦੇ ਹੁਕਮ ਸੁਣਾਉਂਦਾ ਹੈ ਅਤੇ ਪ੍ਰੈਸ ਨੋਟ ਤਿਆਰ ਕਰਨ ਲਈ ਕਹਿੰਦਾ ਹੈ। ਜਿਸ ਵਿਚ ਪੁਲਿਸ ਮੁਕਾਬਲੇ ਦੌਰਾਨ ਬਾਗੀਆਂ ਨੂੰ ਮਾਰਿਆ ਗਿਆ। ਨਾਟਕ ਵਿਚੋਂ ਇਹ ਵੀ ਪਤਾ ਚੱਲਦਾ ਹੈ ਕਿ ਪ੍ਰੈਸ/ਮੀਡੀਆ ਇਨ੍ਹਾਂ ਅਫ਼ਸਰਾਂ ਦੇ ਅਧੀਨ ਹੀ ਸਟੇਟ ਦੀ ਮਸ਼ੀਨਰੀ ਵਜੋਂ ਕੰਮ ਕਰਦੀ ਹੈ। ਇਹ ਅਫ਼ਸਰ ਆਪਣੇ ਅਨੁਸਾਰ ਹੀ ਖ਼ਬਰਾਂ ਦੀ ਤੋੜ-ਮੋੜ ਕਰਕੇ ਅਖ਼ਬਾਰਾਂ ਨੂੰ ਛਪਣ ਲਈ ਭੇਜਦੇ ਹਨ। ਜਿਸਦਾ ਸੰਕੇਤ ਹੇਠਲੇ ਹਵਾਲੇ ਤੋਂ ਮਿਲਦਾ ਹੈ।

ਥਾਣੇਦਾਰ:... ਬਾਗੀਆਂ ਨੇ ਸਟੇਨਗੰਨਾਂ ਨਾਲ ਪੁਲਿਸ ਨਾਲ ਦੋ ਘੰਟੇ ਲਗਾਤਾਰ ਮੁਕਾਬਲਾ ਕੀਤਾ....

ਐਸ. ਐਸ. ਪੀ:... ਦੋ ਘੰਟੇ ਲਗਾਤਾਰ ਨਹੀਂ, 'ਲਗਾਤਾਰ ਦੋ ਘੰਟੇ' (ਔਲਖ 132)

ਇਸ ਤਰ੍ਹਾਂ ਮੀਡੀਆ/ਪ੍ਰੈਸ ਇਨ੍ਹਾਂ ਰਾਜਨੀਤਕ ਅਫ਼ਸਰਾਂ ਦੇ ਅਧੀਨ ਹੋ ਕੇ ਚੱਲਦੀ ਹੈ। ਨਾਟਕ ਵਿਚ ਨਿਰਮਲ ਸਿੰਘ ਗ਼ਰੀਬ ਘਰੋਂ ਪੁਲਿਸ ਵਿਚ ਭਰਤੀ ਹੁੰਦਾ ਹੈ ਪਰ ਅਫ਼ਸਰਸ਼ਾਹੀ/ਸਟੇਟ ਉਸਨੂੰ ਵੀ ਆਪਣੀ ਧਿਰ ਦਾ ਬਣਾਉਣ ਲਈ ਜੋਰ ਲਗਾਉਂਦੀ ਹੈ ਅਤੇ ਬਾਗੀਆਂ ਨੂੰ ਗੋਲੀ ਮਾਰਨ ਦੇ ਆਦੇਸ਼ ਦਿੰਦੀ ਹੈ। ਨਿਰਮਲ ਸਿੰਘ ਇੱਥੇ ਹੀ ਪੁਲਿਸ ਦੇ ਦਰਿੰਦਗੀ ਭਰੇ ਵਤੀਰੇ ਨੂੰ ਪੇਸ਼ ਕਰਦਾ ਹੈ।

ਨਿਰਮਲ: ਇਹ ਕਾਨੂੰਨੀ ਹੁਕਮ ਨਹੀਂ ਜਨਾਬ! ਬਾਗੀ ਫੜੇ ਗਏ ਸਨ, ਹਿਰਾਸਤ ਵਿਚ ਹਨ

ਪਰ ਬਣਾਇਆ ਇਹ ਜਾ ਰਿਹਾ ਐ ਕਿ ਉਹ ਮੁਕਾਬਲੇ ਵਿਚ ਮਾਰੇ ਗਏ। ਕਾਨੂੰਨ

ਇਹ ਤਾਂ ਨੀ ਕਹਿੰਦਾ ਜਨਾਬ ਕਿ ਫੜੇ ਹੋਏ ਬੰਦਿਆਂ ਨੂੰ ਗੋਲੀ ਮਾਰ ਕੇ ਫੇਰ

ਮੁਕਾਬਲਾ ਬਣਾ ਦਿਓ। (ਔਲਖ 137)

ਅਸਲ ਵਿਚ ਨਿਰਮਲ ਸਿੰਘ ਬਾਗ਼ੀ ਦਰਸ਼ਨ ਸਿੰਘ ਦਾ ਕਾਲਜ ਵੇਲੇ ਦਾ ਜਾਣਕਾਰ ਸੀ, ਉਸਨੇ ਉਸ ਕੋਲ ਇਕ ਪਿਆਲੀ ਚਾਹ ਪੀਤੀ ਸੀ। ਐਸ.ਐਸ.ਪੀ. ਨਿਰਮਲ ਨੂੰ ਪੁਲਿਸ ਵਿਚ ਬਾਗੀਆਂ ਦਾ ਸੈਲ ਸਮਝਦਾ ਹੈ, ਪਰ ਨਿਰਮਲ ਸਿੰਘ ਡਰਪੋਕ ਕਿਸਮ ਦਾ ਬੰਦਾ ਸੀ ਜੋ ਕਾਲਜ ਸਮੇਂ ਹੀ ਕਿਸੇ ਵੀ ਪ੍ਰਕਾਰ ਦੀ ਯੂਨੀਅਨ ਤੋਂ ਦੂਰ ਹੀ ਰਹਿੰਦਾ ਸੀ ਪਰ ਐਸ.ਐਸ.ਪੀ. ਨਿਰਮਲ ਸਿੰਘ ਨੂੰ ਧਮਕਾਉਂਦਾ ਹੈ ਤੇ ਪ੍ਰੈਸ ਨੋਟ ਵਿਚ 'ਚੇਂਜ' ਕਰਨ ਲਈ ਕਹਿੰਦਾ ਹੈ।

ਐਸ. ਐਸ. ਪੀ:. ਪ੍ਰੈਸ ਸਟੇਟਮੈਂਟ ਵਿਚ ਇਹ ਵੀ ਐਡ ਕਰ ਲਵੋ ਕਿ ਬਾਗੀਆਂ ਨਾਲ ਮੁਕਾਬਲੇ

ਵਿਚ ਇਕ ਬਹਾਦਰ ਸਿਪਾਹੀ ਨਿਰਮਲ ਸਿੰਘ ਵੀ ਸ਼ਹੀਦ ਹੋ ਗਿਆ। (ਔਲਖ 143)

ਇਸ ਤਰ੍ਹਾਂ ਸਟੇਟ/ਰਾਜਸੀ ਸੱਤਾ ਆਪਣੇ ਹਿੱਤ ਪੂਰਨ ਲਈ ਸਾਧਾਰਨ ਕਰਮਚਾਰੀ ਨੂੰ ਦਰਿੰਦਗੀ ਨਾਲ ਖਤਮ ਕਰਨ ਵੱਲ ਵੀ ਰੁਚਿਤ ਹੁੰਦੀ ਹੈ। ਅਰਥਾਤ ਸਟੇਟ ਦਾ ਕਾਰਜ ਨਾ ਪੂਰਨ ਵਾਲੀ ਮਸ਼ੀਨਰੀ ਨੂੰ ਸਟੇਟ ਕਿਸੇ ਰਾਜਨੀਤਕ ਪੈਂਤੜੇ ਅਧੀਨ ਆਪਣੇ ਹਿੱਸੇ ਵਿਚੋਂ ਖ਼ਾਰਜ ਕਰ ਦਿੰਦੀ ਹੈ, ਪਰ ਇਸ ਨਾਟਕ ਵਿਚ ਨਿਰਮਲ ਸ਼ਹੀਦ ਨਹੀਂ ਹੋਣਾ ਚਾਹੁੰਦਾ ਅਤੇ ਦੋਵੇਂ ਬਾਗੀਆਂ (ਦਰਸ਼ਨ ਤੇ ਬਾਬੇ) ਨੂੰ ਝੂਠੇ ਮੁਕਾਬਲੇ ਹਿਤ ਗੋਲੀ ਮਾਰਨ ਦਾ ਨਿਰਣਾ ਕਰ ਲੈਂਦਾ ਹੈ। ਇਸ ਪ੍ਰਕਾਰ ਨਾਟਕ ਵਿਚ ਪੰਜਾਬ ਦੀ ਰਾਜਸੀ ਸੰਕਟਮਈ ਸਥਿਤੀ ਨੂੰ ਪੇਸ਼ ਕੀਤਾ ਹੈ। ‘ਗਾਨੀ’ ਨਾਟਕ ਵਿਚ ਨਾਟਕਕਾਰ ਨੇ ਰਾਜਨੇਤਾ ਦੀ ਹਵਾਈ ਜਹਾਜ਼ ਕਰੈਸ਼ ਹੋਣ ਕਾਰਨ ਹੋਈ ਮੌਤ ਦੇ ਆਮ ਕਰਮਚਾਰੀਆਂ ਅਤੇ ਜਨ-ਸਾਧਾਰਨ ’ਤੇ ਪਏ ਪ੍ਰਭਾਵ ਨੂੰ ਪੇਸ਼ ਕੀਤਾ ਹੈ। ਡਾ. ਕੰਵਲਦੀਪ ਕੌਰ ਬਰਾੜ ਅਨੁਸਾਰ,

ਇਸ ਇਕਾਂਗੀ ਦਾ ਵਿਸ਼ਾ ਨੌਕਰੀ ਪੇਸ਼ਾ ਸੀ. ਆਰ. ਪੀ. ਦੇ ਜਵਾਨਾਂ ਦੀ ਦਰਦ ਭਰੀ ਕਹਾਣੀ ਨਾਲ ਸੰਬੰਧਤ ਹੈ ਜੋ ਆਪਣੀਆਂ ਘਰੇਲੂ ਆਰਥਿਕ ਤੰਗੀਆਂ ਕਾਰਨ ਭ੍ਰਿਸ਼ਟ ਪ੍ਰਬੰਧਕੀ ਢਾਂਚੇ ਵਿਚ ਅਣਸੁਖਾਵੀਂ ਜ਼ਿੰਦਗੀ ਬਤੀਤ ਕਰ ਰਹੇ ਹਨ। (ਬਰਾੜ 65)

ਨਾਟਕ ਵਿਚ ਜੱਸਾ ਸਿੰਘ ਅਤੇ ਰਾਠੀ ਸਾਡੇ ਆਮ ਲੋਕਾਂ ਵਿਚੋਂ ਲਏ ਗਏ ਸਾਧਾਰਨ ਸ਼੍ਰੇਣੀ ਦੇ ਪਾਤਰ ਹਨ, ਜਿਨ੍ਹਾਂ ਦਾ ਵਿਆਹ ਹੋਏ ਨੂੰ ਅਜੇ ਥੋੜਾ ਸਮਾਂ ਹੋਇਆ ਹੈ। ਸਰਕਾਰ ਵੱਲੋਂ ਬਾਹਰਲੀਆਂ ਸਟੇਟਾਂ ’ਤੇ ਜਾਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਜਿਸ

ਕਾਰਨ ਉਨ੍ਹਾਂ ਦਾ ਵਿਆਹੁਤਾ ਜੀਵਨ ਖ਼ਰਾਬ ਹੋ ਜਾਂਦਾ ਹੈ। ਨਾਟਕ ਦੀ ਸ਼ੁਰੂਆਤ ਰੇਡੀਓ ’ਤੇ ਪ੍ਰਸਾਰਿਤ ਇਕ ਜ਼ਰੂਰੀ ਸੂਚਨਾ ਨਾਲ ਹੁੰਦੀ ਹੈ।

> ... ਅਸੀਂ ਬੜੇ ਖੇਦ ਨਾਲ ਇਹ ਸੂਚਨਾ ਦੇ ਰਹੇ ਹਾਂ ਕਿ ਹੁਣੇ-ਹੁਣੇ ਮਿਲੇ ਸਮਾਚਾਰ ਅਨੁਸਾਰ ਕੇਂਦਰੀ ਖੇਤੀਬਾੜੀ ਮੰਤਰੀ ਸਿਰੀ ਪੁਜਾਰੀ ਲਾਲ ਦਾ ਇਕ ਹਵਾਈ ਹਾਦਸੇ ਵਿਚ ਦਿਹਾਂਤ ਹੋ ਗਿਆ ਏ। ਉਨ੍ਹਾਂ ਦੇ ਮੰਤਰਾਲੇ ਦੇ ਪੰਜੇ ਸੀਨੀਅਰ ਅਫ਼ਸਰ ਵੀ ਇਸ ਦੁਰਘਟਨਾ ਦਾ ਸ਼ਿਕਾਰ ਹੋ ਗਏ। ਸਿਰੀ ਪੁਜਾਰੀ ਲਾਲ ਹੜ ਮਾਰੇ ਇਲਾਕਿਆਂ ਦਾ ਦੌਰਾ ਕਰਨ ਤੋਂ ਬਾਅਦ ਦਿੱਲੀ ਪਰਤ ਰਹੇ ਸਨ ਕਿ ਰਸਤੇ ਵਿਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਦਬੜੀਖਾਨਾ ਲਾਗੇ ਉਨ੍ਹਾਂ ਦੇ ਜਹਾਜ਼ ਦਾ ਅਚਾਨਕ ਜ਼ਬਰਦਸਤ ਧਮਾਕਾ ਪਿਆ ਤੇ ਉਹ ਟੋਟੋ-ਟੋਟੇ ਹੋ ਕੇ ਇਕ ਰੋਹੀ ਬੀਆਬਾਨ ਵਿਚ ਆ ਖਿਲਰਿਆ। ਲਾਸ਼ਾਂ ਦੀ ਸ਼ਨਾਖ਼ਤ ਲਈ ਇਕ ਸ਼ਨਾਖ਼ਤੀ ਟੀਮ ਜਲਦੀ ਹੀ ਦੁਰਘਟਨਾ ਵਾਲੀ ਥਾਂ ’ਤੇ ਭੇਜੀ ਜਾ ਰਹੀ ਹੈ। (ਔਲਖ 155)

ਇਸ ਪ੍ਰਕਾਰ ਨਾਟਕੀ ਵਿਸ਼ਾ ਕਿਸੇ ਰਾਜਨੀਤਕ ਲੀਡਰ ਦੀ ਹਵਾਈ ਹਾਦਸੇ ਵਿਚ ਹੋਈ ਮੌਤ ਨਾਲ ਸੰਬੰਧਤ ਹੈ। ਨਾਟਕ ਵਿਚੋਂ ਰਾਜਨੀਤਕ ਲੀਡਰਾਂ ਦੀ ਕਾਲੀ ਕਮਾਈ ਸੰਬੰਧੀ ਜਾਣਕਾਰੀ ਮਿਲਦੀ ਹੈ। ਦੋ ਸੀ ਆਰ ਪੀ ਨੌਜਵਾਨ ਜੱਸਾ ਸਿੰਘ ਅਤੇ ਰਾਠੀ ਦੇ ਆਪਸੀ ਵਾਰਤਾਲਾਪ ਤੋਂ ਉਕਤ ਲੀਡਰ ਦੇ ਭ੍ਰਿਸ਼ਟ ਸੁਭਾਅ ਸੰਬੰਧੀ ਵੀ ਵੇਰਵਾ ਮਿਲਦਾ ਹੈ।

> ਰਾਠੀ:... ਇਨ ਕੇ ਤੋ ਦੋਏ ਰਿਸ਼ਤੇਦਾਰ ਐਂ.. ਏਕ ਕੁਰਸੀ, ਦੂਸਰਾ ਪੀਸਾ। ਇਯੂ ਪੁਜਾਰੀ ਲਾਲ ਸਿਆਸਤ ਮੇਂ ਆਣ ਤੇ ਪਹਿਲਾ ਟੁੱਟਿਆ ਸਾ ਸਾਇਕਲ ਮੈਂ ਡੱਗੀ ਲੈ ਕੇ ਕੱਪੜਾ ਵੇਚੇ ਕਰੇ ਤਾ (ਹੋਕਾ ਦੇਣ ਦੀ ਨਕਲ ਕਰਦਾ) ਲੇ ਲੋ ਰੂਬੀਆ, ਪਲਿਸਟਰ, ਡੰਡ ਡੋਰੀਆ। ਅਰ ਮੇਰਾ ਬਾਪ ਟੈਕਸੀ ਚਲਾਇਆ ਕਰੇ ਥਾ। ਇਬ ਮੇਰਾ ਬਾਪ ਤੋ ਸਾਇਕਲ ਪੈ ਕਪੜਾ ਵੇਚੈ, ਐਹ ਕੇ ਪਾਸ ਕਰੋੜਾਂ ਕੀ ਜੈਦਾਤ ਐ। ਜਹਾਜ਼ ਐ, ਕੋਠੀ ਐ, ਕਾਰਾਂ ਐ। ਇਤਨੀ ਕੁ ਰਿਸ਼ਤੇਦਾਰ ਐ ਮਾਰ੍ਹੀ ਇਸ ਮੇਰੀ ਬਹੂ ਕੇ ਭਾਈ ਕੈ ਗੈਲ। (ਔਲਖ 150-151)

ਨਾਟਕ ਵਿਚੋਂ ਇਨ੍ਹਾਂ ਲੀਡਰਾਂ ਨਾਲ ਹੋਏ ਹਾਦਸੇ ਜਾਂ ਕਿਸੇ ਲੀਡਰ ਦੀ ਅਚਾਨਕ ਮੌਤ ਨਾਲ ਕਰਮਚਾਰੀਆਂ ਅਤੇ ਆਮ ਜਨਤਾ ’ਤੇ ਪਏ ਪ੍ਰਭਾਵਾਂ ਨੂੰ ਵੀ ਚਿਤਰਿਆ ਗਿਆ ਹੈ। ਨਾਟਕ ਵਿਚ ਜੱਸਾ ਅਤੇ ਰਾਠੀ ਡਿਊਟੀ ’ਤੇ ਤਾਇਨਾਤ ਹਨ ਪਰ

ਉਨ੍ਹਾਂ ਨੂੰ ਘਰ ਦੀ ਯਾਦ ਵੀ ਆ ਰਹੀ ਹੈ ਦੋਵਾਂ ਦੇ ਵਾਰਤਾਲਾਪ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਨੂੰ ਪਿਛਲੇ ਲੰਬੇ ਸਮੇਂ ਤੋਂ ਘਰ ਜਾਣ ਦੀ ਛੁੱਟੀ ਨਹੀਂ ਮਿਲੀ।

> ਜੱਸਾ:.... ਵਿਆਹ ਹੋਏ ਨੂੰ ਮਸਾਂ ਛੀ ਮਹੀਨੇ ਹੋਏ ਸੀ... ਡਾਢਿਆਂ ਨੇ ਮਿਜ਼ੋਰਮ ਜਾਣ ਦੇ ਹੁਕਮ ਦਾਗ ਦਿੱਤੇ। (ਵਿਅੰਗ ਨਾਲ ਮੁਸਕਰਾਉਂਦਾ) ਉਥੇ ਵੀ ਦੇਸ਼ ਦੀ 'ਅਖੰਡਤਾ' ਨੂੰ 'ਖ਼ਤਰਾ' ਸੀ। (ਔਲਖ 163)

ਇਸ ਤਰ੍ਹਾਂ ਇਨ੍ਹਾਂ ਸਿਪਾਹੀਆਂ ਦੇ ਪਰਿਵਾਰਕ ਜੀਵਨ ਵੀ ਟੁੱਟਦੇ ਨਜ਼ਰ ਆਉਂਦੇ ਹਨ।

> ਜੱਸਾ: ਨੰਦ ਕੁਰ ਦੀ .. ਸਹੁੰ ਝੂਠੀ ਪੈ ਚੁੱਕੀ ਸੀ। ਉਸਨੇ ਸੂਰ ਖਾ ਲਿਆ ਸੀ। ਉਸਨੇ ਮੇਰੇ ਤੋਂ ਮੁੱਖ ਮੋੜ ਕੇ ਕਿਸੇ ਬਗਾਨੇ ਵੱਲ ਕਰ ਲਿਆ ਸੀ। (ਔਲਖ 164)

ਇਸਦਾ ਪ੍ਰਭਾਵ ਜਨ-ਸਾਧਾਰਨ ’ਤੇ ਵੀ ਪੈਂਦਾ ਹੈ। ਨਾਟਕ ਵਿਚ ਲੱਖਾ ਜਨ-ਸਾਧਾਰਨ ਦਾ ਪ੍ਰਤੀਨਿਧ ਪਾਤਰ ਹੈ। ਜਿਸਦੀ ਬੱਕਰੀ ਐਕਸੀਡੈਂਟ ਵਾਲੀ ਜਗ੍ਹਾ ਵੱਲ ਆ ਗਈ ਸੀ। ਉਹ ਡਿਊਟੀ ’ਤੇ ਤਾਇਨਾਤ ਅਫਸਰਾਂ (ਰਾਠੀ ਤੇ ਜੱਸਾ) ਤੋਂ ਆਪਣੀ ਬੱਕਰੀ ਬਾਰੇ ਪੁੱਛਦਾ ਹੈ ਜੋ ਹਵਾਈ ਜਹਾਜ਼ ਦੇ ਕਰੈਸ਼ ਹੋਣ ਨਾਲ ਮਰ ਗਈ, ਪਰ ਸਿਪਾਹੀਆਂ ਨੂੰ ਇਹ ਹੁਕਮ ਸੀ ਕਿ ਉਥੇ ਕਿਸੇ ਵੀ ਐਰੇ-ਗੈਰੇ ਨੂੰ ਆਉਣ ਜਾਣ ਨਾ ਦਿੱਤਾ ਜਾਵੇ ਤਾਂ ਕਿ ਸੰਵਿਧਾਨਕ ਤੌਰ ’ਤੇ ਚੁਣੇ ਨੇਤਾ ਦੀ ਰੱਖਿਆ ਕੀਤੀ ਜਾਵੇ। ਸਿਪਾਹੀ ਮਜਬੂਰ ਹਨ ਫੇਰ ਵੀ ਉਹ ਲੱਖੇ ਅਮਲੀ ਨੂੰ ਕਹਿੰਦੇ ਹਨ।

> ਜੱਸਾ: ਫੇਰ ਬਾਈ ਅਸੀਂ ਤਾਂ ਮਜਬੂਰ ਐ। ਹਾਂ, ਅਸੀਂ ਐਨਾ ਤਾਂ ਕਰ ਸਕਦੇ ਐ, ਬਈ ਜੇ ਤੂੰ ਨੰਦੋ ਦੇ ਅੰਗਾਂ ਉਂਗਾ ਦੀ ਪਛਾਣ ਕਰਨੀ ਐ ਤਾਂ ਕਰ ਲੈ।... ਪਰ ਤੂੰ ਪਛਾਣੇਗਾ ਕਿਵੇਂ? ਏਥੇ ਤਾਂ ਸਭ ਦਾ ਚੂਰਾ-ਚੂਰਾ ਹੋਇਆ ਪਿਐ। (ਔਲਖ 169)

ਇਸ ਪ੍ਰਕਾਰ ਨਾਟਕਕਾਰ ਨੇ ਸੂਖਮ ਵਿਅੰਗ ਨਾਲ ਨੇਤਾ ਅਤੇ ਲੱਖੇ ਅਮਲੀ ਦੀ ਬੱਕਰੀ ਨੂੰ ਮੇਚਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਕਰਕੇ ਹੀ ਉਹ ਨੰਦੋ ਦੀ ਗਾਨੀ ਨੂੰ ਮੰਤਰੀ ਸਾਹਿਬ ਦਾ ਤਬੀਤ ਕਹਿੰਦੇ ਹਨ ਅਤੇ ਬੱਕਰੀ ਦੇ ਲੇਵੇ ਨੂੰ ਮੰਤਰੀ ਦੀ ਹਿੱਪ ਸਮਝਦੇ ਹਨ। ਇਸ ਪ੍ਰਕਾਰ ਨਾਟਕ ਵਿਚ ਵਿਅੰਗਮਈ ਢੰਗ ਨਾਲ ਜਨਤਾ ਦੇ ਰੱਖਿਅਕ ਦੁਆਰਾ ਜਨਤਾ ਨਾਲ ਕੀਤਾ ਦੁਰਵਿਹਾਰ ਨਜ਼ਰ ਆਉਂਦਾ ਹੈ।

'ਬਗਾਨੇ ਬੋਹੜ ਦੀ ਛਾਂ' ਨਾਟਕ ਵਿਚ ਮੂਲ ਸਮੱਸਿਆ ਕਰਜੇ ਦੀ ਮਾਰ ਹੈ ਜੋ ਛੋਟੀ ਕਿਸਾਨੀ ਦੀ ਆਰਥਿਕ ਦਸ਼ਾ ਨੂੰ ਵਿਗਾੜਨ ਵਿਚ ਸਹਾਈ ਹੈ। ਘੱਟ ਜ਼ਮੀਨ ਵਾਲੇ ਕਿਸਾਨ ਦੀਆਂ ਆਰਥਿਕ ਮਜ਼ਬੂਰੀਆਂ ਨੂੰ ਨਾਟਕ ਵਿਚ ਪੇਸ਼ ਕੀਤਾ ਗਿਆ ਹੈ। ਨਾਟਕ ਵਿਚ ਆਰਥਿਕ ਮੰਦਹਾਲੀ ਨੂੰ ਪਰਿਵਾਰਕ ਜੀਵਨ ਦੇ ਦੁਖਾਂਤ ਦਾ ਕਾਰਨ ਮੰਨਿਆ ਗਿਆ ਹੈ। ਇਹ ਮੰਦਹਾਲੀ ਪਰਿਵਾਰਕ ਜੀਵਨ ਵਿਚ ਤਣਾਓ ਅਤੇ ਰਿਸ਼ਤਿਆਂ ਵਿਚ ਤੇੜਾਂ ਪੈਦਾ ਕਰ ਦਿੰਦੀ ਹੈ। ਪਰਿਵਾਰ ਦੇ ਵਧਣ ਨਾਲ ਜ਼ਮੀਨ ਘੱਟਦੀ ਜਾ ਰਹੀ ਹੈ ਅਤੇ ਆਰਥਿਕਤਾ ਹੋਰ ਵੀ ਕਮਜ਼ੋਰ ਹੋ ਜਾਂਦੀ ਹੈ। ਨਾਟਕ ਦੇ ਨਾਇਕ ਪਾਤਰ ਗੱਜਣ ਸਿੰਘ ਦਾ ਦੁਖਾਂਤ ਘੱਟ ਜ਼ਮੀਨ ਵਾਲੇ ਕਿਸਾਨ ਦਾ ਦੁਖਾਂਤ ਹੈ। ਗੱਜਣ ਸਿੰਘ ਅਤੇ ਉਸਦਾ ਭਰਾ ਗੇਲਾ ਤੀਵੀਂਆਂ ਦੇ ਨਿਤ ਦੇ ਕਲੇਸ਼ ਤੋਂ ਬਚਾਓ ਲਈ ਵੱਖ-ਵੱਖ ਹੋ ਜਾਂਦੇ ਹਨ। ਜ਼ਮੀਨ ਦੋਹਾਂ ਭਰਾਵਾਂ ਵਿਚ ਵੰਡੀ ਜਾਂਦੀ ਹੈ। ਘੱਟ ਜ਼ਮੀਨ ਦੋਵਾਂ ਦੀ ਆਰਥਿਕ ਦਸ਼ਾ ਵਿਗਾੜ ਦਿੰਦੀ ਹੈ। ਸਿੱਟੇ ਵਜੋਂ ਗੱਜਣ ਸਿੰਘ ਦਾ ਪਰਿਵਾਰ ਕਰਜੇ ਹੇਠ ਦੱਬਿਆ ਜਾਂਦਾ ਹੈ ਅਤੇ ਜ਼ਮੀਨ ਗਹਿਣੇ ਰੱਖੀ ਜਾਂਦੀ ਹੈ। ਗੱਜਣ ਸਿੰਘ ਨੂੰ ਬੁਨਿਆਦੀ ਲੋੜਾਂ (ਕੁੜੀ ਦਾ ਵਿਆਹ, ਮੁੰਡੇ ਦੀ ਪੜ੍ਹਾਈ) ਲਈ ਅਨੇਕਾਂ ਔਕੁੜਾਂ/ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੇਲੇ ਦੀ ਪਤਨੀ ਸੀਤੋ ਜੇਠ -ਜੇਠਾਣੀ ਦੁਆਰਾ ਕੀਤੀ ਗਈ ਵੰਡ ਨੂੰ ਅਸਾਂਵਾਂ ਸਮਝਦੀ ਹੈ। ਨਾਟਕ ਵਿਚ ਮੁੱਖ ਰੂਪ ਵਿਚ ਕਿਸਾਨੀ ਦੀ ਦੁਰਦਸ਼ਾ ਪੇਸ਼ ਹੁੰਦੀ ਹੈ। ਡਾ. ਗੁਰਦਿਆਲ ਸਿੰਘ ਅਨੁਸਾਰ,

> ਬਗਾਨੇ ਬੋਹੜ ਦੀ ਛਾਂ ਵਿਚ ਪੰਜਾਬ ਦੀ ਕਿਰਸਾਨੀ ਦੀਆਂ ਮੂਲ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ ਗਿਆ ਹੈ... ਕਿਰਸਾਣੀ ਦੀਆਂ ਨਿੱਕੀਆਂ-ਨਿੱਕੀਆਂ ਮੁਸ਼ਕਲਾਂ ਕਿੰਨੇ ਗੰਭੀਰ ਕਾਰਨ ਹਨ। ਇਸ ਨੁਕਤੇ ਵੱਲ ਸੰਕੇਤ ਕਰਨਾ ਹੀ ਇਸ ਨਾਟਕ ਦਾ ਮੰਤਵ ਹੈ। (ਗੁਰਦਿਆਲ 7-8)

ਇਸ ਪ੍ਰਕਾਰ 'ਬਗਾਨੇ ਬੋਹੜ ਦੀ ਛਾਂ' ਨਾਟਕ ਵਿਚ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਸਰਮਾਏਦਾਰੀ ਨਿਜ਼ਾਮ ਦੇ 'ਬੋਹੜ' ਥੱਲੇ ਕਿਸਾਨੀ ਸੁਖ ਅਤੇ ਚੈਨ ਦੀ ਜ਼ਿੰਦਗੀ ਬਤੀਤ ਨਹੀਂ ਕਰ ਸਕਦੀ। ਇਸਤੋਂ ਨਿਜ਼ਾਤ ਪਾਉਣ ਦਾ ਕੋਈ ਨਾ ਕੋਈ ਕਦਮ ਚੁੱਕਣਾ ਹੀ ਪੈਣਾ ਹੈ। ਔਲਖ ਨੇ ਕਿਸਾਨੀ ਜੀਵਨ ਵਿਚ ਕਰਜ਼ੇ ਦੀ ਮਾਰ ਨੂੰ ਨਾਟਕੀ ਵਿਸ਼ਾ ਬਣਾਇਆ ਹੈ। ਸਮੁੱਚੇ ਪਿੰਡ ਦੀ ਰਾਜਨੀਤੀ ਪੰਚਾਇਤ ਉਪਰ ਟਿਕੀ ਹੁੰਦੀ ਹੈ। ਇਸ ਲਈ ਗੇਲਾ ਗੱਜਣ ਤੋਂ ਪੁੱਛਦਾ ਹੈ।

> ਗੇਲਾ:... ਸੱਚ ਬਾਈ, ਐਤਕੀਂ ਵੋਟ ਕਿੱਧਰ ਪਾਏਂਗਾ (ਔਲਖ 47)

ਇਸਦਾ ਗੱਜਣ ਗੇਲੇ ਨੂੰ ਕੋਈ ਜਵਾਬ ਨਹੀਂ ਦਿੰਦਾ ਪਰ ਉਸਦੀ ਚੁੱਪ ਵਿਚ ਵੀ ਕੋਈ ਅਰਥ ਛੁਪੇ ਹਨ ਜਿਸਦੇ ਅਰਥ ਗੇਲਾ ਆਪਣੇ ਆਪ ਕੱਢਦਾ ਹੈ।

> ... ਲੈ ਮੈਂ ਵੀ ਕਮਲੈਂ? ਬਾਈ ਨੇ ਵੋਟ ਕੀਹਨੂੰ ਪਾਉਣੀ ਸੀ? ਜਿੱਧਰ ਜੈਲਾ ਲੰਬੜਦਾਰ ਕਹੂ ਉਧਰ ਈ ਪਾਊਗਾ। (ਔਲਖ 47)

ਇਸ ਤਰ੍ਹਾਂ ਪਤਾ ਚੱਲਦਾ ਹੈ ਕਿ ਜੈਲੇ ਲੰਬੜਦਾਰ ਨੇ ਗੱਜਣ ਨੂੰ ਉਸਦੀਆਂ ਲੋੜਾਂ ਪੂਰੀਆਂ ਕਰਨ ਲਈ ਕਰਜਾ ਦਿੱਤਾ ਸੀ। ਇਸ ਪ੍ਰਕਾਰ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਲੋਕਤੰਤਰੀ ਸਮਾਜ ਵਿਚ ਵੋਟ ਵੀ ਕਾਬਜ਼ ਧਿਰ ਜਾਂ ਪੂੰਜੀਵਾਦੀ ਪੱਧਰ ’ਤੇ ਤਾਕਤਵਰ ਧਿਰ ਦੇ ਹੱਕ ਵਿਚ ਭੁਗਤਦੀ ਹੈ। ਇਸ ਪ੍ਰਕਾਰ ਭਾਰਤੀ/ ਪੰਜਾਬੀ ਲੋਕਤੰਤਰੀ ਸਮਾਜ ਵਿਚ ਵੋਟ ਦੇ ਅਸਿੱਧੇ ਰੂਪ ਵਿਚ ਵਿਕਣ ਦੇ ਪ੍ਰਮਾਣ ਸਾਹਮਣੇ ਆਉਂਦੇ ਹਨ, ਪਰ ਦੂਜੇ ਪਾਸੇ ਪਿੰਡ ਵਿਚ ਵਸਦੇ ਲੋਕ ਪੰਚਾਇਤ ਕੋਲੋਂ ਨਿਆਂ ਦੀ ਉਮੀਦ ਰੱਖਦੇ ਹਨ। ਨਾਟਕ ਵਿਚ ਕਾਂਸੀ ਰਾਮ ਗੱਜਣ ਨੂੰ ਕਰਜ਼ਾ ਨਾ ਮੋੜਨ ਸਮੇਂ ਕਹਿੰਦਾ ਹੈ।

> ਕਾਂਸ਼ੀ:... ਚਲਿਆ ਤਾਂ ਮੈਂ ਜਾਨੈਂ ਗੱਜਣ ਸਿਆਂ। ਪਰ ਇਕ ਗੱਲ ਤੂੰ ਕੰਨ ਖੋਹਲ ਕੇ ਸੁਣ ਲੈ। ਜੇ ਦਸ ਦਿਨਾਂ ਦੇ ਅੰਦਰ-ਅੰਦਰ ਮੇਰਾ ਨਾਵਾਂ ਚੁਕਦਾ ਨਾ ਕੀਤਾ ਤਾਂ ਮੈਂ ਪੰਚੈਤ ਕੱਠੀ ਕਰੂੰ। ਉਥੇ ਨਾ ਨਿਬੜਿਆ ਕਚਹਿਰੀਏ ਚੜੂੰ। (ਔਲਖ 63)

ਇਸ ਪ੍ਰਕਾਰ ਪਿੰਡਾਂ ਦੀ ਸਾਰੀ ਰਾਜਸੀ ਸ਼ਕਤੀ ਪੰਚਾਇਤਾਂ ਕੋਲ ਅਤੇ ਪੰਚਾਇਤਾਂ/ ਰਾਜ ਸੱਤਾ ਪੂੰਜੀਵਾਦੀ ਧਿਰ ਦੇ ਅਧੀਨ ਹੁੰਦੀਆਂ ਹਨ। ਔਲਖ ਦੇ ਨਾਟਕਾਂ ਵਿਚੋਂ ਪਤਾ ਚਲਦਾ ਹੈ ਕਿ ਅਜੋਕਾ ਮਨੁੱਖੀ ਸਮਾਜ ਸਿੱਧੇ ਤੌਰ ’ਤੇ ਰਾਜਨੀਤੀ ਤੋਂ ਪ੍ਰਭਾਵਿਤ ਹੈ, ਕਿਉਂਕਿ ਸਮਾਜਿਕ ਸੰਗਠਨ ਇਸ ਪ੍ਰਕਾਰ ਦਾ ਹੈ ਕਿ ਸਮਾਜ ਵਿਚਲੇ ਨਿਮਨ ਤਬਕੇ ਆਪਣੇ ਤੋਂ ਉਪਰਲੀ ਜਮਾਤ ਨਾਲ ਆਪਣੇ ਹਿੱਤਾਂ ਕਾਰਨ ਹੀ ਜੁੜੇ ਹੋਏ ਹਨ।

### 3.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਜਨ ਸਾਧਾਰਨ ਦੀ ਸਥਿਤੀ

ਪੂੰਜੀਵਾਦੀ ਯੁੱਗ ਦੇ ਆਉਣ ਨਾਲ ਭਾਰਤੀ ਸੰਵਿਧਾਨ ਦੁਆਰਾ ਦਿੱਤੇ ਗਏ ਬਰਾਬਰਤਾ ਦੇ ਅਧਿਕਾਰ ਕਾਰਨ ਗ਼ਰੀਬ ਜਾਤਾਂ ਵਿਚ ਕੁੱਝ ਲੋਕ ਪੜ੍ਹ-ਲਿਖ ਕੇ ਉੱਚ ਪਦਵੀਆਂ ਉਪਰ ਪਹੁੰਚ ਗਏ ਪਰ ਫੇਰ ਵੀ ਉੱਚੀਆਂ ਜਾਤਾਂ ਦੀ ਪ੍ਰਭੂਸੱਤਾ ਦਲਿਤ ਕੌਮਾਂ ਨੂੰ

ਗਿਆਨ ਦੀ ਸ਼ਕਤੀ ਤੋਂ ਵੰਚਿਤ ਹੀ ਰੱਖਦੀ ਹੈ। ਭਾਰਤੀ ਸੰਵਿਧਾਨ ਨੇ ਔਰਤਾਂ ਨੂੰ ਵੀ ਬਰਾਬਰ ਹੱਕ ਦਿੱਤੇ ਹਨ, ਪਰ ਭਾਰਤੀ/ਪੰਜਾਬੀ ਸਮਾਜ ਵਿਚ ਹੁਣ ਤੱਕ ਵੀ ਔਰਤਾਂ ਨਾਲ ਦੁਜੈਲਾ ਵਿਹਾਰ ਕੀਤਾ ਜਾਂਦਾ ਹੈ। ਔਲਖ ਦੇ ਨਾਟਕਾਂ ਵਿਚ ਔਰਤਾਂ ਨਾਲ ਸਰਕਾਰੀ ਤੰਤਰ ਦੁਆਰਾ ਹੁੰਦੀ ਧੱਕੇਸ਼ਾਹੀ ਨੂੰ ਨਾਟ ਵਿਸ਼ਾ ਬਣਾਇਆ ਗਿਆ ਹੈ। ਔਲਖ ਦੇ ਨਾਟਕ 'ਬਗਾਨੇ ਬੋਹੜ ਦੀ ਛਾਂ' ਵਿਚ ਉਕਤ ਸਥਿਤੀ ਹੀ ਵਾਪਰਦੀ ਹੈ। ਸਥਾਪਤ ਧਿਰਾਂ ਦੇ ਨੁਮਾਇੰਦੇ ਬਿਸ਼ਨੀ ਦੇ ਪਤੀ ਅਤੇ ਉਸਦੇ ਪੁੱਤਰ ਨੂੰ ਸ਼ਰੇਆਮ ਕਤਲ ਕਰ ਦਿੰਦੇ ਹਨ ਅਤੇ ਪੈਸੇ ਦੀ ਤਾਕਤ ਨਾਲ ਕਾਨੂੰਨੀ ਲੜਾਈ ਵੀ ਜਿੱਤ ਜਾਂਦੇ ਹਨ। ਉਸਨੂੰ ਸਮੁੱਚੀ ਵਾਰਤਾਲਾਪ ਵਿਚੋਂ ਉਸਦੀ ਬੇਬਸੀ ਝਲਕਦੀ ਰਹਿੰਦੀ ਹੈ।

> ਬਿਸ਼ਨੀ: ……….. ਭਰੀ ਸੱਥ ਚ ਸਿਖ਼ਰ ਦੁਪਹਿਰੇ ਸ਼ਰੀਕਾਂ ਨੇ ਪਹਿਲਾਂ ਉਹਨੂੰ ਵੱਢਿਆ ਫੇਰ ਮੇਰੇ ਕਾਲਜੇ ਦੀਆਂ ਆਂਦਰਾਂ ਟੋਟੇ-ਟੋਟੇ ਕਰਤੀਆਂ। ਕਿਸੇ ਸੁਣੀ ਮੇਰੀ? ਦਾਲਤਾਂ ਨੇ ਵੱਢੀਆਂ ਲੈ ਕੇ ਰੱਸੇ ਲਾਹ ਤੇ। ਕਿੱਥੇ ਐ ਅਨਸਾਫ ਪੁੱਤ।... ਬਹੁਤ ਭੁੱਲਦੀ ਐ ਪੁੱਤ.. ਬਹੁਤ ਭੁੱਲਦੀ ਐ। ਪਰ ਜਦ ਸ਼ਰੀਕ ਦਗੜ ਦਗੜ ਕਰਦੇ ਬਾਰ ਮੂਹਰਿਓਂ ਲੰਘਦੇ ਐ। ਦੇਹ ਨੂੰ ਲਾਂਬੂ ਜਿਆ ਲਗ ਜਾਂਦੇ ਜਾਣੀ ਦੀ। (ਔਲਖ 54-55)

ਇਸ ਤਰ੍ਹਾਂ ਔਲਖ ਦੇ ਨਾਟਕ 'ਹਰਿਉ ਬੂਟ' ਵਿਚ ਧਰਮ ਅਤੇ ਸਮਾਜ ਦੇ ਠੇਕੇਦਾਰਾਂ ਵਿਰੁੱਧ ਪੈਦਾ ਹੋਈ ਅੱਤਵਾਦ ਲਹਿਰ ਨੂੰ ਚਿਤਰਿਆ ਗਿਆ ਹੈ। ਇਸ ਨਾਟਕ ਦਾ ਸਿਕੰਦਰ ਘਰ-ਬਾਰ ਤਿਆਗ ਕੇ ਅੱਤਵਾਦੀ ਬਣ ਜਾਂਦਾ ਹੈ। ਪੁਲਸ ਉਸਦੇ ਪਰਿਵਾਰ ਉਪਰ ਤਸ਼ੱਦਦ ਕਰਨਾ ਸ਼ੁਰੂ ਕਰ ਦਿੰਦੀ ਹੈ। ਉਸਦੀ ਮਾਂ, ਭੈਣ ਅਤੇ ਭਰਜਾਈ ਨੂੰ ਬੇਪੱਤ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ।

> ਐਸ. ਐਸ. ਪੀ. ਦੀ ਆਵਾਜ਼: ਉਸ ਕੁੱਤੀ ਦੇ ਪੁੱਤ ਦੀ ਮਾਂ, ਭੈਣ ਤੇ ਭਰਜਾਈ ਨੂੰ ਨੰਗੀਆਂ ਕਰੋ ਇਸ ਭਰੀ ਸੱਥ ਵਿਚ। (ਔਲਖ 220)

ਇਸ ਤਰ੍ਹਾਂ ਔਲਖ ਦੇ ਨਾਟਕਾਂ ਵਿਚ ਸਰਕਾਰੀ ਤੰਤਰ ਵੱਲੋਂ ਨਾਰੀ 'ਤੇ ਬੇਹੱਦ ਤਸ਼ੱਦਦ ਅਤੇ ਮਾਨਸਿਕ ਪੀੜਾ ਦਿੱਤੀ ਜਾਂਦੀ ਹੈ, ਪਰ ਇਸਦੇ ਵਿਪਰੀਤ ਔਲਖ ਆਪਣੇ ਨਾਟਕਾਂ ਵਿਚ ਔਰਤ ਨੂੰ ਸਰਕਾਰੀ/ਰਾਜਸੀ ਧਿਰਾਂ ਦਾ ਵਿਰੋਧ ਕਰਕੇ ਰਾਜਸੀ-ਚੇਤਨਾ ਦਾ ਸਬੂਤ ਵੀ ਦਿੰਦਾ ਹੈ। 'ਹਾਏ ਨੀ ਮਨਮੀਤ ਕੁਰੇ' ਨਾਟਕ ਵਿਚ ਅਮਨ ਇਸੇ ਅਨਿਆਂ ਦੇ ਵਿਰੁੱਧ ਸੰਘਰਸ਼ ਕਰਦੀ ਹੈ। ਡੀ.ਐਸ.ਪੀ. ਉਸਨੂੰ ਡਰਾਉਂਦਾ ਵੀ ਹੈ ਪਰ ਅਮਨ ਸੰਘਰਸ਼ ਦਾ ਰਾਹ ਫੜਦੀ ਹੋਈ ਆਪਣੇ ਹੱਕਾਂ ਪ੍ਰਤੀ ਸੁਚੇਤ ਹੈ।

ਆਧੁਨਿਕ ਯੁੱਗ ਦੀ ਨਾਰੀ ਡਰਪੋਕ ਨਾ ਹੋ ਕੇ ਆਪਣੀਆਂ ਅੰਦਰੂਨੀ ਸਮਰੱਥਾਵਾਂ ਤੋਂ ਜਾਣੂੰ ਹੈ ਅਤੇ ਸਵੈ-ਮਾਣ ਨਾਲ ਸਵੈ-ਰੱਖਿਆ ਵੀ ਕਰਦੀ ਹੈ ਅਤੇ ਸੰਘਰਸ਼ ਵੀ ਕਰਦੀ ਹੈ।

ਔਲਖ ਦੇ ਨਾਟਕ ਸਮਕਾਲੀ ਰਾਜਨੀਤਕ ਢਾਂਚੇ ਦੇ ਭ੍ਰਿਸ਼ਟਾਚਾਰੀ ਸਰੂਪ ’ਤੇ ਵੀ ਵਿਅੰਗਕਾਰੀ ਕਰਦੇ ਹਨ। ‘ਤੇੜਾਂ’ ਨਾਟਕ ਇਕ ਪਰਿਵਾਰ ਦੀਆਂ ਆਰਥਿਕ ਥੁੜ੍ਹਾਂ ਦੇ ਸੰਦਰਭ ਵਿਚ ਭ੍ਰਿਸ਼ਟ ਸਮਾਜਕ ਅਤੇ ਰਾਜਨੀਤਕ ਵਰਤਾਰੇ ਦਾ ਚਿਤ੍ਰਣ ਕਰਦਾ ਹੈ। ਨਾਟਕ ਵਿਚ ਔਲਖ ਸਿੱਧੇ ਤੌਰ ’ਤੇ ਆਪਣੇ ਮਾਰਕਸਵਾਦੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਾ ਹੈ। ਵਰਤਮਾਨ ਰਾਜਨੀਤਕ ਢਾਂਚੇ ਦੇ ਅਤਿ ਭ੍ਰਿਸ਼ਟ ਹੋਣ ਕਾਰਨ ਇਮਾਨਦਾਰ ਮਨੁੱਖ ਆਪਣੀਆਂ ਨਿਊਨਤਮ ਜ਼ਰੂਰਤਾਂ ਦੀ ਅਪੂਰਤੀ ਕਾਰਨ ਦੁਖਾਂਤ ਭੋਗਦਾ ਹੈ। ਨਾਟਕ ਦਾ ਪਾਤਰ ਜਸਦੇਵ ਆਪਣੇ ਪਰਿਵਾਰ ਦੇ ਸੁਪਨਿਆਂ ਨੂੰ ਪੂਰਨ ਵਿਚ ਅਸਮਰੱਥ ਹੈ। ਘਰ ਵਿਚ ਤਣਾਓ ਦਾ ਮਾਹੌਲ ਬਣਦਾ ਹੈ। ਮਨਦੀਪ (ਜਸਦੇਵ ਦੀ ਪਤਨੀ) ਜਸਦੇਵ ਦੇ ਪਿਓ ਅਤੇ ਉਸਦੇ ਭਰਾ ਦੇ ਚਰਿੱਤਰ ਨੂੰ ਨੇਤਾਵਾਂ ਨਾਲ ਮੇਚਦੀ ਕਹਿੰਦੀ ਹੈ।

> ਮਨਦੀਪ: ਤੇ ਇਹਨਾਂ ਚਲਾਕ ਸਿਆਸਤਦਾਨਾਂ ਵਰਗੇ ਚਲਾਕ ਨੇ ਥੋਡੇ ਪਾਪਾ ਤੇ ਭਰਾ ਜਿਹੜੇ ਮਿੱਠੀਆਂ ਮਾਰ ਮਾਰ ਕੇ ਸਾਰਿਆਂ ਦਾ ਹੱਕ ਵਟੋਰ ਕੇ ਲੈ ਜਾਂਦੇ ਨੇ। (ਔਲਖ 185)

ਨਾਟਕਕਾਰ ਨੇ ਨਾਟਕ ਦੀ ਕੇਂਦਰੀ ਵਸਤੂ ਨੂੰ ਬਾਲ ਕਹਾਣੀ ਦੀ ਜੁਗਤ ਰਾਹੀਂ ਉਸਾਰਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਗੋਰਕੀ ਅਤੇ ਕ੍ਰਾਂਤੀ ਪਾਤਰਾਂ ਦੁਆਰਾ ਕਾਂ ਤੇ ਲੂੰਬੜੀ ਵਾਲੀ ਕਹਾਣੀ ਪੇਸ਼ ਕਰਕੇ ਨਾਟਕਕਾਰ ਨੇ ਵਰਤਮਾਨ ਰਾਜਨੀਤਕ ਵਰਤਾਰੇ ਦੀ ਭਿਆਨਕ ਅਤੇ ਕਠੋਰ ਤਸਵੀਰਕਸ਼ੀ ਕੀਤੀ ਹੈ।

ਔਲਖ ਦੇ ਨਾਟਕਾਂ ਵਿਚ ਮਾਨਵੀ ਜਜ਼ਬਿਆਂ ਅਤੇ ਸਰਕਾਰੀ ਮਸ਼ੀਨਰੀ ਦੀ ਹਿੰਸਾਤਮਕ ਕਿਰਿਆਵਾਂ ਦੀ ਆਪਸੀ ਤਣਾਓ ਪੂਰਵਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਬੇਸ਼ੱਕ ਇਨ੍ਹਾਂ ਨਾਟਕਾਂ ਦੀ ਆਧਾਰਸ਼ਿਲਾ ਆਰਥਿਕ ਸਮੱਸਿਆਵਾਂ ਉਪਰ ਹੀ ਟਿਕੀ ਰਹਿੰਦੀ ਹੈ ਪਰ ਇਸਦੀਆਂ ਪਰਤਾਂ ਅਜੋਕੇ ਰਾਜਨੀਤਕ ਢਾਂਚੇ ਵਿਚ ਹੀ ਖੁਲਦੀਆਂ ਹਨ। ਔਲਖ ਦੇ ਨਾਟਕ ਵਰਤਮਾਨ ਰਾਜਨੀਤਕ ਪ੍ਰਬੰਧ ਵਿਚ ਪੱਸਰੇ ਭ੍ਰਿਸ਼ਟ ਤੰਤਰ ਨੂੰ ਚਿਤਰਦੇ ਹਨ, ਜਿਸ ਵਿਚ ਮਾਨਵੀ ਕਦਰਾਂ-ਕੀਮਤਾਂ ਤੋਂ ਜ਼ਿਆਦਾ ਪੈਸਾ ਮਹੱਤਵਪੂਰਨ ਹੈ। ਅਮੀਰ ਵਰਗ ਦਲਿਤ ਵਰਗ ਨੂੰ ਦਬਾਅ ਕੇ ਰੱਖਦਾ ਹੈ। ਅਮੀਰ ਵਰਗ ਦੀ ਸਰਕਾਰੇ ਦਰਬਾਰੇ ਪਹੁੰਚ ਹੋਣ ਕਾਰਨ ਗ਼ਰੀਬ/ਦਲਿਤ ਵਰਗ ਦੀ ਗੱਲ ਤੱਕ ਨਹੀਂ ਸੁਣੀ ਜਾਂਦੀ।

### 3.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਰਾਜਨੀਤਕ ਪਰਿਪੇਖ ਸੰਬੰਧੀ ਚੇਤਨਾ

'ਐਇੰ ਨੀ ਹੁਣ ਸਰਨਾ' ਨਾਟਕ ਸ਼ੁੱਧ ਰਾਜਨੀਤਕ-ਚੇਤਨਾ ਨਾਲ ਭਰਪੂਰ ਹੈ। ਜਿਸ ਵਿਚ ਕਿਸਾਨ ਇਕ ਜੁੱਟ ਹੋ ਕੇ ਸਰਕਾਰ ਦੀਆਂ ਮਾਰੂ ਨੀਤੀਆਂ, ਅਖੌਤੀ ਪੇਂਡੂ ਲੀਡਰਾਂ ਦਾ ਵਿਰੋਧ ਕਰਦੇ ਹਨ। ਇਸ ਤਰ੍ਹਾਂ ਨਾਟਕ ਵਿਚੋਂ ਕਿਸਾਨੀ ਲਹਿਰ ਦੇ ਕਿਸਾਨੀ ਪੱਖ ਦੀਆਂ ਨੀਤੀਆਂ ਮਨਵਾਉਣ ਲਈ ਸਰਕਾਰਾਂ ਵਿਰੁੱਧ ਬਗਾਵਤ ਦੇ ਸੰਕੇਤ ਮਿਲਦੇ ਹਨ। ਸਰਦਾਰਾ ਸਿੰਘ ਮਾਹਿਲ ਅਨੁਸਾਰ:-

> ਹਿੰਦੁਸਤਾਨ ਵਿਚ ਜਦੋਂ ਵੀ ਗੰਭੀਰ ਰੂਪ ਵਿਚ ਇਨਕਲਾਬ ਏਜੰਡੇ 'ਤੇ ਆਇਆ ਸੀ ਤਾਂ ਉਹ ਕਿਸਾਨੀ ਬਗਾਵਤਾਂ, ਤਿਲੰਗਾਨਾ, ਵਿਭਾਗਾਂ, ਪੈਪਸੂ, ਪੁਨਾਪਾਰਾ-ਵਾਇਰਲ ਘੋਲ ਅਤੇ ਨਕਸਲਬਾੜੀ ਦੀ ਬਗ਼ਾਵਤ ਦੇ ਰੂਪ ਵਿਚ ਆਇਆ। ਭਾਰਤੀ ਹਾਕਮਾਂ ਨੇ ਇਹਨਾਂ ਦਾ ਜਵਾਬ ਅੰਨ੍ਹੇ ਤਸ਼ੱਦਦ ਤੇ ਜ਼ਮੀਨੀ ਸੁਧਾਰਾਂ ਦੇ ਪਰਪੰਚ ਰਾਹੀਂ ਦਿੱਤਾ ਸੀ। (ਮਾਹਿਲ 38)

1991 ਈਸਵੀ ਦੀ ਆਰਥਿਕ ਨੀਤੀ ਲਾਗੂ ਹੋਣ ਨਾਲ ਵਿਦੇਸ਼ੀ ਕੰਪਨੀਆਂ ਭਾਰਤ ਵਿਚ ਸਨਅਤਾਂ ਲਗਾਉਣ ਲੱਗੀਆਂ ਜਿਸ ਕਾਰਨ ਉਨ੍ਹਾਂ ਵਿਦੇਸ਼ੀ ਕੰਪਨੀਆਂ ਨੂੰ ਇੱਧਰ ਜ਼ਮੀਨ ਦੀ ਜ਼ਰੂਰਤ ਪੈਣੀ ਸੁਭਾਵਿਕ ਸੀ। ਦੇਸ਼ ਦੀ ਹਾਕਮ ਧਿਰ ਨੇ ਵਿਕਾਸ ਦੇ ਨਾਮ ਹੇਠ ਕਿਸਾਨਾਂ ਦੀ ਜ਼ਮੀਨ ਵਿਦੇਸ਼ੀ ਕੰਪਨੀਆਂ ਤੋਂ ਰਿਸ਼ਵਤਾਂ ਲੈ ਕੇ ਉਨ੍ਹਾਂ ਨੂੰ ਦਿੱਤੀ। ਔਲਖ ਦੇ ਨਾਟਕ 'ਐਇੰ ਨੀ ਹੁਣ ਸਰਨਾ' ਵੀ ਇਸੇ ਵਰਤਾਰੇ ਦੀ ਨਾਟਕੀ ਪੇਸ਼ਕਾਰੀ ਹੈ। ਜਿਸਦਾ ਘਟਨਾ ਸਥਲ ਮਾਨਸਾ ਜ਼ਿਲ੍ਹੇ ਦੇ ਗੋਬਿੰਦਪੁਰੇ ਪਿੰਡ ਨੂੰ ਬਣਾਇਆ ਗਿਆ ਹੈ। ਕੁਲਵਿੰਦਰ ਸਿੰਘ ਅਨੁਸਾਰ:-

> ਐਇੰ ਨੀ ਹੁਣ ਸਰਨਾ ਲਘੂ ਨਾਟਕ ਦੀ ਸਮੱਸਿਆ ਇਕ ਪਾਸੇ ਔਲਖ ਦੇ ਹੋਰਨਾਂ ਨਾਟਕਾਂ ਵਾਂਗ ਬਚਨਾ ਸਿੰਘ 'ਤੇ ਆਏ ਸੰਕਟ ਦੀ ਹੈ। ਪਰ ਨਾਲ ਹੀ ਹਾਕਮ ਧਿਰ ਵੱਲੋਂ ਸੋਚੀ ਸਮਝੀ ਸਾਜਿਸ਼ ਤਹਿਤ ਮਾਨਸਾ ਜ਼ਿਲ੍ਹੇ ਦੇ ਛੋਟੇ ਜਿਹੇ ਕਸਬੇ ਗੋਬਿੰਦਪੁਰੇ ਦੇ ਕਿਸਾਨਾਂ ਦੀ ਭੋਇੰ ਨੂੰ ਹੜੱਪ ਕਰਨ ਦੀ ਸਾਜ਼ਿਸ਼ ਹੈ। ਜਿਸਦੇ ਬਦਲ ਵਿਚ ਕਿਸਾਨਾਂ ਵੱਲੋਂ ਵਿੱਢੇ ਸੰਘਰਸ਼ ਦੀ ਦਾਸਤਾਨ ਔਲਖ ਨੇ ਵੱਖ-ਵੱਖ ਪਾਤਰਾਂ ਜ਼ਰੀਏ ਪੇਸ਼ ਕੀਤੀ ਹੈ। (ਕੁਲਵਿੰਦਰ 27)

ਨਾਟਕ ਦੀ ਸ਼ੁਰੂਆਤ ਬਚਨੇ ਦੇ ਆਤਮਹੱਤਿਆ ਕਰਨ ਨਾਲ ਹੁੰਦੀ ਹੈ ਜੋ ਕਰਜ਼ੇ ਦੀ ਮਾਰ ਤੋਂ ਸਤਾਇਆ ਹੋਇਆ ਹੈ ਅਤੇ ਆਪਣੇ-ਆਪ ਨੂੰ ਮਾਰ ਦੇਣਾ ਚਾਹੁੰਦਾ ਹੈ। ਜ਼ਿਕਰਯੋਗ ਹੈ ਕਿ ਉਸਦਾ ਬਾਪੂ ਵੀ ਪਹਿਲਾਂ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ

ਚੁੱਕਿਆ ਹੈ। ਪੰਜਾਬ ਦੀ ਕਿਸਾਨੀ ਪੀੜ੍ਹੀ ਦਰ ਪੀੜ੍ਹੀ ਖੁਦਕੁਸ਼ੀ ਕਰ ਰਹੀ ਹੈ, ਜਿਸਦਾ ਮੂਲ ਕਾਰਨ ਕਰਜ਼ੇ ਦੀ ਸਮੱਸਿਆ ਹੈ ਜੋ ਕਿ ਖੇਤੀ ਸੰਕਟ ਬਣ ਕੇ ਉਭਰ ਰਿਹਾ ਹੈ। ਇਨ੍ਹਾਂ ਕਿਸਾਨਾਂ ਨੂੰ ਜੱਦੀ ਰੂਪ ਵਿਚ ਸਿਰਫ਼ ਜ਼ਮੀਨ ਹੀ ਨਹੀਂ ਬਲਕਿ ਕਰਜ਼ਾ ਵੀ ਮਿਲਦਾ ਹੈ। ਸਰਦਾਰ ਸਿੰਘ ਮਾਹਿਲ ਇਨ੍ਹਾਂ ਸੀਮਾਂਤ ਕਿਸਾਨਾਂ ਦੀ ਆਰਥਿਕ ਸਥਿਤੀ ਬਾਰੇ ਦੱਸਦਾ ਹੈ।

> ਬੇਜਮੀਨੇ ਛੋਟੇ ਕਿਸਾਨ ਅਤੇ ਸੀਮਾਂਤ ਕਿਸਾਨ ਉਹ ਤਬਕੇ ਹਨ ਜੋ ਹਰ ਛਿਮਾਹੀ ਕਰਜ਼ੇ ਲੈ ਕੇ ਆਪਣਾ ਡੰਗ ਤੋਰਦੇ ਹਨ। ਜਦੋਂ ਕਰਜ਼ੇ ਦੀ ਵਾਪਸੀ ਰੁਕ ਜਾਂਦੀ ਹੈ ਤਾਂ ਉਹਨਾਂ ਨੂੰ ਹੋਰ ਕਰਜ਼ਾ ਮਿਲਣਾ ਬੰਦ ਹੋ ਜਾਂਦਾ ਹੈ। ਜਦੋਂ ਕਰਜ਼ਾ ਨਹੀਂ ਮਿਲਦਾ ਤਾਂ ਉਹ ਆਪਣੀ ਪੈਦਾਵਾਰ ਲਈ ਲੋੜੀਂਦੀਆਂ ਲਾਗਤ ਵਸਤੂਆਂ ਖਾਦਾਂ, ਕੀੜੇ ਮਾਰ ਦਵਾਈਆਂ ਆਦਿ ਹਾਸਲ ਨਹੀਂ ਕਰ ਸਕਦੇ। ਅਜਿਹੀ ਹਾਲਤ ਵਿਚ ਉਨ੍ਹਾਂ ਦੀ ਪੈਦਾਵਾਰ ’ਤੇ ਬੁਰਾ ਅਸਰ ਪੈਂਦਾ ਹੈ। ਪੈਦਾਵਾਰ ਇਕਦਮ ਡਿੱਗ ਪੈਂਦੀ ਹੈ ਪੈਦਾਵਾਰ ਘਟਣ ਨਾਲ ਉਨ੍ਹਾਂ ਦੀ ਕਰਜ਼ਾ ਵਾਪਸੀ ਦੀ ਸਮਰੱਥਾ ਹੋਰ ਵੀ ਡਿੱਗ ਪੈਂਦੀ ਹੈ। (ਮਾਹਿਲ 24-25)

ਨਾਟਕ ਵਿਚ ਬਚਨਾ ਆਤਮ-ਹੱਤਿਆ ਕਰਨ ਦਾ ਕਦਮ ਚੁੱਕਦਾ ਹੈ ਤਾਂ ਉਸਦੀ ਧੀ ਉਸਨੂੰ ਰੋਕਦੀ ਹੈ ਤਾਂ ਨਾਟਕਕਾਰ ਦੁਆਰਾ ਪਗੜੀ ਸੰਭਾਲ ਜੱਟਾ ਦੀ ਧੁਨੀ ਕਿਸਾਨੀ ਹੋਂਦ ਨੂੰ ਬਚਾਉਣ ਦਾ ਸੁਨੇਹਾ ਦਿੰਦੀ ਹੈ। ਨਾਟਕ ਵਿਚ ਹਾਕਮ ਧਿਰ/ ਕਾਰਪੋਰੇਟਸ ਜਗਤ ਦਾ ਪਿੱਠੂ ਬਣ ਕੇ ਬਲਕਾਰ ਬਚਨ ਵਰਗੇ ਭੋਲੇ ਭਾਲੇ ਲੋਕਾਂ ਨੂੰ ਆਪਣੀ ਨੀਤੀ ਵਿਚ ਫਸਾਉਂਦਾ ਹੈ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਛੋਟੀ ਕਿਸਾਨੀ ਨੂੰ ਮਜ਼ਦੂਰ ਵਰਗ ਵਿਚ ਪਰਿਵਰਤਤ ਕਰਨ ਵੱਲ ਰੁਚਿਤ ਹਨ। ਬਲਕਾਰ ਵਰਗੇ ਸਿਆਸੀ ਲੋਕ ਬਚਨੇ ਵਰਗੇ ਕਰਜਈ ਲੋਕਾਂ ਨੂੰ ਲਾਲਚ ਦੇ ਕੇ ਗੁੰਮਰਾਹ ਕਰਦੇ ਹਨ। ਨਾਟਕ ਵਿਚ ਪਾਤਰਾਂ ਦੀ ਤਿਕੋਣ ਸ਼ਾਮਲ ਹੈ। ਬਲਕਾਰ ਬਚਨੇ ਦੇ ਕਰਜ਼ੇ ਦਾ ਹੱਲ ਉਸਦੀ ਜ਼ਮੀਨ ਵੇਚਣ ਵਿਚੋਂ ਲੱਭਦਾ ਹੈ ਪਰ ਉਹ ਇਸਨੂੰ ਗੁੱਝੀ ਗੱਲ ਵਜੋਂ ਰੱਖਣਾ ਚਾਹੁੰਦਾ ਹੈ, ਕਿਉਂਕਿ ਉਹ ਗੋਬਿੰਦ, ਗੁਰਪਾਲ ਵਰਗੇ ਸੰਘਰਸ਼ੀ ਲੋਕਾਂ ਤੋਂ ਗੱਲ ਵਿਗੜਨ ਕਰਕੇ ਡਰਦਾ ਹੈ, ਇਸ ਕਰਕੇ ਉਹ ਬਚਨੇ ਨੂੰ ਸਮਝਾਉਂਦਾ ਹੈ।

> ਬਲਕਾਰ: ਏਥੇ ਆਪਣੇ ਪਿੰਡ ਵਿਚ ਕਈ ਸਿੱਧੀਆਂ ਨੂੰ ਪੁੱਠੀਆਂ ਕਰਨ ਵਾਲੇ ਵੀ ਹੈ-ਗੇ ਨੇ, ਉਹ ਮੇਰੇ ਸਾਲੇ ਦੀਆਂ ਕਿਸਾਨ ਯੂਨੀਅਨਾਂ ਦੇ ਗੁਰਪਾਲੇ ਵਰਗੇ ਏਜੰਟ।? ਉਨ੍ਹਾਂ ਨੂੰ ਨਾ ਪਹਿਲਾਂ ਕਿਤੇ ਭਿਣਕ ਲੱਗ ਜੇ। ਨਹੀਂ ਤਾਂ ਬਣੀ ਬਣਾਈ ਖੇਡ ਵਿਗੜ ਜੂ (ਔਲਖ 259)

ਬਚਨਾ ਸਿੰਘ ਬਲਕਾਰ ਦੀਆਂ ਸਾਜ਼ਿਸ਼ੀ ਗੱਲਾਂ ਵਿਚ ਆ ਗਿਆ ਪਰ ਉਸਦੀ ਧੀ ਇਸਨੂੰ ਲੂੰਬੜ ਚਾਲ ਕਹਿੰਦੀ ਹੈ ਪਰ ਸਮੁੱਚੇ ਜਮੀਨ ਹਥਿਆਉਣ ਵਾਲੇ ਸਰਕਾਰੀ ਤੰਤਰ ਦਾ ਵਿਰੋਧ ਗੋਬਿੰਦਾ ਕਰਦਾ ਹੈ। ਅਮਨ ਬਚਨੇ ਦੀ ਧੀ ਪਹਿਲਾਂ ਤੋਂ ਹੀ ਸੰਘਰਸ਼ੀ, ਜਾਗਰੂਕਤਾ ਵਾਲਾ ਸਾਹਿਤ ਪੜ੍ਹਦੀ ਹੈ ਜੋ ਇਸ ਜ਼ਮੀਨ ਬਚਾਓ ਸੰਘਰਸ਼ ਵਿਚ ਕੁੱਦਣ ਲਈ ਤਿਆਰ ਹੈ। ਬੇਬੇ ਅਤੇ ਜਗਮੇਲ ਕੌਰ ਨੂੰ ਵੀ ਸਰਕਾਰ ਦੀ ਨੀਤੀ ਸਮਝ ਆਉਣ ਲੱਗਦੀ ਹੈ। ਗੋਬਿੰਦਾ ਉਨ੍ਹਾਂ ਨੂੰ ਦੱਸਦਾ ਹੈ,

> ਕਹਾਣੀ ਫੇਰ ਤਾਈ, ਇਹ ਐ। ਬਈ ਆਪਣੇ ਪਿੰਡ ਦੀ ਸਾਰੀ ਜ਼ਮੀਨ ਸਰਕਾਰ ਨੇ ਆਪਣੇ ਆਪ ਹੀ ਕਿਸੇ ਭੈਣ ਦੇ ਯਾਰ ਦੀ ਬਿਜਲੀ ਕੰਪਨੀ ਨੂੰ ਬੇਚ ਤੀ। (ਔਲਖ 270)

ਬੇਬੇ ਇਹ ਸੁਣ ਕੇ ਭੜਕਦੀ ਹੈ। ਗੋਬਿੰਦਾ ਲੋਟੂ ਸਰਕਾਰ ਦੀ ਰਣਨੀਤੀ ਦੀ ਪੋਲ ਖੋਲਦਾ ਹੋਇਆ ਬੋਲਦਾ ਹੈ।

> ਜਿੱਥੇ ਸਰਮਾਏਦਾਰਾਂ ਦੀਆਂ ਸਰਕਾਰਾਂ ਹੋਣ, ਉਥੇ ਗ਼ਰੀਬ ਤੇ ਮਿਹਨਤਕਸ਼ ਮਜ਼ਦੂਰਾਂ ਤੇ ਕਿਸਾਨਾਂ ਨਾਲ ਐਇੰ ਹੀ ਧੱਕਾ ਕਰਦੀਆਂ ਹੁੰਦੀਆਂ ਨੇ ਧੱਕੜ ਸਰਕਾਰਾਂ।? ਇਹ ਜਿਹੜੀਆਂ ਪੁਲਸ ਦੀਆਂ ਧਾੜਾਂ ਵਿਖਾਈਆਂ ਨੇ ਨਾ ਮੈਂ ਤੈਨੂੰ। ਇਹ ਤਾਰਾਂ ਫਿਰਵਾਉਣ ਆਈਆਂ ਨੇ ਆਪਣੀਆਂ ਜ਼ਮੀਨਾਂ ਦੁਆਲੇ। ਸਰਮਾਏਦਾਰਾਂ ਜਗੀਰਦਾਰਾਂ ਦੀ ਸਰਕਾਰ ਕਹਿੰਦੀ ਐ ਜੱਟੋ। ਤੁਸੀਂ ਨੀ ਮਾਲਕ ਅੱਜ ਤੋਂ ਇਹਨਾਂ ਜ਼ਮੀਨਾਂ ਦੇ। ਬਿਜਲੀ ਦਾ ਪਲਾਂਟ ਲਾਉਣ ਵਾਲੀ ਇਹੀ ਪਾਰਕਰ ਕੰਪਨੀ ਐ ਮਾਲਕ ਇਹਦੀ। ਤੁਸੀਂ ਆਪਣੀਆਂ ਜ਼ਮੀਨਾਂ ਦੇ ਮੁੱਲ ਦੇ ਚੈਕ ਚੁੱਕੋ ਤਸੀਲਦਾਰ ਦੀ ਤਸੀਲ ਜਾ ਕੇ। ਤੇ ਜ਼ਮੀਨਾਂ ਕਰੋ ਖਾਲੀ। (ਔਲਖ 270)

ਇਸ ਪ੍ਰਕਾਰ ਨਾਟਕ ਵਿਚ ਲੋਕਾਂ ਦੇ ਭਵਿੱਖ ਨੂੰ ਦਾਅ ’ਤੇ ਲਾਉਣ ਵਾਲਾ ਰਾਜਸੀ ਤੰਤਰ, ਰਘੁਬੀਰ ਸਿੰਘ ਵਰਗੇ ਹਵਸੀ ਬੰਦੇ ਲੀਡਰੀ/ਰਾਜਸੀ ਧੌਂਸ ਕਾਰਨ ਆਮ ਜਨਤਾ ਨੂੰ ਕੀੜੇ ਸਮਝਦੇ ਹਨ ਦੂਜੇ ਪਾਸੇ ਮਹਿੰਦਰ ਸਿੰਘ ਵਰਗੇ ਐਮ. ਐਲ. ਏ. ਮੰਤਰੀ ਇਲੈਕਸ਼ਨ ਸੀਟ ਲਈ ਜਮੀਰ ਵੇਚਦੇ ਹਨ। ਬਲਕਾਰ ਸਿੰਘ ਵਰਗੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ।

‘ਤੂੰ ਚਰਖਾ ਘੂਕਦਾ ਰੱਖ ਜਿੰਦੇ’ ਗਦਰ ਲਹਿਰ ਨਾਲ ਸੰਬੰਧਤ ਨਾਟਕ ਹੈ। ਨਾਟਕਕਾਰ ਨੇ ਇਹ ਨਾਟਕ 1913 ਈਸਵੀ ਵਿਚ ਉਠੀ ਰਾਜਨੀਤਕ ਲਹਿਰ ਵਿਚ ਹਿੱਸਾ ਪਾਉਣ ਵਾਲੀ ਗੁਲਾਬ ਕੌਰ ਉਪਰ ਕੇਂਦਰਤ ਕੀਤਾ ਹੈ। ਗੁਲਾਬ ਕੌਰ ਭਾਰਤੀ ਇਤਿਹਾਸ ਵਿਚ ਗ਼ਦਰੀ ਗੁਲਾਬ ਕੌਰ ਨਾਲ ਪ੍ਰਸਿੱਧ ਹੈ। ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਅਤੇ ਭਾਰਤੀਆਂ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ੀ ਭਾਰਤੀਆਂ ਵੱਲੋਂ ਅਮਰੀਕਾ ਦੇ ਔਰਗੇਨ ਸਟੇਟ ਦੇ ਸ਼ਹਿਰ ਅਸਟੋਰੀਆ ਵਿਚ 21 ਅਪ੍ਰੈਲ, 1913

ਈਸਵੀ ਨੂੰ ਗਦਰ ਪਾਰਟੀ ਦੀ ਸਥਾਪਨਾ ਕੀਤੀ ਗਈ। ਇਸਦਾ ਉਦੇਸ਼ ਆਜ਼ਾਦੀ ਅਤੇ ਜਮਹੂਰੀ ਰਾਜ ਦੀ ਸਥਾਪਨਾ ਕਰਨਾ ਸੀ। ਜੀ.ਐਸ. ਦਿਓਲ ਅਨੁਸਾਰ:-

> ਗ਼ਦਰ ਪਾਰਟੀ ਅਗਾਂਹ ਵਧੂ ਵਿਚਾਰਾਂ ਵਾਲੀ ਜਥੇਬੰਦੀ ਸੀ ਜਿਸਦਾ ਮੁੱਖ ਨਿਸ਼ਾਨਾ ਹਿੰਦੋਸਤਾਨ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾ ਕੇ ਉਥੇ ਆਜ਼ਾਦੀ ਬਰਾਬਰਤਾ ਅਤੇ ਧਰਮ ਨਿਰਪੱਖਤਾ ਉਤੇ ਆਧਾਰਤ ਡੈਮੋਕ੍ਰੇਟਿਕ ਰਿਪਬਲਿਕ ਦੀ ਸਥਾਪਨਾ ਕਰਨਾ ਸੀ। (ਜਗਜੀਵਨ 33-34)

ਨਾਟਕਕਾਰ ਦੁਆਰਾ ਇਸ ਨਾਟਕ ਨੂੰ ਲਿਖਣ ਦਾ ਉਦੇਸ਼ ਗ਼ੁਲਾਬ ਕੌਰ ਵਰਗੀ ਦੇਸ਼ ਭਗਤ ਅਤੇ ਕਰਾਂਤੀਕਾਰੀ ਭਾਵਨਾ ਵਾਲੀ ਨਾਰੀ ਪਾਤਰ ਦੇ ਸੰਘਰਸ਼ੀ ਜੀਵਨ ਨੂੰ ਚਿਤਰਨਾ ਹੈ। ਨਾਟਕ ਵਿਚ ਮਾਨ ਸਿੰਘ ਦੁਖੀ ਅਤੇ ਨਿਰਾਸ਼ ਪਾਤਰ ਹੈ ਜੋ ਜੀਵਨ ਨੂੰ ਖੁਦਕੁਸ਼ੀ ਕਰਕੇ ਖ਼ਤਮ ਕਰਨਾ ਚਾਹੁੰਦਾ ਹੈ ਪਰ ਗੁਲਾਬ ਕੌਰ ਇਨ੍ਹਾਂ ਹਾਲਾਤਾਂ ਅੱਗੇ ਹਾਰਨ ਤੋਂ ਇਨਕਾਰੀ ਹੈ।

ਔਲਖ ਦੇ ਨਾਟਕ 'ਜਦੋਂ ਬੋਹਲ ਰੋਂਦੇ ਹਨ' ਵਿਚ ਪੂੰਜੀਵਾਦੀ ਸਮਾਜ ਦੇ ਭ੍ਰਿਸ਼ਟ ਤੰਤਰ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਨਿਮਨ-ਕਿਸਾਨ ਅਤੇ ਸੀਰੀ ਦੀ ਹਾਲਤ ਲੱਗਭਗ ਇਕੋ ਜਿਹੀ ਹੈ। ਇਕ ਪਾਸੇ ਭਗਤਾ ਆਪਣੇ ਬੱਚਿਆਂ ਦੀਆਂ ਲੋੜਾਂ ਨਹੀਂ ਪੂਰ ਸਕਦਾ ਅਤੇ ਦੂਜੇ ਪਾਸੇ ਸੀਰੀ ਮਾਧੋ ਆਪਣੀ ਧੀ ਦੇ ਵਿਆਹ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰੱਥ ਹੈ। ਸਰਮਾਏਦਾਰੀ ਲੋਟੂ ਸਮਾਜ ਦੀ ਲੁੱਟ ਉਨ੍ਹਾਂ ਦੇ ਮਨਾਂ ਅੰਦਰ ਲਹਿ ਚੁੱਕੀ ਹੈ ਜਿਸ ਕਾਰਨ ਉਹ ਤ੍ਰਾਸਦੀ ਭੋਗਦੇ ਹਨ।

> ਆਸਵੰਤ: ਗੱਲ ਤੇਰੀ ਪੱਕੀ ਐ ਤਾਇਆ। ਹੁੰਦੇ ਤਾਂ ਇਹ ਭੂਤ ਈ ਐ ਆਪਾਂ ਨੂੰ ਇਹ ਦਿਸਣ ਨਾ ਦਿਸਣ, ਪਰ ਆਪਾਂ ਇਹਨਾਂ ਨੂੰ ਜ਼ਰੂਰ ਦੀਂਹਦੇ ਰਹਿੰਨੇ ਐ।
>
> ਭਗਤਾ: ਭੂਤ ਕਹਿ ਲੋ। ਪਰਛਾਵੇਂ ਕਹਿ ਲਓ ਇਹ ਨੀ ਮਗਰੋਂ ਲਹਿੰਦੇ। ਲੇਹੇ ਆਂਗੂੰ ਚੰਬੜੇ ਈ ਰਹਿੰਦੇ ਐ। (ਔਲਖ 69)

ਇਸਦੇ ਵਿਪਰੀਤ ਸਥਾਪਤ ਧਿਰ ਸਮੱਗਲਰਾਂ ਅਤੇ ਬਲੈਕੀਆਂ ਦੇ ਹੱਕਾਂ ਵਿਚ ਭੁਗਤਦੀ ਹੈ।

> ਮਾਧੋ: ਬੇਈਮਾਨਾਂ ਮੇਰਾ ਸਾਲਾ ਜਿਹੜਾ ਕਰੂ, ਗ਼ਰੀਬ  ਗੁਰਬੇ ਨਾਲ ਕਰੂ। ਬਈ ਭੈਣ ਦੇ ਯਾਰੋ ਜੇ ਗਲ ਵੱਢਣੇ ਈ ਐ ਤਾਂ ਉਨ੍ਹਾਂ ਦੇ ਜਾ ਵੱਢੋ ਜਿਹੜੇ ਪਾਪਾਂ ਦੀ ਖੱਟੀ ਨਾਲ ਗੋਗੜਾਂ ਵਧਾਈ ਫਿਰਦੇ ਐ।(ਔਲਖ 77-78)

ਨਾਟਕ ਵਿਚ ਰਾਜਨੀਤਕ ਤੌਰ ’ਤੇ ਸਥਾਪਤੀ ਧਿਰ ਗ਼ਰੀਬ  ਲੋਕਾਂ ਨਾਲ ਧੱਕਾ ਅਤੇ ਬਲੈਕੀਆਂ, ਸਮੱਗਲਰਾਂ ਦੇ ਹੱਕ ਵਿਚ ਖੜਦੀ ਹੈ। ਅਜਿਹੀ ਸਥਿਤੀ ਵਿਚ ਗ਼ਰੀਬ ਬੰਦਾ ਆਪਣੇ ਹੱਕ ਮਰਦੇ ਵੇਖਦਾ ਹੈ ਪਰ ਉਸ ਕੋਲ ਇਸਦਾ ਕੋਈ ਯੋਗ ਸਮਾਧਾਨ ਨਹੀਂ ਹੁੰਦਾ, ਜਿਸ ਕਾਰਨ ਉਹ ਇਸ ਦੁਖ ਨੂੰ ਭੁਲਾਉਣ ਲਈ ਨਸ਼ੇ/ਸ਼ਰਾਬ ਦਾ ਸਹਾਰਾ ਲੈਂਦਾ ਹੈ ਅਤੇ ਵਿਰੋਧੀ ਧਿਰ ਨੂੰ ਖਤਮ ਕਰਨ ਦਾ ਪ੍ਰਣ ਲੈਂਦਾ ਹੈ। ਮਾਧੋ ਸ਼ਰਾਬ ਪੀ ਕੇ ਗੰਡਾਸਾ ਅਤੇ ਭਗਤਾ ਡਾਂਗ ਚੁੱਕ ਕੇ ਬਾਹਰ ਆਉਂਦਾ ਹੈ।

ਮਾਧੋ: ਬਾਹਰ ਨਿਕਲੋ ਉਇ। ਪਿੰਡ ਚੋਂ ਜਿਹੜਾ ਆਪਣੇ ਆਪ ਨੂੰ ਖੱਬੀ ਖਾਨ ਕਹਾਉਦੈਂ। ....

ਭਗਤਾ: (ਡਾਂਗ ਚੁੱਕ ਕੇ ਕੰਬਦੀ ਦੇਹ ਨਾਲ ਲਲਕਾਰਾ ਮਾਰਦਾ) ਢਾਹ ਦਿਆਂਗੇ ਉਇ ਦਿੱਲੀ ਦੇ ਕੀਂਗਰੇ। (ਔਲਖ 78)

ਇਹ ਲਲਕਾਰੇ ਖੱਬੀ ਖਾਨ ਅਤੇ ਦਿੱਲੀ ਦੇ ਕੀਂਗਰੇ ਭਾਵ ਸੱਤਾ ਧਿਰ ਨੂੰ ਮਾਰੇ ਜਾਂਦੇ ਹਨ। ਪਰ ਉਹ ਬੇਵੱਸ ਹਨ। ਇਹ ਕਮਜੋਰ ਧਿਰਾਂ ਹਾਕਮ ਜਮਾਤ ਦਾ ਕੁਝ ਵਿਗਾੜ ਨਹੀਂ ਸਕਦੀਆਂ। ਔਲਖ ਇੱਥੇ ਕਿਰਤੀ ਸ਼੍ਰੇਣੀ ਵਿਚ ਸਾਂਝੇ ਸੰਘਰਸ਼ ਦੀ ਚੇਤਨਾ ਭਰਦਾ ਮਹਿਸੂਸ ਹੁੰਦਾ ਹੈ।

ਅਜਮੇਰ ਔਲਖ ਆਪਣੀ ਨਾਟਕੀ ਸਮਰੱਥਾ ਤੇ ਇਸ ਦੇ ਸਿਆਸੀ ਮੰਤਵਾਂ ਤੋਂ ਬੇਹੱਦ ਸੁਚੇਤ ਹੈ। ਅਜਮੇਰ ਔਲਖ ਮਾਰਕਸੀ ਸਿਧਾਂਤ ਤੋਂ ਪ੍ਰੇਰਿਤ ਪ੍ਰਗਤੀਵਾਦ ਦੀ ਵਿਚਾਰਧਾਰਾ ਨਾਲ ਸੰਬੰਧ ਰੱਖਦਾ ਸੀ, ਪਰ ਇਹ ਵਿਚਾਰਧਾਰਾ ਸੁਤੇ-ਸਿੱਧ ਉਸ ਦੇ ਨਾਟਕਾਂ ਵਿੱਚ ਪੇਸ਼ ਨਹੀਂ ਹੁੰਦੀ, ਸਗੋਂ ਉਹ ਇਸ ਬਾਰੇ ਬੇਹੱਦ ਚੇਤੰਨ ਸੀ। ਔਲਖ ਦੇ ਨਾਟਕਾਂ ਦੇ ਪਾਤਰਾਂ ਨੂੰ ਜਦੋਂ ਆਪਣੇ ਸ਼ੰਕਿਆਂ ਨੂੰ ਸੇਧ ਦੇਣ ਦਾ ਕੋਈ ਰਾਹ ਨਹੀਂ ਲੱਭਦਾ, ਤਾਂ ਉਹ ਅਣਦਿਸਦੀ ਆਦਰਸ਼ਕ ਸ਼ਕਤੀ (ਰੱਬ, ਦੇਵੀ-ਦੇਵਤੇ ਆਦਿ) ਨੂੰ ਗਾਲ੍ਹਾਂ ਕੱਢਦੇ, ਬੁਰਾ-ਭਲਾ ਕਹਿੰਦੇ ਅਤੇ ਲਲਕਾਰਦੇ ਹਨ। ਉਸ ਦੇ ਲਗਭਗ ਸਾਰੇ ਨਾਟਕਾਂ ਦੇ ਕੇਂਦਰੀ ਪਾਤਰ ਅਜਿਹੇ ਤਲਖ਼ੀ ਨਾਲ ਭਰੇ ਬੰਦੇ ਹਨ, ਜਿਹੜੇ ਰੱਬ ਅਤੇ ਹਰ ਤਰ੍ਹਾਂ ਦੇ ਧਰਮ-ਕਰਮ ਤੋਂ ਇਨਕਾਰੀ ਹਨ। ਉਸ ਦੇ ਨਾਟਕਾਂ ਦੀ ਗੋਂਦ ਪੀਡੀ ਅਤੇ ਇਕਹਿਰੀ ਹੈ। ਭਖਦਾ ਕਾਰਜ, ਜੀਵਨ ਜਿਊਣ ਦੀ ਉਤਸੁਕਤਾ, ਨਾਟਕੀ ਟੱਕਰ, ਹੈਰਾਨੀ ਭਰਪੂਰ ਅੰਤ ਉਸ ਦੇ ਨਾਟਕਾਂ ਨੂੰ ਸਫਲ ਬਣਾਉਣ ਵਿੱਚ ਸਹਾਇਕ ਸਿੱਧ ਹੁੰਦੇ ਹਨ। ਇਸ ਤਰ੍ਹਾਂ ਅਜਮੇਰ ਔਲਖ ਪੰਜਾਬੀ ਨਾਟ ਜਗਤ ਦੇ ਖੇਤਰ ਵਿੱਚ ਤੀਜੀ ਪੀੜ੍ਹੀ ਦੇ ਲੋਕ-ਹਿਤੈਸ਼ੀ, ਮੌਲਿਕ ਨਾਟ ਪ੍ਰਤਿਭਾ ਦੇ ਮਾਲਕ, ਸਿਰਮੌਰ ਰੰਗ-ਕਰਮੀ ਅਤੇ ਮੈਚ ਪ੍ਰਤੀ ਦ੍ਰਿੜ੍ਹ ਪ੍ਰਤੀਬੱਧਤਾ ਵਾਲੇ ਹਰਮਨ ਪਿਆਰੇ ਨਾਟਕਕਾਰ ਹਨ। ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ, ਦੱਬੇ ਕੁਚਲੇ, ਅਣਹੋਇਆਂ ਦੀ ਜੂਨ ਭੋਗਦੀ ਨਿਮਨ ਕਿਸਾਨੀ ਦੇ ਦੁੱਖ-ਦਰਦ ਦੀ ਆਵਾਜ਼ ਬਣਨਾ, ਯਥਾਰਥਵਾਦੀ ਨਾਟ ਸ਼ੈਲੀ ਔਲਖ ਦੇ

ਨਾਟਕਾਂ ਦੇ ਵਿਸ਼ੇ ਹਨ।ਔਲਖ ਨੇ ਆਪਣੇ ਨਾਟਕਾਂ ਵਿੱਚ ਔਰਤ ਦੀ ਦਸ਼ਾ, ਔਰਤ ਵਿਹੂਣੀ ਜ਼ਿੰਦਗੀ ਦਾ ਦੁਖਾਂਤ, ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਸ਼ਾਹੂਕਾਰ ਦੀ ਲੁੱਟ ਨੂੰ ਚਿਤਰਿਆ ਹੈ।

# ਅਧਿਆਇ ਚੌਥਾ

## ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਸਮਾਜ-ਸਭਿਆਚਾਰਕ ਪਰਿਪੇਖ

ਮਨੁੱਖ ਮੂਲ ਰੂਪ ਵਿਚ ਪ੍ਰਾਕ੍ਰਿਤਿਕ ਜੀਵ ਹੈ। ਚੇਤਨ ਪ੍ਰਾਣੀ ਹੋਣ ਕਾਰਨ ਉਹ ਪ੍ਰਕਿਰਤੀ ਦਾ ਹੱਥ ਬੱਧਾ ਗੁਲਾਮ ਨਹੀਂ ਹੈ। ਚੇਤੰਨਤਾ ਦੇ ਪਹਿਲੇ ਪੜਾਅ ਤੋਂ ਹੀ ਮਨੁੱਖ ਪ੍ਰਕਿਰਤੀ ਨੂੰ ਸਮਝਣ, ਇਸ ਉੱਤੇ ਵਿਜੇ ਹਾਸਲ ਕਰਨ, ਅਥਵਾ ਪ੍ਰਕਿਰਤੀ ਨੂੰ ਆਪਣੇ ਅਨੁਕੂਲ ਢਾਲਣ ਜਾਂ ਆਪਣੇ ਆਪ ਨੂੰ ਪ੍ਰਕਿਰਤੀ ਦੇ ਅਨੁਕੂਲ ਢਾਲਣ ਲਈ ਯਤਨ ਕਰਦਾ ਰਿਹਾ ਹੈ। ਆਪਣੇ ਇਸ ਯਤਨ ਦੀ ਸਫਲਤਾ ਲਈ ਉਸ ਨੇ ਸੰਦਾਂ ਸਾਧਨਾਂ ਦੀ ਸਿਰਜਣਾ ਕਰ ਲਈ ਹੈ। ਪ੍ਰਕਿਰਤੀ ਅਤੇ ਮਨੁੱਖ ਦੇ ਇਨ੍ਹਾਂ ਸੰਬੰਧਾਂ ਵਿਚੋਂ ਅਨੇਕਾਂ ਅਜਿਹੀਆਂ ਸਥੂਲ ਵਸਤਾਂ ਨੇ ਜਨਮ ਲਿਆ ਹੈ ਜੋ ਮਨੁੱਖੀ ਵਿਕਾਸ ਵਿਚ ਅਤਿਅੰਤ ਸਹਾਈ ਹੋਈਆਂ ਹਨ। ਮਨੁੱਖ ਦੇ ਖਾਣ-ਪੀਣ ਅਤੇ ਭੋਜਨ ਤਿਆਰ ਕਰਨ ਦੀ ਸਮੱਗਰੀ ਪਹਿਰਾਵਾ, ਹਾਰ-ਸ਼ਿੰਗਾਰ ਦੇ ਤੱਤ, ਉਪਜੀਵਕਾ ਅਤੇ ਘਰੇਲੂ ਕੰਮਕਾਜ ਦੇ ਸੰਦ-ਸਾਧਨ, ਆਵਾਜਾਈ ਅਤੇ ਢੋਆ-ਢੁਆਈ ਦੇ ਸਾਧਨ, ਇਮਾਰਤਾਂ, ਪੂਜਾ-ਸਮੱਗਰੀ, ਸੰਦ ਅਤੇ ਹਥਿਆਰ, ਮਨੋਰੰਜਨ ਅਤੇ ਸਜਾਵਟ ਦਾ ਸਾਜ਼-ਸਮਾਨ ਆਦਿ। ਇਸ ਤਰ੍ਹਾਂ ਦੇ ਹੋਰ ਅਨੇਕ ਪਦਾਰਥਕ ਤੱਤ ਮਨੁੱਖ ਦੇ ਪ੍ਰਕਿਰਤੀ ਨਾਲ ਦਵੰਦਾਤਮਕ ਸੰਬੰਧਾਂ ਦਾ ਹੀ ਸਿੱਟਾ ਹਨ। ਆਪਣੇ ਮੂਲ ਵਿਚ ਮਨੁੱਖ ਪ੍ਰਕਿਰਤਕ ਜੀਵ ਹੈ। ਇਸ ਲਈ ਉਸ ਅੰਦਰ ਉਹ ਸਾਰੀਆ ਵਿਰਤੀਆਂ ਮੌਜੂਦ ਹਨ, ਜਿਹੜੀਆਂ ਪ੍ਰਕਿਰਤੀ ਦੇ ਬਾਕੀ ਜੀਵ-ਜੰਤੂਆਂ ਵਿਚ ਪਾਈਆਂ ਜਾਂਦੀਆਂ ਹਨ। ਕਾਮ-ਤ੍ਰਿਪਤੀ, ਭੁੱਖ-ਤੇਹ ਅਤੇ ਪਿਆਰ ਵਰਗੀਆਂ ਆਪ-ਹੁਦਰੀਆਂ ਪ੍ਰਵਿਰਤੀਆਂ ਤੋਂ ਮਨੁੱਖ ਸੱਖਣਾ ਨਹੀਂ ਹੈ ਪਰ ਇਹਨਾਂ ਦੀ ਪੂਰਤੀ ਮਨੁੱਖ ਉਵੇਂ ਨਹੀਂ ਕਰਦਾ ਜਿਵੇਂ ਪਸ਼ੂ-ਪੰਛੀ ਆਪਣੀ ਇੱਛਾ ਅਨੁਸਾਰ ਕਰ ਲੈਂਦੇ ਹਨ। ਇਨ੍ਹਾਂ ਦੀ ਪੂਰਤੀ ਦੇ ਨਿਯਮ ਸੰਬੰਧਤ ਸਮਾਜ ਨਿਰਧਾਰਿਤ ਕਰਦਾ ਹੈ, ਜਿਸ ਵਿਚ ਕਿ ਵਿਅਕਤੀ ਰਹਿ ਰਿਹਾ ਹੁੰਦਾ ਹੈ। ਸਮਾਜਿਕ ਨਿਯੰਤਰਨ ਮਨੁੱਖ ਦੇ ਆਪ-ਹੁਦਰੇਪਣ ਉੱਤੇ ਪਾਬੰਦੀ ਲਾਉਂਦਾ ਹੈ। ਮਨੁੱਖ ਅਤੇ ਸਮਾਜ ਵਿਚਕਾਰ ਸੰਬੰਧਾਂ ਦਾ ਸੰਤੁਲਨ ਕਾਇਮ ਰੱਖਣ ਲਈ ਹਰ ਸਮਾਜ ਅੰਦਰ ਕੁਝ ਅਕੀਦੇ ਕਾਇਮ ਕਰ ਲਏ ਜਾਂਦੇ ਹਨ। ਮੁੱਖ ਰੂਪ ਵਿਚ ਸਮਾਜਿਕ ਮੁੱਲਾਂ ਦੇ ਹੇਠ ਲਿਖੇ ਰੂਪ ਵੇਖਣ ਵਿਚ ਆਉਂਦੇ ਹਨ -ਲੋਕਾਚਾਰ, ਸਦਾਚਾਰ, ਟੈਬੂ ਅਤੇ ਕਾਨੂੰਨ। ਇਨ੍ਹਾਂ ਮੁੱਲਾਂ ਦੀ ਪੂਰਤੀ ਲਈ ਮਨੁੱਖ ਅਤੇ ਸਮਾਜ ਅੰਦਰ ਹਮੇਸ਼ਾ ਤਣਾਅ ਦੀ ਸਥਿਤੀ ਬਣੀ ਰਹਿੰਦੀ ਹੈ। ਜੇਕਰ ਇਹ ਤਣਾਅ ਨਾ ਹੋਵੇ ਤਾਂ ਜੀਵਨ ਵਿਚ ਅਰਾਜਕਤਾ ਫੈਲ ਸਕਦੀ ਹੈ। ਮਨੁੱਖ ਅਤੇ ਉਸਦੇ ਸਭਿਆਚਾਰ ਨਾਲ ਸੰਬੰਧਤ ਕਾਰਜਾਂ ਦੀ ਇਕ ਹੋਰ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਇਕ ਖੇਤਰ ਨਾਲ

ਸੰਬੰਧਤ ਵੱਖ-ਵੱਖ ਮਨੁੱਖਾਂ ਦੇ ਕਾਰਜਾਂ ਅਤੇ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਸਿੱਟਿਆਂ ਵਿਚ ਪਰਸਪਰ ਵਖਰੇਵਾਂ ਹੁੰਦਾ ਹੈ, ਕਿਉਂਕਿ ਮਨੁੱਖ ਦਾ ਵਿਅਕਤਿਤਵ ਸਮਾਜਿਕ ਹਾਲਤਾਂ ਦੀ ਉਪਜ ਹੁੰਦਾ ਹੈ। ਸਮਾਜਿਕ ਹਾਲਤਾਂ ਵਿਚ ਵੰਨ-ਸੁਵੰਨਤਾ ਹੁੰਦੀ ਹੈ, ਉਸ ਦੇ ਭੂਗੋਲਿਕ, ਇਤਿਹਾਸਕ, ਅੰਦਰੂਨੀ ਅਤੇ ਬਾਹਰੀ ਅਨੇਕ ਕਾਰਨ ਹੋ ਸਕਦੇ ਹਨ। ਦੂਜਾ ਮਨੁੱਖੀ ਚੇਤਨਾ ਕਾਰਨ ਵੀ ਅਜਿਹਾ ਹੁੰਦਾ ਹੈ। ਮਨੁੱਖੀ ਚੇਤਨਾ ਭਾਵੇਂ ਸਮਾਜਿਕ ਹਾਲਤਾਂ ਦੀ ਉਪਜ ਹੁੰਦੀ ਹੈ, ਪਰੰਤੂ ਕਿਸੇ ਮਨੁੱਖ ਦੀ ਵਿਅਕਤੀਗਤ ਚੇਤਨਾ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਉਸ ਵਿਅਕਤੀ ਦਾ ਜਨਮ ਕਿਹੜੀਆਂ ਸਮਾਜਿਕ ਸਥਿਤੀਆਂ ਵਿਚ ਹੋਇਆ ਹੈ, ਉਸ ਦੀ ਸਿੱਖਿਆ, ਯੋਗਤਾਵਾਂ ਅਤੇ ਉਸ ਦੀਆਂ ਨਿੱਜੀ ਜੀਵਨ ਦੀਆਂ ਸਥਿਤੀਆਂ ਕਿਹੋ ਜਿਹੀਆਂ ਹਨ। ਸਭਿਆਚਾਰ ਮਨੁੱਖ ਦਾ ਸਮਾਜਿਕ ਵਿਰਸਾ ਹੈ, ਜੀਵ-ਵਿਗਿਆਨਕ ਵਿਰਸਾ ਨਹੀਂ ਹੈ। ਸਭਿਆਚਾਰ ਨੂੰ ਜਮਾਂਦਰੂ ਜਾਂ ਵਿਰਾਸਤ ਵਾਂਗ ਹੀ ਗ੍ਰਹਿਣ ਨਹੀਂ ਕੀਤਾ ਜਾਂਦਾ ਸਗੋਂ ਇਸ ਨੂੰ ਅਭਿਆਸ ਰਾਹੀਂ ਸਿੱਖਿਆ ਜਾਂਦਾ ਹੈ। ਠੀਕ ਇਸੇ ਤਰ੍ਹਾਂ ਜੇਕਰ ਇੱਕ ਜੰਮਦੇ ਬੱਚੇ ਨੂੰ ਕਿਸੇ ਹੋਰ ਸਭਿਆਚਾਰ ਵਿਚ ਪਾ ਲਿਆ ਜਾਵੇ ਤਾਂ ਉਹ ਨਵੇਂ ਸਭਿਆਚਾਰ ਨੂੰ ਗ੍ਰਹਿਣ ਹੀ ਕਰੇਗਾ ਮਨੁੱਖ ਦੀ ਹਰ ਨਵੇਂ ਪੁਸ਼ਤ ਨੂੰ ਆਪਣਾ ਸਭਿਆਚਾਰ ਨਵੇਂ ਸਿਰੇ ਤੋਂ ਸਿੱਖਣਾ ਪੈਂਦਾ ਹੈ। ਇਸ ਵਿਚੋਂ ਕੁਝ ਗ੍ਰਹਿਣ ਕਰ ਲਿਆ ਅਤੇ ਕੁਝ ਛੱਡ ਦਿੱਤਾ ਜਾਂਦਾ ਹੈ। ਮਨੁੱਖੀ ਮਨੋ-ਸਰੀਰਕ ਬਣਤਰ ਖੜੇਦਾਰ ਹੋਣ ਕਾਰਨ ਖ਼ੂਨ ਦੀ ਸਪਲਾਈ ਠੀਕ ਮਾਤਰਾ ਵਿਚ ਦਿਮਾਗ ਤੱਕ ਪਹੁੰਦੀ ਹੈ ਅਤੇ ਦਿਮਾਗ ਧੜ ਦੇ ਉਪਰ ਹੋਣ ਕਾਰਨ ਸਰੀਰ ਦੇ ਹਰੇਕ ਅੰਗ ਦੀ ਦਿਮਾਗ ਵਿਚ ਪੇਸ਼ਕਾਰੀ ਅਲੱਗ ਹੈ। ਜਿਸ ਕਾਰਨ ਉਹ ਹਰੇਕ ਕੰਮ ਨੂੰ ਬਹੁਤ ਧਿਆਨ ਨਾਲ ਕਰ ਸਕਦਾ ਹੈ ਅਤੇ ਖਾਸ ਹਾਲਤਾਂ ਵਿਚ ਆਪਣੇ ਅੰਗਾ ਤੋਂ ਖਾਸ ਹਰਕ਼ਤਾਂ ਕਰਵਾ ਲੈਂਦਾ ਹੈ ਪਰ ਜਾਨਵਰਾਂ ਦੀ ਸਥਿਤੀ ਅਜਿਹੀ ਨਹੀਂ ਹੈ ਉਹਨਾਂ ਦੀ ਮਨੋ ਸਰੀਰਕ ਬਣਤਰ ਲੇਟੇਦਾਰ ਹੋਣ ਕਾਰਨ ਉਹਨਾਂ ਦੇ ਅੰਗ ਉਹ ਕਾਰਜ ਨਹੀਂ ਕਰ ਸਕਦੇ ਜੋ ਮਨੁਖ ਦੇ ਅੰਗ ਕਰ ਸਕਦੇ ਹਨ। ਜਿੰਨ੍ਹਾਂ ਦੀ ਸਹਾਇਤਾ ਨਾਲ ਮਨੁੱਖ ਬਾਰੀਕੀ ਵਾਲਾ ਕਾਰਜ ਕਰਕੇ ਆਪਣੇ ਸਭਿਆਚਾਰ ਦੀ ਸਿਰਜਨਾ ਕਰਦਾ ਹੈ।

ਸਭਿਆਚਾਰ ਭਾਵੇਂ ਇਕ ਸਰਬ ਵਿਆਪਕ ਵਰਤਾਰਾ ਹੈ, ਪਰ ਇਸ ਦੇ ਸਰਬ ਵਿਆਪਕ ਅੰਸ਼ ਜਦੋਂ ਕਿਸੇ ਨਿਸ਼ਚਿਤ ਪ੍ਰਣਾਲੀ ਵਿਚ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਵਿਚ ਵਿਲੱਖਣਤਾ ਆ ਜਾਂਦੀ ਹੈ। ਰਿਸ਼ਤਾ-ਪ੍ਰਣਾਲੀ, ਭੋਜਨ-ਪ੍ਰਣਾਲੀ, ਮੁਦਰਾ-ਪ੍ਰਣਾਲੀ, ਇਸ ਦੇ ਕੁਝ ਉਦਾਹਰਨ ਹੋ ਸਕਦੇ ਹਨ। ਜੇ ਕੋਈ ਵਿਦੇਸ਼ੀ ਕਿਸੇ ਪੰਜਾਬੀ ਨਾਲ ਪੌਂਡ, ਸ਼ਲਿੰਗ, ਡਾਲਰਾਂ ਦੀ ਗੱਲ ਕਰ ਰਿਹਾ ਹੋਵੇ ਤਾਂ ਪੰਜਾਬੀ ਸਭਿਆਚਾਰ ਵਾਲਾ ਵਿਅਕਤੀ ਉਸ ਦੇ ਸ਼ਬਦਾਂ ਨੂੰ ਆਪਣੇ ਸਮਾਜ ਦੇ ਰੁਪਏ, ਪੈਸੇ ਦੇ ਸੰਦਰਭ ਵਿਚ ਹੀ ਸਮਝ ਸਕੇਗਾ। ਇਹੋ ਹਾਲ ਰਿਸ਼ਤਾ-ਪ੍ਰਣਾਲੀ ਅਤੇ ਭਾਸ਼ਾ-ਪ੍ਰਣਾਲੀ ਦਾ ਹੈ। ਇਵੇਂ ਹੀ ਭੋਜਨ ਕਰਨ ਦਾ ਅਮਲ ਤਾਂ

ਸਰਬ ਵਿਆਪਕ ਹੈ ਪਰ ਕੋਈ ਸਮਾਜ ਭੋਜਨ ਕਿਸ ਵੇਲੇ, ਕਿੰਨ੍ਹਾਂ ਪਦਾਰਥਾਂ ਦੇ ਸੁਮੇਲ ਨਾਲ, ਕਿਸ ਕਰਕੇ ਅਤੇ ਕਿਸ ਢੰਗ ਨਾਲ ਖਾਂਦਾ ਹੈ, ਇਹ ਉਸ ਦੀ ਵਿਲੱਖਣ ਪ੍ਰਣਾਲੀ ਨਾਲ ਹੀ ਸੰਬੰਧ ਰੱਖਦਾ ਹੈ। ਸਭਿਆਚਾਰ ਮਨੁੱਖ ਦਾ ਸਮਾਜਿਕ ਵਿਰਸਾ ਹੈ। ਅਰਥਾਤ ਸਮੂਹ ਤੋਂ ਬਿਨਾਂ ਸਭਿਆਚਾਰ ਦੀ ਹੋਂਦ ਸੰਭਵ ਨਹੀਂ ਹੈ। ਪਦਾਰਥਕ, ਪ੍ਰਤਿਮਾਨਕ, ਬੋਧਾਤਮਕ ਸਭਿਆਚਾਰ ਦੇ ਕਿਸੇ ਵੀ ਇਕੱਲੇ ਦਾ ਯੋਗਦਾਨ ਨਹੀਂ। ਅਸਲ ਵਿਚ ਸਭਿਆਚਾਰ ਉਹ ਵਿਵਹਾਰ ਹੈ ਜੋ ਵਿਅਕਤੀ ਸਮਾਜ ਰਾਹੀਂ ਅਰਥਾਤ ਸਮਾਜ ਦਾ ਮੈਂਬਰ ਹੋਣ ਵਜੋਂ ਅਪਣਾਉਂਦਾ ਹੈ। ਇਸਦੇ ਜਨ-ਸਮੂਹ ਨੂੰ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਵਿਚ ਹੈ। ਮਨੁੱਖ ਨੇ ਆਪਣੇ ਜੀਵਨ ਸੰਘਰਸ਼ ਵਿਚੋਂ ਹਰੇਕ ਸਮਾਜਿਕ ਘਟਨਾ, ਵਰਤਾਰੇ ਬਾਰੇ ਇੱਕ ਦ੍ਰਿਸ਼ਟੀਕੋਣ ਪ੍ਰਾਪਤ ਕੀਤਾ ਹੁੰਦਾ ਹੈ। ਜਿਸ ਅਨੁਸਾਰ ਉਹ ਹਰੇਕ ਪੱਖ, ਰੂਪ ਨੂੰ ਸਮਝਦਾ ਅਤੇ ਪ੍ਰਵਾਨ ਕਰਦਾ ਹੈ।

### 4.1. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਲਵਈ ਜੀਵਨ ਜਾਚ

ਭਾਰਤ ਦੀ ਸੰਸਕ੍ਰਿਤੀ ਮੁੱਖ ਰੂਪ ਵਿਚ ਪਿੰਡਾਂ ਦੀ ਸੰਸਕ੍ਰਿਤੀ ਹੈ ਜਿਸ ਦੀ ਉਪਜੀਵਕਾ ਦਾ ਮੁੱਖ ਸਾਧਨ ਖੇਤੀਬਾੜੀ ਹੈ। ਪੰਜਾਬ ਸੂਬਾ ਵੀ ਪਿੰਡ ਪ੍ਰਧਾਨ ਹੈ। ਪੰਜਾਬ ਦੀ ਜ਼ਮੀਨ ਉਪਜਾਊ ਹੋਣ ਕਰਕੇ ਇੱਥੋਂ ਦਾ ਮੁੱਖ ਕਿੱਤਾ ਖੇਤੀਬਾੜੀ ਹੀ ਰਿਹਾ ਹੈ। ਜਿਆਦਾਤਰ ਕਿਸਾਨ ਆਪਣੀਆਂ ਘਰੇਲੂ ਲੋੜਾਂ ਲਈ ਸਾਹੂਕਾਰਾਂ ਅਤੇ ਆੜ੍ਹਤੀਆਂ ਉੱਪਰ ਨਿਰਭਰ ਰਹਿੰਦੇ ਹਨ ਜੋ ਉਨ੍ਹਾਂ ਨੂੰ ਕਰਜ਼ ਦਿੰਦੇ ਹਨ ਅਤੇ ਫਸਲ ਆਉਣ ’ਤੇ ਆਪਣੇ ਮੂਲ ਅਤੇ ਵਿਆਜ ਸਮੇਤ ਪੈਸੇ ਕੱਟ ਲੈਂਦੇ ਹਨ। ਪੇਂਡੂ ਸਭਿਆਚਾਰ ਵਿਚ ਕਿਸਾਨ ਦਾ ਰੁਤਬਾ ਤੈਅ ਕਰਨ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਾ ਤੱਤ ਭੂਮੀ ਹੈ ਜੋ ਕਿਸਾਨ ਦੀ ਸਮਾਜਿਕ ਸਥਿਤੀ ਤੈਅ ਕਰਦੀ ਹੈ। ਜਿੰਨੀ ਜ਼ਮੀਨ, ਉਨਾਂ ਵੱਡਾ ਸਮਾਜ ਵਿਚ ਸਥਾਨ ਹੁੰਦਾ ਹੈ। ਬੇਜ਼ਮੀਨੇ ਕਿਸਾਨ ਉਹ ਕਿਸਾਨ ਹਨ ਜਿਨ੍ਹਾਂ ਨੂੰ ਕਿਸੇ ਕਾਰਨ ਆਪਣੀ ਜ਼ਮੀਨ ਵੇਚਣੀ ਪਈ ਹੈ। ਇਸ ਵਰਗ ਵਿਚ ਖੇਤ ਮਜ਼ਦੂਰ ਵੀ ਆ ਜਾਂਦੇ ਹਨ ਜੋ ਦਿਹਾੜੀਦਾਰ ਦੇ ਰੂਪ ਵਿਚ ਜਾਂ ਫਿਰ ਸਾਲ ਦਾ ਠੇਕਾ ਨਿਸ਼ਚਿਤ ਕਰ ਲੈਂਦੇ ਹਨ। ਜਿਨ੍ਹਾਂ ਨੂੰ ਸੀਰੀ ਜਾਂ ਫਿਰ ਪਾਲੀ ਵੀ ਕਿਹਾ ਜਾਂਦਾ ਹੈ। ਮਜ਼ਦੂਰ ਵਰਗ ਦੀਆਂ ਔਰਤਾਂ ਵੀ ਖੇਤਾਂ ਵਿਚ ਦਿਹਾੜੀ ਜਾਂ ਫਿਰ ਘਰਾਂ ਵਿਚ ਗੋਹੇ-ਕੂੜੇ ਦਾ ਕੰਮ ਕਰਦੀਆਂ ਹਨ। ਸਖ਼ਤ ਮਿਹਨਤ ਕਰਨ ਦੇ ਬਾਵਜੂਦ ਇਨ੍ਹਾਂ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚੱਲਦਾ ਹੈ। ਇਨ੍ਹਾਂ ਨੂੰ ਆਪਣੀ ਜ਼ਰੂਰਤ ਲਈ ਵੱਡੇ ਕਿਸਾਨਾਂ ਦੇ ਰਹਿਮੋ-ਕਰਮ ਉੱਪਰ ਹੀ ਨਿਰਭਰ ਰਹਿਣਾ ਪੈਂਦਾ ਹੈ। ਉਹ ਲੋੜ ਪੈਣ ’ਤੇ ਇਨ੍ਹਾਂ ਲੋਕਾਂ ਤੋਂ ਕਰਜ਼ਾ ਵੀ ਲੈਂਦੇ ਹਨ। ਇਸ ਕਰਜ਼ੇ ਉੱਪਰ ਇਹ ਕਿਸਾਨਾਂ ਤੋਂ ਵਿਆਜ਼ ਦੇ ਰੂਪ ਵਿਚ ਭਾਰੀ ਕੀਮਤ ਵਸੂਲ ਕਰਦੇ ਹਨ, ਜਿਸ ਵਿੱਚੋਂ ਨਿਕਲਣਾ ਇਨ੍ਹਾਂ ਲਈ

ਮੁਸ਼ਕਿਲ ਹੋ ਜਾਂਦਾ ਹੈ। ਕਰਜ਼ਾ ਇਨ੍ਹਾਂ ਲੋਕਾਂ ਨੂੰ ਵਿਰਾਸਤ ਵਿਚ ਮਿਲਦਾ ਹੈ। ਕਰਜ਼ੇ ਦੀ ਮਾਰ ਕਾਰਨ ਇਨ੍ਹਾਂ ਦੀ ਹਾਲਤ ਵਿਚ ਦਿਨੋ-ਦਿਨ ਨਿਘਾਰ ਆ ਰਿਹਾ ਹੈ। ਅਜਮੇਰ ਸਿੰਘ ਔਲਖ ਨੇ ਅਮੀਰ ਕਿਸਾਨ ਦੀ ਥਾਂ ਘੱਟ ਜ਼ਮੀਨ ਵਾਲੇ ਨਿਮਨ-ਕਿਸਾਨ ਜਾਂ ਭੂਮੀਹੀਨ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾਇਆ ਹੈ। ਇਸ ਬਾਰੇ ਔਲਖ ਨੇ ਕੰਵਲਦੀਪ ਬਰਾੜ ਨਾਲ ਹੋਈ ਗੱਲਬਾਤ ਦੌਰਾਨ ਕਿਹਾ ਹੈ:-

ਮੈਂ ਖੁਦ ਪੰਜਾਬ ਦੀ ਨਿਮਨ ਕਿਸਾਨੀ ਦਾ ਜੰਮਪਲ ਹਾਂ। ਪੰਜਾਬ ਦੀ ਮੌਜੂਦਾ ਆਰਥਿਕ ਤਬਦੀਲੀ ਦੌਰਾਨ ਜੋ ਆਰਥਿਕ ਅਤੇ ਸਮਾਜਿਕ ਹਾਲ ਪੰਜਾਬ ਦੀ ਨਿਮਨ ਕਿਸਾਨੀ ਦਾ ਹੋਇਆ ਹੈ, ਉਹ ਸ਼ਾਇਦ ਬੇ-ਜਮੀਨੇ ਖੇਤ ਕਾਮਿਆ ਦਾ ਵੀ ਨਹੀਂ ਹੋਇਆ। ਇਸ ਦੁਖਾਂਤ ਨੂੰ ਮੈਂ ਖੁਦ ਆਪਣੇ ਹੱਡਾਂ ’ਤੇ ਭੋਗਿਆ ਹੈ ਤੇ ਆਪਣੇ ਵਰਗਿਆਂ ਹੋਰਾਂ ਨੂੰ ਭੋਗਦੇ ਦੇਖਿਆ ਤੇ ਦੇਖ ਰਿਹਾ ਹਾਂ। ਇਸ ਲਈ ਜਦੋਂ ਮੈਂ ਜੀਵਨ ਦੇ ਕਿਸੇ ਹੋਰ ਪੱਖ ਨੂੰ ਵਿਸ਼ਾ ਬਣਾਉਣ ਦੀ ਗੱਲ ਕਰਦਾ ਹਾਂ ਤਾਂ ਇੰਜ ਲੱਗਦਾ ਹੈ ਜਿਵੇਂ ਮੈਂ ਕਿਸੇ ਆਪਣੇ ਸਾਹਮਣੇ ਹੀ ਝੂਠ ਬੋਲ ਰਿਹਾ ਹਾਂ। (ਬਰਾੜ 42)

ਅਜਮੇਰ ਸਿੰਘ ਔਲਖ ਅਜਿਹਾ ਨਾਟਕਕਾਰ ਹੈ ਜਿਸਨੇ ਪਹਿਲੀ ਵਾਰ ਮਾਲਵੇ ਦੀ ਨਿਮਨ ਕਿਸਾਨੀ ਦੇ ਸੰਤਾਪ ਨੂੰ ਆਪਣੇ ਨਾਟਕਾਂ ਵਿਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ। ਇਨ੍ਹਾਂ ਲੋਕਾਂ ਦੀਆਂ ਆਰਥਿਕ ਥੁੜਾਂ ਅਤੇ ਉਨ੍ਹਾਂ ’ਚੋਂ ਉਪਜਦੇ ਕਲੇਸ਼ਾਂ ਦੇ ਨਾਲ-ਨਾਲ ਅਤ੍ਰਿਪਤ ਭਾਵੁਕ ਅਕਾਖਿਆਵਾਂ ਉਨ੍ਹਾਂ ਦੇ ਪਰਿਣਾਮ-ਸਰੂਪ ਮਾਨਸਿਕ ਸੰਤਾਪ ਦਾ ਬਿਊਰਾ ਵੀ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਿਲਦਾ ਹੈ। ਔਲਖ ਬਾਰੇ ਡਾ. ਕੇਸਰ ਸਿੰਘ ਕੇਸਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ:-

ਅਜਮੇਰ ਸਿੰਘ ਔਲਖ ਮਾਲਵੇ ਦੀ ਨਿਮਨ ਕਿਸਾਨੀ ਦਾ ਜੰਮਪਲ ਹੋਣ ਕਰਕੇ, ਉਥੇ ਦੀ ਮਿੱਟੀ ਦੇ ਰੰਗਾਂ ਤੇ ਖੁਸ਼ਬੋਆਂ, ਸੱਭਿਆਚਾਰਕ ਰੀਤਾਂ ਤੇ ਰਵਾਇਤ ਦੀ ਪੁਰਾਣੀ-ਪਰੰਪਰਾ ਤੇ ਸੱਚ ਵਰਗੀ ਕੌੜੀ ਤੇ ਖਰਵੀ ਬੋਲੀ ਆਪਣੇ ਨਾਲ ਲੈ ਕੇ ਜੰਮਿਆ ਹੈ। ਉਸਨੂੰ ਥੁੜ੍ਹੀ, ਟੁੱਟੀ ਕਿਸਾਨੀ ਦੇ ਭਾਵੁਕ ਆਰਥਿਕ ਮਸਲਿਆਂ ਨਿੱਤ ਦੀਆਂ ਤੋਟਾਂ, ਅਧੂਰੀਆਂ ਰੀਝਾਂ, ਅਪੂਰਨ ਚਾਵਾਂ, ਮੁਲਕਤੀ ਹੌਸਲਿਆਂ ਅਤੇ ਸੋਚਾਂ, ਸੁਪਨਿਆਂ ਦਾ ਇੰਨਾਂ ਨਿੱਜੀ, ਨੇੜੇ ਦਾ ਤੇ ਪ੍ਰਮਾਣਿਕ ਅਨੁਭਵ ਹਾਸਿਲ ਹੈ, ਜਿਨ੍ਹਾਂ ਕਿਸੇ ਹੋਰ ਪੰਜਾਬੀ ਨਾਟਕਕਾਰ ਨੂੰ ਸ਼ਾਇਦ ਹੀ ਹੋਵੇ। ਇਹ ਅਨੁਭਵ ਉਸਦੇ ਨਾਟਕਾਂ ਦੀ ਥੀਮਕ ਸਮੱਗਰੀ ਹੈ। ਆਰਥਿਕ ਦੁੱਖਾਂ ਤੇ ਭਾਵੁਕ ਭੁੱਖਾਂ ਦੀ ਸਤਾਈ ਕਿਸਾਨੀ ਦੇ ਪਰਿਵਾਰਿਕ ਕਲੇਸ਼ਾਂ, ਮਾਨਸਿਕ ਉਲਝਣਾਂ ਤੇ ਇਨ੍ਹਾਂ ਤੋਂ ਛੁਟਕਾਰਾ ਹਾਸਿਲ

ਕਰਨ ਲਈ ਵਰਤੋਂ ਹੀਲਿਆਂ ਦੇ ਅਨੁਰੂਪ ਸਹਿਜ ਸੁਭਾਅ ਰਚੀ ਜਾਂਦੀ, ਵਿਗਸਦੀ ਬਦਲਦੀ ਬੋਲੀ ਦੁਆਰਾ ਉਹ ਜਟਿਲ ਨਾਟਕੀ ਕਥਾਨਕਾਂ ਦੀ ਰਚਨਾ ਕਰਕੇ ਨਿਮਨ ਕਿਸਾਨੀ ਦੇ ਵਿਸ਼ਾਲ ਜੀਵਨ ਯਥਾਰਥ ਨੂੰ ਜਦੋਂ ਸਟੇਜੀ ਰੂਪ ਵਿਚ ਸਾਕਾਰ ਕਰਦਾ ਹੈ ਤਾਂ ਜਾਣੋ ਸਮੁੰਦਰ ਨੂੰ ਕਤਰੇ ਵਿਚ ਦਿਖਾਉਂਦਾ ਹੈ। (ਸੁਖਦੇਵ 29)

ਆਰਥਿਕ ਮੰਦਹਾਲੀ ਪੰਜਾਬ ਦੀ ਨਿਮਨ-ਕਿਸਾਨੀ ਨੂੰ ਪਦਾਰਥਕ ਅਤੇ ਮਾਨਸਿਕ ਵਿਗੋਚਿਆਂ ਦਾ ਸ਼ਿਕਾਰ ਬਣਾਉਂਦੀ ਹੈ। ਤੰਗੀ ਕਰਕੇ ਛੋਟੀ ਕਿਸਾਨੀ ਜੀਵਨ ਦੇ ਸੁਖ-ਸਾਧਨਾਂ, ਖਾਣ ਹੰਢਾਉਣ ਤੋਂ ਵਾਂਝੀ ਹੀ ਰਹਿ ਜਾਂਦੀ ਹੈ। ਪੈਸੇ ਅਤੇ ਸਾਧਨਾਂ ਦੀ ਘਾਟ ਕਰਕੇ ਛੋਟੀ ਕਿਸਾਨੀ ਮਨ ਮਾਰ ਕੇ ਜਿਉਣ ਲਈ ਮਜ਼ਬੂਰ ਹੁੰਦੀ ਹੈ। ਉਹ ਆਪਣੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਨੂੰ ਮੁਲਤਵੀ ਕਰਕੇ ਤਰਸੇਵੇ ਦੀ ਜ਼ਿੰਦਗੀ ਕੱਟਦੀ ਹੈ। ਆਪਣੀ ਮਜ਼ਬੂਰੀ ਨੂੰ 'ਸਬਰ ਸੰਤੋਖ ਦਾ ਆਦਰਸ਼ਕ ਜੀਵਨ ਮੁੱਲ ਜਾਣ ਕੇ ਬੰਦਾ ਆਪਣੇ ਆਪ ਨੂੰ ਧੋਖਾ ਦਿੰਦਾ ਰਹਿੰਦਾ ਹੈ ਅਤੇ ਉਹ ਜੂਨ ਕਟੀ ਕਰਦਾ ਰਹਿੰਦਾ ਹੈ। ਅਜਮੇਰ ਸਿੰਘ ਔਲਖ ਬਾਰੇ ਅਸੀਂ ਆਖ ਸਕਦੇ ਹਾਂ ਕਿ ਮਾਲਵੇ ਦੀ ਛੋਟੀ ਜਾਂ ਨਿਮਨ ਕਿਸਾਨੀ ਦੀ ਅਜਿਹੀ ਕੋਈ ਵੀ ਸਮੱਸਿਆ ਨਹੀਂ ਹੈ ਜਿਸਨੂੰ ਔਲਖ ਨੇ ਆਪਣੇ ਨਾਟਕਾਂ ਦਾ ਆਧਾਰ ਨਾ ਬਣਾਇਆ ਹੋਵੇ।

### 4.1.1 ਨਿਮਨ/ਬੇ-ਜ਼ਮੀਨੇ ਲੋਕਾਂ ਦਾ ਖੇਤੀ ਢੰਗ ਅਤੇ ਪਰਿਵਾਰਕ ਸੰਰਚਨਾ

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿਚ ਜੂਨ ਭੋਗ ਰਹੇ ਕਿਸਾਨੀ ਸਮਾਜ ਦਾ ਚਿਤਰ ਯਥਾਰਥਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਪੇਂਡੂ ਕਿਸਾਨੀ ਸਮਾਜ ਸਦੀਆਂ ਤੋਂ ਆਪਣੀਆਂ ਤੰਗੀਆਂ, ਤੁਰਸ਼ੀਆਂ, ਮਜ਼ਬੂਰੀਆਂ ਅਤੇ ਥੁੜਾਂ ਦੇ ਵਿਚਕਾਰ ਪਿਸਦਾ ਆ ਰਿਹਾ ਹੈ। ਨਾਟਕਕਾਰ ਨਿਮਨ-ਕਿਸਾਨੀ ਦੇ ਆਰਥਿਕ, ਸੰਤਾਪ ਨੂੰ ਹੀ ਅਧਾਰ ਨਹੀਂ ਬਣਾਉਂਦਾ ਸਗੋਂ ਇਸ ਦੁਖਾਂਤ ਦੇ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਵੀ ਉਸਦੀ ਆਰਥਿਕ ਸਥਿਤੀ ’ਤੇ ਅਧਾਰਿਤ ਪੇਸ਼ ਕਰਦਾ ਹੈ। ਅਜੋਕਾ ਸਮਾਜ ਜਿਹੜਾ ਸਵਾਰਥ ਅਤੇ ਪਦਾਰਥਾਂ ਦੁਆਲੇ ਉਸਰਿਆ ਹੋਇਆ ਹੈ। ਉਸ ਵਿਚ ਵਿਸ਼ੇਸ਼ ਕਰਕੇ ਪੱਛੜੀ ਆਰਥਿਕ ਸਥਿਤੀ ਵਾਲਾ ਕਿਸਾਨ ਵਿਸ਼ੇਸ਼ ਤੌਰ ’ਤੇ ਨਪੀੜਿਆ ਜਾ ਰਿਹਾ ਹੈ। ਮਾੜੀ ਆਰਥਿਕ ਸਥਿਤੀ ਕਿਸਾਨੀ ਸਮਾਜ ਦੇ ਘਰੇਲੂ ਸੰਕਟਾਂ ਦਾ ਕਾਰਨ ਹੋ ਨਿਬੜਦੀ ਹੈ। ਪੈਸੇ ਦੀ ਘਾਟ ਅਤੇ ਜ਼ਮੀਨ ਦੀ ਥੁੜ੍ਹ ਘਰ ਦੀਆਂ ਗਰਜਾਂ ਪੂਰੀਆਂ ਕਰਨ ਲਈ ਅੜਿੱਕਾ ਬਣਦੀ ਹੈ। ਮਾਨਸਿਕ ਖਿਡਾਉ ਵਰਗੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ ਅਤੇ ਪੂਰੀ ਪਰਿਵਾਰਿਕ ਵਿਵਸਥਾ ਨੂੰ ਉਥਲ-ਪੁਥਲ ਕਰ ਦਿੰਦੀਆਂ ਹਨ। ਅਜਮੇਰ ਸਿੰਘ ਔਲਖ ਪੰਜਾਬ ਦੇ ਪੇਂਡੂ ਜੀਵਨ-ਯਥਾਰਥ ਨੂੰ ਚਿਤਰਨ ਵਾਲਾ ਨਾਟਕਕਾਰ ਅਤੇ ਰੰਗਕਰਮੀ

ਹੈ ਜਦੋਂ ਅਸੀਂ ਅਜਮੇਰ ਸਿੰਘ ਔਲਖ ਦੇ ਨਾਟਕਾਂ ਨੂੰ ਪੜ੍ਹਦੇ/ਵੇਖਦੇ ਹਾਂ ਤਾਂ ਸਾਨੂੰ ਮਲਵਈ ਸਭਿਆਚਾਰ ਦੇ ਦਰਸ਼ਨ ਹੁੰਦੇ ਹਨ। ਮਾਲਵਾ ਖਿੱਤੇ ਵਿਚ ਵਿਚਰਣ ਕਰਕੇ ਉਹ (ਔਲਖ) ਮਲਵਈ ਰੀਤਾ-ਰਸਮਾਂ, ਸਭਿਆਚਾਰਕ ਪਰੰਪਰਾਵਾਂ ਅਤੇ ਬੋਲੀ ਤੋਂ ਡੂੰਘੀ ਤਰ੍ਹਾਂ ਵਾਕਿਫ ਹੋ ਜਾਂਦਾ ਹੈ। ਅਜਮੇਰ ਸਿੰਘ ਔਲਖ ਦੇ ਨਾਟਕ ਵੇਖਣ ਨੂੰ ਬਹੁਤ ਸਰਲ, ਸਿੱਧੇ ਜਾਂ ਜ਼ਿੰਦਗੀ ਦੀ ਸਪਾਟ ਪੇਸ਼ਕਾਰੀ ਕਰਦੇ ਨਜ਼ਰ ਆਉਂਦੇ ਹਨ ਪ੍ਰੰਤੂ ਅਸਲ ਵਿਚ ਇਹ ਐਨੇ ਸਰਲ, ਸਿੱਧੇ ਜਾਂ ਸਪਾਟ ਨਹੀਂ ਹਨ। ਇਹ ਪੇਂਡੂ ਜ਼ਿੰਦਗੀ ਦੇ ਜਟਿਲ ਯਥਾਰਥ ਨਾਲ ਗੁੱਥਮ-ਗੁੱਥਾ ਹੁੰਦੇ ਹਨ। ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਸਭਿਆਚਾਰਕ ਪਰਿਵੇਸ਼ ਨੂੰ ਸਮਝਣ ਹਿੱਤ ਸਭ ਤੋਂ ਪਹਿਲੀ ਸਭਿਆਚਾਰਕ ਇਕਾਈ ਪਿੰਡ ਹੈ। ਉਸ ਤੋਂ ਬਾਅਦ ਕਿਸਾਨੀ ਜੀਵਨ ਯਥਾਰਥ ਅਤੇ ਇਸਨੂੰ ਸਮਝਣ ਲਈ ਮੁੱਢਲੀ ਇਕਾਈ ਪਰਿਵਾਰ ਹੈ। ਮਾਲਵੇ ਦੇ ਪਿੰਡਾਂ ਦੀ ਪਰਿਵਾਰਕ ਸੰਰਚਨਾ ਰਵਾਦਾਰੀ ਵਾਲੀ ਰਹੀ ਹੈ। ਸਾਂਝਾ ਕੁਨਬਾ ਬਣਾ ਕੇ ਰੱਖਣ ਪਿੱਛੋਂ ਕਈ ਫਾਇਦੇ ਅਤੇ ਕਈ ਮਜ਼ਬੂਰੀਆਂ ਵੀ ਕਾਰਜਸ਼ੀਲ ਰਹਿੰਦੀਆਂ ਹਨ। ਔਲਖ ਛੋਟੀ ਕਿਸਾਨੀ ਦੇ ਦੁਖਾਂਤ ਦਾ ਨਾਟਕਕਾਰ ਹੈ। ਪੰਜਾਬ ਦੀ ਬਹੁ-ਗਿਣਤੀ ਛੋਟੀ ਕਿਸਾਨੀ ਦੀ ਹੈ। ਜੋ ਭਿੰਨ-ਭਿੰਨ ਪਰਿਵਾਰਾਂ ਵਿਚ ਵੰਡੀ ਹੋਈ ਹੈ। ਪਰਿਵਾਰ ਦੀ ਜੱਦੀ ਜ਼ਮੀਨ ਉਤੇ ਸਾਂਝੀ ਪਰਿਵਾਰਕ ਮਿਹਨਤ ਨਾਲ ਜੂਨ ਗੁਜ਼ਾਰਾ ਕਰਦੀ ਹੋਈ ਕਿਸਾਨੀ ਦੀ ਆਰਥਿਕ ਸਥਿਤੀ ਪਰਿਵਾਰਕ ਵੰਡ ਨਾਲ ਲਗਾਤਾਰ ਪੇਤਲੀ ਪੈਂਦੀ ਜਾ ਰਹੀ ਹੈ। ਕਿਸਾਨੀ ਦੇ ਆਰਥਿਕ ਆਧਾਰ ਦਾ ਨਿਘਾਰ ਸਮਾਜਿਕ ਵਿਕਾਸ ਦਾ ਵਸਤੂ ਯਥਾਰਥ ਹੈ। ਆਰਥਿਕਤਾ ਕਿਸਾਨੀ-ਪਰਿਵਾਰਾਂ ਦੀ ਮੁੱਖ ਚੂਲ ਹੈ। ਮਜ਼ਬੂਤ ਆਰਥਿਕਤਾ ਉੱਪਰ ਹੀ ਕਿਸਾਨ ਦੀ ਪਰਿਵਾਰਕ ਖੁਸ਼ਹਾਲੀ ਉਸਰਦੀ ਹੈ ਪ੍ਰੰਤੂ ਪੂੰਜੀਵਾਦੀ ਸਰਮਾਏਦਾਰੀ ਪ੍ਰਬੰਧ ਨੇ ਕਿਸਾਨੀ ਦੀ ਸਮੁੱਚੀ ਪ੍ਰਬੰਧਕਾਰੀ ਉਪਰ ਪ੍ਰਭੂਤਾ ਜਮਾਂ ਲਈ ਜਿਸ ਕਾਰਨ ਕਿਸਾਨੀ ਦਿਨੋ-ਦਿਨ ਨਿਘਰਦੀ ਜਾ ਰਹੀ ਹੈ। ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕ 'ਬਗਾਨੇ ਬੋਹੜ ਦੀ ਛਾਂ', 'ਤੂੜੀ ਵਾਲਾ ਕੋਠਾ', 'ਝਨਾਂ ਦੇ ਪਾਣੀ', 'ਇੱਕ ਰਮਾਇਣ ਹੋਰ', 'ਸੱਤ ਬਗਾਨੇ', 'ਭੱਠ ਖੇੜਿਆਂ ਦਾ ਰਹਿਣਾ' ਆਦਿ ਵਿਚ ਕਿਸਾਨੀ ਪਰਿਵਾਰਾਂ ਦੀ ਨਿਘਰਦੀ ਜਾਂਦੀ ਆਰਥਿਕਤਾ ਨੂੰ ਗਹਿਰਾਈ ਤੋਂ ਫੜ੍ਹਨ ਦਾ ਯਤਨ ਕੀਤਾ ਹੈ। ਇਹਨਾਂ ਨਾਟਕਾਂ ਵਿਚ ਮੂਲ ਸਮੱਸਿਆ ਅਤੇ ਤਣਾਓ ਸਭਿਆਚਾਰਕ ਕੀਮਤ-ਪ੍ਰਬੰਧ ਦੀਆਂ ਜੜ੍ਹਾਂ ਵਿਚ ਡੂੰਘੀ ਤਰ੍ਹਾਂ ਧਸੀ ਹੋਈ ਆਰਥਿਕ-ਸਮਾਜਿਕ ਨਾ-ਬਰਾਬਰੀ ਹੈ। ਇਹ ਸਮਾਜਿਕ-ਆਰਥਿਕ ਦਰਜੇਬੰਦੀ ਵਾਲੇ ਭਾਰਤੀ ਸਮਾਜ ਚਾਰੇ ਨੂੰ ਘੜ੍ਹਨ ਪਿੱਛੇ ਤਾਕਤਵਰ ਧਿਰਾਂ ਦੇ ਮਨਸ਼ੇ ਅਤੇ ਮਨਸੂਬੇ ਕਾਰਜਸ਼ੀਲ ਹਨ ਜਿਨ੍ਹਾਂ ਦੀ ਅਦਿਖ ਪਛਾਣ ਨੂੰ ਅਜਮੇਰ ਸਿੰਘ ਔਲਖ ਦੇ ਨਾਟਕ ਸੰਘਣੇ ਪੇਂਡੂ ਵਾਤਾਵਰਣ ਰਾਹੀਂ ਪ੍ਰਸਤੁਤ ਕਰਦੇ ਹਨ।

ਅਜਮੇਰ ਸਿੰਘ ਔਲਖ ਦੇ ਨਾਟਕ ਅਸਲ ਵਿਚ ਸਭਿਆਚਾਰਕ ਦੁਖਾਂਤ ਨੂੰ ਵਿਭਿੰਨ ਪਰਤਾਂ ਸਮੇਤ ਪ੍ਰਸਤੁਤ ਕਰਦੇ ਹਨ। ਉਸਦੇ ਨਾਟਕਾਂ ਦੇ ਕੇਂਦਰ ਵਿਚ ਮੱਧਵਰਗੀ ਜਾਂ ਨਿਮਨ ਮੱਧਵਰਗੀ ਬੰਦਾ ਹੈ ਜਿਹੜਾ ਆਪਣੇ ਆਲੇ-ਦੁਆਲੇ ਉਸਾਰੇ ਗਏ ਪੂੰਜੀ ਦੇ ਪ੍ਰਭਾਮੰਡਲ ਦੀਆਂ ਲੁਭਾਣੀਆ ਕੀਮਤਾਂ ਤੋਂ ਤਾਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ ਪ੍ਰੰਤੂ ਉਸਦੇ ਲੁਕਵੇਂ ਲੋਕ ਵਿਰੋਧੀ ਖਾਸੇ ਨੂੰ ਪਛਾਣਨ ਤੋਂ ਅਸਮਰੱਥ ਹੈ। ਨਤੀਜੇ ਵਜੋਂ ਉਹ ਦੁਖਾਂਤ ਭੋਗਦਾ ਹੈ। ਇਹੋ ਜਿਹਾ ਦੁਖਾਂਤ 'ਸੱਤ ਬਗਾਨੇ' ਨਾਟਕ ਦਾ ਨਾਟਕੀ ਯਥਾਰਥ ਪੇਸ਼ ਕਰਦਾ ਹੈ। ਆਰਥਿਕ ਸਾਧਨਾਂ ਦੀ ਕਾਣੀ ਵੰਡ ’ਤੇ ਉਸਰਿਆ ਸਮਾਜ-ਸਭਿਆਚਾਰਕ ਕੀਮਤ ਪ੍ਰਬੰਧ ’ਸੱਤ ਬਗਾਨੇ’ ਨਾਟਕ ਦੇ ਅਵਚੇਤਨ ਵਿਚ ਪਿਆ ਹੈ। ਵੇਲਾ ਵਿਹਾ ਚੁੱਕੀਆਂ ਜਿੰਨ੍ਹਾਂ ਕਦਰਾਂ-ਕੀਮਤਾਂ ਨੂੰ ਸਭਿਆਚਾਰ ਦੀ ਅਖੌਤੀ ਨੈਤਿਕਤਾ ਬਣਾ ਕੇ ਮਾਲਵੇ ਦੇ ਪੇਂਡੂ ਸਭਿਆਚਾਰ ਦੇ ਸਾਧਾਰਨ ਲੋਕਾਂ ’ਤੇ ਥੋਪਿਆ ਜਾ ਰਿਹਾ ਹੈ। ਇਹਨਾਂ ਸਭਨਾ ਦਾ ਕਾਰਨ ਅਚੇਤ-ਸੁਚੇਤ ਯਤਨ ਅਜਮੇਰ ਸਿੰਘ ਔਲਖ ਦੇ ਨਾਟਕ ਕਰ ਰਹੇ ਹਨ। ਉਸ ਦੇ ਨਾਟਕਾਂ ਵਿਚਲੇ ਸਭਿਆਚਾਰਕ ਅਵਚੇਤਨ ਦੇ ਧੁਰ ਡੂੰਘ ਵਿਚ ਮੱਧਵਰਗੀ ਬੰਦੇ ਦੀਆਂ ਪ੍ਰਾਪਤੀਆਂ ਅਤੇ ਅਕਾਂਖਿਆਵਾਂ ਵਿਚਲੇ ਪਾੜੇ ਸੰਬੰਧੀ ਡਾ. ਟੀ. ਆਰ. ਵਿਨੋਦ ਦਾ ਕਥਨ ਹੈ ਕਿ,

ਇਸ ਵਰਗ ਦੀਆਂ ਅਕਾਖਿਆਵਾਂ ਤਾਂ ਨਿਰਸੰਦੇਹ ਪੂੰਜੀਵਾਦੀ ਹਨ। ਪਰ ਸਾਡਾ ਪੂੰਜੀਵਾਦੀ ਆਰਥਿਕ ਵਿਕਾਸ ਵਿਚ ਇਨ੍ਹਾਂ ਅਕਾਖਿਆਵਾਂ ਦੀ ਪੂਰਤੀ ਦੇ ਵਸੀਲੇ ਮੁਹੱਈਆ ਕਰਨ ਵਿਚ ਬਹੁਤ ਘੱਟ ਸਫਲ ਹੋਇਆ ਹੈ। ਪ੍ਰਾਪਤ ਅਤੇ ਇੱਛਤ ਯਥਾਰਥ ਦੇ ਇਸ ਫ਼ਰਕ ਕਾਰਨ ਹੀ ਇਹ ਵਰਗ ਬਹੁ-ਗਿਣਤੀ ਲੋਕਾਂ ਦੇ ਜੀਵਨ ਨਾਲੋਂ ਚਾਹੁੰਦਾ ਹੋਇਆ ਵੀ ਟੁੱਟ ਨਹੀਂ ਸਕਿਆ। ( ਸੁਖਦੇਵ 38)

ਛੋਟੀ ਕਿਸਾਨੀ ਆਪਣੀ ਹੋਂਦ ਬਣਾਈ ਰੱਖਣ ਲਈ ਪਾਠਾਂ ਦੇ ਭੋਗਾਂ, ਮਰਨਿਆਂ, ਵਿਆਹਾਂ-ਮੰਗਣਿਆਂ ਅਤੇ ਨਾਨਕੇ ਸ਼ੱਕਾਂ ’ਤੇ ਤਾਂ ਵਿਤੋਂ ਵੱਧ ਖਰਚਾ ਕਰਦੀ ਹੀ ਹੈ ਸਗੋਂ ਪਿੰਡ ਵਿਚ ਚੁਬਾਰਾ ਛੱਤਣ ਅਤੇ ਟਰੈਕਟਰ ਆਦਿ ਖਰੀਦਣ ਉੱਪਰ ਵੀ ਬੈਂਕਾ ਅਤੇ ਆੜਤੀਆਂ ਤੋਂ ਕਰਜ਼ੇ ਚੁੱਕਦੀ ਹੈ। ਇਹ ਕਰਜ਼ਾ ਇੱਕ ਵਾਰ ਤਾਂ ਸਹਾਰਾ ਦਿੰਦਾ ਹੈ ਪ੍ਰੰਤੂ ਉਸਦੇ ਸਦੀਵੀ ਆਰਥਿਕ ਨਿਘਾਰ ਦਾ ਮਾਰਗ ਵੀ ਨਿਸ਼ਚਿਤ ਕਰ ਦਿੰਦਾ ਹੈ। ਅਜਮੇਰ ਸਿੰਘ ਔਲਖ ਦੇ ਨਾਟਕ 'ਸੱਤ ਬਗਾਨੇ’, ‘ਬਗਾਨੇ ਬੋਹੜ ਦੀ ਛਾਂ", 'ਇੱਕ ਸੀ ਦਰਿਆ', 'ਸਲਵਾਨ', 'ਤੂੜੀ ਵਾਲਾ ਕੋਠਾ' ਆਦਿ ਅਜਿਹੇ ਹੀ ਹਨ ਜੋ ਸਭਿਆਚਾਰਕ ਦੁਖਾਂਤ ਦਾ ਕਾਰਣ ਬਣਦੇ ਹਨ। 'ਸੱਤ

ਬਗਾਨੇ' ਨਾਟਕ ਵਿਚ ਚੰਦੂ ਵਰਗੇ ਚੁਗਲ ਖੋਰ ਅਣਖ-ਇੱਜ਼ਤ ਦਾ ਹਵਾਲਾ ਦੇ ਕੇ ਆਪਣੇ ਮਨਸੂਬੇ ਤਾਂ ਪੂਰੇ ਕਰ ਲੈਂਦੇ ਹਨ ਪ੍ਰੰਤੂ ਇਨ੍ਹਾਂ ਚੁਗਲਖੋਰਾਂ ਦੇ ਢਹੇ ਚੜ੍ਹੇ ਜੱਟ ਘੋਰ ਦੁਖਾਂਤ ਭੋਗਣ ਲਈ ਮਜ਼ਬੂਰ ਹੋ ਜਾਂਦੇ ਹਨ:- '

ਚੰਦੂ:- ਆਪਾਂ ਤਾਂ ਇੱਕ ਗੱਲ ਜਾਣਦੇ ਆ ਜਗਦੇਵ ਸਿਆਂ ਬਈ ਜਿਹੜਾ ਥੋੜੇ ਇੱਕੀ ਪਾਵੇ !ਉਹਦੇ ਮੇਰੇ ਸਾਲੇ ਦੇ ਕੱਤੀ ਪਾਓ ! ਖੋਰ ਨੀ ਗਮਾਉਣਾ ਚਾਹੀਦਾ ਮਰਦ ਬੱਚੇ ਨੂੰ ਦਿਲੋ ! ਅਣਖ-ਇੱਜ਼ਤ ਨਾਲੋਂ ਵੀ ਵੱਡੀ ਚੀਜ਼ ਐ ਕੋਈ ਦੁਨੀਆ 'ਤੇ। (ਔਲਖ 25)

ਅਣਖ, ਇੱਜ਼ਤ ਅਤੇ ਜੱਟ ਦੇ ਖੋਰ ਜਿਹੇ ਭੂਪਵਾਦੀ ਸੰਕਲਪ ਮਲਵਈ ਸਭਿਆਚਾਰ ਵਿਚਲੀ ਨਿਮਨ-ਕਿਸਾਨੀ ਦੇ ਦੁਖਾਂਤ ਨੂੰ ਹੋਰ ਵੀ ਗਹਿਰਾ ਕਰ ਦਿੰਦੇ ਹਨ। ਅਣਖ ਇੱਜਤ ਦਾ ਮਸਲਾ ਪੰਜਾਬੀ ਸਭਿਆਚਾਰ ਦਾ ਅਜਿਹਾ ਚੀੜ੍ਹਾ ਵਰਤਾਰਾ ਬਣਾ ਦਿੱਤਾ ਗਿਆ ਹੈ ਕਿ ਇਸ ਤੋਂ ਸਕੇ ਸੰਬੰਧੀ ਵੀ ਬਚ ਨਹੀਂ ਸਕਦੇ। 'ਸੱਤ ਬਗਾਨੇ' ਨਾਟਕ ਵਿਚ 'ਨਾਹਰੀ' ਦੀ ਮੰਗ ਨੂੰ ਵਿਆਹ ਕੇ ਲਿਆਉਣ ਦੀ ਸਾਜਿਸ਼ ਘੜ੍ਹ ਰਹੇ ਆਪਣੇ ਸਕੇ ਚਾਚੇ ਭੰਗੇ ਦਾ ਕਤਲ ਕਰਕੇ ਆਪ ਫਾਹੇ ਲੱਗਣ ਨੂੰ ਤਰਜੀਹ ਦਿੰਦਾ ਹੈ। ਇਸ ਦੇ ਨਤੀਜੇ ਵਜੋਂ ਭਾਵੇਂ ਪਰਿਵਾਰ ਘੋਰ ਸੰਕਟ ਦਾ ਸ਼ਿਕਾਰ ਹੁੰਦਾ ਹੈ। ਪ੍ਰੰਤੂ 'ਨਾਹਰੀ ਦਾ ਭਰਾ 'ਧਿੰਦੀ ਵੀ ਜੱਟਵਾਦੀ ਹਉਂ ਦੀ ਗ੍ਰਿਫ਼ਤ ਵਿਚ ਆਇਆ ਉਸਨੂੰ ਮਰਦ ਬੱਚਾ ਹੋਣ ਦਾ ਲਕਬ ਦਿੰਦਾ ਹੈ।

ਧਰਮਾ-(ਬੁਰਕੀ ਤੋੜ ਕੇ ਭਰੇ ਗਲੇ ਨਾਲ) ਕਰਮਿਆ, ਰੋਟੀ ਨੀ ... ਅਸੀਂ ਇਹ... ਤੇਰਾ ਮਾ..ਮਾਸ ....ਖਾਨੇ ਐਂ ਨਾਹਰੀ ਨੇ....ਚਾਚਾ ਮਾਰ ਕੇ..... ਆਪਾਂ ਮੰਗਤੇ ਬਣਾਤੇ।

ਧਿੰਦੀ:- ਕਿਉਂ, ਮੰਗਤੇ ਕਿਉਂ ਬਣਾ-ਤੇ ! ਚਾਚੇ ਨੇ ਘੱਟ ਕੀਤੀ ਸੀ ਸਾਡੇ ਨਾਲ ? (ਅਣਖੀ ਸੁਰ ਵਿੱਚ) ਨਾਹਰੀ ਤਾਂ ਨਰ ਸੀ ਨਰ, ਮਰਦ ਬੱਚਾ ! ਐਇੰ ਨਾ ਆਖ ਉਹਨੂੰ! (ਔਲਖ 7)

ਅਜਮੇਰ ਸਿੰਘ ਔਲਖ ਮਲਵਈ ਸਭਿਆਚਾਰ ਦੀ ਮੂਲ ਵਿਸ਼ੇਸ਼ਤਾ ਇੱਜ਼ਤ-ਅਣਖ ਦੇ ਮਸਲੇ ਦੇ ਪ੍ਰਸੰਗ ਵਿਚ ਨਿਹਿਤ ਕਰਦਾ ਹੈ। ਇੱਜਤ-ਅਣਖ ਦੇ ਮਸਲੇ ਨੂੰ ਉਹ ਜੱਟ ਦੀ ਹਉਂ ਨਾਲ ਜੋੜ ਕੇ ਮਲਵਈ ਸਭਿਆਚਾਰ ਦੇ ਖਾਸੇ ਤੋਂ ਜਾਣੂ ਕਰਵਾ ਦਿੰਦਾ ਹੈ। ਔਲਖ ਮਲਵਈ ਖਿੱਤੇ ਦੇ ਲੋਕਾਂ ਦੇ ਸੁਭਾਅ ਤੋਂ ਪੂਰੀ ਤਰ੍ਹਾਂ ਜਾਣੂ ਹੋਣ ਕਾਰਨ ਇਹਨਾਂ ਦੀ ਸਭਿਆਚਾਰਕ ਨੈਤਿਕਤਾ ਅਤੇ ਕਬੀਲਾਈ ਪਹੁੰਚ ਨੂੰ ਆਪਣੇ ਨਾਟਕਾਂ ਵਿਚ ਯਥਾਰਥਕ ਰੂਪ ਵਿਚ ਚਿਤਰਦਾ ਹੈ। ਅਜਮੇਰ ਸਿੰਘ ਔਲਖ ਦੇ ਨਾਟਕਾਂ ਦੇ ਕੇਂਦਰ ਵਿਚ ਮਾਲਵੇ ਦੀ ਥੁੜ੍ਹਾਂ ਮਾਰੀ, ਵਿਗੋਚੇ ਹੰਢਾਉਂਦੀ ਨਿਮਨ-ਕਿਸਾਨੀ ਹੈ। ਇਹ ਨਿਮਨ-ਕਿਸਾਨੀ ਜਦੋਂ ਆਪਣੀ ਹਉਂ ਨੂੰ ਸੰਤੁਸ਼ਟ ਕਰਨ ਲਈ ਕਈ ਅਨੈਤਿਕ ਕਾਰੇ ਕਰਕੇ ਅਤੇ ਅਵੈੜੀਆਂ ਰੁਚੀਆਂ ਦੀ ਸ਼ਿਕਾਰ ਹੋ ਕੇ ਵਿਤੋਂ ਬਾਹਰੇ ਕਾਰਜ ਕਰ

ਬੈਠਦੀ ਹੈ ਤਾਂ ਸੰਕਟ ਹੋਰ ਵੀ ਡੂੰਘਾ ਹੋ ਜਾਂਦਾ ਹੈ। ਸੰਕਟ 'ਚ ਘਿਰੀ ਹੋਈ ਨਿਮਨ-ਕਿਸਾਨੀ ਨਾ ਤਾਂ ਪੀੜ੍ਹੀ ਦਰ ਪੀੜ੍ਹੀ ਘੱਟਦੀ ਜ਼ਮੀਨ ਦੀ ਵੰਡ ਨੂੰ ਰੋਕ ਸਕਦੀ ਹੈ ਅਤੇ ਨਾ ਹੀ ਕਬੀਲਦਾਰੀ ਨੂੰ ਸਮੇਟਣ ਲਈ ਸ਼ਾਹੂਕਾਰਾਂ ਤੋਂ ਲਏ ਕਰਜ਼ੇ ਨੂੰ ਮੋੜ ਸਕਦੀ ਹੈ। ਇਸ ਦਾ ਫਾਇਦਾ ਧਨਾਢ ਜਿਮੀਂਦਾਰ ਅਤੇ ਸ਼ਾਹੂਕਾਰ ਉਠਾਉਂਦੇ ਹਨ। 'ਬਗਾਨੇ ਬੋਹੜ ਦੀ ਛਾਂ' ਵਿਚਲਾ 'ਕਾਸੀ ਰਾਮ' ਅਤੇ 'ਜੈਲਾ ਲੰਬੜਦਾਰ' ਨਿਮਨ-ਕਿਸਾਨ 'ਗੱਜਣ ਦੇ ਪਰਿਵਾਰ ਉਪਰ ਦਬਦਬਾ ਬਣਾ ਲੈਂਦੇ ਹਨ। ਇਸੇ ਤਰ੍ਹਾਂ ਧਨਾਢ ਅਤੇ ਆਰਥਿਕ ਤੌਰ ’ਤੇ ਸੰਪੰਨ ਵਰਗ ਪਹਿਲਾਂ ਛੋਟੇ ਜਿਮੀਦਾਰਾਂ ਨੂੰ ਉਕਸਾ ਕੇ ਉਹਨਾਂ ਤੋਂ 'ਅਣਖ' ਇੱਜ਼ਤ' 'ਇੱਜ਼ਤਾਂ ਦੇ ਨਾਂ ’ਤੇ ਕਈ ਅਜਿਹੇ ਕਾਰਜ ਕਰਵਾ ਦਿੰਦੇ ਹਨ, ਜਿਸ ਕਾਰਨ ਕਿਸਾਨੀ ਪਰਿਵਾਰ ਦੇ ਘਰ ਦਾ ਮੂੰਹ ਦੂਜੇ ਪਾਸੇ ਹੋ ਜਾਂਦਾ ਹੈ। ਨਤੀਜੇ ਵਜੋਂ ਕੁੜੀਆਂ-ਮੁੰਡਿਆਂ ਦੇ ਵਿਆਹ ਕਰਨ ਦਾ ਸੰਕਟ ਖੜ੍ਹਾ ਹੋ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਮਾਲਵੇ ਦਾ ਜਗੀਰੂ ਸਭਿਆਚਾਰਕ ਖਾਸਾ ਕਿਸੇ ਨੂੰ ਵੀ ਇਜ਼ਾਜਤ ਨਹੀਂ ਦਿੰਦਾ ਕਿ ਉਹ ਆਪਣੇ ਧੀ-ਪੁੱਤਰ ਨੂੰ ਕਿਸੇ ਮਾੜੇ ਘਰ ਵਿਚ ਵਿਆਹੇ। ਅਜਿਹੀ ਸਥਿਤੀ ਵਿਚ ਪੁੰਨ ਦੇ ਵਿਆਹ ਦੀ ਮਿੱਥ ਵੀ ਤਿੜਕਦੀ ਹੈ। ਸਮਾਜਿਕ-ਪ੍ਰਬੰਧ ਅਤੇ ਭਾਈਚਾਰਕ-ਰਿਸ਼ਤਿਆਂ ਵਿਚ ਕਈ ਤਰ੍ਹਾਂ ਦੀਆਂ ਤ੍ਰੇੜਾਂ ਹੀ ਨਹੀਂ ਪੈਂਦੀਆਂ ਸਗੋਂ ਕਈ ਤਰ੍ਹਾਂ ਦੇ ਪਰਿਵਾਰਕ ਸੰਕਟ ਵੀ ਜਨਮ ਲੈਂਦੇ ਹਨ। ‘ਬਗਾਨੇ ਬੋਹੜ ਦੀ ਛਾਂ’ ਨਾਟਕ ਵਿਚਲੇ ਇਹ ਵੇਰਵੇ ਸੰਕਟ ਨੂੰ ਬਿਆਨ ਕਰਦੇ ਜਾਪਦੇ ਹਨ:-

ਗੁਰਨਾਮ: ਦੀਂਹਦਾ ਹੁੰਦਾ ਫੇਰ ਇਸ ਘਰ ਦਾ ਆਹ ਹਾਲ ਹੁੰਦਾ ? ਏਸ ਜੱਟ ਦੇ ਕੁਚੱਜੇ ਕੰਮਾਂ ਨੇ ਪੀਤਿਆ ਅਸੀਂ ਤਾਂ ਖੁੰਘਲ ਕਰਤੇ ਕਿਉਂ ਮੈਂ ਸ਼ਰਾਬਾਂ ਪੀਂਦਾ ਸੀ? ਵਿਆਹ ਸ਼ਾਦੀਆਂ ’ਤੇ ਟਿਕਣ ਨਾ ਕੀਲੇ ? --

ਗੁਰਨਾਮ : ਚੰਗਾ ਰਹਿੰਦੇ ਵੀ ਰੱਖ ਦੇ ! ਕਸਰ ਨਾ ਛੱਡੀ ! (ਅੰਦਰ ਨੂੰ ਜਾਂਦੀ ਹੋਈ। ਤੂੰ ਜੱਟਾ ਮੇਰੇ ਪੁੱਤਾਂ ਨੂੰ ਮੰਗਤੇ ਬਣਾ ਕੇ ਠੂਠਾ ਫੜਾਉਣੇ ਫੜਾ--ਦੀ ! ਤੇਰੇ ਚਾਅ ਨਾ ਦਿਲ 'ਚ ਰਹਿ ਜਾਣ ਕਿਤੇ ! (ਔਲਖ 14)

ਮੱਧ ਵਰਗੀ ਪਰਿਵਾਰਕ ਬਣਤਰ ਵਿਚ ਜ਼ਮੀਨ ਦੀ ਮਾਲਕੀ ਦੇ ਅਧਿਕਾਰ ਲਈ ਜ਼ੋਰ ਅਜਮਾਈ  ਕਈ ਤਰ੍ਹਾਂ ਦੀਆਂ ਸਮਾਜਿਕ ਸਭਿਆਚਾਰਕ ਵਰਜਣਾਵਾਂ ਦੇ ਟੁੱਟਣ ਦੀਆਂ ਪ੍ਰਤਿਕੂਲ ਸਥਿਤੀਆਂ ਨੂੰ ਪ੍ਰਸਤੁਤ ਕਰਦਾ ਹੈ। ਸ਼ਕਤੀ ਸੰਪੰਨ ਅਤੇ ਸ਼ਕਤੀ ਵੰਚਿਤ ਵਰਗ ਦਾ ਧਰਮ ਪਰ ਟਕਰਾਓ ਸ਼ਕਤੀ ਵੰਚਿਤ ਲਈ ਸੰਘਰਸ਼ ਸ਼ਕਤੀ ਵਾਂਗ ਉਭਰਦਾ ਹੈ। ਸਮਾਜਿਕ ਬਣਤਰ ਅਤੇ ਬੁਣਤਰ ਵਿਚ ਮਾਨਵੀ ਸਮਾਜ ਦੇ ਵਿਹਾਰ ਦਾ ਸ੍ਰੋਤ ਉਪਰੋਂ ਭਾਵੇਂ ਕੁਝ ਵੀ ਹੋਵੇ ਪਰ ਇਸਦੀ ਅੰਦਰੂਨੀ ਬਣਤਰ ਵਿਚ ਇਹ ਸ੍ਰੋਤ ਆਰਥਿਕਤਾ ਤੋਂ ਨਿਯੰਤ੍ਰਿਤ ਹੁੰਦਾ ਹੈ। ਪ੍ਰੰਤੂ ਦਿਨੋ-ਦਿਨ ਪਤਲੀ ਹੋ ਰਹੀ ਆਰਥਿਕ ਹਾਲਤ ਰਿਸ਼ਤਿਆ ਦੀਆਂ

ਰਵਾਇਤੀ ਕਦਰਾਂ ਨੂੰ ਖੰਡਿਤ ਕਰ ਦਿੰਦੀ ਹੈ। ਮਲਵਈ ਰਿਸ਼ਤਾ-ਨਾਤਾ ਪ੍ਰਬੰਧ ਵਿਚ ਔਰਤ-ਮਰਦ/ਪਤੀ-ਪਤਨੀ ਦਾ ਮਰਯਾਦਾਗਤ ਰਿਸ਼ਤਾ ਜਦੋਂ ਕਠੋਰ ਆਰਥਿਕ ਗੁੰਝਲਾਂ/ਮਜ਼ਬੂਰੀਆਂ ਨਾਲ ਟਕਰਾਉਂਦਾ ਹੈ ਤਾਂ ਦਵੰਦਸ਼ੀਲਤਾ ਦਾ ਸ਼ਿਕਾਰ ਹੁੰਦਾ ਹੈ। ਇਹ ਦਵੰਦ ਹੀ ਇਸ ਰਿਸ਼ਤੇ ਦੀ ਵਿਹਾਰਕਤਾ ਅਤੇ ਕਾਰਜਸ਼ੈਲੀ ਨੂੰ ਨਿਸ਼ਚਿਤ ਕਰਦਾ ਹੈ। ਇਸੇ ਆਰਥਿਕ ਕਠੋਰਤਾ ਵਿਚੋਂ 'ਇੱਕ ਰਮਾਇਣ ਹੋਰ' ਨਾਟਕ ਵਿਚਲੇ ਰਿਸ਼ਤਾ-ਨਾਤਾ ਪ੍ਰਬੰਧ ਦੀ ਕਾਰਜਸ਼ੈਲੀ ਦੀ ਸੰਘਰਸ਼ਪੂਰਨ ਕਹਾਣੀ ਨਿਕਲਦੀ ਹੈ ਅਤੇ 'ਤੂੜੀ ਵਾਲਾ ਕੋਠਾ' ਨਾਟਕ ਵੀ ਇਸੇ ਸੰਘਰਸ਼ ਦੀ ਸੂਹ ਦਿੰਦਾ ਹੈ।

'ਇੱਕ ਰਮਾਇਣ ਹੋਰ' ਨਾਟਕ ਵਿਚ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਵਿਚਲੇ ਪਰਿਵਾਰਕ ਰਿਸ਼ਤੇ ਲੜਖੜਾਉਂਦੇ ਨਜ਼ਰ ਆਉਂਦੇ ਹਨ। ਇਸ ਨਾਟਕ ਵਿਚ ਅਜਮੇਰ ਸਿੰਘ ਔਲਖ 'ਰਮਾਇਣ' ਦੇ ਮਿਥਿਹਾਸਕ ਪਾਤਰਾਂ ਰਾਮ, ਸੀਤਾ ਅਤੇ ਲਛਮਣ ਦੇ ਰਿਸ਼ਤੇ ਨੂੰ ਪਿੱਠਭੂਮੀ ਵਿਚ ਰੱਖ ਕੇ ਸਮਕਾਲ ਵਿਚ ਮਾਲਵੇ ਦੇ ਨਿਮਨ-ਕਿਸਾਨੀ ਵਰਗ ਦੀ ਲੜਖੜਾਈ ਆਰਥਿਕਤਾ ਨੂੰ ਸਾਵੀ ਕਰਨ ਲਈ ਮਲਵਈ ਸਭਿਆਚਾਰ ਵਿਚ ਪਰਿਵਾਰਕ-ਰਿਸ਼ਤਿਆਂ ਦੀ ਮਰਿਯਾਦਾ ਦਾ ਭੰਗ ਹੋਣਾ ਸਮੇਂ ਦੀ ਲੋੜ ਵਿੱਚੋਂ ਪੈਦਾ ਹੋਇਆ ਯਥਾਰਥ ਸਿੱਧ ਕਰਦਾ ਹੈ। ਇਹਨਾਂ ਪਾਤਰਾਂ ਦੀ ਆਰਥਿਕ ਸਥਿਤੀ ਅਤੇ ਜ਼ਮੀਨੀ ਹਕੀਕਤ ਸਭਿਆਚਾਰਕ ਰਹਿਤਲ ਦੁਆਰਾ ਨਿਯੰਤਤ੍ਰਿਤ ਹੁੰਦੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਹ ਪਾਤਰ ਜਾਂ ਤਾਂ ਸਵੈ ਦੀ ਗੌਰਵਸ਼ੀਲਤਾ ਨੂੰ ਕਾਇਮ ਰੱਖਣ ਲਈ ਮਰਿਯਾਦਾਗਤ ਫੈਸਲਾ ਕਰਨ  ਜਾਂ ਸਭ ਸਭਿਆਚਾਰਕ ਵਰਜਣਾਵਾਂ ਨੂੰ ਤੋੜ ਕੇ ਸਵੈ ਦੀ ਨਵ-ਸਿਰਜਣਾ ਕਰਨ ਵੱਲ ਕੇਂਦਰਿਤ ਹੋਣ। 'ਇੱਕ ਰਮਾਇਣ ਹੋਰ' ਨਾਟਕ ਵਿਚ ਸੀਤੋ ਔਲਾਦ ਲਈ ਜ਼ਮੀਨ ਦੀ ਢੇਰੀ ਬਚਾਉਣ ਖਾਤਰ ਆਪਣਾ ਪਤੀਬਰਤਾ-ਧਰਮ ਤਿਆਗਦੀ ਹੈ ਅਤੇ ਆਪਣੇ ਜੇਠ 'ਲੱਛੋ' ਦੀਆਂ ਕਾਮ ਬਿਰਤੀਆਂ ਦੀ ਪੂਰਤੀ ਲਈ ਮੂਲ ਹੁੰਗਾਰਾ ਦਿੰਦੀ ਹੈ। ਅਜਮੇਰ ਸਿੰਘ ਔਲਖ ਪੇਂਡੂ ਜੀਵਨ ਵਿਚ ਵਾਪਰਨ ਵਾਲੀ ਇਸ ਕਰੂਰ ਸੱਚਾਈ ਨੂੰ ਸਹਿਜਤਾ ਨਾਲ ਹੀ ਬਿਆਨ ਕਰ ਦਿੰਦਾ ਹੈ। ਇਸ ਨਾਟਕ ਵਿਚ ਉਸ ਦੁਆਰਾ ਸਿਰਜਿਆ ਬਜ਼ੁਰਗ ਔਰਤ ਦਾਨੀ ਦਾ ਕਿਰਦਾਰ 'ਸੀਤੋ' ਨੂੰ ਹੀ ਮਾਨਸਿਕ ਪੱਧਰ 'ਤੇ ਦ੍ਰਿੜਤਾ ਪ੍ਰਦਾਨ ਨਹੀਂ ਕਰਦਾ ਸਗੋਂ ਆਪਣੇ ਜੀਵਨ ਬਿਰਤਾਂਤ ਰਾਹੀਂ ਪੰਜਾਬੀ ਸਭਿਆਚਾਰ ਵਿਚ ਸਦੀਆਂ ਤੋਂ ਕਾਇਮ ਔਰਤ ਦੀ ਹੋਂਦ ਅਤੇ ਹੋਣੀ ਨੂੰ ਵੀ ਬਿਆਨ ਕਰਦਾ ਹੈ।

ਦਾਨੀ: ਕੁੜੇ ਪੁੱਤ, ਆਪਣੇ ਜੱਟਾਂ ਦੇ ਕਾਹਦੇ ਖਸਮ, ਕਾਹਦੇ ਨਾ ਖਸਮ ! ਜੱਟ ਦਾ ਤਾਂ ਕਹਿੰਦੇ ਹੁੰਦੇ ਐ ਇੱਕ ਵਿਆਹਿਆ ਗਿਆ. ਸਮਝੋ ਸਾਰੇ ਵਿਆਹੇ ਗਏ ! ਹੁਣ ਤੂੰ ਮੇਰੇ ਕੰਨੀ ਦੇਖ ਲੈ ਪੰਜ ਭਾਈ ਸੀ ਨਰੰਜਨ ਸੂ ਦੇ ਪਰ ਮੈਂ ਪੰਜਾ ਦੇ ਸਿਰ ਜੋੜ ਕੇ

ਰੱਖੇ। ਆਵਦੇ ਖਸਮ ਨੂੰ 'ਰੋਟੀ' ਪਿੱਛੋਂ ਦੇਂਦੀ, ਉਹਨਾਂ ਚਾਰਾਂ ਨੂੰ ਪਹਿਲਾਂ ! ਜੇ ਮੈਂ ਕਮਲੀ ਹੁੰਦੀ ਪੰਜੇ ਲੜ-ਭਿੜ ਕੇ ਅੱਡ ਹੋ ਜਾਂਦੇ, ਭੋਂਏ ਖੱਖਰ-ਭੱਖਰ ਹੋ ਜਾਂਦੀ ! ਮੇਰੇ ਪੁੱਤ ਕੋਲ ਰਹਿ ਜਾਂਦੀ ਪੰਜ ਘੁਮਾਂ? ਹੁਣ ਕੱਲੇ ਨੂੰ ਪੰਚੀ ਆਉਂਦੀ ਐ ! ਸੁਖ ਨਾਲ ਰੰਗ ਲੱਗਿਆ ਤੇਰੇ ਸਾਹਮਣੇ। (ਔਲਖ 125-126)

ਇਸ ਪ੍ਰਕਾਰ ਅਜਮੇਰ ਸਿੰਘ ਔਲਖ ਨੇ 'ਦਾਨੀ' ਦੇ ਪਾਤਰ ਰਾਹੀਂ ਅਜਿਹੀ ਵਿਚਾਰਧਾਰਕ ਭਾਸ਼ਾ ਦਾ ਸਿਰਜਣ ਕੀਤਾ ਹੈ ਜਿਸ ਰਾਹੀਂ 'ਸੀਤੋ' ਨੂੰ ਲੱਛੇ ਨਾਲ ਸੰਬੰਧ ਬਣਾਉਣ ਲਈ ਸੰਕੇਤਕ ਇਸ਼ਾਰਾ ਦਿੱਤਾ ਗਿਆ ਹੈ। ਔਲਖ ਨੇ ਪੇਂਡੂ ਸਭਿਆਚਰਕ ਰਹਿਤਲ ਵਿਚ ਘਰ ਕਰ ਚੁੱਕੇ ਸੰਕਟ ਦੀ ਨਿਸ਼ਾਨਦੇਹੀ ਕੀਤੀ ਹੈ। ਇਹੀ ਨਹੀਂ ਸਗੋਂ ਉਸਨੇ ਮਰਦ-ਪ੍ਰਧਾਨ ਸਮਾਜ ਵਿਚ ਪਿਤਰ ਸੱਤਾ ਦੇ ਮਰਦਾਵੀਂ ਹਉਂ ਤਿਆਗ ਕੇ ਸਥਿਤੀਆਂ ਅਨੁਕੂਲ ਬਦਲਦੇ ਵਿਚਾਰਧਾਰਕ ਪੋਤੜੇ ਨੂੰ ਵੀ ਪੇਸ਼ ਕੀਤਾ ਹੈ। 'ਇਕ ਰਮਾਇਣ ਹੋਰ' ਨਾਟਕ ਦੇ ਪਾਤਰ 'ਰਾਮ' ਲਈ ਆਪਣੀ ਪਤਨੀ 'ਸੀਤੋ' ਦੇ ਜਤ-ਸਤ ਜਾਂ ਪਤੀ ਬਰਤਾ ਧਰਮ ਨਾਲੋਂ ਆਪਣੇ ਭਾਈ 'ਲੱਛੇ' ਨਾਲ ਸੰਬੰਧ ਬਣਾਉਣ ਦੀ ਸੰਕੇਤਕ ਪਰਵਾਨਗੀ ਦਿੰਦਾ ਹੈ:

ਪਰ ਮੇਰਾ ਮਨ ਨੀ ਕਰਦਾ ਇਹਨਾਂ ਗੱਲਾਂ ਨੂੰ

ਮੰਨੇ ਚਾਹੇ ਨਾ ਮੰਨੇ ! ਪਰ ਜਿਹੜੇ ਰਾਹ ਲਛਮਣ ਪੈਣ ਲੱਗਿਆ, ਉਸ ਰਾਹ ਤੋਂ ਤੂੰ ਹੀ ਮੋੜ ਸਕਦੀ ਐ ਉਸਨੂੰ ! ਜੇ ਉਸਨੇ ਕਿਸੇ ਗਏ-ਗੁਜ਼ਰੇ ਘਰ ਦੀ ਲਿਆ ਕੇ ਤੇਰੀ ਸਰੀਕਣੀ ਬਣਾ-ਤੀ ਬਰੋਬਰ ਦੀ, ਤਾਂ ਤੈਨੂੰ ਹੀ ਔਖਾ ਹੋ ਜੂ (ਔਲਖ 126)

ਇਸ ਤਰ੍ਹਾਂ ਪੇਂਡੂ ਸਮਾਜ-ਸਭਿਆਚਾਰ ਵਿਚਲੇ ਪਰਿਵਾਰਕ ਰਿਸ਼ਤੇ ਸਭਿਆਚਾਰਕ ਨੈਤਿਕਤਾ ਦੀ ਧੁਰੀ ’ਤੇ ਖਿਸਕ ਕੇ ਗਰਜਾਂ ਦੇ ਰਿਸ਼ਤਿਆਂ ਵਿਚ ਬਦਲਦੇ ਹੋਏ ਨਵੇਂ ਸਮੀਕਰਣ ਸਿਰਜ ਰਹੇ ਹਨ। ਇਹਨਾਂ ਪਰਿਵਾਰਕ ਰਿਸ਼ਤਿਆਂ ਦੀ ਤਾਸੀਰ ਵਿਚੋਂ ਗੌਰਵਸ਼ੀਲਤਾ ਖਾਰਿਜ਼ ਹੋ ਚੁਕੀ ਹੈ ਅਤੇ ਮਜ਼ਬੂਰੀ ਅਤੇ ਬੇਵਸੀ ਦਾ ਗੰਭੀਰ ਆਲਮ ਭਾਰੂ ਹੈ। ਇਨ੍ਹਾਂ ਨਾਟਕਾਂ ਦੇ ਵਸਤੂ ਯਥਾਰਥ ਵਿਚੋਂ ਇਹ ਵਿਵੇਕ ਗੂੰਜਦਾ ਹੈ ਕਿ ਕਮਜੋਰ ਆਰਥਿਕਤਾ ਨੇ ਸਭਿਆਚਾਰ ਦੀਆਂ ਨਰੋਈਆ ਨੈਤਿਕ ਕਦਰਾਂ-ਕੀਮਤਾਂ ਨੂੰ ਢਾਅ ਲਾਈ ਹੈ। ਆਰਥਿਕ ਪ੍ਰਭੂਸੱਤਾ ਦੀ ਬਹਾਲੀ ਲਈ ਪਰਿਵਾਰਕ ਰਿਸ਼ਤਿਆਂ ਵਿਚ ਲਗਾਤਾਰ ਸੰਘਰਸ਼ ਚਲ ਰਿਹਾ ਹੈ। ਜਿਹੜਾ ਗੰਭੀਰ ਸਭਿਆਚਾਰਕ ਸੰਕਟ ਦਾ ਸੂਚਕ ਹੈ।

ਪੰਜਾਬੀ ਸਭਿਆਚਾਰ ਖੇਤੀ ਆਧਾਰਿਤ ਹੋਣ ਕਰਕੇ ਖੇਤੀ ਵਿਚ ਸਾਰਾ ਪਰਿਵਾਰ ਹੀ ਹੱਥ ਵਟਾਉਂਦਾ ਰਿਹਾ ਹੈ। ਇਸ ਵਿਚ ਔਰਤਾਂ ਦੀ ਵੀ ਖਾਸ ਭੂਮਿਕਾ ਰਹੀ ਹੈ। ਇਸ ਅਰਥਚਾਰੇ ਵਿਚ ਮਰਦ ਖੇਤੀ ਦਾ ਧੰਦਾ ਸਮੇਟਦਾ ਹੈ ਅਤੇ ਔਰਤ ਘਰ ਦੀ

ਕਬੀਲਦਾਰੀ ਨੂੰ ਸਾਂਭਦੀ ਹੈ ਪ੍ਰੰਤੂ ਸਥਿਤੀ ਦਾ ਯਥਾਰਥ ਇਹ ਹੈ ਕਿ ਛੋਟੀ ਕਿਸਾਨੀ ਵਿਚ ਘੱਟ ਜ਼ਮੀਨ ਹੋਣ ਕਾਰਨ ਕਈ ਵਾਰ ਨਿਮਨ-ਕਿਸਾਨ ਪਰਿਵਾਰਾਂ ਦੇ ਮੁੰਡਿਆਂ ਲਈ ਰਿਸ਼ਤਾ ਵੀ ਪ੍ਰਵਾਨ ਨਹੀਂ ਚੜ੍ਹਦਾ। ਔਰਤ ਦੀ ਅਣਹੋਂਦ ਵਿਚ ਮਰਦ ਦੀ ਜ਼ਿੰਦਗੀ 'ਤੂੜੀ ਵਾਲਾ ਕੋਠਾ' ਸਮਾਨ ਹੋ ਜਾਂਦੀ ਹੈ। ਤੀਵੀਂ ਦੀ ਅਣਹੋਂਦ ਵਿਚ ਮਰਦ 'ਸੱਤ ਬਗਾਨੇ' ਵਰਗੀ ਸਰਾਪੀ ਜੂਨ ਹੰਢਾਉਣ ਲਈ ਮਜ਼ਬੂਰ ਹੋ ਜਾਂਦਾ ਹੈ। ਮਰਦ ਦੀ ਦ੍ਰਿਸ਼ਟੀ ਤੋਂ ਜਿੰਨੀ ਜ਼ਰੂਰੀ ਪੇਟ ਦੀ ਭੁੱਖ ਲਈ ਰੋਟੀ ਹੈ, ਰੂਹ ਦੇ ਰੱਜ ਲਈ ਤੀਵੀਂ ਵੀ ਉਨੀ ਹੀ ਮਹੱਤਵਪੂਰਨ ਹੈ ਪ੍ਰੰਤੂ ਦਰਜੇ-ਬੰਦੀਆਂ ਵਾਲੇ ਸਮਾਜ ਵਿਚ ਮਨੁੱਖ ਦੀਆਂ ਸਾਰੀਆਂ ਖਾਹਿਸ਼ਾਂ ਸੌਖੀਆਂ ਪੂਰੀਆਂ ਨਹੀਂ ਹੁੰਦੀਆਂ। ਔਲਖ ਸਭਿਆਚਾਰਕ ਸੰਰਚਨਾ ਨੂੰ ਬਹੁਤ ਡੂੰਘੀ ਤਰ੍ਹਾਂ ਸਮਝਦਾ ਹੈ। ਇਹੋ ਕਾਰਨ ਹੈ ਕਿ ਉਹ ਇਸ ਤੱਤ ਨੂੰ ਫੜਨ ਵਿਚ ਕਾਮਯਾਬ ਹੁੰਦਾ ਹੈ ਕਿ ਜੱਟ ਦੀ ਅਸਲ ਵੁਕਤ ਉਸਦੀ ਆਰਥਿਕਤਾ ਨਾਲ ਹੁੰਦੀ ਹੈ। ਸਾਵੀ ਆਰਥਿਕ ਸਥਿਤੀ ਦੀ ਅਣਹੋਂਦ ਕਾਰਨ ਬੰਦੇ ਨੂੰ ਤੀਵੀਂ ਦਾ ਵਿਗੋਚਾ ਵੀ ਹੰਢਾਉਣਾ ਪੈਂਦਾ ਹੈ। 'ਸੱਤ ਬਗਾਨੇ', 'ਇਕ ਰਮਾਇਣ ਹੋਰ', 'ਝਨਾਂ ਦੇ ਪਾਣੀ', 'ਕਿਹਰ ਸਿੰਘ ਦੀ ਮੌਤ', 'ਤੂੜੀ ਵਾਲਾ ਕੋਠਾ' ਆਦਿ ਨਾਟਕਾਂ ਵਿਚੋਂ ਇਹ ਧੁਨੀ ਉਚੀ ਸੁਰ ਵਿਚ ਗੂੰਜਦੀ ਹੈ। ਇਹ ਵੀ ਸੱਚ ਹੈ ਕਿ ਤੀਵੀਂ ਦੇ ਵਿਗੋਚੇ ਨੂੰ ਪੂਰਾ ਕਰਨ ਲਈ ਮਾੜੀ ਪਰੋਖੋਂ ਵਾਲਾ ਬੰਦਾ ਜੇਕਰ ਕੁਝ ਪੈਸੇ ਖਰਚ ਕੇ ਇਸ ਘਾਟ ਨੂੰ ਪੂਰਾ ਕਰਨ ਲਈ ਕੋਈ ਸਬੱਬ ਬਣਾ ਲੈਂਦਾ ਹੈ ਤਾਂ ਗਰਜਾਂ ਦਾ ਮਾਰਿਆ ਉਹ ਤੀਵੀਂ ਨੂੰ ਆਪਣੇ ਘਰ ਦੀ ਨਾਰ ਬਣਾਉਣ ਤੋਂ ਅਸਮਰੱਥ ਹੋ ਕੇ ਰਹਿ ਜਾਂਦਾ ਹੈ। ਇਸ ਸਮੁੱਚੀ ਸਥਿਤੀ ਵਿਚ ਔਰਤ ਦੋਹਰਾ ਸੰਤਾਪ ਭੋਗਦੀ ਹੈ। 'ਝਨਾਂ ਦੇ ਪਾਣੀ' ਨਾਟਕ ਦਾ 'ਭੰਤੀ' 'ਗੰਗਾ' ਨੂੰ ਖਰੀਦ ਤਾਂ ਲਿਆਉਂਦਾ ਪ੍ਰੰਤੂ ਉਸਨੂੰ ਆਪਣੇ ਘਰ ਵਸਾ ਨਹੀਂ ਸਕਦਾ। ਨਤੀਜੇ ਵਜੋਂ ਗੰਗਾ ਇੱਕ ਤੋਂ ਬਾਅਦ ਦੂਜੇ ਥਾਂ ਵਸਤੂ ਦੀ ਤਰ੍ਹਾਂ ਵਿਕਦੀ ਜਾਂਦੀ ਹੈ :

ਭੰਤੀ: ਮੈਨੂੰ ਮਾਫ ਕਰੀ ਗੰਗੀਏ ! ਮੈਂ ਤੈਨੂੰ ਲੈ ਤਾਂ ਆਇਆ...... ਪਰ... ਰੱਖ ਨਾ ਸਕਿਆ ! ਰਖਦਾ ਵੀ ਕਿਵੇਂ ? ਤੈਨੂੰ ਖਰੀਦਣ ਤੋਂ ਪਹਿਲਾਂ ਮੈਂ ਖੁਦ ਵਿਕਿਆ ਹੋਇਆ ਸੀ। ਖਰੀਦਿਆ ਤਾਂ ਮੈਂ ਤੈਨੂੰ ਕਿਸੇ ਅੰਦਰਲੀ ਘਾਟ ਨੂੰ ਪੂਰਨ ਵਾਸਤੇ ਸੀ ਪਰ ਵੇਚਿਆ ਬਾਹਰਲੇ ਭਾਰ ਦੇ ਦਬਾਓ ਕਰਕੇ ਐ ! ..... ਖਰੀਦਣਾ ਵੀ ਮੇਰੀ ਮਜ਼ਬੂਰੀ ਸੀ ਤੇ ਵੇਚਣਾ (ਔਲਖ 40)

ਅਰਥ ਅਤੇ ਸੰਘਰਸ਼ ਦੀ ਦ੍ਰਿਸ਼ਟੀ ਤੇ 'ਸੱਤ ਬਗਾਨੇ' ਨਾਟਕ ਦਾ ਵਸਤੂ ਯਥਾਰਥ ਪ੍ਰਤਿਨਿਧਤਾ ਕਰਦਾ ਹੈ। ਹਾਕਮ ਧਿਰਾਂ ਵੱਲੋਂ ਸਭਿਆਚਾਰਕ ਮਰਯਾਦਾ ਦੀ ਵਿਉਂਤਬੰਦੀ ਕੀਤੀ ਗਈ ਹੈ। ਇਹ ਵਿਉਂਤਬੰਦੀ ਪੇਂਡੂ ਜੀਵਨ ਯਥਾਰਥ ਦਾ ਵੀ ਉਸੇ ਰੂਪ ਵਿਚ ਹਿੱਸਾ ਬਣੀ ਹੋਈ ਹੈ। ਇਨ੍ਹਾਂ ਸਭਿਆਚਾਰਕ ਵਲਗਣਾਂ ਵਿਚ ਵਿਚਰਣ ਵਾਲਾ ਮਨੁੱਖ ਹੀ ਪ੍ਰਵਾਨ ਚੜਦਾ ਹੈ। ਜਿਹੜਾ

ਇਸ ਦੀ ਅਵਹੇਲਣਾ ਕਰਦਾ ਹੈ ਜਾਂ ਨਾਬਰ ਹੁੰਦਾ ਹੈ। ਉਸ ਲਈ ਇਹ ਸਮਾਜਿਕ ਸੰਰਚਨਾ ਤਨਾਅ-ਯੁਕਤ ਅਤੇ ਅਪ੍ਰਵਾਨਗੀ ਦਾ ਪ੍ਰਵਚਨ ਸਿਰਜਦੀ ਹੈ। 'ਸੱਤ ਬਗਾਨੇ' ਨਾਟਕ ਦੇ ਪਾਤਰ ਬਚਨੇ ਅਤੇ ਜੈਕੁਰ ਦੁਆਰਾ ਕੀਤਾ ਗਿਆ ਪਿਆਰ ਅਤੇ ਅੰਤਰ ਜਾਤੀ ਵਿਆਹ ਪੇਂਡੂ ਸਭਿਆਚਾਰਕ ਅਵਚੇਤਨ ਵਿਚ ਹੈ, ਜਿਹੜਾ ਪਿੰਡ ਅਤੇ ਸਮਾਜ ਵਿਰੋਧੀ ਕਦਮ ਹੈ। ਇਹੋ ਵਜ੍ਹਾ ਹੈ ਕਿ ਸਭਿਆਚਾਰਕ ਤੌਰ ’ਤੇ ਇਸ ਇਸ਼ਕ ਨੂੰ ਲੋਕ-ਪ੍ਰਵਾਨਗੀ ਕਦੇ ਵੀ ਨਾ ਮਿਲ ਸਕੀ। 'ਜੈਕੁਰ' ਜੱਟ ਦੇ ਘਰ ਤੀਹ ਸਾਲ ਵਸ ਕੇ ਅੰਤ ਨੂੰ ਛਿਉਰੀ ਹੀ ਰਹਿੰਦੀ ਹੈ। ਜੈਕੁਰ ਅਤੇ ਬਚਨੇ ਵੱਲੋਂ ਖੱਟੀ ਗਈ ਬਦਨਾਮੀ ਦਾ ਖਮਿਆਜਾ ਉਹਨਾਂ ਦੇ ਚਾਰਾਂ ਪੁੱਤਰਾਂ ਨੂੰ ਝੱਲਣਾ ਪੈਂਦਾ ਹੈ। ਇਹ ਪੰਜਾਬੀ ਸਭਿਆਚਾਰ ਦੀ ਚੀੜ੍ਹੀ ਜਾਤੀਗਤ ਸੰਰਚਨਾ ਹੈ, ਜਿਹੜੀ ਛਿਉਰੀ ਦੇ ਪੁੱਤਾਂ ਨੂੰ ਪ੍ਰਵਾਨ ਨਹੀਂ ਕਰਦੀ। ਉਸਦੇ ਪੁੱਤਰ ਧਰਮਾ, ਕਰਮਾ, ਘਿੰਦੀ ਅਤੇ ਨਾਰੀ ਪਿੰਡ ਵਿਚ ਰਹਿ ਕੇ ਵੀ ਸਮਾਜਿਕ ਅਪ੍ਰਵਾਨਗੀ ਦਾ ਅਹਿਸਾਸ ਹੰਢਾਉਂਦੇ ਹਨ। ਉਹਨਾਂ ਦੇ ਸਮਾਜਿਕ ਅਧੂਰੇਪਣ ਨੂੰ ਪ੍ਰਸਤੁਤ ਕਰਨ ਵਿਚ ਹੀ ਅਜਮੇਰ ਸਿੰਘ ਔਲਖ ਦੀ ਪ੍ਰਾਪਤੀ ਹੈ। ਬੇਸ਼ੱਕ 'ਸੱਤ ਬਗਾਨੇ' ਦੇ ਸਮੁੱਚੇ ਪਾਠ ਵਿੱਚੋਂ 'ਕੁਸ਼ ਨੀ ਭਰਾਵੋ ਜੂਨਾ ਘਰ ਦੀ ਨਾਰ ਬਿਨਾਂ' ਉਚੀ ਸੁਰ ਵਿਚ ਗੂੰਜਦੀ ਹੈ ਪ੍ਰੰਤੂ ਇਸ ਨਾਟਕ ਦੇ ਅਵਚੇਤਨ ਵਿਚ ਪੰਜਾਬ ਦੇ ਪੇਂਡੂ ਸਭਿਆਚਾਰ ਦੀਆਂ ਬੋਦੀਆਂ ਅਤੇ ਵੇਲਾ ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਪਈਆਂ ਹਨ, ਜਿਹੜੀਆਂ ਨਾਟਕ ਵਿਚਲੇ ਦੁਖਾਂਤ ਨੂੰ ਵਿਕਰਾਲ ਰੂਪ ਦਿੰਦੀਆਂ ਹਨ। ਅਸਲ ਵਿਚ ਅਜਮੇਰ ਸਿੰਘ ਔਲਖ ਦੇ ਨਾਟਕ ਦਰਸਾਉਂਦੇ ਹਨ ਕਿ ਸਥਾਪਤੀ ਵੱਲੋਂ ਨਿਰਧਾਰਤ ਸਮਾਜ-ਸਭਿਆਚਾਰ ਅਰਥਾਂ ਨੂੰ ਪੀੜ੍ਹੀ ਦਰ ਪੀੜ੍ਹੀ ਸੰਚਾਰਤ ਕੀਤੀ ਜਾਂਦੀ ਹੈ। ਇਹੋ ਅਰਥ ਵਿਚਾਰਧਾਰਕ ਤੌਰ ’ਤੇ ਵੱਖ-ਵੱਖ ਸਮਾਜਿਕ ਵਰਗਾਂ ਨੂੰ ਵੱਡੇ ਸਭਿਆਚਾਰਕ ਪ੍ਰਵਚਨਾਂ ਦੀ ਅਧੀਨਗੀ ਸਵੀਕਾਰ ਕਰਾਉਣ ਲਈ ਸਮੇਂ-ਸਮੇਂ ’ਤੇ ਸਭਿਆਚਾਰਕ ਅਤੇ ਜਾਤੀਗਤ ਮਰਯਾਦਾਵਾਂ ਦੀ ਸੰਰਚਨਾਕਾਰੀ ਕਰਦੇ  ਸਮੁੱਚੇ ਰੂਪ ਵਿਚ ਇਹ ਸਪਸ਼ਟ ਹੁੰਦਾ ਹੈ ਕਿ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਪੰਜਾਬੀ ਸਭਿਆਚਾਰ ਆਪਣੇ ਸਮੱਗਰ ਰੂਪ ਵਿਚ ਪੇਸ਼ ਹੋਇਆ ਹੈ। ਅਜਮੇਰ ਸਿੰਘ ਔਲਖ ਨੇ ਜਿਥੇ ਨਿਮਨ-ਕਿਸਾਨੀ ਦੀ ਆਰਥਿਕ ਮੰਦਹਾਲੀ ਨੂੰ ਯਥਾਰਥਕ ਰੂਪ ਵਿਚ ਬਿਆਨ ਕੀਤਾ ਹੈ, ਉਥੇ ਬਦਲ ਰਹੀਆਂ ਯੁੱਗ ਪ੍ਰਸਥਿਤੀਆਂ ਦੇ ਅਨੁਕੂਲ ਬਦਲ ਰਹੀਆਂ ਸਭਿਆਚਾਰਕ ਮਾਨਤਾਵਾਂ ਨੂੰ ਵੀ ਪੇਸ਼ ਕਰਨ ਦਾ ਯਤਨ ਕੀਤਾ ਹੈ।

ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਕਿਸਾਨੀ ਵਰਗ ਦੀ ਅਜਿਹੀ ਕੋਈ ਵੀ ਸਮੱਸਿਆ ਨਹੀਂ ਜਿਸਨੂੰ ਉਸਨੇ ਨਾ ਛੋਹਿਆ ਹੋਵੇ। ਔਲਖ ਦੇ ਨਾਟਕਾਂ ਵਿਚ ਸਾਡੇ ਸਮਕਾਲੀ ਅਤੇ ਰਾਜਨੀਤਕ ਢਾਂਚੇ ਵਿਚ ਫੈਲੇ ਭ੍ਰਿਸ਼ਟਾਚਾਰ ’ਤੇ ਵੀ ਵਿਅੰਗ ਕੀਤਾ

ਗਿਆ ਹੈ। 'ਤੇੜਾਂ' ਨਾਟਕ ਦਾ ਥੀਮ ਇੱਕ ਪਰਿਵਾਰ ਦੀਆਂ ਆਰਥਿਕ ਮਜ਼ਬੂਰੀਆਂ ਦੇ ਸੰਦਰਭ ਵਿਚ ਭ੍ਰਿਸ਼ਟ ਸਮਾਜਿਕ ਅਤੇ ਰਾਜਨੀਤਕ ਵਰਤਾਰੇ ਦਾ ਚਿੱਤਰ ਉਲੀਕਦਾ ਹੈ। ਨਾਟਕ ਵਿਚ ਔਲਖ ਆਪਣੇ ਮਾਰਕਸਵਾਦੀ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਨਜ਼ਰ ਆਉਂਦਾ ਹੈ। ਨਾਟਕਕਾਰ ਦੁਆਰਾ ਨਿਮਨ-ਕਿਸਾਨੀ ਦੀ ਸਮੱਸਿਆ ਨੂੰ ਇੱਕ ਪਰਿਵਾਰ ਦੇ ਅੰਤਰ ਸੰਬੰਧਾਂ ਅਤੇ ਆਪਸੀ ਵਿਰੋਧਾਂ ਰਾਹੀਂ ਉਘਾੜਿਆ ਗਿਆ ਹੈ। ਵਰਤਮਾਨ ਅਤੇ ਰਾਜਨੀਤਕ ਢਾਂਚਾ ਐਨਾ ਭ੍ਰਿਸ਼ਟ ਰੂਪ ਧਾਰਨ ਕਰ ਚੁੱਕਾ ਹੈ ਕਿ ਇਸ ਦੀ ਜਕੜ ਅਧੀਨ ਇੱਕ ਇਮਾਨਦਾਰ ਅਤੇ ਸਿੱਧ-ਪੱਧਰਾ ਮਨੁੱਖ ਆਪਣੀਆ ਲੋੜਾਂ ਦੀ ਅਪੂਰਤੀ ਕਾਰਨ ਦੁਖਾਂਤ ਭੁਗਤਦਾ ਹੈ। ਨਾਟਕ ਵਿਚ ਪਾਤਰ ਜਸਦੇਵ ਆਪਣੇ ਪਰਿਵਾਰ ਦੇ ਸੁਪਨਿਆਂ ਤੋਂ ਰੀਝਾਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ ਪਰ ਕਠੋਰ ਪਰਿਸਥਿਤੀਆਂ ਉਸਦੇ ਇਨ੍ਹਾਂ ਯਤਨਾਂ ਨੂੰ ਅਸਫਲ ਕਰ ਦਿੰਦੀਆ ਹਨ। ਜਸਦੇਵ ਦੇ ਭਰਾ ਅਤੇ ਪਿਉ ਇਸ ਚਲਾਕ ਅਤੇ ਦੰਭੀ ਚਰਿੱਤਰ ਵਾਲੇ ਢਾਂਚੇ ਦੇ ਪ੍ਰਤੀਨਿਧ ਹਨ ਜੋ ਜਨ-ਸਾਧਾਰਨ ਨੂੰ ਆਪਣੇ ਭਰਮ-ਜਾਲ ਵਿਚ ਫਸਾ ਕੇ ਉਨ੍ਹਾਂ ਦੇ ਹੱਕਾਂ ਉਤੇ ਡਾਕਾ ਮਾਰਦੇ ਹਨ। ਜਸਦੇਵ ਦੇ ਪਿਉ ਅਤੇ ਭਰਾਵਾਂ ਦੇ ਚਰਿੱਤਰ ਨੂੰ ਉਘਾੜਦੀ ਹੋਈ ਮਨਦੀਪ ਨਾਟਕ ਦੇ ਕੇਂਦਰੀ ਥੀਮ ਵੱਲ ਸੰਕੇਤ ਕਰਦੀ ਹੈ:

ਮਨਦੀਪ : ਤੇ ਇਹਨਾਂ ਚਲਾਕ ਸਿਆਸਤਦਾਨਾਂ ਵਰਗੇ ਚਲਾਕ ਨੇ ਥੋਡੇ ਪਾਪਾ ਤੇ ਭਰਾ, ਜਿਹੜੇ ਮਿੱਠੀਆਂ ਮਾਰ-ਮਾਰ ਸਾਰਿਆਂ ਦਾ ਹੱਕ ਵਟੋਰ ਕੇ ਲੈ ਜਾਂਦੇ ਨੇ। (ਔਲਖ 185)

ਨਾਟਕਕਾਰ ਦੁਆਰਾ ਨਾਟਕ ਦੇ ਕੇਂਦਰੀ ਥੀਮ ਨੂੰ 'ਕਹਾਣੀ' ਅਤੇ ਮੋਟਿਫ ਰਾਹੀਂ ਉਘਾੜਿਆ ਗਿਆ ਹੈ। ਗੋਰਕੀ ਅਤੇ ਕ੍ਰਾਂਤੀ ਪਾਤਰਾਂ ਦੁਆਰਾ 'ਕਾਂ ਤੇ ਲੂੰਬੜੀ' ਵਾਲੀ ਕਹਾਣੀ ਨੂੰ ਪੇਸ਼ ਕਰਕੇ ਨਾਟਕਕਾਰ ਨੇ ਵਰਤਮਾਨ ਸਮਾਜਿਕ ਅਤੇ ਰਾਜਨੀਤਕ ਵਰਤਾਰੇ ਦੀ ਭਿਆਨਕ ਅਤੇ ਕਠੋਰ ਤਸਵੀਰ ਪੇਸ਼ ਕੀਤੀ ਹੈ, ਕਿ ਕਿਸ ਤਰ੍ਹਾਂ ਲੂੰਬੜ-ਚਾਲਾਂ ਵਾਲੀ ਸਮਾਜਿਕ-ਵਿਵਸਥਾ ਜਨ-ਸਾਧਾਰਨ ਨੂੰ ਆਪਣੀਆਂ ਮਿੱਠੀਆ ਗੱਲਾਂ ਵਿਚ ਫਸਾ ਕੇ ਲੁੱਟ ਰਹੀ ਹੈ। ਵਰਤਮਾਨ ਸਮਾਜਿਕ ਢਾਂਚਾ ਆਰਥਿਕਤਾ ਉੱਪਰ ਨਿਰਭਰ ਹੈ। ਆਰਥਿਕਤਾ ਦੀ ਜਕੜ ਇੰਨੀ ਭਾਰੂ ਹੈ ਕਿ ਇਸ ਦੀ ਜਕੜ ਵਿਚ ਮਾਨਵੀ ਮੁੱਲ ਚੂਰ-ਚੂਰ ਹੋ ਜਾਂਦੇ ਹਨ। ਨਾਟਕ ਦਾ ਪਾਤਰ ਜਸਦੇਵ ਆਦਰਸ਼ਕ ਮੁੱਲਾਂ ਦਾ ਧਾਰਨੀ ਹੈ। ਪਰ ਵਰਤਮਾਨ ਦੰਭੀ ਵਰਤਾਰੇ ਵਿਚ ਉਸਦੇ ਉਚੇ ਸਿਧਾਂਤ ਖੋਖਲੇ ਬਣ ਕੇ ਰਹਿ ਜਾਂਦੇ ਹਨ। ਇਹ ਸਿਧਾਂਤ ਵਿਅਕਤੀ ਨੂੰ ਸਹੀ ਸੇਧ ਦੇਣ ਦੀ ਬਜਾਇ ਉਸਦੇ ਦੁਖਾਂਤ ਦੇ ਪ੍ਰੇਰਕ ਬਣਦੇ ਹਨ:

ਮਨਦੀਪ: ਮੂਡ ਤਾਂ ਨਹੀਂ, ਪਰ ਜਦ ਫੋਕੀ ਸਿਧਾਂਤਕ ਮਗਜ਼ਾਲੀ ਕੰਨੀ ਪੈਂਦੀ ਐ, ਤਾਂ ਖਿਝ ਤਾਂ ਆ ਹੀ ਜਾਂਦੀ ਐ। (ਔਲਖ 185)

ਇਸ ਤੋਂ ਇਲਾਵਾ ਅਜਮੇਰ ਸਿੰਘ ਔਲਖ ਨੇ 'ਭੱਠ ਖੇੜਿਆਂ ਦਾ ਰਹਿਣਾ' ਇਕਾਂਗੀ ਵਿਚ ਵੀ ਵਰਤਮਾਨ ਰਾਜਨੀਤਕ ਵਰਤਾਰੇ ਨਾਲ ਸੰਬੰਧਿਤ ਪਰਿਸਥਿਤੀਆਂ ਦਾ ਉਲੇਖ ਕੀਤਾ ਹੈ। ਰਿਸ਼ਵਤ ਲੈ ਕੇ ਕੰਮ ਕਰਨ ਦੀ ਸਮੱਸਿਆ ਨੂੰ ਇਸ ਵਿਚ ਪੇਸ਼ ਕੀਤਾ ਗਿਆ ਹੈ। ਜਿਸ ਕਾਰਨ ਉਚੀ ਤੋਂ ਉੱਚੀ ਸਿਫ਼ਾਰਸ ਵਾਲੇ ਘੱਟ ਬੁੱਧੀ ਦੇ ਬਾਵਜੂਦ ਉੱਚੀਆਂ ਅਸਾਮੀਆਂ 'ਤੇ ਪਹੁੰਚ ਜਾਂਦੇ ਹਨ। ਇਸ ਇਕਾਂਗੀ ਵਿਚ ਐਸ. ਐਸ. ਪੀ. ਜਦੋਂ ਨਿਰਮਲ ਸਿੰਘ ਨੂੰ ਕਹਿੰਦਾ ਹੈ, ਜੇ ਤੇਰਾ ਦਿਲ ਐਨਾ ਪਤਲਾ ਸੀ ਤਾਂ ਪੁਲਿਸ ਵਿਚ ਭਰਤੀ ਕਿਉਂ ਹੋਇਆ, ਕਲਰਕ ਜਾਂ ਮਾਸਟਰ ਬਣ ਜਾਂਦਾ ਤਾਂ ਉਹ ਜਵਾਬ ਦਿੰਦਾ ਹੈ।

ਨਿਰਮਲ ਸਿੰਘ: ਜਰੂਰ ਲੱਗ ਜਾਂਦਾ ਜਨਾਬ, ਜੇ ਉਪਰੋ ਕੋਈ ਸਿਫਾਰਸ਼ ਮਿਲ ਜਾਂਦੀ। ਇਧਰ ਸਿਫਾਰਸ਼ ਮਿਲ ਗਈ ਤਾਂ ਪੁਲਿਸ 'ਚ ਆ ਗਿਆ। ਚਾਂਸ ਦੀ ਗੱਲ ਐ ਜਨਾਬ। (ਔਲਖ 114)

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਰਾਹੀਂ ਸਮਾਜ ਵਿਚ ਕੁਹਜ ਨੂੰ ਵੀ ਨੰਗਿਆ ਕੀਤਾ ਹੈ ਕਿ ਨੌਕਰੀ ਦੇਣ ਸਮੇਂ ਕਾਬਲੀਅਤ ਨਹੀਂ ਦੇਖੀ ਜਾਂਦੀ, ਸਗੋਂ ਸਿਫਾਰਸ਼ ਅਤੇ ਰਿਸ਼ਵਤ ਦੇ ਕੇ ਹੀ ਕੋਈ ਨੌਕਰੀ ਮਿਲ ਸਕਦੀ ਹੈ। ਔਲਖ ਦੇ ਨਾਟਕ 'ਐਸੇ ਰਚਿਓ ਖਾਲਸਾ' ਵਿਚ ਅੱਜ ਦੇ ਸਮਾਜ ਵਿਚ ਨੌਕਰੀਆਂ ਲਈ ਦਿੱਤੀ ਜਾਣ ਵਾਲੀ ਰਿਸ਼ਵਤ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਪਰਮਾਤਮਾ ਨੂੰ ਮੰਨਣ ਵਾਲੇ ਲੋਕਾਂ ਨੂੰ ਵੀ ਸ਼ਰਧਾ ਨੂੰ ਪਾਸੇ ਰੱਖ ਕੇ ਰਿਸ਼ਵਤ ਦੇਣੀ ਪੈਂਦੀ ਹੈ। ਇਸ ਨਾਟਕ ਦੇ ਪਾਤਰ 'ਗਿਆਨੀ' ਦੇ ਵਿਅੰਗ ਕਰਨ 'ਤੇ ਕਿ ਪੁੱਤ ਦੀ ਨੌਕਰੀ ਮਹਾਰਾਜ ਦੀ ਕਿਰਪਾ ਨਾਲ ਹੀ ਮਿਲੀ ਜਾਂ ਖਰਚ ਕਰਨਾ ਪਿਆ ਤਾਂ ਮਲਕ ਨਾਂ ਦਾ ਪਾਤਰ ਜਵਾਬ ਦਿੰਦਾ ਹੈ:-

ਮਲਕ: ਕੀ ਭੋਲੀਆ ਗੱਲਾਂ ਕਰਦੇ ਹੋ ਗਿਆਨੀ ਗੋਪਾਲ ਸਿੰਘ ਜੀ, ਗਿਆਨੀ ਧਿਆਨੀ ਹੋ ਕੇ ? ਦਿੱਤੇ -ਲਏ ਬਿਨਾਂ ਕਿਤੇ ਚੱਲਦੇ ਐ ਇਸ ਦੁਨੀਆ ਦੇ ਕਾਰੋਬਾਰ । ਇਹ ਖੇਡ ਹੀ ਸੰਸਾਰ ਦੀ ਮਾਇਆ ਨਾਲ ਚੱਲਣ ਲਈ ਬਣਾਈ ਐ ਉਸ ਕਰਤਾਰ ਨੇ। ਪੂਰੇ ਚਾਲੀ ਲੱਖ ਦੀ ਭੇਟਾਂ ਚੜਾਈ ਐ। (ਔਲਖ 19)

ਪੈਸੇ ਦੇ ਜ਼ੋਰ 'ਤੇ ਇਹ ਸਮਾਜ ਦੇ ਠੇਕੇਦਾਰ ਆਪਣੇ ਪੁੱਤਰ ਵੱਲੋਂ ਨੂੰਹ ਨੂੰ ਕਤਲ ਕਰਨ 'ਤੇ ਕੇਸ 'ਚੋਂ ਬਰੀ ਕਰਵਾ ਲੈਂਦੇ ਹਨ। ਇਸ ਤਰ੍ਹਾਂ ਦੇ ਅਧਾਰ 'ਤੇ ਮਲਕ ਆਪਣੇ ਵੱਡੇ ਪੁੱਤ ਵੱਲੋਂ ਆਪਣੀ ਪਤਨੀ ਨੂੰ ਕਤਲ ਕਰਨ ਦੇ ਕੇਸ 'ਚ ਛੁੱਟਣ ਅਤੇ ਛੋਟੇ ਪੁੱਤ

ਨੂੰ ਮਿਲੀ ਨੌਕਰੀ ਦੇ ਧੰਨਵਾਦ ਸਰੂਪ ਅਖੰਡ ਪਾਠ ਰੱਖਣ ’ਤੇ ਨਾਟਕਕਾਰ ਨੇ ਸਮਾਜ ਦੇ ਇੰਨ੍ਹਾਂ ਮਲਕ ਭਾਗੋ ਵਰਗੇ ਲੋਕਾਂ ਉਪਰ ਵਿਅੰਗ ਕੀਤਾ ਹੈ ਕਿ ਇਹ ਪਰਮਾਤਮਾ ਨੂੰ ਵੀ ਰਿਸ਼ਵਤ ਦੇ ਕੇ ਆਪਣੇ ਕੁਕਰਮਾਂ ਤੋਂ ਬਚਣਾ ਚਾਹੁੰਦੇ ਹਨ।

ਪਿੰਡਾਂ ਦੇ ਬਹੁਤੇ ਲੋਕ ਪੜ੍ਹੇ-ਲਿਖੇ ਨਹੀਂ ਹਨ, ਜਿਸ ਕਰਕੇ ਇਨ੍ਹਾਂ ਲੋਕਾਂ ਨਾਲ ਬੇਈਮਾਨੀ ਹੋਣ ਦਾ ਡਰ ਵਧੇਰੇ ਰਹਿੰਦਾ ਹੈ। ਕਈ ਵਾਰ ਬੈਂਕਾ ਦੇ ਮੁਲਾਜ਼ਮ ਜਾਂ ਹੋਰ ਸ਼ਹਿਰੀ ਲੋਕ ਜਾਂ ਸਾਹੂਕਾਰ ਇਨ੍ਹਾਂ ਤੋਂ ਗਲਤ ਥਾਂ ਅੰਗੂਠੇ ਲਵਾ ਕੇ ਠੱਗ ਲੈਂਦੇ ਹਨ। ਬਾਅਦ 'ਚ ਭਾਵੇਂ ਇਹ ਲੋਕ ਕਿੰਨ੍ਹਾਂ ਕਰਲਾਉਂਦੇ ਰਹਿਣ, ਇਨ੍ਹਾਂ ਦੀ ਕੋਈ ਨਹੀਂ ਸੁਣਦਾ। ਨਾਟਕ ‘ਜਦੋਂ ਬੋਹਲ ਰੋਂਦੇ ਹਨ’ ਵਿਚ ਭਗਤਾ ਆਪਣੀ ਹੱਡ ਭੰਨਵੀਂ ਮਿਹਨਤ ਕਰਕੇ ਸੁਸਾਇਟੀ ਦਾ ਕਰਜ਼ਾ ਮੋੜਦਾ ਹੈ ਪਰ ਜੋਗਿੰਦਰ ਸਿੰਘ ਇੰਨ੍ਹਾਂ ਪੈਸਿਆ ਨੂੰ ਆਪ ਖਾ ਜਾਂਦਾ ਹੈ ਅਤੇ ਦੁਬਾਰਾ ਕਿਸ਼ਤ ਮੰਗਣ ਆ ਜਾਂਦਾ ਹੈ। ਇਸ ਗੱਲ ਦਾ ਪਤਾ ਨਸੀਬ ਕੌਰ ਦੇ ਸਵਾਲ ਤੋਂ ਲੱਗਦਾ ਹੈ:-

ਨਸੀਬ : ਅਸੀਂ ਕਿਹੜਾ ਭਾਈ ਥੋਡੇ ਆਂਗੂ ਮੁਰੱਬਿਆਂ ਦੇ ਮਾਲਕ ਐ ! ਦੋ ਖੁੱਡਾਂ ’ਤੇ ਲਹੂ ਪਾਣੀ ਇੱਕ ਕਰਕੇ ਚਾਰ ਮਣ ਦਾਣੇ ਆਏ ਸੀ। ਉਹ ਵੇਚ ਵੱਟ ਕੇ ਇਹਦੀ ਝੋਲੀ ਪਾ ਆਏ। ਇਹ ਬੇੜੀ ਬੈਠੀ ਆਲਾ ਐਸਾ ਨਿਕਲਿਆ ਪਹਿਲੇ ਪੈਰ ਈ ਮੁੱਕਰ ਗਿਆ। ਅਖੇ ਮੈਨੂੰ ਕਿਹੜੇ ਦਿੱਤੇ ਸੀ ਤੁਸੀਂ ਦਾਣੇ। (ਔਲਖ 24)

ਔਲਖ ਦੇ ਨਾਟਕਾਂ ਵਿਚ ਸਾਡੇ ਸਮਾਜ ਦਾ ਇੱਕ ਹੋਰ ਕੋਹਜ ਉਘੜ ਕੇ ਸਾਹਮਣੇ ਆਉਂਦਾ ਹੈ, ਉਹ ਹੈ ਭ੍ਰਿਸ਼ਟ ਕਾਨੂੰਨ ਪ੍ਰਬੰਧ। ਕਾਨੂੰਨ ਵੀ ਅੱਜ-ਕੱਲ੍ਹ ਪੈਸੇ ਵਾਲਿਆਂ ਦਾ ਹੈ। ਪੈਸੇ ਦੇ ਜ਼ੋਰ ’ਤੇ ਲੋਕ ਕਤਲ ਕਰਕੇ ਵੀ ਬਚ ਜਾਂਦੇ ਹਨ। 'ਬਗਾਨੇ ਬੋਹੜ ਦੀ ਛਾਂ' ਨਾਟਕ ਦੀ ਪਾਤਰ ਬਿਸ਼ਨੀ ਵੀ ਇਸ ਭ੍ਰਿਸ਼ਟ ਕਾਨੂੰਨ ਦੀ ਸ਼ਿਕਾਰ ਹੋਈ ਦਿਖਾਈ ਗਈ ਹੈ। ਉਸਦੇ ਸ਼ਰੀਕ ਉਸਦੇ ਪਤੀ ਅਤੇ ਪੁੱਤਰ ਦਾ ਕਤਲ ਕਰਕੇ ਵੀ ਬਚ ਜਾਂਦੇ ਹਨ। ਉਹਨਾਂ ਨੂੰ ਕੋਈ ਸਜਾ ਵੀ ਨਹੀਂ ਹੁੰਦੀ। ਇਸ ਤਰ੍ਹਾਂ ਪੂੰਜੀਵਾਦੀ ਸਮਾਜ ਵਿਚ ਪੈਸੇ ਦੀ ਸਰਦਾਰੀ ਕਾਨੂੰਨ ਦੇ ਖੇਤਰ ਵਿਚ ਵੀ ਢਾਹ ਲਾਉਂਦੀ ਹੈ। ਨਿਮਨ-ਕਿਸਾਨ ਆਰਥਿਕ ਤੰਗੀਆਂ ਕਰਕੇ ਆਪਣੇ ਹੱਕਾਂ ਤੋਂ ਵੀ ਵਾਂਝਾ ਹੋਇਆ ਬੈਠਾ ਹੈ।

‘ਭੱਠ ਖੇੜਿਆਂ ਦਾ ਰਹਿਣਾ’ ਇਕਾਂਗੀ ਵਰਤਮਾਨ ਰਾਜਨੀਤਕ ਵਰਤਾਰੇ ਨਾਲ ਸੰਬੰਧਿਤ ਪ੍ਰਸਥਿਤੀਆਂ ਦਾ ਉਲੇਖ ਕਰਦਾ ਹੈ। ਮਾਨਵੀ ਜਜ਼ਬਿਆਂ ਅਤੇ ਸਰਕਾਰੀ ਮਸ਼ੀਨਰੀ ਦੀਆਂ ਹਿੰਸਾਤਮਕ ਕਾਰਵਾਈਆਂ ਦੀ ਆਪਸੀ ਖਿੱਚੋਤਾਣ ਨੂੰ ਔਲਖ ਦੇ ਮੁੱਖ ਵਿਰੋਧ ਵਜੋਂ ਉਭਾਰਿਆ ਹੈ। ਭਾਵੇਂ ਨਾਟਕੀ ਘਟਨਾਵਾਂ ਅਤੇ ਪਰਿਸਥਿਤੀਆਂ ਦੀ ਆਧਾਰਸ਼ਿਲਾ ਆਰਥਿਕ ਮੰਦਹਾਲੀ ਵਾਲੇ

ਪਰਿਵਾਰਾਂ ਵਿਚੋਂ ਉਸਾਰੀ ਗਈ ਹੈ, ਪ੍ਰੰਤੂ ਵਧੇਰੇ ਕਰਕੇ ਇਸ ਨਾਟਕ ਦੀਆਂ ਪਰਤਾਂ ਵਰਤਮਾਨ ਭਾਰਤੀ ਰਾਜਨੀਤਕ ਢਾਂਚੇ ਵਿਚ ਹੀ ਖੁੱਲਦੀਆਂ ਹਨ।

ਅਜਮੇਰ ਸਿੰਘ ਔਲਖ ਨੇ ਅੱਤਵਾਦ ਸਮੇਂ ਬਹੁਤ ਸਾਰੇ ਨੌਜਵਾਨਾਂ ਨੂੰ ਝੂਠਾ ਪੁਲਿਸ ਮੁਕਾਬਲਾ ਕਰਵਾ ਕੇ ਮਰਵਾ ਦੇਣ ਦੀਆਂ ਸਰਕਾਰ ਦੀਆਂ ਘਿਣਾਉਣੀਆਂ ਚਾਲਾਂ ਨੂੰ ਵੀ ਨੰਗਿਆ ਕੀਤਾ ਹੈ। ਪੰਜਾਬ ਦਾ ਉਹ ਦੌਰ ਇਨ੍ਹਾਂ ਬੁਰਾ ਸੀ ਕਿ ਪੰਜਾਬੀ ਸਿੱਖ ਮੁੰਡਿਆਂ ਹੱਥੋਂ ਹੀ ਸਿੱਖਾਂ ਦੀ ਨਸਲਕੁਸੀ ਕਰਵਾਈ ਗਈ। ਇਕਾਂਗੀ 'ਭੱਠ ਖੇੜਿਆਂ ਦਾ ਰਹਿਣਾ' ਵਿਚ ਇਸੇ ਕਾਲੇ ਸੱਚ ਨੂੰ ਪੇਸ਼ ਕੀਤਾ ਗਿਆ ਹੈ। ਇਕਾਂਗੀ ਦਾ ਆਰੰਭ ਪੁਲਿਸ ਅਫ਼ਸਰਾਂ ਦੀ ਆਪਸੀ ਗੱਲਬਾਤ ਤੋਂ ਕਰਵਾਇਆ ਗਿਆ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਐਸ. ਐਸ. ਪੀ. ਅਤੇ ਡੀ. ਐਸ. ਪੀ. ਅਤੇ ਥਾਣੇਦਾਰ ਪ੍ਰੈੱਸ ਸਟੇਟਮੈਂਟ ਤਿਆਰ ਕਰ ਰਹੇ ਹਨ। ਇਹ ਪ੍ਰੈੱਸ ਸਟੇਟਮੈਂਟ ਪੁਲਿਸ ਮੁਕਾਬਲੇ ਵਿਚ ਮਰੇ ਦੋ ਬਾਗੀਆਂ ਸੰਬੰਧੀ ਹੈ। ਜਿਸਨੂੰ ਪੁਲਿਸ ਨੇ ਬੰਨ੍ਹ ਕੇ ਆਪ ਮਾਰਿਆ ਹੈ ਅਤੇ ਇਨ੍ਹਾਂ ਬਾਗ਼ੀਆਂ ਕੋਲੋਂ ਅਸਲਾ ਬਰਾਮਦ ਹੋਣ ਵਾਲੀ ਗੱਲ ਵੀ ਝੂਠੀ ਬਣਾਈ ਗਈ ਹੈ। ਥਾਣੇਦਾਰ ਦੁਆਰਾ ਅਜਿਹੀ ਤਿਆਰ ਕੀਤੀ ਰਿਪੋਰਟ ਵਿਚ ਐਸ. ਐਸ. ਪੀ. ਹੋਰ ਜਾਨ ਪਾਉਣ ਖਾਤਰ ਆਪਣੇ ਹਿੱਤਾਂ ਅਤੇ ਅਰਥਾਂ ਵਾਲੇ ਸ਼ਬਦ ਲਿਖਵਾ ਦਿੰਦਾ ਹੈ। ਐਸ. ਐਸ. ਪੀ. ਸਾਹਮਣੇ ਡੀ. ਐਸ. ਪੀ. ਨਹੀਂ ਬੋਲ ਸਕਦਾ, ਡੀ.ਐਸ.ਪੀ. ਅੱਗੇ ਥਾਣੇਦਾਰ ਨਹੀਂ ਕੁਸਕ ਸਕਦਾ ਅਤੇ ਥਾਣੇਦਾਰ ਅੱਗੇ ਸਿਪਾਹੀ ਨਹੀਂ ਸੀ ਕੁਸਕ ਸਕਦੇ ਇਸੇ ਤਰ੍ਹਾਂ ਦੇ ਅਨੁਸ਼ਾਸਨ ਤਹਿਤ ਰਾਜਨੀਤਕ ਪ੍ਰਬੰਧ ਦੀ ਵਾਗਡੋਰ ਪੁਲਿਸ ਅਧਿਕਾਰੀ ਸਾਂਭ ਕੇ ਆਪਣੀ ਮਨਮਰਜ਼ੀ ਕਰਦੇ ਹਨ ਅਤੇ ਅਜਿਹੀਆਂ ਝੂਠੀਆਂ ਮਨਘੜਤ ਰਿਪੋਰਟਾਂ ਜਿੰਨ੍ਹਾਂ ਵਿਚ ਤਿਨਕਾ ਭਰ ਵੀ ਸੱਚ ਨਾ ਹੋਵੇ, ਨੂੰ ਇਹ ਅਫ਼ਸਰ ਆਪਣੇ ਮਹਿਕਮੇ ਦੇ ਮੁਲਾਜ਼ਮਾਂ ਲਈ ਤਰੱਕੀ ਦਾ ਰਾਜ ਸਮਝਦੇ ਹਨ। ਐਸ. ਐਸ. ਪੀ. ਅਨੁਸਾਰ ਉਹੋ ਹੀ ਡੀ. ਐਸ. ਪੀ. ਬਣ ਸਕਦਾ ਹੈ ਜੋ ਝੂਠੇ ਕੇਸਾਂ ਵਿਚ ਕਿਸੇ ਨੂੰ ਛੇਤੀ ਫਸਾ ਸਕਦਾ ਹੈ ਅਤੇ ਜੋ ਝੂਠੇ ਮੁਕਾਬਲੇ ਬਣਾ ਕੇ ਪ੍ਰੈੱਸਾਂ ਵਿਚ ਚੰਗੇ ਮਸਾਲੇ ਲਾ ਕੇ ਖਬਰਾਂ ਛਪਵਾ ਸਕਦਾ ਹੈ।

ਥਾਣੇਦਾਰ ਅਤੇ ਡੀ. ਐਸ. ਪੀ., ਐਸ. ਐਸ. ਪੀ. ਦੇ ਦੱਸੇ ਗੁਰ ਤੋਂ ਵੀ ਅਗਲੀ ਕਾਰਵਾਈ ਕਰਨ ਵਿਚ ਮਾਹਰ ਦਰਸਾਏ ਗਏ ਹਨ। ਫੜੇ ਹੋਏ ਦੋ ਬਾਗੀਆਂ ਨੂੰ ਮੁਕਾਬਲਾ ਬਣਾ ਕੇ ਮਾਰਨ ਦੀ ਵਿਉਂਤ ਤਹਿਤ ਐਸ. ਐਸ. ਪੀ. ਦੇ ਪੁੱਛਣ 'ਤੇ ਥਾਣੇਦਾਰ ਦੱਸਦਾ ਹੈ ਕਿ ਉਸਨੇ ਤਾਂ ਪ੍ਰਬੰਧ ਮੁਕੰਮਲ ਕਰਨ ਖਾਤਰ ਕਪਾਹਾਂ, ਮੱਕੀਆਂ ਦੀ ਰਾਖੀ ਕਰਦੇ ਦੋ ਤਿੰਨ ਬੰਦੇ ਵੀ ਕੁੱਟ ਕੇ ਭਜਾ ਦਿੱਤੇ ਸਨ ਤਾਂ ਜੋ ਪਤਾ ਨਾ ਲੱਗ ਸਕੇ ਕਿ ਪੁਲਿਸ ਵਾਲੇ ਬਾਗੀਆਂ ਨੂੰ ਕਿੱਕਰਾਂ ਨਾਲ ਬੰਨ੍ਹ ਕੇ ਗੋਲੀ ਮਾਰ ਰਹੇ ਹਨ।

ਘਿਣਾਉਣੀਆਂ ਕਰਤੂਤਾਂ ਕਰਨ ਵਾਲੇ ਅਤੇ ਦੰਭੀ ਚਾਲਾਂ ਚੱਲਣ ਵਾਲੇ ਪੁਲਿਸ ਅਫ਼ਸਰ ਅੰਦਰੋਂ-ਬਾਹਰੋਂ ਹੋਰ ਹੁੰਦੇ ਹਨ। ਇਹ ਲੋਕ ਅਜਿਹਾ ਕਰਨਾ ਤਾਂ ਇਸ ਲਈ ਜ਼ਰੂਰੀ ਸਮਝਦੇ ਹਨ ਕਿ ਅਕਾਲ-ਪੁਰਖ ਕੋਲੋਂ ਆਪ ਕੀਤੇ ਕੁਕਰਮਾਂ ਦੀ ਮੁਆਫੀ ਲੈ ਲੈਣਗੇ। ਅਜਿਹੀ ਕਿਸਮ ਦੇ ਵਿਵੇਚਨ ਵਿਚੋਂ ਸਾਨੂੰ ਔਲਖ ਦੀ ਨਾਟ-ਸੰਵੇਦਨਾ ਦੇ ਮਹੱਤਵਪੂਰਨ ਪੱਖ, ਆਲੋਚਨਾਤਮਕ ਯਥਾਰਥ ਚਿਤਰਣ ਸ਼ੈਲੀ ਦੀ ਸੂਝ ਦਾ ਪਤਾ ਲੱਗਦਾ ਹੈ।

ਔਲਖ ਨੇ ਪੁਲਿਸ ਦੀਆਂ ਵਧੀਕੀਆਂ ਨੂੰ ਨਿੱਜੀ ਤੌਰ ’ਤੇ ਨੇੜਿਓ ਤੱਕਿਆ ਅਤੇ ਹੰਢਾਇਆ ਹੋਇਆ ਹੈ। ਉਸਨੂੰ ਇਸ ਕਿਸਮ ਦੇ ਢਾਂਚੇ ਅਤੇ ਅਜਿਹੇ ਪ੍ਰਸ਼ਾਸਕਾਂ ਅਤੇ ਕਾਨੂੰਨੀ ਰਾਖਿਆਂ ਦਾ ਗੂੜ੍ਹਾ ਯਥਾਰਥਕ ਬੋਧ ਹੈ। ਉਹ ਜਾਣਦਾ ਹੈ ਕਿ ਪੁਲਿਸ ਵਿਚ ਅਜਿਹੇ ਘਿਣਾਉਣੇ ਕਾਰਜ ਜਿਵੇਂ ਦੇ ਹੋ ਰਹੇ ਹਨ। ਉਹ ਆਦਰਸ਼ਕ, ਅਗਾਂਹਵਧੂ ਅਤੇ ਪੜ੍ਹੇ-ਲਿਖੇ ਲੜਕੇ ਪੁਲਿਸ ਵਿਚ ਭਰਤੀ ਹੋ ਕੇ, ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਦੀ ਜ਼ਮੀਰ ਜਾਗ ਪਵੇਗੀ। ਅਜਿਹੀਆਂ ਪਰਿਸਥਿਤੀਆਂ ਤਾਂ ਉਹ ਸਿਰਜ ਸਕਦੇ ਹਨ, ਜਿੰਨ੍ਹਾਂ ਨੂੰ ਅਨੁਸ਼ਾਸਨ ਭੰਗ ਕਰਨਾ ਆਉਂਦਾ ਹੋਵੇ ਅਤੇ ਜੋ ਇਮਾਨਦਾਰੀ ਤੋਂ ਗੁਰੇਜ ਕਰਦੇ ਹੋਣ। ਇਸ ਕਿਸਮ ਦੀ ਵਿਚਾਰਧਾਰਾ ਨੂੰ ਔਲਖ ਨੇ ਥਾਣੇਦਾਰ, ਡੀ. ਐਸ. ਪੀ. ਦੇ ਉਨ੍ਹਾਂ ਸੰਵਾਦਾਂ ਰਾਹੀਂ ਕਲਾਤਮਕ ਤਰੀਕੇ ਨਾਲ ਸਿਰਜਿਆ ਹੈ, ਜਿੰਨ੍ਹਾਂ ਵਿਚ ਉਹ ਨਿਰਮਲ ਸਿੰਘ ਦੁਆਰਾ ਬਾਗ਼ੀਆਂ ਨੂੰ ਗੋਲੀ ਮਾਰਨ ਦਾ ਆਰਡਰ ਦੇਣ ਬਾਰੇ ਵਿਚਾਰ ਕਰਦੇ ਹਨ। ਡੀ. ਐਸ. ਪੀ. ਅਨੁਸਾਰ ਨਿਰਮਲ ਸਿੰਘ ਪੜ੍ਹਿਆ-ਲਿਖਿਆ ਨੌਜਵਾਨ ਹੈ ਜੋ ਦੋ-ਤਿੰਨ ਸਾਲ ਕਾਲਜ ਲਾ ਚੁੱਕਾ ਹੈ ਪਰ ’ਆਦਰਸ਼ਕ’ ਨਹੀਂ ਬਣਿਆ। ਐਸ.ਐਸ.ਪੀ. ਉਸ ’ਤੇ ਸ਼ੱਕ ਕਰਦਾ ਹੋਇਆ ਕਹਿੰਦਾ ਹੈ ਕਿ

ਕਾਲਜਾਂ ਵਿੱਚੋਂ ਵਿਗੜ ਕੇ ਆਏ ਇਹ ਆਈਡਿਆਲਿਸਟ ਪੁਲਿਸ ਵਿਚ ਇਨਡਸਿਪਲਨ ਬਦਅਮਨੀ ਵੀ ਤਾਂ ਪੈਦਾ ਕਰ ਸਕਦੇ ਨੇ! ਬਾਗ਼ੀਆਂ ਨਾਲ ਅੰਦਰ-ਖਾਤੇ ਮਿਲ ਕੇ ਨੁਕਸਾਨ ਵੀ ਤਾਂ ਪੁਚਾ ਸਕਦੇ ਨੇ ਪੜ੍ਹੇ-ਲਿਖਿਆਂ ਨੂੰ ਪੁਲਿਸ ਵਿਚ ਭਰਤੀ ਕਰਨਾ ਹੀ ਗਲਤ ਹੈ। (ਔਲਖ 117)

ਐਸ.ਐਸ.ਪੀ. ਦੇ ਆਦੇਸ਼ ਅਨੁਸਾਰ ਡੀ.ਐਸ.ਪੀ. ਨਿਰਮਲ ਸਿੰਘ ਸਿਪਾਹੀ, ਜੋ ਮਾਂ ਭੈਣ ਅਤੇ ਹੋਰ ਜੀਆਂ ਦੀ ਰੋਟੀ ਖਾਤਰ ਪੜ੍ਹਦਾ-ਪੜ੍ਹਦਾ ਹੱਟ ਕੇ ਸਿਫਾਰਸ਼ੀ ਪੁਲਿਸ ਵਿਚ ਭਰਤੀ ਹੋ ਜਾਂਦਾ ਹੈ, ਨੂੰ ਆਦੇਸ਼ ਦਿੱਤਾ ਹੈ ਕਿ ਉਹ ਬਾਗੀਆਂ ਨੂੰ ਗੋਲੀ ਮਾਰੇਗਾ। ਨਿਰਮਲ ਸਿੰਘ ਜਵਾਬ ਦਿੰਦਾ ਆਖਦਾ ਹੈ :

ਮੈਨੂੰ ਮਾਫੀ ਦਿਉ ਹਜੂਰ ਮੇਰੇ ਕੋਲੋਂ ਇਹ ਨਹੀਂ ਹੋਣਾ । ਤੁਸੀਂ ਗੋਲੀ ਕਿਸੇ ਹੋਰ ਤੋਂ ਮਰਵਾ ਦਿਉ, ਪਰ ਮੈਥੋਂ ਇਹ ਨਹੀਂ...

ਨਿਰਮਲ ਆਪਣੀ ਜ਼ਮੀਰ ਤੋਂ ਡਿੱਗਣਾ ਨਹੀਂ ਚਾਹੁੰਦਾ ਅਤੇ ਨਾ ਹੀ ਬੇਕਸੂਰਿਆਂ ਨੂੰ ਸਦਾ ਦੀ ਨੀਂਦੇ ਸੁਆਣਾ ਚਾਹੁੰਦਾ ਹੈ। (ਔਲਖ 117)

ਦਰਸ਼ਨ ਰਾਜਨੀਤਕ ਪਰਿਸਥਿਤੀਆਂ ਤੋਂ ਵਾਕਫ ਹੈ, ਉਹ ਜਾਣਦਾ ਹੈ ਕਿ ਜਿੰਨ੍ਹਾਂ ਪ੍ਰਸਥਿਤੀਆਂ ਵਿਚ ਨਿਰਮਲ ਅਤੇ ਦਰਸ਼ਨ ਜਕੜੇ ਹੋਏ ਹਨ। ਉਨ੍ਹਾਂ ਵਿਚ ਨਿਰਮਲ ਨਾ ਤਾਂ ਉਸਨੂੰ ਬਚਾ ਸਕਦਾ ਹੈ ਅਤੇ ਨਾ ਹੀ ਉਹ ਨਿਰਮਲ ਕੋਲੋਂ ਬੱਚ ਸਕਦਾ ਹੈ। ਨਿਰਮਲ ਆਪਣੀ ਨਿਘਰੀ ਆਰਥਿਕਤਾ ਤੋਂ ਜਾਣੂ ਕਰਾਉਂਦਾ ਸਪੱਸ਼ਟ ਕਰਦਾ ਹੈ ਕਿ ਉਹ ਦਰਸ਼ਨ ਨੂੰ ਗੋਲੀ ਮਾਰਨ ਦਾ ਕਾਰਜ ਇਸ ਲਈ ਕਰ ਰਿਹਾ ਹੈ ਕਿ ਉਸਨੇ ਨੌਕਰੀ ਕਰਨੀ ਹੈ ਜੇਕਰ ਉਹ ਅਜਿਹਾ ਨਹੀਂ ਕਰੇਗਾ ਤਾਂ ਸਿੱਟੇ ਵਜੋਂ ਉਸ ਲਈ ਆਪਣਾ ਪੇਟ ਭਰਨਾ ਮੁਸ਼ਕਿਲ ਹੀ ਨਹੀਂ ਸਗੋਂ ਉਸਦਾ ਅੰਨ੍ਹਾ ਪਿਉ, ਬੁੱਢੀ ਮਾਂ ਅਤੇ ਉਸਦੀ ਘਰਵਾਲੀ ਵੀ ਭੁੱਖੀ ਮਰ ਜਾਵੇਗੀ ਕਿਉਂਕਿ ਉਹਨਾਂ ਕੋਲ ਰੋਜ਼ੀ-ਰੋਟੀ ਦਾ ਕੋਈ ਆਹਰ ਨਹੀਂ ਹੈ ਇਸੇ ਕਰਕੇ ਉਹ ਦਰਸ਼ਨ ਨੂੰ ਗੋਲੀ ਮਾਰਕੇ ਸਦਾ ਦੀ ਨੀਂਦੇ ਸੁਆ ਦਿੰਦਾ ਹੈ।

ਅਜਮੇਰ ਸਿੰਘ ਔਲਖ ਦੀ ਇਹ ਵਿਲੱਖਣਤਾ ਹੈ ਕਿ ਉਸਨੇ ਰਾਜਸੀ-ਪਰਿਸਥਿਤੀਆਂ ਨੂੰ ਬਾਖੂਬੀ ਚਿਤਰਿਆ ਹੈ। ਇਸ ਪ੍ਰਕਾਰ ਦੇ ਚਿਤਰਨ ਵਿਚ ਉਸਨੇ ਉਸੇ ਹੀ ਵਰਗ ਦੇ ਪਾਤਰਾਂ ਅਤੇ ਘਟਨਾਵਾਂ ਦਾ ਵਿਸ਼ਲੇਸ਼ਣ ਇਸ ਤਰੀਕੇ ਨਾਲ ਕੀਤਾ ਹੈ ਕਿ ਉਨ੍ਹਾਂ ਪਾਤਰਾਂ ਦਾ ਇੱਕ-ਇੱਕ ਵਾਰਤਾਲਾਪ ਵਰਤਮਾਨ ਸਮੇਂ ਦੀਆਂ ਰਾਜਨੀਤਕ ਅਵਸਥਾਵਾਂ ਅਤੇ ਪੇਚੀਦਗੀਆਂ ਦਾ ਯਥਾਰਥ ਪ੍ਰਸਤੁਤ ਕਰਦਾ ਹੈ। ਸਪੱਸ਼ਟ ਹੈ ਕਿ 'ਭੱਠ ਖੇੜਿਆ ਦਾ ਰਹਿਣਾ' ਸਮਕਾਲੀਨ ਸਮੇਂ ਵਿਚ ਮਨੁੱਖ ਦੀ ਰਾਜਨੀਤਕ ਪੱਖੋਂ ਅਧੋਗਤੀਆਂ ਅਤੇ ਬੇਵਸੀਆਂ ਦਾ ਦ੍ਰਿਸ਼ ਨਾਟਕੀ ਕੌਸ਼ਲਤਾ ਭਰਪੂਰ ਯਥਾਰਥ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦਾ ਹੈ।

### 4.1.2.ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਮਲਵਈ ਜੀਵਨ ਅਤੇ ਨਾਰੀ

ਸਮਾਜ ਵਿਚ ਬੱਚੇ ਸੰਭਾਲਣ ਅਤੇ ਘਰ ਚਲਾਉਣ ਦੀ ਜਿੰਮੇਵਾਰੀ ਇਸਤਰੀ ਦੇ ਮੋਢਿਆਂ 'ਤੇ ਆ ਗਈ ਅਤੇ ਪੁਰਖ ਨੇ ਬਾਹਰਲੇ ਕੰਮ ਅਰਥਾਤ ਖੇਤੀ ਦੇ ਧੰਦੇ ਨੂੰ ਆਪ ਸੰਭਾਲ ਲਿਆ। ਇਸਤਰੀ ਪੁਰਖ ਦਾ ਸੰਬੰਧ ਉਤਪਾਦਨ ਦੇ ਵਸੀਲਿਆਂ ਨਾਲ ਜੁੜ ਗਿਆ ਜਿਸ ਕਾਰਨ ਉਸਦੀ ਸਥਿਤੀ ਸ਼੍ਰੋਮਣੀ ਬਣ ਗਈ। ਨਾਰੀ ਕਿਉਂਕਿ ਘੱਟ ਮਹੱਤਵਪੂਰਨ ਕੰਮ ਕਰਦੀ ਸੀ। ਇਸ ਲਈ ਮਨੁੱਖੀ ਸਮਾਜ ਵਿਚ ਉਨ੍ਹਾਂ ਦੀ ਸਥਿਤੀ ਵੀ ਦੂਜੇ ਦਰਜੇ ਦੀ ਬਣ ਗਈ। ਆਰੀਆ ਲੋਕਾਂ ਦੇ ਭਾਰਤ ਵਿਚ ਆਗਮਨ ਤੋਂ ਪਹਿਲਾਂ ਭਾਰਤ ਵਿਚ ਇਸਤਰੀ ਦੀ ਸਥਿਤੀ ਮਾਨਯੋਗ ਬਣ ਗਈ। ਇਸਤਰੀ ਨੂੰ ਇਕ ਦੇਵੀ ਦਾ ਦਰਜਾ ਪ੍ਰਾਪਤ ਸੀ।

ਆਰੀਆ ਲੋਕਾਂ ਦੇ ਮੁਢਲੇ ਸਭਿਆਚਾਰ ਵਿਚ ਵੀ ਇਸਤਰੀ ਦਾ ਦਰਜਾ ਬੜਾ ਉੱਚਾ ਅਤੇ ਗੌਰਵਸ਼ਾਲੀ ਸੀ ਪਰ ਜਿਵੇਂ ਖੇਤੀਬਾੜੀ ਪ੍ਰਧਾਨ ਸਮਾਜ ਵਿਕਾਸ ਕਰਦਾ ਚਲਾ ਗਿਆ ਅਤੇ ਇਸ ਸਮਾਜ ਨੂੰ ਮਜ਼ਬੂਤ ਬਨਾਉਣ ਵਾਸਤੇ ਪਿਤਰੀ ਪ੍ਰਧਾਨ ਪਰਿਵਾਰ ਪਰਿਵਾਰਕ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਚਲੀਆਂ ਗਈਆਂ। ਉਵੇਂ-ਉਵੇਂ ਨਾਰੀ ਦਾ ਸਮਾਜਿਕ ਰੁਤਬਾ ਘਟਦਾ ਚਲਾ ਗਿਆ। ਉਹ ਆਪਣੇ ਸੰਬੰਧ ਵਿਚ ਨਿਰਣਾ ਲੈਣ ਤੋਂ ਵੀ ਕਤਰਾਉਂਦੀ ਹੈ। ਕਿਉਂਕਿ ਉਸਨੂੰ ਸਾਰੀ ਉਮਰ ਮਰਦ ਦੇ ਅਧੀਨ ਰਹਿਣਾ ਪੈਂਦਾ ਹੈ। ਅਨਾਮਿਕਾ ਅਨੁਸਾਰ,

ਬਚਪਨ ਵਿਚ ਪਿਤਾ ਦੀ, ਕਿਸ਼ੋਰ ਅਵਸਥਾ ਵਿਚ ਭਰਾਵਾਂ ਦੀ, ਯੁਵਾ ਅਵਸਥਾ ਵਿਚ ਪਤੀ ਦੀ ਅਤੇ ਬੁਢਾਪੇ ਵਿਚ ਪੁੱਤਰਾਂ ਦੀ ਅਧੀਨਤਾ ਲੰਬੇ ਸਮੇਂ ਤੱਕ ਭੌਤਿਕ, ਆਰਥਿਕ, ਭਾਵਨਾਤਮਿਕ ਪ੍ਰਧੀਨਤਾ/ਅਧੀਨਗੀ ਇਸਤਰੀ ਜੀਵਨ ਦਾ ਕੇਂਦਰੀ ਸੱਚ ਰਿਹਾ ਹੈ। ਕਿਸੇ ਅਰਥਾਂ ਵਿਚ ਹਾਲੇ ਵੀ ਹੈ। ਇਸਤਰੀ ਸਾਧਨਾਂ ਦਾ ਵਿਨਿਯੋਗ ਕਰਦੀ ਹੈ। ਉਹਨਾਂ ਦਾ ਉਤਪਾਦਨ ਅਤੇ ਸਾਂਭ ਸੰਭਾਲ ਵੀ ਉਨ੍ਹਾਂ ਦੇ ਹਿੱਸੇ ਹੁੰਦਾ ਹੈ, ਪਰ ਉਹਨਾਂ ਸਾਧਨਾਂ ਦੀ ਵੰਡ ਉੱਪਰ ਉਨ੍ਹਾਂ ਦਾ ਕੋਈ ਨਿਯੰਤਰਣ ਨਹੀਂ ਰਹਿੰਦਾ। (ਅਨਾਮਿਕਾ 186)

ਔਰਤ ਨੂੰ ਸਾਰੀ ਉਮਰ ਘਰ ਦੀ ਮੁਖਤਿਆਰਨ ਬਣਾ ਕੇ ਭਰਮ ਵਿਚ ਰੱਖਿਆ ਜਾਂਦਾ ਹੈ ਬਲਕਿ ਉਹ ਨਾ ਤਾਂ ਆਪਣੀ ਮਰਜ਼ੀ ਨਾਲ ਕੁਝ ਖਰੀਦ ਸਕਦੀ ਹੈ ਅਤੇ ਨਾ ਹੀ ਸਾਰੀ ਉਮਰ ਆਪਣੀ ਮਰਜ਼ੀ ਨਾਲ ਕੁਝ ਖਾ ਸਕਦੀ ਹੈ। ਜਗੀਰਦਾਰੀ ਦੌਰ ਵਿਚ ਵੀ ਔਰਤ ਦੀ ਹਰ ਪੱਧਰ ਉੱਪਰ ਲੁੱਟ ਹੋ ਰਹੀ ਸੀ। ਇਕ ਤਾਂ ਮਰਦ ਉਸਨੂੰ ਆਪਣੀ ਵਾਸਨਾ ਲਈ ਵਰਤ ਰਿਹਾ ਸੀ। ਦੂਸਰਾ ਉਸਦੀ ਲੁੱਟ ਕਿਰਤ ਵਜੋਂ ਕਰਨ ਲੱਗ ਪਿਆ ਸੀ। ਮਰਦ ਦਾ ਇਸਤਰੀ ਨਾਲ ਰਹਿਣਾ ਉਸਦੀ ਹੀ ਸਹੂਲਤ ਸਮਝੀ ਜਾਂਦੀ ਸੀ। ਇਸਤਰੀ ਦਾ ਉਸ ਉਪਰ ਕੋਈ ਅਧਿਕਾਰ ਨਹੀਂ ਸਮਝਿਆ ਜਾਂਦਾ ਸੀ। ਮੱਧਕਾਲੀ ਪੰਜਾਬੀ ਸਾਹਿਤ ਵਿਚ ਵੀ ਨਾਰੀ ਨੂੰ ਸਨਮਾਨ ਯੋਗ ਸਥਾਨ ਪ੍ਰਾਪਤ ਹੋਇਆ। ਪੰਜਾਬੀ ਸਾਹਿਤ ਵਿਚ ਨਾਥਾਂ, ਜੋਗੀਆਂ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਨਾਰੀ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵੱਖ-ਵੱਖ ਵਿਚਾਰ ਪੇਸ਼ ਕੀਤੇ। ਗੁਰਮਤਿ ਅਤੇ ਸੂਫ਼ੀ ਕਾਵਿ ਵਿਚ ਵੀ ਔਰਤ ਦਾ ਸਤਿਕਾਰ ਹੋਇਆ ਹੈ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਸਵੈਮਾਨ ਅਤੇ ਗੌਰਵ ਦੇ ਹੱਕ ਵਿਚ ਆਵਾਜ ਉਠਾਈ ਉਹਨਾਂ ਕਦੇ ਔਰਤ ਨੂੰ ਨਿੰਦਿਆਂ ਨਹੀਂ, ਪਹਿਲੀ ਵਾਰ ਇਸਤਰੀ ਨੂੰ ਸਮਾਜ ਵਿਚ ਉਚਿਤ ਸਥਾਨ ਦਵਾਉਣ ਲਈ ਅਵਾਜ ਉਠਾਈ। ਇਸ ਤਰ੍ਹਾਂ ਉਸ ਸਮੇਂ ਤੋਂ ਹੀ ਔਰਤ ਦੇ ਜੀਵਨ ਵਿਚ ਕੁਝ ਕੁ ਸੁਧਾਰ ਹੋਣਾ ਸ਼ੁਰੂ ਹੋਇਆ। ਪੰਜਾਬੀ ਸਾਹਿਤ ਵਿਚ

ਔਰਤ ਦੇ ਹੱਕ ਵਿਚ ਉਸਦੇ ਦੁਖਾਂਤ ਪ੍ਰਤੀ ਕਈ ਵਿਧਾਵਾਂ ਰਚੀਆਂ ਗਈਆਂ। ਜਿਨ੍ਹਾਂ ਦੁਆਰਾ ਸਮਾਜ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ ਗਿਆ।

ਔਰਤ ਪਰਿਵਾਰ ਦਾ ਕੇਂਦਰੀ ਧੁਰਾ ਹੈ। ਜਿਥੇ ਨਿਮਨ-ਕਿਸਾਨੀ ਵਰਗ ਦਾ ਮਰਦ ਆਰਥਿਕ ਤੰਗੀਆਂ-ਤੁਰਸ਼ੀਆਂ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੈ, ਉਥੇ ਹੀ ਇਸ ਵਰਗ ਦੀਆਂ ਔਰਤਾਂ ਨੂੰ ਉਸਤੋਂ ਕਿਤੇ ਜ਼ਿਆਦਾ ਆਰਥਿਕ-ਸਮਾਜਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿਚ ਨਿਮਨ-ਕਿਸਾਨੀ ਵਰਗ ਦੀ ਸੰਤਾਪ ਭੋਗਦੀ ਔਰਤ ਅਤੇ ਉਸ ਨਾਲ ਸਮਾਜ ਵਿਚ ਹੁੰਦੇ ਭੇਦ-ਭਾਵ ਭਰੇ ਵਿਵਹਾਰ ਦਾ ਨੰਗਾ ਸੱਚ ਸਾਡੇ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਸਦੇ ਬਹੁਤ ਸਾਰੇ ਨਾਟਕ ਜਿਵੇਂ 'ਸੱਤ ਬਗਾਨੇ', 'ਝਨਾਂ ਦੇ ਪਾਣੀ', 'ਸਲਵਾਨ', 'ਇਕ ਰਮਾਇਣ ਹੋਰ', 'ਕਿਹਰ ਸਿੰਘ ਦੀ ਮੌਤ' ਨਾਰੀ ਦੇ ਗੰਭੀਰ ਮਸਲਿਆਂ ਨਾਲ ਸੰਬੰਧਿਤ ਨਾਟਕ ਹਨ। ਉਸਦੇ ਨਾਟਕਾਂ ਦੀ ਵਿਲੱਖਣ ਗੱਲ ਇਹ ਹੈ ਕਿ ਜਿਥੇ ਉਸਨੇ ਨਾਰੀ ਦੇ ਗੰਭੀਰ ਮਸਲਿਆਂ ਨੂੰ ਪੇਸ਼ ਕਰਨ ਦਾ ਯਤਨ ਹੀ ਨਹੀਂ ਕੀਤਾ ਸਗੋਂ ਨਾਰੀ ਨੂੰ ਇਨ੍ਹਾਂ ਮਸਲਿਆਂ ਨਾਲ ਨਿਪਟ ਕੇ ਬਾਹਰ ਨਿਕਲਣ ਲਈ ਸੰਘਰਸ਼ ਕਰਦੀ ਵੀ ਦਿਖਾਇਆ ਹੈ।

ਘੱਟ ਜ਼ਮੀਨ ਕਾਰਨ ਪੇਂਡੂ ਨਿਮਨ-ਕਿਸਾਨੀ ਸਮਾਜ ਵਿਚ ਇਕ ਪੁੱਤਰ ਵਿਆਹ ਦੀ ਪ੍ਰਥਾ ਪ੍ਰਚਲਿਤ ਰਹੀ ਹੈ। ਜਮੀਨ ਦੇ ਟੋਟਿਆਂ ਵਿਚ ਵੰਡੇ ਜਾਣ ਦੇ ਡਰੋਂ ਔਰਤ ਪਰਿਵਾਰ ਦੇ ਦੂਸਰੇ ਮਰਦਾਂ ਨਾਲ ਸੰਬੰਧ ਸਥਾਪਿਤ ਕਰਨ ਲਈ ਮਜਬੂਰ ਹੁੰਦੀ ਰਹੀ ਹੈ। ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੇ ਮਨੁੱਖੀ ਰਿਸ਼ਤੇ ਜਮੀਨ-ਜਾਇਦਾਦ ਸੰਗ ਬੱਝੇ ਹੋਣ ਕਾਰਨ ਔਰਤ ਨੂੰ ਬਹੁਤੀ ਵਾਰੀ ਆਪਣੀ ਨੈਤਿਕਤਾ ਦਾ ਤਿਆਗ ਵੀ ਕਰਨਾ ਪੈਂਦਾ ਹੈ। ਵਿਲੱਖਣ ਗੱਲ ਇਹ ਹੈ ਕਿ ਅਜਿਹੇ ਵਿਵਹਾਰ ਨੂੰ ਸਮਾਜ ਵਿਚ ਪ੍ਰਵਾਨਗੀ ਵੀ ਪ੍ਰਾਪਤ ਹੁੰਦੀ ਹੈ। ਘੱਟ ਜ਼ਮੀਨ ਕਾਰਨ ਇਕੋ ਪੁੱਤਰ ਵਿਆਹੇ ਜਾਣ ਕਾਰਨ ਔਰਤ ਦਾ ਸਿਰਫ਼ ਇਕੋ ਮਰਦ ਨਾਲ ਨਹੀਂ ਸਗੋਂ ਸਾਰੇ ਪਰਿਵਾਰ ਦੇ ਮਰਦਾਂ ਨਾਲ ਸੰਬੰਧ ਸਥਾਪਿਤ ਕਰਨੇ ਪੈਂਦੇ ਹਨ। ਬੇਸ਼ੱਕ ਔਰਤ ਇਸਦਾ ਵਿਰੋਧ ਵੀ ਕਰਨਾ ਚਾਹੁੰਦੀ ਹੈ ਪਰ ਆਰਥਿਕ ਤੰਗੀ ਉਸਨੂੰ ਅਜਿਹਾ ਨਾ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ।

ਅਜਮੇਰ ਸਿੰਘ ਔਲਖ ਦੇ ਨਾਟਕ 'ਇਕ ਰਮਾਇਣ ਹੋਰ' ਦੀ ਪਾਤਰ ਸੀਤੋ ਸੁੱਚਤਾ ਦੇ ਪ੍ਰਤਿਮਾਨ ਉਪਰ ਪੂਰੀ ਤਰ੍ਹਾਂ ਉਤਰਨ ਲਈ ਯਤਨਸ਼ੀਲ ਹੈ, ਪਰ ਵਸਤੂ ਦੀ ਸਥਿਤੀ ਦੀ ਕਠੋਰਤਾ ਕਾਰਨ ਉਸਨੂੰ ਮੂੰਹ ਦੀ ਖਾਣੀ ਪੈਂਦੀ ਹੈ। ਨਾਟਕਕਾਰ ਨੇ ਸੀਤੋ ਦਾ ਚਰਿੱਤਰ ਭਾਰਤੀ ਪੁਰਾਣਕ ਕਥਾ 'ਇਕ ਰਮਾਇਣ ਹੋਰ' ਦੇ ਸੰਦਰਭ ਵਿਚ ਰੱਖ ਕੇ ਪੇਸ਼ ਕੀਤਾ ਹੈ। ਭਾਰਤੀ ਸਮਾਜ ਵਿਚ

ਰਮਾਇਣ ਦੀ ਸੀਤਾ ਉਹ ਪੂਜਣ ਯੋਗ ਨਾਰੀ ਹੈ, ਜਿਹੜੀ ਸਾਰੀ ਉਮਰ ਤਕਲੀਫਾਂ ਝੱਲਦੀ ਹੋਈ ਵੀ ਆਪਣੇ ਜਤ-ਸਤ ਉੱਪਰ ਕਾਇਮ ਰਹਿੰਦੀ ਹੈ।

ਨਿਮਨ-ਕਿਸਾਨੀ ਸਮਾਜ ਵਿਚ ਜ਼ਮੀਨ ਵੰਡੀਆਂ ਨੂੰ ਬਚਾਉਣ ਲਈ ਨਾਂ ਤਾਂ ਕੋਈ ਵਿਗਿਆਨਕ ਅਤੇ ਨਾ ਹੀ ਕੋਈ ਸਮਾਜਿਕ ਹੱਲ ਹੈ। ਇਸਦਾ ਹੱਲ ਸਿਰਫ਼ ਇਸਤਰੀ ਦੇ ਇਸਤਰੀਪੁਣੇ ਦਾ ਬਲੀਦਾਨ ਦੇ ਕੇ ਹੀ ਕੱਢਿਆ ਜਾਂਦਾ ਹੈ। ਆਰਥਿਕ ਸੰਬੰਧਾਂ ਅੱਗੇ ਸਾਡੇ ਮਨੁੱਖੀ ਸੰਬੰਧ ਫਿੱਕੇ ਪੈ ਜਾਂਦੇ ਹਨ। ਮਜ਼ਬੂਰਨ ਸੀਤੋ ਵਰਗੀ ਔਰਤ ਨੂੰ ਆਪਣੀ ਸੁੱਚਤਾ ਦਾ ਤਿਆਗ ਕਰਨਾ ਪੈਂਦਾ ਹੈ, ਨਾ ਚਾਹੁੰਦੇ ਹੋਏ ਵੀ ਉਸਨੂੰ ਵਿਵਰਜਿਤ ਸੰਬੰਧ ਸਥਾਪਿਤ ਕਰਨੇ ਪੈਂਦੇ ਹਨ।

ਸੀਤੋ : (ਦੇਹਲੀ ਲੰਘ ਕੇ) ਮਖਾ ਲੱਭੇ ਦਿਆ ਤਾਇਆ? (ਲਛਮਣ ਵੱਲੋਂ ਕੋਈ ਜਵਾਬ ਨੀ) ਮਖੈਂ ਜੀ ਬੋਲਦਾ ਨੀ ਮੈਂ ਤੇਰੇ ਆਸਤੇ ਰੋਟੀ ਲੈ ਆਈ ਆਂ

ਲਛਮਣ ਸੀ.. ਤੋ..... ਤੂੰ ਮੇ...ਰੇ ਲਈ ਰੋ...ਟੀ।

ਸੀਤੋ.. (ਮੰਜੇ ਦੀ ਬਾਹੀ ਉੱਪਰ ਬੈਠਦੀ) ਹਾਅ ਮੈਂ! ਤੂੰ ਜਿੱਤਿਆ ਮੈਂ ਹਾਰੀ 'ਲੈ ਰੋਟੀ ਖਾ ਲੈ। (ਔਲਖ 128)

ਜਿੱਥੇ ਇਕ ਪਾਸੇ ਔਰਤ ਉੱਪਰ ਅੱਤਿਆਚਾਰ ਕੀਤੇ ਜਾਣ ਦੀ ਮਾਨਸਿਕਤਾ ਹੈ, ਉੱਥੇ ਹੀ ਔਰਤ ਨੂੰ ਖੁਦ ਇਸ ਮਾਨਸਿਕਤਾ ਦੀ ਧਾਰਨੀ ਬਣਨਾ ਪੈਂਦਾ ਹੈ ਤਾਂ ਕਿ ਉਹ ਆਪਣੀ ਔਲਾਦ ਨੂੰ ਘੱਟ ਜ਼ਮੀਨ ਦਾ ਸੰਤਾਪ ਭੋਗਦਿਆਂ ਨਾ ਦੇਖੇ। ਉਹ ਆਪਣੀ ਔਲਾਦ ਲਈ ਇਹ ਤਿਆਗ ਕਰਨਾ ਖੁਦ ਸਵੀਕਾਰ ਕਰ ਲੈਂਦੀ ਹੈ, ਜਿਸ ਤਰ੍ਹਾਂ ਨਾਟਕ ਦੀ ਪਾਤਰ ਦਾਨੀ ਬੁੜੀ ਦੀ ਗੱਲਬਾਤ ਤੋਂ ਸਪੱਸ਼ਟ ਪਤਾ ਲੱਗਦਾ ਹੈ:

ਦਾਨੀ :- (ਜਾਂਦੀ ਵਾਰੀ ਤਾੜਨਾ ਕਰਦੀ ਹੋਈ) ਜ਼ਮੀਨ ਬਹੁਤ ਕੁਸ਼ ਐ ਪੁੱਤ, ਜੱਟ ਦੇ ਪੁੱਤ ਲਈ ਬਹੁਤ ਕੁਸ਼। ਸਿਆਣੀ ਬਣ ਕੇ ਰਹੀ ਮੇਰੀ ਧੀ। ਸਿਆਣੀ। ਲੰਬੀ ਸੋਚ ਕੇ ਪੈਰ ਧਰਨਾ ਚਾਹੀਦਾ ਬੰਦੇ ਨੂੰ (ਜਾਂਦੀ-ਜਾਂਦੀ ਇਕ ਵਾਰੀ ਫਿਰ ਰੁੱਕ ਕੇ ਪੂਰੀ ਗੱਲ ਦਾ ਸਾਰੰਸ਼ ਸਮਝਾਉਂਦੀ) ਜੇ ਗੜ੍ਹਵੇ ਦਾ ਘਿਓ ਥਾਲੀ ਵਿਚ ਡੁੱਲ ਜੇ ਮੇਰੀਏ ਧੀਏ, ਤਾਂ ਡੁਲਿਆ ਨਾ ਜਾਣੀਏ। (ਔਲਖ 126)

ਔਲਾਦ ਦੇ ਚੰਗੇ ਭਵਿੱਖ ਲਈ ਉਹ ਸਮਾਜਿਕ ਤੌਰ 'ਤੇ ਵਿਵਰਜਿਤ ਰਿਸ਼ਤਿਆਂ ਨੂੰ ਵੀ ਪ੍ਰਵਾਨ ਕਰ ਲੈਂਦੀ ਹੈ ਅਤੇ ਇਹ ਉਸਦੀ ਚਰਿਤਰਹੀਣਤਾ ਨਹੀਂ ਸਗੋਂ ਸਿਆਣਪ ਸਮਝੀ ਜਾਂਦੀ ਹੈ। ਜਿਸ ਤਰ੍ਹਾਂ ਨਾਟਕ ਵਿਚਲੀ ਪਾਤਰ ਦਾਨੀ ਵੱਲੋਂ ਪੰਜ ਭਰਾਵਾਂ ਦੇ ਸਿਰ ਜੋੜ ਕੇ ਰੱਖਣ ਲਈ ਬਣਾਏ ਗਏ ਸੰਬੰਧ ਉਸਦੀ ਸਿਆਣਪਤਾ ਦਾ ਪ੍ਰਮਾਣ ਦਿੰਦੇ ਹਨ।

ਦਾਨੀ :- ਕੁੜੇ ਪੁੱਤ ਆਪਣੇ ਜੱਟਾਂ ਦੇ ਕਾਹਦੇ ਖਸਮ, ਕਹਿੰਦੇ ਹੁੰਦੇ ਐ, ਇਕ ਪੁੱਤ ਵਿਆਹਿਆ ਗਿਆ ਸਮਝੋ ਸਾਰੇ ਵਿਆਹੇ ਗਏ। ਹੁਣ ਤੂੰ ਮੇਰੇ ਕੰਨੀ ਦੇਖ ਲੈ। ਪੰਜ ਭਾਈ ਸੀ ਨਰੰਜਨ ਸੂ ਦੇ। ਵਿਆਹਿਆ ਤਾਂ ਇਹ ਹੀ ਸੀ, ਪਰ ਮੈਂ ਪੰਜਾਂ ਦੇ ਸਿਰ ਜੋੜ ਕੇ ਰੱਖੇ। ਆਵਦੇ ਖਸਮ ਨੂੰ ਰੋਟੀ ਪਿੱਛੋਂ ਦੇਣੀ, ਉਨ੍ਹਾਂ ਚਾਰਾਂ ਨੂੰ ਪਹਿਲਾਂ। ਜੇ ਮੈਂ ਕਮਲੀ ਹੁੰਦੀ ਪੰਜੇ ਲੜ-ਭਿੜ ਕੇ ਅੱਡ ਹੋ ਜਾਂਦੇ ਸਾਰੀ ਭੌਂਏ ਖੱਖਰ ਭੱਖਰ ਹੋ ਜਾਂਦੀ ਮੇਰੇ ਪੁੱਤ ਕੋਲ ਰਹਿ ਜਾਂਦੀ ਪੰਜ ਘੁਮਾਂ। ਹੁਣ ਸੁਖ ਨਾਲ ਕੱਲੇ ਨੂੰ ਪੱਚੀ ਆਉਂਦੇ ਐ। (ਔਲਖ 125)

ਇਸੇ ਪ੍ਰਕਾਰ 'ਸੱਤ ਬਗਾਨੇ' ਨਾਟਕ ਵਿਚ ਵੀ ਜੈਕੁਰ ਦਾ ਵਿਆਹ ਬਚਨੇ ਨਾਲ ਹੋਇਆ ਹੈ ਪਰ ਉਸਦੇ ਭੰਗੇ ਨਾਲ ਵੀ ਸੰਬੰਧ ਹਨ ਕਿਉਂਕਿ ਉਸਨੂੰ ਡਰ ਹੈ, ਜੇਕਰ ਭੰਗਾ ਅੱਡ ਹੋ ਗਿਆ ਤਾਂ ਉਸਦੇ ਚਾਰੇ ਪੁੱਤਰਾਂ ਦੀ ਜ਼ਮੀਨ ਵੀ ਵੰਡੀ ਜਾਵੇਗੀ ਅਤੇ ਫੇਰ ਉਨ੍ਹਾਂ ਨੂੰ ਕੋਈ ਰਿਸ਼ਤਾ ਵੀ ਨਹੀਂ ਕਰੇਗਾ। 'ਸਲਵਾਨ' ਨਾਟਕ ਵਿਚ ਵੀ ਇਸੇ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਸਲਵਾਨ ਮਾੜੀਆਂ ਆਦਤਾਂ ਕਾਰਨ ਜਦੋਂ ਘਰੋਂ ਨਿਕਲ ਕੇ ਲੂਣੀ ਨਾਲ ਵਿਆਹ ਕਰਵਾ ਲੈਂਦਾ ਹੈ ਤਾਂ ਉਹ ਆਪਣੇ ਜੇਠ ਭਗਵਾਨ ਦੇ ਘਰੇ ਰਹਿਣ ਲੱਗ ਜਾਂਦੀ ਹੈ ਅਤੇ ਉਸਨੂੰ ਹੀ ਆਪਣਾ ਪਤੀ ਮੰਨ ਲੈਂਦੀ ਹੈ। ਕਿਉਂਕਿ ਮਾੜੀ ਆਰਥਿਕ ਸਥਿਤੀ ਕਰਕੇ ਉਸਦਾ ਵੀ ਵਿਆਹ ਨਹੀਂ ਹੋਇਆ ਹੁੰਦਾ।

ਭਾਰਤੀ ਸਮਾਜ ਮਰਦ-ਪ੍ਰਧਾਨ ਸਮਾਜ ਹੈ ਜਿਥੇ ਔਰਤ ਨੂੰ ਇਕ ਵਸਤੂ ਜਾਂ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਸਮਝਿਆ ਜਾਂਦਾ ਹੈ। ਪਤੀ ਉਸਨੂੰ ਇਕ ਖਿਡੌਣੇ ਤੋਂ ਵੱਧ ਕੁਝ ਨਹੀਂ ਸਮਝਦਾ ਅਤੇ ਉਸਨੂੰ ਜਦੋਂ ਤੱਕ ਚਾਹੇ ਆਪਣੇ ਕੋਲ ਰੱਖਦਾ ਅਤੇ ਨਹੀਂ ਉਸਨੂੰ ਅੱਗੇ ਵੇਚ ਦਿੰਦਾ ਹੈ ਅਤੇ ਕਈ ਵਾਰ ਭਰਾ ਅਤੇ ਮਾਤਾ-ਪਿਤਾ ਵੀ ਉਸਨੂੰ ਆਰਥਿਕ ਤੰਗੀ ਵੱਸ ਵੇਚ ਦਿੰਦੇ ਹਨ। ਇਸ ਤੋਂ ਵੀ ਕੁਹਜਮਈ ਰੂਪ ਉਸ ਸਮੇਂ ਉਘੜ ਕੇ ਸਾਹਮਣੇ ਆਉਂਦਾ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਔਰਤ ਨੂੰ ਇਕ ਵਾਰ ਨਹੀਂ ਕਈ ਵਾਰ ਵੇਚਿਆ ਅਤੇ ਖਰੀਦਿਆ ਜਾਂਦਾ ਹੈ। ਅਜਮੇਰ ਸਿੰਘ ਔਲਖ ਨੇ ਇਸ ਮਸਲੇ ਨੂੰ ਬੜੇ ਹੀ ਯਥਾਰਥਕ ਰੂਪ ਵਿਚ

ਪੇਸ਼ ਕੀਤਾ ਹੈ। ਜਿਵੇਂ 'ਇੱਕ ਰਮਾਇਣ ਹੋਰ' ਦਾ ਪਾਤਰ ਰੌਣੀ ਜਦੋਂ ਲੱਛੇ ਲਈ ਮੁੱਲ ਦੀ ਤੀਵੀਂ ਲਿਆਉਣ ਦੀ ਗੱਲ ਕਰਦਾ ਹੈ ਤਾਂ ਲੱਛਾ ਲੜਕੀ ਦੇ ਮਾਂ ਪਿਓ ਬਾਰੇ ਕਹਿੰਦਾ ਹੈ।

ਲੱਛਾ :- ਏਹੋ ਜਹੇ ਦਿਆਂ ਦਾ ਕਾਹਦਾ ਵਿਸ਼ਵਾਸ ਹੁੰਦੇ ਰੌਣੀ ਜਦ ਉਹ ਦੋ ਵਾਰ ਪਹਿਲਾਂ ਪੈਸੇ ਲੈ ਕੇ ਘਰ ਬਠਾਈ ਬੈਠੇ ਐ, ਤਾਂ ਤੀਜੀ ਵਾਰ ਕਿਵੇਂ ਨੀਂ ਬਠਾਉਣਗੇ। (ਔਲਖ 111)

ਨਿਮਨ-ਕਿਸਾਨੀ ਪਰਿਵਾਰਾਂ ਵਿਚ ਆਰਥਿਕ ਔਕੜਾਂ ਕਰਕੇ ਜ਼ਮੀਨ ਦੇ ਵਿਕਣ ’ਤੇ ਕਿਸਾਨ ਵੱਲੋਂ ਆਪਣਾ ਕਿੱਤਾ ਬਦਲ ਕੇ ਛੋਟਾ ਕਿੱਤਾ ਅਪਣਾਉਣ ਕਰਕੇ, ਉਨ੍ਹਾਂ ਦਾ ਵਿਆਹ ਕਿਸਾਨੀ ਪਰਿਵਾਰ ਵਿਚ ਹੋਣਾ ਅਸੰਭਵ ਹੋ ਜਾਂਦਾ ਹੈ ਤਾਂ ਉਹ ਯੂ.ਪੀ., ਬਿਹਾਰ ਤੋਂ ਮੁੱਲ ਦੀ ਤੀਵੀਂ ਲੈ ਆਉਂਦੇ ਹਨ। ਪੈਸੇ ਦੇ ਲਾਲਚ ਵਿਚ ਉਹ ਆਪਣੀਆਂ ਮੁਟਿਆਰ ਧੀਆਂ ਨੂੰ ਭੰਤੀ ਵਰਗੇ ਗ਼ਰੀਬ ਨਾਲ ਤੋਰ ਦਿੰਦੇ ਹਨ। ਅਜਿਹੀ ਸਥਿਤੀ ਨੂੰ ਨਾਟਕ ‘ਝਨਾਂ ਦੇ ਪਾਣੀ’ ਵਿਚ ਪੇਸ਼ ਕੀਤਾ ਗਿਆ ਹੈ। ਉਹ ਆਰਥਿਕ ਤੰਗੀਆਂ ਦਾ ਮਾਰਿਆ ਹੋਇਆ ਹੈ। ਉਹ ਮੁੱਲ ਦੀ ਤੀਵੀਂ ਲੈ ਤਾਂ ਆਉਂਦਾ ਹੈ ਪਰ ਰੱਖ ਨਹੀਂ ਸਕਦਾ ਕਿਉਂਕਿ ਤੀਵੀਂ ਲਿਆਉਣ ਲਈ ਉਸਨੇ ਜੋ ਕਰਜ਼ਾ ਚੁੱਕਿਆ ਸੀ, ਉਹ ਨੂੰ ਲਾਹੁਣ ਤੋਂ ਅਸਮਰੱਥ ਹੈ, ਜਿਸ ਕਾਰਨ ਉਹ ਉਸਨੂੰ ਅੱਗੇ ਵੇਚਣ ਲਈ ਮਜ਼ਬੂਰ ਹੋ ਜਾਂਦਾ ਹੈ। ਉਹ ਭੰਤੀ ਅੱਗੇ ਉਸਨੂੰ ਨਾ ਵੇਚਣ ਲਈ ਤਰਲਾ ਵੀ ਕਰਦੀ ਹੈ ਉਹ ਕਹਿੰਦੀ ਹੈ :-

ਗੰਗਾ :- ਕੋਈ ਵੇਚੇ। ਕੋਈ ਖਰੀਦੇ। ਉਸ ਵਿਚ ਵਿਕਣ ਵਾਲੀ ਚੀਜ਼ ਦੀ ਕੋਈ ਮਰਜ਼ੀ ਨਹੀਂ? ਉਸ ਚੀਜ਼ ਦੀ ਵੀ, ਜੋ ਇਨਸਾਨਾਂ ਵਾਂਗ ਸਾਂਹ ਲੈ ਸਕਦੀ ਹੈ, ਤੁਰ ਸਕਦੀ ਹੈ, ਦੁੱਖ ਮਹਿਸੂਸ ਕਰ ਸਕਦੀ ਹੈ। ਸਿਰਫ ਇਸ ਕਰਕੇ ਜਬਾਨ ਹੁੰਦਿਆਂ ਉਹ ਬੋਲ ਨੀਂ ਸਕਦੀ। (ਰੋਂਦੀ ਤੇ ਤਰਲਾ ਮਾਰਦੀ ਪੁੱਛਦੀ) ਉਸ ਪਾਸ ਏਨਾ ਅਧਿਕਾਰ ਵੀ ਨਹੀਂ ਕਿ ਉਹ ਆਪਣੀ ਮਰਜ਼ੀ ਦੀ ਥਾਂ ਵਿਕ ਸਕੇ। (ਔਲਖ 280)

ਇਸ ਤਰ੍ਹਾਂ ’ਸਲਵਾਨ' ਨਾਟਕ ਵਿਚ ਸਲਵਾਨ ਵੀ ਪੈਸੇ ਦੇ ਜੋਰ ’ਤੇ ਲੂਣੀ ਨਾਲ ਵਿਆਹ ਕਰਵਾ ਲੈਂਦਾ ਹੈ ਜਦੋਂ ਕਿ ਲੂਣੀ ਉਸਦੇ ਧੀਆਂ ਦੇ ਹਾਣ ਦੀ ਹੈ, ਇਹੀ ਸਮੱਸਿਆ ‘ਢਾਂਡਾ' ਨਾਟਕ ਵਿਚ ਵੀ ਪੇਸ਼ ਕੀਤੀ ਗਈ ਹੈ ਜਿਸ ਵਿਚ ਮਾਤੂ ਤਿੰਨ ਹਜ਼ਾਰ ਵਿਚ ਭੂਟੀ ਨੂੰ ਖਰੀਦ ਲਿਆਉਂਦਾ ਹੈ ਜੋ ਕਿ ਅਜੇ ਬਾਲੜੀ ਹੀ ਹੈ।

ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਅਜਿਹੀਆਂ ਮੁੱਲ ਦੀਆਂ ਤੀਵੀਆਂ ਦੀ ਮਰਜ਼ੀ ਦਾ ਵੀ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਉਨ੍ਹਾਂ ਨੂੰ ਲਿਆ ਕੇ ਉਨ੍ਹਾਂ ਦਾ ਧਰਮ ਵੀ ਬਦਲ ਦਿੱਤਾ ਜਾਂਦਾ ਹੈ। ‘ਝਨਾਂ ਦੇ ਪਾਣੀ'

ਨਾਟਕ ਦੀ ਪਾਤਰ ਗੰਗੀ ਦਾ ਨਾਂ ਬਦਲ ਕੇ 'ਹਰਬੰਸ ਕੌਰ' ਰੱਖ ਦਿੱਤਾ ਜਾਂਦਾ ਹੈ। ਇਹ ਲੋਕ ਅਜਿਹੀ ਇਸਤਰੀ ਦਾ ਨਾਂ ਬਦਲਣ ਸਮੇਂ ਧਰਮ ਦਾ ਸਹਾਰਾ ਲੈਂਦੇ ਹਨ। ਕਿਉਂਕਿ ਧਰਮ ਅਜਿਹੇ ਕੰਮ ਵਿਚ ਕੋਈ ਰੁਕਾਵਟ ਨਹੀਂ ਪਾਉਂਦਾ। ਇਹ ਸਥਿਤੀ ਉਸ ਸਮੇਂ ਸਪਸ਼ਟ ਹੁੰਦੀ ਹੈ ਜਦੋਂ ਭੰਤੀ, ਜੱਗਾ-ਜੁਗਤੀ ਨੂੰ ਇਸ ਬਾਰੇ ਦੱਸਦਾ ਹੈ :-

ਭੰਤੀ :- ਹੋਰ ਵੀ ਖੁਸ਼ ਹੁੰਦਾ, ਹੋਰ ਕੀ ਅਖੇ ਜੈਸਾ ਦੇਸ, ਵੈਸਾ ਭੇਸ। ਗੁਰਦੁਆਰੇ ਆਲੇ ਬਾਬੇ ਨੇ ਰੱਖਿਐ ਬਾਬੇ ਦੀ ਬੀੜ ਵੇਖ ਕੇ ਹਰਬੰਸ ਕੁਰ। (ਔਲਖ 263)

ਅਜਮੇਰ ਸਿੰਘ ਔਲਖ ਨੇ ਔਰਤ ਦੀ ਇਸ ਤ੍ਰਾਸਦੀ ਨੂੰ ਵੀ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਮਾਪੇ ਆਪਣੀਆਂ ਧੀਆਂ ਨੂੰ ਨਸ਼ੇੜੀ ਦੇ ਲੜ ਲਾ ਦਿੰਦੇ ਹਨ ਅਤੇ ਉਹ ਸਾਰੀ ਉਮਰ ਸੰਤਾਪ ਭੋਗਦੀਆਂ ਹਨ। 'ਅਵੇਸਲੇ ਯੁੱਧਾਂ ਦੀ ਨਾਇਕਾ' ਨਾਟਕ ਵਿਚ ਔਰਤ ਦੀ ਤ੍ਰਾਸਦਿਕ ਆਰਥਿਕ ਸਥਿਤੀ ਨੂੰ ਹੀ ਪੇਸ਼ ਕੀਤਾ ਗਿਆ ਹੈ। ਨਾਟਕ ਦੀ ਪਾਤਰ ਸਤਵੰਤ ਅਜਿਹੇ ਨਰਕ ਵਿਚ ਫਸੀ ਹੋਈ ਹੈ ਜਿਸ ਵਿਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ। ਸਤਵੰਤ ਦਾ ਪਤੀ ਨਸ਼ੇੜੀ ਹੈ। ਜੋ ਉਸਨੂੰ ਬਹੁਤ ਤੰਗ ਪ੍ਰੇਸ਼ਾਨ ਕਰਦਾ ਹੈ। ਦੇਖਿਆ ਜਾਵੇ ਤਾਂ ਉਹ ਨਾ ਉਸਨੂੰ ਛੱਡ ਸਕਦੀ ਹੈ ਅਤੇ ਨਾ ਹੀ ਉਸਦੇ ਨਾਲ ਰਹਿ ਸਕਦੀ ਹੈ। ਉਹ ਸੰਤਾਪ ਭੋਗ ਰਹੀ ਹੈ। ਉਸਨੂੰ ਆਪਣੀ ਹੋਂਦ ਲਈ ਅਨੇਕਾਂ ਯੁੱਧ ਲੜਨੇ ਪੈਂਦੇ ਹਨ। ਉਹ ਹਰ ਟਾਇਮ ਆਪਣੀ ਕਿਸਮਤ ਨੂੰ ਕੋਸਦੀ ਰਹਿੰਦੀ ਹੈ।

ਔਲਖ ਦਾ ਨਾਟਕ 'ਇਕ ਸੀ ਦਰਿਆ' ਔਰਤ ਦੀ ਹੋਂਦ ਅਤੇ ਹੋਣੀ ਦੀ ਦਾਸਤਾਨ ਨੂੰ ਹੀ ਪੇਸ਼ ਕਰਦਾ ਹੈ। ਇਸ ਵਿਚ ਪੇਸ਼ ਤਿੰਨ ਔਰਤਾਂ ਜਿੰਦ ਕੌਰ, ਉਸ ਦੀ ਧੀ ਅਤੇ ਕਰਮਵੀਰ ਦੀ ਕਾਲਜ ਸਮੇਂ ਦੀ ਪ੍ਰੇਮਿਕਾ ਨਵਦੀਪ ਕਿਤੇ ਵੀ ਸਮਾਜ ਦਾ ਵਿਰੋਧ ਕਰਦੀਆਂ ਨਜ਼ਰ ਨਹੀਂ ਆਈਆਂ। ਇਹ ਤਿੰਨੋ ਹੀ ਔਰਤਾਂ ਸਮਾਜ ਦੇ ਸੰਸਕਾਰਾਂ ਦੀ ਜਕੜ ਵਿਚ ਗ੍ਰਸੀਆਂ ਹੋਈਆਂ ਹਨ। ਨਾਟਕ ਦੀ ਪਾਤਰ ਜਿੰਦ ਕੌਰ ਆਪਣੀਆਂ ਆਰਥਿਕ ਲੋੜਾਂ ਅਤੇ ਪਰਿਵਾਰਕ ਫਰਜਾਂ ਦੀ ਪੂਰਤੀ ਹਿਤ ਆਪਣੇ ਪਤੀ ਦੇ ਘਰ ਛੱਡ ਜਾਣ ਪਿੱਛੋਂ ਉਸ ਦੇ ਛੋਟੇ ਭਰਾ ਕਰਮਜੀਤ ਦੇ ਸਿਰ ਧਰੀ ਜਾਂਦੀ ਹੈ। ਉਹ ਸਥਿਤੀ ਨਾਲ ਪੂਰੀ ਤਰ੍ਹਾਂ ਸਮਝੌਤਾ ਕਰ ਲੈਂਦੀ ਹੈ। ਭੋਲਾਂ (ਧਰਮ ਸਿੰਘ ਦੀ ਧੀ) ਆਪਣੇ ਚਾਚੇ ਦੀ ਨਿਗਰਾਨੀ ਹੇਠਾਂ ਚੰਗੀ ਵਿੱਦਿਆ ਹਾਸਲ ਕਰਦੀ ਹੈ। ਪਰ ਉਹ ਆਪਣੇ ਅਚੇਤ ਮਨ ਵਿਚ ਆਪਣੇ ਪਿਉ ਨੂੰ ਵਿਸਾਰ ਨਾ ਸਕੀ। ਜਦੋਂ ਸਾਧੂ ਦੇ ਕਹਿਣ ’ਤੇ ਇਹ ਪਤਾ ਲੱਗਦਾ ਹੈ ਕਿ ਉਸ ਦਾ ਪਿਤਾ ਜਿਉਂਦਾ ਹੈ, ਤਾਂ ਉਹ ਆਪਣੇ ਵਿਆਹ ਸਮੇਂ ਆਪਣੇ ਪਿਤਾ ਦਾ ਹੱਥ ਆਪਣੇ ਸਿਰ ’ਤੇ ਧਰਨ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਦੀ ਇੱਛਾ ਪ੍ਰਗਟ ਕਰਦੀ ਹੈ।

ਭੋਲਾਂ- ਮਾਂ ਐਇੰ ਨਾ ਕਹਿ। ਤੈਨੂੰ ਨਾ ਸਹੀ, ਧੀ ਨੂੰ ਤਾਂ ਹੈ ਧਰਵਾਸ। ਮਹਾਰਾਜ! ਮੇਰੇ ਧਰਮੀ ਬਾਬਲ ਨੂੰ ਇਕ ਵਾਰ ਵਾਪਸ ਲਿਆ ਦਿਉ। ਕਹਿਣਾ ਤੇਰੀ ਧੀ ਪਰਾਈ ਹੋਣ ਦੀ ਉਮਰ ਪਹੁੰਚੀ ਤੇਰੀਆਂ ਉਡੀਕਾਂ ਕਰ ਰਹੀ ਐ। ਪਰਾਈ ਹੋਣ ਦੀ ਘੜੀ ਉਹਦੇ ਸਿਰ 'ਤੇ ਹੱਥ ਰੱਖ ਜਾ। ਬੇਵੱਸ ਹੋ ਕੇ ਡੁਸਕਦੀ। ਬੱਸ ਹੋਰ ਕੁਝ ਨੀ ਮੰਗਦੀ। (ਔਲਖ 193)

ਪਤੀ ਜਾਂ ਪਿਤਾ ਜਾਇਦਾਦ ਦਾ ਮਾਲਕ ਹੋਣ ਕਰਕੇ ਔਰਤ (ਧੀ ਜਾਂ ਪਤਨੀ) ਨੂੰ ਸੁਰੱਖਿਆ ਦਿੰਦਾ ਹੈ। ਇਹ ਇਕ ਔਰਤ ਦੀ ਤ੍ਰਾਸਦੀ ਹੈ ਕਿ ਭਾਵੇਂ ਉਹ ਇਕ ਧੀ ਹੈ, ਪਤਨੀ ਹੈ ਅਤੇ ਮਾਂ ਹੈ, ਉਸ ਨੂੰ ਮਰਦ ਦੇ ਅਧੀਨ ਹੀ ਵਿਚਰਨਾ ਪੈਂਦਾ ਹੈ ਕਿਉਂਕਿ ਸਾਡਾ ਸਮਾਜ ਮਰਦ-ਪ੍ਰਧਾਨ ਹੈ ਅਤੇ ਮਰਦ ਹੀ ਪਰਿਵਾਰ ਦਾ ਮੁਖੀਆ ਹੁੰਦਾ ਹੈ। ਇਸ ਨਾਟਕ ਦੀ ਤੀਜੀ ਪਾਤਰ ਨਵਦੀਪ ਹੈ ਜਿਸ ਪਾਸੋਂ ਕਿਸੇ ਪ੍ਰਭਾਵਸ਼ਾਲੀ ਕਾਰਜ ਦੀ ਸੰਭਾਵਨਾ ਹੋ ਸਕਦੀ ਸੀ। ਪਰ ਉਹ ਵੀ ਇਸ ਸਮਾਜ ਦੀਆਂ ਕਦਰਾਂ-ਕੀਮਤਾਂ ਤੋਂ ਮੁਕਤ ਨਹੀਂ ਹੋ ਸਕੀ। ਉਹ ਕਰਮਵੀਰ ਨਾਲ ਵਿਆਹ ਕਰਵਾਉਣ ਦੀ ਇੱਛਾ ਦਾ ਇਜ਼ਹਾਰ ਤਾਂ ਜ਼ਰੂਰ ਕਰਦੀ ਹੈ, ਪਰ ਕਰਮਵੀਰ ਦੇ ਘਰ ਦੀ ਆਰਥਿਕਤਾ ਦਾ ਸੱਚ ਜਾਣਨ ਤੋਂ ਬਾਅਦ ਚੁੱਪ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਤਿੰਨੇ ਨਾਰੀ ਪਾਤਰ (ਜਿੰਦ ਕੌਰ, ਭੋਲਾਂ, ਨਵਦੀਪ) ਸਮਾਜ ਦੇ ਤਾਣੇ-ਬਾਣੇ ਵਿਚ ਹੀ ਉਲਝ ਕੇ ਰਹਿ ਜਾਂਦੀਆਂ ਹਨ। ਉਨ੍ਹਾਂ ਦਾ ਅਸਤਿਤਵ ਕਿਤੇ ਵੀ ਨਾਰੀ ਦੀ ਸੁਤੰਤਰ ਹੋਂਦ ਦੇ ਅਹਿਸਾਸ ਦਾ ਜਜਬਾ ਨਹੀਂ ਉਭਾਰਦਾ।

ਭਾਰਤੀ ਸਮਾਜ ਵਿਚ ਅੱਜ ਵੀ ਮਰਦ-ਪ੍ਰਧਾਨ ਸਮਾਜ ਹੀ ਹੈ ਔਰਤ ਭਾਵੇਂ ਪੜ੍ਹ-ਲਿਖ ਕੇ ਨੌਕਰੀ ਲੱਗ ਕੇ ਮਰਦ ਦੇ ਬਰਾਬਰ ਕਮਾਉਣ ਜੋਗੀ ਹੋਈ ਹੈ ਪਰ ਸਮਾਜ ਉਸਨੂੰ ਅਜੇ ਵੀ ਬਰਾਬਰੀ ਦਾ ਹੱਕ ਨਹੀਂ ਦਿੰਦਾ, ਪੇਂਡੂ ਸਮਾਜ ਵਿਚ ਸਥਿਤੀ ਹੋਰ ਵੀ ਤਣਾਅਪੂਰਨ ਹੈ। ਪਰਿਵਾਰ ਵਿਚ ਪ੍ਰਭੂਤਾ ਤਾਂ ਹਮੇਸ਼ਾ ਮਰਦਾਂ ਦੀ ਹੀ ਰਹੀ ਹੈ। ਪਹਿਲਾਂ ਉਹ ਪਿਤਾ ਫਿਰ ਪਤੀ ਅਤੇ ਬੁਢਾਪੇ ਵਿਚ ਉਹ ਪੁੱਤਰ ਅਧੀਨ ਰਹਿੰਦੀ ਹੈ। ਉਹ ਮਰਦ ਜਾਂ ਘਰ ਦੇ ਮੁਖੀ ਨਾਲ ਸਲਾਹ ਮਸ਼ਵਰਾ ਤਾਂ ਕਰਦੀ ਹੈ ਪ੍ਰੰਤੂ ਉਸਦੇ ਫੈਸਲਿਆਂ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦੀ। ਇਸ ਸਮੁੱਚੇ ਵਰਤਾਰੇ ਨੂੰ ਵੱਖ-ਵੱਖ ਨਾਟਕਾਂ ਵਿਚ ਪ੍ਰਸਤੁਤ ਕੀਤਾ ਹੈ। ਅਸਲ ਵਿਚ ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਕੇਂਦਰੀ ਵਿਸ਼ਾ ਜਰ ਅਤੇ ਜੋਰੂ ਨਾਲ ਜੁੜਿਆ ਹੋਇਆ ਆਰਥਿਕ ਸੰਕਟ ਹੈ। ਮਾੜੀਆਂ ਆਰਥਿਕ ਸਥਿਤੀਆਂ ਨਾਲ ਦੋ ਚਾਰ ਹੁੰਦੀ ਹੋਈ ਔਰਤ ਦੂਹਰਾ ਸੰਤਾਪ ਭੋਗਦੀ ਹੈ।

ਪੰਜਾਬੀ ਸਭਿਆਚਾਰ ਮੁੱਖ ਰੂਪ ਵਿਚ ਮਰਦ-ਪ੍ਰਧਾਨ ਸਭਿਆਚਾਰ ਰਿਹਾ ਹੈ। ਅਜਮੇਰ ਸਿੰਘ ਔਲਖ ਦਾ ਸਮੁੱਚਾ ਅਨੁਭਵ ਵੀ ਪੇਂਡੂ ਰਹਿਤਲ ਅਤੇ ਸਭਿਆਚਾਰਕ ਪਰਵੇਸ਼ ਵਿਚੋਂ ਗ੍ਰਹਿਣ ਕੀਤਾ ਹੋਇਆ ਹੈ। ਇਸੇ ਕਰਕੇ ਔਰਤ ਉੱਪਰ ਕਈ ਤਰ੍ਹਾਂ ਦੀਆਂ

ਰੋਕਾਂ-ਟੋਕਾਂ ਅਤੇ ਸਭਿਆਚਾਰਕ ਵਰਜਣਾਵਾਂ ਲਾਗੂ ਕਰ ਦਿੱਤੀਆਂ ਜਾਂਦੀਆਂ ਹਨ। ਜਿਸ ਕਰਕੇ ਉਸਨੂੰ ਬਹੁਤ ਸਾਰੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬੀ ਸਭਿਆਚਾਰ ਵਿਚ ਘਰ ਦੀ ਜੜ੍ਹ ਲਾਉਣ ਦਾ ਸੁਪਨਾ ਡੂੰਘੀ ਤਰ੍ਹਾਂ ਵਸਿਆ ਹੋਇਆ ਹੈ। ਘਰ ਦੀ ਵੇਲ ਨੂੰ ਅੱਗੇ ਤੋਰਨ ਅਤੇ ਜੱਗ ਵਿਚ ਸੀਰ ਪਾਉਣ ਲਈ ਔਰਤ ਦੁਆਰਾ ਬੱਚੇ ਪੈਦਾ ਕਰਨਾ ਲਾਜ਼ਮੀ ਕਦਰ ਹੈ, ਨਹੀਂ ਤਾਂ ਉਸਨੂੰ ਮਰਦ ਵੱਲੋਂ ਹੀ ਨਹੀਂ ਸਗੋਂ ਸਮੁੱਚੇ ਸਮਾਜ ਵੱਲੋਂ ਵੀ ਦੁਰਕਾਰਿਆ ਜਾਂਦਾ ਹੈ।

ਅਜਮੇਰ ਸਿੰਘ ਔਲਖ ਨੇ ਔਰਤ ਦੀ ਤ੍ਰਾਸਦਿਕ ਹੋਣੀ ਨੂੰ 'ਸੁੱਕੀ ਕੁੱਖ' ਨਾਟਕ ਵਿਚ ਪੇਸ਼ ਕੀਤਾ ਹੈ। ਇਕ ਔਲਾਦਹੀਨ ਔਰਤ ਨੂੰ ਜਿਸ ਤ੍ਰਾਸਦੀ ਵਿਚੋਂ ਗੁਜਰਨਾ ਪੈਂਦਾ ਹੈ। ਉਸ ਦਾ ਸਜੀਵ ਚਿਤਰਣ ਇਸ ਨਾਟਕ ਵਿਚ ਹੋਇਆ ਮਿਲਦਾ ਹੈ। ਉਹ ਇਸਤਰੀ ਜੋ ਮਾਂ ਨਹੀਂ ਬਣ ਸਕਦੀ, ਉਸਨੂੰ ਸਮਾਜਿਕ ਅਤੇ ਪਰਿਵਾਰਕ ਮਿਹਣਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਹਰ ਪਾਸੋਂ ਦੁਰਕਾਰੀ ਜਾਂਦੀ ਹੈ। ਔਲਾਦਹੀਣ ਇਸਤਰੀ ਬਾਰੇ 'ਸੁੱਕੀ ਕੁੱਖ' ਨਾਟਕ ਵਿਚ ਸਾਧ ਦੇ ਮੂੰਹੋਂ ਅਖਵਾਇਆ ਗਿਆ ਹੈ:

ਨਾਲ ਲਾਦ ਦੇ ਤੀਵੀਂ ਦੀ ਕਦਰ ਪੈਂਦੀ ਬਿਨਾਂ ਲਾਦ ਨਾ ਘਰ ਵਿਚ ਥਾਂ ਹੁੰਦੀ। ਧੀਆਂ ਪੁੱਤ ਨੇ ਵਿਹੜੇ ਫੁੱਲ ਲੋਕੋ, ਜਿੱਥੇ ਇਹ ਨਾ ਹੁੰਦੇ ਭਾਂ-ਭਾਂ ਹੁੰਦੀ। (ਔਲਖ 82-83)

ਭਾਰਤੀ ਸਮਾਜ ਅਤੇ ਖਾਸ ਕਰਕੇ ਪੇਂਡੂ ਸਮਾਜ ਵਿਚ ਬੱਚੇ ਬਿਨਾਂ ਔਰਤ ਦੀ ਸਮਾਜ ਵਿਚ ਕੋਈ ਥਾਂ ਨਹੀਂ। 'ਸੁੱਕੀ ਕੁੱਖ' ਦੀ ਪਾਤਰ ਧੰਨੋ ਦਾ ਪਤੀ ਤੋਤੀ ਔਲਾਦ ਨਾ ਹੋਣ ਕਰਕੇ ਉਸਨੂੰ ਮਾਰਦਾ-ਕੁੱਟਦਾ ਹੈ ਅਤੇ ਘਰੋਂ ਨਿਕਲ ਜਾਣ ਦੀ ਧਮਕੀ ਦਿੰਦਾ ਕਹਿੰਦਾ ਹੈ:-

ਤੋਤੀ :- ਬੁੱਚੀਏ ਤੀਵੀਂਏ ਨਿਕਲ ਜਾ ਮੇਰੇ ਘਰੋਂ। ਮੈਂ ਤੈਨੂੰ ਖਾਣ ਨੂੰ ਨੀ ਰੱਖਿਆ ਘਰੇ। ਤੇਰੇ ਨਾਲੋਂ ਤਾ ਸੂਰੀ ਚੰਗੀ ਐ ਸੂਰੀ, ਜਿਹੜੀ ਸੂ-ਸੂ ਘੁਰਨਾ ਭਰ ਦਿੰਦੀ ਐ। (ਇਕ ਚਪੇੜਾ ਪੂਰੇ ਗੁੱਸੇ ਵਿਚ ਮਾਰਦਾ) ਜਾਹ ਦਫ਼ਾ ਹੋ ਜਾ, ਕੰਜਰ ਦੀਏ ਕੰਜਰੀਏ। (ਔਲਖ 84)

ਧੰਨੋ ਨੂੰ ਚਾਰਾਂ ਪਾਸਿਆਂ ਤੋਂ ਮਿਹਣੇ ਸੁਨਣੇ ਪੈਂਦੇ ਹਨ। ਸਾਰੀਆਂ ਔਰਤਾਂ ਉਹਦੇ ’ਤੇ ਸ਼ੱਕ ਕਰਦੀਆਂ ਅਤੇ ਆਪਣੇ ਬੱਚਿਆਂ ਨੂੰ ਉਹਦੇ ਨੇੜੇ ਨਹੀਂ ਜਾਣ ਦਿੰਦੀਆਂ। ਇਸ ਤਰ੍ਹਾਂ ਔਰਤ ਵੀ ਔਰਤ ਦੀ ਦੁਸ਼ਮਣ ਹੋ ਨਿਬੜਦੀ ਹੈ। ਧੰਨੋ ਦੀ ਗੁਆਂਢਣ ਪੂਚੀ ਵੀ ਉਸ ਉੱਪਰ ਦੂਸ਼ਣ ਲਾਉਂਦੀ ਕਹਿੰਦੀ ਹੈ:-

ਪੂਚੀ :- ਕੀੜੇ ਪੈਣਗੇ ਤੇਰੇ ਕੀੜੇ ਧੰਨੋ ਬੰਦੀਏ, (ਘੁੱਗੀ ਦੀ ਬਾਂਹ ਫੜਕੇ) ਜਿਹੜਾ ਤੂੰ ਮੇਰੇ ਪੁੱਤ ਦੇ ਸਿਰ ਟੂਣਾ ਪਾਇਐ। ਭਟਕਦੀ ਫਿਰੇਂਗੀ, ਕੁੱਖ ਨੀ ਹਰੀ ਹੋਣੀ । ਭਾਵੇਂ ਚੜ੍ਹਦੇ ਤੋਂ ਲਹਿੰਦੇ ਤੱਕ ਯਤਨ ਕਰਲੀ। ਅਹੀ-ਜੀ ਰਹੇਂਗੀ ਖਾਲੀ ਝੋਲੀ ਵਾਲੀ । (ਔਲਖ 80)

ਇਸ ਤਰ੍ਹਾਂ ਔਰਤ ਔਲਾਦ ਨਾ ਹੋਣ ਕਰਕੇ ਸਾਰਿਆਂ ਦੇ ਸ਼ੱਕ ਦਾ ਸ਼ਿਕਾਰ ਹੁੰਦੀ ਹੋਈ ਮਾਨਸਿਕ ਅਤੇ ਸ਼ਰੀਰਕ ਪੱਖੋਂ ਤ੍ਰਾਸਦਿਕ ਹੋਣੀ ਭੋਗਦੀ ਹੈ। ਅਜਮੇਰ ਸਿੰਘ ਔਲਖ ਨੇ 'ਨਿਊ ਜੜ੍ਹ' ਨਾਟਕ ਵਿਚ ਭਾਰਤੀ ਖਾਸ ਕਰਕੇ ਪੰਜਾਬੀ ਸਮਾਜ ਵਿਚ ਔਰਤ ਦੀ ਸਥਿਤੀ ਦਾ ਬਿਆਨ ਕੀਤਾ ਹੈ। ਜਿਸਦੇ ਜਨਮ ਨੂੰ ਅੱਜ ਵੀ ਵਧੀਆ ਨਹੀਂ ਮੰਨਿਆਂ ਜਾਂਦਾ ਅਤੇ ਇਕ ਤੋਂ ਬਾਅਦ ਦੂਜੀ ਧੀ ਦਾ ਆਉਣਾ ਤਾਂ ਸੋਗੀ ਮਾਹੌਲ ਬਣਾ ਦਿੰਦਾ ਹੈ। ਇਸ ਨਾਟਕ ਦੀ ਬਜ਼ੁਰਗ ਮਾਂ ਜਦੋਂ ਆਪਣੀ ਪੋਤੀ ਸਾਹਮਣੇ ਕਹਿੰਦੀ ਹੈ :-

ਗੁਰਦੇਵ :- ਤੇ ਤੁਸੀਂ! ਦੋ ਪੱਥਰ ਜਿਹੜੇ ਸਾਡੇ ਵਿਹੜੇ ਆ ਡਿੱਗੇ। (ਔਲਖ 25)

ਇਹ ਸੁਣ ਕੇ ਗੁਰਦੇਵ ਦੀ ਪੋਤੀ ਨਵਜੋਤ ਸਹਿਨ ਨਾ ਕਰਦੀ ਹੋਈ ਜੁਆਬ ਦਿੰਦੀ ਹੈ :-

ਨਵਜੋਤ :- ਪੁਰਾਣੇ ਖਿਆਲਾਂ ਦਾ ਮਤਲਬ ਇਹ ਤਾਂ ਨੀ ਬਈ ਕੁੜੀਆਂ ਨੂੰ ਸਮਝੋ ਈ ਕੁਸ਼ ਨਾਂ? ਸਮਝੋ ਤਾਂ ਬੱਸ ਪੱਥਰ ਸਮਝੋ। ਪੱਥਰ ਐਂ ਅਸੀਂ ਕੋਈ (ਔਲਖ 25)

ਇਸ ਨਾਟਕ ਵਿਚ ਦਿਖਾਇਆ ਗਿਆ ਹੈ ਕਿ ਭਾਰਤੀ ਸਮਾਜ ਵਿਚ ਪੁੱਤਰ ਪ੍ਰਾਪਤੀ ਦੀ ਇੱਛਾ ਬਹੁਤ ਜ਼ਿਆਦਾ ਪ੍ਰਬਲ ਹੈ ਕਿ ਜੇਕਰ ਅੱਗੋਂ ਵੀ ਕੁੜੀ ਹੁੰਦੀ ਹੈ ਤਾਂ ਉਹ ਉਸਦਾ ਕੁੱਖ ਵਿਚ ਹੀ ਕਤਲ ਕਰਵਾ ਦਿੰਦੇ ਹਨ। ਜਿਸ ਕਾਰਨ ਕਈ ਵਾਰ ਮਰਦ ਦਾ ਦੂਜਾ ਵਿਆਹ ਕਰਨੋਂ ਵੀ ਨਹੀਂ ਝਿਜਕਦੇ ਕਿਉਂਕਿ ਉਨ੍ਹਾਂ ਨੂੰ ਜਾਪਦਾ ਹੈ ਕਿ ਪੁੱਤਰ ਹੋਵੇਗਾ ਤਾਂ ਹੀ ਘਰ ਦਾ ਦੀਵਾ ਜਗਦਾ ਰਹੇਗਾ। ਅਸਲ ਵਿਚ ਨਾਟਕ ਵਿਚ ਅਸੀਂ ਦੇਖਦੇ ਹਾਂ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਬੈਠੀ ਹੈ ਕਿ ਦੂਜੀ ਔਰਤ ਨੂੰ ਵੀ ਦੁਖਾਂਤ ਦੀ ਦਲਦਲ ਵਿਚ ਫਸਾ ਦਿੰਦੀ ਹੈ। ਜੇਕਰ ਗੌਰ ਨਾਲ ਦੇਖਿਆ ਜਾਵੇ ਤਾਂ ਇਸ ਮਰਦ ਪ੍ਰਧਾਨ ਸਮਾਜ ਵਿਚ ਉਸਦੀ ਮਾਨਸਿਕਤਾ ਵੀ ਉਸੇ ਤਰ੍ਹਾਂ ਦੀ ਬਣ ਜਾਂਦੀ ਹੈ ਜਿਸ ਕਾਰਨ ਉਸਨੂੰ ਇਹ ਸਭ ਕੁਝ ਮਜ਼ਬੂਰੀ ਵੱਸ ਕਰਨਾ ਪੈਂਦਾ ਹੈ ਜਿਵੇਂ ਹੇਠ ਲਿਖੇ ਵਾਰਤਾਲਾਪ ਰਾਹੀਂ ਸੁਖਵੰਤ ਦੀ ਸੱਸ ਦੀ ਬੇਵਸੀ ਪ੍ਰਗਟ ਹੁੰਦੀ ਹੈ

ਸੱਸ :- ਵਾਰ-ਵਾਰ ਮੈਂ ਐਵੇ ਤਾਂ ਨੀ ਆਖੀ ਜਾਂਦੀ? ਤੇਰੇ ਬਾਪੂ ਜੀ ਦਾ ਕਿਹਾ ਯਾਦ ਆ ਜਾਂਦਾ ਮੈਨੂੰ। ਸੁਰਜੀਤ ਕੁਰੇ! ਜੇ ਇਸ ਬਹੂ ਦੇ ਭਾਗਾਂ ਵਿਚ ਨਾ ਹੋਇਆ ਪੁੱਤ ਨੂੰ ਜਨਮ ਦੇਣਾ ਤਾਂ ਦੂਜਾ ਵਿਆਹ ਕਰਦੀ ਮੇਰੇ ਪੁੱਤ ਦਾ।

ਕੁਲਬੀਰ:- ਤੈਨੂੰ ਕਿੱਤੇ ਕੱਲੇ ਨੂੰ ਆਖਿਆ ਸੀ ਬਾਪੂ ਨੇ? ਅਖੀਰਲੇ ਦਿਨਾਂ ਵਿਚ ਜਦ ਵੀ ਗੱਲ ਕਰਦਾ ਸੀ ਤਾਂ ਬੱਸ ਇਕੋ ਆਹੀ....।

ਸੱਸ:- ਫੇਰ ਉਹ ਕਿਤੇ ਐਵੇਂ ਤਾਂ ਨੀ ਸੀ ਆਖਦਾ? ਉਸਨੂੰ ਆਵਦੀ ਤੁਰਦੀ ਕੁਲ ਦੇ ਖਤਮ ਹੋਣ ਦਾ ਡਰ ਖਾ ਰਿਹਾ ਸੀ। ਪੁੱਤਾਂ ਬਿਨਾਂ ਖਾਨਦਾਨ ਨੀ ਅਗਾਂਹ ਤੁਰਦੇ ਹੁੰਦੇ। ਨਿਊ ਜੜ੍ਹ ਟਿਕਦੀ ਐ ਇਨ੍ਹਾਂ ਨਾਲ ਪਰਿਵਾਰਾਂ ਦੀ। (ਔਲਖ 22-23)

ਨਾਟਕ ਵਿਚ ਅਸੀਂ ਦੇਖਦੇ ਹਾਂ ਕਿ ਜਿਥੇ ਆਪਣੇ ਪੋਤੇ ਦੀ ਪ੍ਰਾਪਤੀ ਲਈ ਦੋ ਬੇਕਸੂਰਾਂ ਦੀਆਂ ਜਾਨਾਂ ਲੈਣ ਦੀ ਜਿੰਮੇਵਾਰ ਹੈ, ਉਥੇ ਉਸਨੂੰ ਆਪਣੀ ਨਵੀਂ ਵਿਆਹੀ ਨੂੰਹ ਹੱਥੋਂ ਕਦਮ-ਕਦਮ ’ਤੇ ਜਲੀਲ ਹੋਣਾ ਪੈਂਦਾ ਹੈ। ਨਵੀਂ ਨੂੰਹ ਆਪਣੀ ਸੱਸ ਤੋਂ ਨੌਕਰਾਂ ਵਾਂਗ ਕੰਮ ਕਰਾਉਂਦੀ ਹੈ ਜਿਸ ਨਾਲ ਉਸਦੀ ਤਰਸਯੋਗ ਹਾਲਤ ਦਾ ਪਤਾ ਲੱਗਦਾ ਹੈ। ਘਰ ਦੀ ਮਾਲਕਣ ਕਹਾਉਣ ਵਾਲੀ ਸੱਸ ਦੀ ਸਥਿਤੀ ਡਾਵਾਂਡੋਲ ਹੋ ਜਾਂਦੀ ਹੈ। ਇਸ ਪ੍ਰਕਾਰ ਔਰਤ ਮਰਦ-ਪ੍ਰਧਾਨ ਸਮਾਜ ਵਿਚ ਹਰ ਪੱਧਰ ’ਤੇ ਉਸਦੀ ਤ੍ਰਾਸਦੀ ਦਾ ਸ਼ਿਕਾਰ ਹੁੰਦੀ ਰਹੀ ਹੈ।

ਅਜਮੇਰ ਸਿੰਘ ਔਲਖ ਦੇ ਨਾਟਕ 'ਗਾਨੀ' ਅਤੇ 'ਢਾਂਡਾ' ਵੀ ਮਰਦ ਦੇ ਦਮਨਕਾਰੀ ਵਿਹਾਰ ਦੀ ਸ਼ਿਕਾਰ ਔਰਤ ਦੀ ਸਥਿਤੀ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਦੇ ਹਨ। ਛੱਬੀ ਸਾਲਾਂ ਦੇ 'ਮਾਤੂ' ਨੂੰ ਨੌ ਸਾਲਾਂ ਦੀ ‘ਭੂਟੀ' ਨਾਲ ਵਿਆਹ ਕਰਾਉਣ ਦੀ ਪ੍ਰਵਾਨਗੀ ਮਲਵਈ ਸਮਾਜ ਹੀ ਦੇ ਸਕਦਾ ਹੈ। ਜਿਸ ਵਿਚ ਧੀਆਂ ਨੂੰ 'ਬਗਾਨਾ ਧਨ' ਸਮਝਿਆ ਜਾਂਦਾ ਹੈ ਅਤੇ ਮਾਪੇ ਧੀ ਨੂੰ ਆਪਣੇ 'ਤੇ ਹਮੇਸ਼ਾ ਬੋਝ ਸਮਝਦੇ ਹਨ। ਪੇਂਡੂ ਸਭਿਆਚਾਰ ਵਿਚ ਜਗੀਰੂ ਕਦਰਾਂ-ਕੀਮਤਾਂ ਦੇ ਅੰਤਰਗਤ ਮਰਦ ਉਤਪਾਦਨ ਦੇ ਸਾਰੇ ਸਾਧਨਾਂ ਅਤੇ ਸੰਦਾਂ ਦਾ ਮਾਲਕ ਹੋਣ ਕਾਰਨ ਔਰਤ ਦੀਆਂ ਮਨੋ-ਸੰਵੇਦਨਾਵਾਂ ਦੀ ਬੇਪਰਵਾਹੀ ਕਰਦਾ ਅਤੇ ਉਸਨੂੰ ਆਪਣੀ ਕਾਮ-ਪੂਰਤੀ ਦਾ ਸਾਧਨ ਮਾਤਰ ਸਮਝਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸਭਿਆਚਾਰਕ ਦ੍ਰਿਸ਼ਟੀ ਤੋਂ ਉਸਦੇ ਅਜਿਹੇ ਵਿਹਾਰ ਨੂੰ ਦੁਰਾਚਾਰ ਨਹੀਂ ਸਮਝਿਆ ਜਾਂਦਾ ਸਗੋਂ ਪੇਂਡੂ ਸਭਿਆਚਾਰ ਦੀਆਂ ਔਰਤਾਂ ਵੀ ਮਰਦਾਂ ਦਾ ਸਾਥ ਦਿੰਦੀਆਂ ਹਨ। 'ਢਾਂਡਾ' ਨਾਟਕ ਦਾ ਮੁੱਖ ਪਾਤਰ 'ਮਾਤੂ' ਆਪਣੀ ਕਾਮ ਵਾਸਨਾ ਉੱਪਰ ਨਿਯੰਤਰਣ ਰੱਖਣ ਦਾ ਯਤਨ ਨਹੀਂ

ਕਰਦਾ ਸਗੋਂ ਮਾਸੂਮ ਅਤੇ ਬੇਵੱਸ 'ਭੂਟੀ' ਨੂੰ ਆਪਣੀ ਕਾਮ ਵਾਸਨਾ ਦਾ ਸ਼ਿਕਾਰ ਬਣਾਉਂਦਾ ਹੈ। ਇਸ ਸੰਬੰਧੀ ਡਾ. ਆਤਮਜੀਤ ਅਨੁਸਾਰ,

> ਭਾਵੇਂ ਔਲਖ ਨੇ ਇਸ ਰਚਨਾ ਵਿਚ ਵੀ ਮਾਤੂ ਦੀ ਆਰਥਿਕਤਾ ਤੇ ਉਸਦੇ ਹਾਣੀ ਦਰਸ਼ਨ ਦੀ ਆਰਥਿਕਤਾ ਦੇ ਅੰਤਰ ਨੂੰ ਉਘਾੜ ਕੇ ਆਪਣੇ ਪਸੰਦੀਦਾ ਵਿਸ਼ੇ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਪਰ ਮੁੱਖ ਰੂਪ ਵਿਚ ਇਹ ਸਾਰਾ ਕਾਰਜ ਇਕ ਸ਼ਿਕਾਰ ਬਾਲੜੀ ਦਾ ਨਾਟਕ ਹੈ ਜੋ ਕਿ ਕੋਈ ਵੀ ਪਹਿਲ ਕਦਮੀ ਨਹੀਂ ਕਰ ਸਕਦੀ। ਦੂਸਰੀਆਂ ਦੋ ਤੀਵੀਆਂ ਦੀ ਪਹਿਲ ਕਦਮੀ ਇਹ ਹੈ ਕਿ ਉਹ ਭੂਟੀ ਨੂੰ ਢਾਂਡੇ ਦੇ ਅੱਗੇ ਸੁੱਟਣ ਦੀਆਂ ਸਿੱਧੇ-ਅਸਿੱਧੇ ਰੂਪ ਵਿਚ ਜਿੰਮੇਵਾਰ ਹਨ। ਭਾਵੇਂ ਉਹ ਦੋਵੇਂ ਮਾਤੂ ਦੇ ਅੰਦਰਲੇ ਵਹਿਸ਼ੀ ਦੀਆਂ ਸਮਰਥਕ ਨਹੀਂ ਹਨ। ਪਰ ਇਕ ਔਰਤ ਦੇ ਰੂਪ ਵਿਚ ਭੂਟੀ ਨੂੰ ਉਸਤੋਂ ਮੁਕਤ ਕਰਨ ਦੀ ਇੱਛਾ ਦਾ ਕੋਈ ਬੀਜ ਵੀ ਉਹਨਾਂ ਵਿਚ ਨਹੀਂ ਹੈ। ਇਉਂ ਮਰਦ ਦੀ ਕਾਮ ਪੂਰਤੀ ਅਤੇ ਕਾਮ ਦਮਨ ਨੂੰ ਪੰਜਾਬੀ ਸੱਭਿਆਚਾਰਕ ਸੰਰਚਨਾ ਵਿਚ ਬਹੁਤ ਸਾਰੀਆਂ ਧਿਰਾਂ ਦੀ ਮੂਕ ਸਹਿਮਤੀ ਹਾਸਲ ਹੁੰਦੀ ਹੈ। ਪੀੜ੍ਹੀ ਦਰ ਪੀੜ੍ਹੀ ਮਰਦ ਸੱਤਾ ਵਾਲੇ ਸਮਾਜ ਵਿਚ ਕਾਮ ਦਮਨ ਦਾ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ। 'ਸਭਿਆਚਾਰਕ ਸਰੋਕਾਰਾਂ ਦੇ ਪੂਰਨ ਰੂਪ ਵਿਚ ਜਿਨਸੀ ਸੰਬੰਧਾਂ ਦੀ ਪ੍ਰਕਿਰਤੀ ਤੇ ਸਰੂਪ ਦੇ ਘੇਰੇ ਵਿਚ ਕਾਮ ਦੀ ਪੂਰਤੀ ਤਾਂ ਹੈ ਹੀ, ਇਹ ਪੂਰਤੀ ਤੇ ਆਨੰਦ ਕਿਧਰੇ ਸਵੈ-ਸਹਿਮਤੀ ਹੈ ਅਤੇ ਕਿਧਰੇ ਜ਼ੋਰਾ-ਜਬਰੀ ਹੈ। ਕਿਧਰੇ ਸਮਾਜਿਕ ਨਾ ਬਰਾਬਰੀ ਦੇ ਬਾਵਜੂਦ ਪਰਦਾਪੋਸ਼ੀ ਦਾ ਰਿਸ਼ਤਾ ਹੈ ਅਤੇ ਕਿਧਰੇ ਬੇਪਰਦਗੀ ਦਾ ਰਿਸ਼ਤਾ ਹੈ। ਕਿਧਰੇ ਜੈਵਿਕ ਲੋੜ ਹੈ ਅਤੇ ਕਿਧਰੇ ਆਰਥਿਕ ਮਜਬੂਰੀ ਹੈ। (ਵੀਰਪਾਲ 137)

ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੇ ਮਾਲਵੇ ਦੇ ਪੇਂਡੂ ਸਭਿਆਚਾਰ ਵਿਚ ਮਰਦ ਦੀ ਪ੍ਰਭੂਸੱਤਾ ਦੇ ਵੇਰਵਿਆਂ ਨੂੰ ਅਰਥ ਅਤੇ ਕਾਮ ਜਿਹੇ ਸੰਕਲਪਾਂ ਜ਼ਰੀਏ ਬਾਖੂਬੀ ਸਮਝਿਆ ਜਾ ਸਕਦਾ ਹੈ।

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿਚ ਔਰਤ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਹੋਏ ਮਸਲਿਆਂ ਨੂੰ ਵੀ ਗਹਿਰਾਈ ਤੋਂ ਸਮਝਣ ਦਾ ਯਤਨ ਕੀਤਾ ਹੈ। ਉਸਦੇ ਨਾਟਕਾਂ ਵਿਚ ਪੇਸ਼ ਹੋਣ ਵਾਲੀ ਔਰਤ ਪੇਂਡੂ ਸਮਾਜ ਦੀ ਪ੍ਰਤੀਨਿਧ ਔਰਤ ਹੈ। ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ। ਪੇਂਡੂ ਕਿਸਾਨੀ ਨਾਲ ਸੰਬੰਧਿਤ ਔਰਤ ਘੱਟ ਜ਼ਮੀਨ ਅਤੇ ਥੁੜਾਂ ਮਾਰੀ ਗ੍ਰਹਿਸਥੀ ਕਾਰਨ ਜਿਥੇ ਆਪਣੇ ਚਾਵਾਂ ਮਲਾਰਾਂ ਅਤੇ ਸੱਧਰਾਂ ਦਾ ਘਾਣ ਕਰਦੀ ਹੈ, ਉਥੇ ਆਪਣੀਆਂ ਸਰੀਰਕ-ਮਾਨਸਿਕ ਅਪੂਰਤੀਆਂ ਦਾ ਸੰਤਾਪ ਵੀ

ਹੰਢਾਉਂਦੀ ਹੈ। ਪੇਟ ਦੀ ਭੁੱਖ ਬੁਝਾਉਣ ਲਈ ਜਿਥੇ ਉਹ ਜਵਾਨੀ ਨੂੰ ਖੇਤਾਂ ਵਿਚ ਰੋਲਦੀ ਹੈ, ਉਥੇ ਦੋਹਰੇ ਸਭਿਆਚਾਰਕ ਪ੍ਰਤੀਮਾਨਾਂ ਕਾਰਨ ਸੰਤਾਪ ਵੀ ਭੋਗਦੀ ਹੈ। ਅਜਮੇਰ ਸਿੰਘ ਔਲਖ ਨੇ ਸਥਿਤੀਆਂ ਦੇ ਅਨੁਕੂਲ ਔਰਤ ਦੇ ਵਿਵਿਧ ਰੂਪ ਅਤੇ ਕਿਰਦਾਰ ਪੇਸ਼ ਕੀਤੇ ਹਨ। 'ਸੱਤ ਬਗਾਨੇ' ਨਾਟਕ ਦੀ ਪਾਤਰ 'ਮਿੰਦੋ' ਅਜਿਹੀ ਔਰਤ ਹੈ, ਜਿਹੜੀ ਦੋਹਰਾ ਸੰਕਟ ਭੋਗਦੀ ਹੈ। ਉਸਦਾ ਗ਼ਰੀਬ  ਬਾਪ ਥੋੜੇ ਜਿਹੇ ਲਾਲਚ ਪਿੱਛੇ ਉਸ ਨੂੰ ਸਿੱਧੜ ਜੱਟ ਦੇ ਲੜ ਲਾ ਕੇ ਤੋਰ ਦਿੰਦਾ ਹੈ, ਜਿਹੜਾ ਅਕਲ ਤੋਂ ਹੀ ਨਹੀਂ ਸਗੋਂ ਮਰਦਪੁਣੇ ਤੋਂ ਵੀ ਹੀਣਾ ਹੈ। ਇਸੇ ਕਰਕੇ ਆਪਣੀਆਂ ਕਾਮੁਕ ਲੋੜਾਂ ਦੀ ਪੂਰਤੀ ਲਈ 'ਮਿੰਦੋ' ਨਾਹਰੀ ਨਾਲ ਸਹਿਚਾਰ ਰੱਖਦੀ ਹੈ। ਮਿੰਦੋ ਨਾਹਰੀ ਦੇ ਪਰਿਵਾਰ ਦੀ ਜੈਕੁਰ ਦੇ ਮਰ ਜਾਣ ਉਪਰੰਤ ਪਿੱਛਲੇ ਤਿੰਨ ਮਹੀਨਿਆਂ ਤੋਂ ਲਗਾਤਾਰ ਰੋਟੀ-ਟੁੱਕ ਕਰਦੀ ਵਿਖਾਈ ਗਈ ਹੈ। ਨਾਹਰੀ ਇਸ ਨੂੰ ਮਿੰਦੋ ਦਾ ਅਹਿਸਾਨ ਮੰਨਦਾ ਹੈ, ਪਰ ਮਿੰਦੋ ਇਹ ਫਰਜ਼ ਸਮਝਦੀ ਹੈ ਕਿਉਂਕਿ 'ਨਾਹਰੀ' ਵਿਚੋਂ ਉਸਨੂੰ ਪੂਰਾ ਮਰਦ ਦਿੱਸਦਾ ਹੈ, ਜਿਹੜਾ ਕਿ ਉਸਦੇ ਪਤੀ ਘੋਗੇ ਵਿਚ ਨਹੀਂ ਹੈ। ਉਹ ਘੋਗੇ ਤੋਂ ਅੱਕੀ-ਥੱਕੀ ਹੋਈ ਹੈ। ਨਾਹਰੀ ਨੂੰ ਦਿਲੋਂ ਚਾਹੁੰਦੀ ਹੋਈ ਘੋਗੇ ਦੇ ਮਰਦਪੁਣੇ ਦਾ ਪਰਦਾ ਇਸ ਤਰ੍ਹਾਂ ਫਾਸ਼ ਕਰਦੀ ਹੈ:

ਰੋਣਾ ਤਾਂ ਐਸੇ ਗੱਲ ਦੈ। ਜੇ ਘੋਗਾ ਭਾਂਬੜ ਬਣ ਕੇ ਮੱਚਣ ਆਲਾ ਹੁੰਦਾ, ਮੈਂ ਪਰਾਈ ਅੱਗ 'ਚ ਕਿਉਂ ਹੱਡਾਂ ਦਾ ਬਾਲਣ ਬਾਲਦੀ। (ਔਲਖ 47)

ਮਿੰਦੋ ਪਿੰਡ ਦੀ ਦਲੇਰ ਔਰਤ ਦੀ ਨੁਮਾਇੰਦਗੀ ਕਰਦੀ ਹੈ। ਉਸਦਾ ਮੋਹ ਸਿਰਫ਼ 'ਨਾਹਰੀ' ਨਾਲ ਹੀ ਨਹੀਂ ਜਾਂ ਉਹ 'ਨਾਹਰੀ' ਨਾਲ ਸਿਰਫ਼ ਸਰੀਰਕ ਸੁੱਖ ਪ੍ਰਾਪਤ ਕਰਨ ਲਈ ਹੀ ਨਹੀਂ ਜੁੜੀ ਹੋਈ ਸਗੋਂ ਉਹ ਤਾਂ ਨਾਹਰੀ ਦੇ ਫਾਹੇ ਲੱਗਣ ਤੋਂ ਬਾਅਦ ਵੀ ਉਸਦੇ ਪਰਿਵਾਰ ਦੀ ਹਿਫ਼ਾਜਤ ਅਤੇ ਸਾਂਭ-ਸੰਭਾਲ ਕਰਦੀ ਹੈ। ਇਸ ਕਾਰਜ ਲਈ ਉਹ ਆਪਣੇ ਪਤੀ ਘੋਗੇ ਦੀ ਵੀ ਪਰਵਾਹ ਨਹੀਂ ਕਰਦੀ। ਮਿੰਦੋ ਦੇ ਪੁੱਤਰ ਦਾ ਨਕਸ਼ਾ ਪੂਰੀ ਤਰ੍ਹਾਂ ਨਾਹਰੀ ਨਾਲ ਮਿਲਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਉਹ ਚਾਹੁੰਦੀ ਹੋਈ ਵੀ 'ਨਾਹਰੀ' ਨੂੰ ਪੂਰੀ ਤਰ੍ਹਾਂ ਅਪਣਾ ਨਹੀਂ ਸਕਦੀ। ਉਸਦੇ ਅੰਦਰ ਇਕ ਆਕ੍ਰੋਸ਼ ਹੈ, ਜਿਹੜਾ ਪਿੱਤਰ-ਸੱਤਾ ਲਈ ਵੰਗਾਰ ਦੀ ਸੰਭਾਵਨਾ ਰੱਖਦਾ ਹੈ। ਮਿੰਦੋ ਦੁਆਰਾ ਨਾਹਰੀ ਨੂੰ ਆਖੇ ਗਏ ਇਹ ਸ਼ਬਦ ਇਸ ਗੱਲ ਦੇ ਸੂਚਕ ਪ੍ਰਤੀਤ ਹੁੰਦੇ ਹਨ :

...ਕਈ ਵਾਰੀ, ਪਤਾ ਨੀ ਕਿਉਂ, ਮੇਰੇ ਅੰਦਰ ਬੜੀ ਚੰਦਰੀ ਬੁਰਿਆਈ ਉਠਦੀ ਐ ਨਾਹਰੀ। ਜੀਅ ਕਰਨ ਲੱਗ ਪੈਂਦੇ ਬਈ ਮੈਂ ਪਿੰਡ ਦੀਆਂ ਬੀਹੀਆਂ ਵਿਚਦੀ ਚੀਕਾਂ ਮਾਰਦੀ ਸਿੱਧੀ ਤੇਰੇ ਘਰ ਆ ਵੜਾਂ। ....." ਪਰ ਫੇਰ ਫੇਰ ਮੇਰੀ ਦੇਹ ਕੰਬਣ..  (ਔਲਖ 21-22)

ਮਿੰਦੋ ਸਭਿਆਚਾਰਕ ਪਰਿਵੇਸ਼ ਵਿਚ ਵਿਚਰਦੀ ਮਰਯਾਦਾ ਪਾਲਕ ਔਰਤ ਦੀ ਪ੍ਰਤੀਨਿਧਤਾ ਕਰਦੀ ਹੈ, ਜਿਸਦਾ ਪਤੀ ਉਸਨੂੰ ਸਰੀਰਕ, ਮਾਨਸਿਕ ਸੁੱਖ ਦੇਣ ਤੋਂ ਅਸਮਰੱਥ ਹੈ। ਉਹ ਚਾਹੁੰਦੀ ਹੋਈ ਵੀ ਅਜਿਹਾ ਕੁਝ ਨਹੀਂ ਕਰ ਸਕਦੀ। ਜਿਸ ਨਾਲ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਨਮੋਸ਼ੀ ਝਲਣੀ ਪਏ। ਉਹ ਅੰਦਰ ਹੀ ਅੰਦਰ ਸੁਲਗਦੀ ਹੋਈ ਸੰਤਾਪ ਹੰਢਾਉਂਦੀ ਰਹਿੰਦੀ ਹੈ।

ਪੇਂਡੂ ਸਭਿਆਚਾਰ ਵਿਚਲਾ ਮਰਦ ਆਪਣੀਆਂ ਅਰਧ-ਜਗੀਰੂ ਕਦਰਾਂ-ਕੀਮਤਾਂ ਅਤੇ ਉਤਪਾਦਨ ਦੇ ਸਾਧਨਾਂ ਅਤੇ ਪ੍ਰਭੂਸੱਤਾ ਹੋਣ ਕਾਰਨ ਔਰਤ ਨਾਲ ਹਮੇਸ਼ਾ ਗੁਲਾਮਾਂ ਵਾਲਾ ਅਮਾਨਵੀ ਵਿਵਹਾਰ ਕਰਦਾ ਰਿਹਾ ਹੈ। ਅਜਮੇਰ ਸਿੰਘ ਔਲਖ ਨੇ ਮਰਦ ਦੀ ਅਜਿਹੀ ਹੀ ਹਉਂ ਨੂੰ 'ਸਲਵਾਨ' ਨਾਟਕ ਵਿਚ ਪ੍ਰਸਤੁਤ ਕੀਤਾ ਹੈ। ਇਸ ਨਾਟਕ ਦਾ ਮੁੱਖ ਪਾਤਰ 'ਸਲਵਾਨ' ਆਪਣੀ ਧੀ ਦੇ ਹਾਣ ਦੀ, ਆਪਣੇ ਤੋਂ ਅੱਧੀ ਉਮਰ ਦੀ ਲੂਣੀ, ਨੂੰ ਵਿਆਹ ਲਿਆਉਣ ਤੋਂ ਬਾਅਦ ਜਦੋਂ ਉਹ ਲੂਣੀ ਦੀਆਂ ਜੈਵਿਕ-ਮਾਨਸਿਕ ਅਤ੍ਰਿਪਤੀਆਂ ਨੂੰ ਸ਼ਾਂਤ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਉਹ ਮਰਦਾਵੇ ਰੋਹਬ ਨਾਲ ਡਰਾਵਾ ਦਿੰਦਾ ਹੈ ਜਿਹੜਾ ਪੇਂਡੂ ਮਰਦ ਦੀ ਪ੍ਰਭੂਸੱਤਾਵਾਦੀ ਹੋਂਦ ਨੂੰ ਬਿਆਨ ਕਰਦਾ ਹੈ :

ਸਲਵਾਨ : (ਬੇਇਜ਼ਤੀ ਮਹਿਸੂਸ ਕਰਦਾ) ਕਿਉਂ ਉਮਰ ਨੂੰ ਗੋਲੀ ਵੱਜੀ ਐ ਮੇਰੇ! ਤੇਰੇ ਅਰਗੀਆਂ ਅਜੇ ਦਸ ਹੋਰ ਵਿਆਹ ਸਕਦੈਂ.. ਸੁਣ! ਮੁੜ ਕੇ ਆਹ ਗੱਲ ਮੂੰਹੋਂ ਚਿਤਾਰੀ ਐ ਨਾ, ਵਢ ਕੇ ਅਹੀ ਜੀ ਥਾਂ ਸਿਟੂੰ ਬਈ ਹੱਡੀ ਪੱਸਲੀ ਨੀ ਥਿਆਉਣੀ। ਮੈਂ ਉਮਰਾਂ ਪਰਖਣ ਨੂੰ ਨੀ ਲਿਆਇਆ ਤੈਨੂੰ। ਅਲਾਦ ਦੀ ਖਾਤਰ ਲਿਆਇਐ। ਸਮਝੀ? ਅੰਦਰ ਬਹਿ ਕੇ ਮਰਜੀ ਦਾ ਖਾ, ਮਰਜੀ ਦਾ ਹੰਢਾ! ਹੋਰ ਚਿਰੜ-ਫਿਰੜ ਕਰੀ ਤਾਂ ਮੈਥੋਂ ਬੁਰਾ ਕੋਈ ਨੀ!(ਜਾਂਦਾ) ਸਾਲੀ ਮਹਿਲੀਂ ਰਹਿੰਦੀ ਐਸ਼ਾਂ ਲੁੱਟਦੀ, ਟੀਟਣੇ ਮਾਰਦੀ । (ਔਲਖ 211)

ਇਸ ਤਰ੍ਹਾਂ ਮਰਦ ਦੀ ਪ੍ਰਧਾਨਤਾ ਵਾਲੇ ਅਤੇ ਪਿਤਰਕੀ ਪ੍ਰਤਿਮਾਨਾਂ 'ਤੇ ਉਸਰੇ ਮਲਵਈ ਸਭਿਆਚਾਰ ਵਿਚ ਔਰਤ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਜਾਂ ਮਰਦਾਂ ਦੀਆਂ ਕਾਮ ਭਾਵਨਾਵਾਂ ਨੂੰ ਸੰਤੁਸ਼ਟ ਕਰਨ ਵਾਲੀ ਵਸਤੂ ਤੱਕ ਬਣ ਕੇ ਰਹਿ ਜਾਂਦੀ ਹੈ। ਇਸ ਪਿਤਰਕੀ ਜਕੜਬੰਦੀ ਵਾਲੇ ਸਮਾਜ-ਸਭਿਆਚਾਰ ਵਿਚ ਔਰਤ ਦੀਆਂ ਸਰੀਰਕ ਅਤੇ ਮਾਨਸਿਕ ਭਾਵਨਾਵਾਂ ਦਾ ਦਮਨ ਕਰਕੇ ਉਸਨੂੰ ਹਮੇਸ਼ਾ ਮਰਦ ਦੀ ਅਧੀਨਗੀ ਹੇਠ ਰੱਖਣ ਦਾ ਤਰੀਕਾ ਸਿਰਜਿਆ ਜਾਂਦਾ ਹੈ ਅਤੇ ਔਰਤ ਦੇ ਮਨੁੱਖੀ ਗੌਰਵ ਨੂੰ ਦਰੜ ਕੇ ਖੁੰਢਾ ਕਰ ਦਿੱਤਾ ਜਾਂਦਾ ਹੈ। ਮਰਦ ਦੀ ਪ੍ਰਭੂਸੱਤਾ ਵਾਲੇ ਸਭਿਆਚਾਰਕ ਪ੍ਰਬੰਧ ਵਿਚ ਔਰਤ ਨੂੰ ਡੂੰਘੀ ਤਰ੍ਹਾਂ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ ਕਿ ਉਸਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੈ। ਇਸ ਤਰ੍ਹਾਂ ਜੈਕੁਰ ਪੇਂਡੂ ਸਮਾਜ ਵਿਚ

ਘਰ ਕਰ ਚੁੱਕੀ ਚੀੜ੍ਹੀ ਜਾਤ-ਪਾਤੀ ਵਿਵਸਥਾ ਦੀ ਸ਼ਿਕਾਰ ਔਰਤ ਦੀ ਨੁਮਾਇੰਦਗੀ ਕਰਦੀ ਹੈ। 'ਜੈਕੁਰਾ' ਤਾਂ ਸਗੋਂ ਦੂਹਰਾ-ਤੀਹਰਾ ਸੰਕਟ ਭੋਗਦੀ ਹੈ। ਇਕ ਸੰਕਟ ਉਹ ਦਲਿਤ ਜਾਤੀ ਨਾਲ ਸੰਬੰਧਿਤ ਹੋਣ ਕਾਰਨ ਭੋਗਦੀ ਹੈ ਜਿਸ ਕਾਰਨ ਉਸਦੀ ਸਾਰੀ ਜ਼ਿੰਦਗੀ ਕੁੰਭੀ-ਨਰਕ ਬਣ ਜਾਂਦੀ ਹੈ। ਉਸਨੂੰ ਪੇਂਡੂ ਅਵਚੇਤਨ ਨੇ ਦਲਿਤ ਹੋਣ ਕਾਰਨ ਤੀਹ ਸਾਲਾਂ ਬਾਅਦ ਵੀ ਜੱਟ-ਭਾਈਚਾਰੇ ਦੀ ਨੂੰਹ ਵਜੋਂ ਸਵੀਕਾਰ ਨਾ ਕੀਤਾ। ਦੂਸਰਾ ਜ਼ਮੀਨ ਦੀ ਢੇਰੀ ਆਪਣੇ ਪੁੱਤਰਾਂ ਲਈ ਬਚਾਉਣ ਦੇ ਲਾਲਚ ਵਿਚ ਉਹ ਛੜੇ ਦਿਉਰ 'ਭੰਗੇ' ਦੀ ਕਾਮ ਪੂਰਤੀ ਦਾ ਸ਼ਿਕਾਰ ਵੀ ਬਣੀ ਰਹੀ। ਵਿਡੰਬਣਾ ਇਹ ਹੈ ਕਿ ਇਸ ਸਭ ਕੁਝ ਦੇ ਬਾਵਜੂਦ ਉਸਦੇ ਥੰਮ੍ਹੀਆਂ ਵਰਗੇ ਚਾਰ ਪੁੱਤਰਾਂ ਵਿਚੋਂ ਕਿਸੇ ਨੂੰ ਪੁੰਨ ਦਾ ਸਾਕ ਨਸੀਬ ਨਹੀਂ ਹੁੰਦਾ। ਇਹੋ ਜਿਹੀਆਂ ਕਰੂਰ ਸਥਿਤੀਆਂ ਦੀ ਜਕੜਬੰਦੀ ਵਿਚ ਫਸੀ 'ਜੈਕੁਰਾ' ਆਪਣੀ ਨੂੰਹ ਦਾ ਮੂੰਹ ਵੇਖਣ ਦੀ ਸਧਰ ਦੀ ਪੂਰਤੀ ਤੋਂ ਵੀ ਅਸਮਰਥ ਰਹਿ ਜਾਂਦੀ ਹੈ ਅਤੇ ਆਖਰ ਮਾਨਸਿਕ ਪਰੇਸ਼ਾਨੀ ਕਾਰਨ ਅਰਧ ਪਾਗਲਪਨ ਦੀ ਸ਼ਿਕਾਰ ਹੋ ਜਾਂਦੀ ਹੈ। ਇਸ ਮਾਨਸਿਕ ਪਰੇਸ਼ਾਨੀ ਵਿਚ ਹੀ ਉਹ ਪਿੰਡ ਦੀਆਂ ਔਰਤਾਂ ਅਤੇ ਉਨ੍ਹਾਂ ਦੇ ਪਿੰਡ ਦੇ ਮਰਦਾਂ ਨਾਲ ਨਜਾਇਜ਼ ਸੰਬੰਧਾਂ ਦਾ ਰੋਹਮਈ ਵਿਖਿਆਨ ਇਸ ਤਰ੍ਹਾਂ ਕਰਦੀ ਹੈ

ਵੇ ਮਿਹਰੂ ਹੁਣ ਤਾਂ ਛੱਡ ਦੇ ਧੌਲ ਦਾੜੀਆ ਆਵਦੀ ਨੂੰਹ..... ਦਿਉਰ ਉਡੀਕਦੈ......। ਵੇ ਭਾਊ ਬਸੰਤਿਆ ਤੇਰੀ ਕੁੜੀ...।ਵੇ ਅਰਜਨਾ।ਤੇਰੀ ਕੁਆਰੀ.... ਨੂੰ ਤਮਾਹਾ। ਵੇ ਲੰਬੜਾਂ। ...... ਵੇ ਸਰਪੰਚਾ। (ਔਲਖ 43)

ਉਹ ਔਰਤ ਮੁਕਤੀ ਲਈ ਸੰਘਰਸ਼ੀਲ ਹੋਣ ਦੀ ਥਾਵੇਂ ਚੇਤਨਾ ਦੀ ਅਣਹੋਂਦ ਵਿਚ ਬੋਲ-ਕਬੋਲ ਦੀ ਸਭਿਆਚਾਰਕ ਤਿਲਕਣ ਦੀ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ। 'ਜੈਕੁਰਾ' ਦੀ ਸੰਕਟ ਸਥਿਤੀ ਸੰਬੰਧੀ ਡਾ. ਆਤਮਜੀਤ ਦਾ ਕਥਨ ਹੈ ਕਿ,

> ਉਸਦੀ ਇਹ ਬਗਾਵਤ ਉਸਦੇ ਨਿਮਨ ਜਾਤੀ ਦੇ ਦਰਦ ਦੇ ਸੁਆਲ ਨੂੰ ਇਉਂ ਨਹੀਂ ਉਠਾਉਂਦੀ ਜਿਹੜਾ ਦਰਦ ਉਸਦੀ ਸਮੁੱਚੀ ਪ੍ਰਸਥਿਤੀ ਨੂੰ ਦੁਖਾਂਤਕ ਰੂਪ ਦੇ ਰਿਹਾ ਹੈ। ਉਹ ਆਪਣੀ ਮੁਕਤੀ ਵਾਸਤੇ ਪਿੰਡ ਦੀਆਂ ਔਰਤਾਂ ਤੇ ਮਰਦਾਂ ਦੇ ਕਾਮ ਸੰਬੰਧਾਂ ਨੂੰ ਨਾਅਰੇ ਦੀ ਸ਼ਕਲ ਵਿਚ ਉਠਾ ਕੇ ਦੁਨੀਆਂ ਛੱਡ ਜਾਂਦੀ ਹੈ। ਇਵੇਂ ਉਹਦੀਆਂ ਪਹਿਲ ਕਦਮੀਆਂ ਵਕਤੀ ਜਿਹੇ ਉਬਾਲ ਹੀ ਰਹਿੰਦੇ ਹਨ ਜਿਹੜੇ ਔਰਤ ਦੀ ਭਾਵੀ ਵਿਚ ਕਿਸੇ ਵੀ ਕਿਸਮ ਦਾ ਗੁਣਾਤਮਕ ਅੰਤਰ ਲਿਆਉਣ ਦਾ ਨਾਂ ਤਾਂ ਕੋਈ ਆਧਾਰ ਦੇਂਦੇ ਹਨ ਤੇ ਨਾ ਹੀ ਸੰਕੇਤ। (ਸੁਖਦੇਵ 52)

ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਸਭਿਆਚਾਰਕ ਪ੍ਰਸਥਿਤੀਆਂ ਦਾ ਚਿਤਰਣ ਬੜੀ ਸੰਜੀਦਗੀ ਨਾਲ ਕੀਤਾ ਹੈ। ਜਿਸ ਤੋਂ ਉਸਦੀ ਨਾਟ-ਦ੍ਰਿਸ਼ਟੀ ਦੇ ਵਿਭਿੰਨ ਪ੍ਰਤਿਮਾਨ ਉਜਾਗਰ ਹੁੰਦੇ ਹਨ। ਅਜਮੇਰ ਸਿੰਘ

ਔਲਖ ਦੇ ਨਾਟਕਾਂ ਦੀਆਂ ਬੁਨਿਆਦੀ ਸਮੱਸਿਆਵਾਂ, ਅਸਲ ਵਿਚ ਉਦੋਂ ਹੀ ਸਫ਼ਲਤਾਪੂਰਵਕ ਉਜਾਗਰ ਹੁੰਦੀਆਂ ਹਨ, ਜਦੋਂ ਉਹ ਆਪਣੇ ਔਰਤ ਪਾਤਰਾਂ ਨੂੰ ਵਿਭਿੰਨ ਪ੍ਰਸਥਿਤੀਆਂ ਵਿਚ ਜੀਵਨ ਗੁਜਾਰਦਿਆਂ ਪੇਸ਼ ਕਰਦਾ ਹੈ।

ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਔਰਤਾਂ ਨਾਲ ਸਰਕਾਰੀ ਤੰਤਰ ਦੁਆਰਾ ਹੁੰਦੀ ਧੱਕੇਸ਼ਾਹੀ ਦੇ ਮਸਲੇ ਨੂੰ ਵੀ ਉਜਾਗਰ ਕੀਤਾ ਗਿਆ ਹੈ। ਮਰਦ ਦੇ ਮੁਕਾਬਲੇ ਅਸਲ ਵਿਚ ਔਰਤ ਜ਼ਿਆਦਾ ਸੰਤਾਪ ਭੋਗਦੀ ਹੈ। ਇੱਜ਼ਤ ਅਣਖ ਲਈ ਜ਼ਮੀਨਾਂ ਦੇ ਲਾਲਚ ਵਿਚ ਮੁਕੱਦਮੇਬਾਜ਼ੀ, ਸਰੀਕੇਬਾਜ਼ੀ, ਬੇਲੋੜੇ ਝਗੜੇ, ਲੜਾਈਆਂ ਅਤੇ ਇੱਜ਼ਤ ਅਣਖ ਦੇ ਨਾਂ ’ਤੇ ਕਤਲ ਆਦਿ ਘਟਨਾਵਾਂ ਕਰਕੇ ਔਰਤ-ਮਰਦ ਦੇ ਮੁਕਾਬਲੇ ਮਾਨਸਿਕ ਸੰਤਾਪ ਕਿਤੇ ਜਿਆਦਾ ਹੰਢਾਉਂਦੀ ਹੈ। ਅਜਮੇਰ ਸਿੰਘ ਔਲਖ ਦੇ ਨਾਟਕ ’ਬਗਾਨੇ ਬੋਹੜ ਦੀ ਛਾਂ" ਨਾਟਕ ਵਿਚ ਵੀ ਅਜਿਹਾ ਹੀ ਵਾਪਰਦਾ ਹੈ। ਤਾਕਤਵਰ ਧਿਰਾਂ (ਧਨੀ ਕਿਸਾਨੀ) ਦੇ ਨੁਮਾਇੰਦੇ 'ਬਿਸ਼ਨੀ' ਦੇ ਪਤੀ ਅਤੇ ਉਸਦੇ ਜਵਾਨ ਪੁੱਤਰ ਨੂੰ ਸ਼ਰੇਆਮ ਕਤਲ ਕਰ ਦਿੰਦੇ ਹਨ ਅਤੇ ਪੈਸੇ ਦੀ ਤਾਕਤ ਨਾਲ ਕਾਨੂੰਨੀ ਲੜਾਈ ਵੀ ਜਿੱਤ ਲੈਂਦੇ ਹਨ। ਬਿਸ਼ਨੀ ਦੇ ਇਹ ਬੋਲ ਨਾ-ਕੇਵਲ ਉਸਦੀ ਬੇਵਸੀ ਨੂੰ ਪ੍ਰਸਤੁਤ ਕਰਦੇ ਹਨ ਸਗੋਂ ਉਸਦੇ ਸ਼ਰੀਕਾਂ ਦੀ ਪ੍ਰਭੂਸੱਤਾ ਹਾਸਲ ਕਰਨ ਦੀ ਚੇਸ਼ਟਾ ਨੂੰ ਵੀ ਪ੍ਰਸਤੁਤ ਕਰਦੇ ਹਨ :

ਬਿਸ਼ਨੀ : ਭਰੀ ਸੱਥ 'ਚ ਸਿਖਰ ਦੁਪਹਿਰੇ ਸ਼ਰੀਕਾਂ ਨੇ ਪਹਿਲਾਂ ਉਹਨੂੰ ਵੱਢਿਆ, ਫੇਰ ਮੇਰੇ ਕਾਲਜੇ ਦੀਆਂ ਆਂਦਰਾ ਟੋਟੇ-ਟੋਟੇ ਕਰਤੀਆਂ! ਕਿਸੇ ਸੁਣੀ ਮੇਰੀ? ਦਾਲਤਾਂ ਨੇ ਵੱਢੀਆਂ ਲੈ ਕੇ ਰੱਸੇ ਲਾਹ ਤੇ। ਕਿੱਥੇ ਐ ਅਨੁਸਾਫ ਪੁੱਤ। ਬਹੁਤ ਭੁੱਲਦੀ ਐ ਪੁੱਤ, ਬਹੁਤ ਭੁਲਦੀ ਐਂ ਪਰ ਜਦ ਸਰੀਕ ਦਗੜ ਦਗੜ ਕਰਦੇ ਬਾਰ, ਮੂਹਰਿਉਂ ਲੰਘਦੇ ਐ। ਦੇਹ ਨੂੰ ਲਾਂਬੂ ਜਿਆ ਲਗ ਜਾਂਦੇ ਜਾਣੀ ਦੀ। (ਔਲਖ 54)

ਅਜਮੇਰ ਸਿੰਘ ਔਲਖ ਦੇ 'ਹਰਿਉ ਬੂਟ' ਨਾਟਕ ਵਿਚ ਧਰਮ ਅਤੇ ਸਮਾਜ ਦੇ ਠੇਕੇਦਾਰਾਂ ਦੇ ਵਿਰੁੱਧ ਪੈਦਾ ਹੋਈ ਅੱਤਵਾਦ ਦੀ ਸਮੱਸਿਆ ਨੂੰ ਲਿਆ ਗਿਆ ਹੈ । ਨੌਜਵਾਨ ਵਰਗ ਕਈ ਵਾਰ ਵਿਰੋਧ ਦਾ ਇਹ ਰਾਹ ਅਖਤਿਆਰ ਕਰ ਲੈਂਦਾ ਹੈ। ਇਸ ਨਾਟਕ ਦਾ ਪਾਤਰ ਸਿਕੰਦਰ ਘਰ ਛੱਡ ਕੇ ਅੱਤਵਾਦੀ ਬਣ ਜਾਂਦਾ ਹੈ। ਕੁਝ ਨੌਜਵਾਨ ਸੇਧ ਨਾ ਹੋਣ ਕਰਕੇ ਆਪ ਤਾਂ ਇਸ ਬਿਖੜੇ ਪੈਂਡੇ ’ਤੇ ਪੈਂਦੇ ਹਨ, ਪਰ ਪਿੱਛੇ ਪੁਲਿਸ ਉਨ੍ਹਾਂ ਦੇ ਪਰਿਵਾਰਾਂ ਦਾ ਜੀਣਾ ਹਰਾਮ ਕਰ ਦਿੰਦੀ ਹੈ ਅਤੇ ਬੇਪੱਤੀ ਕਰਦੀ ਹੈ। ਇਸ ਨਾਟਕ ਦੇ ਪਾਤਰ ਸਿਕੰਦਰ ਦੇ ਅੱਤਵਾਦੀ ਬਣਨ ਤੋਂ ਬਾਅਦ ਪੁਲਿਸ ਸਿਕੰਦਰ ਦੇ ਮਾਂ-ਪਿਉ, ਭਰਾ-ਭਾਬੀ, ਭੈਣ ਸਮੇਤ ਸਾਰੇ ਪਰਿਵਾਰ ਨੂੰ ਫੜ ਕੇ ਸੱਥ ਵਿਚ ਖੜਾ ਕਰ ਲੈਂਦੀ ਹੈ। ਸਾਰੇ ਪਿੰਡ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ। ਐਸ. ਐਸ. ਪੀ. ਸਿਕੰਦਰ ਦੇ

ਪਰਿਵਾਰ ਨੂੰ ਸੱਥ ਵਿਚ ਸਾਰਿਆਂ ਦੇ ਵਿਚ ਬਿਠਾ ਕੇ, ਉਸਦੀ ਮਾਂ, ਭੈਣ ਅਤੇ ਭਰਜਾਈ ਨੂੰ ਨੰਗਾ ਕਰਨ ਦਾ ਆਦੇਸ਼ ਦੇ ਦਿੰਦਾ ਹੈ ਜਿਸਦਾ ਪਤਾ ਇਸ ਵਾਰਤਾਲਾਪ ਤੋਂ ਲਗਦਾ ਹੈ।

ਐਸ. ਐਸ. ਪੀ. ਦੀ ਅਵਾਜ : ਉਸ ਕੁੱਤੀ ਦੇ ਪੁੱਤ ਦੀ ਮਾਂ, ਭੈਣ ਤੇ ਭਰਜਾਈ ਨੰਗੀਆਂ ਕਰੋ ਇਸ ਭਰੀ ਸੱਥ ਵਿਚ। (ਔਲਖ 220)

ਇਸ ਤਰ੍ਹਾਂ ਜਦੋਂ ਕਿ ਮਾਂ, ਭੈਣ ਅਤੇ ਭਰਜਾਈ ਦਾ ਕੋਈ ਕਸੂਰ ਨਹੀਂ ਹੈ ਪਰ ਫਿਰ ਵੀ ਭਰੀ ਸੱਥ ’ਚ ਐਸ. ਐਸ. ਪੀ. ਦੁਆਰਾ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਥਾਣੇ ਵਿਚ ਵੀ ਬਹੁਤ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ।

ਅਜਮੇਰ ਸਿੰਘ ਔਲਖ ਦੁਆਰਾ ਦੇਸ਼ ਵੰਡ ਸਮੇਂ ਬੀਮਾਰ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਦੁਆਰਾ ਮਾਨਵੀ ਰਿਸ਼ਤਿਆਂ ਦੇ ਕੀਤੇ ਘਾਣ ਦੀ ਯਥਾਰਥਕ ਅਤੇ ਹਿਰਦੇ ਵੇਦਕ ਤਸਵੀਰ 'ਅੰਨ੍ਹੇ ਨਿਸ਼ਾਨਚੀ’ ਨਾਟਕ ਵਿਚ ਜੀਵੰਤ ਰੂਪ ਵਿਚ ਪੇਸ਼ ਕੀਤੀ ਗਈ ਹੈ। ਇਸ ਘਟਨਾ ਸਮੇਂ ਸਮਾਜਿਕ ਅਤੇ ਖ਼ੂਨ ਦੇ ਰਿਸ਼ਤਿਆਂ ਨੇ ਜਿਸ ਟੁੱਟ-ਭੱਜ ਦਾ ਦੁਖਾਂਤ ਭੋਗਿਆ ਉਸ ਦੀਆਂ ਵੱਖ-ਵੱਖ ਪਰਤਾਂ ਨੂੰ ਉਘਾੜਿਆ ਗਿਆ ਹੈ। ਔਲਖ ਨੇ ਦੇਸ਼ ਵੰਡ ਸਮੇਂ ਹੋਈ ਬੁਰਛਾਗਰਦੀ ਅਤੇ ਮਾਰ-ਕੁੱਟ ਦਾ ਮੁੱਖ ਦੋਸ਼ੀ ਸਮੇਂ ਦੇ ਹਾਕਮ ਅਤੇ ਅਖੌਤੀ ਧਾਰਮਿਕ-ਠੇਕੇਦਾਰਾਂ ਨੂੰ ਠਹਿਰਾਇਆ। ਜਨੂੰਨ ਵਿਚ ਅੰਨ੍ਹੇ ਹੋਏ ਲੋਕਾਂ ਨੇ ਸ਼ਿਕਾਰ ਔਰਤ ਨੂੰ ਹੀ ਬਣਾਇਆ। ਉਸਦੀ ਇੱਜ਼ਤ ਨੂੰ ਤਾਰ-ਤਾਰ ਕੀਤਾ ਗਿਆ, ਜਿਸਦੀ ਰੂਹ ਕੰਬਾਊ ਤਸਵੀਰ 'ਅੰਨ੍ਹੇ ਨਿਸ਼ਾਨਚੀ' ਨਾਟਕ ਵਿਚ ਵੇਖੀ ਜਾ ਸਕਦੀ ਹੈ। ਮਨੁੱਖੀ ਮਨ ਦਾ ਇਹ ਸੁਭਾਅ ਹੈ ਕਿ ਉਹ ਕਿਸੇ ਤਰ੍ਹਾਂ ਦੀ ਲੁੱਟ ਅਤੇ ਵਹਿਸ਼ਤ ਨੂੰ ਪਹਿਲਾਂ ਤਾਂ ਕਾਫ਼ੀ ਸਮਾਂ ਸਹਿਨ ਕਰਦਾ ਹੈ ਪਰ ਇਕ ਸਥਿਤੀ ਅਜਿਹੀ ਆਉਂਦੀ ਹੈ, ਜਦੋਂ ਉਹ ਇਸ ਲੁੱਟ ਅਤੇ ਵਹਿਸਤ ਦੇ ਖਿਲਾਫ ਵਿਦਰੋਹ ਕਰ ਉਠਦਾ ਹੈ। ਇਸ ਪ੍ਰਕਾਰ ਔਰਤ ਵੀ ਜਦੋਂ ਆਰਥਿਕ ਲੁੱਟ ਅਤੇ ਵਹਿਸ਼ਤ ਦੇ ਨੰਗੇ ਰੂਪ ਨੂੰ ਸਹਿਨ ਨਹੀਂ ਕਰ ਸਕਦੀ ਤਾਂ ਉਸਦਾ ਮਨ ਵੀ ਵਿਦਰੋਹ ਨੂੰ ਜੋ ਸਾਰਥਕ ਸੇਧ ਮਿਲ ਜਾਵੇ ਤਾਂ ਮਨੁੱਖੀ ਇਤਿਹਾਸ ਵਿਚ ਇਨਕਲਾਬ ਦੇਖਣ ਨੂੰ ਮਿਲਦਾ ਹੈ। ਨਿਮਨ-ਕਿਸਾਨੀ ਦਾ ਵਿਦਰੋਹ ਵਿਦਵਤਾ ਤੋਂ ਸੱਖਣਾ ਹੁੰਦਾ ਹੈ। ਜਦੋਂ ਕਿ ਵਿਦਵਤਾ ਤੋਂ ਸੱਖਣਾ ਇਹ ਵਿਦਰੋਹ ਮਨੁੱਖੀ ਮਨ ਦੀ ਕੁੜਿੱਤਣ ਦੇ ਅੰਤ ਪੇਤਲੇ ਰੂਪ 'ਗਾਲਾਂ' ਵਿਚ ਵਟ ਜਾਂਦਾ ਹੈ। ‘ਜਦੋਂ ਬੋਹਲ ਰੋਂਦੇ ਹਨ’ ਨਾਟਕ ਵਿਚ ਇੰਨਸਪੈਕਟਰ ਨੇ ਨਸੀਬ ਕੌਰ ਦੀ ਗੱਲਬਾਤ ’ਚ ਇਹੋ ਜਿਹੀ ਸਥਿਤੀ ਸਪਸ਼ਟ ਹੁੰਦੀ ਹੈ।

ਇਨਸਪੈਕਟਰ : ਕੋਨੀ ਸਰਦਾਰਨੀ ਤੇਰੇ ਵੀ ਸਾਰੇ ਨੀ। ਤੈਨੂੰ ਟੱਕਰਿਆ ਨੀ ਕੋਈ ਟੱਲੇ ਆਲਾ।

ਨਸੀਬ ਕੌਰ : ਟੱਕਰੇ ਬਿਨਾਂ ਤੈਨੂੰ ਵੀ ਨੀ ਕੋਈ ਰਹਿੰਦਾ ਆਹ ਜਿਹੜੀ ਦੱਬ ਗ਼ਰੀਬ ਜੱਟਾਂ ਦੇ ਪੈਸੇ ਲੈ ਕੇ ਗੋਗੜ ਵਧਾਈ ਐ ਨਾ, ਇਹ 'ਚ ਕੀੜੇ ਪੈਣਗੇ ਜੋਗਿੰਦਰ ਸਿਆਂ ਸਰਦਾਰਾ ਕੀੜੇ।

ਇਨਸਪੈਕਟਰ: ਕੀੜੇ ਪਾਉਣ ਆਲੇ ਦੀ..... । (ਔਲਖ 77)

ਇਸ ਤਰ੍ਹਾਂ ਇਸ ਨਾਟਕ ਵਿਚ ਹੱਡ ਭੰਨਵੀ ਮਿਹਨਤ ਕਰਨ ਵਾਲੇ ਨਿਮਨ-ਕਿਸਾਨ ਭਗਤੇ ਅਤੇ ਕਾਮੇ ਮਾਧੋ ਦਾ ਪੂਹਲੀ ਵਿਆਜੜੀਏ ਅਤੇ ਇੰਸਪੈਕਟਰ ਜੋਗਿੰਦਰ ਸਿੰਘ ਦੀਆਂ ਸ਼ੋਸ਼ਿਤ ਨੀਤੀਆਂ ਦੇ ਵਿਰੁੱਧ ਵਿਦਰੋਹ ਪੈਦਾ ਹੁੰਦਾ ਦਿਖਾਇਆ ਗਿਆ ਹੈ। ਪਰ ਨਸੀਬ ਕੁਰ ਦੀ ਜੋਗਿੰਦਰ ਸਿੰਘ ਨੂੰ ਤਾੜਨਾ ’ਤੇ ਭਗਤੇ ਅਤੇ ਮਾਧੋ ਦੀ ਪੂਹਲੀ ਵਿਆਜੜੀਏ ਨੂੰ ਵੰਗਾਰ ਅਸਲ ਵਿਚ ਵਿਅਕਤੀਗਤ ਅਤੇ ਵਿਦਵਤਾ ਤੋਂ ਸੱਖਣੇ ਵਿਰੋਧ ਦੀ ਸੂਚਕ ਹੈ। ਅਜਿਹਾ ਵਿਅਕਤੀਗਤ ਪੱਧਰ ’ਤੇ ਕੀਤਾ ਵਿਦਰੋਹ ਮਨੁੱਖੀ ਮਨ ਦਾ ਗੁੱਸਾ ਕੱਢਣ ਤਕ ਸੀਮਿਤ ਰਹਿ ਜਾਂਦਾ ਹੈ। 'ਜਦੋਂ ਬੋਹਲ ਰੋਂਦੇ ਹਨ’ ਮਨੁੱਖੀ ਮਨ ਦੇ ਉਸ ਗੁੱਸੇ ਦਾ ਪ੍ਰਤੀਕ ਹੈ, ਜੋ ਸਮਾਜ ਦੇ ਅਨਿਆਂ ਦੇ ਪ੍ਰਤੀਕਰਮ ਵਜੋਂ ਮਨੁੱਖੀ ਮਨ ਦੀ ਬੇਵਸੀ ਨੂੰ ਪ੍ਰਗਟ ਕਰਦਾ ਹੈ।

ਅਜਮੇਰ ਸਿੰਘ ਔਲਖ ਨੇ ਨਾਟਕ 'ਹਾਏ ਨੀ ਮਨਮੀਤ ਕੁਰੇ' ਵਿਚ ਵੀ ਪਾਤਰ ਅਮਨ ਨੂੰ ਅਨਿਆਂ ਵਿਰੁੱਧ ਸੰਘਰਸ਼ ਕਰਦੇ ਦਿਖਾਇਆ ਹੈ। ਡੀ. ਐਸ. ਪੀ. ਛੋਟੇ ਕੁੱਟ ਉਸ ਕੁੜੀ ਅਮਨ ਨੂੰ ਬਹੁਤ ਡਰਾਉਂਦਾ ਧਮਕਾਉਂਦਾ ਹੈ। ਉਹ ਉਸਦਾ ਮੁਕਾਬਲਾ ਕਰਨ ਲਈ ਸੰਘਰਸ਼ ਦਾ ਰਾਹ ਫੜਦੀ ਹੈ ਅਤੇ ਇਨਕਲਾਬ ਜਿੰਦਾਬਾਦ ਦੇ ਨਾਹਰੇ ਲਾਉਂਦੀ ਹੋਈ ਉਸ ਅੱਗੇ ਆ ਖੜੀ ਹੁੰਦੀ ਹੈ। ਉਹ ਆਪਣੇ ਪਿਤਾ ਨੂੰ ਕਹਿੰਦੀ ਹੈ :-

(ਖਬਰਦਾਰ ਕਰਦੀ ਰੋਹਬਦਾਰ ਅਵਾਜ ਵਿਚ) ਪਾਪਾ। ਖਬਰਦਾਰ! ਜੇ ਮਾਫੀ ਮੰਗੀ ਐ ਤਾਂ! ਖਬਰਦਾਰ!! ਜੇ ਬਲਕਾਰੇ ਦੇ ਸਹਾਰੇ ਛਡਾਇਆ ਮੈਨੂੰ ਤਾਂ!!? (ਸਿਪਾਹੀ ਨੂੰ) ਚੱਲੋ ਵੀਰ ਜੀ! ਮੈਂ ਆਪ ਹੀ ਚਲਦੀਐ! ਬਠਾਉ ਮੈਨੂੰ ਪੁਲਸ ਵੈਨ ਵਿਚ! (ਦਾਦੀ ਨੂੰ) ਐਵੇ ਘਬਰਾਇਉ ਨਾ ਦਾਦੀ ਜੀ! ਮੈਂ ਇਕੱਲੀ ਨੀ! ਪੂਰੀ ਵੈਨ ਭਰੀ ਖੜ੍ਹੀ ਐ ਬਾਹਰ ਆਪਣੇ ਪਿੰਡ ਦੀਆਂ ਬਹਾਦਰ ਤ੍ਰੀਮਤਾਂ ਦੀ। ਇਹ ਲੜਾਈ ਤਾਂ ਹੁਣ ਸਾਰਿਆਂ ਨੂੰ ਈ ਰਲ ਕੇ ਲੜਨੀ ਪੈਣੀ ਐ!! (ਔਲਖ 262)

ਇਸ ਪ੍ਰਕਾਰ ਉਹ ਸੰਘਰਸ਼ ਦਾ ਰਾਹ ਫੜਦੀ ਹੋਈ ਆਪਣੇ ਹੱਕਾਂ ਪ੍ਰਤੀ ਲੜਨਾ ਚਾਹੁੰਦੀ ਹੈ। ਆਧੁਨਿਕ ਯੁਗ ਵਿਚ ਔਰਤ ਦੀ ਸਥਿਤੀ ਬਦਲਣ ਨਾਲ ਉਸਦੀ ਵਿਚਾਰਧਾਰਾ ਵਿਚ ਵੀ ਬਹੁਤ ਪਰਿਵਰਤਨ ਆਇਆ ਹੈ। ਉਹ ਡਰਪੋਕ ਨਹੀਂ ਰਹੀ,

ਕਿਉਂਕਿ ਉਹ ਆਪਣੇ ਅੰਦਰਲੀਆਂ ਸੰਭਾਵਨਾਵਾਂ ਤੋਂ ਜਾਣੂ ਹੋਣ ਕਰਕੇ ਸਵੈ-ਅਭਿਮਾਨ ਨਾਲ ਜਿਉਂਦੀ ਹੈ ਅਤੇ ਸਵੈ-ਰੱਖਿਆ ਲਈ ਵੀ ਕਿਸੇ ਮਰਦ ਤੋਂ ਆਸ ਨਾ ਰੱਖ ਕੇ ਪੂਰੀ ਬਹਾਦਰੀ ਨਾਲ ਜੀਵਨ ਜਿਉਂਦੀ ਹੈ।

ਇਸ ਤਰ੍ਹਾਂ ਔਲਖ ਦੇ ਨਾਟਕਾਂ ਵਿਚ ਮਰਦ-ਪ੍ਰਧਾਨ ਸਮਾਜ ਦੁਆਰਾ ਔਰਤ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਨੂੰ ਪੇਸ਼ ਕੀਤਾ ਗਿਆ ਹੈ। ਔਰਤ ਭਾਵੇਂ ਪੜ੍ਹ-ਲਿਖ ਕੇ, ਨੌਕਰੀ ਲੱਗ ਕੇ ਮਰਦ ਦੇ ਬਰਾਬਰ ਆ ਕੇ ਖੜ੍ਹੀ ਹੋ ਗਈ ਹੈ, ਪਰ ਸਮਾਜ ਉਸ ਨੂੰ ਬਰਾਬਰੀ ਦਾ ਰੁਤਬਾ ਨਹੀਂ ਦਿੰਦਾ। ਔਲਖ ਔਰਤ ਦੀ ਪਛਾਣ ਅਤੇ ਮਾਨਵੀ ਅਧਿਕਾਰਾਂ ਦੇ ਪ੍ਰਸ਼ਨਾਂ ਨੂੰ ਸਮਾਜਿਕ ਵਿਵਸਥਾ, ਪੰਜਾਬ ਦੇ ਵਿਸ਼ੇਸ਼ ਸਭਿਆਚਾਰਕ ਸੰਦਰਭ ਅਤੇ ਔਰਤਾਂ ਵਿਚ ਆ ਰਹੀ ਰਾਜਸੀ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਬਾਰੇ ਨਵੀਂ ਚੇਤਨਾ ਨੂੰ ਪੇਸ਼ ਕਰਦਾ ਹੈ।

### 4.2. **ਅਜਮੇਰ ਔਲਖ ਦੇ ਨਾਟਕਾਂ ਵਿਚ ਮਲਵਈ ਜਨਜੀਵਨ ਅਤੇ ਦਲਿਤ**

ਭਾਰਤੀ ਸਮਾਜ ਦੀ ਬਣਤਰ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਇਕ ਜਟਿਲ ਵਿਵਸਥਾ ਹੈ, ਬੁਨਿਆਦੀ ਤੌਰ ’ਤੇ ਦੇਖਿਆ ਜਾਵੇ ਤਾਂ ਭਾਰਤ ਸਮਾਜਿਕ ਬਣਤਰ ਤੋਂ ਇਕ ਜਮਾਤੀ ਵਿਵਸਥਾ ਵਾਲਾ ਦੇਸ਼ ਹੈ। ਭਾਰਤ ਦੀ ਜ਼ਮੀਨੀ ਸੰਰਚਨਾ ਏਨੀ ਗੁੰਝਲਦਾਰ ਹੈ ਕਿ ਇਸਦੀ ਹਰੇਕ ਕੜੀ ਆਪਸ ਵਿਚ ਉਲਝੀ ਹੋਈ ਹੈ। ਜੇਕਰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਹਰੇਕ ਕੜੀ ਮਨੁੱਖ ਦੇ ਜਨਮ ਨਾਲ ਜਾ ਜੁੜਦੀ ਹੈ। ਭਾਵ ਕਿਸੇ ਵਿਅਕਤੀ ਦੀ ਜਾਤ ਉਸਦੇ ਜਨਮ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ।

ਭਾਰਤੀ ਜਾਤ ਵਿਵਸਥਾ ਦੀ ਜਟਿਲਤਾ ਵਿਚੋਂ ਇਕ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਸ ਵਿਚੋਂ ਇਕ ਵਿਸ਼ੇਸ਼ ਵਰਗ ਦਾ ਜਨਮ ਹੋਇਆ ਜੋ ਕਿ ਦਲਿਤ ਵਰਗ ਦੇ ਨਾਮ ਨਾਲ ਭਾਰਤ ਦੇ ਹਰੇਕ ਕੋਨੇ ਵਿਚੋਂ ਸੁਣਾਈ ਦੇਣ ਲੱਗਾ। ਦਲਿਤ ਸ਼ਬਦ ਕੋਈ ਨਵੀਂ ਸੰਸਕ੍ਰਿਤੀ ਦੀ ਉਪਜ ਨਹੀਂ ਹੈ। ਸਗੋਂ ਇਹ ਸ਼ਬਦ ਨਾ ਕੇਵਲ ਸੰਸਕ੍ਰਿਤ ਅਤੇ ਉੱਤਰੀ ਭਾਰਤ ਦੀਆਂ ਸਭ ਭਾਸ਼ਾਵਾਂ ਵਿਚ ਮਿਲਦਾ ਹੈ। ਸਗੋਂ ਮੱਧ ਪੂਰਬੀ ਏਸ਼ੀਆ ਦੇ ਦੇਸਾਂ ਦੀਆਂ ਪੁਰਾਤਨ ਬੋਲੀਆਂ ਵਿਚ ਵੀ ਇਸ ਸ਼ਬਦ ਦੀ ਵਰਤੋਂ ਮਿਲਦੀ ਹੈ। ਦਲਿਤ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ ਕਿ ਦਲਿਤ ਦੀ ਵਰਤੋਂ ਉਹਨਾਂ ਤ੍ਰਿਸਕਾਰੇ ਹੋਏ ਵਰਗਾਂ ਲਈ ਕੀਤੀ ਜਾਂਦੀ ਹੈ ਜੋ ਉੱਚ ਜਾਤੀ ਦੇ ਹੱਥੋਂ ਸ਼ੋਸ਼ਿਤ ਹੁੰਦੇ ਰਹੇ ਹਨ। ਵੱਖ-ਵੱਖ ਵਿਦਵਾਨਾਂ ਨੇ ਇਸਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਡਾ. ਚਮਨ ਲਾਲ ਅਨੁਸਾਰ

ਦਲਿਤ ਸ਼ਬਦ ਉਹਨਾਂ ਲੋਕਾਂ ਲਈ ਰੂੜ ਹੁੰਦਾ ਜਾ ਰਿਹਾ ਹੈ ਜਿਹਨਾਂ ਦਾ ਅਪਮਾਨ ਜਾਂ ਸ਼ੋਸ਼ਣ ਕਰਨ ਦਾ ਅਧਿਕਾਰ ਸ਼ਕਤੀਸ਼ਾਲੀ ਵਰਗ ਨੇ ਪ੍ਰਾਪਤ ਕਰ ਲਿਆ ਹੈ। (ਚਰਨਜੀਤ 137)

ਅਜਮੇਰ ਸਿੰਘ ਔਲਖ ਨੇ ਸੁਚੇਤ ਤੌਰ 'ਤੇ ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਮਸਲਿਆਂ ਨੂੰ ਆਪਣੀ ਨਾਟ ਸਿਰਜਣਾ ਅਤੇ ਨਾਟ ਚਿੰਤਨ ਵਿਚ ਵਿਸ਼ੇਸ਼ ਥਾਂ ਦਿੱਤੀ ਹੈ। ਉਸਨੇ ਦਲਿਤ ਮਸਲਿਆਂ ਨੂੰ ਬੜਾ ਹੀ ਨਿੱਠ ਕੇ ਬਿਆਨ ਕੀਤਾ ਹੈ। ਉਸ ਦੀਆਂ ਨਾਟ ਕਿਰਤਾਂ ਵਿਚ ਚਿਤਰੇ ਦਲਿਤ ਮਨੁੱਖਾਂ ਬਾਰੇ ਡਾ. ਸੁਖਦੇਵ ਸਿੰਘ ਅਨੁਸਾਰ,

> ਉਸ ਦੇ ਨਾਟ ਸਾਹਿਤ ਦਾ ਕੇਂਦਰੀ ਪਾਤਰ ਸਾਮੰਤੀ ਨੈਤਿਕਤਾ ਵਾਲਾ ਆਸਥਾਵਾਨ, ਸੁੱਚਵਾਦੀ ਨਾਇਕ ਨਹੀਂ, ਸਗੋਂ ਆਰਥਿਕ ਗਰਜਾਂ ਦਾ ਭੰਨਿਆ ਅਜਿਹਾ ਲਘੂ ਮਾਨਵ ਹੈ, ਜਿਸ ਦੇ ਸਾਰੇ ਵਿਸ਼ਵਾਸ, ਨੈਤਿਕਤਾ ਅਤੇ ਮਨੁੱਖੀ ਗੁਣ ਗ੍ਰਹਿਣੇ ਹੋਏ ਹਨ। ਪਸ਼ੂ ਜੂਨ ਭੋਗਣ ਲਈ ਮਜਬੂਰ ਇਹ ਥੁੜਿਆ, ਟੁੱਟਿਆ ਬੰਦਾ ਆਪਣੀ ਹੋਂਦ ਅਤੇ ਸਮਾਜਿਕ ਵਿਵਸਥਾ ਦੋਹਾਂ ਤੋਂ ਅਕਲਮੰਦ ਹੈ। ਹਰ ਤਰ੍ਹਾਂ ਦੇ ਸੰਸਥਾਈ ਸ਼ਿਸ਼ਟਾਚਾਰ ਅਤੇ ਸਲੀਕੇ ਨੂੰ ਕਣੱਖੀ ਅੱਖ ਨਾਲ ਦੇਖਦਾ ਇਹ ਸਤਿਆ ਹੋਇਆ ਬੰਦਾ ਆਧੁਨਿਕ ਮਨੁੱਖ ਦੇ ਮਨੁੱਖ ਹੋਣ ਅੱਗੇ ਵੀ ਪ੍ਰਸ਼ਨ ਚਿੰਨ ਲਾਉਂਦਾ ਹੈ ਅਤੇ ਵਿਵਸਥਾ ਦੇ ਥੋਥ ਨੂੰ ਪਛਾਣ ਕੇ ਉਸ ਨੂੰ ਮੁੱਢੋਂ ਹੀ ਨਕਾਰ ਦਿੰਦਾ ਹੈ। (ਸੁਖਦੇਵ ਸਿੰਘ 150)

ਅਜਮੇਰ ਸਿੰਘ ਔਲਖ ਨੇ ਸਰਮਾਏਦਾਰ ਜਮਾਤ ਅਤੇ ਕਿਰਤੀ ਸ਼੍ਰੇਣੀ ਦੇ ਆਪਸੀ ਸੰਬੰਧਾਂ ਅਤੇ ਵਿਰੋਧਾਂ ਨੂੰ ਉਹਨਾਂ ਦੇ ਆਰਥਿਕ, ਸਭਿਆਚਾਰਕ, ਸਮਾਜਿਕ ਸੰਬੰਧਾਂ ਤਹਿਤ ਪਹਿਚਾਣ ਕੇ ਉਜਾਗਰ ਕੀਤਾ ਗਿਆ ਹੈ। ਅਜਮੇਰ ਸਿੰਘ ਔਲਖ ਨੇ ਕੇਵਲ ਛੋਟੇ ਖੇਤੀ ਵਾਲੇ ਪਰਿਵਾਰ ਦੀ ਹੀ ਅਜਿਹੀ ਸਮਾਜਿਕ-ਸਭਿਆਚਾਰਕ ਅਤੇ ਆਰਥਿਕ ਅਵਸਥਾ ਦਾ ਯਥਾਰਥ-ਚਿਤਰਣ ਨਹੀਂ ਕੀਤਾ ਸਗੋਂ, ਕਾਮਾ-ਸ਼੍ਰੇਣੀ ਦੇ ਪ੍ਰਤੀਨਿੱਧ ਪਾਤਰ ਲੈ ਕੇ, ਇਸ ਸ਼੍ਰੇਣੀ ਦੀ ਵੀ ਅਜਿਹੀ ਹੀ ਤਸਵੀਰ ਪੇਸ਼ ਕੀਤੀ ਹੈ। ਇਸ ਪ੍ਰਕਾਰਜ ਹਿੱਤ ਔਲਖ ਨੇ ਦੌਲਾ (ਮਜ਼ਬੀ-ਉਮਰ ਚਾਲੀ ਸਾਲ) ਅਤੇ ਉਸ ਦਾ ਮੁੰਡਾ (ਉਮਰ ਅਠ-ਨੌ ਸਾਲ) ਪਾਤਰ ਨਾਟਕ ਵਿਚ ਸ਼ਾਮਲ ਕੀਤੇ ਹਨ। ਇਸ ਦਾ ਮਨੋਰਥ ਇਹ ਸਪੱਸ਼ਟ ਕਰਨਾ ਹੈ ਕਿ ਕਾਮਾ-ਸ਼੍ਰੇਣੀ ਵੀ ਕਰਜੇ ਹੇਠ ਦਬੀ ਹੋਈ ਹੈ। ਬੇਸ਼ਕ ਦੌਲਾ ਅਤੇ ਉਸ ਦੀ ਘਰਵਾਲੀ ਵੀ ਜ਼ਿਮੀਂਦਾਰਾਂ ਦਾ ਕੰਮ-ਕਾਜ ਕਰਦੇ ਹਨ, ਪਰ ਉਹ ਆਪਣੇ ਅਠ-ਨੌ ਸਾਲਾਂ ਦੇ ਮੁੰਡੇ ਨੂੰ ਵੀ ਭਾਗੂ ਕੇ ਜੱਗਰ ਨਾਲ ਸੀਰੀ ਰਲਾਉਣਾ ਚਾਹੁੰਦੇ ਹਨ। ਛੋਟੀ ਉਮਰ ਦੇ ਬੱਚਿਆਂ ਨੂੰ ਪੜ੍ਹਾਈ ਪ੍ਰਤੀ ਰੁਚਿਤ ਹੋਣ ਦੇ

ਬਾਵਜੂਦ ਵੀ ਪੜ੍ਹਾਉਣ ਨਹੀਂ ਭੇਜਿਆ ਜਾਂਦਾ। ਸਗੋਂ ਉਸ ਨੂੰ ਮਜ਼ਬੂਰਨ ਸੀਰੀ ਰਲਣਾ ਪੈਂਦਾ ਹੈ। ਨਾਟਕ ਵਿਚ ਜਦੋਂ ਗੱਜਣ ਸਿੰਘ ਦੌਲੇ ਕੋਲ ਮੁੰਡੇ ਨੂੰ ਪੜ੍ਹਨ ਭੇਜਣ ਦੀ ਗੱਲ ਕਰਦਾ ਹੈ ਤਾਂ ਦੌਲਾ ਆਪਣੀ ਅਵਸਥਾ ਅਤੇ ਮਜ਼ਬੂਰੀ ਬਾਰੇ ਦਸਦਾ ਹੈ

ਲਾਣੇਦਾਰਾ ਗੱਲ ਕੀ ਦੱਸਾਂ ? ਮੇਰੀ ਤਾਂ ਕਈ ਪਾਸੇ ਜਾਨ ਕੁੜਿਕੀ 'ਚ ਆਈ ਵੀ ਐ? ਹੁਣ ਤੇਰੇ ਕੋਲੋਂ ਕੀ ਲਕੋ ਐ। ਮੈਂ ਭਾਗੂ ਕੇ ਜੱਗਰ ਤੋਂ ਕੁੜੀ ਦੇ ਵਿਆਹ ਵੇਲੇ ਪੰਜ ਸੌ ਬਿਨਾਂ ਵਿਆਜੂ ਫੜਿਆ ਸੀ। ਉਹ ਕਹਿੰਦਾ ਸਾਨੂੰ, ਇਕ ਪਾਲੀ ਮੁੰਡੇ ਦੀ ਲੋੜ ਐ। ਮੈਂ ਕਿਹਾ ਬਈ, ਚੱਲ ਏਥੇ ਘਰੇ ਇਹ ਕੁੱਤੇ ਖੱਸੀ ਕਰਦਾ ਫਿਰਦੈ, ਨਾਲੇ ਆਪਣੀ ਗਰਜ ਸਰੂ, ਨਾਲੇ ਇਹ ਸੰਭਿਆ ਰਹੂ। ਮੈਂ ਰਲਾ ਤਾ! ਇਹ ਐਸਾ ਕੁੱਤੇ ਦਾ ਬੀ ਐ, ਡੰਗਰ ਲੋਕਾਂ ਦੇ ਖੇਤਾਂ 'ਚ ਛੱਡੇ ਕੇ ਪਤਾ ਨਹੀਂ ਕਿੱਧਰ ਰੋਹੀਏ ਚੜਿਆ ਰਹਿੰਦੈ। ਆਹ ਹੁਣ ਸਾਧਾਂ ਦੇ ਡੇਰੇ ਫਿਰਦਾ ਸੀ ਗੋਲੀਆਂ ਖੇਡਦਾ ਅਗਲਾ ਮੇਰੇ ਘਰ ਆ ਖੜਦਾ ਨਿੱਤ। ਅਖੈ ਜਾਂ ਤਾਂ ਪੰਜ ਸੌ ਮੋੜ, ਜਾਂ ਫੇਰ ਮੁੰਡਾ ਚੱਜ ਨਾਲ ਤੋਰ। ਅਗਲੇ ਨੇ ਤਾਂ ਕਹਿਣਾ ਹੀ ਐ ਜਦੋਂ ਪੰਡ ਰੁਪਈਆਂ ਦੀ ਦਿੱਤੀ ਐ। (ਔਲਖ 51)

ਮਜ਼ਬੀ-ਦੌਲਾ ਦੋ ਵੇਲੇ ਦੀ ਪੇਟ ਪੂਰਤੀ ਲਈ ਆਪਣੇ ਮੁੰਡੇ ਨੂੰ ਪੜ੍ਹਾਉਣ ਦੀ ਬਜਾਏ ਸੀਰੀ ਰਲਾਉਣਾ ਚਾਹੁੰਦਾ ਹੈ। ਦੂਜੇ ਪਾਸੇ ਗੱਜਣ ਕੋਲ ਆਪਣੇ ਮੁੰਡੇ ਨੂੰ ਜਮਾਤੀਆਂ ਨਾਲ ਬੰਬਈ ਟੂਰ ’ਤੇ ਭੇਜਣ ਜੋਗੇ ਪੈਸੇ ਵੀ ਨਹੀਂ ਹਨ। ਭਾਵ ਕਾਮਾ ਅਤੇ ਛੋਟਾ ਕਿਸਾਨ ਦੋਵੇਂ ਆਰਥਕ ਘੁਟਣ ਵਿਚ ਘੁੱਟੇ ਹੋਏ ਅਤੇ ਨਪੀੜੇ ਹੋਏ ਹਨ।

ਇਸੇ ਤਰ੍ਹਾਂ ਅਜਮੇਰ ਸਿੰਘ ਔਲਖ ਦੇ ਨਾਟਕ 'ਲੋਹੇ ਦਾ ਪੁੱਤ' ਅਤੇ 'ਸੁੱਕੀ ਕੁੱਖ’ ਵਿਚ ਜੱਟ ਭਾਈਚਾਰੇ ਦੀ ਆਰਥਿਕ ਉਚਤਾ ਅਤੇ ਜਾਤੀਵਾਦੀ ਹਉਂ-ਅਹਿੰ ਦੇ ਵਸਤੂ-ਵੇਰਵੇ ਵੀ ਵੇਖੇ ਜਾ ਸਕਦੇ ਹਨ। ਜਗੀਰੂ ਸਮਾਜ ਵਿਚ ਸਦੀਆਂ ਤੋਂ ਗੁਲਾਮੀ ਭੋਗ ਰਿਹਾ ਦਲਿਤ ਬੰਦਾ ਆਪਣੇ ਉਜਵਲ ਭਵਿੱਖ ਲਈ ਨਾ ਆਪ ਸੋਚਦਾ ਹੈ ਅਤੇ ਨਾ ਹੀ ਆਪਣੀ ਅਗਲੀ ਪੀੜ੍ਹੀ ਵਿਚ ਅਜਿਹਾ ਵਿਸ਼ਵਾਸ ਪੈਦਾ ਕਰਦਾ ਹੈ। ਪਿੰਡਾਂ ਵਿਚ ਵਸਦੇ ਕਿਰਤੀਆਂ, ਕਾਮਿਆਂ ਦੀ ਸੋਚ ਅਤੇ ਦ੍ਰਿਸ਼ਟੀ ਇਸ ਹਦ ਤਕ ਸੰਕੁਚਤ ਹੋ ਚੁੱਕੀ ਹੈ ਕਿ ਉਹ ਆਪਣੀ ਅਗਲੀ ਪੀੜ੍ਹੀ ਦੇ ਬੱਚਿਆਂ ਨੂੰ ਜੱਟਾਂ ਦੇ ਸੀਰੀ ਜਾਂ ਪਾਲੀ ਬਣਾਉਣ ਦਾ ਹੀ ਸੁਪਨਾ ਲੈ ਸਕਦੇ ਹਨ। ‘ਸੁੱਕੀ ਕੁੱਖ’ ਨਾਟਕ ਦੇ ਪਾਤਰ 'ਟੱਲੀ ਵੱਲੋਂ ਬੋਲੇ ਹੇਠ ਲਿਖੇ ਬੋਲ ਉਸਦੇ ਬਾਪੂ ਦੀ ਅਜਿਹੀ ਸੋਚ ਅਤੇ ਸਦੀਆਂ ਦੀ ਗੁਲਾਮੀ ਨੂੰ ਹੀ ਪੇਸ਼ ਕਰਦੇ ਹਨ :

ਟੱਲੀ : ਮੇਰਾ ਬਾਪੂ ਕੋਈ ਸਿਆਣਾ-ਸੂਣਾ ਨੀਂ ਤਾਈ, ਤੈਨੂੰ ਐਵੇਂ ਲਗਦੈ! ਕਿਉਂ ? ਸਿਆਣਾ ਕਿਉਂ ਨੀ ਤੇਰਾ ਬਾਪੂ?

ਕਈ ਦਿਨ ਹੋਗੇ ਮੈਨੂੰ ਕਹਿੰਦਾ, 'ਹੁਣ ਤੂੰ ਵੱਡਾ ਹੋ ਗਿਆ। ਬੱਕਰੀਆਂ ਚਾਰਨ ਬਗਜਾ ਕਰ ਆਵਦੇ ਬਾਬੇ ਨਾਲ। ਗਾਹਾਂ ਆਲੇ ਸਾਲ ਤੋਂ ਤੈਨੂੰ ਕਿਸੇ ਜੱਟ ਨਾਲ ਪਾਲੀ ਰਲ੍ਹਾ ਦਿਆ ਕਰਾਂਗੇ। ਇਹ ਵੀ ਕੋਈ ਸਿਆਣਪ ਦੀ ਗੱਲ ਐ! (ਔਲਖ 28)

ਇਸ ਪ੍ਰਕਾਰ ਖੇਤ-ਮਜ਼ਦੂਰਾਂ ਅਤੇ ਹੋਰ ਕਿਰਤੀਆਂ ਦਾ ਸਾਰਾ ਜੀਵਨ ਜੱਟਾਂ ਉੱਪਰ ਨਿਰਭਰ ਹੋਣ ਕਾਰਨ ਉਹ ਸੁਤੰਤਰ ਤੌਰ 'ਤੇ ਸੋਚ ਸ਼ਕਤੀ ਰੱਖਣ ਦੇ ਸਮਰੱਥ ਨਹੀਂ ਹੁੰਦੇ, ਇਸੇ ਕਾਰਨ ਉਨ੍ਹਾਂ ਨੂੰ ਆਪਣੇ ਬੱਚਿਆਂ ਦਾ ਚੰਗਾ ਭਵਿੱਖ ਨਜ਼ਰ ਨਹੀਂ ਆਉਂਦਾ। ਅਸਲ ਵਿਚ ਕਿਰਤੀ-ਜਮਾਤ ਨੂੰ ਜਿਹਨੀ ਤੌਰ 'ਤੇ ਗੁਲਾਮ ਕਰ ਦਿੱਤਾ ਹੈ। ਸਿਟੇ ਵਜੋਂ ਸਦੀਆਂ ਦੀ ਮਾਨਸਿਕ ਗੁਲਾਮੀ ਨੇ ਦਲਿਤ ਭਾਈਚਾਰੇ ਦੇ ਮਜਦੂਰ ਕੰਮੀਆਂ ਨੂੰ ਸਿਰਫ ਆਰਥਿਕ ਤੌਰ 'ਤੇ ਹੀ ਨਹੀਂ ਰੱਖਿਆ ਸਗੋਂ ਸਮਾਜਿਕ ਤੌਰ 'ਤੇ ਹੀਣੇ ਅਤੇ ਨੀਵੇਂ ਹੋਣ ਦਾ ਅਹਿਸਾਸ ਵੀ ਭਰ ਦਿੱਤਾ ਹੈ। ਇਸ ਵਰਤਾਰੇ ਨੂੰ ਪੇਂਡੂ ਸਮਾਜ ਵਿਚੋਂ ਇਸੇ ਰੂਪ ਵਿਚ ਸਮਝਣ/ਸਮਝਾਉਣ ਲਈ ਅਜਮੇਰ ਸਿੰਘ ਔਲਖ ਦੇ ਨਾਟਕ ਵਿਸ਼ਲੇਸ਼ਣੀ ਅਤੇ ਮੁਲਾਂਕਣੀ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ।

ਇਸ ਨਾਟਕ ਰਾਹੀਂ ਔਲਖ ਨੇ ਦਲਿਤ ਪਾਤਰਾਂ (ਟੱਲੀ, ਮਿੱਤੂ ਅਤੇ ਭਾਗੋ) ਨੂੰ ਅਧਾਰ ਬਣਾ ਕੇ ਮੁਜਾਰਿਆਂ ਦੀ ਆਰਥਿਕ ਮੰਦਹਾਲੀ ਦਾ ਅਹਿਸਾਸ ਵੀ ਸਿਰਜਿਆ ਹੈ। ਤ੍ਰਾਸਦੀ ਇਹੋ ਹੈ ਕਿ ਉਨ੍ਹਾਂ ਦੇ ਬੱਚਿਆਂ ਦੇ ਸਿਰ ਜੰਮਦਿਆਂ ਹੀ ਰੋਟੀ ਦਾ ਖਿਆਲ ਭਾਰੂ ਹੋ ਜਾਂਦਾ ਹੈ। ਟੱਲੀ ਵਰਗੇ ਬੱਚੇ ਆਟੇ ਦੀ ਮਸ਼ੀਨ ਲਾਉਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਨੂੰ ਰੋਟੀ ਦੀ ਖਾਤਰ ਸੀਰੀ ਨਾ ਬਣਨਾ ਪਵੇ। ਉਹ ਆਪਣੀ ਤਾਈ ਧੰਨੋ ਨਾਲ ਗੱਲ ਸਾਂਝੀ ਕਰਦਾ

ਟੱਲੀ : ਜੇ ਤਾਈ, ਮੇਰਾ ਬਾਪੂ ਪੜ੍ਹਾਦੇ ਨਾ ਮੈਂ ਆਪਣੇ ਡਮਾਕ ਨਾਲ ਇਕ ਆਟੇ ਦੀ ਮਸ਼ੀਨ ਬਣਾਵਾਂ, ਜਿਹੜੀ ਨਾਲੇ ਤਾਂ ਆਟਾ ਦੇਈ ਜਾਵੇ ਨਾਲੇ ਕਰੇ। (ਔਲਖ 66)

ਔਲਖ ਨੇ ਇਸ ਨਾਟਕ ਰਾਹੀਂ ਦਰਸਾਇਆ ਹੈ ਕਿ ਬਹੁਤੇ ਲੋਕਾਂ ਦੀ ਆਮਦਨੀ ਦਾ ਕੋਈ ਹੀਲਾ ਵਸੀਲਾ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਲੋਕਾਂ ਕੋਲੋਂ ਮੰਗ ਕੇ ਖਾਣਾ ਪੈਂਦਾ ਹੈ। ਭਾਗੋ ਦਾ ਧੰਨੋ ਕੋਲ ਆਟਾ ਮੰਗਣ ਆਉਣਾ ਅਤੇ ਉਹ ਆਪਣੀ ਜਾਤ ਅਤੇ ਮੰਦੀ ਆਰਥਿਕ ਹਾਲਤ ਦੀ ਅਵਸਥਾ ਇਸ ਤਰ੍ਹਾਂ ਬਿਆਨ ਕਰਦੀ ਹੈ :-

ਭਾਗੋ : ਮੈਂ ਕਿਵੇਂ ਆਉਣਾ ਸੀ. ਹੁਣ ਕੀ ਦੱਸਾਂ? ਦੱਸਦੀ ਨੂੰ ਵੀ ਸੰਗ ਆਉਂਦੀ ਐ! ਮੈਂ ਤਾਂ ਆਟੇ ਦੀ ਮੁੱਠੀ ਲੈਣ ਆਈ ਐ। ਕਿੰਨੇ ਦਿਨ ਹੋਗੇ ਇਹਦੇ ਪਿਓ ਨਾਲ ਮੱਥਾ ਮਾਰਦੀ ਨੂੰ ਕੁੰਢਾ ਨੀ ਹੰਮਾਂ ਭਰਦਾ ਤਾਂ ਸਿਆਮੇ ਬਾਣੀਏ ਤੋਂ ਪੁੱਛ ਲੈ ਮਣ-ਧੌਣ ਦਾਣਿਆਂ ਦੀ? ਉਹ ਜਾਣੇ ਦੱਸੋ ਗਿਆਰੀ ਲਾਲ, ਹੁਣ ਟੱਬਰ ਤਾਂ ਭੁੱਖਾ ਮਰਦਾ ਦੇਖਿਆ ਨੀਂ ਜਾਂਦਾ। ਜਣੇ ਖਣੇ ਨੂੰ ਤਾਂ ਢਿੱਡ ਵੀ ਵਖਾਇਆ

ਨੀ ਜਾਂਦਾ? ਪਰ ਤੇਰੇ ਕੋਲੋਂ ਕੀ ਲਕੋ ਐ! ਆਹ ਤੇਰਾ ਘਰ ਚੌਥਾ ਘਰ ਐ, ਜੀਤੋ ਉਧਾਰ ਮੰਗਣ ਆਈ ਐ। ਸੱਚੀ ਗੱਲ ਐ, ਹੁਣ ਤਾਂ ਭਾਂਡਾ ਚੁੱਕ ਕੇ ਤੁਰਦਿਆਂ ਸ਼ਰਮ ਆਉਂਦੀ ਹੈ।(ਔਲਖ 51)

ਇਸ ਤਰ੍ਹਾਂ 'ਸੁੱਕੀ ਕੁੱਖ' ਨਾਟਕ ਵਿਚ ਸੰਤਾਨ ਦੀ ਅਣਹੋਂਦ ਆਰਥਿਕ ਮੰਦਵਾੜੇ ਅਤੇ ਅਣਪੜ੍ਹਤਾ ਸਦਕਾ ਪੈਦਾ ਹੋਈਆਂ ਮਾਨਵੀ ਸਮਾਜ ਵਿਚਲੀਆਂ ਪ੍ਰਸਥਿਤੀਆਂ ਦਾ ਵਿਵੇਚਨ ਕੀਤਾ ਹੈ। ਨਾਟਕ ਵਿਚ ਪ੍ਰਤੀਕੂਲ ਆਰਥਿਕ ਸੰਦਰਭ ਵਿਚੋਂ ਉਭਰਦਾ ਹੋਇਆ ਨੀਵੀਂ ਸ਼੍ਰੇਣੀ ਦੇ ਸਮਾਜ ਦਾ ਇਕ ਜਗਿਆਸਾ ਪੂਰਨ ਯਤਨ ਹੈ।

ਅਜਮੇਰ ਸਿੰਘ ਔਲਖ ਦੇ ਇਕ ਹੋਰ ਬਹੁ-ਚਰਚਿਤ ਇਕਾਂਗੀ 'ਜਦੋਂ ਬੋਹਲ ਰੋਂਦੇ ਹਨ' ਵਿਚ ਛੋਟੇ ਗ਼ਰੀਬ ਕਿਸਾਨ ਅਤੇ ਸੀਰੀ ਨੂੰ ਇਕੋ ਜਿਹੀਆਂ ਆਰਥਿਕ ਅਤੇ ਸਮਾਜਿਕ ਪ੍ਰਸਥਿਤੀਆਂ ਵਿਚ ਵਿਚਰਦਿਆਂ ਵਿਖਾਉਂਦੀ ਹੈ। ਥੋੜ੍ਹੀ ਜ਼ਮੀਨ ਦਾ ਮਾਲਕ ਜੱਟ ਭਗਤ ਸਿੰਘ ਅਤੇ ਜ਼ਮੀਨ ਰਹਿਤ ਸੀਰੀ ਮਾਧੋ ਦਾ ਜੀਵਨ-ਨਿਰਬਾਹ ਅਤੇ ਹੋਰ ਬਾਹਰੀ ਵਰਤਾਰਾ ਇਕੋ ਜਿਹਾ ਹੈ। ਉਨ੍ਹਾਂ ਦੋਵਾਂ ਦੀ ਜ਼ਿੰਦਗੀ ਸਰਮਾਏਦਾਰੀ ਨਜ਼ਾਮ ਦੀ ਲਪੇਟ ਥੱਲੇ ਦੱਬੀ ਕੁਚਲੀ ਜਾ ਰਹੀ ਹੈ। ਜੀਵਨ ਵਿਚ ਕੁਝ ਪਲਾਂ ਲਈ ਆਈ ਖੁਸ਼ੀ ਨੂੰ ਮਾਣਦਿਆਂ, ਉਹ ਭੁੱਲਣ ਦੇ ਯਤਨ ਵਿਚ ਹਨ, ਪਰ ਉਨ੍ਹਾਂ ਕੋਲ ਇਹ ਖੁਸ਼ੀਆਂ ਪਲ ਦੋ ਪਲ ਹੀ ਰਹਿੰਦੀਆਂ ਹਨ। ਬਾਕੀ ਸਾਰਾ ਜੀਵਨ ਫਿਰ 'ਜਿਵੇਂ ਸੀ' ਤਿਵੇਂ ਹੀ ਬਿਤਾਉਂਦੇ ਹਨ। ਪਰ ਅੰਤ ’ਤੇ ਉਹਨਾਂ ਦਾ ਬਹਿਕਿਆ ਹੋਇਆ ਰੋਹ ਸੁਰਜੀਤ ਹੋਣ ਦੇ ਅਸਾਰਾਂ ਵਿਚ ਨਜ਼ਰੀਂ ਪੈਂਦਾ ਹੈ, ਪਰ ਇਹ ਰੋਹ ਦਿਸ਼ਾ ਵਿਹੂਣਾ ਹੋਣ ਸਦਕਾ ਕੋਈ ਵਿਸ਼ੇਸ਼ ਭਾਂਤ ਦੀ ਮੱਲ ਨਹੀਂ ਮਾਰ ਸਕਦਾ। ਨਾਟਕ ਵਿਚ ਅਸੀਂ ਦੇਖਦੇ ਹਾਂ ਕਿ ਭਗਤ ਸਿੰਘ ਦੇ ਘਰ ਛਿਮਾਹੀ ਦੀ ਘਾਲ ਕਮਾਈ ਦੇ ਰੂਪ ਵਿਚ ਕਣਕ ਪੱਕ ਕੇ ਘਰ ਆਉਂਦੀ ਹੈ। ਭਗਤ ਸਿੰਘ ਦੇ ਪਰਿਵਾਰ ਦੇ ਮੈਂਬਰ ਇਸ ਨੂੰ ਵਿਹੜੇ ਵਿਚੋਂ ਬੱਠਲਾਂ, ਬਾਲਟੀਆਂ ਅਤੇ ਪਰਾਤਾਂ ਨਾਲ ਅੰਦਰ ਲਿਜਾ ਰਹੇ ਹਨ। ਮਾਧੋ ਵੀ ਭਗਤ ਸਿੰਘ ਦੇ ਘਰ ਹੀ ਹੈ। ਨਵੇਂ ਅਨਾਜ ਦੀ ਘਰ ਆਮਦ ’ਤੇ ਸਭਨਾਂ ਜੀਆਂ ਨੂੰ ਖੁਸ਼ੀ ਹੈ ਅਤੇ ਸਭਨਾਂ ਦੀ ਦਿਲੀ ਤਮੰਨਾ ਹੈ ਕਿ ਇਸ ਖੁਸ਼ੀ ਵਿਚ ਕੋਈ ਚੰਗੀ ਜਿਹੀ ਦਾਲ-ਭਾਜੀ ਬਣਾ ਕੇ ਖਾਧੀ ਜਾਵੇ। ਨਸੀਬ ਕੁਰ ਆਪਣੀ ਧੀ ਕਰਮਜੀਤ ਨੂੰ ਰੋਟੀਆਂ ਪਕਾਉਣ ਅਤੇ ਪੁੱਤਰ ਆਸਵੰਤ ਨੂੰ ਪੂਹਲੀ ਮੱਲ ਬਾਣੀਏ ਦੀ ਹੱਟੀ ਤੋਂ ਦਾਲ ਭਾਜੀ ਲਿਆਉਣ ਵਾਸਤੇ ਕਹਿੰਦੀ ਹੋਈ ਬਹੁਤ ਖੁਸ਼ੀ ਮਹਿਸੂਸ ਕਰ ਰਹੀ ਹੈ। ਉਸ ਅਨੁਸਾਰ ਘਰ ਅਨਾਜ ਆਉਣ ਦਾ ਦਿਨ ਸੁੱਖਾਂ ਨਾਲ ਆਉਂਦਾ ਹੈ। ਇਸੇ ਕਰਕੇ ਉਹ ਇਸ ਨੂੰ ਤਿੱਥ-ਤਿਉਹਾਰ ਵਰਗੀ ਖੁਸ਼ੀ ਸਮਝ ਕੇ ਮਨਾਉਣਾ ਚਾਹੁੰਦੀ ਹੈ। ਆਸਵੰਤ ਅਤੇ ਕਰਮਜੀਤ ਪੂਹਲੀ ਬਾਣੀਏ ਦੇ ਵਿਵਹਾਰ ’ਤੇ ਕਟਾਖਸ ਕਰਦੇ ਹਨ ਅਤੇ ਉਸ ਦੇ ਸਵਾਂਗ ਵੀ ਲਾਉਂਦੇ ਹੋਏ

ਇਹ ਸਪੱਸ਼ਟ ਕਰਦੇ ਹਨ ਕਿ ਉਹ ਬਾਣੀਆਂ ਤਾਂ ਪੈਸੇ ਦਾ ਪੁੱਤ ਹੈ। ਪਿਛਲੇ ਲੈਣੇ-ਦੇਣੇ, ਹਰ ਵਾਰ ਜਦੋਂ ਵੀ ਉਸ ਕੋਲ ਕੋਈ ਸੌਦਾ ਲੈਣ ਜਾਂਦਾ ਹੈ, ਗਿਣ-ਗਿਣ ਕੇ ਦੱਸਦਾ ਰਹਿੰਦਾ ਹੈ। ਨਵੇਂ ਅਨਾਜ ਦੀ ਆਮਦ ਦੀ ਖੁਸ਼ੀ ਵਿਚ ਸਾਰੇ ਪਰਿਵਾਰ ਦੀ ਸਲਾਹ ਬਣਦੀ ਹੈ ਕਿ ਮੀਟ ਬਣਾ ਕੇ ਖਾਧਾ ਜਾਵੇ। ਨਸੀਬ ਕੌਰ ਤੋਂ ਖਰੀਦ ਲਿਆਉਣ ਦੀ ਰਜਾਮੰਦੀ ਮਿਲਣ ਤੋਂ ਮਾਧੋ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ, ਜੇ ਨਸੀਬ ਕੁਰ ਘਰ ਆਏ ਅਨਾਜ ਨੂੰ ਵੇਖ ਕੇ 'ਤਿੱਥ-ਤਿਉਹਾਰ' ਵਰਗੀ ਖੁਸ਼ੀ ਮਹਿਸੂਸ ਕਰਦੀ ਹੈ ਤਾਂ ਮਾਧੋ ਦੀ ਖੁਸ਼ੀ ਦੀ ਵੀ ਇਹ ਝਲਕ ਘੱਟ ਖੁਸ਼ੀ ਵਾਲੀ ਨਹੀਂ :

ਮਾਧੋ: ਗੱਲ ਤਾਂ ਸਰਦਾਰਨੀਏ ਤੇਰੀ ਜਮਾਂ ਝੂਠ ਨੀ। ਦੇਖ ਜਿਵੇਂ ਤੂੰ ਆਖੀਐ, ਦਿਨ ਅਸੀਂ ਵੀ ਕਹਿਨੇ ਐ, ਅੱਜ ਤੀਆਂ ਅਰਗੇ। ਸਾਨੂੰ ਵੀ ਕਰ ਲੈਣ ਦੇ ਭਾਉਣੀਆਂ ਪੂਰੀਆਂ। ਨਾਲੇ ਭਗਤ ਨੂੰ ਦਾਰੂ ਦੀ ਸ਼ੀਸ਼ੀ ਤਾਂ ਲਿਆਊ ਨਾਲ ਜੇ ਝਟਕਾ ਹੋ ਗਿਆ ਫੇਰ ਤਾਂ ਰੰਗਪੁਰ ਖੇੜਾ ਬੱਝ ਜੂ ਪੀ ਕੇ ਦਾਰੂ ਦੀ ਘੁੱਟ, ਪਾ ਕੇ ਮੂੰਹ 'ਚ ਬੋਟੀ, ਐਂ ਕੇਰਾ ਬਾਦਸ਼ਾਹ ਕਿਹੜਾ ਨਈਂ ਬਣਜਾਂਗੇ। (ਔਲਖ 59-60)

ਅਸਲ ਵਿਚ ਆਰਥਿਕ ਮੰਦਵਾੜੇ ਦੇ ਸ਼ਿਕਾਰ, ਚਾਹੇ ਉਹ ਸੀਰੀ ਹੋਵੇ ਜਾਂ ਮਜ਼ਦੂਰ ਜਾਂ ਕਿਸਾਨ ਇਨ੍ਹਾਂ ਲੋਕਾਂ ਦੀਆਂ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਆਪਣੀ ਉਪਜੀਵਕਾ ਦੇ ਸਾਧਨਾਂ ’ਤੇ ਹੀ ਨਿਰਭਰ ਕਰਦੀ ਹੈ। ਵਿਚਾਰਧੀਨ ਰਚਨਾ ਵਿਚ ਭਗਤ ਸਿੰਘ ਅਤੇ ਮਾਧੋ ਦਾ ਪਰਿਵਾਰ ਵਰ੍ਹੇ ਛਿਮਾਹੀ ਆਏ ਅਨਾਜ ਤੋਂ ਹੀ ਆਪਣੀਆਂ ਲੋੜਾਂ, ਖਾਹਸ਼ਾਂ, ਉਮੰਗਾਂ ਆਦਿ ਨੂੰ ਪੂਰੀਆਂ ਕਰਨਾ ਚਾਹੁੰਦਾ ਹੈ ਪਰ ਇਹ ਲੋੜਾਂ ਮਰਦੇ ਦਮ ਤੱਕ ਵਿਚ ਲਟਕਦੀਆਂ ਰਹਿ ਜਾਂਦੀਆਂ ਹਨ। ਪੰਜਾਬੀ ਸਭਿਆਚਾਰ ਖੇਤੀ ਅਰਥਚਾਰੇ ਵਿਚੋਂ ਉਸਰਿਆ ਸਭਿਆਚਾਰ ਹੈ। ਮਾਲਵੇ ਦੀ ਅੱਸੀ ਫੀਸਦੀ ਆਬਾਦੀ ਪਿੰਡਾਂ ਵਿਚ ਵਸਦੀ ਹੈ। ਪਿੰਡ ਦੀ ਸੰਰਚਨਾ ਵਿਚ ਦੋ ਪਛਾਣਾਂ ਜਾਂ ਧਿਰਾਂ ਹਜਾਰਾਂ ਸਾਲਾਂ ਤੋਂ ਇਸ ਸਭਿਆਚਾਰ ਦੀ ਘਾੜਤ ਘੜ ਰਹੀਆਂ ਹਨ। ਇਨ੍ਹਾਂ ਵਿਚ ਮੁੱਖ ਧਿਰ ਹੈ ਮਾਲਕ ਅਤੇ ਦੂਸਰੀ ਧਿਰ ਹੈ ਗੁਲਾਮ। ਮਾਲਕ ਧਿਰ ਦੀ ਨੁਮਾਇੰਦਗੀ ਪੇਂਡੂ ਕਿਸਾਨੀ ਕਰਦੀ ਹੈ ਅਤੇ ਗੁਲਾਮ ਧਿਰ ਦੀ ਪ੍ਰਤਿਨਿਧਤਾ ਵਿਭਿੰਨ ਦਲਿਤ ਭਾਈਚਾਰੇ ਦੀਆਂ ਧਿਰਾਂ ਪੇਸ਼ ਕਰਦੀਆਂ ਹਨ। ਇਸ ਪੇਂਡੂ ਸਭਿਆਚਾਰਕ ਬਣਤਰ ਸੰਬੰਧੀ ਡਾ. ਰੌਣਕੀ ਰਾਮ ਅਨੁਸਾਰ

ਜੱਟਾਂ ਅਤੇ ਦਲਿਤਾਂ ਦੀ ਬਹੁ ਸੰਖਿਆ ਦਾ ਪਿੰਡਾਂ ਵਿਚ ਵੀ ਵਸਣ ਦਾ ਕਾਰਨ ਖੇਤੀਬਾੜੀ ਨਾਲ ਸਿੱਧੇ ਤੌਰ ’ਤੇ ਜੁੜੇ ਹੋਣ ਨਾਲ ਹੈ। ਇਥੇ ਇਹ ਦਰਸਾਉਣਾ ਦਰੁਸਤ ਹੋਵੇਗਾ ਕਿ ਜਿਥੇ ਜੱਟ ਭੂਮੀ ਦੇ ਮਾਲਕ ਹੋਣ ਦੇ ਨਾਤੇ ਜਿਮੀਂਦਾਰ ਅਤੇ ਸਰਦਾਰ

ਅਖਵਾਉਂਦੇ ਹਨ, ਉਥੇ ਨਾਲ-ਨਾਲ ਪਿੰਡਾਂ ਦੇ ਮਾਲਕ ਅਖਵਾਉਣ ਦਾ ਦਾਅਵਾ ਵੀ ਕਰਦੇ ਹਨ। ਇਸਦੇ ਉਲਟ ਦਲਿਤ ਆਪਣੀ ਵੱਡੀ ਗਿਣਤੀ ਦੇ ਬਾਵਜੂਦ ਪਿੰਡਾਂ ਵਿਚ ਕਾਮੇ, ਸੀਰੀ ਅਤੇ ਦਿਹਾੜੀਦਾਰ ਤੋਂ ਵੱਧ ਹੋਰ ਕੁਝ ਵੀ ਨਹੀਂ ਰਹਿੰਦੇ। ਅਸਲ ਵਿਚ ਉਹ ਸਹੀ ਅਰਥਾਂ ਵਿਚ ਪਿੰਡਾਂ ਦਾ ਹਿੱਸਾ ਵੀ ਨਹੀਂ ਹਨ। ਉਹ ਤਾਂ ਸਗੋਂ ਪਿੰਡਾਂ ਦੇ ਲਹਿੰਦੇ ਪਾਸੇ ਵਸੇ ਹੋਣ ਦਾ ਸੰਤਾਪ ਭੋਗਦੇ ਹਨ। ਇਸ ਦਾ ਇਕ ਕਾਰਨ ਸ਼ਾਇਦ ਉਹਨਾਂ ਦਾ ਜ਼ਮੀਨ ਤੋਂ ਸੱਖਣਾ ਹੋਣਾ ਵੀ ਹੈ। (ਰੌਣਕੀ 37)

ਭਾਵੇਂ ਗੁਰੂਮਤ ਨੇ ਜਾਤ-ਪਾਤ ਅਤੇ ਊਚ-ਨੀਚ ਵਰਗੀਆਂ ਵੇਲਾ ਵਿਹਾਅ ਚੁੱਕੀਆਂ ਬ੍ਰਾਹਮਣੀ ਧਾਰਨਾਵਾਂ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਜਦੋ-ਜਹਿਦ ਕੀਤੀ ਪ੍ਰੰਤੂ ਸੱਤਾਵਾਰ ਧਿਰਾਂ ਨੇ ਆਪਣੀ ਪ੍ਰਭੂਸੱਤਾ ਬਣਾਈ ਰੱਖਣ ਲਈ ਜਾਤ-ਪਾਤ ਦੇ ਪ੍ਰਬੰਧ ਨੂੰ ਜੜੋਂ ਖਤਮ ਨਹੀਂ ਹੋਣ ਦਿੱਤਾ। ਮਾਲਵੇ ਵਿਚ ਭਾਰੂ ਧਿਰ ਜੱਟ ਕਿਸਾਨੀ ਦੀ ਹੈ। ਉਹ ਜਮੀਨ ਦੀ ਮਾਲਕ ਹੋਣ ਕਾਰਨ ਆਰਥਿਕ ਤੌਰ 'ਤੇ ਵੀ ਸਾਧਨ ਸਪੰਨ ਹੈ, ਨਤੀਜੇ ਵਜੋਂ ਸਭਿਆਚਾਰਕ ਸੰਰਚਨਾ ਵਿਚ ਦਲਿਤ ਲੋਕਾਈ ਹਾਸ਼ੀਏ 'ਤੇ ਹੀ ਰਹੀ ਹੈ ਅਤੇ ਕਿਸਾਨ ਦੀ ਪ੍ਰਭੂਸਤਾ ਬਣੀ ਰਹੀ ਹੈ। ਅਜਮੇਰ ਸਿੰਘ ਔਲਖ ਨੇ ਨਾਟਕ "ਐਸੇ ਜਨ ਵਿਰਲੇ ਸੰਸਾਰੇ" ਵਿਚ ਜਾਤ ਦੀ ਕਠੋਰ ਸੰਸਥਾ ਨੂੰ ਸਿੱਖ ਧਰਮ ਦੀ ਵਿਚਾਰਧਾਰਕ ਪਹੁੰਚ ਅਤੇ ਇਸ ਦੀ ਪ੍ਰਤੀਨਿੱਧ ਕਿਸਾਨ ਸ਼੍ਰੇਣੀ ਦੇ ਸਭਿਆਚਾਰਕ ਪਰਿਪੇਖ ਜ਼ਰੀਏ ਸਮਝਿਆ ਹੈ। ਜੱਟ ਸ਼੍ਰੇਣੀ ਕੋਲ ਸਭਿਆਚਾਰ ਉਚਤਾ ਦੇ ਨਾਲ-ਨਾਲ ਰਾਜਸੀ ਅਤੇ ਧਾਰਮਿਕ ਸੰਸਥਾਵਾਂ ਦੀ ਮਾਲਕੀ ਹੈ। ਇਸ ਲਈ ਇਹ ਸਿੱਖ ਧਰਮ ਦੇ ਫਲਸਫੇ ਨੂੰ ਆਪਣੀ ਮਰਜ਼ੀ ਦੀ ਵਿਆਖਿਆ ਦੇਣ ਅਤੇ ਦਲਿਤ ਭਾਈਚਾਰੇ ਨੂੰ ਦਬਾਅ ਕੇ ਰੱਖਣ ਦੇ ਵਿਭਿੰਨ ਤਰਕ ਵੀ ਸਿਰਜ ਲੈਂਦੀ ਹੈ। ਇਸ ਨਾਟਕ ਵਿਚ ਜਿਮੀਂਦਾਰ ਸ਼੍ਰੇਣੀ ਦੀ ਪ੍ਰਤੀਨਿਧਤਾ ਕਰ ਰਹੇ ਗੁਰਦੁਆਰੇ ਦੇ ਪ੍ਰਧਾਨ 'ਅਮਰੀਕ' ਦੀ ਪਤਨੀ ਇਕ ਦਲਿਤ ਪਾਤਰ ਸੁੱਖਾ ਸਿੰਘ ਦੀ ਮਾਤਾ ਨੂੰ ਗੁਰਦੁਆਰੇ ਵਿਚ ਜਿਮੀਂਦਾਰ ਔਰਤਾਂ ਨਾਲੋਂ ਪਿੱਛੇ ਹੋ ਕੇ ਬੈਠਣ ਦਾ ਹੁਕਮ ਦਿੰਦੀ ਹੈ। ਅਜਮੇਰ ਸਿੰਘ ਔਲਖ ਦੁਆਰਾ ਸਿਰਜਿਆ ਇਹ ਵਸਤੂ ਵੇਰਵਾ ਨਾ-ਸਿਰਫ ਜੱਟ ਸ਼੍ਰੇਣੀ ਦੁਆਰਾ ਜਾਤ-ਪਾਤ ਦੀ ਬ੍ਰਾਹਮਣਵਾਦੀ ਸੰਸਥਾ ਨੂੰ ਜਿਉਂ ਦੀ ਤਿਉਂ ਬਣਾਈ ਰੱਖਣ ਦਾ ਤਰਕ ਸਿਰਜਦਾ ਹੈ, ਸਗੋਂ ਗੁਰੂਆਂ ਦੇ ਵਿਚਾਰਧਾਰਕ ਫਲਸਫੇ ਦੇ ਉਲਟ ਭੁਗਤਣ ਵਾਲਾ ਵੀ ਸਿੱਧ ਕਰਦਾ ਹੈ। ਪੇਂਡੂ ਸਭਿਆਚਾਰ ਵਿਚ ਆਪਣੀ ਪ੍ਰਭੂਸੱਤਾ ਬਣਾਈ ਰੱਖਣ ਲਈ ਅਖੌਤੀ ਉੱਚ ਸ਼੍ਰੇਣੀ ਨੇ ਜਾਤ-ਪਾਤ ਦਾ ਸਿਲਸਿਲਾ ਜਿਉਂ ਦਾ ਤਿਉਂ ਬਣਾ ਰੱਖਿਆ ਹੈ। ਸਮਾਜ-ਸਭਿਆਚਾਰ ਵਿਚਲੇ ਜਾਤ-ਪਾਤ ਅਧਾਰਿਤ ਵਿਤਕਰੇ 'ਤੇ ਕਟਾਖਸ ਕਰਕੇ ਅਜਮੇਰ ਸਿੰਘ ਔਲਖ ਸਿੱਖ ਵਿਚਾਰਧਾਰਾ ਵਿਚਲੇ ਵਿਵੇਕ ਨੂੰ ਪਛਾਨਣ ਵੱਲ ਸੰਕੇਤ ਕਰਦਾ ਹੈ।

ਕੁਲਵੰਤ : ਇਹ ਦੱਸੋ ਪਰਧਾਨ ਜੀ, ਬਈ ਗੁਰਦੁਆਰੇ ਜਾਤਾਂ-ਪਾਤਾਂ ਖਤਮ ਕਰਨ ਵਾਸਤੇ ਬਣਾਏ ਸੀ ਗੁਰੂ ਸਾਹਿਬਾਨ ਨੇ ਕਿ ਜਾਤਾਂ-ਪਾਤਾਂ ਕਾਇਮ ਰੱਖਣ ਵਾਸਤੇ?

ਅਮਰੀਕ : ਕੀ ਮਤਲਬ

ਕੁਲਵੰਤ : ਮਤਲਬ ਇਹ ਪ੍ਰਧਾਨ ਜੀ. ਅੱਜ ਵਿਸਾਖੀ ਦੇ ਭੋਗ 'ਤੇ ਆਹ ਆਪਣੇ ਸੁੱਖਾ ਸਿੰਘ ਦੀ ਮਾਤਾ ਗਈ ਸੀ ਗੁਰਦੁਆਰਾ ਸਾਹਿਬ ਮੱਥਾ ਟੇਕਣ। ਜਦੋਂ ਉਹ ਮੱਥਾ ਟੇਕ ਕੇ ਉਧਰ ਬੈਠਣ ਲਗੀ ਜਿਧਰ ਜੱਟਾਂ ਦੇ ਘਰਾਂ ਦੀਆਂ ਬੀਬੀਆਂ ਬੈਠੀਆਂ ਸੀ ਤਾਂ ਥੋਡੀ ਸਿੰਘਣੀ ਨੇ ਉਹਨੂੰ ਉਧਰ ਬੈਠਣ ਤੋਂ ਰੋਕ ਤਾ (ਔਲਖ 26)

ਇਉਂ ਪੰਜਾਬੀ ਸਭਿਆਚਾਰ ਵਿਚ ਉੱਚ ਸ੍ਰੇਣੀ ਦੁਆਰਾ ਹਰ ਥਾਂ ਆਪਣੀ ਪ੍ਰਭੁਸੱਤਾ ਬਣਾਈ ਰੱਖਣ ਲਈ ਦੂਸਰੀਆਂ ਧਿਰਾਂ ਨੂੰ ਨੀਚ ਹੋਣ ਦਾ ਅਵਚੇਤਨੀ ਤੌਰ 'ਤੇ ਅਹਿਸਾਸ ਕਰਵਾਇਆ ਜਾਂਦਾ ਹੈ ਅਤੇ ਆਪਣੀ ਧਾਰਮਿਕ ਅਤੇ ਸਮਾਜ-ਸਭਿਆਚਾਰਕ ਸਰਦਾਰੀ ਨੂੰ ਕਾਇਮ ਰੱਖਣ ਵਾਸਤੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਉਲਟਾ ਕਰਕੇ ਆਪਣੇ ਹੱਕ ਵਿਚ ਭੁਗਤਾਇਆ ਜਾਂਦਾ ਹੈ।

ਇਸ ਨਾਟਕ ਵਿਚੋਂ ਸਮਝਣ ਵਾਲਾ ਦੂਸਰਾ ਵਿਚਾਰਧਾਰਕ ਨੁਕਤਾ ਇਹ ਹੈ ਕਿ ਅਖੌਤੀ ਉੱਚੀਆਂ ਜਾਤਾਂ ਦੇ ਨੁਮਾਇੰਦੇ ਸਿਰਫ ਧਾਰਮਿਕ ਤੌਰ 'ਤੇ ਹੀ ਆਪਣਾ ਦਬਦਬਾ ਕਾਇਮ ਨਹੀਂ ਕਰਦੇ ਸਗੋਂ ਸਮਾਜਿਕ ਤੌਰ 'ਤੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਅਵਚੇਤਨੀ ਪੱਧਰ ਤੋਂ ਕਾਬੂ ਹੇਠ ਰੱਖਣ ਲਈ ਕਈ ਤਰ੍ਹਾਂ ਦੀਆਂ ਕੋਹਜੀਆਂ ਨੀਤੀਆਂ ਵੀ ਘੜ੍ਹਦੇ ਹਨ। ਇਸ ਮਕਸਦ ਵਿਚ ਕਾਮਯਾਬ ਹੋਣ ਲਈ ਉਹ ਪਿੰਡਾਂ ਦੇ ਮੋਹਤਬਰ ਲੋਕ ਜਿਹੜੇ ਅਸਲ ਵਿਚ ਉੱਚੀਆਂ ਜਾਤਾਂ ਵਿਚੋਂ ਹੀ ਹੁੰਦੇ ਹਨ, ਦਾ ਸਾਥ ਵੀ ਪ੍ਰਾਪਤ ਕਰ ਲੈਂਦੇ ਹਨ। 'ਐਸੇ ਜਨ ਵਿਰਲੇ ਸੰਸਾਰੈ' ਨਾਟਕ ਵਿਚ ਗੁਰਬੰਤ ਸਿੰਘ ਆਧੁਨਿਕ ਚੇਤਨਾ ਨਾਲ ਪਰਨਾਇਆ ਦਲਿਤ ਪਾਤਰ ਹੈ, ਜਿਸ ਦੀ ਜਵਾਨ ਧੀ ਕਿਰਨਾਂ ਵੀ ਉਸੇ ਵਾਂਗ ਇਨਕਲਾਬੀ ਜਜਬਾ ਰੱਖਦੀ ਹੈ। ਕਾਲਜ ਪੜ੍ਹਦੀ ਹੋਣ ਕਾਰਨ ਉਹ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਜੁਲਮ ਦੇ ਖਿਲਾਫ਼ ਖੜ੍ਹਨ ਦੀ ਵਿਚਾਰਧਾਰਕ ਚੇਤਨਾ ਰੱਖਦੀ ਹੈ, ਦੂਜੇ ਪਾਸੇ ਅਖੌਤੀ ਉੱਚ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਕੇ ਅਮਰੀਕ ਸਿੰਘ ਦਾ ਪੁੱਤਰ 'ਗਿੰਦਾ' ਕਰਦਾ ਹੈ। ਉਹ ਗੁਰਬੰਤ ਦੀ ਧੀ 'ਕਿਰਨਾਂ' ਦੀ ਇੱਜ਼ਤ ਨੂੰ ਹੱਥ ਪਾ ਕੇ ਪਿੰਡ ਵਿਚ ਉਸਦੀ ਭੰਡੀ ਕਰਨ ਅਤੇ ਉਸਦੇ ਇਸਤਰੀਤਵ ਨੂੰ ਵਲੂੰਧਰ ਦੇਣ ਦੀ ਸਾਜਿਸ਼ ਘੜ੍ਹਦਾ ਹੈ ਪ੍ਰੰਤੂ ਗੁਰਬੰਤ ਸਿੰਘ ਦੀ ਦਲੇਰ ਧੀ 'ਕਿਰਨਾ' 'ਗਿੰਦੇ' ਦੁਆਰਾ ਕੀਤੀ ਗਈ ਹਰਕਤ ਦਾ ਮੂੰਹ ਤੋੜਵਾ ਜਵਾਬ ਹੀ ਨਹੀਂ ਦਿੰਦੀ

ਸਗੋਂ ਮਰਦ-ਸੱਤਾ ਵਿਰੁੱਧ ਵੰਗਾਰ ਵੀ ਖੜ੍ਹੀ ਕਰਦੀ ਹੈ। ਸਥਿਤੀ ਦੀ ਵਿਡੰਬਣਾ ਇਹ ਹੈ ਕਿ ਬੇਕਸੂਰ ਹੋਣ ਅਤੇ ਦਲੇਰੀ ਨਾਲ ਉੱਚ ਜਾਤੀ ਦੇ ਮੁੰਡੇ ਨਾਲ ਮੁਕਾਬਲਾ ਕਰਕੇ ਆਪਣੀ ਸੁਰਖਿਆ ਕਰਨ ਦੇ ਬਾਵਜੂਦ ਪਿੰਡ ਦੀਆਂ ਤਾਕਤਵਰ ਧਿਰਾਂ ਉਲਟਾ ਕੁੜੀ (ਕਿਰਨਾ) ਉੱਪਰ ਤੋਹਮਤਬਾਜੀ ਲਾਉਣ ਲਗਦੀਆਂ ਹਨ। ਪਿੰਡ ਦਾ ਸਰਪੰਚ ਅਤੇ ਪੰਚਾਇਤ ਦੇ ਮੋਹਰੀ ਕਿਉਂਕਿ ਉੱਚ ਸ਼੍ਰੇਣੀ ਨਾਲ ਸੰਬੰਧਿਤ ਹਨ। ਇਸ ਲਈ ਆਪਣੀ ਸਰਦਾਰੀ ਬਣਾਈ ਰੱਖਣ ਲਈ ਕਸੂਰਵਾਰ ਧਿਰਾਂ ਦਾ ਖੁਦ ਹੀ ਸਾਥ ਨਹੀਂ ਦਿੰਦੇ ਸਗੋਂ ਠਾਣੇ ਪਹੁੰਚ ਕੇ ਠਾਣੇਦਾਰ ਦੀ ਮੁੱਠੀ ਵੀ ਗਰਮ ਕਰ ਆਉਂਦੇ ਹਨ। ਇਉਂ ਤਾਕਤਵਰ ਧਿਰਾਂ ਆਪਣੀ ਸਭਿਆਚਾਰਕ ਪ੍ਰਭੂਸੱਤਾ ਨੂੰ ਬਣਾਈ ਰੱਖਣ ਲਈ ਧਰਮ, ਦਾਨ, ਦੰਡ, ਭੇਦ ਦੀਆਂ ਸਾਰੀਆਂ ਪ੍ਰੇਰਨਾਵਾਂ ਨੂੰ ਆਪਣੇ ਹਿੱਤਾਂ ਅਨੁਕੂਲ ਵਰਤ ਕੇ ਆਪਣਾ ਦਾਬਾ ਬਣਾਈ ਰੱਖਦੀਆਂ ਹਨ ਅਤੇ ਦਲਿਤ ਵਰਗ ਨੂੰ ਅਤਿ ਦੀਆਂ ਕਰੂਰ ਸਥਿਤੀਆਂ ਵਿਚ ਜਿਉਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਭਾਰਤੀ ਪ੍ਰਸੰਗ ਵਿਚ ਦਲਿਤ ਵਰਗ ਉਹ ਹੈ ਜਿਹੜਾ ਸਦੀਆਂ ਤੋਂ ਬੁਨਿਆਦੀ ਅਧਿਕਾਰਾਂ ਤੋਂ ਵੰਚਿਤ ਕੀਤਾ ਗਿਆ ਹੈ। ਸ਼ੁੱਧ-ਅਸ਼ੁੱਧ ਦੀ ਬ੍ਰਾਹਮਣੀ ਰੂੜੀ ਤਹਿਤ ਇਹ ਉਹ ਵਰਗ ਹੈ ਜਿਹੜਾ ਸਦੀਆਂ ਤੋਂ ਪੈਦਾਵਾਰੀ ਸਾਧਨਾਂ, ਸਮਾਜਿਕ ਰੁਤਬੇ ਸਭਿਆਚਾਰਕ ਗੌਰਵ, ਧਾਰਮਿਕ ਅਧਾਰਾਂ, ਰਾਜਨੀਤਿਕ ਅਧਿਕਾਰਾਂ ਅਤੇ ਕਲਾਵਾਂ ਤੋਂ ਵਿਛੁਨਿਆ ਵਰਗ ਹੈ। ਭਾਰਤੀ ਦਲਿਤ ਦੀ ਵਿਭਿੰਨ ਸਭਿਆਚਾਰਾਂ ਅਤੇ ਸਮਾਜੀ-ਆਰਥਿਕ ਬਣਤਰਾਂ ਤੋਂ ਇਹ ਗੁਣਾਤਮਕ ਰੂਪ ਵਿਚ ਭਿੰਨਤਾ ਹੈ ਕਿ ਇਸ ਕੋਲ ਤਾਂ ਸਦੀਆਂ ਭਰ ਤੋਂ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ। ਇਉਂ ਜਿਸ ਵਰਗ ਨੂੰ ਵਿਚਾਰਧਾਰਕ ਸਾਜਿਸ਼ ਤਹਿਤ ਸਦੀਆਂ ਤੋਂ ਦਬਾ ਕੇ ਰੱਖਿਆ ਗਿਆ ਹੋਵੇ ਉਸਦੀ ਆਪਣੀ ਸਭਿਆਚਾਰਕ ਤੌਰ ’ਤੇ ਕੀ ਥਾਂ ਬਣੇਗੀ। ਨਿੱਜੀ ਸੰਪਤੀ ਦੀਆਂ ਮਾਲਕ ਧਿਰਾਂ ਉਸ ਨਾਲ ਕੀ ਸਾਂਝ ਬਣਾ ਸਕਦੀਆਂ ਹਨ ਜਦੋਂ ਉਹਨਾਂ ਰਿਸ਼ਤਿਆਂ ਵਿਚ ਜਾਤੀ ਅਤੇ ਸ਼੍ਰੇਣੀ ਵਿਰੋਧ ਕਾਇਮ ਹਨ। ਜਾਹਿਰ ਹੈ ਕਿ 'ਨਿੱਜੀ ਸੰਪਤੀ ਦੀ ਸੰਸਥਾ ਪ੍ਰਭੂਤਾ ਅਤੇ ਅਧੀਨਗੀ ਦੇ ਰਿਸ਼ਤੇ ਸਿਰਜਦੀ ਹੈ। ਜਿਸ ਕਰਕੇ ਸ਼੍ਰੇਣੀ ਸਮਾਜ ਹੋਂਦ ਵਿਚ ਆਉਂਦਾ ਹੈ। ਸ਼੍ਰੇਣੀ ਸਮਾਜ ਦੀ ਸੰਸਕ੍ਰਿਤੀ ਵੀ ਸ਼੍ਰੇਣੀ ਸੰਸਕ੍ਰਿਤੀ ਹੁੰਦੀ ਹੈ। ਇਹ ਸੰਸਕ੍ਰਿਤੀ ਨਾ ਕੇਵਲ ਸਾਂਸਕ੍ਰਿਤਿਕ ਵਿਰੋਧਾਂ ਨੂੰ ਜਨਮ ਦਿੰਦੀ ਹੈ ਸਗੋਂ ਮਨੁੱਖ ਦੀ ਪ੍ਰਕਿਰਤੀ ਦੇ ਅਬਦਲ ਹੋਣ ਦਾ ਸੰਕਲਪ ਵੀ ਸਿਰਜਦੀ ਹੈ ਅਤੇ ਮਨੁੱਖੀ ਪ੍ਰਕਿਰਤੀ ਦੇ ਸੰਪੂਰਣ ਸਾਂਸਕ੍ਰਿਤੀਕਰਣ ਲਈ ਲੋੜੀਂਦੇ ਹਾਲਾਤ ਵੀ ਪੈਦਾ ਹੋਣ ਦਿੰਦੀ ਹੈ। ਇਸ ਲਈ ਸਮਾਜ ਨਾ ਕੇਵਲ ਆਰਥਿਕ ਅਧਾਰ ’ਤੇ ਜਮਾਤੀ ਖਾਸੇ ਵਾਲਾ ਬਣ ਜਾਂਦਾ ਹੈ, ਸਗੋਂ ਸਭਿਆਚਾਰਕ ਦ੍ਰਿਸ਼ਟੀ ਤੋਂ ਵੀ ਜਾਤੀ ਅਤੇ ਜਮਾਤੀ ਸੰਰਚਨਾ ਦਾ ਧਾਰਨੀ ਬਣ ਜਾਂਦਾ ਹੈ।

ਪੇਂਡੂ ਸਭਿਆਚਾਰ ਵਿਚ ਜਾਤੀ ਅਤੇ ਜਮਾਤੀ ਸੰਬੰਧ ਦੇ ਮਹੱਤਵਪੂਰਨ ਪਹਿਲੂ ਹਨ। ਅਮੀਰਾਂ ਵੱਲੋਂ ਗ਼ਰੀਬ ਲੋਕਾਂ ਦੀ ਲੁੱਟ-ਖਸੁੱਟ ਅਤੇ ਜੁਲਮਾਂ ਨੂੰ ਸਮਾਜ ਵੱਲੋਂ ਵਿਚਾਰਧਾਰਕ ਤੌਰ 'ਤੇ ਜਾਇਜ਼ ਪ੍ਰਵਾਨ ਕਰ ਲਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰੀਆਂ ਲੋਕ ਲਹਿਰਾਂ ਅਤੇ ਗੁਰੂ ਸਾਹਿਬਾਨ ਦੇ ਪ੍ਰਭਾਵ ਕਾਰਨ ਜਾਤ-ਪਾਤ ਦੀ ਜਕੜਬੰਦੀ ਬਾਕੀ ਭਾਰਤੀ ਸਭਿਆਚਾਰਾਂ ਦੇ ਮੁਕਾਬਲੇ ਥੋੜ੍ਹੀ ਜਿਹੀ ਮੋਕਲੀ ਰਹੀ ਹੈ। ਪ੍ਰੰਤੂ ਅਖੌਤੀ ਉਚੀਆਂ ਤੇ ਨੀਵੀਆਂ ਜਾਤੀਆਂ ਅਜੇ ਵੀ ਆਪਸ ਵਿਚ ਰੋਟੀ-ਬੇਟੀ ਦੀ ਸਾਂਝ ਤੋਂ ਕਿਨਾਰਾ ਕਰਦੀਆਂ ਹਨ। ਇਹ ਗੱਲ ਵੱਖਰੀ ਹੈ ਕਿ ਪੂੰਜੀਵਾਦ ਦੇ ਪਸਾਰੇ ਨਾਲ ਜਦੋਂ ਇਕਹਿਰੇ ਪਰਿਵਾਰ ਦਾ ਸੰਕਲਪ ਉਭਰਿਆ ਹੈ ਅਤੇ ਪੇਂਡੂ ਜੱਟ ਕਿਸਾਨੀ ਦੀ ਜ਼ਮੀਨੀ ਢੇਰੀ ਪੀੜ੍ਹੀ ਦਰ ਪੀੜ੍ਹੀ ਘਟਣ ਨਾਲ ਜਦੋਂ ਕਿਸੇ ਜੱਟ ਦਾ ਰਿਸ਼ਤਾ ਆਪਣੀ ਜਾਤ ਵਿਚ ਪ੍ਰਵਾਨ ਨਹੀਂ ਚੜ੍ਹ ਸਕਦਾ ਤਾਂ ਉਹ ਕਿਸੇ ਨੀਵੀਂ ਜਾਤੀ ਦੀ ਔਰਤ ਨੂੰ ਆਪਣੇ ਘਰ ਵਸਾ ਕੇ ਜਾਂ ਯੂ. ਪੀ., ਬਿਹਾਰ ਤੋਂ ਮੁੱਲ ਦੀ ਤੀਵੀਂ ਲਿਆ ਕੇ ਆਪਣੀਆਂ ਘਰੇਲੂ ਲੋੜਾਂ ਅਤੇ ਮਨੋ-ਸਰੀਰਕ ਭਾਵਨਾਵਾਂ ਦੀ ਪੂਰਤੀ ਕਰਦਾ ਹੈ ਪ੍ਰੰਤੂ ਜਦੋਂ ਕੋਈ ਅਜਿਹੀ ਘਾਟ ਨਾ ਹੋਵੇ ਤਾਂ ਪੇਂਡੂ ਸਭਿਆਚਾਰਕ ਪਰਿਵੇਸ਼ ਵਿਚ ਉਸ ਨੂੰ ਅਲੋਕਾਰੀ ਘਟਨਾ ਸਮਝਿਆ ਜਾਂਦਾ ਹੈ ਜਦੋਂ ਕੋਈ ਇਸ ਤਰ੍ਹਾਂ ਦੀ ਘਟਨਾ ਘਟ ਜਾਂਦੀ ਹੈ ਤਾਂ ਫਿਰ ਪੇਂਡੂ ਸਭਿਆਚਾਰਕ ਅਵਚੇਤਨ ਤਿੜਕਦਾ ਹੈ। ਅਜਿਹੇ ਚੀੜ੍ਹੀ ਜਾਤ-ਪਾਤੀ ਸਮਾਜਿਕ ਜਕੜਬੰਦੀ ਵਾਲੇ ਸਮਾਜ ਵਿਚ ਪੀੜ੍ਹੀਆਂ ਤੱਕ ਜਾਤੀ ਪਛਾਣ ਬੰਦੇ ਦਾ ਪਿੱਛਾ ਨਹੀਂ ਛੱਡਦੀ। ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਪੇਂਡੂ ਸਭਿਆਚਾਰ ਦੇ ਅਜਿਹੇ ਹੀ ਕਿਰਦਾਰ ਅਤੇ ਵਿਹਾਰ ਦੀ ਯਥਾਰਥਕ ਪੇਸ਼ਕਾਰੀ ਹੋਈ ਹੈ। ਉਸਦੇ ਨਾਟਕ 'ਸੱਤ ਬਗਾਨੇ', 'ਲੋਹੇ ਦਾ ਪੁੱਤ', 'ਝਨਾਂ ਦੇ ਪਾਣੀ', 'ਜਦੋਂ ਬੋਹਲ ਰੋਂਦੇ ਹਨ', 'ਬਗਾਨੇ ਬੋਹੜ ਦੀ ਛਾਂ 'ਐਸੇ ਜਨ ਵਿਰਲੇ ਸੰਸਾਰੇ' ਆਦਿ ਵਿਚ ਦਲਿਤ ਜੀਵਨ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਪੇਸ਼ ਕਰਦੇ। ਭਾਵੇਂ 'ਸੱਤ ਬਗਾਨੇ' ਨਾਟਕ ਦੇ ਸਮੁੱਚੇ ਪਾਠ ਵਿਚੋਂ "ਕੁਸ਼ ਨੀ ਭਰਾਵੋ ਜੂਨਾ, ਘਰ ਦੀ ਨਾਰ ਬਿਨਾਂ।" ਦੀ ਧੁਨੀ ਉੱਚੀ ਸਵਰ ਵਿਚ ਗੂੰਜਦੀ ਹੈ ਪ੍ਰੰਤੂ ਇਸ ਨਾਟਕ ਦੇ ਅਵਚੇਤਨ ਵਿਚ ਮਾਲਵੇ ਦੇ ਪੇਂਡੂ ਸਭਿਆਚਾਰ ਦੀਆਂ ਬੋਦੀਆਂ ਅਤੇ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਪਈਆਂ ਹਨ, ਜਿਹੜੀਆਂ ਨਾਟਕ ਵਿਚਲੇ ਦੁਖਾਂਤ ਨੂੰ ਵਿਕਰਾਲ ਰੂਪ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਇਹ ਨਾਟਕ ਔਰਤ ਦੇ ਦੁਖਾਂਤ ਨਾਲੋਂ ਵਧ ਸਭਿਆਚਾਰਕ ਦੁਖਾਂਤ ਪੇਸ਼ ਕਰਦਾ ਹੈ। ਇਹ ਅਜਮੇਰ ਸਿੰਘ ਔਲਖ ਦਾ ਪ੍ਰਤੀਨਿਧ ਨਾਟਕ ਹੈ। ਇਹ ਮੁੱਖ ਰੂਪ ਵਿਚ ਪੰਜਾਬੀ ਸਭਿਆਚਾਰ ਦੀਆਂ ਬਹੁਤ ਸਾਰੀਆਂ ਡੂੰਘੀਆਂ ਪਰਤਾਂ ਨੂੰ ਫਰੋਲਦਾ ਹੈ। ਇਹ ਉਸਦੇ ਲਘੂ ਨਾਟਕ 'ਤੂੜੀ ਵਾਲਾ ਕੋਠਾ' ਦਾ ਹੀ ਵਿਸਤ੍ਰਿਤ ਰੂਪ ਹੈ। 'ਸੱਤ ਬਗਾਨੇ' ਨਾਟਕ ਦੀ ਮੂਲ ਸਮੱਸਿਆ ਸਭਿਆਚਾਰਕ ਮੁੱਲ ਵਿਧਾਨ ਨੂੰ ਨਜ਼ਰ ਅੰਦਾਜ਼ ਕਰਕੇ 'ਬਚਨੇ ਅਤੇ ਜੈਕੁਰ' ਦਾ ਆਪਣੇ ਪਿਆਰ ਨੂੰ ਪ੍ਰਵਾਨ ਚੜ੍ਹਾਉਣ ਲਈ

ਪਿੰਡ ਦੇ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਵਿਆਹ ਕਰਵਾਉਣਾ ਹੈ। ਦੋਹਰਾ ਸੰਕਟ ਇਹ ਹੈ ਕਿ ਉਹ ਦੋਵੇਂ ਇਕੋ ਪਿੰਡ ਦੇ ਹੀ ਨਹੀਂ ਸਗੋਂ ਅਖੌਤੀ ਉੱਚੀ ਅਤੇ ਨੀਵੀਂ ਜਾਤ ਦੇ ਵੀ ਹਨ। 'ਬਚਨਾ ਜੱਟ ਹੈ ਅਤੇ ਜੈਕੁਰ ਝਿਊਰੀ'। ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰਕ ਮੁੱਲ ਵਿਧਾਨ ਅਨੁਸਾਰ ਇਕੋ ਪਿੰਡ ਦੇ ਮੁੰਡਾ-ਕੁੜੀ ਆਪਸ ਵਿਚ ਵਿਆਹ ਨਹੀਂ ਕਰਵਾ ਸਕਦੇ। ਵੱਖ-ਵੱਖ ਜਾਤਾਂ ਅਤੇ ਉਹ ਵੀ ਅਖੌਤੀ ਉੱਚੀ ਅਤੇ ਨੀਵੀਂ ਜਾਤ ਦੇ ਮੁੰਡੇ ਦਾ ਵਿਆਹ ਇਕ ਪਿੰਡ ਵਿਚ ਸੰਭਵ ਨਹੀਂ ਹੈ ਪ੍ਰੰਤੂ 'ਬਚਨਾ' ਅਤੇ 'ਜੈਕੁਰ' ਜਾਤ-ਪਾਤ ਦੀ ਚੀੜ੍ਹੀ ਸੰਸਥਾ ਨੂੰ ਚੁਣੌਤੀ ਦੇ ਕੇ ਨਾ ਕੇਵਲ ਵਿਆਹ ਕਰਵਾਉਂਦੇ ਹਨ, ਸਗੋਂ ਪਿੰਡ ਵਿਚ ਹੀ ਵਸਦੇ ਹਨ।

ਬਚਨਾ ਜੱਟ ਧਿਰ ਨਾਲ ਸੰਬੰਧਿਤ ਮਰਦ ਪਾਤਰ ਹੈ ਅਤੇ ਭੋਇੰ ਦਾ ਮਾਲਕ ਵੀ ਹੈ। ਪੇਂਡੂ ਪੰਜਾਬ ਵਿਚ ਜੱਟ ਭਾਈਚਾਰੇ ਦੀ ਪ੍ਰਭੂਸੱਤਾ ਕਾਰਨ ਹੀ 'ਜੈਕੂਰ' ਦਾ ਪਿਉ ਅਤੇ ਭਰਾ 'ਬਚਨੇ' ਤੋਂ ਬਦਲਾ ਲੈਣ ਦੀ ਥਾਂ ਬਦ-ਅਸੀਸ ਦੇ ਕੇ ਉਸ ਨਾਲੋਂ ਹਮੇਸ਼ਾ ਲਈ ਨਾਤਾ ਤੋੜ ਕੇ ਸਬਰ ਕਰ ਲੈਂਦੇ ਹਨ।

'ਸੱਤ ਬਗਾਨੇ' ਨਾਟਕ ਵਿਚ ਹਿੱਕ ਦੇ ਜੋਰ 'ਤੇ ਜੱਟ (ਬਚਨੇ) ਨੇ ਝਿਊਰੀ (ਜੈਕੁਰ) ਨੂੰ ਆਪਣੇ ਘਰੇ ਤਾਂ ਵਸਾ ਲਿਆ, ਘਰ ਦੀ ਵੇਲ ਵੀ ਤੋਰ ਲਈ, ਚਾਰ ਥੰਮੀਆਂ ਵਰਗੇ ਪੁੱਤ ਵੀ ਪੈਦਾ ਕਰ ਲਏ ਪ੍ਰੰਤੂ ਪਿੰਡ ਨੇ ਜੈਕੁਰ ਅਤੇ ਬਚਨੇ ਦੇ ਵਿਆਹ ਨੂੰ ਤੀਹ ਸਾਲ ਗੁਜਰ ਜਾਣ ਦੇ ਬਾਵਜੂਦ ਪ੍ਰਵਾਨ ਨਹੀਂ ਕੀਤਾ। ਜੈਕੁਰ ਜੱਟ ਦੇ ਘਰ ਤੀਹ ਸਾਲ ਵਸਣ ਬਾਅਦ ਵੀ ਝਿਊਰੀ ਹੀ ਰਹਿੰਦੀ ਹੈ। 'ਸੱਤ ਬਗਾਨੇ' ਨਾਟਕ ਵਿਚ ਜਦੋਂ 'ਬਚਨੇ ਅਤੇ ਜੈਕੁਰ' ਦੇ ਅੰਤਰਜਾਤੀ ਵਿਆਹ ਦਾ ਮਸਲਾ ਆ ਖੜਾ ਹੁੰਦਾ ਹੈ। ਜੇ ਮਸਲਾ ਸਿਰਫ ਆਰਥਿਕਤਾ ਦਾ ਹੀ ਹੁੰਦਾ ਤਾਂ ਜੈਕੁਰ ਬਚਨੇ ਦੇ ਘਰ ਆ ਕੇ ਸੰਪੰਨ ਹੋ ਗਈ ਸੀ ਪਰ ਇਥੇ ਮਸਲਾ ਆਰਥਿਕਤਾ ਦਾ ਨਹੀਂ ਸਗੋਂ ਆਰਥਿਕ ਸਾਧਨਾਂ ਦੀ ਕਾਣੀ-ਵੰਡ 'ਤੇ ਉਸਰੇ ਸਮਾਜ-ਸਭਿਆਚਾਰਕ ਪ੍ਰਤੀਮਾਨਾਂ ਦਾ ਹੈ। ਇੰਨ੍ਹਾਂ ਸਮਾਜ-ਸਭਿਆਚਾਰਕ ਪ੍ਰਤੀਮਾਨਾਂ ਵਿਚੋਂ ਵੀ ਜਾਤ-ਪਾਤ ਨਾਲ ਜੁੜੇ ਪ੍ਰਤੀਮਾਨ ਪ੍ਰਮੁੱਖਤਾ ਹਾਸਲ ਕਰਦੇ ਹਨ। ਇਹੀ ਕਾਰਨ ਹੈ ਕਿ ਇੰਨ੍ਹਾਂ ਪ੍ਰਤੀਮਾਨਾਂ ਦੀ ਉਲੰਘਣਾ ਕਰਨ ਵਾਲੇ ਬਚਨਾ ਅਤੇ ਜੈਕੁਰ ਦੇ ਕਾਰਨਾਮੇ ਪਿੰਡ ਦੇ ਲੋਕਾਂ ਨੇ ਆਪਣੇ ਅਵਚੇਤਨ ਵਿਚੋਂ ਮਨਫੀ ਨਹੀਂ ਕੀਤੇ। ਜਿਸ ਦੇ ਸਿੱਟੇ ਵਜੋਂ ਬਚਨੇ ਅਤੇ ਜੈਕੁਰ ਦੇ ਥੰਮੀਆਂ ਵਰਗੇ ਚਾਰ ਪੁੱਤਰਾਂ ਵਿਚੋਂ ਕਿਸੇ ਨੂੰ ਵੀ ਪੁੰਨ ਦਾ ਸਾਕ ਨਹੀਂ ਹੁੰਦਾ। ਆਪਣੇ ਪੁੱਤਰ 'ਨਾਹਰੀ' ਲਈ ਜਦੋਂ ਜੈਕੁਰ` ਆਪਣੀ ਗੁਆਂਢਣ ਮਰਾਝੋ ਨੂੰ ਉਸਦੀ ਛੋਟੀ ਭੈਣ ਦਾ ਸਾਕ ਕਰਾਉਣ ਲਈ ਤਰਲਾ ਕਰਦੀ ਹੈ ਤਾਂ ਉਹ ਉਸਨੂੰ ਅਤੀਤ ਯਾਦ ਕਰਵਾਉਂਦੀ ਕਹਿੰਦੀ ਹੈ

ਮਰਾਝੋ :- ਲੈ ਅਇ ਤਾਂ ਕੀ ਨਾਬਰ ਐ ਤੈਥੋਂ। ਮੈਂ ਤਾਂ ਤੇਰੇ ਕਹੇ ਤੋਂ ਬਿਨਾਂ ਈ ਕਈ ਵਾਰ ਛੇੜ ਕੇ ਦੇਖੀ ਆ ਗੱਲ ਮੇਰੇ ਬਾਪੂ ਨਾਲ। ਪਰ ਉਹ ਕੰਨਾਂ ਈ ਨੀ ਲਾਉਂਦਾ। ਬਸ ਤੇਰਾ ਤੇ ਬਾਬਾ ਜੀ ਆਲਾ ਅੜਿਕਾ ਮੂਹਰੇ ਆ ਅੜਦੈ। ਅਖੇ ਜੇ ਕੋਈ ਮੁੰਡੇ ਦੇ ਨਾਨਕੇ ਪੁੱਛੇ ਕੀ ਦਸਾਂਗੇ? ਬਈ ਮੁੰਡੇ ਦੀ ਮਾਂ ........ (ਔਲਖ 36-37)

ਇਸਦਾ ਜੈਕੁਰ ਆਪਣੀ ਚੀਸ ਨੂੰ ਵੀ ਬਿਆਨ ਨਹੀਂ ਕਰਦੀ ਸਗੋਂ ਪੇਂਡੂ ਪੰਜਾਬੀ ਸਭਿਆਚਾਰ ਦੀਆਂ ਵਰਜਣਾਵਾਂ ਅਤੇ ਸੁੱਚਤਾ ਦੇ ਸਾਰੇ ਓਹਲਿਆਂ ਨੂੰ ਪਰੇ ਕਰ ਦਿੰਦੀ ਹੈ :

ਜੈਕੁਰ : ਕੁੜੇ ਤੀਹ ਸਾਲ ਹੋ ਗੇ ਮੈਨੂੰ ਜੱਟ ਦੇ ਘਰ ਵਸਦੀ ਨੂੰ ਅਜੇ ਮੈਂ ਛਿਊਰੀ ਰਹਿ ਗੀ। ਕੰਜਰ ਜੱਟਾਂ ਦੇ ਮੁੰਡੇ ਨਿੱਤ ਖੇਤੀ-ਬੰਨੀ ਚੂੜੀਆਂ-ਚਮਾਰੀਆਂ ਨਾਲ ਸੌ ਖੇਹ ਖਾਂਦੇ ਐ. ਉਦੋਂ ਪਤਾ ਨੀ ਕਿਥੇ ਜਾਂਦੀਐ ਇਹਨਾਂ ਦੀਆਂ ਜਾਤਾਂ। ਮੈਂ ਚਰੀਆਂ ਕਪਾਹਾਂ 'ਚ ਕੰਜਰਖਾਨਾ ਕਰਨ ਦੀ ਥਾਂ ਸਿੱਧੀ ਜੱਟ ਦੇ ਘਰ ਆ ਕੇ ਵਸੀ, ਤਾਂ ਇਨ੍ਹਾਂ ਕੰਜਰਾਂ ਦੇ ਖਾਨਦਾਨ ਭ੍ਰਿਸ਼ਟਣ ਲੱਗ ਪੈ। (ਔਲਖ 33)

ਇਸ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਸਭਿਆਚਾਰ ਦੀ ਪੇਂਡੂ ਰਹਿਤਲ ਵਿਚ ਤਾਕਤਵਰ ਧਿਰ ਵੱਲੋਂ ਆਪਣੀ ਤਾਕਤ ਵੱਸ ਆਪਣੀ ਲੋੜ ਜਾਂ ਸੁਵਿਧਾ ਅਨੁਸਾਰ ਸਭਿਆਚਾਰਕ ਮੁੱਲਾਂ-ਮਾਨਤਾਵਾਂ ਦੀ ਯੋਜਨਾ ਕੀਤੀ ਜਾਂਦੀ ਹੈ। ਇਸ ਧਿਰ ਦੇ ਮਰਦ ਪੇਂਡੂ ਦਲਿਤ ਭਾਈਚਾਰੇ ਦੀਆਂ ਔਰਤਾਂ ਨੂੰ ਆਪਣੀਆਂ ਕਾਮ-ਭਾਵਨਾਵਾਂ ਦੀ ਸੰਤੁਸ਼ਟੀ ਲਈ ਵਰਤਦੇ ਹਨ ਅਤੇ ਪਰਦੇਦਾਰੀਆਂ ਵੀ ਬਣਾ ਕੇ ਰੱਖਦੇ ਹਨ ਪ੍ਰੰਤੂ ਆਪਣੇ ਸਵਾਰਥ ਲਈ ਕਿਰਤੀ ਔਰਤਾਂ ਦੇ ਸੰਕਟਾਂ ਵਿਚ ਵਾਧਾ ਕਰ ਦਿੰਦੇ ਹਨ।

ਅਜਮੇਰ ਸਿੰਘ ਔਲਖ ਦੇ ਨਾਟਕ 'ਇਸ਼ਕ ਬਾਝ ਨਮਾਜ ਦਾ ਹੱਜ ਨਾਹੀ' ਵਿਚ ਵੀ ਪੰਜਾਬੀ ਸਭਿਆਚਾਰ ਦੀ ਇਸੇ ਹੀ ਗੰਭੀਰ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਜਦੋਂ ਕੋਈ ਮੁੰਡਾ-ਕੁੜੀ ਆਪਣੀ ਮਰਜੀ ਨਾਲ ਅੰਤਰਜਾਤੀ ਵਿਆਹ ਕਰਵਾਉਣ ਲਈ ਰਾਜੀ ਹੋ ਜਾਂਦੇ ਹਨ ਤਾਂ ਪੰਜਾਬੀ ਸਭਿਆਚਾਰ ਦੀ ਪ੍ਰਭੂਸੱਤਾ ਟੁੱਟਦੀ ਹੈ। ਨਤੀਜੇ ਵਜੋਂ ਮਾਤਾ-ਪਿਤਾ ਉਨ੍ਹਾਂ ਨੂੰ ਕਦਰਾਂ-ਕੀਮਤਾਂ ਤੋੜਨ ਦੇ ਦੋਸ਼ ਵਜੋਂ ਉਨ੍ਹਾਂ ਨੂੰ ਸਜਾ ਦੇਣ ਦਾ ਪ੍ਰਬੰਧ ਵੀ ਕਰ ਲੈਂਦੇ ਹਨ। ਇਸ ਨਾਟਕ ਵਿਚ ਪੰਜਾਬ ਦੇ ਜੱਟ ਸਿੱਖ (ਅੰਮ੍ਰਿਤਧਾਰੀ) ਪਰਿਵਾਰ ਦੀ ਪ੍ਰੋਫ਼ੈਸਰ ਲੱਗੀ ਕੁੜੀ ਜਦੋਂ ਆਪਣੇ ਜਮਾਤੀ ਪੜ੍ਹੇ-ਲਿਖੇ ਅਤੇ ਪ੍ਰੋਫ਼ੈਸਰ ਲੱਗੇ ਦਲਿਤ ਮੁੰਡੇ ਨਾਲ ਵਿਆਹ ਕਰਾਉਣ ਦੀ ਇੱਛਾ ਪਰਿਵਾਰ ਕੋਲ ਜ਼ਾਹਿਰ ਕਰਦੀ ਹੈ ਤਾਂ ਸਮੁੱਚਾ ਪਰਿਵਾਰ ਉਸਨੂੰ ਜਾਤੀ-ਪਾਤੀ ਮਰਿਯਾਦਾ ਬਾਰੇ ਦੱਸਣਾ ਸ਼ੁਰੂ ਕਰ ਦਿੰਦਾ ਹੈ। ਇਹੀ ਨਹੀਂ ਉਸਨੂੰ ਪਿੱਛੇ ਨਾ ਹਟਦੀ ਦੇਖ ਕੇ ਉਸਦਾ 'ਕਤਲ' ਵੀ ਕਰ ਦਿੱਤਾ ਜਾਂਦਾ ਹੈ। ਇਹ

ਘਟਨਾ ਪੰਜਾਬੀ ਸਭਿਆਚਾਰ ਵਿਚ ਜੱਟ ਜਾਤੀ ਵੱਲੋਂ ਆਪਣੀ ਸਮਾਜ-ਸਭਿਆਚਾਰਕ ਸਰਦਾਰੀ ਬਣਾਈ ਰੱਖਣ ਦੀ ਕ੍ਰਾਂਤੀਮੂਲਕ ਮਨੋਸੰਰਚਨਾ ਨੂੰ ਬਾਖੂਬੀ ਪ੍ਰਸਤੁਤ ਕਰਦੀ ਹੈ :

ਹਰਪ੍ਰੀਤ : ਮਾਂ ਉਹਦੇ ਪਿਤਾ ਜੀ ਹੈਲਥ ਇੰਨਸਪੈਕਟਰ ਨੇ, ਮਾਂ ਸਕੂਲ ਟੀਚਰ ਐ।

ਜਰਨੈਲ ਕੌਰ : ਸ਼ੱਕ ਤੇ ਡਰ ਨਾਲ। ਨੀ ਉਹਦਾ ਬਾਬਾ ਪੜ੍ਹ ਦਾਦਾ ਉਹ ਕੀ

ਸਰਦਾਰਾ ਸਿੰਘ : ਕੌਣ ਐ ਉਹ ਜਿਸ ਦੇ ਬਾਬੇ ਚਮਿਆਰਾ ਧੰਦਾ ?

ਹਰਪ੍ਰੀਤ : (ਜਾਣ ਕੇ ਸ਼ਬਦ 'ਜੁਤੀਆਂ ਉੱਤੇ ਜ਼ੋਰ ਪਾਉਂਦੀ) ਉਹ ਜੁੱਤੀਆਂ ਬਣਾਉਂਦੇ ਸੀ।

(ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਹੁੰਦੀ ਨਿਰਭੈ ਤੇ ਦ੍ਰਿੜਤਾ ਨਾਲ) ਉਹ ਹੀ, ਜਿਸ ਨਾਲ ਮੈਂ ਆਪਣੀ ਬਾਕੀ ਜ਼ਿੰਦਗੀ ਗੁਜਾਰਨ ਦੇ ਸੁਪਨੇ ਲਏ ਨੇ।

ਜਰਨੈਲ ਕੌਰ (ਘਬਰਾਈ ਮਿੰਨਤ ਕਰਦੀ) ਨੀਂ, ਨਾ ਨੀ ਧੀਏ ਨਾ। ਆਹ ਦੇਖ ਮੈਂ ਪੈਰੀ ਚੁੰਨੀ ਧਰਦੀ ਆਂ, ਇਹ ਜੱਗੋਂ ਤੇਰ੍ਹਵੀਂ ਨਾ ਕਰੀਂ।

ਸਰਦਾਰਾ ਸਿੰਘ : ਕਿਸ ਕਮਜਾਤ ਦੀ ਹਿੰਮਤ ਪਈ?

ਜਰਨੈਲ ਕੌਰ: ਪਟਿਆਲੇ ਜੂਨੀਬਸਟੀ 'ਚ ਪੜ੍ਹਾਉਂਦੈ ਕੋਈ ਗਏ ਗੁਜ਼ਰੇ ਘਰ ਦਾ.

ਸਰਦਾਰਾ ਸਿੰਘ: (ਪੂਰੇ ਗੁੱਸੇ ਵਿਚ ਹਰਪ੍ਰੀਤ ਨੂੰ) ਹੁਣ ਕਿਸੇ ਚੂਹੜੇ-ਚਮਾਰ ਨੂੰ ਬਣਾਏਗੀ ਜੁਆਈ ਇਸ ਘਰ ਦਾ। (ਔਲਖ 31)

ਇਉਂ ਪੰਜਾਬੀ ਸਭਿਆਚਾਰ ਜਾਤੀ-ਪਾਤੀ ਕਠੋਰਪਨ ਨਾ ਕੇਵਲ ਅਖੌਤੀ ਉੱਚ ਜਾਤ ਨੂੰ ਆਪਣੀ ਪੜ੍ਹੀ-ਲਿਖੀ ਅਤੇ ਜਾਤ-ਪਾਤ ਤੋਂ ਉੱਪਰ ਉਠ ਚੁੱਕੀ ਧੀ ਦਾ ਕਤਲ ਕਰਨ ਲਈ ਮਜਬੂਰ ਕਰਦਾ ਹੈ। ਇਹ ਅਖੌਤੀ ਜਾਤੀ ਹਉਂ ਦੇ ਨਤੀਜੇ ਵਜੋਂ ਇਕ ਪਾਸੇ ਧੀ ਦਾ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਦੂਜੇ ਪਾਸੇ ਉਸ ਕਤਲ ਦੀ ਸਜਾ ਵਿਚ ਫਾਹੇ ਲੱਗਣ ਦਾ ਬੰਦੋਬਸਤ ਵੀ ਕਰ ਲਿਆ ਜਾਂਦਾ ਹੈ। ਨਾਟਕ ਇਹ ਅਰਥ ਸੰਚਾਰ ਕਰਦਾ ਫਿਊਡਲ ਕਲਚਰ ਦੀਆਂ ਪੀਡੀਆਂ ਜਾਤੀ-ਵੰਡੀਆਂ ਅਤੇ ਪਿਤਰ ਗੋਤਾਂ ਦੇ

ਖਿਲਾਫ਼ ਜੇਕਰ ਕੋਈ ਬਗਾਵਤੀ ਸੁਰ ਉਠਦੀ ਹੈ ਤਾਂ ਉਸਨੂੰ ਤਾਕਤ ਨਾਲ ਦਬਾ ਕੇ ਸਦੀਆਂ ਤੋਂ ਚੱਲੀਆਂ ਆ ਰਹੀਆਂ ਦਰਜੇ ਬੰਦੀਆਂ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਲਈ ਹਰ ਸੰਭਵ ਯਤਨ ਕਰਦੀਆਂ ਹਨ।

ਸਮਾਜਿਕ ਪ੍ਰਬੰਧ ਦੇ ਸੰਤੁਲਨ ਨੂੰ ਕਾਇਮ ਰੱਖਣ ਲਈ ਬਣਿਆ ਰਾਜਤੰਤਰ ਰਾਜਨੀਤੀ ਅਖਵਾਉਂਦਾ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਜਿਸ ਨੀਤੀ ਅਧੀਨ ਸਮੁੱਚੇ ਰਾਜ ਦਾ ਢਾਂਚਾ ਚਲਾਇਆ ਜਾਂਦਾ ਹੈ, ਰਾਜਨੀਤੀ ਕਹਾਉਂਦਾ ਹੈ। ਰਾਜਨੀਤੀ ਕਿਸੇ ਖਾਸ ਮੰਤਵ ਦੇ ਧਾਰਨੀ ਵਿਅਕਤੀਆਂ ਦੁਆਰਾ ਕਿਸੇ ਦੇਸ਼ ਦੇ ਸਮੁੱਚੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਢਾਂਚੇ ਨੂੰ ਸਮਝਣ, ਆਪਣੀ ਸਮਝ ਅਨੁਸਾਰ ਢਾਲਣ ਜਾਂ ਚਲਾਉਣ ਵਾਸਤੇ ਯਤਨ ਕਰਨ ਦਾ ਸਿਧਾਂਤਕ ਅਤੇ ਅਮਲੀ ਕਾਰਜ ਹੈ।

ਅਜਮੇਰ ਸਿੰਘ ਔਲਖ ਆਪਣੇ ਵੱਖ-ਵੱਖ ਨਾਟਕਾਂ ਵਿਚ ਵਰਤਮਾਨ ਰਾਜਨੀਤਕ ਵਰਤਾਰੇ ਨਾਲ ਸੰਬੰਧਿਤ ਪ੍ਰਸਥਿਤੀਆਂ ਦਾ ਉਲੇਖ ਕਰਦਾ ਹੈ। ਮਾਨਵੀ ਜ਼ਜ਼ਬਿਆਂ ਅਤੇ ਸਰਕਾਰੀ ਮਸ਼ੀਨਰੀ ਦੀਆਂ ਹਿੰਸਾਤਮਕ ਕਾਰਵਾਈਆਂ ਦੀ ਆਪਸੀ ਖਿੱਚੋਤਾਣ ਨੂੰ ਔਲਖ ਨੇ ਮੁੱਖ ਵਿਰੋਧ ਵਜੋਂ ਉਭਾਰਿਆ ਹੈ। ਭਾਵੇਂ ਨਾਟਕੀ ਘਟਨਾਵਾਂ ਅਤੇ ਪਰਿਸਥਿਤੀਆਂ ਦੀ ਆਧਾਰਸ਼ਿਲਾ ਆਰਥਿਕ ਮੰਦਹਾਲੀ ਵਾਲੇ ਪਰਿਵਾਰਾਂ ਵਿਚੋਂ ਉਸਾਰੀ ਗਈ ਹੈ, ਪ੍ਰੰਤੂ ਵਧੇਰੇ ਕਰਕੇ ਇਨ੍ਹਾਂ ਨਾਟਕਾਂ ਦੀਆਂ ਪਰਤਾਂ ਸਾਡੇ ਵਰਤਮਾਨ ਰਾਜਨੀਤਕ ਢਾਂਚੇ ਵਿਚ ਹੀ ਖੁੱਲਦੀਆਂ ਹਨ। ਔਲਖ ਦੇ ਨਾਟਕਾਂ ਵਿਚ ਸਾਡੇ ਸਮਕਾਲੀ ਅਤੇ ਰਾਜਨੀਤਕ ਢਾਂਚੇ ਵਿਚ ਫੈਲੇ ਭ੍ਰਿਸ਼ਟਾਚਾਰ ’ਤੇ ਵੀ ਵਿਅੰਗ ਕੀਤਾ ਗਿਆ ਹੈ, ਜਿੱਥੇ ਲਿਆਕਤ ਦੀ ਥਾਂ ’ਤੇ ਪੈਸਾ ਕੰਮ ਕਰਦਾ ਹੈ। ਅਮੀਰ ਵਰਗ ਹਮੇਸ਼ਾ ਦਲਿਤ ਵਰਗ ਨਾਲ ਧੱਕਾ ਕਰਦਾ ਆਇਆ ਹੈ। ਅਮੀਰ ਕਿਸਾਨਾਂ ਦੀ ਸਰਕਾਰੇ ਦਰਬਾਰੇ ਪਹੁੰਚ ਕਾਰਨ ਉਹ ਕਿਤੇ ਵੀ ਦਲਿਤ ਵਰਗ ਦੀ ਪੁੱਗਣ ਨਹੀਂ ਦਿੰਦੇ। ਜਿਸ ਕਾਰਨ ਉਹ ਧੱਕੇਸ਼ਾਹੀ ਦਾ ਸ਼ਿਕਾਰ ਹੋ ਕੇ ਰਹਿ ਜਾਂਦੇ ਹਨ।

ਅਜਮੇਰ ਸਿੰਘ ਔਲਖ ਨੇ ਪੂੰਜੀਵਾਦੀ ਸਮਾਜ ਵਿਚ ਫੈਲ ਰਹੇ ਰਾਜਨੀਤਕ ਭ੍ਰਿਸਟਾਚਾਰ ਨੂੰ ਅੱਖੋਂ ਉਹਲੇ ਨਹੀਂ ਕੀਤਾ। ਨਿਮਨ-ਕਿਸਾਨ ਅਤੇ ਸੀਰੀ ਦੀ ਹਾਲਤ ਵਿਚ ਕੋਈ ਬਹੁਤਾ ਫਰਕ ਨਹੀਂ। 'ਜਦੋਂ ਬੋਹਲ ਰੋਂਦੇ ਹਨ' ਨਾਟਕ ਵਿਚ ਅਜਿਹੀ ਪ੍ਰਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਇਕ ਪਾਸੇ ਗ਼ਰੀਬ ਕਿਸਾਨ ਭਗਤੇ ਦੀਆਂ ਜਿੰਮੇਵਾਰੀਆਂ ਆਪਣੇ ਬੱਚਿਆਂ ਦੇ ਛੋਟੇ-ਛੋਟੇ ਅਰਮਾਨ, ਦੂਸਰੇ ਪਾਸੇ ਉਸਦੇ ਸੀਰੀ ਮਾਧੋ ਦੀ ਤ੍ਰਾਸਦੀ, ਜਿਸ ’ਤੇ ਜਵਾਨ ਧੀ ਦੇ ਵਿਆਹ ਦੀ ਜ਼ਿੰਮੇਵਾਰੀ ਅਤੇ ਹੋਰ ਆਰਥਿਕ ਮਜ਼ਬੂਰੀਆਂ ਹਨ। ਜਿਨ੍ਹਾਂ ਦੀ ਪੂਰਤੀ ਕਰਨ ਵਿਚ ਉਹ ਪੂਰੀ ਤਰ੍ਹਾਂ ਅਸਮਰਥ ਰਹਿੰਦਾ ਹੈ। ਸਰਮਾਏਦਾਰੀ, ਲੋਟੂ

ਸਮਾਜ ਦੀ ਲੁੱਟ ਉਨ੍ਹਾਂ ਦੀ ਮਾਨਸਿਕਤਾ ਉਤੇ ਭਾਰੂ ਹੋ ਚੁੱਕੀ ਹੈ। ਇਸ ਲੁੱਟ ਦਾ ਸ਼ਿਕਾਰ ਇਹ ਪੇਂਡੂ ਲੋਕ ਹੀ ਬਣਦੇ ਹਨ ਅਤੇ ਦੂਸਰੇ ਪਾਸੇ ਲੋਟੂ-ਸ਼੍ਰੇਣੀ ਸਮੱਗਲਰਾਂ, ਬਲੈਕੀਆਂ ਦੇ ਹੱਕ ਵਿਚ ਹੈ :-

ਮਾਧੋ : ਬੇਈਮਾਨਾਂ ਮੇਰਾ ਸਾਲਾ ਜਿਹੜਾ ਕਰੂ, ਗ਼ਰੀਬ ਗੁਰਬੇ ਨਾਲ ਕਰੂ। ਬਈ ਭੈਣ ਦੇ ਯਾਰੋ ਜੇ ਗਲ ਵੱਢਣੇ ਈ ਐ ਤਾਂ ਉਨ੍ਹਾਂ ਦੇ ਜਾ ਵੱਢੋ ਜਿਹੜੇ ਪਾਪਾਂ ਦੀ ਖੱਟੀ ਨਾਲ ਗੋਗੜਾ ਵਧਾਈ ਫਿਰਦੇ ਐ। (ਔਲਖ 72)

ਜਦੋਂ ਇਹ ਗ਼ਰੀਬ ਕਿਸਾਨੀ ਜਰਵਾਣਿਆਂ ਦੁਆਰਾ ਆਪਣਾ ਹੱਕ ਖੁਸਦਾ ਵੇਖਦੀ ਹੈ ਤਾਂ ਉਸ ਸਮੇਂ ਉਨ੍ਹਾਂ ਕੋਲ ਕੋਈ ਉਪਾਅ ਨਹੀਂ ਰਹਿੰਦਾ। ਇਸ ਗਮ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਸ਼ਰਾਬ ਦਾ ਸਹਾਰਾ ਲੈਣਾ ਪੈਂਦਾ ਹੈ ਅਤੇ ਉਹ ਵਿਰੋਧੀ ਧਿਰ ਨੂੰ ਖਤਮ ਕਰਨ ’ਤੇ ਤੁਲ ਆਉਂਦੇ ਹਨ। ਮਾਧੋ ਸ਼ਰਾਬ ਪੀ ਕੇ ਗੰਡਾਸਾ ਚੁੱਕਦਾ ਹੈ ਅਤੇ ਭਗਤਾ ਡਾਂਗ ਲੈ ਕੇ ਬਾਹਰ ਨਿਕਲਦਾ ਹੈ। ਸ਼ਰਾਬ ਉਨ੍ਹਾਂ ਅੰਦਰ ਸੱਚ-ਮੁੱਚ ਹੀ ਵਿਰੋਧ ਦੀ ਅੱਗ ਭੜਕਾ ਕੇ ਜ਼ਬਾਨ ਤੱਕ ਲੈ ਆਉਂਦੀ ਹੈ। ਪਰ ਸਮਾਜਿਕ ਪ੍ਰਸਥਿਤੀਆਂ ਦਾ ਟਾਕਰਾ ਕਰਨ ਤੋਂ ਉਹ ਫਿਰ ਵੀ ਅਸਮਰਥ ਰਹਿੰਦੇ ਹਨ। ਆਪਣੇ ਅਸਲ ਦੁਸ਼ਮਣ ਨੂੰ ਮਾਰਨ ਦੀ ਥਾਂ ਉਹ ਆਪਸ ਵਿਚ ਇਕ ਦੂਜੇ ਨਾਲ ਲੜਨ ਨੂੰ ਤਿਆਰ ਹੋ ਜਾਂਦੇ ਹਨ :-

ਮਾਧੋ : ਬਾਹਰ ਨਿਕਲੋ ਉਇ। ਪਿੰਡ 'ਚ ਜਿਹੜਾ ਆਪਣੇ ਆਪ ਨੂੰ ਖੱਬੀ ਖਾਨ ਕਹਾਉਂਦੇ। ਤੈ ਅ ਬ ਬ ਬ...

ਭਗਤਾ : (ਡਾਂਗ ਚੁੱਕ ਕੇ ਕੰਬਦੀ ਦੇਹ ਨਾਲ ਲਲਕਾਰਾ ਮਾਰਦਾ) ਢਾਹ ਦਿਆਂਗੇ ਉਇ ਦਿੱਲੀ ਦੇ ਕੀਂਗਰੇ। (ਔਲਖ 104)

ਇਹ ਲਲਕਾਰੇ ਦੋਹਾਂ ਦੇ ਵਿਵਸਥਾ ਪ੍ਰਤੀ ਵਿਰੋਧ ਦਾ ਪ੍ਰਤੀਕ ਹਨ ਜੋ ਦਲਿਤ ਵਰਗ ਨਾਲ ਵਾਪਰ ਰਹੀ ਤ੍ਰਾਸਦੀ ਦਾ ਸੰਕੇਤ ਵੀ ਕਰਦੇ ਹਨ। ਇਸ ਤਰ੍ਹਾਂ ਉਹ ਹੋਰ ਜੁਲਮ ਸਹਿ ਨਹੀਂ ਸਕਦੇ ਅਤੇ ਉਨ੍ਹਾਂ ਦੇ ਦਿਲ ਵਿਚ ਬਲਦਾ ਹੋਇਆ ਗੁੱਸਾ ਰੋਹ ਬਣ ਜਾਂਦਾ ਹੈ ਅਤੇ ਵਿਸਫੋਟ ਦੀ ਤਰ੍ਹਾਂ ਫੱਟਦਾ ਹੈ ਪਰ ਉਹ ਬੇਵਸ ਹਨ। ਇਹ ਹਾਕਮ ਜਮਾਤ ਦਾ ਵਿਗਾੜ ਕੁਝ ਨਹੀਂ ਸਕਦੇ। ਔਲਖ ਕਿਰਤੀ ਸ਼੍ਰੇਣੀ ਨੂੰ ਸਾਂਝੇ ਸੰਘਰਸ਼ ਲਈ ਜਥੇਬੰਦ ਹੋ ਜਾਣ ਦਾ ਸੰਦੇਸ਼ ਵੀ ਦੇ ਜਾਂਦਾ ਹੈ। ਇਸ ਸਮੇਂ ਦੇ ਪੰਜਾਬ ਨਾਲ ਹੋ ਰਹੇ ਆਰਥਿਕ ਵਿਤਕਰੇ ਦੀਆਂ ਸਮੱਸਿਆਵਾਂ ਨੂੰ ਰਾਜਨੀਤਿਕ ਪਾਰਟੀਆਂ, ਧਾਰਮਿਕ ਅਤੇ ਫਿਰਕਾਪ੍ਰਸਤੀ ਰੰਗਣ ਦੇ ਲੋਕਾਂ ਦੇ ਮਨਾਂ ਵਿਚ ਤ੍ਰਾਸਦੀਆਂ ਸਿਰਜਦੀਆਂ ਹਨ। ਔਲਖ ਨੇ ਕੇਵਲ ਨੂੰ ਇਕ ਮਿਹਨਤੀ ਕਿਰਤੀ ਵਰਗ ਅਤੇ ਆਰਦਸ਼ਵਾਦੀ ਚੇਤਨਾ ਵਾਲਾ ਮਨੁੱਖ ਬਣਾਇਆ ਹੈ। ਉਹ ਇਕ ਕਸਬੇ ਨੁਮਾ ਸਕਲ ਵਾਲੇ ਪਿੰਡ ਵਿਚ ਅੱਤਵਾਦੀਆਂ ਦੀ ਗੋਲੀ ਦਾ ਸ਼ਿਕਾਰ ਹੋ

ਜਾਂਦਾ ਹੈ। ਅੱਤਵਾਦੀ ਉਸ ਨੂੰ ਭਰੇ ਬਾਜ਼ਾਰ ਵਿਚ ਸਰੇਆਮ ਗੋਲੀਆਂ ਨਾਲ ਭੁੰਨ ਸੁੱਟਦੇ ਹਨ। ਕੇਵਲ ਸਿਰਫ਼ ਅੱਤਵਾਦ ਦੀ ਗੋਲੀ ਦਾ ਸ਼ਿਕਾਰ ਨਹੀਂ ਸਗੋਂ ਉਸ ਨੂੰ ਘਰ ਵਿਚਲੀ ਆਰਥਿਕ ਪ੍ਰਤੀਕੂਲਤਾ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ।

ਇਸ ਪ੍ਰਕਾਰ ਅਮੀਰ ਵਰਗ ਹਮੇਸ਼ਾ ਦਲਿਤ ਵਰਗ ਨਾਲ ਧੱਕਾ ਕਰਦਾ ਆਇਆ ਹੈ। ਆਪਣੀ ਹਿੱਕ ਦੇ ਜੋਰ ਨਾਲ ਉਹ ਦਲਿਤ ਵਰਗ ਦੀ ਅਵਾਜ ਹਮੇਸ਼ਾ ਦਬਾ ਦਿੰਦਾ ਹੈ। 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਵਿਚ ਵੀ ਇਸ ਤਰ੍ਹਾਂ ਦੀ ਪ੍ਰਸਥਿਤੀ ਉਪਜਦੀ ਹੈ। ਇਸ ਨਾਟਕ ਦੇ ਪਾਤਰ ਸਰਦਾਰਾ ਸਿੰਘ, ਜਰਨੈਲ ਕੌਰ, ਉਨ੍ਹਾਂ ਦੇ ਦੋਵੇਂ ਮੁੰਡੇ ਅੰਮ੍ਰਿਤਧਾਰੀ ਹਨ ਪਰ ਉਹ ਸੰਦਰਭ ਦੀ ਭਾਸ਼ਾ ਨਹੀਂ ਸਮਝਦੇ ਜਿਸ ਦੀ ਸਿਰਜਣਾ ਖਾਤਰ ਗੁਰੂ ਸਾਹਿਬ ਨੂੰ ਸ਼ਾਸਤਰਾਂ ਤੋਂ ਅਸਤਰਾਂ ਤੱਕ ਦਾ ਸਫਰ ਤਹਿ ਕਰਨਾ ਪਿਆ। ਇਹ ਪਾਤਰ ਗੁਰਮਤਿ ਵਿਚਾਰਧਾਰਾ ਦੀਆਂ ਸੀਮਾਵਾਂ, ਦਿਸ਼ਾਵਾਂ ਅਤੇ ਉਦੇਸ਼ਾਂ ਦੀ ਦੀਰਘਤਾ ਅਤੇ ਵਿਸ਼ਾਲਤਾ ਦੀਆਂ ਤਹਿਆਂ ਫਰੋਲਣ ਦੇ ਸਮਰੱਥ ਨਹੀਂ। ਉਨ੍ਹਾਂ ਦੀ ਧੀ ਹਰਪ੍ਰੀਤ ਜਿਹੜੀ ਮਾਨਵਵਾਦੀ ਵਿਚਾਰਾਂ ਦੀ ਧਾਰਨੀ ਹੈ, ਚੰਗਾ ਪੜ੍ਹ ਲਿਖ ਕੇ ਕਾਲਜ ਵਿਚ ਲੈਕਚਰਰ ਲੱਗ ਜਾਂਦੀ ਹੈ। ਜਿਸਦੇ ਨਜ਼ਰੀਏ ਤੋਂ ਸਾਰੇ ਚੰਗੇ ਮਾੜੇ, ਉੱਚੇ ਨੀਵੇਂ ਲੋਕ ਇਕੋ ਜਿਹੇ ਹਨ। ਸਭ ਇਨਸਾਨਾਂ ਦੇ ਹਿਰਦਿਆਂ ਵਿਚ ਉਸ ਪ੍ਰਮਾਤਮਾ ਦੀ ਜੋਤ ਜਗਦੀ ਹੈ ਘਰ ਵਾਲੇ ਜਦੋਂ ਹਰਪ੍ਰੀਤ ਦੇ ਵਿਆਹ ਲਈ ਇਕ ਚੰਗਾ ਪੁਲਿਸ ਵਿਚ ਠਾਣੇਦਾਰ ਮੁੰਡਾ ਵੇਖਦੇ ਹਨ ਤਾਂ ਉਹ ਉਸ ਰਿਸਤੇ ਨੂੰ ਇਸ ਲਈ ਠੁਕਰਾ ਦਿੰਦੀ ਹੈ ਕਿ ਉਸਨੇ ਗਰੀਬਾਂ ਦਾ ਖ਼ੂਨ ਚੂਸ-ਚੂਸ ਕੇ ਜ਼ਮੀਨ ਬਣਾਈ ਹੈ ਅਤੇ ਸਿਫਾਰਸਾਂ ਲਾ ਕੇ ਨੌਕਰੀ ਲਈ ਹੈ। ਇਸ ਕਰਕੇ ਉਹ ਅਜਿਹੇ ਇਨਸਾਨ ਨਾਲ ਵਿਆਹ ਨਹੀਂ ਕਰਵਾ ਸਕਦੀ। ਉਹ ਇਨਸਾਨੀਅਤ ਦੇ ਗੁਣਾਂ ਵਾਲੇ ਪ੍ਰੋਫ਼ੈਸਰ ਲੱਗੇ ਮੁੰਡੇ ਬਾਰੇ ਦੱਸਦੀ ਹੈ ਜੋ ਦਲਿਤ ਜਾਤੀ ਨਾਲ ਸੰਬੰਧਿਤ ਹੈ ਤਾਂ ਉਸਦੇ ਘਰ ਵਾਲੇ ਹਰਪ੍ਰੀਤ ਦਾ ਕਤਲ ਕਰਨ ਲਈ ਤਿਆਰ ਹੋ ਜਾਂਦੇ ਹਨ ਅਤੇ ਉਸਦਾ ਕਤਲ ਕਰ ਦਿੰਦੇ ਹਨ। ਨਾਟਕ ਵਿਚ ਹਰਪ੍ਰੀਤ ਉਸ ਦਲਿਤ ਵਰਗ ਦੀ ਪ੍ਰਤੀਕ ਹੈ, ਜਿਹੜੀ ਆਪਣੇ ਜਰਵਾਣੇ ਭਰਾਵਾਂ ਹੱਥੋਂ ਮਾਰੀ ਜਾਂਦੀ ਹੈ ਭਾਵੇਂ ਦਲਿਤ ਵਰਗ ਆਪਣੇ ਹੱਕਾਂ ਪ੍ਰਤੀ ਮਰਦੇ ਦਮ ਤੱਕ ਸੰਘਰਸ਼ ਕਰਦਾ ਰਹਿੰਦਾ ਹੈ।

### 4.3. ਅਜਮੇਰ ਔਲਖ ਦੇ ਨਾਟਕਾਂ ਵਿਚ ਸਮਾਜ-ਸਭਿਆਚਾਰਕ ਪਰਿਪੇਖ ਸੰਬੰਧੀ ਚੇਤਨਾ

ਜਾਤ-ਪਾਤ ਦੀ ਚੀੜ੍ਹੀ ਸੰਸਥਾ ਕਾਰਨ ਸਦੀਆਂ ਤੋਂ ਅਛੂਤ ਜਾਤਾਂ ਦੇ ਭਾਈਚਾਰੇ ਨੂੰ ਸਮਾਜਿਕ ਨਾ ਬਰਾਬਰੀ ਦਾ ਸ਼ਿਕਾਰ ਹੋਣਾ ਪਿਆ ਹੈ। ਨਤੀਜੇ ਵਜੋਂ ਹੀਣ ਭਾਵਨਾ ਇਹਨਾਂ ਦੇ ਅਵਚੇਤਨ ਦਾ ਹਿੱਸਾ ਬਣਾ ਦਿੱਤੀ ਗਈ ਹੈ। ਉੱਚੀਆਂ ਜਾਤਾਂ ਦੀ ਪ੍ਰਭੂਸੱਤਾ ਨੂੰ ਬਣਾ ਕੇ ਰੱਖਣ ਲਈ ਦਲਿਤ ਕੌਮਾਂ ਨੂੰ ਗਿਆਨ ਦੀ ਸ਼ਕਤੀ ਤੋਂ ਹਮੇਸ਼ਾ ਵੰਚਿਤ ਰੱਖਿਆ ਗਿਆ ਹੈ। ਅੰਤ ਵਿਚ

ਕਹਿ ਸਕਦੇ ਹਾਂ ਕਿ ਪੂੰਜੀਵਾਦੀ ਯੁੱਗ ਦੀ ਆਮਦ ਨਾਲ ਭਾਰਤੀ ਸੰਵਿਧਾਨ ਦੁਆਰਾ ਦਿੱਤੇ ਬਰਾਬਰਤਾ ਦੇ ਅਧਿਕਾਰ ਸਮਾਜ ਸੁਧਾਰਕਾਂ ਅਤੇ ਧਾਰਮਿਕ ਆਗੂਆਂ ਦੀ ਜੱਦੋ-ਜਹਿਦ ਦੇ ਨਤੀਜੇ ਵਜੋਂ ਦੱਬੀਆਂ ਕੁਚਲੀਆਂ ਅਛੂਤ ਜਾਤਾਂ ਵਿਚੋਂ ਕੁਝ ਲੋਕ ਪੜ੍ਹ-ਲਿਖ ਕੇ ਉਚੇ ਅਹੁਦਿਆਂ ’ਤੇ ਵੀ ਪਹੁੰਚ ਗਏ ਹਨ। ਇਹਨਾਂ ਦਾ ਜੀਵਨ-ਪੱਧਰ ਵੀ ਆਮ ਲੋਕਾਂ ਤੋਂ ਉੱਪਰ ਉਠ ਗਿਆ ਹੈ ਅਤੇ ਇਹਨਾਂ ਦਾ ਰਹਿਣ-ਸਹਿਣ ਵੀ ਮੱਧਵਰਗੀ ਕਿਸਮ ਦਾ ਹੋ ਗਿਆ ਹੈ ਪ੍ਰੰਤੂ ਵਸਤੂ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਆਰਥਿਕ ਤੌਰ ’ਤੇ ਸੰਪੰਨ ਹੋ ਜਾਣ ਦੇ ਬਾਵਜੂਦ ਸਮਾਜਿਕ ਦਰਜੇਬੰਦੀ ਵਿਚਲਾ ਛੋਟੀ ਜਾਤ ਦਾ ਕੋਹੜ ਇਨ੍ਹਾਂ ਦਾ ਪਿੱਛਾ ਨਹੀਂ ਛੱਡਦਾ, ਦੂਜੇ ਪਾਸੇ ਭਾਰਤੀ ਪੰਜਾਬੀ ਸਮਾਜ ਵਿਚ ਗ਼ਰੀਬ ਤੋਂ ਗ਼ਰੀਬ ਜੱਟ ਜਾਂ ਬ੍ਰਾਹਮਣ ਵੀ ਆਪਣੇ-ਆਪ ਨੂੰ ਉੱਚੀ ਕੁਲ ਦਾ ਸਮਝਦਾ ਹੈ ਅਤੇ ਦਲਿਤ ਸਮਝੇ ਜਾਂਦੇ ਲੋਕਾਂ ਨਾਲ ਜਾਤੀ ਅਧਾਰਿਤ ਵਿਤਕਰਾ ਕਰਦਾ ਹੈ। ਇਹ ਲੋਕ ਕਦੇ ਦਲਿਤ ਔਰਤ ਜਾਂ ਮਰਦ ਦੁਆਰਾ ਦੂਜੇ ਵਰਗਾਂ ਨਾਲ ਬਣਾਏ ਰਿਸ਼ਤਿਆਂ ਜਾਂ ਸਮਾਜਿਕ ਸੰਬੰਧਾਂ ਨੂੰ ਪ੍ਰਵਾਨ ਨਹੀਂ ਕਰਦੇ। ਅਖੌਤੀ ਉੱਚ ਜਾਤੀ ਦੇ ਮਰਦ ਨੀਵੀਂ ਜਾਤ ਦੀਆਂ ਔਰਤਾਂ ਨਾਲ ਕਾਮੁਕ ਆਨੰਦ ਮਾਨਣ ਲਈ ਤਾਂ ਚੋਰੀ-ਛੁਪੇ ਸੰਬੰਧ ਬਣਾ ਲੈਂਦੇ ਹਨ ਪਰ ਸਮਾਜਿਕ ਤੌਰ ’ਤੇ ਕਦੇ ਵੀ ਉਹਨਾਂ ਨੂੰ ਸਮਾਜ-ਸਭਿਆਚਾਰਕ ਪ੍ਰਵਾਨਗੀ ਨਹੀਂ ਮਿਲਦੀ। ਅਜਮੇਰ ਸਿੰਘ ਔਲਖ ਨੇ ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਵਿਤਕਰੇਬਾਜ਼ੀ ’ਤੇ ਉਸਰੀ ਸਮੁੱਚੀ ਸਮਾਜਿਕ ਸੰਰਚਨਾ ਨੂੰ ਆਪਣੇ ਨਾਟਕਾਂ ਵਿਚ ਯਥਾਰਥਕ ਦ੍ਰਿਸ਼ਟੀ ਤੋਂ ਚਿਤਰਣ ਦਾ ਯਤਨ ਕੀਤਾ ਹੈ। ਸਮਾਜ-ਸਭਿਆਚਾਰ ਦੀ ਨੁਹਾਰ ਨੂੰ ਉਲੀਕਣ ਲਈ ਆਧਾਰ-ਭੂਮੀ ਵਜੋਂ ਰਸਮ-ਰਿਵਾਜ ਕਾਰਜ ਕਰਦੇ ਹਨ ਅਤੇ ਇਹ ਸਮਾਜ ਦੀਆਂ ਕਦਰਾਂ-ਕੀਮਤਾਂ ਅਤੇ ਜੀਵਾਨ-ਜਾਂਚ ਦੀ ਮੂੰਹ ਬੋਲਦੀ ਤਸਵੀਰ ਹੁੰਦੇ ਹਨ। ਹਰੇਕ ਰਸਮ ਨੂੰ ਸਿਰੇ ਚੜ੍ਹਾਉਣ ਜਾਂ ਪੂਰਾ ਕਰਨ ਦਾ ਤਰੀਕਾ ਪਰੰਪਰਾਗਤ ਕਦਰਾਂ-ਕੀਮਤਾਂ ਦੇ ਅਧਾਰ 'ਤੇ ਹੀ ਹੁੰਦਾ ਹੈ। ਇਹ ਕਿਸੇ ਸਮਾਜਿਕ ਢਾਂਚੇ ਵਿੱਚ ਰਹਿੰਦੇ ਲੋਕਾਂ ਦੇ ਅੰਤਰੀਵ ਮਨ ਦੀਆਂ ਪਰਤਾਂ ਅੰਦਰ ਵੱਸਦੇ ਜਜ਼ਬਿਆਂ ਅਤੇ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦੇ ਹਨ, ਇਨ੍ਹਾਂ ਦੁਆਰਾ ਹੀ ਲੋਕਮਨ ਦੀਆਂ ਭਾਵਨਾਵਾਂ, ਰੀਝਾਂ, ਉਮੰਗਾਂ ਨੂੰ ਸਹਿਜੇ ਹੀ ਪਛਾਣਿਆ ਜਾਂਦਾ ਹੈ। ਸਮਾਜਿਕ ਵਰਤਾਰੇ ਵਿਚ ਰਸਮ-ਰਿਵਾਜ ਦਾ ਮਹੱਤਵਪੂਰਨ ਰੋਲ ਹੈ, ਪਰ ਸਮਾਜਕ ਜੀਵਨ ਦਾ ਮੂਲ ਆਧਾਰ ਤਾਂ ਰਿਸ਼ਤੇ-ਨਾਤੇ ਹਨ ਕਿਉਂਕਿ ਕਿਸੇ ਰਸਮ ਨੂੰ ਨਿਭਾਉਣ ਦਾ ਕਾਰਜ ਤਾਂ ਸਾਡੇ ਰਿਸ਼ਤੇ-ਨਾਤੇ ਹੀ ਕਰਦੇ ਹਨ। ਪੰਜਾਬੀ ਸਭਿਆਚਾਰ ਵਿਚ ਰਸਮ-ਰਿਵਾਜ ਨਾਲ ਸੰਬੰਧਿਤ ਬਹੁਤ ਗਿਣਤੀ ਕਾਰਜ ਤਾਂ ਵਿਆਹ ਨਾਲ ਸੰਬੰਧਿਤ ਹੀ ਮਿਲਦੇ ਹਨ। ਵਿਆਹ ਨੂੰ ਮਨੁੱਖੀ ਜੀਵਨ ਦਾ ਸੁਨਿਹਰੀ ਕਾਲ ਮੰਨਿਆ ਗਿਆ ਹੈ। ਇਸ ਨੂੰ ਪਵਿੱਤਰ ਮੰਨਿਆ ਗਿਆ ਹੈ ਤੇ ਸਮਾਜ ਹਮੇਸ਼ਾ ਹੀ ਪੁੰਨ ਦੇ ਵਿਆਹ ਨੂੰ ਹੀ ਪ੍ਰਵਾਨਗੀ ਦਿੰਦਾ ਹੈ। ਔਲਖ ਦੇ ਨਾਟਕ ਕਿਸਾਨੀ ਸਮਾਜ ਨਾਲ

ਸੰਬੰਧਿਤ ਹਨ। ਭਾਸ਼ਾ ਅਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ। ਕਿਸੇ ਖੇਤਰ ਦਾ ਜਿਹੋ ਜਿਹਾ ਸਮਾਜ ਹੋਵੇਗਾ ਉੱਥੋਂ ਦੀ ਭਾਸ਼ਾ ਵੀ ਉਸ ਨਾਲ ਸੰਬੰਧਿਤ ਹੋਵੇਗੀ। ਭਾਸ਼ਾ ਰਾਹੀਂ ਕਿਸੇ ਸਮਾਜ ਦੀ ਝਲਕ ਦਿਖਾਈ ਦਿੰਦੀ ਹੈ। ਨਾਟਕਾਂ ਵਿੱਚ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਉਭਾਰਿਆ ਹੈ ਜਿਸ ਅਧੀਨ ਖੇਤੀਬਾੜੀ ਨਾਲ ਸੰਬੰਧਿਤ ਸ਼ਬਦ ਕਿੱਲੇ, ਕਿੱਲਿਆਂ, ਕਣਕ, ਰਮਾਈ, ਗੁੱਡ, ਖੇਤ, ਪੱਠੇ, ਕੁਆਰੇ, ਧੱਕੇ, ਡ਼ਿੜੀ, ਡੰਗਰ, ਭੋਇੰ, ਜੰਡ ਆਦਿ ਮਿਲਦੇ ਹਨ। ਪਸ਼ੂ ਪਾਲਣ ਸੰਬੰਧੀ ਜਾਣਕਾਰੀ ਵੀ ਨਾਟਕਾਂ ਵਿੱਚੋਂ ਮਿਲਦੀ ਹੈ। ਨਾਟਕਾਂ ਵਿੱਚ ਪੜ੍ਹੇ ਲਿਖੇ ਤੇ ਅਨਪੜ੍ਹ ਵਰਗ ਨਾਲ ਸੰਬੰਧਿਤ ਵੀ ਭਾਸ਼ਾਈ ਸਮੱਗਰੀ ਦੀ ਵਰਤੋਂ ਹੋਈ ਮਿਲਦੀ ਹੈ। ਨਾਟਕਾਂ ਦੇ ਪਾਤਰਾਂ ਦੀਆਂ ਧਾਰਮਿਕ ਰੁਚੀਆਂ ਵਰਤੋਂ ਵਿਹਾਰ ਬਾਰੇ ਜਾਣਕਾਰੀ ਦੇਣ ਲਈ ਔਲਖ ਨੇ ਉਹ ਜਿਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਮਿਸਾਲ ਵਜੋਂ ਕਿਸਾਨ ਵਰਗ ਨਾਲ ਸੰਬੰਧਿਤ ਪੁੰਨ ਦਾ ਵਿਆਹ, ਦੂਜਾ ਵਿਆਹ, ਮੁੱਲ ਦਾ ਵਿਆਹ, ਚਾਦਰ ਪਾਉਣੀ, ਅਣਜੋੜ ਵਿਆਹ, ਪ੍ਰੇਮ ਵਿਆਹ ਮਿਲਦੇ ਹਨ। ਸਿੱਖ ਧਰਮ ਨਾਲ ਸੰਬੰਧਿਤ ਸ਼ਬਦਾਵਲੀ, ਖੇਤੀਬਾੜੀ ਦੇ ਸੰਦਾਂ ਬਾਰੇ, ਫਸਲਾਂ ਬਾਰੇ, ਜ਼ਮੀਨੀ ਝਗੜੇ ਦੇ ਨਿਪਟਾਰੇ ਲਈ ਅਦਾਲਤੀ ਭਾਸ਼ਾ ਦੀ ਵਰਤੋਂ ਹੋਈ ਮਿਲਦੀ ਹੈ। ਜਿੱਥੋਂ ਤੱਕ ਨਿਮਨ ਕਿਸਾਨੀ ਵਿੱਚ ਔਰਤਾਂ ਤੇ ਮਰਦਾਂ ਵੱਲੋਂ ਗੁੱਸੇ ਵਿੱਚ ਅਤੇ ਤਨਜ ਵਜੋਂ ਵਰਤੀ ਗਈ ਅਪਭਾਸ਼ਾਈ ਸ਼ਬਦਾਵਲੀ ਵੀ ਪ੍ਰਾਪਤ ਹੁੰਦੀ ਹੈ। ਅਨਪੜ੍ਹ ਲੋਕ ਹੋਣ ਕਾਰਨ ਵਧੇਰੇ ਪਾਤਰ ਸਾਧੂ-ਸੰਤਾਂ ਦੇ ਡੇਰੇ ਜਾਣ ਨੂੰ ਪਹਿਲ ਦਿੰਦੇ ਹਨ ਤੇ ਨਾਟਕਾਂ ਵਿਚੋਂ ਸਾਧੂਆਂ ਦੀ ਭਾਸ਼ਾ ਤੇ ਉਹਨਾਂ ਦੀ ਗੁਪਤ ਭਾਸ਼ਾ ਵੀ ਮਿਲਦੀ ਹੈ। ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਔਲਖ ਦੇ ਨਾਟਕਾਂ ਵਿਚੋਂ ਸਮਾਜ ਦੀ ਝਲਕ ਦਿਖਾਈ ਦਿੰਦੀ ਹੈ।

ਉਪਰੋਕਤ ਚਰਚਾ ਦੇ ਆਧਾਰ ’ਤੇ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲਾ ਨਿਮਨ-ਕਿਸਾਨ ਘੱਟ ਜ਼ਮੀਨ ਕਰਕੇ ਪੈਦਾ ਹੋਈ ਆਰਥਿਕ ਮੰਦਹਾਲੀ ਕਰਕੇ ਪੈਦਾ ਹੋਈਆਂ ਸਮੱਸਿਆਵਾਂ ਵਿਚ ਉਲਝਿਆ ਸਾਰੀ ਜ਼ਿੰਦਗੀ ਉਨ੍ਹਾਂ ਨੂੰ ਸੁਲਝਾਉਣ ਦਾ ਯਤਨ ਕਰਦਾ ਦਿਖਾਈ ਦਿੰਦਾ ਹੈ, ਇਕ ਪਾਸੇ ਸਰਕਾਰ ਕਿਸਾਨਾਂ ਤੋਂ ਧੱਕੇਸ਼ਾਹੀ ਨਾਲ ਜ਼ਮੀਨ ਐਕਵਾਇਰ ਕਰ ਰਹੀ ਹੈ, ਉਹ ਲਏ ਕਰਜ਼ੇ ਨੂੰ ਲਾਹੁਣ ਲਈ ਬੇ-ਜ਼ਮੀਨਾ ਹੋ ਰਿਹਾ ਹੈ ਅਤੇ ਦੂਜੇ ਪਾਸੇ ਪੜ੍ਹ -ਲਿਖਣ ਕਰਕੇ ਅਤੇ ਸਰਕਾਰ ਦੁਆਰਾ ਦਿੱਤੀਆਂ ਸਬਸਿਡੀਆਂ ਕਰਕੇ ਉਹ ਪ੍ਰਗਤੀ ਵੱਲ ਵੀ ਵਧ ਰਿਹਾ ਹੈ। ਉਸਨੇ ਜਿੰਦਗੀ ਦੇ ਰੂਪਾਂਤਰਣ ਲਈ ਪੂਰਨ ਸੂਝ ਅਤੇ ਜਾਗ੍ਰਤੀ ਕਾਲ ਸੰਘਰਸ਼ ਦਾ ਰਾਹ ਅਪਣਾ ਲਿਆ ਹੈ। ਸੋ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਰਾਹੀਂ ਨਿਮਨ-ਕਿਸਾਨ ਦੀ ਜਿੰਦਗੀ ਦਾ ਬਹੁ-ਪਸਾਰੀ ਅਤੇ ਗਹਿਰ-ਗੰਭੀਰ ਚਿਤਰਣ ਕਰਕੇ, ਇਨ੍ਹਾਂ ਅਣਹੋਇਆਂ ਵਰਗੀ ਜੂਨ ਹੰਢਾਉਣ ਵਾਲਿਆਂ ਨੂੰ ਜਾਗਰੂਕਤਾ ਨਾਲ ਜਿਉਣ ਦਾ ਸੰਦੇਸ਼ ਦਿੱਤਾ ਹੈ।

## ਅਧਿਆਇ-ਪੰਜਵਾਂ

## ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਧਾਰਮਿਕ ਪਰਿਪੇਖ

ਸਭਿਆਚਾਰ ਵਾਂਗ ਹੀ ਧਰਮ ਵੀ ਜਟਿਲ ਅਤੇ ਵਿਆਪਕ ਅਰਥਾਂ ਦਾ ਵਾਚਕ ਹੈ। ਮੁੱਢਲੇ ਕਾਲ ਦੇ ਮਾਨਵ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਪ੍ਰਕਿਰਤੀ ਹੀ ਸੀ। ਪ੍ਰਕਿਰਤੀ ਇਕੋ ਸਮੇਂ ਮਨੁੱਖ ਦੇ ਸਾਹਮਣੇ ਦੋ ਰੂਪਾਂ ਵਿਚ ਮੌਜੂਦ ਸੀ, ਅਰਥਾਤ ਮਨੁੱਖ ਦੀ ਪੈਦਾਵਾਰ ਜੇ ਪ੍ਰਕਿਰਤਿਕ ਕਾਰਨਾਂ 'ਤੇ ਨਿਰਭਰ ਕਰਦੀ ਹੈ ਤਾਂ ਉਸ ਦੇ ਵਿਨਾਸ਼ ਦਾ ਕਾਰਨ ਵੀ ਪ੍ਰਕਿਰਤੀ ਹੀ ਬਣਦੀ ਹੈ। ਪ੍ਰਕਿਰਤੀ ਦੇ ਵਿਨਾਸ਼ਕਾਰੀ ਰੂਪ ਤੋਂ ਮਨੁੱਖ ਹਮੇਸ਼ਾ ਭੈਅ-ਭੀਤ ਰਿਹਾ ਹੈ। ਇਹੋ ਕਾਰਨ ਹੈ ਕਿ ਮਨੁੱਖੀ ਕਲਪਨਾ ਅਤੇ ਵਿਸ਼ਵਾਸ ਨੇ ਪ੍ਰਕਿਰਤੀ ਦੇ ਮਾਰੂ ਪ੍ਰਭਾਵ ਨੂੰ ਭੂਤ, ਪ੍ਰੇਤ, ਜਿੰਨ, ਚੁੜੇਲ ਅਤੇ ਰਾਖਸਾਂ ਦੇ ਵਿਭਿੰਨ ਰੂਪਾਂ ਦਾ ਦਰਜਾ ਦੇ ਦਿੱਤਾ। ਧਰਮ ਨੂੰ ਕਈ ਵਾਰੀ ਸਭਿਆਚਾਰ ਦਾ ਸਮਾਨਾਰਥੀ ਇਸ ਦਾ ਜਨਮਦਾਤਾ, ਇਸ ਦਾ ਆਧਾਰ ਜਾਂ ਇਸ ਦੀ ਚਾਲਕ ਸ਼ਕਤੀ ਦੱਸਿਆ ਜਾਂਦਾ ਹੈ, ਪਰ ਅਸਲ ਵਿਚ ਧਰਮ ਆਪ ਇੱਕ ਸਭਿਆਚਾਰਕ ਸਿਰਜਣਾ ਹੈ। ਇਸ ਦੇ ਚਿੰਤਨ ਦਾ ਪਿੜ ਕਿਉਂਕਿ ਇਸਦੇ ਵਰਤਾਰਿਆਂ ਦੇ ਅਣਜਾਤੇ ਅਤੇ ਅਗਿਆਤ ਖੇਤਰ ਹਨ ਜਾਂ ਫਿਰ ਜੀਵਨ ਦੇ ਉਹ ਖੇਤਰ ਹਨ ਜਿਹਨਾਂ ਵਿਚ ਅਨਿਸ਼ਚਿਤਤਾ ਪਾਈ ਜਾਂਦੀ ਹੈ, ਜਿਹੜੀ ਮਨੁੱਖੀ ਦੁਬਿਧਾ ਅਤੇ ਕਿਸੇ ਅਟੱਲ ਮੁਸੀਬਤ ਦੇ ਲਟਕਵੇਂ ਡਰ ਦਾ ਆਧਾਰ ਵੀ ਬਣੀ ਰਹਿੰਦੀ ਹੈ, ਇਸ ਲਈ ਮਨੁੱਖੀ ਵਿਕਾਸ ਦੇ ਪਹਿਲੇ ਪੜਾਵਾਂ ਉਤੇ ਧਰਮ ਜ਼ਿੰਦਗੀ ਜਿੰਨਾ ਹੀ ਸਰਬ-ਵਿਆਪਕ ਹੁੰਦਾ ਹੈ। ਉਦੋਂ ਅਜੇ ਜ਼ਿੰਦਗੀ ਦਾ ਹਰ ਖੇਤਰ ਹੀ ਅਣਗਾਹਿਆ ਅਤੇ ਅਣਜਾਤਾ ਹੁੰਦਾ ਹੈ ਅਤੇ ਨਿੱਕੀ ਤੋਂ ਲੈ ਕੇ ਵੱਡੀ ਤੱਕ ਹਰ ਮੁਸੀਬਤ ਬਿਨਾਂ ਕਿਸੇ ਕਾਰਨ ਮਨੁੱਖ ਨੂੰ ਸ਼ਿਕਾਰ ਬਣਾਉਣ ਲਈ ਗੈਬੋਂ ਉਤਰ ਆਉਂਦੀ ਹੈ। ਮਨੁੱਖ ਤੋਂ ਪ੍ਰਬਲ ਹੋਣ ਦੇ ਨਾਤੇ ਇਸ ਦਾ ਪੂਜਿਆ ਅਤੇ ਰੀਝਾਇਆ ਜਾਣਾ ਜ਼ਰੂਰੀ ਹੋ ਜਾਂਦਾ ਹੈ, ਇਹੋ ਹੀ ਉਸ ਦੇ ਕਹਿਰ ਤੋਂ ਬਚਣ ਦਾ ਇਕੋ ਇੱਕ ਰਾਹ ਹੁੰਦਾ ਹੈ।

ਮਨੁੱਖ ਦਾ ਪਹਿਲਾ ਅਨੁਮਾਨ ਹੈ ਕਿ ਇਹ ਸੰਸਾਰ ਕਿਸੇ ਦੈਵੀ ਸ਼ਕਤੀ ਦੀ ਸਿਰਜਣਾ ਹੈ ਅਤੇ ਉਹ ਇਸਦਾ ਸੰਚਾਲਨ ਕਰਦੀ ਹੈ। ਇਸ ਦੈਵੀ ਸ਼ਕਤੀ ਦੀ ਤਲਾਸ਼ ਕਰਨ ਲਈ ਇਸਦੇ ਲੱਛਣਾ ਨੂੰ ਸਮਝਣ ਲਈ, ਮਨੁੱਖ ਨੂੰ ਸੁਖੀ ਕਰਨ ਲਈ, ਦੈਵੀ ਸ਼ਕਤੀ ਨੂੰ ਪ੍ਰਸੰਨ ਕਰਨ ਲਈ ਅਤੇ ਮੌਤ ਦਾ ਭੈ ਦੂਰ ਕਰਕੇ ਅਮਰ ਹੋਣ ਲਈ, ਇੱਕ ਪੂਰੇ ਵਿਧੀ ਵਿਧਾਨ ਨੇ ਜਨਮ ਲਿਆ ਜਿਸ ਨੂੰ ਧਰਮ ਕਿਹਾ ਜਾਂਦਾ ਹੈ। ਧਰਮ ਚੇਤਨਾ ਪੱਧਰ 'ਤੇ ਵੀ ਹੁੰਦਾ ਹੈ ਅਤੇ ਲੋਕ ਪੱਧਰ 'ਤੇ ਵੀ। ਲੋਕ ਆਪਣੀ ਉਤਪਤੀ ਸੰਬੰਧੀ ਕੀ ਵਿਸ਼ਵਾਸ ਕਰਦੇ ਹਨ, ਕੀ ਖੋਜ ਕਰਦੇ ਹਨ, ਇਹ ਲੋਕ ਧਰਮ ਹੈ। ਧਰਮ ਮਨੁੱਖ ਦੀ ਸਭਿਆਚਾਰਕ ਪ੍ਰਾਪਤੀ ਤੋਂ ਵੀ ਅੱਗੇ

ਵਧ ਕੇ ਅੰਤਰ ਖੋਜ ਦਾ ਵਿਸ਼ਾ ਹੈ। ਕਿਸੇ ਇਕੋ ਸਭਿਆਚਾਰ ਅੰਦਰ ਅਨੇਕਾਂ ਧਰਮ ਵਧ-ਫੁੱਲ ਸਕਦੇ ਹਨ, ਪਰ ਕਿਸੇ ਇੱਕ ਧਰਮ (ਮਜ਼ਹਬ) ਵਿਚ ਵੱਖ-ਵੱਖ ਸਭਿਆਚਾਰਾਂ ਦੇ ਸਮੁੱਚੇ ਰੂਪ ਵਿਚ ਸਮਾ ਸਕਣਾ ਸੰਭਵ ਨਹੀਂ ਹੁੰਦਾ। ਭਾਵੇਂ ਕਿ ਲੋਕ ਧਰਮ ਨੂੰ ਵਿਸਿਸ਼ਟ ਧਰਮ ਦਾ ਆਧਾਰ ਮੰਨ ਲਿਆ ਜਾਂਦਾ ਹੈ ਪਰ ਫਿਰ ਵੀ ਵਿਸਿਸ਼ਟ ਧਰਮ ਅਤੇ ਲੋਕ-ਧਰਮ ਵਿਚ ਅੰਤਰ ਵੇਖੇ ਜਾ ਸਕਦੇ ਹਨ, ਵਿਸਿਸ਼ਟ ਧਰਮ ਦਾ ਆਪਣਾ ਧਾਰਮਿਕ ਗ੍ਰੰਥ ਹੁੰਦਾ ਹੈ। ਜਿਸ ਵਿਚ ਉਸ ਧਰਮ ਨਾਲ ਸੰਬੰਧਿਤ ਸਾਰੀ ਵਿਚਾਰਧਾਰਾ ਹੁੰਦੀ ਹੈ। ਜਿਸ ਦੀ ਪਾਲਣਾ ਉਸ ਧਰਮ ਦੇ ਅਨੁਯਾਈਆਂ ਨੇ ਕਰਨੀ ਹੁੰਦੀ ਹੈ। ਲੋਕ-ਧਰਮ ਵਿਚ ਅਜਿਹਾ ਨਹੀਂ ਹੁੰਦਾ। ਲੋਕ-ਧਰਮ ਦਾ ਆਪਣਾ ਕੋਈ ਵਿਸ਼ੇਸ਼ ਧਾਰਮਿਕ ਗ੍ਰੰਥ ਨਹੀਂ ਹੁੰਦਾ ਅਤੇ ਨਾ ਹੀ ਇਸ ਦੇ ਸ਼ਰਧਾਲੂ ਨੂੰ ਕਿਸੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਪੈਂਦੀ ਹੈ, ਹਰੇਕ ਵਿਸਿਸ਼ਟ ਧਰਮ ਦੀਆਂ ਪੂਜਾ ਵਿਧੀਆਂ ਅਤੇ ਕਰਮ-ਕਾਂਡ ਵੱਖਰੇ ਹੁੰਦੇ ਹਨ। ਕਈ ਵਾਰ ਇਨ੍ਹਾਂ ਵਿਚ ਦੂਜੇ ਧਰਮਾਂ ਦੀਆਂ ਪੂਜਾ ਵਿਧੀਆਂ, ਧਾਰਮਿਕ ਚਿੰਨ੍ਹਾਂ, ਵਿਚਾਰਧਾਰਾ ਅਤੇ ਧਾਰਮਿਕ ਸਥਾਨਾਂ ਦਾ ਖੰਡਨ ਵੀ ਕੀਤਾ ਜਾਂਦਾ ਹੈ। ਜਿਸ ਕਾਰਨ ਇਹਨਾਂ ਧਰਮਾਂ ਅਤੇ ਇਹਨਾਂ ਦੇ ਸ਼ਰਧਾਲੂਆਂ ਵਿਚ ਆਪਸੀ ਟਕਰਾਅ ਹੁੰਦਾ ਰਹਿੰਦਾ ਹੈ। ਇਸ ਦੇ ਉਲਟ ਲੋਕ-ਧਰਮ ਵਿਚ ਭਾਵੇਂ ਪੂਜਾ ਵਿਧੀਆਂ ਵਿਚ ਥੋੜ੍ਹਾ ਫ਼ਰਕ ਹੋਵੇ ਪਰ ਲੋਕ ਧਰਮ ਵਿਚ ਵੱਖਰੇ-ਵੱਖਰੇ ਦੇਵੀ-ਦੇਵਤਿਆਂ, ਪੀਰਾਂ-ਫਕੀਰਾਂ ਆਦਿ ਨੂੰ ਸਮਾਨ ਰੂਪ ਵਿਚ ਦੇਖਿਆ ਜਾਂਦਾ ਹੈ। ਲੋਕ-ਧਰਮ ਵਿਚ ਕਈ ਦੇਵੀ-ਦੇਵਤਿਆਂ ਦੀ ਪੂਜਾ ਇਕੱਠੇ ਰੂਪ ਵਿਚ ਵੀ ਮਿਲਦੀ ਹੈ। ਹੱਥਲੇ ਅਧਿਆਇ ਦਾ ਮੂਲ ਪ੍ਰਯੋਜਨ ਔਲਖ ਦੇ ਨਾਟਕਾਂ ਵਿਚ ਪੇਸ਼ ਜਮਾਤੀ-ਚੇਤਨਾ ਦੇ ਧਾਰਮਿਕ ਪਰਿਪੇਖ ਨੂੰ ਪੇਸ਼ ਕਰਨਾ ਹੈ। ਉੱਪਰ ਧਰਮ ਸੰਬੰਧੀ ਸੰਖੇਪ ਜਾਣਕਾਰੀ ਦੇਣ ਉਪਰੰਤ ਉਸਦੇ ਨਾਟਕਾਂ ਵਿਚੋਂ ਪ੍ਰਾਪਤ ਬਿੰਦੂਆਂ ਉਪਰ ਚਰਚਾ ਕੀਤੀ ਜਾਵੇਗੀ। ਇਸ ਸੰਬੰਧੀ ਉਸਦੇ ਨਾਟਕਾਂ ਵਿਚਲੀ ਸਮੱਗਰੀ ਨੂੰ ਧਾਰਮਿਕ ਦ੍ਰਿਸ਼ਟੀ ਤੋਂ ਨਿਮਨ ਵਰਗਾਂ ਵਿਚ ਵੰਡ ਕੇ ਚਰਚਾ ਕੀਤੀ ਜਾਵੇਗੀ।

**5.1 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ ਦਾ ਸਰੂਪ** - ਧਰਮ ਅਤੇ ਸਦਾਚਾਰ ਦਾ ਗਹਿਰਾ ਰਿਸ਼ਤਾ ਹੈ। ਧਰਮ ਮਨੁੱਖ ਨੂੰ ਸਦਾਚਾਰਕ ਗੁਣਾਂ ਵਾਲਾ ਬਣਾਉਣ ਦਾ ਕਾਰਜ ਕਰਦਾ ਹੈ। ਇਸ ਲਈ ਧਰਮ ਵਿਚ ਉਨ੍ਹਾਂ ਸਾਰੇ ਕੰਮਾਂ ਦੀ ਵਰਜਣਾ ਹੁੰਦੀ ਹੈ, ਜਿਸ ਕਾਰਨ ਮਨੁੱਖੀ ਸ਼ਖ਼ਸੀਅਤ ਵਿਚ ਵਿਗਾੜ ਪੈਦਾ ਹੁੰਦੇ ਹਨ। ਔਲਖ ਦੇ ਨਾਟਕਾਂ ਵਿਚ ਇਹ ਵਿਗਾੜ ਸਿੱਧੇ-ਅਸਿੱਧੇ ਢੰਗ ਨਾਲ ਪੇਸ਼ ਹੋਏ ਹਨ ਪਰ ਪੇਂਡੂ ਸਭਿਆਚਾਰ ਵਿਚ ਇਨ੍ਹਾਂ ਵਿਗਾੜਾਂ ਤੋਂ ਬਚਣ ਲਈ ਰੱਬ/ਧਰਮ ਜਾਂ ਭੈਅ ਖਾਣ ਲਈ ਉਕਸਾਇਆ ਜਾਂਦਾ ਹੈ ਤਾਂ ਕਿ ਬੰਦਾ ਆਪਣੇ ਮਨ ਦੀ ਛੱਡ ਕੇ ਮਨੁੱਖੀ ਇਕਸਾਰਤਾ ਅਤੇ ਹੱਕ ਪਰਾਇਆ ਨਾ ਖਾਣ ਵੱਲ ਰੁਚਿਤ ਹੋਵੇ।

ਔਲਖ ਦੇ ਨਾਟਕ 'ਬਗਾਨੇ ਬੋਹੜ ਦੀ ਛਾਂ' (ਮੇਰੇ ਸਾਰੇ ਲਘੂ ਨਾਟਕ) ਵਿਚ ਧਰਮ ਦੇ ਸਦਾਚਾਰਕ ਸਰੂਪ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਹੈ। ਪੇਂਡੂ ਸਮਾਜ ਵਿਚ ਅਨਪੜ੍ਹ ਲੋਕਾਂ ਦੀ ਬਹੁਤਾਤ ਹੁੰਦੀ ਹੈ। ਛੋਟੀਆਂ ਜਾਤਾਂ ਵੱਡੇ ਜਿੰਮੀਦਾਰਾਂ ਦੇ ਹਾਲੀ, ਪਾਲੀ, ਸੀਰੀ ਰਲ ਕੇ ਡੰਗ ਟਪਾ ਕਰਦੇ ਹਨ। ਗ਼ਰੀਬ ਮਾਪੇ ਬੱਚਿਆਂ ਨੂੰ ਪੜ੍ਹਾਉਣ ਤੋਂ ਅਸਮਰਥ ਹੋਣ ਕਾਰਨ ਵੱਡੇ ਜਿਮੀਂਦਾਰਾਂ ਤੋਂ ਕਰਜ਼ਾ ਲੈ ਕੇ ਪਾਲੀ ਰਲਾ ਦਿੰਦੇ ਹਨ। ਇਸ ਨਾਟਕ ਵਿਚ ਦੌਲਾ ਆਪਣੇ ਪੁੱਤਰ ਨੂੰ ਪਾਲੀ ਰਲਾਉਂਦਾ ਹੈ ਪਰ ਮੁੰਡਾ ਉਨ੍ਹਾਂ ਦੇ ਕੰਮ ਤੋਂ ਭੱਜ ਆਉਂਦਾ ਹੈ। ਗੱਜਣ ਦੇ ਪੁੱਛਣ ਤੇ ਉਹ ਦੱਸਦਾ ਹੈ,

> ਮੁੰਡਾ:(ਦੁਹਾਈ ਪਾ ਕੇ) ਓਇ ਸਹੁੰ ਮਹਾਰਾਜ ਦੀ ਬਾਬਾ ਡੰਗਰ ਬਹੁਤੇ ਐ। (ਔਲਖ 53)

ਉਕਤ ਵਾਰਤਾਲਾਪ ਵਿਚੋਂ ਪੇਂਡੂ ਸਮਾਜ ਵਿਚ ਵਸੀ ਹੋਈ ਧਾਰਮਿਕ ਬਿਰਤੀ ਨੂੰ ਸਮਝਿਆ ਜਾ ਸਕਦਾ ਹੈ। ਮੁੰਡੇ ਨੇ ਆਪਣੀ ਗੱਲ ਨੂੰ ਠੀਕ ਦੱਸਣ ਲਈ ਕਿਸੇ ਵੀ ਹੋਰ ਦੀ ਸਹੁੰ ਨਹੀਂ ਚੁੱਕੀ ਬਲਕਿ 'ਮਹਾਰਾਜ ਦੀ ਸਹੁੰ' ਚੁੱਕੀ ਹੈ। ਇੱਥੇ ਮਹਾਰਾਜ ਕੋਈ ਰਾਜਾ, ਨੇਤਾ, ਮੰਤਰੀ ਨਹੀਂ ਬਲਕਿ ਸਮੁੱਚੀ ਖ਼ਲਕਤ/ਸੰਸਾਰ ਦਾ ਰਾਜਾ, ਪਰਮਾਤਮਾ ਹੈ। ਇਸ ਤਰ੍ਹਾਂ ਪੇਂਡੂ ਸਮਾਜ ਵਿਚ ਕਿਸੇ ਵੀ ਗਵਾਹੀ ਲਈ ਪ੍ਰਮਾਤਮਾ ਦੀ ਸਹੁੰ ਚੁੱਕਣਾ ਧਰਮ ਦਾ ਸਦਾਚਾਰਕ ਮੁੱਲ ਹੀ ਹੈ। ਇਸੇ ਨਾਟਕ ਵਿਚ ਜਦੋਂ ਬਿਸ਼ਨੀ ਗੱਜਣ ਕੋਲ ਆ ਕੇ ਬੈਠਦੀ ਹੈ ਤਾਂ ਗੱਜਣ ਉਸਨੂੰ ਸਲਾਹ ਦਿੰਦਾ ਹੈ।

> ਗੱਜਣ: ..ਬੇਬੇ ਬਹਿ ਕੇ ਭਜਨ ਬੰਦਗੀ ਕਰਿਆ ਕਰ। ਹੁਣ ਤੇਰੀ ਉਮਰ ਉਪਰਲੇ ਨਾਲ ਵਿਰਤੀਆਂ ਜੋੜਨ ਦੀ ਐ। (ਔਲਖ 53)

ਪੇਂਡੂ ਸਮਾਜ/ਭਾਰਤੀ ਸਮਾਜ ਵਿਚ ਇਹ ਮੰਨਿਆ ਜਾਂਦਾ ਹੈ ਕਿ ਬੁੱਢਾ ਹੋ ਕੇ ਬੰਦਾ ਭਜਨ ਬੰਦਗੀ ਵਿਚ ਲੀਨ ਰਹੇ ਤਾਂ ਕਿ ਮਰਨ ਉਪਰੰਤ ਉਸਦੀ ਆਤਮਾ ਚੌਰਾਸੀ ਲੱਖ ਜੂਨਾਂ ਦੀ ਭਟਕਣਾ ਤੋਂ ਮੁਕਤ ਹੋ ਕੇ ਮੁਕਤੀ ਪ੍ਰਾਪਤ ਕਰ ਲਵੇ ਅਤੇ ਆਪਣੇ ਪ੍ਰਭੂ ਪ੍ਰਮਾਤਮਾ ਵਿਚ ਅਭੇਦ ਹੋ ਜਾਵੇ। ਇਸ ਲਈ ਹੀ ਗੱਜਣ ਬਿਸ਼ਨੀ ਨੂੰ ਇਹ ਸਲਾਹ ਦਿੰਦਾ ਹੈ। ਪਰ ਬਿਸ਼ਨੀ ਕਿਸੇ ਗੱਲੋਂ ਸਤੀ-ਤਪੀ ਹੋਈ ਹੈ। ਇਸਦਾ ਪਤਾ ਉਸਦੇ ਵਾਰਤਾਲਾਪ ਤੋਂ ਲਗਦਾ ਹੈ।

> ਬਿਸ਼ਨੀ: .... ਭਜਨ ਬੰਦਗੀ ਵੀ ਕਰਦੀ ਐਂ ਪੁੱਤ, ਬਹੁਤ ਕਰਦੀ ਐਂ। .... ਉਪਰਲੇ ਨੇ ਮੈਨੂੰ ਬਹੁਤ ਸੁਖ ਦਿਤੇ ਨੇ। ਤਾਂ ਹੀ ਤਾਂ ਓਹਦੀ ਬੰਦਗੀ ਕਰਦੀ ਐਂ। ਟਾਹਲੀ ਅਰਗਾ ਪੁੱਤ...ਐਈਂ ਮਰੋੜ ਕੇ ਸਿੱਟ ਤਾ।(ਅੱਖਾਂ ਭਰ ਕੇ) ਮੈਂ ਪੁੱਤ ਉਪਰਲੇ ਦੀ ਬੰਦਗੀ ਕਿਉਂ ਨੀ ਕਰਨੀ। (ਔਲਖ 53-54)

ਬਿਸ਼ਨੀ ਏਸ ਗੱਲੋਂ ਰੱਬ ਨਾਲ ਨਰਾਜ਼ ਹੈ ਕਿ ਉਸਦੇ ਪਤੀ ਅਤੇ ਪੁੱਤਰ ਨੂੰ ਪਿੰਡ ਦੇ ਸਰਦੇ-ਪੁੱਜਦੇ ਲੋਕਾਂ ਨੇ ਸ਼ਰੇਆਮ ਕਤਲ ਕਰ ਦਿੱਤਾ ਅਤੇ ਰੱਬ ਨੇ ਉਨ੍ਹਾਂ ਨਾਲ ਨਿਆਂ ਨਹੀਂ ਕੀਤਾ। ਇੱਥੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਔਲਖ ਦੇ ਪੇਂਡੂ ਖੇਤਰ ਦੇ ਪਾਤਰ ਆਪਣੀ ਹੋਣੀ ਦਾ ਸਿਹਰਾ ਰੱਬ/ਕਿਸਮਤ 'ਤੇ ਸੁੱਟਦੇ ਹਨ। ਇਸਦਾ ਇਕ ਕਾਰਨ ਇਹ ਵੀ ਹੈ ਕਿ ਉਨ੍ਹਾਂ ਕੋਲ ਆਪਣੇ ਆਪ ਨੂੰ ਧਰਵਾਸ ਦੇਣ ਦਾ ਹੋਰ ਕੋਈ ਰਾਹ ਵੀ ਨਹੀਂ ਬਚਦਾ। ਐਨੇ ਦੇ ਬਾਵਜੂਦ ਵੀ ਗੱਜਣ ਬਿਸ਼ਨੀ ਨੂੰ ਹੌਸਲਾ ਰੱਖਣ, ਰੱਬ ਦੇ ਭਾਣੇ ਵਿਚ ਰਹਿਣ, ਉਸਦੀ ਲੀਲਾ ਦੇ ਭੇਤ ਨਾ ਜਾਣਨ ਦੇ ਉਪਦੇਸ਼ ਦਿੰਦਾ ਹੈ। ਅਸਲ ਵਿਚ ਇਸ ਨਾਟਕ ਦਾ ਪਾਤਰ ਗੱਜਣ ਹੀ ਮੂਲ ਰੂਪ ਵਿਚ ਧਾਰਮਿਕ ਦ੍ਰਿਸ਼ਟੀ ਵਾਲਾ, ਸਦਾਚਾਰਕ ਮਨੁੱਖ ਹੈ। ਉਹ ਕਿਸੇ ਵੀ ਹਾਲ ਵਿਚ ਰੱਬ ਦਾ ਲੜ ਨਹੀਂ ਛੱਡਦਾ।

ਔਲਖ ਦੇ ਨਾਟਕ ਵਿਚਲੇ ਪਾਤਰ ਧਰਮ ਵਿਚ ਵਿਸ਼ਵਾਸ ਰੱਖਦੇ ਹੋਏ ਨਾਸਤਿਕ ਬੰਦੇ ਨੂੰ ਵਰਜਦੇ ਹੀ ਨਹੀਂ ਬਲਕਿ ਉਨ੍ਹਾਂ ਦੀ ਹੋਣੀ ਦਾ ਕਾਰਨ ਵੀ ਉਸੇ ਨਾਸਤਿਕਤਾ ਵਿਚੋਂ ਲੱਭਦੇ ਹਨ। 'ਤੂੜੀ ਵਾਲਾ ਕੋਠਾ' (ਮੇਰੇ ਸਾਰੇ ਇਕਾਂਗੀ) ਇਕਾਂਗੀ ਦਾ ਧਰਮਾ ਆਸਤਿਕ ਅਤੇ ਕਰਮਾ ਨਾਸਤਿਕ ਹੈ। ਕਰਮਾ ਉਸਦੇ ਪਰਿਵਾਰ 'ਤੇ ਆਈ ਹਰੇਕ ਤਕਲੀਫ਼, ਪੀੜ ਨੂੰ ਕਰਮ ਆਧਾਰਤ ਮੰਨਦਾ ਹੈ ਪਰ ਧਰਮਾ ਇਸਨੂੰ ਰੱਬ ਦੀ ਦੇਣ, ਕਿਸਮਤ ਦੀ ਖੇਡ ਮੰਨਦਾ ਹੈ।

> ਧਰਮਾ:(ਲਾ-ਜਵਾਬ ਹੋਇਆ ਕਿਸਮਤ ਦਾ ਸਹਾਰਾ ਲੈਂਦਾ ਹੋਇਆ) ਉਇ ਇਹ ਚ ਕਮਲਿਆ ਬੰਦੇ ਦੀ ਕੀ ਪੇਸ਼ ਜਾਂਦੀਐਂ। ਇਹ ਤਾਂ ਸਭ ਵਾਹਿਗੁਰੂ ਦੀ ਕਰਮਾਂ ਦੀ ਖੇਡ ਐ।
>
> ਕਰਮਾ: ਕਿਉਂ, ਅਸੀਂ ਵਾਹਿਗੁਰੂ ਦੇ ਫਰਮਾਂਹ ਪੱਟ ਤੇ ਸੀ ਬਈ ਸਾਨੂੰ ਈਂ ਉਸ ਨੇ ਕੁੱਤੇ ਦੀ ਜੂਨ ਪਾਉਣਾ ਸੀ। ਵਾਹਿਗੁਰੂ ਨੂੰ ਬਲਵੰਤ ਬਲੈਕੀਆ ਨੀ ਸੀ ਦੀਂਹਦਾ ਜਿਹੜਾ ਕਰ ਕਰ ਬਲੈਕ ਦੇ ਧੰਦੇ ਦਰਵਾਜ਼ੇ ਉਸਾਰੀ ਬੈਠੈ...
>
> ਧਰਮਾ: (ਕਰਮੇ ਦੀ ਨਾਸਤਕਤਾ ਤੋਂ ਚਿੜਦਾ ਹੋਇਆ) ਰਹਿਣ ਦੇ ਓਇ ਵੱਡਿਆ ਨਾਸਤਕਾ! ਜੇ ਰੱਬ ਤੋਂ ਮੁਨਕਰ ਐਂ ਤਾਂ ਹੀ ਤਾਂ ਸੀਰੀ ਰਲਿਆ ਫਿਰਦੈ।
>
> ਕਰਮਾ: ਮੈਂ ਤਾਂ ਰੱਬ ਤੋਂ ਮੁਨਕਰ ਐਂ, ਤਾਂ ਰਲਿਆ ਫਿਰਦੈ ਸੀਰੀ; ਤੂੰ ਤਾਂ ਦੋਵੇਂ ਵੇਲੇ ਨਾਮ ਜਪਦੈਂ, ਤੇਰੇ ਥੱਲੇ ਵੀ ਮੈਨੂੰ ਦੀਂਹਦਾ ਨੀ ਨਮਾਰੀ ਪਲੰਘ। ( ਔਲਖ 50)

ਨਾਟਕ ਵਿਚ ਧਰਮਾ ਧਰਮ ਵਿਚ ਵਿਸ਼ਵਾਸ ਰੱਖਣ ਵਾਲਾ ਅਤੇ ਕਰਮਾ ਆਪਣੇ ਕੰਮਾਂ ਉਪਰ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਸਾਬਤ ਹੁੰਦਾ ਹੈ, ਦੋਵਾਂ ਵਿਚ ਧਰਮ ਨੂੰ ਲੈ ਕੇ ਤਣਾਓ ਉਸਰਦਾ ਹੈ। ਧਰਮਾ ਆਪਣੀ ਹੋਣੀ ਕਿਸਮਤ ਅਤੇ ਕਰਮਾ ਧਰਮੇ ਦੀ ਧਾਰਮਿਕ ਬਿਰਤੀ ਕਾਰਨ ਸਤਿਆ ਹੋਇਆ ਹੈ।

### 5.1.1. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ ਦਾ ਸੰਪ੍ਰਦਾਇਕ ਸਰੂਪ

'ਅੰਨ੍ਹੇ ਨਿਸ਼ਾਨਚੀ' (ਮੇਰੇ ਸਾਰੇ ਇਕਾਂਗੀ) ਇਕਾਂਗੀ 1947 ਦੀ ਵੰਡ ਦੀ ਪਿੱਛੋਂ ਦੇ ਵਾਤਾਵਰਣ 'ਤੇ ਚਾਨਣ ਪਾਉਂਦੀ ਹੈ। ਇਸ ਇਕਾਂਗੀ ਦਾ ਵਾਪਰਣ ਕਾਲ ਸਤੰਬਰ ਮਹੀਨਾ ਹੈ। ਖੌਫ਼ਨਾਕ ਮਹੌਲ ਹੈ, ਜਿਸ ਵਿਚ ਧਾਰਮਿਕ ਕੱਟੜਪੁਣੇ ਦਾ ਸ਼ਿਕਾਰ ਲੋਕ ਧਰਮ ਦੇ ਨਾਂ 'ਤੇ ਇੱਕ ਦੂਜੇ ਨੂੰ ਵੱਢ ਰਹੇ ਸਨ। ਕੁਝ ਸਿੱਖ ਅਤੇ ਹਿੰਦੂ ਪਾਤਰ ਮੁਸਲਮਾਨਾਂ ਨੂੰ ਵੱਖਰੇ ਧਰਮ ਦੇ ਹੋਣ ਕਰਕੇ ਮਾਰ ਰਹੇ ਸਨ। ਉਹ ਪਾਕਿਸਤਾਨ ਵਿਚ ਹਿੰਦੂ-ਸਿੱਖਾਂ ਦੇ ਮਾਰੇ ਜਾਣ ਕਰਕੇ ਮੁਸਲਮਾਨਾਂ ਨੂੰ ਮਾਰ ਰਹੇ ਸਨ। ਇਸ ਤੋਂ ਬਿਨਾਂ ਉਹ ਕੱਟੜਪੁਣੇ ਦੀ ਅੰਨ੍ਹੀ ਹਨੇਰੀ ਵਿਚ ਆਪਣੇ ਹੀ ਧਰਮ ਦੀ ਔਰਤ ਦੀ ਪੱਤ ਰੋਲ ਦਿੰਦੇ ਹਨ। ਭਾਵੇਂ ਤੀਵੀਮਾਨੀ ਦੀ ਇੱਜ਼ਤ ਬਚਾਉਣ ਦੀ ਗੱਲ ਕਰਦੇ ਹਨ। ਖੜਕ ਸਿੰਘ ਨਾਲ ਜੋ "ਫੱਟੇ ਚੱਕ" ਜਹੇ ਲੱਗੇ ਹਨ, ਉਹ ਪੈਸੇ ਜਾਂ ਜ਼ਮੀਨ ਦੇ ਫਸੇ ਹੋਣ ਕਰਕੇ ਹੀ ਲੱਗੇ ਹਨ,ਪਰ ਕਿਸੇ ਨੂੰ ਜਾਨੋਂ ਮਾਰਨ ਦੀ ਹਿੰਮਤ ਨਹੀਂ ਰੱਖਦੇ ਜਿਵੇਂ ਇਕਾਂਗੀ ਦੇ ਅੰਤ 'ਤੇ ਜਦੋਂ ਗਿਆਨੀ ਬਜ਼ੁਰਗ ਦੇ ਕਾਫ਼ੀ ਬਚਾਉਣ ਪਿੱਛੋਂ ਵੀ ਸਿੱਖੀ ਬਾਣੇ 'ਚ ਮੁਸਲਿਮ ਬੱਚੇ ਨੂੰ ਖੜਕ ਸਿੰਘ ਮਾਰਨ ਦੀ ਗੱਲ ਕਰਦਾ ਹੈ ਤਾਂ ਫੱਟੇ ਚੱਕ ਕਹਿੰਦਾ ਹੈ ਕਿ

> ਨਾ ਜੀ ਸਰਦਾਰ ਸੈਹਿਬ! ਮੈਥੋਂ ਨੀਂ ਐਇੰ ਜੁਆਕ 'ਤੇ ਜ਼ੁਲਮ ਹੁੰਦਾ! (ਔਲਖ 91)

ਧਾਰਮਿਕ ਕੱਟੜਤਾ ਕਰਕੇ ਉਹ ਦੂਸਰੇ ਧਰਮ ਦੇ ਹਮਦਰਦਾਂ ਨੂੰ ਵੀ ਨਹੀਂ ਬਖ਼ਸ਼ ਰਹੇ ਸੀ। ਇਸੇ ਕਰਕੇ ਗਿਆਨੀ ਗੁਰਮੁੱਖ ਸਿੰਘ ਮਾਰਿਆ ਜਾਂਦਾ ਹੈ, ਪਰ ਉਹ ਉਨ੍ਹਾਂ ਦੇ ਕਿਰਦਾਰ ਦੀ ਨਿਸ਼ਾਨਦੇਹੀ ਕਰ ਜਾਂਦਾ ਹੈ। ਜਿਵੇਂ ਉਹ ਕਹਿੰਦਾ ਹੈ ਕਿ,

> ਅੰਨ੍ਹੇ ਸ਼ਿਕਾਰੀਓ! ਤੁਸੀਂ ਨਿਸ਼ਾਨੇ ਹਮੇਸ਼ਾ ਗਲਤ ਲਾਉਣ ਦੇ ਆਦੀ ਬਣ ਚੁੱਕੇ ਓ! ਥੋਡੇ ਵੀ ਕੀ ਸਾਰੇ ਐ? ਥੋਡੀ ਨਜ਼ਰ ਦਾ ਟੀਰ ਥੋਨੂੰ ਸਿੱਧਾ ਵੇਖਣ ਈਂ ਨੀਂ ਦਿੰਦਾ!( ਔਲਖ 92)

ਉਹ ਸਾਰੇ ਕੱਟੜਪੰਥੀ ਆਪਣੇ ਅਭਿਆਸ ਲਈ ਅਤੇ ਨਿਸ਼ਾਨੇਬਾਜ਼ੀ ਲਈ ਬੱਚੇ 'ਤੇ ਨਿਸ਼ਾਨਾ ਸਾਧਦੇ ਹਨ। ਇੱਕ ਪੱਖੋਂ ਉਹ ਨਿਸ਼ਾਨਚੀ ਹਨ ਪਰ ਦੂਸਰੇ ਪੱਖੋਂ ਉਹ ਸੁਜਾਖ਼ੇ ਹੋਣ ਦੇ ਬਾਵਜੂਦ ਵੀ ਅੰਨ੍ਹੇ ਹਨ। ਜਿਨ੍ਹਾਂ ਨੂੰ ਇੱਕ ਮਾਸੂਮ ਬੱਚਾ ਨਹੀਂ ਦਿਸਿਆ, ਜਿਸ ਨੂੰ ਤਾਂ ਹਾਲੇ ਇਹ ਵੀ ਨਹੀਂ ਪਤਾ ਸੀ ਕੀ ਧਰਮ ਹੁੰਦਾ ਕੀ ਹੈ। ਇਸੇ ਕਰਕੇ ਇਕਾਂਗੀ ਦਾ ਸਿਰਲੇਖ 'ਅੰਨ੍ਹੇ ਨਿਸ਼ਾਨਚੀ' ਹੈ। ਇਕਾਂਗੀ ਦੇ ਅੰਤ 'ਤੇ ਰੱਬ ਨੂੰ ਵੀ ਉਲ੍ਹਾਮਾ ਹੈ ਜੋ ਮੁਸਲਿਮ ਬੁੱਢੜੀ ਦੁਆਰਾ ਹੈ। ਜਿਵੇਂ ਉਹ ਕਹਿੰਦੀ ਹੈ ਕਿ,

> ਬੱਸ ਐਨੀ ਗੱਲ ਸੀ?ਕਰ-ਤੀ ਕਹਾਣੀ ਖਤਮ! (ਔਲਖ 93)

'ਅੰਨ੍ਹੇ ਨਿਸ਼ਾਨਚੀ' ਪੰਜਾਬ ਦੀ ਸੰਪਰਦਾਇਕ ਫਿਜ਼ਾ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ। 1947 ਦੇ ਸੰਪਰਦਾਇਕ ਫਸਾਦਾਂ ਦੀ ਪਿੱਠ-ਭੂਮੀ 'ਤੇ ਉਸਰਿਆ ਹੋਇਆ ਇਹ ਨਾਟਕ ਨਾਟਕੀ-ਕਲਾ ਦੀ ਸਮੁੱਚੀ ਸ਼ਕਤੀ ਦੁਆਰਾ ਇਨ੍ਹਾਂ ਅਰਥਾਂ ਦਾ ਸੰਚਾਰ ਕਰਦਾ ਹੈ ਕਿ ਸੰਪਰਦਾਇਕ ਵਿਤਕਰੇ ਵਾਸਤਵ ਵਿਚ, ਅਧਿਕਾਰਸ਼ੀਲ ਵਰਗਾਂ ਦੇ ਹਿੱਤਾਂ ਦੀ ਪੂਰਤੀ ਦੇ ਸਾਧਨ ਹੁੰਦੇ ਹਨ। ਆਪਣੇ ਹਿੱਤਾਂ ਦੀ ਇਤਿਹਾਸਕ ਚੇਤਨਾ ਦੀ ਅਣਹੋਂਦ ਵਿਚ ਲੋਕ ਆਪਣੇ ਸ਼ਾਸਕਾਂ ਦੇ ਪੱਖ ਵਿਚ ਜਾ ਭੁਗਤਦੇ ਹਨ। ਉਨ੍ਹਾਂ ਦੀ ਚੇਤਨਾ ਨੂੰ ਖੁੰਢਾ ਕਰਨ ਵਿਚ ਵਰਤਮਾਨ ਸੰਚਾਰ-ਸਾਧਨਾਂ ਦਾ ਵੀ ਬੜਾ ਵੱਡਾ ਹੱਥ ਹੈ। ਖੜਕ ਸਿੰਘ ਵਰਗੇ ਲੋਕ ਫੱਟੇ ਚੱਕ ਵਰਗਿਆਂ ਦੀ ਜ਼ਮੀਨ ਵੀ ਹਥਿਆਉਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤਦੇ ਵੀ ਹਨ। 1947 ਵਿਚ ਇਨ੍ਹਾਂ ਨੇ ਅਸਲੀਅਤ ਨੂੰ ਹਿੰਦੂ-ਸਿੱਖ ਅਤੇ ਮੁਸਲਮਾਨ ਮਜ਼ਹਬ ਦੀ ਲੜਾਈ ਦਾ ਰੰਗ ਦੇ ਕੇ ਵਰਤਿਆ ਸੀ ਅਤੇ ਅੱਜ ਹਿੰਦੂ ਅਤੇ ਸਿੱਖ ਧਰਮਾਂ ਦੇ ਪਹਿਰਾਵੇ ਵਿਚ ਉਹੀ ਖੇਡ-ਖੇਡੀ ਜਾ ਰਹੀ ਹੈ। ਗੁਰਮੁਖ ਸਿੰਘ ਵਰਗਾ ਕੋਈ ਗੁਰਸਿੱਖ ਜੇ ਸਿੱਖੀ ਦੇ ਅਸਲ ਅਰਥਾਂ ਦੀ ਗੱਲ ਕਰਦਾ ਹੈ ਤਾਂ ਉਹ ਖੜਕ ਸਿੰਘ ਵਰਗਿਆਂ ਦੀ ਗੋਲੀ ਦਾ ਨਿਸ਼ਾਨਾ ਬਣਦਾ ਹੈ। ਨਾਟਕ ਦੁਖਾਂਤ ਹੈ, ਪਰ ਦੁਖਾਂਤ ਵੀ ਭਵਿੱਖ ਦੀ ਦਰੁਸਤ ਇਤਿਹਾਸਕ ਚੇਤਨਾ ਦਾ ਸੰਚਾਰ ਕਰ ਜਾਂਦਾ ਹੈ ਜਦੋਂ ਆਪਣਾ ਘਰ-ਘਾਟ ਗੁਆ ਚੁੱਕਿਆ ਫੱਟੇ ਚੱਕ ਵਰਗਾ ਕੋਈ ਵਿਅਕਤੀ ਪਛਤਾਵੇ ਦੀ ਅੱਗ ਵਿਚ ਸੜਦਾ ਹੋਇਆ ਖੜਕ ਸਿੰਘ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ।

### 5.1.2 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ ਦਾ ਡੇਰਾਵਾਦੀ ਰੂਪ

ਪੰਜਾਬੀ ਲੋਕਾਂ ਦੀ ਆਮ ਸਮਝ ਵਿਚ ਡੇਰਾਵਾਦ ਹੁਣ ਉਹਨਾਂ ਡੇਰਿਆਂ ਨਾਲ ਜੁੜੀ ਹੋਈ ਧਾਰਨਾ ਹੈ, ਜਿਹਨਾਂ ਵਿਚ ਉਹਨਾਂ ਦੇ ਸੰਚਾਲਕਾਂ ਨੇ ਭ੍ਰਿਸ਼ਟ ਵਤੀਰੇ ਅਪਣਾਏ ਅਤੇ ਉਹਨਾਂ ਥਾਵਾਂ 'ਤੇ ਕਈ ਤਰ੍ਹਾਂ ਦੇ ਕੁਕਰਮ ਹੋਏ। ਪੰਜਾਬ ਵਿਚ ਡੇਰਿਆਂ ਦਾ

ਇਤਿਹਾਸ ਬਹੁਤ ਪੁਰਾਤਨ ਹੈ। ਡੇਰੇ ਨਾਥ ਜੋਗੀਆਂ ਦੇ ਸਮਿਆਂ ਤੋਂ ਜਾਂ ਉਹਨਾਂ ਤੋਂ ਵੀ ਪਹਿਲਾਂ ਹੋਂਦ ਵਿਚ ਆਏ। ਇਸਲਾਮ ਦੇ ਆਉਣ ਨਾਲ ਸੂਫ਼ੀਆਂ ਦੀਆਂ ਖਾਨਗਾਹਾਂ/ਦਰਗਾਹਾਂ ਵੀ ਇੱਕ ਤਰ੍ਹਾਂ ਦੇ ਡੇਰੇ ਹੀ ਹਨ। ਇਸ ਤੋਂ ਬਾਅਦ ਉਦਾਸੀਆਂ, ਨਿਰਮਲਿਆਂ, ਸੁਥਰਿਆਂ, ਸੇਵਾ-ਪੰਥੀਆਂ, ਭਗਤੀ-ਲਹਿਰ ਨਾਲ ਸਬੰਧਿਤ ਸੰਤਾਂ, ਗੁਲਾਬ ਦਾਸੀਆਂ ਆਦਿ ਦੇ ਡੇਰੇ ਬਣੇ ਜਿਹਨਾਂ ਨੇ ਪੰਜਾਬ ਵਿਚ ਧਰਮ ਤੇ ਵਿੱਦਿਆ ਦੇ ਪ੍ਰਚਾਰ ਵਿਚ ਯੋਗਦਾਨ ਦਿੱਤਾ। ਪੰਜਾਬ ਦੇ ਲੋਕ ਕਈ ਡੇਰਿਆਂ ਨੂੰ ਬਹੁਤ ਸਨਮਾਨ ਦਿੰਦੇ ਹਨ ਅਤੇ ਬਹੁਤ ਵਾਰ ਉਹਨਾਂ ਡੇਰਿਆਂ ਨੂੰ ਡੇਰੇ ਨਾ ਕਹਿ ਕੇ ਕੋਈ ਹੋਰ ਨਾਂ ਦਿੱਤਾ ਜਾਂਦਾ ਹੈ। ਦਮਿਤ ਅਤੇ ਦਲਿਤ ਸ਼੍ਰੇਣੀਆਂ ਦੇ ਲੋਕਾਂ ਨੂੰ ਮੁੱਖ ਧਾਰਾ ਨਾਲ ਸੰਬੰਧਿਤ ਧਾਰਮਿਕ ਸਥਾਨਾਂ ’ਤੇ ਸਨਮਾਨ ਨਹੀਂ ਮਿਲਦਾ। ਉਹਨਾਂ ਨੂੰ ਅਣਚਾਹੇ ਅਤੇ ਵਾਧੂ ਸਮਝ ਕੇ ਛੁਟਿਆਇਆ ਜਾਂਦਾ ਹੈ ਅਤੇ ਉਹ ਇਨ੍ਹਾਂ ਧਾਰਮਿਕ ਸਥਾਨਾਂ ’ਤੇ ਆਪਣੇ ਆਪ ਨੂੰ ਬੇਗ਼ਾਨਾ ਮਹਿਸੂਸ ਕਰਦੇ ਹਨ। ਇਸ ਵਰਤਾਰੇ ਤੋਂ ਪੈਦਾ ਹੋਈ ਸਮਾਜਿਕ ਅਲਹਿਦਗੀ ਅਤੇ ਪਰਾਏਪਨ ਦੀ ਭਾਵਨਾ ਉਹਨਾਂ ਨੂੰ ਡੇਰਿਆਂ ਵੱਲ ਧੱਕਦੀ ਹੈ ।

ਇਨ੍ਹਾਂ ਡੇਰਿਆਂ ਵਿਚ ਬਹੁਤੇ ਉਹ ਲੋਕ ਗੱਦੀ ਧਾਰਕ ਬਣਦੇ ਹਨ, ਜਿਨ੍ਹਾਂ ਨੇ ਕਿਰਤ ਤੋਂ ਪਾਸਾ ਵੱਟਿਆ ਹੁੰਦਾ ਹੈ। ਅਜਮੇਰ ਔਲਖ ਦੇ ਨਾਟਕਾਂ ਦੀ ਅਜਿਹੀ ਵੰਨਗੀ ਬੇਹੱਦ ਭਾਵਪੂਰਤ ਢੰਗ ਨਾਲ ਪੇਸ਼ ਹੋਈ ਹੈ। ‘ਇਕ ਸੀ ਦਰਿਆ’ (ਮੇਰੇ ਸਾਰੇ ਪੂਰੇ ਨਾਟਕ) ਨਾਟਕ 1994 ਈਸਵੀ ਵਿਚ ਲਿਖਿਆ ਗਿਆ। ਇਸ ਦੀਆਂ ਤੇਰਾਂ ਝਾਕੀਆਂ ਹਨ, ਜਿਸ ਵਿਚ ਅਠਾਰਾਂ ਤੋਂ ਵੱਧ ਪਾਤਰ ਹਨ। ਜਿਨ੍ਹਾਂ ਵਿਚ ਪੰਜ ਨਾਰੀ ਪਾਤਰ ਹਨ। ਨਾਟਕ ਸਿਰਜਣਾ ਦਾ ਸ੍ਰੋਤ ਇਕ ਲੋਕ ਕਹਾਣੀ ਹੈ, ਜੋ ਅਜੋਕੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਰਚਿਆ ਗਿਆ ਹੈ। ਇਸ ਨਾਟਕ ਦੀ ਕਹਾਣੀ ਕਰਮ (ਕਿਰਤ) ਅਤੇ ਧਰਮ (ਜੀਵਨ ਦੀਆਂ ਪ੍ਰਸਥਿਤੀਆਂ ਤੋਂ ਭਾਂਜਵਾਦ) ਦੇ ਆਪਸੀ ਤਣਾਓ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦੀ ਹੈ। ਨਾਟਕ ਵਿਚ ਧਰਮ ਸਿੰਘ ਜੀਵਨ ਦੀਆਂ ਸਮੱਸਿਆਵਾਂ ਤੋਂ ਭਾਂਜਵਾਦੀ ਹੋ ਕੇ ਆਪਣਾ ਪਰਿਵਾਰ ਛੱਡ ਕੇ ਸਾਧ ਸਰੂਪ ਧਾਰਨ ਕਰ ਲੈਂਦਾ ਹੈ। ਉਸਦੇ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਉਸਦਾ ਭਾਈ ਕਰਮਵੀਰ ਸੰਭਾਲਦਾ ਹੈ ਅਤੇ ਅੰਤ ਵਿਚ ਧਰਮ ਦੀ ਕਰਾਮਾਤ ਕਿਰਤ (ਕਰਮ) ਅੱਗੇ ਗੋਡੇ ਟੇਕਦੀ ਹੈ ਅਤੇ ਧਰਮ ਸਿੰਘ ਸਾਧ ਬਾਣਾ ਤਿਆਗ ਕੇ ਕਿਰਤੀ ਸੰਘਰਸ਼ ਵਿਚ ਸ਼ਾਮਲ ਹੁੰਦਾ ਹੈ। ਪੰਜਾਬ ਦੀ ਲੋਕ-ਕਹਾਣੀ ਹੈ ਕਿ ਇਕ ਗ੍ਰਹਿਸਥੀ ਕਿਸਾਨ ਗ੍ਰਹਿਸਥ ਦੇ ਖ਼ਲਜਗਣ ਦਾ ਤੰਗ ਕੀਤਾ ਆਪਣੀ ਪਤਨੀ, ਬੱਚਿਆਂ, ਮਾਂ-ਬਾਪ ਤੇ ਛੋਟੇ ਭਰਾ ਨੂੰ ਛੱਡ ਕੇ ਕਿਸੇ ਜੰਗਲ, ਪਹਾੜ ਵਿਚ ਜਾ ਕੇ ਸਾਧ ਬਣ ਕੇ ਤਪੱਸਿਆ ਕਰਨ ਲੱਗ ਪਿਆ। ਪੂਰੇ ਬਾਰਾਂ ਸਾਲ

ਤਪੱਸਿਆ ਕੀਤੀ। ਪਿੱਛੋਂ ਘਰ ਦੀ ਹਾਲਤ ਹੋਰ ਹੋ ਗਈ। ਸਕੇ-ਸਬੰਧੀਆਂ ਨੇ ਪਿੱਛੋਂ ਘਰ ਵਾਲੀ ਛੋਟੇ ਭਰਾ ਦੇ ਲੜ ਲਾ ਦਿੱਤੀ, ਬੱਚਿਆਂ ਨੂੰ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਵੀ ਛੋਟੇ ਨੇ ਪੂਰੀ ਨਿਭਾਈ। ਦੱਬ ਕੇ ਕਮਾਈ ਕੀਤੀ, ਬੱਚੇ ਵੀ ਆਪਣੇ ਸਮਝ ਕੇ ਕੰਮਾਂ-ਧੰਦਿਆਂ ਵਿਚ ਲਾਏ। ਉੱਧਰ ਬਾਰ੍ਹਾਂ ਸਾਲਾਂ ਦੀ ਕਠਿਨ ਤਪੱਸਿਆ ਨਾਲ ਵੱਡਾ ਭਾਈ ਵੀ ਰਿਧੀਆਂ-ਸਿੱਧੀਆਂ ਦਾ 'ਮਾਲਕ' ਬਣ ਗਿਆ। ਮਨ ਵਿਚ ਖ਼ਿਆਲ ਆਇਆ- 'ਕਿਉਂ ਨਾ ਵਾਪਿਸ ਪਿੰਡ ਜਾ ਕੇ ਆਪਣੀ 'ਭਗਤੀ ਦੀ ਸ਼ਕਤੀ' ਦਾ ਪ੍ਰਦਰਸ਼ਨ ਕਰ ਕੇ ਦੱਸਿਆ ਜਾਵੇ ਕਿ ਗ੍ਰਹਿਸਥ (ਕਰਮ) ਨਾਲੋਂ ਤਪ-ਸਾਧਨਾ (ਤਿਆਗ) ਕਿੰਨੀ ਸ਼ਕਤੀਸ਼ਾਲੀ ਹੈ?' ਪਿੰਡ ਆ ਕੇ ਉਸ ਨੇ ਦਰਿਆ ਕੰਢੇ ਉਸ ਘਾਟ ਲਾਗੇ ਆਪਣੀ ਕੁਟੀਆ ਬਣਾ ਲਈ ਜਿੱਥੋਂ ਉਸ ਦੇ 'ਘਰ ਵਾਲੇ' ਦਰਿਆ ਸੁੱਕਣ ਸਮੇਂ ਦਰਿਆ ਵਿਚ-ਦੀ ਆਪਣੇ ਦਰਿਆ ਪਾਰਲੇ ਖੇਤ ਨੂੰ ਜਾਇਆ ਕਰਦੇ ਸਨ। ਇਕ ਦਿਨ ਅਜਿਹੀ ਹੀ ਸਥਿਤੀ ਸਮਝ ਉਸਦੀ ਪਤਨੀ (ਹੁਣ ਉਸਦੇ ਛੋਟੇ ਭਰਾ ਦੀ ਘਰ ਵਾਲੀ) ਆਪਣੇ ਕਿਸਾਨ ਪਤੀ ਦਾ ਭੱਤਾ ਲੈ ਕੇ ਦਰਿਆ ਕਿਨਾਰੇ ਪਹੁੰਚੀ। ਉਸਦੀ ਆਸ ਦੇ ਉਲਟ ਦਰਿਆ ਵਿਚ ਪਾਣੀ ਚੜ੍ਹ ਆਇਆ ਸੀ। ਉਹ ਦੁਚਿੱਤੀ ਵਿਚ ਪੈ ਗਈ। ਪੁਲ ਵਾਲੇ ਪਾਸੇ ਦੀ ਖੇਤ ਨੂੰ ਰਾਹ ਲੰਬਾ ਪੈਂਦਾ ਸੀ। ਕਈ ਗੁਣਾਂ ਵੱਧ। ਕਰੇ ਤਾਂ ਕੀ ਕਰੇ? ਇਸ ਤਰ੍ਹਾਂ ਸ਼ਸ਼ੋਪੰਜ ਵਿਚ ਪਈ ਦੀ ਨਜ਼ਰ ਸੁਭਾਵਿਕ ਹੀ ਸੰਤਾਂ ਦੀ ਕੁਟੀਆ ਉੱਤੇ ਜਾ ਪਈ। 'ਸ਼ਾਇਦ ਕੋਈ ਨਵੇਂ ਸੰਤ ਮਹਾਰਾਜ ਆਏ ਨੇ। ਦਿਮਾਗ਼ ਵਿਚ ਖ਼ਿਆਲ ਆਇਆ।'ਨਾਲੇ ਸੰਤਾਂ ਨੂੰ ਮੱਥਾ ਟੇਕ ਚਲੂੰ, ਨਾਲੇ ਘੜੀ-ਜਰਾਂਦ ਕਰ ਕੇ ਪੁਲ ਵੱਲ ਦੀ ਹੋ ਕੇ ਖੇਤ ਚਲੀਂ ਜਾਊਂ ਸੋਚ ਕੇ ਜਾ ਸੰਤਾਂ ਨੂੰ ਮੱਥਾ ਟੇਕਿਆ। ਸਾਧ-ਬਣੇ ਕਿਸਾਨ ਨੇ ਆਪਣੀ ਪਤਨੀ ਨੂੰ ਸਿਆਣ ਲਿਆ, ਪਰ ਦੱਸਿਆ ਕੁਝ ਨਾ। ਗੱਲਬਾਤ ਹੋਈ ਤਾਂ ਪਤਨੀ ਨੇ ਦੱਸਿਆ ਕਿ ਦਰਿਆ ਵਿਚ ਪਾਣੀ ਚੜ੍ਹ ਆਇਆ ਹੋਣ ਕਾਰਨ ਹੁਣ ਉਸਨੂੰ ਪੁਲ ਵੱਲ ਦੀ ਲੰਬਾ ਪੈਂਡਾ ਕਰ ਕੇ ਜਾਣਾ ਪੈਣਾ ਹੈ। ਸਾਧ ਬਣੇ ਸੰਤ ਨੇ ਸੋਚਿਆ ਕਿ ਇਹੋ ਘੜੀ ਹੈ ਭਗਤੀ ਦੀ ਸ਼ਕਤੀ ਵਿਖਾਉਣ ਦੀ। ਉਸ ਨੇ ਆਪਣੀ ਧੂਣੀ ਵਿਚੋਂ ਬਭੂਤੀ ਦੀ ਚੁਟਕੀ ਭਰ ਕੇ 'ਆਪਣੀ' ਪਤਨੀ ਨੂੰ ਦਿੰਦਿਆਂ ਕਿਹਾ ਕਿ ਇਹ ਬਭੂਤੀ ਦਰਿਆ ਵਿਚ ਸੁੱਟ ਦੇਵੀਂ, ਦਰਿਆ ਰਾਹ ਦੇ ਦੇਵੇਗਾ। ਪਤਨੀ ਨੇ ਉਸੇ ਤਰ੍ਹਾਂ ਹੀ ਕੀਤਾ, ਤੇ ਦਰਿਆ ਨੇ ਰਾਹ ਦੇ ਦਿੱਤਾ। ਪਤਨੀ ਖੇਤ ਜਾ ਪਹੁੰਚੀ। ਖੇਤ ਜਦੋਂ ਉਸਦੇ ਕਿਸਾਨ ਪਤੀ ਨੇ ਰੋਟੀ ਖਾ ਲਈ ਤਾਂ ਉਹ ਫਿਰ ਸ਼ਸ਼ੋਪੰਜ ਵਿਚ ਪੈ ਗਈ। ਕਿਸਾਨ ਪਤੀ ਨੇ ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਸਾਰੀ ਕਹਾਣੀ ਦੱਸ ਦਿੱਤੀ ਕਿ ਕਿਵੇਂ ਸੰਤਾਂ ਦੀ ਬਭੂਤੀ ਸਦਕਾ 'ਦਰਿਆ ਨੇ ਰਾਹ ਦੇ ਦਿੱਤਾ ਸੀ।' ਕਿਸਾਨ ਪਤੀ ਭੋਲੇ-ਭਾ ਮੁਸਕਰਾਇਆ ਅਤੇ ਬੋਲਿਆ, 'ਜੇ ਆਉਂਦੀ ਨੂੰ ਬਭੂਤੀ ਨਾਲ ਦਰਿਆ ਨੇ ਰਾਹ ਦੇ ਦਿੱਤਾ ਸੀ ਹੁਣ ਆਹ ਮਿੱਟੀ ਦੀ ਮੁੱਠ ਦਰਿਆ ਵਿਚ ਸੁੱਟ ਦੇਵੀਂ, ਦਰਿਆ ਰਾਹ ਦੇ ਦਿਊ।' ਉਸ ਨੇ ਹਲ ਦੀ ਚਉ ਨਾਲੋਂ ਮਿੱਟੀ ਲਾਹ ਕੇ ਪਤਨੀ ਦੇ ਹੱਥ 'ਤੇ ਰੱਖ ਦਿੱਤੀ। ਕਿਸਾਨ ਇਸਤਰੀ ਨੇ

ਇਸ ਤਰ੍ਹਾਂ ਹੀ ਕੀਤਾ, ਦਰਿਆ ਨੇ ਫਿਰ ਰਾਹ ਦੇ ਦਿੱਤਾ ਵਾਪਸੀ 'ਤੇ ਜਦੋਂ ਸੰਤ ਪਤੀ ਨੂੰ ਇਸ ਸਭ ਕੁਝ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੀ ਸਾਧ-ਗਿਰੀ ਦੀ ਟਿੰਡ-ਫਉੜੀ ਵਗਾਹ ਕੇ ਮਾਰੀ, ’ਤੇ ਮੁੜ ਹਲ ਦਾ ਮੁੰਨਾ ਫੜ ਲਿਆ।

ਇਸ ਕਹਾਣੀ ਦੇ ਆਧਾਰ ’ਤੇ ਹੀ ਹੱਥਲੇ ਨਾਟਕ ਦੀ ਸਿਰਜਣਾ ਹੋਈ ਹੈ। ਨਾਟਕ ਵਿਚ ਧਰਮ ਸਿੰਘ ਸ਼ੁਰੂ ਤੋਂ ਹੀ ਧਾਰਮਿਕ ਵਿਰਤੀ ਵਾਲਾ ਹੈ। ਥੋੜੇ-ਮੋਟੇ ਘਰੇਲੂ ਦੁਖਾਂ ਤੋਂ ਹੀ ਘਬਰਾ ਕੇ ਰੱਬ ਦੀ ਸ਼ਰਨ ਜਾ ਲੈਂਦਾ ਹੈ। ਤੀਜੀ ਝਾਕੀ ਵਿਚ ਧਰਮੇ ਨੇ ਕੇਵਲ ਕੁਮਾਰ ਦੁਆਰਾ ਮਾਰੀ ਠੱਗੀ ਕਾਰਨ ਉਸਦਾ ਵਿਰੋਧ ਨਹੀਂ ਕੀਤਾ ਬਲਕਿ ਗੁਰੂ ਘਰ ਚਲਾ ਗਿਆ।

ਜਿੰਦ ਕੌਰ: ਐਡਾ ਦੁਨੀਆਂ ਦਾਰ ਹੁੰਦਾ ਫੇਰ ਕੀ ਸੀ? ਉਹ ਤਾਂ ਹਰ ਥਾਂ ਆਪਣੇ ਧਰਮ ਈਮਾਨ ਨੂੰ ਸਾਖੀ ਰਖਦੈ। ਅਖੇ..

ਕਰਮਵੀਰ: ਹੁਣ ਕਿਥੇ ਆ ਬਾਈ?

ਜਿੰਦ ਕੌਰ: ਗੁਰਦੁਆਰੇ।

ਕਰਮਵੀਰ: ਗੁਰਦੁਆਰੇ। ਬਸ ਜਦ ਕੋਈ ਮਨ ‘ਤੇ ਬੋਝ ਆ ਪੈਂਦੈ ਗੁਰਦੁਆਰੇ ਭੱਜ ਤੁਰਦੈ। ਪਰਾਰ ਜਦ ਫਸਲ ਗੜਿਆਂ ਨੇ ਮਾਰ ਤੀ ਸੀ, ਹਫ਼ਤਾ ਘਰੇ ਨੀ ਵੜਿਆ।

ਜਿੰਦ ਕੌਰ: ਇਹਦੇ ਧਰਮ ਨੇ ਨਾ ਇਹਨੂੰ ਸੁਖ ਦਿੱਤਾ ਨਾ ਸਾਨੂੰ। (ਔਲਖ 157)

ਇਸ ਤਰ੍ਹਾਂ ਨਾਟਕ ਵਿਚ ਧਰਮ ਸਿੰਘ ਧਾਰਮਿਕ ਬਿਰਤੀ ਵਾਲਾ ਮਨੁੱਖ ਹੈ ਜਿਹੜਾ ਥੋੜੀ ਜਿਹੀ ਤੰਗੀ ਪ੍ਰੇਸ਼ਾਨੀ ਤੋਂ ਘਬਰਾ ਕੇ ਰੱਬ ਦਾ ਆਸਰਾ ਲੈਂਦਾ ਹੈ। ਉਸਦਾ ਭਰਾ ਕਰਮਵੀਰ ਨਿਰੋਲ ਮਿਹਨਤ ਉਪਰ ਆਸਵੰਤ ਰਹਿੰਦਾ ਹੈ ਅਤੇ ਉਨ੍ਹਾਂ ਦਾ ਇਕ ਹੋਰ ਭਰਾ ਗਰਮਾ ਇਨ੍ਹਾਂ ਸਭ ਤੋਂ ਪਾਸੇ ਆਪਣੀ ਮਸਤੀ ਵਿਚ ਰਹਿੰਦਾ ਹੈ ਅਤੇ ਕਦੇ-ਕਦਾਈਂ ਉਹ ਧਰਮੇ ਦੇ ਅਨਿੰਨ ਭਗਤ ਹੋਣ 'ਤੇ ਰੱਬ ਨੂੰ ਵਿਅੰਗਮਈ ਢੰਗ ਨਾਲ ਤਾਹਨੇ ਵੀ ਮਾਰਦਾ ਹੈ।

ਗਰਮਾ: ਕੇਵਲ ਸੇਠ ਤੇਰੇ ਅਨਿੰਨ ਭਗਤ ਤੋਂ ਅੱਠ ਹਜ਼ਾਰ ਲੈ ਕੇ ਸਿਰ ਮਾਰ ਗਿਆ। ਹਾੜੀ ਗੜਿਆਂ ਨੇ ਮਾਰ ਤੀ ਸੀ, ਨਰਮੇ ਨੂੰ ਸੁੰਡੀ ਨੇ ਰਗੜਾ ਚਾੜ ਤਾ। ਬੈਂਕ ਦੀਆਂ ਕਿਸ਼ਤਾਂ ਅੱਡ ਪਦੀੜਾਂ ਪਾਈ ਫਿਰਦੀ ਐਂ। ਇਸ

ਲਈ ਹੇ ਭੋਲੇ ਭੰਡਾਰੀ। ਹੇ ਨਿਓਟਿਆਂ ਦੀ ਓਟ। ਕਰਦੇ ਮਿਹਰ ਦੀ ਵਰਖਾ। ਸਿੱਟ ਦੇ ਲੱਖ ਦੋ ਲੱਖ। ਕਰਦੇ ਭਗਤ ਦੇ ਕਸ਼ਟ ਦੂਰ। ਤੂੰ ਤਾਂ ਸਦਾ ਭਗਤਾਂ ਦੀ ਪੈਜ ਰੱਖਦਾਂ ਆਇਐਂ। (ਔਲਖ 157)

ਇਸ 'ਤੇ ਕਰਮਵੀਰ ਗਰਮੇ ਨੂੰ ਝਿੜਕਦਾ ਹੈ ਪਰ ਜਿੰਦ ਕੌਰ ਗਰਮੇ ਨੂੰ ਬੇਹੱਦ ਰੋਹ ਭਰੇ ਵਤੀਰੇ ਨਾਲ ਆਪਣੇ ਪਤੀ ਦਾ ਪੱਖ ਪੂਰਦੀ ਹੈ। ਗਰਮਾ ਇਸ ਜਮਾਤੀ ਲੁੱਟ ਦਾ ਮਸਲਾ 'ਇਨਕਲਾਬ ਦੇ ਰਾਹ' ਪੈਣ 'ਤੇ ਹੱਲ ਹੁੰਦਾ ਦਰਸਾਉਂਦਾ ਹੈ। ਉਸਦਾ ਮੰਨਣਾ ਹੈ ਕਿ 'ਰੱਬ ਦੀ ਪੂਛ' ਫੜ ਕੇ ਇਹ ਜਮਾਤੀ ਲੁੱਟ ਕਦੇ ਬੰਦ ਨਹੀਂ ਹੋਣੀ।

ਨਾਟਕ ਦੀ ਇਕ ਪਰਤ ਮਨੋਵਿਗਿਆਨਕ ਅੰਸ਼ਾਂ ਨਾਲ ਜੁੜੀ ਹੋਈ ਹੈ। ਇਹ ਮਨੋਲਾਪ ਧਰਮੇ ਨੂੰ ਸੁਣਾਈ ਦਿੰਦਾ ਹੈ ਜਿਸ ਵਿਚ ਉਹ ਇਸ ਮੋਹ ਮਾਇਆ ਤੋਂ ਮੁਕਤ ਹੋ ਕੇ ਜਗਤ ਅਤੇ ਉਸ ਵਿਚ ਵਿਆਪਕ ਰਿਸ਼ਤਿਆਂ ਨੂੰ ਕੂੜ ਸਮਝਦਾ ਹੈ ਅਤੇ ਫਿਰ ਆਪਣਾ ਘਰ-ਵਾਰ ਤਿਆਗ ਦਿੰਦਾ ਹੈ। ਧਰਮ ਸਿੰਘ ਨੂੰ ਉਸਦਾ ਗੁਰੂ ਉਪਦੇਸ਼ ਦਿੰਦਾ ਹੈ।

ਗੁਰੂ: ਮਨੁਸ਼ ਕੇ ਦੁਖ ਅਰ ਕਸ਼ਟ ਕਾ ਕਾਰਨ ਹੈ ਮਾਇਆ।

ਧਰਮ: ਮਾਇਆ ਕਿਸ ਨੂੰ ਆਖਦੇ ਹਨ ਪ੍ਰਭੂ?

ਗੁਰੂ: ਸੰਸਾਰ ਕੋ ! ਰਿਸ਼ਤੋਂ ਕੇ ਜਾਲ ਮੇਂ ਬੰਧੇ ਜਗਤ ਕੋ ! ਯੇਹ ਜਗਤ ਮਾਯਾ ਹੈ ਧਰਮਾਨੰਦ ! ਯਹਾਂ ਮਾਯਾ ਹੈ ਵਹਾਂ ਮੋਹ ਹੈ ਅਰ ਵਹਾਂ ਮੋਹ ਹੈ ਵਹਾਂ ਦੁੱਖ ਅਰ ਕਸ਼ਟ ਅਵਸ਼ਯ ਹੈ !

ਧਰਮ: ਪਰ ਪ੍ਰਭੂ ! ਮੇਰਾ ਧਰਮ ਸੰਸਾਰ ਵਿਚ ਰਹਿ ਕੇ ਮੁਕਤੀ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦਾ ਹੈ।'ਹਸੰਦਿਆਂ ਖੇਡੰਦਿਆਂ ਵਿਚਹਿ ਹੋਵੇ ਮੁਕਤੁ'

ਗੁਰੂ: (ਵਿਅੰਗ ਨਾਲ ਮੁਸਕਰਾ ਕੇ) ਫਿਰ ਪਾਈ ਕਯੋ ਨਹੀਂ ਤੂ ਨੇ ਮੁਕਤੀ 'ਹਸੰਦਿਆਂ ਖੇਡੰਦਿਆਂ' ਧਰਮਾਨੰਦ? ਕਯੋਂ ਦੌੜਾ ਵਹਾਂ ਸੇ? (ਦ੍ਰਿੜ੍ਹਤਾ ਨਾਲ) ਨਹੀਂ ਧਰਮਾਨੰਦ ! ਸੰਸਾਰ ਮਾਇਆ ਦਾ ਰੂਪ ਹੈ, ਚਿਲਚਲਾਤੀ ਹੂਈ ਆਤਮਾਯੋਂ ਕਾ ਝਮੇਲਾ ! ਬ੍ਰਹਮ ਸੇ ਟੂਟਾ ਹੂਆ ! ਬ੍ਰਹਮ ਸੇ ਸ਼ੂਨਯ | ਬ੍ਰਹਮ ਇਕਾਂਤ ਮੇਂ ਹੈ! ਸ਼ੂੰਨਯ ਮੇਂ ਹੈ ! ਜੋ ਸਾਧਨਾ ਸੇ ਹੀ ਪ੍ਰਾਪਤ ਹੋਤਾ ਹੈ, ਕਠਿਨ ਤਪੱਸਯਾ ਸੇ ! ਧਰਮਾਨੰਦ ! ਛੇ ਵਰਸ਼ ਹੋ ਚਲੇ ਹੈਂ ਤੁਮਹੇਂ ਗਯਾਨ

ਹਾਸਲ ਕਰਤੇ ਹੂਏ ਪਰ ਅਭੀ ਭੀ ਤੁਮਾਰੀ ਆਤਮਾ ਮਾਯਾ ਸੇ ਲਿਪਟੀ ਹੁਈ ਐਂ! ਇਸ ਲਿਯੇ ਆਜ ਸੇ ਤਪ-ਸਾਧਨਾ ਪਰਾਰੰਭ ਕਰੋ ! ਏਕ ਘੰਟਾ ਰੋਜ਼ ਸਮਾਧੀ ਕਾ ਅਭਯਾਸ ਕਰੋ! ਤਥਾ ਅਸਤੂ!

ਧਰਮ: (ਮੱਥਾ ਟੇਕਦਾ) ਜੋ ਆਗਿਆ ਪ੍ਰਭੂ (ਔਲਖ 179)

ਸਮੁੱਚੇ ਨਾਟਕ ਵਿਚ ਪਾਤਰ ਸਥਿਤੀਆਂ ਦੇ ਅਨੁਕੂਲ ਆਪਣੇ ਵਤੀਰੇ ਨੂੰ ਪਰਿਵਰਤਿਤ ਕਰਦੇ ਹਨ। ਨਾਟਕ ਵਿਚ ਨਾਰੀ ਦਾ ਪਹਿਲਾ ਰੋਹੀ ਸੁਰ ਜਿੰਦ ਕੋਰ ਨਾਲ ਸਾਹਮਣੇ ਆਉਂਦਾ ਹੈ। ਜਦੋਂ ਧਰਮ ਸਿੰਘ ਸੇਠ ਦੁਆਰਾ ਕੀਤੀ ਜ਼ਿਆਦਤੀ/ਹੇਰਾਫੇਰੀ ਕਾਰਨ ਮਾਨਸਿਕ ਤਵਾਜ਼ਨ ਖੋ ਬੈਠਦਾ ਹੈ ਧਰਮੇ ਦੀਆਂ ਚੁੱਭਵੀਆਂ ਗੱਲਾਂ ਕਾਰਨ ਜਿੰਦ ਕੋਰ ਉਸਦਾ ਤਿੱਖਾ ਜਵਾਬ ਦਿੰਦੀ ਹੈ। ਇਸ ਤਰ੍ਹਾਂ ਹੀ ਤੇਰਵੀਂ ਝਾਕੀ ਵਿਚ ਮਿੱਠੂ, ਭੋਲਾਂ ਅਤੇ ਜਿੰਦ ਕੁਰ ਜਦੋਂ ਕਰਮੇ ਦੀ ਰੋਟੀ ਲੈ ਕੇ ਜਾਂਦੇ ਹਨ ਤਾਂ ਦਰਿਆ ਚੜ੍ਹਨ ਕਰਕੇ ਭੋਲਾਂ ਪੁਲ ਉਤੋਂ ਦੀ ਜਾਣ ਦਾ ਵਿਰੋਧ ਕਰਦੀ ਹੈ। ਮਿੱਠੂ ਉਸ ਨਾਲ ਮਖੌਲ ਕਰਦਾ ਹੈ ਪਰ ਭੋਲਾਂ ਇਸਦਾ ਵੀ ਗੁੱਸੇ ਨਾਲ ਵਿਰੋਧ ਕਰਦੀ ਹੈ। ਇਸ ਤਰ੍ਹਾਂ ਹੀ ਧਰਮਾਨੰਦ ਦੇ ਪੈਰੀਂ ਹੱਥ ਲਾਉਣ ਦਾ ਵੀ ਵਿਰੋਧ ਕਰਦੀ ਹੈ। ਧਰਮ ਭਗਤੀ ਦੀ ਤੁਲਨਾ ਵਿਚ ਸ਼ਕਤੀ ਦੀ ਸਮਰੱਥਾ ਨੂੰ ਦੇਖ ਕੇ ਕਿਰਤ ਕਰਨ ਦੇ ਲੜ ਲੱਗਦਾ ਹੈ। ਨਾਟਕਕਾਰ ਨੇ ਸਿੱਖ ਧਰਮ ਦੇ ਕਿਰਤ ਕਰਨ ਦੇ ਉਪਦੇਸ਼ ਨੂੰ ਪੇਸ਼ ਕੀਤਾ ਹੈ।

ਔਲਖ ਦੇ ਨਾਟਕਾਂ ਦਾ ਇਕ ਪਸਾਰ ਸਿੱਖ ਧਰਮ ਦੀਆਂ ਇਤਿਹਾਸਕ ਗਤੀਵਿਧੀਆਂ ਤੋਂ ਸੇਧ ਲੈਣ ਦੀ ਹੈ। ਉਸਦੀ ਇਕਾਂਗੀ 'ਐਸੇ ਰਚਿਉ ਖਾਲਸਾ'(ਮੇਰੇ ਸਾਰੇ ਇਕਾਂਗੀ) ਇਸ ਪ੍ਰਸੰਗ ਵਿਚ ਮਹੱਤਵਪੂਰਨ ਰਚਨਾ ਹੈ। ਇਕਾਂਗੀ ਦਾ ਆਰੰਭ ਗਿਆਨੀ ਗੋਪਾਲ ਸਿੰਘ ਅਤੇ ਛੋਟੂ ਦੇ ਆਪਸੀ ਵਾਰਤਾਲਾਪ ਨਾਲ ਹੁੰਦਾ ਹੈ, ਜਿਸ ਵਿਚ ਛੋਟੂ ਉਸਨੂੰ ਦੱਸਦਾ ਹੈ ਕਿ ਭਾਈ ਗੁਰਸੇਵ ਸਿੰਘ ਅੰਮ੍ਰਿਤ ਅਭਿਲਾਸ਼ੀਆਂ ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤ ਛਕਾ ਕੇ ਲਿਆਉਣਗੇ, ਛੋਟੂ ਅੰਮ੍ਰਿਤ ਛਕਣ ਦਾ ਅਭਿਲਾਸ਼ੀ ਹੈ ਪਰ ਉਹ ਗਿਆਨੀ ਗੋਪਾਲ ਸਿੰਘ ਦੀ ਆਗਿਆ ਤੋਂ ਬਿਨਾਂ ਜਾ ਨਹੀਂ ਸਕਦਾ, ਇਸ ਲਈ ਉਹ ਗਿਆਨੀ ਜੀ ਤੋਂ ਆਗਿਆ ਲੈਂਦਾ ਹੈ ਪਰ ਗਿਆਨੀ ਜੀ ਨੇ ਉਸਨੂੰ ਅੰਮ੍ਰਿਤ ਛਕਣ ਦੇ ਮਹੱਤਵ ਨੂੰ ਦੱਸਿਆ।

ਗਿਆਨੀ: ਛੋਟੂ ਪੁੱਤਰ, ਅੰਮ੍ਰਿਤ ਨਾ ਤਾਂ ਕਿਸੇ ਦੇ ਕਹਿਣ -ਕਹਾਣ ਉਤੇ ਵਰਤਣ- ਵਰਤਾਉਣ ਵਾਲਾ ਵਰਤਾਰਾ ਹੈ ਅਤੇ ਨਾ ਹੀ ਕਿਸੇ ਦੇ ਹੋੜੇ ਜਾਣ ਉਤੇ ਹੋੜੇ ਜਾਣ ਵਾਲਾ। ਇਹ ਤਾਂ ਦਾਤ ਹੈ ਗੁਰੂ ਦੀ। ਉਸਦੀ ਬਖਸ਼ਿਸ਼। ਤੇ

ਇਹ ਬਖਸ਼ਿਸ਼ ਉਹਨਾਂ ਉਤੇ ਹੀ ਹੁੰਦੀ ਹੈ ਜਿਨ੍ਹਾਂ ਅੰਦਰ ਉਚੇਰੀ ਤੇ ਸੁਚੇਰੀ ਜ਼ਿੰਦਗੀ ਜਿਉਣ ਦੀ ਰੂਹਾਨੀ ਅਭਿਲਾਸ਼ਾ ਉਜਾਗਰ ਹੋ ਉਠੇ। (ਔਲਖ 142)

ਇਸ ਤਰ੍ਹਾਂ ਗਿਆਨੀ ਜੀ ਨੇ ਛੋਟੂ ਨੂੰ ਅੰਮ੍ਰਿਤ ਪਾਨ ਕਰਨ ਦੀ ਮਹੱਤਤਾ ਅਤੇ ਉਸ ਵਾਸਤੇ ਤਿਆਰ ਬਰ ਤਿਆਰ ਹੋਣ ਦੀ ਕਿਰਿਆ ਨੂੰ ਦੱਸਿਆ। ਨਾਟਕ ਵਿਚ ਧਰਮੀ ਭਾਵ ਅੰਮ੍ਰਿਤ ਛਕਾਉਣਾ, ਸਿੱਖ ਪੰਥ ਵਿਚ ਸ਼ਾਮਿਲ ਕਰਨਾ, ਇਕ ਮਿਸ਼ਨ ਵਾਂਗ ਕੰਮ ਕੀਤਾ ਜਾ ਰਿਹਾ ਹੈ।

ਗੁਰਸੇਵ: ਅੱਜ ਮੋਖੇ ਵਾਲੇ ਮਹਾ ਪੁਰਖਾਂ ਨੇ ਬਣਾਉਣੈਂ ਇਕ ਹਜ਼ਾਰ ਇਕ ਪ੍ਰਾਣੀ ਨੂੰ ਅੰਮ੍ਰਿਤਧਾਰੀ। ਇਹਨਾਂ ਵਿਚੋਂ ਇਕਵੰਜਾ ਪ੍ਰਾਣੀ ਤਿਆਰੀ ਕਰਨ ਦੀ ਸੇਵਾ ਮੇਰੀ ਵੀ ਲਾਈ ਐ ਮਹਾ ਪੁਰਖਾਂ ਨੇ...! (ਔਲਖ 143)

ਨਾਟਕ ਵਿਚ ਗੁਰਸੇਵ ਅਤੇ ਗਿਆਨੀ ਗੋਪਾਲ ਸਿੰਘ ਵਿਚ ਹੋਈ ਵਾਰਤਾਲਾਪ ਵਿਚੋਂ ਵਿਅੰਗ ਉਭਰਕੇ ਸਾਹਮਣੇ ਆਉਂਦਾ ਹੈ, ਗੁਰਸੇਵ ਜਿਸ ਭੁਚੰਗੀ ਨੂੰ ਸਿੰਘ ਬਣਾ ਰਿਹਾ ਹੈ ਉਸਨੂੰ ਸਿੱਖ ਪ੍ਰੰਪਰਾ ਬਾਰੇ ਕੋਈ ਗਿਆਨ ਨਹੀਂ ਹੈ, ਇਸ ਬਾਬਤ ਨਿਮਨ ਵਾਰਤਾਲਾਪ ਤੋਂ ਪਤਾ ਲਗਦਾ ਹੈ।

ਗਿਆਨੀ: (ਬੱਚੇ ਨੂੰ) ਪੁੱਤਰ, ਚਾਰ ਸਾਹਿਬਜ਼ਾਦਿਆਂ ਦੇ ਨਾਂ ਯਾਦ ਨੇ ਤੈਨੂੰ?

ਬੱਚਾ: ਨਾ ਜੀ। ਭੁੱਲ ਗਿਆ।

ਗਿਆਨੀ: ਅੱਛਾ, ਇਹ ਦੱਸੋ ਪੁਤਰ, ਅੱਜ ਦੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਬਹੁਤ ਹੀ ਮਹਾਨ, ਜਾਨੀ ਬਹੁਤ ਹੀ ਵੱਡਾ ਕਾਰਨਾਮਾ ਕੀਤਾ ਸੀ। ਭਲਾ ਕਿਹੜਾ ਕਾਰਨਾਮਾ ਸੀ ਉਹ?

ਬੱਚਾ: ਜੀ ਕਾਰਖਾਨਾ?

ਗਿਆਨੀ: ਕਾਰਖਾਨਾ ਨੀ ਪੁੱਤਰ ਕਾਰਨਾਮਾ!...

ਬੱਚਾ: ਜੀ ਪਤਾ ਨੀ।

ਗਿਆਨੀ: .... ਅੱਛਾ, ਪੰਜ ਪਿਆਰਿਆਂ ਦੇ ਨਾਂ ਤਾਂ ਆਉਂਦੇ ਹੋਣਗੇ।

ਬੱਚਾ: ਨਾ ਜੀ। ਆਉਂਦੇ ਨੀ। (ਔਲਖ 144)

ਇਸ ਵਾਰਤਾਲਾਪ 'ਤੇ ਗੁਰਸੇਵ ਭੜਕਦਾ ਹੈ ਅਤੇ ਗਿਆਨੀ ਨੂੰ ਜੀ 'ਪੁੱਠੀਆਂ ਬੁਝਾਰਤਾਂ' ਪਾਉਣ ਤੋਂ ਰੋਕਦਾ ਹੋਇਆ ਲੋਕਾਂ ਦੇ ਬੱਚਿਆਂ ਨੂੰ 'ਸਿੰਘ ਸਜਣ' 'ਤੇ ਅੜਿੱਕਾ ਬਣਨ ਦੀ ਮਨਾਹੀ ਕਰਦਾ ਹੈ। ਇਸ ਇਕਾਂਗੀ ਵਿਚ ਗਿਆਨੀ ਅਤੇ ਸੰਤ ਜੀ ਦੇ ਵਾਰਤਾਲਾਪ ਨੂੰ ਅਧਿਆਤਮਕ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਹੈ। ਪਰਮਾਤਮਾ, ਅਕਾਲ ਪੁਰਖ ਨੂੰ ਕੂਕਰ ਭਾਵ ਕੁੱਤੇ ਦਾ ਰੂਪ ਦੱਸਿਆ ਹੈ। ਇੱਥੋਂ ਹੀ ਅਖੌਤੀ ਧਰਮ ਵਿਚ ਮਨੁੱਖ ਦੀ ਪਛਾਣ ਉੱਭਰਦੀ ਹੈ ਜਦੋਂ ਸੰਤ ਜੀ ਨੂੰ ਗਿਆਨੀ ਜੀ ਦੇ ਭੁਚੰਗੀ ਦੀ ਜਾਤੀ ਦਾ ਪਤਾ ਚੱਲਦਾ ਹੈ ਤਾਂ ਉਹ ਸੁੰਨ ਹੋ ਜਾਂਦਾ ਹੈ। ਅਜਿਹੇ ਧਰਮ ਵਿਚ ਬੰਦੇ ਦੀ ਔਕਾਤ ਨਿਮਨ ਪੱਧਰ ਦੀ ਹੈ।

ਗਿਆਨੀ: ਸ਼ੂਦਰ ਇਕ ਕੁੱਤੇ ਜਿੰਨੀ ਹਸਤੀ ਵੀ ਨੀ ਰੱਖਦਾ ਸੰਤ ਜੀ ਮਹਾਰਾਜ?

ਸੰਤ: ਮਨਮਤੀਆ ਹੈ ਤੂੰ ਮਨਮਤੀਆ। ਸਿੱਖੀ ਦੀ ਮਾਨ ਮਰਿਆਦਾ ਨੂੰ ਭੰਗ ਕਰਨ ਵਾਲਾ ਮਨਮਤੀਆ।

ਗਿਆਨੀ: ਇਕ ਕੁੱਤੇ ਵਿਚੋਂ ਤਾਂ ਇਨ੍ਹਾਂ ਮਹਾਂ ਪੁਰਖਾਂ ਨੂੰ ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ। ਪਰ ਇਕ ਇਨਸਾਨ ਵਿਚੋਂ ਅਕਾਲ ਪੁਰਖ ਵੇਖਣ ਵੇਲੇ ਇਨ੍ਹਾਂ ਦੀਆਂ ਅੱਖਾਂ ਉਤੇ ਬ੍ਰਾਹਮਣਵਾਦ ਵਾਲੀ ਕਾਲੀ ਪੱਟੀ ਬੱਝ ਜਾਂਦੀ ਐ। (ਔਲਖ 149)

ਨਾਟਕ ਵਿਚ ਖ਼ਾਲਸਾ ਪੰਥ ਵਿਚ ਆਈ ਇਖ਼ਲਾਕੀ ਗਿਰਾਵਟ ਨੂੰ ਪੇਸ਼ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਨਾਟਕਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ ਗਏ ਕੌਤਕ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਵਿਭਿੰਨ ਧਰਮਾਂ, ਜਾਤਾਂ, ਗੋਤਾਂ ਵਿਚੋਂ ਲੋਕ ਆ ਕੇ ਸਿੱਖ ਧਰਮ ਵਿਚ ਸ਼ਾਮਲ ਹੋਏ ਸਨ ਪਰ ਅਜੋਕੇ ਸਿੱਖ ਧਰਮ ਵਿਚ ਜਾਤੀ ਅਤੇ ਜਮਾਤੀ ਪਾੜਾ ਘਟਣ ਦੀ ਬਜਾਏ ਨਿਰੰਤਰ ਵਧ ਰਿਹਾ ਹੈ।

### 5.2. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਰਮ: ਵਹਿਮ-ਭਰਮ, ਜਾਦੂ-ਟੂਣੇ

ਔਲਖ ਦੇ ਨਾਟਕਾਂ ਵਿਚ ਧਰਮ ਦਾ ਇਕ ਰੂਪ ਵਹਿਮ-ਭਰਮ, ਜਾਦੂ-ਟੂਣੇ ਦੇ ਸੰਦਰਭ ਵਿਚ ਨਾਟਕੀ ਰੂਪ ਧਾਰਦਾ ਹੈ। ਵਾਸਤਵ ਵਿਚ ਪੇਂਡੂ ਸਮਾਜ ਵਿਚ ਅਨੇਕਾਂ ਕਾਰਜਾਂ ਦੀ ਸਿੱਧੀ ਵਿਭਿੰਨ ਕਿਸਮ ਦੇ ਟੂਣੇ-ਟਾਮਣਾਂ ਅਤੇ ਵਹਿਮਾਂ-ਭਰਮਾਂ ਤੋਂ ਕੀਤੀ ਜਾਂਦੀ ਹੈ, ਅਜਿਹੀ ਆਸ਼ਾ ਲੋਕ ਚਿਕਿਤਸਿਕ ਨਾਲ ਜੁੜਦੀ ਹੈ ਜਿਸ ਵਿਚੋਂ ਧਾਰਮਿਕ ਵਿਸ਼ਵਾਸਾਂ ਦੇ ਮਾਧਿਅਮ ਰੋਗ

ਮੁਕਤੀ ਦਾ ਰਾਹ ਲੱਭਿਆ ਜਾਂਦਾ ਹੈ। ਵਹਿਮ-ਭਰਮ ਦਾ ਆਧਾਰ ਡਰ ਹੈ। ਜਦੋਂ ਵਿਅਕਤੀ ਵੱਖ-ਵੱਖ ਕੁਦਰਤੀ ਸ਼ਕਤੀਆਂ ਤੋਂ ਡਰਨ ਲੱਗਾ ਤਾਂ ਉਸਨੇ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਅਨੇਕਾਂ ਪੂਜਾ-ਵਿਧੀਆਂ ਨੂੰ ਅਪਣਾਉਣਾ ਸ਼ੁਰੂ ਕੀਤਾ, ਜਿਸ ਨਾਲ ਵੱਖੋ-ਵੱਖਰੇ ਵਹਿਮ-ਭਰਮ ਵੀ ਪ੍ਰਚਲਿਤ ਹੋ ਗਏ। ਮਨੁੱਖ ਪ੍ਰਕਿਰਤੀ ਦੇ ਪ੍ਰਭਾਵ ਨੂੰ ਸਮਝਣੋਂ ਅਸਮਰੱਥ ਹੋਣ ਕਰ ਕੇ ਡਰਿਆ ਅਤੇ ਸਹਿਮਿਆ ਰਹਿੰਦਾ ਸੀ, ਜਦੋਂ ਉਹ ਹਰ ਜੜ੍ਹ ਵਸਤੂ ਵਿਚ ਕਿਸੇ ਭਲੀ ਜਾਂ ਚੰਦਰੀ ਆਤਮਾ ਦੀ ਹੋਂਦ ਨੂੰ ਮੰਨ ਕੇ ਉਸ ਦੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਅਤੇ ਚੰਦਰੇ ਤੋਂ ਮੁਕਤ ਹੋਣ ਲਈ ਕਈ ਰੀਤਾਂ ਅਤੇ ਟੂਣੇ ਕਰਿਆ ਕਰਦਾ ਸੀ ਅਤੇ ਹਰ ਘਟਨਾ ਕਿਸੇ ਗੈਵੀ ਸ਼ਕਤੀ ਕਰ ਕੇ ਵਾਪਰਦੀ ਹੈ ਤਾਂ ਵਿਸ਼ਵਾਸ ਰੱਖਦਾ ਸੀ ਤਾਂ ਅਨੇਕਾਂ ਵਹਿਮ-ਭਰਮਾਂ ਦਾ ਜਨਮ ਹੋਇਆ। ਵਹਿਮ ਉਹ ਵਿਸ਼ਵਾਸ ਹੁੰਦੇ ਹਨ, ਜਿਹਨਾਂ ਨੂੰ ਸਮਕਾਲੀ ਪੀੜ੍ਹੀ ਦੇ ਵਧੇਰੇ ਉਨਤ ਹਲਕੇ ਪ੍ਰਵਾਨ ਨਹੀਂ ਕਰਦੇ। ਜਾਦੂ-ਟੂਣਾ (ਜਾਂ ਜਾਦੂਗਰੀ) ਮੋਟੇ ਤੌਰ 'ਤੇ ਜਾਦੂਈ ਮੁਹਾਰਤਾਂ ਅਤੇ ਕਾਬਲੀਅਤਾਂ ਦੀ ਵਰਤੋਂ ਜਾਂ ਉਹਨਾਂ ਵਿਚ ਭਰੋਸਾ ਰੱਖਣ ਨੂੰ ਆਖਦੇ ਹਨ। ਜੋ ਕਿ ਇਕੱਲਿਆਂ, ਖ਼ਾਸ ਸਮਾਜੀ ਢਾਣੀਆਂ ਜਾਂ ਗੂੜ੍ਹ ਅਤੇ ਭੇਤ-ਭਰਿਆ ਗਿਆਨ ਰੱਖਣ ਵਾਲੇ ਇਨਸਾਨਾਂ ਵੱਲੋਂ ਕੀਤਾ ਜਾ ਸਕਦਾ ਹੈ। ਜਾਦੂ-ਟੂਣਾ ਇੱਕ ਗੁੰਝਲਦਾਰ ਧਾਰਨਾ ਹੈ ਜੋ ਸਭਿਆਚਾਰ, ਰਹਿਤਲ ਜਾਂ ਸਮਾਜ ਮੁਤਾਬਕ ਬਦਲਦੀ ਰਹਿੰਦੀ ਹੈ। ਭਾਵੇਂ ਜਾਦੂ-ਟੂਣੇ ਦਾ ਵਾਸਤਾ ਮੰਤਰ, ਜਾਦੂ, ਵਹਿਮ-ਭਰਮ, ਕਾਲ਼ੇ ਇਲਮ, ਪ੍ਰੇਤ ਵਿੱਦਿਆ, ਕੁਦਰਤ-ਪੂਜਾ, ਆਤਮਵਾਦ ਵਰਗੀਆਂ ਕਈ ਵਾਰ ਰਲ਼ਦੀਆਂ-ਮਿਲਦੀਆਂ ਧਾਰਨਾਵਾਂ ਨਾਲ਼ ਹੋ ਸਕਦਾ ਹੈ ਪਰ ਇਹਨੂੰ ਸਮਾਜ ਵਿਗਿਆਨੀਆਂ ਅਤੇ ਮਨੁੱਖ ਵਿਗਿਆਨੀਆਂ ਵੱਲੋਂ ਬਾਕੀਆਂ ਤੋਂ ਅੱਡਰਾ ਵੇਖਿਆ ਜਾਂਦਾ ਹੈ।

'ਚਾਨਣ ਦੇ ਵਣਜਾਰੇ'(ਮੇਰੇ ਸਾਰੇ ਪੂਰੇ ਨਾਟਕ) ਨਾਟਕ ਦੀ ਸਿਰਜਣਾ 2012 ਈਸਵੀ ਵਿਚ ਹੋਈ ਹੈ। ਨਾਟਕ ਦਾ ਵਿਸ਼ਾ ਤਰਕਸ਼ੀਲਤਾ ਨਾਲ ਜੁੜਿਆ ਹੋਇਆ ਹੈ। ਇਸ ਨਾਟਕ ਵਿਚ ਕੁੱਲ ਤੇਰਾਂ ਪਾਤਰ ਹਨ, ਜਿਨ੍ਹਾਂ ਵਿਚੋਂ ਚਾਰ ਨਾਰੀ ਪਾਤਰ ਹਨ। ਨਾਟਕ ਦੀ ਮੂਲ ਸਮੱਸਿਆ ਅਨਪੜ੍ਹਤਾ ਕਾਰਨ ਪੈਦਾ ਹੋਇਆ ਅੰਧ-ਵਿਸ਼ਵਾਸ਼ ਹੈ ਜੋ ਤਰਕਸ਼ੀਲ/ਵਿਗਿਆਨ ਦੇ ਤਰਕ ਨਾਲ ਖ਼ਤਮ ਕੀਤਾ ਜਾ ਸਕਦਾ ਹੈ। ਨਾਟਕ ਦੀ ਪਾਤਰ ਪੰਮੀ ਬਾਰਵੀਂ ਜਮਾਤ ਪਾਸ ਹੋਣਹਾਰ ਮੁਟਿਆਰ ਹੈ, ਪਰ ਘਰੇਲੂ ਅਣਪੜ੍ਹਤਾ ਕਾਰਨ ਉਸਨੂੰ ਅੱਗੇ ਦੀ ਪੜ੍ਹਾਈ ਕਰਨ ਲਈ ਬਾਹਰ ਭੇਜਣ 'ਤੇ ਪਾਬੰਦੀ ਹੈ। ਜਿਸ ਕਾਰਨ ਉਹ ਆਪਣੇ-ਆਪੇ ਅੰਦਰ ਕਿਸੇ ਭੂਤ ਪ੍ਰੇਤ (ਉਸਦੀ ਪਿਆਰੀ ਸਹੇਲੀ ਦਰਸ਼ਨਾਂ) ਆਉਣ ਦਾ ਨਾਟਕ ਕਰਦੀ ਹੈ। ਨਾਟਕ ਦੀ ਪਹਿਲੀ ਝਾਕੀ ਵਿਚ ਹੀ ਪੰਮੀ ਦਾ ਵਿਦਰੋਹੀ ਸੁਰ ਉਭਰਕੇ ਸਾਹਮਣੇ ਆਉਂਦਾ ਹੈ,

ਮੇਰੇ ਸੁਫ਼ਨਿਆਂ ਦਾ ਮਲੀਆ ਮੇਟ ਕਰਨ ਵਾਲਿਉ! ਮੈਂ ਵੀ ਤੁਹਾਨੂੰ ਸਬਕ ਸਿਖਾ ਕੇ ਦਮ ਲਵਾਂਗੀ।( ਔਲਖ 166)

ਪੰਮੀ ਦਾ ਇਹ ਸੁਰ ਉਸ ਧਿਰ ਦੇ ਵਿਰੁੱਧ ਹੈ ਜਿਸਨੇ ਉਸਦੇ ਸੁਫ਼ਨਿਆਂ ਦਾ ਮਲੀਆ ਮੇਟ ਕੀਤਾ ਹੈ। ਇਸ ਵਿਚ ਹੀ ਉਹ ਗੁੱਸੇ ਵਿਚ ਦਾਦੀ ਦੇ ਚਪੇੜ ਮਾਰਦੀ ਹੈ ਅਤੇ ਬਾਅਦ ਵਿਚ ਆਪਣੇ ਬਾਰੇ ਦੱਸਦੀ ਹੈ ਕਿ ਉਹ ਪੰਮੀ ਦੀ ਸਹੇਲੀ ਦਰਸ਼ਨਾਂ ਹੀ ਹੈ।

ਸਮੁੱਚੇ ਨਾਟਕ ਦੇ ਅਧਿਐਨ ਉਪਰੰਤ ਇਹ ਪਤਾ ਚੱਲਦਾ ਹੈ ਕਿ ਘਰ ਵਿਚ ਘਟੀਆਂ ਸਾਰੀਆਂ ਘਟਨਾਵਾਂ (ਕੱਪੜਿਆਂ ਨੂੰ ਲੈਟਰੀਨ ਵਿਚ ਸੁੱਟਣ ਦਾ ਸੁਪਨਾ, ਕੱਪੜੇ ਚੋਰੀ ਹੋਣਾ, ਚਾਦਰ ਉਪਰ ਲਾਲ ਰੰਗ ਦੇ ਨਿਸ਼ਾਨ, ਬੱਬੀ ਦੀਆਂ ਕਿਤਾਬਾਂ ਦਾ ਫਟਣਾ) ਪੰਮੀ ਦੁਆਰਾ ਹੀ ਘਟਾਈਆਂ ਗਈਆਂ ਸਨ, ਇਸਦਾ ਕਾਰਨ ਉਹ ਆਪ ਹੀ ਤਰਕਸ਼ੀਲਾਂ ਨੂੰ ਦੱਸਦੀ ਹੈ;

ਪੰਮੀ: ਅੱਗੇ ਪੜ੍ਹਨ ਲਈ ਕੁੜੀਆਂ ਨੂੰ ਘਰ ਤੋਂ ਬਾਹਰ ਨਿਕਲਣੈ ਪੈਂਦੈ। ਬਾਹਰ ਨਿਕਲਣ ਨਾਲ ਘਰ ਦੀ ਇੱਜ਼ਤ ਨੂੰ ਖਤਰਾ ਖੜ੍ਹਾ ਹੋ ਜਾਂਦੈ। ਕਾਲਜਾਂ ਯੂਨੀਵਰਸਿਟੀਆਂ ਦੀ ਪੜ੍ਹਾਈ ਤਾਂ ਮੁੰਡਿਆਂ ਵਾਸਤੇ ਹੀ ਬਣੀਐ। (ਔਲਖ 209)

ਇਸ ਤੋਂ ਇਲਾਵਾ ਪੰਮੀ ਦੇ ਮਾਤਾ-ਪਿਤਾ ਦੀ ਮੌਤ ਵੀ ਕੈਂਸਰ ਨਾਲ ਹੋਣ ਕਾਰਨ ਪੰਮੀ ਪੜ੍ਹ ਕੇ ਵੱਡੀ ਡਾਕਟਰ ਬਣਨਾ ਚਾਹੁੰਦੀ ਸੀ ਤਾਂ ਕਿ ਆਪਣੇ ਮਾਪਿਆਂ ਦਾ ਸੁਪਨਾ ਪੂਰਾ ਕਰ ਸਕੇ ਪਰ ਘਰੇਲੂ ਤੰਗੀਆਂ ਅਤੇ ਅਨਪੜ੍ਹਤਾ ਕਾਰਨ ਉਸਨੂੰ ਅੱਗੇ ਪੜ੍ਹਨ ਨਹੀਂ ਪਾਇਆ ਗਿਆ, ਜਿਸ ਕਾਰਨ ਉਸਨੇ ਇਸ ਤਰ੍ਹਾਂ ਦਾ ਰੋਹੀ ਅਤੇ ਵਿਦਰੋਹੀ ਸੁਰ ਅਪਣਾ ਲਿਆ। ਨਾਟਕ ਵਿਚ ਪੰਮੀ ਆਪਣੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਬਣੀ ਅੜਚਨ ਤੋਂ ਬਦਲਾ ਲੈਂਦੀ ਹੈ। ਜਿਸ ਕਾਰਨ ਉਹ ਘਰਦਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਪਰ ਆਂਢ-ਗੁਆਂਢ ਦੇ ਲੋਕਾਂ ਦਾ ਮੰਨਣਾ ਹੈ ਕਿ ਉਸਨੂੰ ਕੋਈ ਓਪਰੀ ਸ਼ੈਅ ਚਿੰਬੜੀ ਹੋਈ ਹੈ।

ਗੁਰਬੰਤ: ਹਾਂ! ਧਾਗਾ ਤਬੀਤ ਕਰਵਾਉ ਕੋਈ ਕੁੜੀ ਨੂੰ ਕਿਸੇ ਸਿਆਣੇ ਤੋਂ।

ਧਨਵੰਤ: ਮਾਮੂਲੀ ਧਾਗਿਆਂ ਤਬੀਤਾਂ ਦੇ ਵਸ ਵਿਚ ਆਉਣ ਵਾਲੀ ਕਾਹਨੂੰ ਐ ਇਹ ਸ਼ੈ ਬੰਤੀਏ!(ਦਾਦੀ ਨੂੰ ਕਿਸੇ ਬਹੁਤੇ ਖ਼ਤਰਨਾਕ ਭੂਤ ਦਾ ਅਹਿਸਾਸ ਕਰਵਾਉਣ ਦੇ ਇਰਾਦੇ ਨਾਲ) ਕੈ ਦਿਨਾਂ ਦਾ ਤਾਂ ਘਰ ਵਿਚ ਧੂੰ ਧੜੱਕਾ ਪਾ ਰੱਖਿਐ ਚੰਦਰੀ ਨੇ। ਕੁੜੀ ਕਦੇ ਕੰਧਾਂ ਨਾਲ ਟੱਕਰਾਂ ਮਾਰਨ ਲੱਗ ਪੈਂਦੀ ਐ। ਕਦੇ ਬਾਰੂ ਕੀ ਬਹਿੜਕੀ ਵਾਂਗੂੰ ਬਾਹਰ ਖੇਤਾਂ ਵੱਲ ਭੱਜ ਤੁਰਦੀ ਐ। ਮਾੜੇ-ਮੋਟੇ ਧਾਗੇ ਤਵੀਤਾਂ ਨਾਲ ਕਦ ਬੰਨੀਆਂ ਜਾਂਦੀ ਐ ਇਹੋ ਜੀਆਂ

ਧੱਕੜ ਭੂਤਾਂ ਪਰੇਤਾਂ। ਇਹਨੂੰ ਤਾਂ ਕੋਈ ਤਗੜਾ ਸਿਆਣਾ ਈ ਹੱਥ ਪਾਉਣ ਦਾ ਹੀਆ ਕਰੂ ਬਲਕਪੁਰੀਏ ਦਾਸ ਵਰਗਾ। ਤੁਸੀਂ ਉਹਨੂੰ ਵਖਾਉ ਕੁੜੀ ਦੇਖਿਉ, ਜੇ ਮਿੰਟਾਂ ਸਕਿੰਟਾਂ ਵਿਚ ਨਾ ਭੂਤ ਦੀਆਂ ਪਦੀੜਾਂ ਪਾ ਤੀਆਂ। (ਔਲਖ 181)

ਇਸ ਤਰ੍ਹਾਂ ਗੁਆਂਢਣਾਂ (ਧਨਵੰਤ ਤੇ ਗੁਰਬੰਤ) ਦਾਦੀ ਨੂੰ ਪੰਮੀ ਵਿਚਲੇ ਭੂਤ ਤੋਂ ਖਹਿੜਾ ਛੁਡਾਉਣ ਲਈ ਬਲਕਪੁਰੀਏ ਦਾਸ (ਪਖੰਡੀ ਬਾਬੇ) ਦੀ ਦੱਸ ਪਾਉਂਦੀਆਂ ਹਨ, ਪਰ ਦਾਦੀ ਉਨ੍ਹਾਂ ਦੀ ਗੱਲ ਵਿਚ ਆਉਣ ਦੀ ਬਜਾਇ ਆਪਣੇ ਫੌਜੀ ਪੋਤੇ ਬਾਰੇ ਦੱਸਦੀ ਹੈ ਕਿ ਉਸਨੇ ਇਸ ਪਖੰਡ ਨੂੰ ਨਹੀਂ ਮੰਨਣਾ ਪਰ ਗੁਆਂਢਣਾਂ ਦਾਦੀ ਨੂੰ ਹੋਰ ਡਰਾਉਂਦੀਆਂ ਹਨ ਅਤੇ ਧਨਵੰਤ ਦਾਦੀ ਨਾਲ ਸਾਧ ਕੋਲ ਜਾਣ ਲਈ ਵੀ ਮੰਨ ਜਾਂਦੀ ਹੈ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਧਨਵੰਤ ਤੇ ਗੁਰਬੰਤ ਸਾਧ ਦੀਆਂ ਪਹਿਲਾਂ ਤੋਂ ਹੀ ਭਗਤ ਹਨ।ਇਸ ਸੰਬੰਧੀ ਸੂਤਰਧਾਰ ਦੱਸਦਾ ਹੈ;

ਸੂਤਰਧਾਰ:...ਤੇ ਦੋਸਤੋ ਜਦ ਘਰ ਵਿਚ ਇਹੋ ਜਿਆ ਕੁਸ ਹੋਣੋਂ ਹਟੇ ਈ ਨਾ, ਮੁਟਿਆਰ ਧੀ ਨੂੰ ਕਸਰ ਤੋਂ ਬਾਅਦ ਕਸਰ ਹੁੰਦੀ ਤੁਰੀ ਜਾਵੇ, ਭੂਤ ਕਿਸੇ ਨਾ ਕਿਸੇ ਬਹਾਨੇ ਪੰਜਵੇਂ ਸੱਤਵੇਂ ਦਿਨ ਆ ਦਬੋਚਦਾ ਹੋਵੇ, ਤਾਂ ਘਰ ਦਿਆਂ ਨੇ ਕੋਈ ਨਾ ਕੋਈ ਉਪਾਅ ਤਾਂ ਕਰਨਾ ਹੀ ਹੋਇਆ ਨਾ? ਤੇ ਇਹੋ ਜੇ ਮੌਕੇ ਉਪਾਅ ਕਰਨ ਵਾਲੇ ਜਿਹੜੇ ਸਭ ਤੋਂ ਪਹਿਲਾਂ ਸਾਡੀ ਅਨਪੜ੍ਹ ਲੋਕਾਈ ਦੇ ਦਿਮਾਗ ਵਿਚ ਆਉਂਦੇ ਨੇ ਉਹ ਨੇ ਕਸਰਾਂ ਕੱਢਣ ਵਾਲੇ ਸਾਧੜੇ, ਚੇਲੇ ਚਾਟੜੇ, ਜਿਨ੍ਹਾਂ ਨੂੰ ਉਹਨਾਂ ਨੇ ਸਿਆਣਿਆਂ ਦੀ ਉਪਾਧੀ ਦਿੱਤੀ ਹੋਈ ਹੈ। (ਔਲਖ 187)

ਇਹ ਸਾਧ ਆਮ ਲੋਕਾਂ ਵਿਚ ਧਰਮ ਦੇ ਨਾਂ 'ਤੇ ਪਾਖੰਡ ਰਚ ਕੇ ਆਪਣੇ-ਆਪ ਨੂੰ ਸਵੈ-ਸਿੱਧ ਰੱਬ ਬਣ ਕੇ ਜਨ ਸਾਧਾਰਨ ਨੂੰ ਲੁੱਟਦੇ ਹਨ। ਨਾਟਕ ਵਿਚ ਸਾਧ ਆਪਣੇ ਚੇਲੇ ਨੂੰ ਆਪਣੀ ਭਾਸ਼ਾ ਵਿਚ ਗਿਆਰਾਂ ਸੌ ਰੁਪਏ ਦੀ ਭੇਟਾ, ਦਾਰੂ ਦੀ ਬੋਤਲ ਮੰਗਣ ਲਈ ਕਹਿੰਦਾ ਹੈ ਜੋ ਦਾਦੀ ਕਿਸੇ ਨੁਕਸਾਨ ਦੇ ਡਰੋਂ ਸਾਧ ਨੂੰ ਦੇ ਦਿੰਦੀ ਹੈ। ਇਸ ਉਪਰੰਤ ਪੰਮੀ ਨੂੰ ਬੁਲਾ ਕੇ ਉਸ ਨੂੰ ਫੜੱਕ-ਫੜੂੰਅ, ਦੜੱਕ-ਦੁੜੂੰਅ ਦੁਆਰਾ ਹਿਪਨੋਟਾਈਜ ਕਰ ਲਿਆ ਜਾਂਦਾ ਹੈ ਅਤੇ ਸਾਧ ਆਪਣਾ ਪ੍ਰਭਾਵ ਪਾਉਣ ਲਈ ਦਾਦੀ ਨੂੰ ਹੋਰ ਡਰਾਉਣਾ ਸ਼ੁਰੂ ਕਰ ਦਿੰਦਾ ਹੈ।

ਸਾਧ: ਤੇਰਾ ਲਾਖ ਲਾਖ ਸ਼ੁਕਰ ਹੈ ਬਾਬਾ ਭੈਰੋਂ ਨਾਥ!! ਲਾਖ ਲਾਖ ਸ਼ੁਕਰ। ਬੜੀ ਡੁਸ਼ਟ ਭੂਟਨੀ ਕੇ ਸਾਥ ਪਾਲਾ ਪੜ੍ਹ ਗਿਆ ਥਾ ਆਜ ਤੋ। ਤੇਰੀ ਕਿਰਪਾ ਸੇ ਕਾਬੂ ਮੇ ਆ ਹੀ ਗਈ ਆਖਰ।

ਧਨਵੰਤ: ਫੇਰ ਹੁਣ ਤਾਂ ਸਭ ਠੀਕ ਹੋ ਗਿਆ ਮਹਾਰਾਜ? ਹੁਣ ਮੁੜ ਕੇ ਤਾਂ ਨੀ ਆਉਂਦੀ ਦਰਸ਼ਨਾ..?

ਸਾਧ: ਕੌਨ ਸੀ ਡੜਸਨਾ?

ਸਾਧ: ਕਿਸੀ ਕਚੀਲ ਕਾ ਸਾਇਆ ਹੈ ਲਟਕੀ ਪਰ।।

ਦਾਦੀ: ਬਾਬਾ ਜੀ, ਕਚੀਲ ਕਿਹੜੀ?

ਸਾਧ: ਟੇਰੀ, ਨਣਦ ਕੀ ਨਣਦ ਕੇ ਮਾਸੀ ਹੈ ਪੁਤਰ ਕੀ ਨੂੰਹ ਕੀ ਨੂੰਹ ਕੀ ਭੈਣ। ਮਰੀ ਨੀ ਥੀ ਉਹ ਜਾਪੇ ਵੇਲੇ?

(ਔਲਖ 193)

ਸਾਧ ਦਾਦੀ ਨੂੰ ਡਰਾ ਕੇ ਹੋਰ ਪੈਸੇ ਕਢਵਾਉਂਦਾ ਹੈ ਅਤੇ ਉਨ੍ਹਾਂ ਨੂੰ ਇਕ ਗਿਆਰਾਂ ਸੌ ਵਾਲਾ ਤੇ ਦੂਜਾ ਪੰਜ ਸੌ ਵਾਲਾ ਤਬੀਤ ਦਿੰਦਾ ਹੈ ਅਤੇ ਦਾਦੀ ਨੂੰ ਬੇਫਿਕਰ ਹੋਣ ਲਈ ਕਹਿੰਦਾ ਹੈ।ਪਰ ਸਥਿਤੀ ਦੁਬਾਰਾ ਉਸ ਸਮੇਂ ਉਲਝਦੀ ਹੈ ਜਦੋਂ ਪੰਮੀ ਵਿਚ ਇਲਾਜ ਕਰਨ ਤੋਂ ਬਾਅਦ ਵੀ ਭੂਤ ਆ ਜਾਂਦੀ ਹੈ।

ਦਾਦੀ: ਨੀ ਧੰਤੀਏ। ਕੁੜੀ ਵਿਚ ਤਾਂ ਫੇਰ ਆ ਵੜੀ ਉਹ ਜਿਹੜੀ...

ਧਨਵੰਤ: ਫੇਰ ਆ ਵੜੀ? ਫੇਰ ਤਾਂ ਬੇਬੇ ਜੀ, ਇਸਦਾ ਕਿਸੇ ਬਹੁਤੇ ਤਗੜੇ ਸਾਧ ਸੰਤ ਤੋਂ ਕਰਵਾਉ ਓਹੜ ਪੋਹੜ। ਮੈਂ ਨੀ ਵਿਚ ਵਚਾਲੇ ਆਉਂਦੀ। ਹੋਰ ਕਿਤੇ ਮੇਰਾ ਈ ਨਾ... (ਔਲਖ 198)

ਇਸ ਤੋਂ ਪਿੱਛੋਂ ਹੋਰ ਸਾਧ ਆਏ ਜਿਨ੍ਹਾਂ ਨੇ ਵਾਧੂ ਖ਼ਰਚ ਕਰਵਾ ਕੇ ਦਾਦੀ ਨੂੰ ਵਹਿਮਾਂ ਵਿਚ ਪਾਈ ਰੱਖਿਆ। ਨਾਟਕ ਵਿਚ ਨਵਾਂ ਮੋੜ ਤਰਕਸ਼ੀਲਾਂ ਦੇ ਆਉਣ ਨਾਲ ਆਉਂਦਾ ਹੈ। ਬਲਵਿੰਦਰ ਫੌਜੀ ਛੁੱਟੀ ਆਉਂਦਾ ਹੈ ਅਤੇ ਤਰਕਸ਼ੀਲ ਰਾਜਪਾਲ ਤੇ ਸੋਮਪਾਲ ਨੂੰ ਸਾਰੀ ਸਮੱਸਿਆ ਦੱਸਦਾ ਹੈ। ਦੋਵੇਂ ਤਰਕਸ਼ੀਲ ਨੇ ਮਾਤਾ ਜੀ ਨੂੰ ਬੁਲਾਇਆ ਅਤੇ ਉਸ ਨਾਲ ਸਵਾਲ-ਜਵਾਬ ਕੀਤੇ ਜਿਸ ਤੋਂ ਉਨ੍ਹਾਂ ਨੂੰ ਪਤਾ ਚੱਲਦਾ ਹੈ ਕਿ ਪੰਮੀ ਅਤੇ ਦਰਸ਼ਨਾਂ ਪੱਕੀਆਂ ਸਹੇਲੀਆਂ ਸਨ। ਦੂਜਾ ਘਰ ਵਿਚ ਘਟਣ ਵਾਲੀ ਹਰੇਕ ਘਟਨਾ ਦਾ ਸਭ ਤੋਂ ਪਹਿਲਾਂ ਪੰਮੀ ਨੂੰ ਪਤਾ ਚੱਲਦਾ ਹੈ। ਇਸ ਤੋਂ ਬਾਅਦ ਉਹ ਪੰਮੀ ਨੂੰ ਅੰਦਰ ਬੁਲਾਉਂਦੇ ਹਨ ਅਤੇ ਉਸ ਤੋਂ ਪੁੱਛ-ਗਿੱਛ ਕਰਦੇ ਹਨ, ਜਿਸ ਵਿਚੋਂ ਪਤਾ ਚਲਦਾ ਹੈ ਕਿ ਪੰਮੀ ਪੜ੍ਹਨ ਵਿਚ ਹੁਸ਼ਿਆਰ ਹੈ ਪਰ ਗ਼ਰੀਬੀ ਕਾਰਨ ਅੱਗੇ

ਪੜ੍ਹ ਨਹੀਂ ਪਾਈ। ਇਸ ਤੋਂ ਬਾਅਦ ਉਹ ਬੱਬੀ ਨੂੰ ਅੰਦਰ ਬੁਲਾਉਂਦੇ ਹਨ, ਉਸਨੂੰ ਸਾਰੀ ਸਥਿਤੀ ਦੱਸਦੇ ਹਨ ਅਤੇ ਪੰਮੀ ਨੂੰ ਡੈਜੀਪਾਮ ਦੀ ਗੋਲੀ ਦੇਣ ਲਈ ਕਹਿੰਦਾ ਹੈ। ਜਿਸਨੂੰ ਲੈ ਕੇ ਪੰਮੀ ਨੂੰ ਹਿਪਨੋਟਾਈਜ ਕੀਤਾ ਗਿਆ।

> ਸੂਤਰਧਾਰ: ਲਗਦੈ ਤਰਕਸ਼ੀਲ ਮਿੱਤਰੋ, ਥੋਡੀ ਡੈਜੀਪਾਮ ਦੀ ਗੋਲੀ ਵਿਖਾ ਹੀ ਗਈ ਆਪਣਾ ਜਲਵਾ। ਕਰ ਹੀ ਲਿਆ ਕੁੜੀ ਨੂੰ ਹਿਪਨੋਟਾਈਜ।
>
> ਰਾਜਪਾਲ : ਇਹ ਟਰਿੱਕ ਚਲਾਕੀ ਉਹੀ ਹੈ ਸੂਤਰਧਾਰਾ, ਜੀਹਦੀ ਵਰਤੋਂ ਕਰ ਕੇ ਸਾਧੜੇ ਭੋਲੀ ਭਾਲੀ ਦੁਨੀਆ ਨੂੰ ਆਪਣੇ ਕਰਾਮਾਤੀ ਹੋਣ ਦਾ ਡਰਾਮਾ ਰਚਾ ਲੈਂਦੇ ਨੇ ਤੇ ਅਸੀਂ ਸੱਚ ਸੱਚ ਦੱਸ ਕੇ ਭੋਲੀ ਤੇ ਅਨਪੜ੍ਹ ਲੁਕਾਈ ਦਾ ਤੀਜਾ ਨੇਤਰ ਖੋਲਣ ਦਾ ਜਤਨ ਕਰਦੇ ਰਹਿਣੇ ਐਂ। (ਔਲਖ 215)

ਇਸ ਤਰ੍ਹਾਂ ਇਹ ਨਾਟਕ ਧਾਰਮਿਕ ਅੰਧ-ਵਿਸ਼ਵਾਸ ਨੂੰ ਪੇਸ਼ ਕਰਦਾ ਹੈ। ਇਸ ਵਿਚ ਧਾਰਮਿਕ ਅੰਧਤਾ ਉਪਰ ਤਰਕਸ਼ੀਲਾਂ ਦੀ ਜਿੱਤ ਨੂੰ ਚਿਤਰਿਆ ਗਿਆ ਹੈ। ਨਾਟਕ ਦੀ ਕਹਾਣੀ ਵੂਮਰਿੰਗ ਵਿਧੀ ਨਾਲ ਚਲਦੀ ਹੈ, ਜਿਸ ਵਿਚ ਅਨਪੜ੍ਹ, ਸਾਧਾਂ, ਧਾਗੇ-ਤਵੀਤਾਂ, ਭੂਤਾਂ-ਪ੍ਰੇਤਾਂ ਆਦਿ ਦਾ ਜਵਾਬ ਤਰਕਸ਼ੀਲ ਢੰਗ ਨਾਲ ਦਿੱਤਾ ਗਿਆ ਹੈ।

ਇਸ ਤਰ੍ਹਾਂ ਹੀ 'ਸੁੱਕੀ ਕੁੱਖ'(ਮੇਰੇ ਸਾਰੇ ਲਘੂ ਨਾਟਕ) ਨਾਟਕ ਵਿਚ ਔਲਖ ਨੇ ਅਨਪੜ੍ਹ ਸਮਾਜ ਵਿਚ ਫੈਲੇ ਅੰਧ ਵਿਸ਼ਵਾਸਾਂ ਨੂੰ ਪੇਸ਼ ਕੀਤਾ ਹੈ। ਨਾਟਕ ਵਿਚ ਧੰਨੋ ਬੇ-ਔਲਾਦ ਔਰਤ ਹੈ, ਜੋ ਸੰਤਾਨ ਪ੍ਰਾਪਤੀ ਵਿਸ਼ੇਸ਼ ਕਰਕੇ ਪੁੱਤਰ ਪ੍ਰਾਪਤੀ ਲਈ ਸਾਧ/ਸਿਆਣਿਆਂ ਦੇ ਚੁੰਗਲ ਵਿਚ ਫਸਦੀ ਹੈ। ਨਾਟਕ ਦਾ ਆਰੰਭ ਧੰਨੋ ਤੇ ਟੱਲੀ ਦੇ ਮੋਹ ਨਾਲ ਹੁੰਦਾ ਹੈ। ਧੰਨੋ ਬੇ-ਔਲਾਦ ਹੈ, ਜਿਸਦਾ ਪਤਾ ਹੇਠਲੇ ਸੰਵਾਦ ਤੋਂ ਚੱਲਦਾ ਹੈ।

> ਧੰਨੋ: ਮੇਰੇ ਅਵਦੇ ਅਵਦਾ ਧੀ ਪੁੱਤ ਨੀ ਨਾ ਕੋਈ ਪੁੱਤ! ਘੁੱਗੀ ਦੀ ਬੇਬੇ ਸੋਚਦੀ ਐ ਬਈ ਮੈਂ ਘੁੱਗੀ ਨੂੰ ਕੁਸ ਕਰਾ-ਦੂੰ। (ਔਲਖ 77)

ਇਸ ਤਰ੍ਹਾਂ ਘੁੱਗੀ ਦੀ ਮਾਂ ਪੂਚੀ ਉਸਨੂੰ ਧੰਨੋ ਦੇ ਘਰ ਜਾਣ ਤੋਂ ਰੋਕਦੀ ਹੈ। ਇਸ ਤੋਂ ਸਮਾਜ ਵਿਚ ਫੈਲੇ ਅੰਧ-ਵਿਸ਼ਵਾਸਾਂ ਦਾ ਪਤਾ ਚੱਲਦਾ ਹੈ ਪਰ ਦੂਜੇ ਪਾਸੇ ਧੰਨੋ ਅਤੇ ਟੱਲੀ ਦੇ ਪ੍ਰੇਮ ਨੂੰ ਵੀ ਨਾਟਕ ਵਿਚ ਪੇਸ਼ ਕੀਤਾ ਗਿਆ ਹੈ। ਟੱਲੀ ਧੰਨੋ ਦਾ ਪੁੱਤ ਹੋਣਾ ਲੋਚਦਾ ਹੈ ਅਤੇ ਉਹ ਆਪਣੀ ਮਾਂ ਭਾਗੋ ਨੂੰ ਕਹਿੰਦਾ ਹੈ;

ਟੱਲੀ: ਬੇਬੇ ਮੈਂ ਨੀ ਤੇਰਾ ਪੁੱਤ ਬਣਦਾ! ਮੈਂ ਤਾਂ ਤਾਈ ਦਾ ਪੁੱਤ ਬਣੂੰ!

ਭਾਗੋ: ਠੀਕ ਐ ਭਾਈ, ਨਾ ਬਣ। ਸਾਨੂੰ ਮਨਜ਼ੂਰ ਐ। ਤੇਰੀ ਤਾਈ ਤੇਰੀ ਮਾਂ, ਤੇਰਾ ਤਾਇਆ ਤੇਰਾ ਪਿਉ। (ਔਲਖ 77)

ਸਮਾਜ ਵਿਚ ਬੇ-ਔਲਾਦ ਔਰਤ ਦੀ ਸਥਿਤੀ ਬੇਹੱਦ ਸ਼ੱਕੀ ਹੋ ਜਾਂਦੀ ਹੈ ਕਿਉਂਕਿ ਆਂਢ-ਗੁਆਂਢ ਦੀਆਂ ਔਰਤਾਂ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਘਰ ਜਾਣ ਤੋਂ ਵਰਜਦੀਆਂ ਹਨ। ਇਸਦਾ ਇਕ ਕਾਰਨ ਬੱਚੇ ਨੂੰ ਕੋਈ ਟੂਣਾ ਨਾ ਕਰਵਾ ਦੇਵੇ। ਨਾਟਕ ਵਿਚ ਵੀ ਪੂਚੀ ਆਪਣੇ ਪੁੱਤਰ ਘੁੱਗੀ ਨੂੰ ਇਸੇ ਕਰਕੇ ਉਸਦੇ ਘਰ ਆਉਣ ਤੋਂ ਵਰਜਦੀ ਹੈ।

ਪੂਚੀ: ਆਹ ਦੇਖ ਨੀ ਟੂਣੇਹਾਰੀਏ! (ਘੁੱਗੀ ਦੀਆਂ ਜੰਡੂਰੀਆਂ ਵੱਲ ਹੱਥ ਕਰਕੇ) ਆਹ ਦੇਖ ਭਾਈਆਂ ਪਿੱਟੀਏ ਅਵਦੀ ਕਰਤੂਤ।

ਭਾਗੋ: ਕੁੜੇ ਕੀ ਹੋ ਗਿਆ ਪੂਚੀ? ਐਉਂ ਕਿਉਂ ਬੇਬਜ੍ਹਾ ਈ ਆਉਣ ਸਾਰ ਗਾਲਾਂ ਦੇਣ 'ਤੇ ਉਤਰ ਆਈ?

ਪੂਚੀ: ਗਾਲਾਂ ਦੇਣ ਤੇ ਨਾ ਉੱਤਰਾਂ, ਹੋਰ ਭਾਗੋ ਆਵਦੇ ਜਣਦਿਆਂ ਨੂੰ ਪਿੱਟਾਂ? ਆਹ ਤੂੰ ਮੁੰਡੇ ਦੀਆਂ ਜੰਡੂਰੀਆਂ ਦੇਖ! ਦੇਖ, ਪਤਾ ਨੀਂ ਖ਼ਸਮਾਂ ਖਾਣੀ ਨੇ ਕੀ ਖੇਹ-ਸੁਆਹ ਪਾਈ ਐ ਮੁੰਡੇ ਦੇ ਸਿਰ ਚ ਖਬਰੇ ਕੀ ਟੂਣਾ ਕੀਤੈ ਟੂਣੇਹਾਰੀ ਨੇ। (ਔਲਖ 78)

ਪੂਚੀ ਧੰਨੋ ਨੂੰ ਟੂਣੇਹਾਰੀ ਕਹਿੰਦੀ ਹੈ ਕਿਉਂਕਿ ਉਸਨੂੰ ਸ਼ੱਕ ਹੈ ਕਿ ਧੰਨੋ ਉਸਦੇ ਪੁੱਤਰ ਦਾ ਨੁਕਸਾਨ ਕਰਨਾ ਚਾਹੁੰਦੀ ਹੈ। ਧੰਨੋ ਅਜਿਹੇ ਤਾਨ੍ਹਿਆਂ-ਮਿਹਣਿਆਂ ਤੋਂ ਡਾਢੀ ਦੁਖੀ ਹੋ ਗਈ ਹੈ। ਇਸੇ ਕਾਰਨ ਉਸਦੇ ਘਰ ਵਿਚ ਵੀ ਆਪਣੇ ਪਤੀ ਤੋਤੀ ਨਾਲ ਵੀ ਕਲੇਸ਼ ਰਹਿੰਦਾ ਹੈ। ਸੰਤਾਨ ਨਾ ਹੋਣ ਕਾਰਨ ਤੋਤੀ ਉਸਦੀ ਭੈਣ ਦਾ ਰਿਸ਼ਤਾ ਲਿਆਉਣ ਲਈ ਕਹਿੰਦਾ ਹੈ ਪਰ ਧੰਨੋ ਅਜਿਹਾ ਕਰਨ ਤੋਂ ਇਨਕਾਰ ਕਰਦੀ ਹੈ। ਉਨਾਂ ਦਾ ਆਪਸੀ ਕਲੇਸ਼ ਵੱਧਦਾ ਰਹਿੰਦਾ ਹੈ;

ਤੋਤੀ: ਅਜੇ ਵਿਗੜਿਆ ਈ ਨੀ ਕੁਸ਼? ਫੰਡਰ ਝੋਟੀ ਤੋਰ-ਤੀ ਮੇਰੇ ਮਗਰ ਲਾ ਕੇ।

ਧੰਨੋ: ਫੰਡਰ ਤੇਰੀ ਮਾਂ! ਫੰਡਰ ਤੇਰੀ ਭੈਣ। ਮੈਂ ਕਿਉਂ ਫੰਡਰ।

ਤੋਤੀ: ਬੁੱਚੀਏ ਤੀਵੀਂਏ। ਨਿਕਲ ਜਾ ਮੇਰੇ ਘਰੋਂ। ਮੈਂ ਤੈਨੂੰ ਅੰਨ ਖਾਣ ਨੂੰ ਨੀ ਰੱਖਿਆ ਘਰੇ। ਤੇਰੇ ਨਾਲੋਂ ਤਾਂ ਸੂਰੀ ਚੰਗੀ ਐ ਸੂਰੀ, ਜਿਹੜੀ ਸੂ ਸੂ ਘੁਰਨਾ ਭਰ ਦਿੰਦੀਐ। ਜਾਹ ਦਫ਼ਾ ਹੋ ਜਾ, ਕੰਜਰ ਦੀਏ ਕੰਜਰੀਏ। ( ਔਲਖ 84)

ਅਜਿਹੀ ਸਥਿਤੀ ਵਿਚ ਧੰਨੋ ਨੂੰ ਕਸਰ ਹੋ ਜਾਂਦੀ ਹੈ ਧੰਨੋ ਵਿਚ ਆਇਆ ਪ੍ਰੇਤ ਬੋਲਦਾ ਹੈ;

ਧੰਨੋ: ਰੜੀ ਆਲੀ ਪੱਕੀ ਕਿੱਕਰ ਹੇਠ ਦੀ ਨੀਂ ਨੰਘੀ ਰੋਟੀਆਂ ਤੇ ਲੱਸੀ ਦਾ ਕੁੱਜਾ ਲੈ ਕੇ?

ਭਾਗੋ: ਨੰਘੀ ਹੋਣੀਐ ਬਾਬਾ ਜੀ। ਆਵਦੇ ਘਰ ਵਾਲੇ ਦੀ ਰੋਟੀ ਲੈ ਕੇ ਜਾਂਦੀ ਹੁੰਦੀ ਐ ਓਧਰ ਦੀ।......

ਧੰਨੋ: ਚੰਗਾ, ਤਾਂ ਸੁਣੋ ਫੇਰ! ਸਵਾ ਮਣ ਆਟਾ, ਸਵਾ ਪੰਜ ਸੇਰ ਚੌਲ, ਸਵਾ ਪੰਜ ਸੇਰ ਈ ਕੱਚਾ ਮਿੱਠਾ, ਸੁਣਦੀ ਐਂ?

ਧੰਨੋ: ਸਵਾ ਪੰਜ ਗਜ਼ ਖੱਦਰ, ਸਵਾ ਸਵਾ ਛਟਾਂਕ ਸਰਸੋਂ ਦਾ ਤੇਲ, ਹਲਦੀ! ਸਵਾ ਗਜ਼ ਖੰਭਣੀ, ਰੜੀ ਆਲੇ ਸੰਤਾਂ ਦੀ ਸਮਾਧ ਤੇ ਭੇਟਾ ਚੜ੍ਹਾਓ। (ਔਲਖ 86)

ਧੰਨੋ ਕਿਸੇ ਇਸਤਰੀ ਨਾਲ ਸਿਆਣੇ ਸਾਧ ਦੀ ਝੌਂਪੜੀ ਵਿਚ ਜਾਂਦੀ ਹੈ, ਇਸਤਰੀ ਸਾਧ ਦੀ ਪੱਕੀ ਭਗਤਣੀ ਹੈ। ਉਹ ਸਾਧ ਨੂੰ ਧੰਨੋ ਦੀ ਸਮੱਸਿਆ ਬਾਰੇ ਜਾਣੂੰ ਕਰਵਾਉਂਦੀ ਹੈ। ਸਾਧ ਉਸਨੂੰ ਆਪਣੇ ਬਚਨਾਂ ਵਿਚ ਬੰਨਣ ਦੀ ਕਿਰਿਆ ਕਰਦਾ ਹੈ। ਧੰਨੋ ਸੰਤਾਨ ਪ੍ਰਾਪਤੀ ਦੀ ਕਠਿਨ ਤਪੱਸਿਆ ਨੂੰ ਵੀ ਕਬੂਲ ਕਰਦੀ ਹੈ;

ਧੰਨੋ: ਲਾਦ ਦੀ ਖ਼ਾਤਰ ਮੈਂ ਭਖਦੇ ਕੋਲਿਆਂ ਉਤੇ ਨੰਗੇ ਪੈਰੀਂ ਵੀ ਤੁਰ ਲਾਂ ਗੀ।ਮਹਾਰਾਜ। ਮੇਰੀ ਕੁੱਖ ਹਰੀ ਹੋ ਜਾਵੇ, ਮੈਂ ਚਿੜੀਆਂ ਦਾ ਦੁੱਧ ਥੋਡੇ ਚਰਨਾਂ ਚ ਲਿਆ ਧਰਾਂ-ਗੀ (ਔਲਖ 90)

ਇਸ ਤਰ੍ਹਾਂ ਉਹ ਤਪੱਸਿਆ ਵਿਚ ਪੈਣ ਲਈ ਤਿਆਰ ਹੋ ਜਾਂਦੀ ਹੈ। ਸਾਧ ਉਸਨੂੰ ਚਿੰਬੜੀ ਬੁਰੀ ਬਲਾ ਤੋਂ ਖਹਿੜਾ ਛੁਡਾਉਣ ਲਈ ਬਾਲ ਬਲੀ ਦੀ ਮੰਗ ਕਰਦਾ ਹੈ। ਇਸ ਤਰ੍ਹਾਂ ਸਾਧ ਧੰਨੋ ਨੂੰ ਪਰਾਏ ਬਾਲਕ ਦੀ ਬਲੀ ਲਈ ਮਜ਼ਬੂਰ ਕਰਦਾ ਹੈ। ਧੰਨੋ ਸਾਧ ਦੀ ਗੱਲ ਮੰਨ ਕੇ ਘਰ ਵਿਚ ਸ਼ਰਾਬ ਦੀ ਮਨਾਹੀ, ਭੈਰੋਂ ਦਾ ਪਾਠ ਅਤੇ ਸ਼ਨੀਵਾਰ ਨੂੰ ਬੱਚੇ ਦੀ ਬਲੀ ਦੇਣ ਲਈ ਮੰਨ ਜਾਂਦੀ ਹੈ। ਪਰ ਧੰਨੋ ਅਜਿਹਾ ਕੁਕਰਮ ਕਰਨ ਤੋਂ ਮਨੋ-ਮਨੀ ਨਹੀਂ ਮੰਨਦੀ ਪਰ ਦੂਜੇ ਪਾਸੇ ਉਹ ਔਲਾਦ ਵੀ ਪ੍ਰਾਪਤ ਕਰਨਾ ਚਾਹੁੰਦੀ ਹੈ। ਉਹ ਟੱਲੀ ਦੀ ਬਲੀ ਦੇਣ ਲਈ ਸੋਚਦੀ ਹੈ। ਉਸਨੂੰ ਸਿਆਣੇ ਸਾਧ ਦੀ ਆਵਾਜ ਸੁਣਦੀ ਹੈ, ਜਿਸ ਵਿਚ ਉਹ ਉਸ ਨਾਲ

ਵਾਅਦਾ ਕਰਦੀ ਹੈ, ਫਿਰ ਉਹ ਘੁੱਗੀ ਦੀ ਬਲੀ ਦੇਣ ਬਾਰੇ ਸੋਚਦੀ ਹੈ। ਧੰਨੋ ਟੱਲੀ ਨੂੰ ਲੱਡੂਆਂ ਦੇ ਢੇਰ ਦਾ ਲਾਲਚ ਦਿੰਦੀ ਹੈ। ਪਰ ਅੰਤ ਵਿਚ ਉਹ ਅਜਿਹਾ ਕੁਕਰਮ ਕਰਨ ਤੋਂ ਆਪਣੇ-ਆਪ ਨੂੰ ਬਚਾ ਲੈਂਦੀ ਹੈ। ਇਸ ਨਾਟਕ ਵਿਚ ਧਰਮ ਅੰਧਤਾ ਨੂੰ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਭੋਲੇ-ਭਾਲੇ ਲੋਕ ਭਰਮਾਂ ਵਿਚ ਫਸ ਕੇ ਸਾਧਾਂ-ਸੰਤਾਂ ਦੇ ਲੋਭ ਦਾ ਸ਼ਿਕਾਰ ਹੁੰਦੇ ਹਨ।

### 5.3 ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਧਾਰਮਿਕ ਪਰਿਪੇਖ ਸੰਬੰਧੀ ਚੇਤਨਾ-

ਸਮੁੱਚੇ ਪ੍ਰਭਾਵ ਵਜੋਂ ਇਹ ਸਪੱਸ਼ਟ ਹੈ ਕਿ ਨਾਟਕ ਅਤੇ ਧਰਮ ਦਾ ਸੰਬੰਧ ਪ੍ਰਾਚੀਨ ਸਮੇਂ ਤੋਂ ਹੀ ਆਧੁਨਿਕ ਸਮੇਂ ਵਿਚ ਨਾਟਕਕਾਰਾਂ ਨੇ ਧਰਮ ਦੀਆਂ ਅਨੇਕਾਂ ਮਾਨਤਾਵਾਂ, ਵੰਨਗੀਆਂ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ ਹੈ। ਔਲਖ ਦੇ ਨਾਟਕ ਇਸ ਪਰਿਪੇਖ ਤੋਂ ਬੇਹੱਦ ਮਹੱਤਵਪੂਰਨ ਹਨ। ਉਸਦੇ ਨਾਟਕਾਂ ਵਿਚ ਧਰਮ ਦੇ ਸਦਾਚਾਰਕ ਸਰੂਪ ਤੋਂ ਇਲਾਵਾ, ਧਰਮ ਦੇ ਸੰਪਰਦਾਇ ਰੂਪ ਨੂੰ ਸਫਲਤਾ-ਪੂਰਵਕ ਚਿਤਰਿਆ ਹੈ। ਇਸ ਤੋਂ ਇਲਾਵਾ ਉਸਨੇ ਧਰਮ ਵਿਚਲੇ ਵਿਸ਼ਵਾਸਾਂ ਅਤੇ ਟੂਣੇ-ਟਾਮਣਾਂ ਨੂੰ ਵੀ ਨਾਟਕਾਂ ਵਿਚ ਪੇਂਡੂ ਲੋਕਧਾਰਾਈ ਸੰਵੇਦਨਾ ਵਜੋਂ ਪੇਸ਼ ਕੀਤਾ ਹੈ। ਔਲਖ ਆਪ ਮਾਨਵਵਾਦੀ ਵਿਚਾਰਧਾਰਾ ਦਾ ਲਖਾਇਕ ਅਤੇ ਸਿੱਖ ਧਰਮ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਨਾਟਕਕਾਰ ਹੈ। ਇਸ ਲਈ ਉਸਦੇ ਨਾਟਕਾਂ ਵਿਚ ਸਿੱਖ ਧਰਮ ਨਾਲ ਸੰਬੰਧਿਤ ਵਿਭਿੰਨ ਇਤਿਹਾਸਕ, ਮਿਥਿਹਾਸਕ ਕਹਾਣੀਆਂ ਤੋਂ ਇਲਾਵਾ ਸਿੱਖ ਧਰਮ ਦੀਆਂ ਸਿਖਿਆਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।

## ਸਾਰ ਅਤੇ ਸਥਾਪਨਾਵਾਂ

ਅਜਮੇਰ ਔਲਖ ਮਾਲਵਾ ਖੇਤਰ ਵਿਚ ਪੰਜਾਬੀ ਰੰਗਮੰਚ ਨੂੰ ਸੁਰਜੀਤ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਹ ਯੂਨੀਵਰਸਿਟੀਆਂ ਦੇ ਨਾਟ-ਮੇਲਿਆਂ ਦੀਆਂ ਰੰਗਮੰਚੀ ਗਤੀਵਿਧੀਆਂ ਵਿਚੋਂ ਜਨਮਿਆ ਨਾਟਕਕਾਰ ਹੈ। ਉਹ ਮਾਲਵੇ ਦੀ ਨਿਮਨ-ਕਿਸਾਨੀ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਉਸਨੇ 'ਇਸ਼ਕ ਜਿੰਨ੍ਹਾਂ ਦੇ ਹੱਡੀਂ ਰਚਿਆ' (1977), 'ਅਰਬਦ ਨਰਬਦ ਧੁੰਧੂਕਾਰਾ' (1978), 'ਬਗਾਨੇ ਬੋਹੜ ਦੀ ਛਾਂ' (1981), 'ਅੰਨ੍ਹੇ ਨਿਸ਼ਾਨਚੀ' (1983), 'ਸੱਤ ਬਗਾਨੇ', (1983), 'ਗਾਨੀ' (1990) ਆਦਿ ਨਾਟਕਾਂ ਦੀ ਸਿਰਜਣਾ ਕਿਸਾਨੀ ਦੇ ਵਿਸ਼ਿਆਂ ਨੂੰ ਲੈ ਕੇ ਹੀ ਕੀਤੀ।

ਪਹਿਲਾ ਅਧਿਆਇ 'ਸਿਧਾਂਤਕ ਪਿੱਠ ਭੂਮੀ ' ਖੋਜ-ਕਾਰਜ ਨਾਲ ਸੰਬੰਧਤ ਹਰੇਕ ਕਿਸਮ ਦੇ ਸਿਧਾਂਤ ਦੀ ਚਰਚਾ ਕਰਦਾ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਸਮੱਸਿਆ ਕਥਨ ਦੀ ਚਰਚਾ ਕੀਤੀ ਗਈ ਹੈ ਅਤੇ ਉਸ ਉਪਰੰਤ ਔਲਖ ਨਾਲ ਸੰਬੰਧਿਤ ਪੂਰਵ ਪ੍ਰਾਪਤ ਖੋਜ-ਕਾਰਜ ਦਾ ਮੁਲਾਂਕਣ ਕੀਤਾ ਗਿਆ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਹੱਥਲਾ ਖੋਜ-ਕਾਰਜ ਪਹਿਲਾਂ ਹੋਏ ਖੋਜ-ਕਾਰਜਾਂ ਤੋਂ ਨਿਵੇਕਲਾ ਹੈ, ਕਿਉਂਕਿ ਔਲਖ ਦੇ ਨਾਟਕਾਂ ਵਿਚ ਵਿਆਪਕ ਜਮਾਤੀ-ਚੇਤਨਾ ਨਾਲ ਸੰਬੰਧਿਤ ਪਹਿਲਾਂ ਕੋਈ ਵੀ ਖੋਜ-ਕਾਰਜ ਨਹੀਂ ਹੋਇਆ, ਇਸ ਲਈ ਇਹ ਖੋਜ-ਕਾਰਜ ਨਿਵੇਕਲਾ ਹੋਣ ਕਾਰਨ ਆਪਣੇ ਆਪ ਵਿਚ ਮੌਲਿਕਤਾ ਭਰਪੂਰ ਹੈ।

- ਇਸ ਅਧਿਆਇ ਵਿਚੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਪੰਜਾਬ ਵਿਚ ਨਾਟਕ ਦੀ ਪ੍ਰੰਪਰਾ ਹੜੱਪਾ ਸੱਭਿਅਤਾ ਤੋਂ ਮੰਨੀ ਜਾਂਦੀ ਹੈ। ਇਹ ਪ੍ਰੰਪਰਾ ਆਰੀਆ ਸਮਾਜ ਤੋਂ ਹੁੰਦੀ ਹੋਈ ਸਮਕਾਲ ਤੱਕ ਪਹੁੰਚੀ ਹੈ। ਪਰ ਸਮਝਣ ਯੋਗ ਤੱਥ ਇਹ ਵੀ ਹੈ ਕਿ ਉਸ ਸਮੇਂ ਰਚੇ ਨਾਟਕਾਂ ਦੀ ਭਾਸ਼ਾ ਪੰਜਾਬੀ ਨਾ ਹੋਣ ਕਾਰਨ ਉਨ੍ਹਾਂ ਨੂੰ ਪੰਜਾਬੀ ਨਾਟਕ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ।
- ਭਾਰਤੀ/ਪੰਜਾਬੀ ਨਾਟਕ ਦੇ ਅਗਲੇ ਪੜਾਅ ਵਿੱਚ ਮੱਧ ਕਾਲੀਨ ਪੰਜਾਬ ਦੀ ਲੋਕ-ਨਾਟ ਪਰੰਪਰਾ ਦੀ ਵਿਸ਼ੇਸ਼ ਮਹੱਤਤਾ ਹੈ। ਇਨ੍ਹਾਂ ਵਿਚ ਨੌਟੰਕੀ, ਸਵਾਂਗ, ਨਕਲਾਂ, ਰਾਸ-ਲੀਲ੍ਹਾ, ਰਾਮ - ਲੀਲ੍ਹਾ ਆਦਿ ਸ਼ਾਮਲ ਸਨ ਪਰ ਇਹ ਲੋਕ-ਨਾਟਕ ਕਿਸੇ ਨਿਸ਼ਚਿਤ ਸਰੂਪ ਨੂੰ ਗ੍ਰਹਿਣ ਕਰਨ ਤੋਂ ਅਸਮਰਥ ਸਨ।

- ਆਧੁਨਿਕ ਕਿਸਮ ਦੇ ਨਾਟਕਾਂ ਦੀ ਉਤਪੱਤੀ ਅੰਗਰੇਜ਼ੀ ਸ਼ਾਸਨ ਦੇ ਆਉਣ ਨਾਲ ਹੋਈ, ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਨਾਟਕੀ ਢੰਗ ਅਤੇ ਵਿਸ਼ੇ ਵਿਚ ਤਬਦੀਲੀ ਆਉਣੀ ਸੁਭਾਵਿਕ ਸੀ ਸਿੱਟੇ ਵਜੋਂ ਨਵੀਂ ਕਿਸਮ ਦੇ ਨਾਟਕਾਂ ਦੀ ਉਤਪੱਤੀ ਹੋਈ ਅਤੇ ਇਸੇ ਸੰਦਰਭ ਵਿਚ ਨਾਟਕ ਨੂੰ ਆਧੁਨਿਕ ਨਾਟਕ ਕਿਹਾ ਗਿਆ। ਇਸ ਸਮੇਂ ਦੌਰਾਨ ਅਨੁਵਾਦ ਦੀ ਪ੍ਰੰਪਰਾ ਵਿਸ਼ਾਲ ਰਹੀ ਅਤੇ ਇਸ ਸਮੇਂ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਟਕ (ਐੱਸ. ਐਸ. ਬਚਿੰਤ ਰਚਿਤ ਮਲਕਾ ਅਸਤਰ, ਇਸਾਈ ਮੱਤ ਦੇ ਪ੍ਰਚਾਰ ਲਈ) ਹੋਂਦ ਵਿਚ ਆਇਆ।

- ਇਸ ਉਪਰੰਤ ਬਾਵਾ ਬੁੱਧ ਸਿੰਘ ਦੇ ਨਾਟਕ ਅਤੇ ਨੌਰਾ ਰਿਚਰਡਜ਼ ਦੇ ਪ੍ਰਭਾਵ ਅਧੀਨ ਆਈ. ਸੀ. ਨੰਦਾ ਨੇ ਨਾਟਕਾਂ ਦੀ ਸਿਰਜਣਾ ਕੀਤੀ। ਪੰਜਾਬੀ ਨਾਟ ਪਰੰਪਰਾ ਨੂੰ ਚਾਰ ਪੀੜ੍ਹੀਆਂ ਵਿਚ ਵੰਡਣ ਉਪਰੰਤ ਇਹ ਤੱਥ ਸਾਹਮਣੇ ਆਇਆ ਕਿ ਵਿਚਾਰਾਧੀਨ ਨਾਟਕਕਾਰ (ਅਜਮੇਰ ਸਿੰਘ ਔਲਖ) ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦਾ ਮਹੱਤਵਪੂਰਨ ਨਾਟਕਕਾਰ ਹੈ।

- ਇਸ ਅਧਿਆਇ ਵਿਚ ਜਮਾਤ ਦੇ ਪ੍ਰੰਪਰਿਕ ਮਾਡਲ ਅਰਥਾਤ ਆਦਿ ਕਾਲ ਵਿਚ ਕਬੀਲਾਈ ਲੋਕਾਂ ਦੀ ਕਿਰਤ (ਸ਼ਿਕਾਰ) ਦੀ ਸਾਂਝੀ/ਬਰਾਬਰ ਵੰਡ ਤੋਂ ਲੈ ਕੇ ਸਮਕਾਲੀ ਯੁੱਗ ਦੀ ਅਸਾਵੀਂ ਵੰਡ ਦੇ ਤਣਾਓ ਦਾ ਇਤਿਹਾਸਕ ਪਿਛੋਕੜ ਉਭਰਦਾ ਹੈ।

- ਇਸ ਅਧਿਆਇ ਵਿਚ ਵਰਗ ਹੋਂਦ ਦੇ ਕਾਰਨਾਂ ਵਿਸ਼ੇਸ਼ਕਰ ਭੂਗੋਲ, ਉਤਪਾਦਨ ਸਾਧਨ, ਮੁੱਠਭੇੜ, ਸਭਿਆਚਾਰ ਨੂੰ ਮੰਨ ਕੇ ਜਮਾਤੀ ਘੋਲ ਨੂੰ ਸਮਾਜਵਾਦੀ, ਪ੍ਰਗਤੀਵਾਦੀ ਅਤੇ ਮਾਰਕਸਵਾਦੀ ਫਲਸਫੇ ਅਧੀਨ ਵਾਚਿਆ ਗਿਆ ਹੈ ਅਤੇ ਇਹ ਤੱਥ ਸਪੱਸ਼ਟ ਹੋਇਆ ਹੈ ਕਿ ਸਮਾਜ ਵਿਚ ਜਮਾਤ ਦੀ ਹੋਂਦ ਪਿੱਛੇ ਅਨੇਕਾਂ ਕਾਰਨ ਕਾਰਜਸ਼ੀਲ ਰਹਿੰਦੇ ਹਨ। ਇਨ੍ਹਾਂ ਕਾਰਨਾਂ ਦੇ ਪ੍ਰਭਾਵਾਂ ਅਧੀਨ ਹੀ ਵਿਭਿੰਨ ਜਮਾਤਾਂ ਦੇ ਤਣਾਓਪੂਰਵਕ ਸੰਬੰਧ ਹੋਂਦ ਵਿਚ ਆਉਂਦੇ ਹਨ।

ਇਸ ਅਧਿਆਇ ਵਿਚ ਹੀ ਪੰਜਾਬੀ ਨਾਟਕ ਦੀ ਪੀੜ੍ਹੀ ਵਾਰ ਇਤਿਹਾਸਕਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਉਪਭਾਗ ਵਿਚ ਸਿਰਫ਼ ਪਹਿਲਾਂ ਹੋਏ ਨਾਟਕਕਾਰਾਂ ਦਾ ਵੇਰਵਾ ਹੀ ਨਹੀਂ ਬਲਕਿ ਨਾਟਕ ਦੇ ਇਤਿਹਾਸ ਵਿਚ ਔਲਖ (ਖੋਜ-ਕਾਰਜ ਦਾ ਕੇਂਦਰ) ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ। ਇਸ ਉਪਰੰਤ ਔਲਖ ਦੀ ਵਿਲੱਖਣ ਮਹੱਤਤਾ ਨੂੰ ਸਮਝਦੇ ਹੋਏ, ਉਸਦੇ ਜੀਵਨ-ਕਾਲ, ਨਾਟ-ਸਿਰਜਣਾ ਅਤੇ ਮਾਨ-ਸਨਮਾਨ ਦੀ ਚਰਚਾ ਕੀਤੀ ਗਈ ਹੈ। ਹੱਥਲੇ ਅਧਿਆਇ ਵਿਚ ਜਮਾਤੀ-ਚੇਤਨਾ

ਨੂੰ ਦੋ ਭਾਗਾਂ (ਜਮਾਤ ਅਤੇ ਚੇਤਨਾ) ਵਿਚ ਵੰਡ ਕੇ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਜਮਾਤ ਇਕ ਕਲਾਸ ਜਾਂ ਵਰਗ ਹੈ, ਜਿਸਨੂੰ ਭੌਤਿਕ ਅਤੇ ਬੌਧਿਕ ਪੱਧਰ 'ਤੇ ਵਿਭਾਜਿਤ ਕੀਤਾ ਜਾਂਦਾ ਹੈ। ਇਨ੍ਹਾਂ ਜਮਾਤਾਂ ਵਿਚ ਵੱਖਰਤਾ ਅਤੇ ਵਿਲੱਖਣਤਾ ਹੋਣ ਕਾਰਨ ਆਪਸੀ ਤਣਾਓ ਬਣਿਆ ਰਹਿੰਦਾ ਹੈ। ਜਮਾਤ ਸੰਬੰਧੀ ਚਰਚਾ ਕਰਨ ਵਾਲੇ ਚਿੰਤਕਾਂ ਵਿਚ ਕਾਰਲ ਮਾਰਕਸ ਨੇ ਪਹਿਲ ਕੀਤੀ ਅਤੇ ਜਮਾਤ ਨੂੰ (ਉੱਚ, ਮੱਧ ਅਤੇ ਨਿਮਨ) ਭਾਗਾਂ ਵਿਚ ਵੰਡਿਆ। ਇਸ ਤਰ੍ਹਾਂ ਹੀ ਚੇਤਨਾ ਦਾ ਸੰਬੰਧ ਅੰਤਰਮਨ ਨਾਲ ਜਦੋਂ ਇਨ੍ਹਾਂ ਜਮਾਤਾਂ ਵਿਚ ਆਪਣੇ ਅਸਲੇ ਅਤੇ ਵੱਖਰੇ ਹੋਣ ਸੰਬੰਧੀ ਜਾਗਰੂਕਤਾ ਪੈਦਾ ਹੁੰਦੀ ਹੈ ਤਾਂ ਉਸਨੂੰ ਚੇਤੰਨ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਜਦੋਂ ਵਿਭਿੰਨ ਜਮਾਤਾਂ ਆਪਣੇ ਅਧਿਕਾਰਾਂ ਅਤੇ ਹੱਕਾਂ ਪ੍ਰਤੀ ਸੁਚੇਤ ਹੋਣ ਤਾਂ ਉਸਨੂੰ ਜਮਾਤੀ-ਚੇਤਨਾ ਕਿਹਾ ਜਾਂਦਾ ਹੈ। ਇਸ ਵਿਚ ਸੰਘਰਸ਼, ਤਣਾਓ ਦੀ ਸਥਿਤੀ ਬਣੀ ਰਹਿੰਦੀ ਹੈ।

ਦੂਜੇ ਅਧਿਆਇ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਆਰਥਿਕ ਪਰਿਪੇਖ' ਵਿਚ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ ਦੇ ਆਰਥਿਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਔਲਖ ਨੇ ਪੇਂਡੂ ਲੋਕਾਂ ਦੀ ਆਰਥਿਕਤਾ ਨੂੰ ਨਾਟਕੀ ਸ਼ੈਲੀ ਵਿਚ ਪੇਸ਼ ਕੀਤਾ ਹੈ। ਇਸ ਅਧਿਆਇ ਨੂੰ ਅੱਗੋਂ ਉਪਭਾਗਾਂ ਵਿਚ ਵੰਡਿਆ ਗਿਆ ਹੈ।

- ਇਸ ਅਧਿਆਇ ਵਿਚ ਔਲਖ ਦੇ ਨਾਟਕਾਂ ਵਿਚ ਵਿਆਪਕ ਮਲਵਈ ਜਨ ਜੀਵਨ ਦੇ ਆਰਥਿਕ ਆਧਾਰਾਂ ਨੂੰ ਸਮਝਿਆ ਗਿਆ ਹੈ। ਉਸਦੇ ਨਾਟਕਾਂ ਵਿਚ ਜੱਟਾਂ ਅਤੇ ਭੂਮੀਹੀਣ ਮਜ਼ਦੂਰਾਂ ਦੇ ਆਪਸੀ ਸੰਬੰਧਾਂ, ਛੋਟੀ ਕਿਸਾਨੀ ਦੀ ਆਰਥਿਕ ਦਸ਼ਾ ਵਿਚੋਂ ਪੈਦਾ ਹੋਈਆਂ ਸਮੱਸਿਆਵਾਂ ਤੋਂ ਇਲਾਵਾ ਸ਼ਾਹੂਕਾਰਾਂ ਦੁਆਰਾ ਆਮ ਲੋਕਾਂ ਦੀ ਲੁੱਟ-ਖਸੁੱਟ ਨੂੰ ਪੇਸ਼ ਕੀਤਾ ਗਿਆ ਹੈ।

- ਔਲਖ ਦੇ ਨਾਟਕਾਂ ਵਿਚ ਕਿਸਾਨਾਂ, ਮਜ਼ਦੂਰਾਂ ਦੀ ਜਮਾਤ ਨੂੰ ਉਨ੍ਹਾਂ ਦੀ ਮਲਕੀਅਤ ਅਤੇ ਖੇਤੀਬਾੜੀ ਦੇ ਧੰਦਿਆਂ ਅਨੁਸਾਰ ਵੰਡਿਆ ਗਿਆ ਹੈ। ਉਸਦੇ ਨਾਟਕਾਂ ਵਿਚ ਪਹਿਲਾ ਵਰਗ ਵਿਸ਼ਾਲ ਮਲਕੀਅਤ ਨਾਲ ਸੰਬੰਧਤ ਹੈ, ਜੋ ਆਪ ਖੇਤੀਬਾੜੀ ਨਹੀਂ ਕਰਦਾ ਬਲਕਿ ਉਨ੍ਹਾਂ ਦੀ ਜ਼ਮੀਨ ਉਪਰ ਮਜ਼ਦੂਰ ਜਮਾਤ ਕੰਮ ਕਰਦੀ ਹੈ। ਦੂਜਾ ਵਰਗ ਥੋੜੀ ਜ਼ਮੀਨ ਹੋਣ ਕਰਕੇ ਹਿੱਸੇ ਠੇਕੇ 'ਤੇ ਵਾਹੀ ਕਰਦਾ ਹੈ, ਇਹ ਵਰਗ ਇਕੋ ਵੇਲੇ ਮਾਲਕ ਅਤੇ ਮੁਜਾਰੇ ਦੀ ਭੂਮਿਕਾ ਨਿਭਾਉਂਦਾ ਹੈ। ਤੀਜਾ ਵਰਗ ਘੱਟ ਜ਼ਮੀਨ ਹੋਣ ਕਾਰਨ ਰੋਟੀ ਦੀ ਲੋੜ ਵਜੋਂ ਖੇਤੀ ਕਰਦਾ ਹੈ ਅਤੇ ਚੌਥਾ ਵਰਗ ਬੇ-ਜ਼ਮੀਨੇ ਕਿਸਾਨਾਂ ਦਾ ਹੈ, ਜੋ ਮਜਦੂਰੀ ਨਾਲ ਸੰਬੰਧਿਤ ਹੈ।

- ਔਲਖ ਦੇ ਨਾਟਕਾਂ ਵਿਚ ਵਿਆਪਕ ਆਰਥਿਕ ਆਧਾਰ ਨਿਰੋਲ ਪ੍ਰਾਥਮਿਕ ਪੱਧਰ ਦੇ ਨਹੀਂ ਹਨ ਬਲਕਿ ਉਸਦੇ ਪਾਤਰ ਬਦਲਦੇ ਸਮਾਜ ਸਭਿਆਚਾਰ ਕਾਰਨ ਕਿੱਤਿਆਂ ਨੂੰ ਵੀ ਬਦਲਵੇਂ ਰੂਪ ਵਿਚ ਅਪਣਾਉਂਦੇ ਹਨ, ਸਿੱਟੇ ਵਜੋਂ ਪ੍ਰਾਥਮਿਕ ਸੈਕਟਰ/ਖੇਤੀਬਾੜੀ ਨਾਲ ਸੰਬੰਧਿਤ ਲੋਕ ਦੂਜੇ ਸੈਕਟਰ ਭਾਵ ਫੈਕਟਰੀਆਂ, ਕਾਰਖਾਨਿਆਂ ਵਿਚ ਵੀ ਕੰਮ ਕਰਦੇ ਹਨ। ਇਸ ਤਰ੍ਹਾਂ ਉਸਦੇ ਨਾਟਕਾਂ ਵਿਚ ਵਿਆਪਕ ਕੰਮਾਂ ਧੰਦਿਆਂ ਵਿਚ ਆਏ ਪਰਿਵਰਤਨ ਕਾਰਨ ਸਮਾਜ ਸਭਿਆਚਾਰ ਵਿਚ ਪੈਦਾ ਹੋਏ ਬਦਲਾਓ ਨੂੰ ਸਮਝਿਆ ਜਾ ਸਕਦਾ ਹੈ।
- ਔਲਖ ਕਿਸਾਨੀ ਸੰਕਟ ਦਾ ਹੱਲ ਆਤਮ ਹੱਤਿਆ ਦਾ ਰਾਹ ਦੱਸਦਾ ਹੈ, ਉਸਦੇ ਨਾਟਕਾਂ ਵਿਚ ਕਿਸਾਨ ਕਰਜ਼ੇ ਦੀ ਮਾਰ ਨਾ ਝੱਲਦੇ ਹੋਏ ਸਲਫਾਸ ਖਾ ਕੇ ਜਾਂ ਫਾਹਾ ਲਾ ਕੇ ਮਰਦੇ ਹਨ। ਪਰ ਉਨ੍ਹਾਂ ਨੂੰ ਸੰਘਰਸ਼ ਦੇ ਰਾਹ ਤੋਰਨ ਲਈ ਵੀ ਔਲਖ ਦੇ ਨਾਟਕ ਪ੍ਰਤੀਬੱਧ ਹੁੰਦੇ ਹਨ।

ਇਸ ਤਰ੍ਹਾਂ ਇਹ ਅਧਿਆਇ ਜਮਾਤੀ-ਚੇਤਨਾ ਦੇ ਆਰਥਿਕ ਪੱਖ ਨੂੰ ਉਜਾਗਰ ਕਰਦਾ ਹੈ। ਜਿਸ ਵਿਚ ਸ਼ੋਸ਼ਤ ਅਤੇ ਸ਼ੋਸ਼ਕ ਵਰਗ ਆਪਸੀ ਤਣਾਓ ਵਿਚ ਰਹਿੰਦੇ ਹਨ।

ਅਧਿਆਇ ਤੀਜਾ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਰਾਜਨੀਤਕ ਪਰਿਪੇਖ' ਹੈ। ਇਸ ਅਧਿਆਇ ਵਿਚ ਔਲਖ ਦੇ ਉਨ੍ਹਾਂ ਨਾਟਕਾਂ ਦਾ ਮੁਲਾਂਕਣ ਕੀਤਾ ਗਿਆ ਹੈ, ਜਿਸ ਵਿਚ ਰਾਜਸੀ ਪਾਰਟੀਆਂ ਅਤੇ ਸੱਤਾ ਧਿਰ ਤੋਂ ਇਲਾਵਾ ਪੇਂਡੂ ਸਮਾਜ ਵਿਚ ਪੰਚਾਇਤੀ ਰਾਜ ਆਦਿ ਸੰਸਥਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਨੂੰ ਅੱਗੋਂ ਉਪਭਾਗਾਂ ਵਿਚ ਵੰਡਿਆ ਗਿਆ ਹੈ।

- ਅਜਮੇਰ ਸਿੰਘ ਔਲਖ ਦੀ ਇਹ ਵਿਲੱਖਣਤਾ ਹੈ ਕਿ ਉਸਨੇ ਰਾਜਸੀ ਪ੍ਰਸਥਿਤੀਆਂ ਨੂੰ ਬਾਖ਼ੂਬੀ ਚਿਤਰਿਆ ਹੈ। ਇਸ ਪ੍ਰਕਾਰ ਦੇ ਚਿਤਰਨ ਵਿਚ ਉਸਨੇ ਉਸੇ ਹੀ ਵਰਗ ਦੇ ਪਾਤਰਾਂ ਅਤੇ ਘਟਨਾਵਾਂ ਦਾ ਵਿਸ਼ਲੇਸ਼ਣ ਇਸ ਤਰੀਕੇ ਨਾਲ ਕੀਤਾ ਹੈ ਕਿ ਉਨ੍ਹਾਂ ਪਾਤਰਾਂ ਦਾ ਇਕ-ਇਕ ਵਾਰਤਾਲਾਪ ਵਰਤਮਾਨ ਸਮੇਂ ਦੀਆਂ ਰਾਜਨੀਤਕ ਅਵਸਥਾਵਾਂ ਅਤੇ ਪੇਚੀਦਗੀਆਂ ਦਾ ਯਥਾਰਥ ਪ੍ਰਸਤੁਤ ਕਰਦਾ ਹੈ।
- ਨਾਟਕਕਾਰ ਦੀ ਪ੍ਰਤੀਬੱਧਤਾ ਨਿਮਨ ਵਰਗ ਨਾਲ ਹੈ। ਉਹ ਕਾਬਜ਼ ਜਮਾਤ ਦੇ ਇਨ੍ਹਾਂ ਪ੍ਰਤੀਨਿਧਾਂ 'ਤੇ ਵਿਅੰਗ ਕਰਦਾ ਹੈ। ਇਸ ਵਿਚ ਲੇਖਕ ਨੇ ਬੁਰਜੂਆ ਜੁਡੀਸ਼ਰੀ, ਬੁਰਜੂਆ ਐਗਜੈਕਟਿਵ, ਬੁਰਜੂਆ ਡੈਮੋਕ੍ਰੇਸੀ ਅਤੇ

ਬੁਰਜੂਆ ਸਭਿਆਚਾਰ ਵੱਲੋਂ ਸਮਾਜ ਦੀ ਕੀਤੀ ਜਾਂਦੀ ਲੁੱਟ ਨੂੰ ਪੇਸ਼ ਕੀਤਾ ਹੈ। ਨਾਟਕ ਦਾ ਸਾਰਾ ਤਾਣਾ ਪੇਟਾ ਮੌਜੂਦਾ/ ਸਥਾਪਤ/ ਸਿਆਸੀ ਸਦਾਚਾਰਕ ਕੀਮਤਾਂ ਵਿਚ ਆਏ ਨਿਘਾਰ ਨੂੰ ਪੇਸ਼ ਕਰਦਾ ਹੈ। ਕਾਬਜ਼ ਜਮਾਤ ਨੇ ਕਿਸ ਤਰ੍ਹਾਂ ਨਿਆਂਪਾਲਿਕਾ ਤੇ ਸਮੁੱਚੀ ਰਾਜਨੀਤਕ ਅਵਸਥਾ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ, ਇਸ ਨਾਟਕ ਵਿਚ ਭਲੀ ਭਾਂਤ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਨੇ ਸੁਚੇਤ ਪੱਧਰ ’ਤੇ ਇਨਕਲਾਬੀ ਵਰਗ ਚੇਤਨਾ ਨੂੰ ਇਸ ਨਾਟਕ ਵਿਚ ਸਮੋਣ ਦੀ ਕੋਸ਼ਿਸ਼ ਕੀਤੀ ਹੈ।

- ਪਿੰਡਾਂ ਦੀ ਸਾਰੀ ਰਾਜਸੀ ਸ਼ਕਤੀ ਪੰਚਾਇਤਾਂ ਕੋਲ ਅਤੇ ਪੰਚਾਇਤਾਂ/ ਰਾਜ ਸੱਤਾ ਪੂੰਜੀਵਾਦੀ ਧਿਰ ਦੇ ਅਧੀਨ ਹੁੰਦੀਆਂ ਹਨ। ਔਲਖ ਦੇ ਨਾਟਕਾਂ ਵਿਚੋਂ ਪਤਾ ਚਲਦਾ ਹੈ ਕਿ ਅਜੋਕਾ ਮਨੁੱਖੀ ਸਮਾਜ ਸਿੱਧੇ ਤੌਰ ’ਤੇ ਰਾਜਨੀਤੀ ਤੋਂ ਪ੍ਰਭਾਵਿਤ ਹੈ ਕਿਉਂਕਿ ਸਮਾਜਿਕ ਸੰਗਠਨ ਇਸ ਪ੍ਰਕਾਰ ਦਾ ਹੈ ਕਿ ਸਮਾਜ ਵਿਚਲੇ ਨਿਮਨ ਤਬਕੇ ਆਪਣੇ ਤੋਂ ਉਪਰਲੀ ਜਮਾਤ ਨਾਲ ਆਪਣੇ ਹਿੱਤਾਂ ਕਾਰਨ ਹੀ ਜੁੜੇ ਹੋਏ ਹਨ।

ਇਸ ਤਰ੍ਹਾਂ ਇਸ ਅਧਿਆਇ ਵਿਚ ਜਨ-ਸਧਾਰਨ ਅਤੇ ਸੱਤਾ ਧਿਰ, ਨੇਤਾ ਆਦਿ ਦੋ ਜਮਾਤਾਂ ਵਜੋਂ ਪੇਸ਼ ਆਉਂਦੇ ਹਨ। ਦੋਵੇਂ ਜਮਾਤਾਂ ਵਿਚ ਵਿਆਪਕ ਤਣਾਓ ਹੀ ਔਲਖ ਦੇ ਨਾਟਕਾਂ ਦੀ ਵਿਸ਼ਾ ਸਮੱਗਰੀ ਬਣਦੀ ਹੈ।

ਅਧਿਆਇ ਚੌਥਾ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ:ਸਮਾਜ- ਸਭਿਆਚਾਰਕ ਪਰਿਪੇਖ' ਵਿਚ ਔਲਖ ਦੇ ਉਨ੍ਹਾਂ ਨਾਟਕਾਂ ਦੀ ਚਰਚਾ ਕੀਤੀ ਗਈ ਜਿਸ ਵਿਚ ਸਮਾਜ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਦੀ ਚਰਚਾ ਕੀਤੀ ਗਈ ਹੈ। ਇਸ ਅਧਿਆਇ ਨੂੰ ਅੱਗੋਂ ਉਪਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ:-

- ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿਚ ਜੂਨ ਭੋਗ ਰਹੇ ਕਿਸਾਨੀ ਸਮਾਜ ਦਾ ਚਿਤਰ ਯਥਾਰਥਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਪੇਂਡੂ ਕਿਸਾਨੀ ਸਮਾਜ ਸਦੀਆਂ ਤੋਂ ਆਪਣੀਆਂ ਤੰਗੀਆਂ, ਤੁਰਸ਼ੀਆਂ, ਮਜ਼ਬੂਰੀਆਂ ਅਤੇ ਥੁੜਾਂ ਦੇ ਵਿਚਕਾਰ ਪਿਸਦਾ ਆ ਰਿਹਾ ਹੈ। ਨਾਟਕਕਾਰ ਨਿਮਨ-ਕਿਸਾਨੀ ਦੇ ਆਰਥਿਕ, ਸੰਤਾਪ ਨੂੰ ਹੀ ਅਧਾਰ ਨਹੀਂ ਬਣਾਉਂਦਾ, ਸਗੋਂ ਇਸ ਦੁਖਾਂਤ ਦੇ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਵੀ ਉਸਦੀ ਆਰਥਿਕ ਸਥਿਤੀ ’ਤੇ ਅਧਾਰਿਤ ਪੇਸ਼ ਕਰਦਾ ਹੈ। ਅਜੋਕਾ ਸਮਾਜ, ਜਿਹੜਾ ਸਵਾਰਥ ਅਤੇ ਪਦਾਰਥਾਂ ਦੁਆਲੇ ਉਸਰਿਆ ਹੋਇਆ ਹੈ।

- ਭਾਰਤੀ ਸਮਾਜ ਵਿਚ ਅੱਜ ਵੀ ਮਰਦ-ਪ੍ਰਧਾਨ ਸਮਾਜ ਹੀ ਹੈ, ਔਰਤ ਭਾਵੇਂ ਪੜ੍ਹ-ਲਿਖ ਕੇ ਨੌਕਰੀ ਲੱਗ ਕੇ ਮਰਦ ਦੇ ਬਰਾਬਰ ਕਮਾਉਣ ਜੋਗੀ ਹੋਈ ਹੈ, ਪਰ ਸਮਾਜ ਉਸਨੂੰ ਅਜੇ ਵੀ ਬਰਾਬਰੀ ਦਾ ਹੱਕ ਨਹੀਂ ਦਿੰਦਾ, ਪੇਂਡੂ ਸਮਾਜ ਵਿਚ ਸਥਿਤੀ ਹੋਰ ਵੀ ਤਣਾਅਪੂਰਨ ਹੈ। ਪਰਿਵਾਰ ਵਿਚ ਪ੍ਰਭੂਤਾ ਤਾਂ ਹਮੇਸ਼ਾ ਮਰਦਾਂ ਦੀ ਹੀ ਰਹੀ ਹੈ। ਪਹਿਲਾਂ ਉਹ ਪਿਤਾ ਫਿਰ ਪਤੀ ਅਤੇ ਬੁਢਾਪੇ ਵਿਚ ਉਹ ਪੁੱਤਰ ਅਧੀਨ ਰਹਿੰਦੀ ਹੈ। ਉਹ ਮਰਦ ਜਾਂ ਘਰ ਦੇ ਮੁਖੀ ਨਾਲ ਸਲਾਹ ਮਸ਼ਵਰਾ ਤਾਂ ਕਰਦੀ ਹੈ ਪ੍ਰੰਤੂ ਉਸਦੇ ਫੈਸਲਿਆਂ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦੀ। ਇਸ ਸਮੁੱਚੇ ਵਰਤਾਰੇ ਨੂੰ ਵੱਖ-ਵੱਖ ਨਾਟਕਾਂ ਵਿਚ ਪ੍ਰਸਤੁਤ ਕੀਤਾ ਹੈ। ਅਸਲ ਵਿਚ ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਕੇਂਦਰੀ ਵਿਸ਼ਾ ਜਰ ਅਤੇ ਜੋਰੂ ਨਾਲ ਜੁੜਿਆ ਹੋਇਆ ਆਰਥਿਕ ਸੰਕਟ ਹੈ। ਮਾੜੀਆਂ ਆਰਥਿਕ ਸਥਿਤੀਆਂ ਨਾਲ ਦੋ ਚਾਰ ਹੁੰਦੀ ਹੋਈ ਔਰਤ ਦੂਹਰਾ ਸੰਤਾਪ ਭੋਗਦੀ ਹੈ।
- ਅਜਮੇਰ ਸਿੰਘ ਔਲਖ ਨੇ ਸਰਮਾਏਦਾਰ ਜਮਾਤ ਅਤੇ ਕਿਰਤੀ ਜਮਾਤ ਦੇ ਆਪਸੀ ਸੰਬੰਧਾਂ ਅਤੇ ਵਿਰੋਧਾਂ ਨੂੰ ਉਹਨਾਂ ਦੇ ਆਰਥਿਕ, ਸਭਿਆਚਾਰਕ, ਸਮਾਜਿਕ ਸੰਬੰਧਾਂ ਤਹਿਤ ਪਹਿਚਾਣ ਕੇ ਉਜਾਗਰ ਕੀਤਾ ਗਿਆ ਹੈ। ਅਜਮੇਰ ਸਿੰਘ ਔਲਖ ਨੇ ਕੇਵਲ ਛੋਟੇ ਖੇਤੀ ਵਾਲੇ ਪਰਿਵਾਰ ਦੀ ਹੀ ਅਜਿਹੀ ਸਮਾਜਿਕ-ਸਭਿਆਚਾਰਕ ਅਤੇ ਆਰਥਿਕ ਅਵਸਥਾ ਦਾ ਯਥਾਰਥ-ਚਿਤਰਣ ਨਹੀਂ ਕੀਤਾ ਸਗੋਂ ਕਾਮਾ-ਸ਼੍ਰੇਣੀ ਦੇ ਪ੍ਰਤੀਨਿੱਧ ਪਾਤਰ ਲੈ ਕੇ, ਇਸ ਸ਼੍ਰੇਣੀ ਦੀ ਵੀ ਅਜਿਹੀ ਹੀ ਤਸਵੀਰ ਪੇਸ਼ ਕੀਤੀ ਹੈ।

ਇਸ ਪ੍ਰਕਾਰ ਇਸ ਅਧਿਆਇ ਵਿਚ ਔਲਖ ਦੁਆਰਾ ਪੇਸ਼ ਨਿਮਨ-ਕਿਸਾਨੀ, ਔਰਤ ਅਤੇ ਦਲਿਤ ਵਰਗ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਹੈ। ਉਸਦੇ ਨਾਟਕਾਂ ਵਿਚ ਵਿਆਪਕ ਸਮਾਜ-ਸਭਿਆਚਾਰਕ ਸੰਸਥਾਵਾਂ ਜਿਵੇਂ -ਜਾਤੀਵਾਦ, ਵਰਗ ਆਧਾਰਿਤ ਵੰਡ, ਰਿਸ਼ਤਾ-ਨਾਤਾ ਪ੍ਰਬੰਧ, ਵਿਆਹ ਪ੍ਰਣਾਲੀ ਆਦਿ ਨੂੰ ਵਿਚਾਰਿਆ ਗਿਆ ਹੈ।

ਅਧਿਆਇ ਪੰਜਵਾਂ 'ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲੀ ਜਮਾਤੀ-ਚੇਤਨਾ: ਧਾਰਮਿਕ ਪਰਿਪੇਖ' ਵਿਚ ਧਰਮ ਦੀ ਸਮਾਜਿਕ ਜੀਵਨ ਵਿਚ ਮਹੱਤਤਾ ਨੂੰ ਪੇਸ਼ ਕੀਤਾ ਹੈ। ਔਲਖ ਨੇ ਅਨੇਕਾਂ ਨਾਟਕਾਂ ਦੀ ਸਿਰਜਣਾ ਧਾਰਮਿਕ ਸੰਸਥਾਵਾਂ ਦੇ ਇਰਦ-ਗਿਰਦ ਕੀਤੀ ਹੈ, ਉਸਦੇ ਨਾਟਕਾਂ ਵਿਚ ਵਿਆਪਕ ਧਰਮ ਦੇ ਸਰੂਪ ਨੂੰ ਆਧਾਰ ਬਣਾ ਕੇ ਇਸ ਅਧਿਆਇ ਨੂੰ ਨਿਮਨ ਭਾਗਾਂ ਵਿਚ ਵੰਡਿਆ ਗਿਆ ਹੈ:-

- ਔਲਖ ਦੇ ਨਾਟਕਾਂ ਵਿਚ ਧਰਮ ਦਾ ਇਕ ਰੂਪ ਵਹਿਮ-ਭਰਮ, ਜਾਦੂ-ਟੂਣੇ ਦੇ ਸੰਦਰਭ ਵਿਚ ਨਾਟਕੀ ਰੂਪ ਧਾਰਦਾ ਹੈ। ਵਾਸਤਵ ਵਿਚ ਪੇਂਡੂ ਸਮਾਜ ਵਿਚ ਅਨੇਕਾਂ ਕਾਰਜਾਂ ਦੀ ਸਿੱਧੀ ਵਿਭਿੰਨ ਕਿਸਮ ਦੇ ਟੂਣੇ-ਟਾਮਣਾਂ ਅਤੇ ਵਹਿਮਾਂ-ਭਰਮਾਂ ਤੋਂ ਕੀਤੀ ਜਾਂਦੀ ਹੈ, ਅਜਿਹੀ ਆਸ਼ਾ ਲੋਕ ਚਿਕਿਤਸਿਕ ਨਾਲ ਜੁੜਦੀ ਹੈ, ਜਿਸ ਵਿਚੋਂ ਧਾਰਮਿਕ ਵਿਸ਼ਵਾਸਾਂ ਦੇ ਮਾਧਿਅਮ ਰੋਗ ਮੁਕਤੀ ਦਾ ਰਾਹ ਲੱਭਿਆ ਜਾਂਦਾ ਹੈ।
- ਔਲਖ ਦੇ ਨਾਟਕਾਂ ਦਾ ਇਕ ਪਸਾਰ ਸਿੱਖ ਧਰਮ ਦੀਆਂ ਇਤਿਹਾਸਕ ਗਤੀਵਿਧੀਆਂ ਤੋਂ ਸੇਧ ਲੈਣ ਦੀ ਹੈ। ਉਸਦੀ ਇਕਾਂਗੀ 'ਐਸੇ ਰਚਿਉ ਖਾਲਸਾ'(ਮੇਰੇ ਸਾਰੇ ਇਕਾਂਗੀ) ਇਸ ਪ੍ਰਸੰਗ ਵਿਚ ਮਹੱਤਵਪੂਰਨ ਰਚਨਾ ਹੈ।
- ਉਸਦੇ ਨਾਟਕਾਂ ਵਿਚ ਧਰਮ ਦੇ ਸਦਾਚਾਰਕ ਸਰੂਪ ਤੋਂ ਇਲਾਵਾ, ਧਰਮ ਦੇ ਸੰਪਰਦਾਇ ਰੂਪ ਨੂੰ ਸਫਲਤਾ-ਪੂਰਵਕ ਚਿਤਰਿਆ ਹੈ। ਇਸ ਤੋਂ ਇਲਾਵਾ ਉਸਨੇ ਧਰਮ ਵਿਚਲੇ ਵਿਸ਼ਵਾਸਾਂ ਅਤੇ ਟੂਣੇ-ਟਾਮਣਾਂ ਨੂੰ ਵੀ ਨਾਟਕਾਂ ਵਿਚ ਪੇਂਡੂ ਲੋਕਧਾਰਾਈ ਸੰਵੇਦਨਾ ਵਜੋਂ ਪੇਸ਼ ਕੀਤਾ ਹੈ। ਔਲਖ ਆਪ ਮਾਨਵਵਾਦੀ ਵਿਚਾਰਧਾਰਾ ਦਾ ਲਖਾਇਕ ਅਤੇ ਸਿੱਖ ਧਰਮ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਨਾਟਕਕਾਰ ਹੈ। ਇਸ ਲਈ ਉਸਦੇ ਨਾਟਕਾਂ ਵਿਚ ਸਿੱਖ ਧਰਮ ਨਾਲ ਸੰਬੰਧਿਤ ਵਿਭਿੰਨ ਇਤਿਹਾਸਕ, ਮਿਥਿਹਾਸਕ ਕਹਾਣੀਆਂ ਤੋਂ ਇਲਾਵਾ ਸਿੱਖ ਧਰਮ ਦੀਆਂ ਸਿਖਿਆਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।

ਇਸ ਤਰ੍ਹਾਂ ਔਲਖ ਧਰਮ ਦੇ ਸਦਾਚਾਰਕ ਸਰੂਪ ਨਾਲੋਂ ਕੁਦਾਚਾਰਕ ਸਰੂਪ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕਰਦਾ ਹੈ। ਸਮੁੱਚੇ ਅਧਿਐਨ ਤੋਂ ਸਪੱਸ਼ਟ ਹੈ ਕਿ ਔਲਖ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦਾ ਮਹੱਤਵਪੂਰਨ ਨਾਟਕਕਾਰ ਹੈ। ਜਿਸਨੇ ਨਾਟਕ ਦੇ ਇਤਿਹਾਸ ਵਿਚ ਪੂਰੇ ਨਾਟਕ, ਲਘੂ ਨਾਟਕ ਅਤੇ ਇਕਾਂਗੀ ਦੀ ਸਿਰਜਣਾ ਕਰਕੇ ਮੁੱਲਵਾਨ ਵਾਧਾ ਕੀਤਾ। ਉਸਦੇ ਨਾਟਕਾਂ ਵਿਚ ਨਿਮਨ-ਕਿਸਾਨੀ, ਪੇਂਡੂ ਸਮਾਜ ਅਤੇ ਬੇ-ਜ਼ਮੀਨੇ ਲੋਕਾਂ ਨੂੰ ਜਾਗਰੂਕ ਕਰਨ ਦੀ ਚੇਤਨਾ ਭਰੀ ਹੋਈ ਹੈ। ਉਸਨੇ ਉਕਤ ਵਰਗ ਦੀ ਹਰੇਕ ਸਮੱਸਿਆ ਅਤੇ ਉਸ ਨਾਲ ਸੰਬੰਧਤ ਹਰੇਕ ਸੰਸਥਾ ਨੂੰ ਨਾਟ ਕਥਾ ਦਾ ਹਿੱਸਾ ਬਣਾਇਆ ਹੈ। ਇਸ ਪੱਖ ਤੋਂ ਔਲਖ ਦੀ ਨਾਟਕਕਾਰੀ ਆਪਣੇ-ਆਪ ਵਿਚ ਵਿਲੱਖਣ ਅਤੇ ਵਿਸ਼ੇਸ਼ ਹੈ।

- 'ਤੂੜੀ ਵਾਲਾ ਕੋਠਾ' ਨਾਟਕ ਤੀਵੀਂ ਦੀ ਥੁੜ ਨੂੰ ਮਹਿਸੂਸ ਕਰਦੇ ਉਸ ਨਿਮਨ ਕਿਸਾਨ ਪਰਿਵਾਰ ਦੀਆਂ ਨਾਟਕੀ ਘਟਨਾਵਾਂ 'ਤੇ ਅਧਾਰਿਤ ਹੈ। ਇਸ ਨਾਟਕ ਦੀ ਗੋਂਦ ਗੁੰਝਲਦਾਰ ਹੈ, ਜਿਸ ਵਿਚ ਇਕ ਮੁੱਖ ਗੋਂਦ ਤੀਵੀਂ ਦੀ ਥੁੜ ਨੂੰ

ਦਰਸਾਉਂਦੀ ਹੋਈ ਉਨ੍ਹਾਂ ਪਾਤਰਾਂ ਦੀ ਜ਼ਿੰਦਗੀ 'ਤੇ ਆਧਾਰਿਤ ਹੈ, ਜਿਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਖਾਲੀ ਭਾਂਡਿਆਂ ਵਰਗੀ ਹੋ ਗਈ ਹੈ, ਜੋ ਆਪਸ ਵਿਚ ਖਹਿ-ਖਹਿ ਕੇ ਖੜਕਦੇ ਰਹਿੰਦੇ ਹਨ। ਇਸ ਨਾਟਕ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਸਾਰੀਆਂ ਨਾਟਕੀ ਘਟਨਾਵਾਂ ਵਿਸ਼ੇ ਨੂੰ ਉਭਾਰਨ ਵਿਚ ਸਹਾਈ ਹੁੰਦੀਆਂ ਹਨ। ਨਾਟਕ ਵਿਚਲੇ ਪਾਤਰ 'ਸੰਤੂ' ਤੇ ਉਸਦੀ ਪਤਨੀ 'ਜੈਕੁਰ' ਚਾਰ ਪੁੱਤਰਾਂ ਦੇ ਮਾਂ-ਬਾਪ ਹੋ ਕੇ ਵੀ ਕੋਈ ਸੁੱਖ ਨਹੀਂ ਮਾਣ ਸਕਦੇ ਸਗੋਂ ਭੰਗ ਦੇ ਭਾਣੇ ਹੀ ਪੁੱਤਰਾਂ ਦਾ ਕੁੱਝ ਸੰਵਾਰੇ ਬਿਨਾਂ ਇਸ ਜਹਾਨ ਤੋਂ ਤੁਰ ਜਾਂਦੇ ਹਨ। ਧਰਮ ਸਿੰਘ (ਵੱਡਾ ਮੁੰਡਾ) ਜ਼ਿੰਦਗੀ ਤੋਂ ਹਾਰ ਮੰਨ ਕੇ ਬੈਠ ਜਾਂਦਾ ਹੈ, ਕਰਮਾਂ ਭਾਈਚਾਰੇ ਵਿਚ ਸੀਰੀ ਰਲਦਾ ਹੈ, 'ਪਿੰਦੀ' ਆਪਣੇ ਨਾਲ ਅਤੇ ਘਰ ਨਾਲ ਲੋਕਾਂ ਵੱਲੋਂ ਹੋਈਆਂ ਬੇਵਫ਼ਾਈਆਂ ਦਾ ਟਾਕਰਾ ਕਰਨ ਤੋਂ ਅਸਮਰੱਥ ਹੋ ਕੇ ਨਸ਼ਈ ਹੋ ਜਾਂਦਾ ਹੈ ਅਤੇ ਨਾਹਰੀ ਆਪਣਾ ਹੱਕ ਖੋਹਣ ਲਈ ਆਪਣੇ ਚਾਚੇ ਦਾ ਕਤਲ ਕਰਨ ਕਰਕੇ ਫਾਹੇ ਲੱਗ ਜਾਂਦਾ ਹੈ, ਆਦਿ ਇਸ ਨਾਟਕ ਵਿਚਲੀਆਂ ਅਜਿਹੀਆਂ ਹੀ ਘਟਨਾਵਾਂ ਉਨ੍ਹਾਂ ਦੀ ਜ਼ਿੰਦਗੀ ਦੇ ਖੋਖਲੇ-ਪਨ ਨੂੰ ਪੇਸ਼ ਕਰਦੀਆਂ ਹਨ, ਜਿੰਨ੍ਹਾਂ ਦੀ ਲੜੀਵਾਰ ਪੇਸ਼ਕਾਰੀ ਮੁੱਖ ਗੋਂਦ ਨੂੰ ਗੁੰਦਣ ਵਿਚ ਕਾਫ਼ੀ ਸਫ਼ਲ ਸਿੱਧ ਹੁੰਦੀ ਹੈ।

- ਅਜਮੇਰ ਸਿੰਘ ਔਲਖ ਦੀ ਦੂਹਰੀ ਗੋਂਦ ਵਾਲੇ ਦੋ ਨਾਟਕ 'ਇਕ ਰਮਾਇਣ ਹੋਰ' ਅਤੇ 'ਸੁੱਕੀ ਕੁੱਖ' ਹਨ।'ਇਕ ਰਮਾਇਣ ਹੋਰ' ਨਾਟਕ ਦੀ ਸ਼ੁਰੂਆਤ ਰੌਣੀ ਅਤੇ ਲੱਛੇ ਦੀ ਧਰਮ ਅਤੇ ਸਰਮਾਏਦਾਰੀ ਸਮਾਜ ਵਿਰੋਧੀ ਗੱਲਬਾਤ ਨਾਲ ਹੁੰਦੀ ਹੈ। ਪਹਿਲਾਂ ਤਾਂ ਲੱਛੇ ਦੇ ਮਨ ਵਿਚ ਔਰਤ ਲਿਆ ਕੇ ਆਪਣਾ ਵੱਖਰਾ ਘਰ ਵਸਾਉਣ ਦੀ ਤਾਂਘ ਹੈ। ਪਰ ਅਗਲੀ ਹੀ ਸਥਿਤੀ ਵਿਚ ਨਾਟਕ ਅੰਦਰ ਜਦੋਂ ਸੀਤੋ ਪਾਤਰ ਪ੍ਰਵੇਸ਼ ਕਰਦੀ ਹੈ ਤਾਂ ਸੀਤੋ ਅਤੇ ਲੱਛੇ ਦੇ ਝਗੜੇ ਨਾਲ ਗੁੰਝਲ ਹੋਰ ਵੀ ਪੀਡੀ ਹੋ ਜਾਂਦੀ ਹੈ। ਰਾਮ ਆਪਣੀ ਪਤਨੀ ਸੀਤੋ ਨੂੰ ਕਿਵੇਂ ਨਾ ਕਿਵੇਂ ਲੱਛੇ ਨਾਲ ਸਮਝੋਤਾ ਕਰਨ ਲਈ ਉਕਸਾਉਂਦਾ ਹੈ ਅਤੇ ਦਾਨੀ ਵੱਲੋਂ ਸੀਤੋ ਨੂੰ ਘਰ ਇਕੱਠਾ ਰੱਖਣ ਲਈ ਦਿੱਤੀ ਨਸੀਹਤ ਆਦਿ ਨਾਟਕੀ ਘਟਨਾਵਾਂ ਨਾਟਕ ਦੀ ਗੋਂਦ ਨੂੰ ਉਜਾਗਰ ਕਰਨ ਵਿਚ ਹੋਰ ਸਹਾਈ ਹੁੰਦੀਆਂ ਹਨ। ਇਨ੍ਹਾਂ ਹੀ ਨਸੀਹਤਾਂ ਰਾਹੀਂ ਸੀਤੋ ਆਪਣੇ ਘਰ ਨੂੰ ਦੁਫੇੜ ਹੋਣ ਤੋਂ ਬਚਾ ਲੈਣ ਤੱਕ ਦੀ ਗੋਂਦ ਨੂੰ ਨਾਟਕਕਾਰ ਨੇ ਆਪਣੇ ਵਿਤ ਮੁਤਾਬਿਕ ਸਿਰਜਿਆ ਹੈ।'ਇਕ ਰਮਾਇਣ ਹੋਰ' ਨਾਟਕ ਇਕਦਮ ਸ਼ੁਰੂ ਹੋ ਕੇ ਪਾਣੀ ਦੇ ਵਹਾਅ ਵਾਂਗ ਨਿਰੰਤਰ ਆਪਣੀ ਸਿਖਰ 'ਤੇ ਪਹੁੰਚਦਾ ਹੈ, ਕਿਤੇ ਵੀ ਰਵਾਨਗੀ ਵਿਚ ਢਿੱਲ ਪੈਦਾ ਨਹੀਂ ਹੁੰਦੀ ਅਤੇ ਅੰਤ ਸੁਖਾਂਤ ਵਿਚ ਹੁੰਦਾ ਹੈ। ਗੋਂਦ ਪੱਖੋਂ ਇਹ ਨਾਟਕ ਬਹੁਤ ਹੀ ਸਫ਼ਲ ਮੰਨਿਆ ਗਿਆ ਹੈ।

- 'ਸੁੱਕੀ ਕੁੱਖ' ਨਾਟਕ ਨੂੰ ਨਾਟਕਕਾਰ ਨੇ ਇਕ ਬਾਂਝ ਔਰਤ ਧੰਨੋ ਦੀ ਔਲਾਦ ਪ੍ਰਾਪਤੀ ਲਈ ਤਾਂਘ ਨੂੰ ਨਿੱਕੀਆਂ-ਨਿੱਕੀਆਂ ਨਾਟਕੀ ਘਟਨਾਵਾਂ ਸਿਰਜਕੇ ਬਹੁਤ ਸੋਹਣੀ ਗੋਂਦ ਗੁੰਦੀ ਹੈ। ਨਾਟਕ ਸ਼ੁਰੂ ਹੁੰਦੇ ਹੀ ਨਾਟਕ ਦੀ ਨਾਇਕਾ 'ਧੰਨੋ' ਆਪਣੀ ਗੁਆਂਢਣ ਦਰਾਣੀ ਦੇ ਬੱਚੇ ਨਾਲ ਲਾਡ ਪਿਆਰ ਕਰਦੀ ਹੋਈ ਖੇਡ ਰਹੀ ਹੈ ਅਤੇ ਇਸਦੇ ਨਾਲ ਹੀ ਨਾਟਕ ਵਿਚ ਹੋਰ ਵੀ ਕਈ ਨਿੱਕੀਆਂ-ਨਿੱਕੀਆਂ ਘਟਨਾਵਾਂ ਵਾਪਰਦੀਆਂ ਹਨ, ਜਿਵੇਂ ਧੰਨੋ ਦੇ ਘਰੋਂ ਉਸਦੀ ਇਕ ਹੋਰ ਗੁਆਂਢਣ ਪ੍ਰਚੀ ਦਾ ਆਪਣੇ ਬੱਚੇ ਨੂੰ ਆਉਣੋਂ ਵਰਜਣਾ ਅਤੇ ਧੰਨੋ ਨੂੰ ਮਾੜਾ ਚੰਗਾ ਬੋਲਣਾ, ਉਸਦੀ ਗੁਆਂਢਣ ਦਰਾਣੀ ਨਾਲ ਉਸਦਾ ਹਮਦਰਦੀ ਦਾ ਇਜ਼ਹਾਰ ਕਰਨਾ, ਧੰਨੋ ਦੇ ਪਤੀ ਤੋਤੀ ਦਾ ਉਸਨੂੰ ਔਲਦਾਹੀਣ ਹੋਣ ਕਰਕੇ ਤਾਹਣੇ-ਮਿਹਣੇ ਮਾਰਨਾ, ਸਾਧੂ ਦਾ ਔਲਾਦ ਨਾਲ ਸੰਬੰਧਿਤ ਕਾਵਿ-ਸਤਰਾਂ ਦਾ ਉਚਾਰਣ ਕਰਨਾ, ਧੰਨੋ ਦਾ ਔਲਾਦ ਦੀ ਪ੍ਰਾਪਤੀ ਲਈ ਸਿਆਣੇ ਕੋਲੋਂ ਪੁੱਛ ਲੈਣ ਜਾਣਾ ਅਤੇ ਇਸ ਮਕਸਦ ਵਿਚ ਅਸਫ਼ਲ ਰਹਿਣਾ ਆਦਿ ਘਟਨਾਵਾਂ ਦੀ ਇਕ ਲੰਬੀ ਕੜੀ ਰਾਹੀਂ ਔਲਖ ਨੇ ਨਾਟਕ ਦੀ ਗੋਂਦ ਨੂੰ ਉਸਾਰਿਆ ਹੈ। ਧੰਨੋ ਪਹਿਲਾਂ ਕਿਸੇ ਬੱਚੇ ਦੀ ਬਲੀ ਦੇ ਕੇ ਆਪਣਾ ਬੱਚਾ ਲੈਣ ਬਾਰੇ ਸੋਚਦੀ ਹੈ ਤਾਂ ਉਹ ਇਕ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਧਾਰਨੀ ਔਰਤ ਇਕ ਝਟਕਾ ਵੱਜਣ ਕਾਰਨ ਝੱਟ ਹੀ ਆਪਣਾ ਇਰਾਦਾ ਬਦਲ ਦਿੰਦੀ ਹੈ, ਜਿਸ ਨਾਲ ਨਾਟਕ ਦੁਖਾਂਤ ਦੀ ਥਾਂ ਸੁਖਾਂਤ ਬਣ ਜਾਂਦਾ ਹੈ। ਸਾਰੇ ਨਾਟਕ ਵਿਚ ਇਕ ਸੀਨ 'ਤੇ ਸਥਾਨ ਬਦਲਦਾ ਹੈ, ਜਿਸਨੂੰ ਸੌਖੇ ਢੰਗ ਨਾਲ ਦਿਖਾਇਆ ਜਾ ਸਕਦਾ ਹੈ, ਬਾਕੀ ਸਾਰਾ ਕਾਰਜ ਧੰਨੋ ਦੇ ਘਰ ਦੇ ਵਿਹੜੇ ਵਿਚ ਹੀ ਵਾਪਰਦਾ ਹੈ। ਨਾਟਕਕਾਰ ਨੇ ਇਸ ਨਾਟਕ ਵਿਚਲੀ ਗੋਂਦਕਾਰੀ ਲਈ ਆਪਣੀ ਪਰਪੱਕਤਾ ਦਾ ਨਮੂਨਾ ਪੇਸ਼ ਕੀਤਾ ਹੈ। ਇਕ ਤੋਂ ਬਾਅਦ ਦੂਸਰੀ ਘਟਨਾ ਇੰਝ ਸੁਭਾਵਿਕ ਹੀ ਵਾਪਰਦੀ ਹੈ, ਜੋ ਨਾਟਕ ਦੀ ਗਤੀ ਨੂੰ ਅਗਾਂਹ ਤੋਰਦੀ ਤੇ ਗੋਂਦ ਨੂੰ ਹੋਰ ਵੀ ਕੱਸ ਕੇ ਰੱਖਦੀ ਹੈ।
- 'ਜਦੋਂ ਬੋਹਲ ਰੋਂਦੇ ਹਨ' ਨਾਟਕ ਵਿਚ ਸਰਮਾਏਦਾਰੀ ਸਮਾਜ ਵਲੋਂ ਕੀਤੀ ਜਾਂਦੀ ਗਰੀਬ ਜਨਤਾ ਦੀ ਕਮਾਈ ਦੀ ਲੁੱਟ ਦੇ ਖਿਲਾਫ਼ ਹੈ। ਜਦੋਂ ਇਹ ਕਿਰਤੀ ਲੋਕ ਆਪਣੇ ਆਪ ਨੂੰ ਬੇਵੱਸ ਹੋਇਆ ਮਹਿਸੂਸ ਕਰਦੇ ਹਨ ਤਾਂ ਉਹ ਮਜ਼ਬੂਰੀ ਵੱਸ ਹੋ ਕੇ ਨਸ਼ੇ ਦਾ ਸਹਾਰਾ ਲੈਂਦਾ ਹੈ, ਜੋ ਉਸਦੀ ਅੰਦਰਲੀ ਅੱਗ ਨੂੰ ਹੋਰ ਵੀ ਭੜਕਾ ਦਿੰਦਾ ਹੈ ਅਤੇ ਜਦੋਂ ਉਹ ਸਰਮਾਏਦਾਰਾਂ ਨਾਲ ਮੁਕਾਬਲਾ ਕਰਨ ਤੋਂ ਆਪਣੇ ਆਪ ਨੂੰ ਅਸਮਰੱਥ ਸਮਝਦਾ ਹੈ ਤਾਂ ਉਹ ਬਹਿਕ ਕੇ ਰਹਿ ਜਾਂਦਾ ਹੈ। ਇਹੀ ਹਾਲ ਇਸ ਨਾਟਕ ਦੇ ਨਾਇਕ ਗਰੀਬ ਕਿਸਾਨ ਭਗਤ ਸਿੰਘ ਦਾ ਹੈ। ਸਾਰਾ ਕਾਰਜ, ਸਥਾਨ ਤੇ ਸਮਾਂ ਇਕਸੁਰ ਹਨ ਅਤੇ ਸਾਰਾ ਕਾਰਜ ਉਸਦੇ ਘਰ ਦੇ ਵਿਹੜੇ ਵਿਚ ਹੀ ਵਾਪਰਦਾ ਹੈ। ਨਾਟਕ ਸ਼ੁਰੂ ਹੁੰਦੇ ਸਾਰ ਹੀ

ਕਾਰਜ ਕਾਫ਼ੀ ਭਖਿਆ ਹੋਇਆ ਹੈ। ਭਗਤ ਸਿੰਘ ਅਤੇ ਉਸਦੇ ਸੀਰੀ ਮਾਧੋ ਦੀ ਮਿਹਨਤ ਦੀ ਹੁੰਦੀ ਲੁੱਟ ਦਾ ਜ਼ਿਕਰ ਕਰਦਾ ਨਾਟਕਕਾਰ ਨਾਟਕ ਵਿਚ 'ਸੋਸਾਇਟੀ ਵਾਲੇ' ਅਤੇ 'ਪੂਹਲੀ ਰਾਮ ਸੇਠ' ਵਰਗੇ ਉਨ੍ਹਾਂ ਦੇ ਸਿਰ ਚੜਿਆ ਆਪਣਾ ਕਰਜ਼ਾ ਮੰਗਣ ਲਈ ਬੱਦਲਾਂ ਦੀ ਘਟਾ ਵਾਂਗ ਛਾਏ ਹੋਏ ਹਨ ਅਤੇ ਉਨ੍ਹਾਂ ਨਾਲ ਟੱਕਰ ਪੈਦਾ ਕਰਕੇ ਹੀ ਨਾਟਕ ਖ਼ਤਮ ਹੋ ਜਾਂਦਾ ਹੈ। ਇਸ ਤਰਾਂ ਨਾਟਕ ਵਿਚ ਗੁੰਝਲਦਾਰ ਕਿਸਮ ਦੀ ਗੋਂਦ ਨਾਟਕ ਦੇ ਸਿਖ਼ਰ 'ਤੇ ਉਭਰ ਆਉਂਦੀ ਹੈ। ਸਾਰੀਆਂ ਘਟਨਾਵਾਂ ਲੜੀਵਾਰ ਵਾਪਰਦੀਆਂ ਹੋਈਆਂ ਸੁਘੜ ਗੋਂਦ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਇਕ ਘਟਨਾ ਨਾਲ ਦੂਜੀ ਘਟਨਾ ਦਾ ਸੰਬੰਧ ਸਾਰੇ ਨਾਟਕ ਦੀ ਗੋਂਦ ਗੁੰਦਣ ਵਿਚ ਸਹਾਈ ਸਿੱਧ ਹੁੰਦਾ ਹੈ।

- 1947 ਦੀ ਹਿੰਦੂ-ਸਿੱਖ ਅਤੇ ਮੁਸਲਿਮ ਫਸਾਦਾਂ ਦੀ ਹਨੇਰ-ਗਰਦੀ ਦੀਆਂ ਘਟੀਆਂ ਦੁਖਦਾਇਕ ਘਟਨਾਵਾਂ ਨੂੰ ਆਧਾਰ ਬਣਾ ਕੇ ਔਲਖ ਨੇ 'ਅੰਨ੍ਹੇ ਨਿਸ਼ਾਨਚੀ' ਨਾਟਕ ਦੀ ਗੋਂਦ ਨੂੰ ਕਲਮਬੰਦ ਕੀਤਾ ਹੈ ਅਤੇ ਨਾਲ ਹੀ ਸਮਕਾਲੀ ਸਮਾਜ ਵਿਚ ਫਿਰਕੂ ਤਾਕਤਾਂ ਹੱਥੋਂ ਹੋਣ ਵਾਲੇ ਮਾਰੂ ਅਸਰ ਤੋਂ ਵੀ ਸੁਚੇਤ ਕਰਵਾਇਆ ਹੈ। ਕਿਵੇਂ ਧਰਮ ਦੇ ਠੇਕੇਦਾਰ ਨੱਥੂ ਰਾਮ, ਫੱਟੇ ਚੱਕ, ਹੇਤ ਰਾਮ ਅਤੇ ਖੜਕ ਸਿੰਘ ਸੌੜੀ ਸੋਚ ਵਾਲੇ ਲੋਕ ਇਕ ਦੂਜੇ ਧਰਮ ਦੇ ਬੰਦਿਆਂ ਨੂੰ ਬੇਰਹਿਮੀ ਨਾਲ ਕਤਲ ਕਰ ਰਹੇ ਹਨ। ਮੁਟਿਆਰ ਅਤੇ ਗੂੰਗਾ ਪਾਤਰ ਨਾਟਕੀ ਗੋਂਦ ਨੂੰ ਹੋਰ ਵੀ ਗੁੰਝਲਮਈ ਬਣਾ ਦਿੰਦੇ ਹਨ ਅਤੇ ਦਰਸ਼ਕਾਂ ਦੀ ਹਮਦਰਦੀ ਦੇ ਪਾਤਰ ਵੀ ਬਣਦੇ ਹਨ। ਫੱਟੇ ਚੱਕ ਦਾ ਮੁਟਿਆਰ ਦੀ ਇੱਜ਼ਤ ਨੂੰ ਹੱਥ ਪਾ ਲੈਣ ਕਰਕੇ ਪਛਤਾਉਣਾ ਨਾਟਕ ਦੇ ਸਿਖ਼ਰ ਸਿਰਜਦੇ ਵਾਰਤਾਲਾਪ ਹਨ। ਮੁਟਿਆਰ ਦਾ ਆਪਣੇ ਢਿੱਡ ਵਿਚ ਛੁਰਾ ਖੋਭ ਕੇ ਮਰ ਜਾਣਾ, ਬੱਚੇ ਦੁਆਰਾ ਉਨ੍ਹਾਂ ਅੱਗੇ ਜ਼ਿੰਦਗੀ ਲਈ ਤਰਲੇ ਕਰਨਾ ਅਤੇ ਗੁਰਮੁਖ ਸਿੰਘ ਦੁਆਰਾ ਮਾਨਵਵਾਦ ਦੇ ਹੱਕ ਵਿਚ ਕੀਤੀ ਵਿਆਖਿਆ ਨਾਟਕੀ ਕਾਰਜ ਨੂੰ ਸਿਖ਼ਰ ਵੱਲ ਲਿਜਾਂਦੇ ਹਨ। ਜਿੱਥੇ ਕਿ ਨਾਟਕ ਦੇ ਮੁੱਖ ਪਾਤਰ ਫਿਰਕਾਪ੍ਰਸਤੀ ਦੇ ਫੈਲੇ ਧੂੰਏ ਦੇ ਗੁਬਾਰ ਵਿਚ ਅੰਨ੍ਹੇ ਹੋਏ ਬੇਦੋਸ਼ਿਆ ਦਾ ਕਤਲ ਕਰਨ 'ਤੇ ਤੁਲੇ ਹੋਏ ਹਨ। ਨਾਟਕ ਦਾ ਦੁਖਾਂਤਕ ਸਿਖ਼ਰ ਅੰਤ 'ਤੇ ਦਰਸ਼ਕਾਂ ਦੀ ਚੇਤਨਾ ਨੂੰ ਝੰਜੋੜ ਕੇ ਰੱਖ ਦਿੰਦਾ ਹੈ, ਜਦੋਂ ਗੁਰਮੁਖ ਸਿੰਘ ਅਤੇ ਬੱਚੇ ਨੂੰ ਗੋਲੀ ਮਾਰੀ ਜਾਂਦੀ ਹੈ। ਨਾਲ ਹੀ ਮੰਚ 'ਤੇ ਬੈਠੀ ਬੁੱਢੀ ਔਰਤ ਆਪਣੀ ਜ਼ਿੰਦਗੀ ਨੂੰ ਅਲਵਿਦਾ ਕਹਿ ਜਾਂਦੀ ਹੈ। ਇਥੇ ਹੀ ਨਾਟਕ ਦਾ ਸਿਖ਼ਰ ਹੋ ਜਾਂਦਾ ਹੈ।

- ਅਜਮੇਰ ਸਿੰਘ ਔਲਖ ਦੀ ਗੋਂਦਕਾਰੀ ਦੇ ਪੱਖ ਵਿਚ ਵਿਚਾਰ ਕਰਨ ਉਪਰੰਤ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਹਰ ਨਾਟਕ ਵਿਚਲੀ ਘਟਨਾ ਕਹਾਣੀ ਦੀ  ਗਤੀ ਨਾਲ ਗਤੀ ਮਿਲਾ ਕੇ ਚੱਲਦੀ ਹੋਈ ਕਹਾਣੀ ਨੂੰ ਅੱਗੇ ਵੱਧਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ। ਔਲਖ ਦੇ ਬਹੁਤੇ ਨਾਟਕਾਂ ਦੀ ਗੋਂਦ ਦਾ ਹਿੱਸਾ ਇਹ ਹੈ ਕਿ ਨਾਟਕ ਦੇ ਕਾਰਜ ਨੂੰ ਸਿਖ਼ਰ ’ਤੇ ਲੈ ਜਾ ਕੇ ਇਕ ਦਮ ਖ਼ਤਮ ਕਰ ਦਿੱਤਾ ਜਾਂਦਾ ਹੈ, ਇਸ ਗੱਲੋਂ ਵੀ ਨਾਟਕਕਾਰ ਕਾਫ਼ੀ ਸਫ਼ਲ ਰਿਹਾ ਹੈ। ਉਤਸੁਕਤਾ ਪੈਦਾ ਕਰਨਾ ਹੀ ਨਾਟਕੀ ਗੋਂਦ ਦਾ ਮੁੱਖ ਕਾਰਜ ਹੈ, ਜਿਸ ਨਾਲ ਨਾਟਕ ਵਿਚਲਾ ਸੁਆਦ ਹੋਰ ਵੀ ਵਧ ਜਾਂਦਾ ਹੈ। ਉਤਸੁਕਤਾ ਨੂੰ ਕਾਇਮ ਰੱਖਣ ਲਈ ਔਲਖ ਨੇ ਨਾਟਕਾਂ ਵਿਚ ਟੱਕਰ, ਕਾਰਜ ਅਤੇ ਕਾਰਨ ਦਾ ਆਪਸੀ ਸੰਬੰਧ, ਸਿਖਿਆ, ਕਹਾਣੀ ਰਸ, ਆਨੰਦਮਈ ਵਾਰਤਾਲਾਪ, ਨਾਟਕੀ ਵਿਅੰਗ, ਮਨਬਚਨੀਆਂ, ਕਈ ਹੋਰ ਸਾਧਨਾਂ ਦੀ ਵਰਤੋਂ, ਦਰਸ਼ਕਾਂ ਨੂੰ ਕੀਲਣ ਵਾਲਾ ਤਿੱਖੇ ਨਾਟਕੀ ਅੰਦਾਜ਼ ਵਾਲਾ ਨਾਟਕੀ ਕਾਰਜ ਭਰਪੂਰ ਸਿਖਰ ਸਿਰਜ ਕੇ ਗੋਂਦਕਾਰੀ ਵਿਚ ਆਪਣੀ ਨਿਪੁੰਨਤਾ ਅਤੇ ਪ੍ਰਪੱਕਤਾ ਦਾ ਸਬੂਤ ਪੇਸ਼ ਕਰ ਦਿੱਤਾ ਹੈ। ਇਹ ਗੱਲ ਔਲਖ ਨੂੰ ਇਕ ਹੋਰ ਵੀ ਸਫ਼ਲ ਨਾਟਕਕਾਰ ਬਣਾਉਂਦੀ ਹੈ।

- ਔਲਖ ਤਤਕਾਲੀ ਸੰਦਰਭ ਵਿਚ ਮੁਕਤੀ ਦਾ ਰਾਹ ਵਰਗ ਸੰਘਰਸ਼ ਜਾਂ ਹਥਿਆਰ ਬੰਦ ਕ੍ਰਾਂਤੀ ਦੇ ਯੂਟੋਪੀਏ ਵਿਚ ਨਹੀਂ ਮਿਥਦਾ। ਉਹ ਸੁਚੇਤ ਹੈ ਕਿ ਲੜਾਈ ਕੇਵਲ ਆਰਥਿਕਤਾ ਤੇ ਰਾਜਨੀਤਕ ਸੱਤਾ ਹਥਿਆਉਣ ਲਈ ਨਹੀਂ ਸਗੋਂ ਵਿਚਾਰਧਾਰਾ ਅਤੇ ਕਲਚਰ ਦੇ ਹੋਰ ਅਨੇਕਾਂ ਮੁਹਾਜਾਂ ’ਤੇ ਲੜਨੀ ਪੈਣੀ ਹੈ। ਸਥਾਪਤੀ ਚੁਣੌਤੀ ਕੇਵਲ ਹਥਿਆਰ ਬੰਦ ਕ੍ਰਾਂਤੀ ਹੀ ਨਹੀਂ ਉਸ ਦੀਆਂ ਜੜ੍ਹਾਂ ਨੂੰ ਪੱਕੀਆਂ ਕਰਨ ਵਾਲੀਆਂ ਸੰਸਥਾਵਾਂ ਨੂੰ ਵਿਸਥਾਪਿਤ ਕਰਕੇ ਹੀ ਜਿੱਤੀ ਜਾ ਸਕਦੀ ਹੈ। ਉਸਦੇ ਨਾਟਕਾਂ ਵਿਚੋਂ ਇਹ ਧੁਨੀ ਉਭਰਦੀ ਹੈ ਕਿ ਬੇਵੱਸ ਕਿਰਤੀ ਵਰਗ ਆਰਥਿਕਤਾ ਅਤੇ ਸੱਤਾ ਉਪਰ ਕਾਬਜ ਚਤੁਰ ਅਤੇ ਦੂਸ਼ਨਕਾਰੀ ਧਿਰ ਨਾਲ ਸਿੱਧੇ ਤੌਰ ’ਤੇ ਨਹੀਂ ਟਕਰਾਅ ਸਕਦਾ। ਉਹ ਸਥਾਪਤੀ ਦੇ ਵਿਚਾਰਧਾਰਕ ਅਤੇ ਕਲਚਰਲ ਗਲੇਬ ਨੂੰ ਨਕਾਰ ਕੇ ਹੀ ਆਪਣੇ ਮਨੁੱਖੀ ਗੌਰਵ ਨੂੰ ਬਹਾਲ ਕਰ ਸਕਦਾ ਹੈ। ਉਪਰੋਕਤ ਚਰਚਾ ਦੇ ਆਧਾਰ ’ਤੇ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚਲਾ ਨਿਮਨ ਕਿਸਾਨ ਘੱਟ ਜ਼ਮੀਨ ਕਰਕੇ ਪੈਦਾ ਹੋਈ ਆਰਥਿਕ ਮੰਦਹਾਲੀ ਕਰਕੇ ਪੈਦਾ ਹੋਈਆਂ ਸਮੱਸਿਆਵਾਂ ਵਿਚ ਉਲਝਿਆ ਸਾਰੀ ਜ਼ਿੰਦਗੀ ਉਨ੍ਹਾਂ ਨੂੰ ਸੁਲਝਾਉਣ ਦਾ ਯਤਨ ਕਰਦਾ ਦਿਖਾਈ ਦਿੰਦਾ ਹੈ। ਇਕ ਪਾਸੇ ਭੂਮੀ ਅਧਿਗ੍ਰਹਿਣ ਨਿਯਮ ਅਤੇ ਹੋਰ ਕਈ ਸਮੱਸਿਆਵਾਂ ਕਰਕੇ ਨਿਮਨ ਕਿਸਾਨ ਬੇ-ਜ਼ਮੀਨਾ ਹੋ ਰਿਹਾ ਹੈ ਤਾਂ ਦੂਜੇ ਪਾਸੇ ਸਰਕਾਰ ਵੱਲੋਂ ਮਨਰੇਗਾ

ਵਰਗੀਆਂ ਸਹੂਲਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਠਲ੍ਹ ਪਾਉਣ ਵਿਚ ਸਹਿਯੋਗੀ ਸਿੱਧ ਹੁੰਦੀਆਂ ਹਨ। ਜੇਕਰ ਉਹ ਇਕ ਪਾਸੇ ਆਪਣੀ ਅਨਪੜ੍ਹਤਾ, ਯੋਗ ਵਿਦਿਆ ਦੀ ਘਾਟ, ਰਾਜਨੀਤਕ ਚੇਤਨਾ ਦੀ ਘਾਟ ਅਤੇ ਨਾ-ਪੁਗਦੀ ਅਣਖ ਕਰਕੇ ਕਈ ਤਰ੍ਹਾਂ ਦੀ ਤ੍ਰਾਸਦੀ ਭੋਗਦਾ ਹੈ ਤਾਂ ਦੂਜੇ ਪਾਸੇ ਸਰਕਾਰ ਵੱਲੋਂ ਕਿਸਾਨਾਂ ਨੂੰ ਖੇਤੀ ਲਈ ਮਿਲਣ ਵਾਲੀ ਛੂਟ ਕਰਕੇ ਉਨ੍ਹਾਂ ਦੇ ਕਦਮ ਪ੍ਰਗਤੀ ਵੱਲ ਵੀ ਵੱਧ ਰਹੇ ਹਨ। ਨਿਮਨ ਕਿਸਾਨ ਧਾਰਮਿਕ ਪਾਖੰਡ ਨੂੰ ਛੱਡ ਕੇ, ਧਰਮ ਦੇ ਸਹੀ ਅਰਥਾਂ ਨੂੰ ਸਮਝਣ ਲੱਗ ਪਿਆ ਹੈ। ਉਸ ਨੇ ਜ਼ਿੰਦਗੀ ਦੇ ਰੂਪਾਂਤਰਣ ਲਈ ਪੂਰਨ ਸੂਝ ਅਤੇ ਜਾਗ੍ਰਿਤੀ ਨਾਲ ਸੰਘਰਸ਼ ਦਾ ਰਾਹ ਅਪਣਾ ਲਿਆ ਹੈ। ਸੋ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਰਾਹੀਂ ਨਿਮਨ ਕਿਸਾਨ ਦੀ ਜ਼ਿੰਦਗੀ ਦਾ ਬਹੁ-ਦਿਸ਼ਾਵੀ, ਬਹੁ-ਪਸਾਰੀ ਤੇ ਗਹਿਰ-ਗੰਭੀਰ ਚਿਤਰਣ ਕਰਕੇ, ਇਨ੍ਹਾਂ ਅਣਹੋਇਆਂ ਵਰਗੀ ਜ਼ਿੰਦਗੀ ਜਿਉਣ ਵਾਲਿਆਂ ਵਿਚ ਜ਼ਿੰਦਗੀ ਨੂੰ ਪੂਰੀ ਜਾਗਰੂਕਤਾ ਨਾਲ ਜਿਉਣ ਦਾ ਸੰਦੇਸ਼ ਦਿਤਾ ਹੈ।

ਸਮੁੱਚੀ ਚਰਚਾ ਦੇ ਆਧਾਰ ’ਤੇ ਅਜਮੇਰ ਔਲਖ ਦੇ ਨਾਟਕਾਂ ਵਿਚਲੀ ਦਲਿਤ ਵਰਗ ਦੀ ਤ੍ਰਾਸਦਿਕ ਹੋਣੀ ਦੇ ਵਿੰਭਿਨ ਪਸਾਰਾਂ ਦੀ ਸਥਿਤੀ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਇਕ ਤਾਂ ਉਸ ਦਾ ਦਲਿਤ ਵਰਗ ਮਨੂੰ ਸਿਮਰਤੀ ਗ੍ਰੰਥ ਵਾਲਾ ਨਹੀਂ ਬਲਕਿ ਨਿਰੰਤਰ ਗਤੀ-ਪ੍ਰਗਤੀ ਵਿਚ ਪਿਆ, ਨਿਤ ਨਵੇਂ ਅਰਥ ਗ੍ਰਹਿਣ ਕਰਦਾ, ਆਧੁਨਿਕ ਸਮੇਂ ਦੇ ਹਾਣ ਦਾ, ਨਵੀਆਂ ਸੀਮਾਵਾਂ, ਦਿਸ਼ਾਵਾਂ ਅਤੇ ਉਦੇਸ਼ਾਂ ਨਾਲ ਜੁੜਿਆ, ਧਰਮ, ਜਾਤ-ਪਾਤ ਦਾ ਵਿਸਰਜਕ ਪਰ ਨਿਰੰਤਰ ਆਰਥਿਕ ਮੰਦਹਾਲੀ ਨੂੰ ਆਪਣੇ ਪਿੰਡੇ ’ਤੇ ਹੰਢਾਉਣ ਵਾਲਾ, ਜ਼ਿੰਦਗੀ ਨਹੀਂ ਬਲਕਿ ਜੂਨ ਭੋਗਣ ਵਾਲਾ ਪਰ ਜੂਨ ਨੂੰ ਜ਼ਿੰਦਗੀ ਵਿਚ ਰੂਪਾਂਤਰਣ ਕਰਨ ਲਈ ਨਿਰੰਤਰ ਯਤਨਸ਼ੀਲ, ਜਾਤ, ਸੰਘਰਸ਼ ਦਾ ਰਾਹ ਗ੍ਰਹਿਣ ਕਰਨ ਵਾਲਾ ਹੈ। ਅਜਮੇਰ ਔਲਖ ਨੇ ਦਲਿਤ ਹੋਣ ਦੀ ਮੂਲ ਪਛਾਣ ਆਰਥਿਕ ਮੰਦਹਾਲੀ ਨੂੰ ਦੱਸਿਆ ਹੈ, ਪਰ ਕਈ ਨਾਟ ਕਿਰਤਾਂ ਵਿਚੋਂ ਇਹ ਅਹਿਸਾਸ ਵੀ ਉਘਾੜਿਆ ਹੈ ਕਿ ਧਰਮ ਦਾ ਪਾਖੰਡ ਰਚਨ ਵਾਲੇ ਦਲਿਤ ਹਨ। ਹਾਣ ਦਾ ਵਰ ਨਾ ਮਿਲਣਾ, ਔਲਾਦਹੀਣ ਹੋਣਾ, ਨੀਵੀ ਜਾਤ ਦੀ ਔਰਤ ਨੂੰ ਵਿਆਹੁਣਾ ਵੀ ਅਣ-ਹੋਇਆਪਨ ਸਿਰਜਨ ਦੇ ਕਾਰਨ ਹਨ। ਅਜਮੇਰ ਔਲਖ ਦੀਆਂ ਨਾਟ-ਕਿਰਤਾਂ ਨੂੰ ਆਧੁਨਿਕ ਸਮੇਂ ਵਿਚਲੇ ਦਲਿਤ ਲੋਕਾਂ ਦੇ ਜੀਵਨ ਅਤੇ ਸਭਿਆਚਾਰ ਦੇ ਸਰਬ-ਪੱਖੀ ਬਹੁ-ਪਾਸਾਰੀ ਗਹਿਰ ਗੰਭੀਰ ਚਿਤਵਣ ਦਾ ਚਿਤਰਣ ਕਿਹਾ ਜਾ ਸਕਦਾ ਹੈ। ਉਸਦੀ ਆਪਣੀ ਸਮੁੱਚੀ ਜ਼ਿੰਦਗੀ ਮਾਲਵੇ ਦੇ ਪੇਂਡੂ ਸਮਾਜ ਦੀ ਆਰਥਿਕ ਮੰਦਹਾਲੀ ਦਾ ਸ਼ਿਕਾਰ, ਇਨਸਾਨਾਂ ਵਾਂਗ ਜਨਮ ਲੈ ਕੇ ਜੂਨ ਭੋਗਣ ਵਾਲੀ, ਬਹੁ-ਪੱਖੀ ਸ਼ੋਸ਼ਨ ਦਾ ਸ਼ਿਕਾਰ ਨਿਮਨ-ਕਿਸਾਨੀ ਨਾਲ ਸੰਬੰਧਿਤ ਰਹੀ ਹੈ। ਉਸ ਨੇ ਇਸ ਸਭ ਕੁਝ ਨੂੰ ਬੜਾ ਨੇੜਿਉ ਹੋ ਕੇ, ਬੜੀ ਸ਼ਿੱਦਤ ਨਾਲ ਵੇਖਿਆ ਹੈ। ਮੂਲ ਕਾਰਨ ਹੈ ਕਿ ਔਲਖ ਦਲਿਤ ਜਨ-ਜੀਵਨ ਦੀਆਂ ਤਹਿਆਂ ਫਰੋਲ

ਸਕਿਆ ਹੈ। ਇਨ੍ਹਾਂ ਦੀਆਂ ਬੁਨਿਆਦੀ ਲੋੜਾਂ ਅਤੇ ਥੁੜ੍ਹਾਂ ਦਾ ਚਿਤਵਣ ਅਤੇ ਚਿਤਰਣ ਕਰ ਸਕਿਆ ਹੈ। ਔਲਖ ਦੀ ਪ੍ਰਾਪਤੀ, ਮਹੱਤਤਾ ਅਤੇ ਦੇਣ ਹੀ ਇਸ ਗੱਲ ਵਿਚ ਹੈ ਕਿ ਉਸਨੇ ਛੋਟੇ ਕਿਸਾਨਾਂ, ਕਿਰਤੀਆਂ ਅਤੇ ਆਧੁਨਿਕ ਸਮੇਂ ਵਿਚ ਜੂਨ ਭੋਗਣ ਵਾਲਿਆਂ ਦੀ ਤ੍ਰਾਸਦਕ ਹੋਣੀ ਦੇ ਸਿਰਜਕ ਅਤੇ ਵਿਸਰਜਨਾਤਮਕ ਕਾਰਨਾਂ ਦੀਆਂ ਤਹਿਆਂ ਵਿਚ ਰਹੱਸ ਬਣ ਕੇ ਪਈ ਵਾਸਤਵਿਤਕਾ ਨੂੰ ਉਘਾੜਿਆ ਹੈ। ਕੁਲ ਮਿਲਾ ਕੇ ਅਸੀਂ ਅਜਮੇਰ ਔਲਖ ਨੂੰ ਪੰਜਾਬੀ ਨਾਟਕ ਸਾਹਿਤ ਦਾ ਅਣਹੋਇਆਂ ਦਾ ਮੁੱਦਈ ਪ੍ਰਮਾਣਕ ਨਾਟਕਕਾਰ ਕਹਿ ਸਕਦੇ ਹਾਂ।

# ਪੁਸਤਕ ਸੂਚੀ

ਉੱਪਲ, ਕਮਲੇਸ਼. ਪੰਜਾਬੀ ਨਾਟਕ ਅਤੇ ਰੰਗਮੰਚ. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ. 2004.

ਅਨੂਪ ਸਿੰਘ (ਡਾ.). ਸੰਸਾਰੀਕਰਨ ਉਦਾਰੀਕਰਨ ਨਿੱਜੀਕਰਨ. ਪ੍ਰੇਰਨਾ ਪ੍ਰਕਾਸ਼ਨ, 2000.

ਅਮਰਜੀਤ ਸਿੰਘ. ਸੇਖੋਂ ਦੇ ਇਤਿਹਾਸਕ ਤੇ ਮਿਥਿਹਾਸਕ ਨਾਟਕ. ਨਾਨਕ ਸਿੰਘ ਪੁਸਤਕਮਾਲਾ, 1970.

ਅਰਸ਼ੀ, ਗੁਰਚਰਨ ਸਿੰਘ (ਡਾ.). ਪੱਛਮੀ ਕਾਵਿ ਸ਼ਾਸਤਰ. ਆਰਸੀ ਪਬਲਿਸ਼ਰਜ, 2013.

ਔਲਖ, ਅਜਮੇਰ ਸਿੰਘ. ਮੇਰੇ ਸਾਰੇ ਇਕਾਂਗੀ. ਚੇਤਨਾ ਪ੍ਰਕਾਸ਼ਨ, 2015.

ਓਹੀ, ਮੇਰੇ ਸਾਰੇ ਪੂਰੇ ਨਾਟਕ ਭਾਗ ਪਹਿਲਾ. ਚੇਤਨਾ ਪ੍ਰਕਾਸ਼ਨ, 2015.

ਓਹੀ, ਮੇਰੇ ਸਾਰੇ ਪੂਰੇ ਨਾਟਕ ਭਾਗ-ਦੂਜਾ. ਚੇਤਨਾ ਪ੍ਰਕਾਸ਼ਨ, 2015.

ਓਹੀ, ਮੇਰੇ ਸਾਰੇ ਲਘੂ ਨਾਟਕ. ਚੇਤਨਾ ਪ੍ਰਕਾਸ਼ਨ, 2015.

ਓਹੀ, ਸਾਹਿਤਕ ਸਵੈ—ਜੀਵਨੀ 'ਮੇਰੀ ਨਾਟ ਯਾਤਰਾ'. ਪੰਜਾਬੀ ਯੂਨੀਵਰਸਿਟੀ, 2006.

ਓਹੀ, ਮੇਰੀਆਂ ਰੰਗਮੰਚੀ ਯਾਦਾਂ. ਉਡਾਨ ਪਬਲਿਕੇਸ਼ਨ, 2010.

ਔਲਖ, ਅਜੀਤ ਸਿੰਘ. ਪੰਜਾਬੀ ਲੋਕ ਨਾਟ ਪਰੰਪਰਾਵਾਂ. ਨਵੀਨ ਪ੍ਰਕਾਸ਼ਨ, 1982.

ਏਂਗਲਜ. ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪੱਤੀ. (ਅਨੁ.) ਪ੍ਰਗਤੀ ਪ੍ਰਕਾਸ਼ਨ, 1978.

ਸਵਿੰਦਰਜੀਤ ਕੌਰ (ਅਨੁ.). ਸਮਾਜ ਇਕ ਪ੍ਰਾਰੰਭਿਕ ਵਿਸ਼ਲੇਸ਼ਣ. ਪੰਜਾਬੀ ਯੂਨੀਵਰਸਿਟੀ,1979.

ਸੁਤੰਤਰਜੋਤ ਸਿੰਘ. ਪੰਜਾਬੀ ਨਾਟਕ ਆਧੁਨਿਕਤਾ ਦਾ ਸੰਕਲਪ. ਰਵੀ ਸਾਹਿਤ ਪ੍ਰਕਾਸ਼ਨ, ਮਿਤੀਹੀਨ.

ਸੇਠੀ, ਸੁਰਜੀਤ ਸਿੰਘ. ਨਾਟਕ ਕਲਾ. ਲੋਕਗੀਤ ਪ੍ਰਕਾਸ਼ਨ, 2005.

ਸ਼ਰਨਜੀਤ ਕੌਰ. ਅਜਮੇਰ ਸਿੰਘ ਔਲਖ ਦੀ ਲਘੂ ਨਾਟ ਕਲਾ. ਰਵੀ ਸਾਹਿਤ ਪ੍ਰਕਾਸ਼ਨ,1989.

ਸ਼ਰਮਾ, ਗੁਰਦੀਪ ਕੁਮਾਰ. ਪੰਜਾਬੀ ਸਭਿਆਚਾਰ ਦੇ ਬਦਲਦੇ ਪਰਿਪੇਖ. ਲੋਕਗੀਤ ਪ੍ਰਕਾਸ਼ਨ, 2011.

ਕੁਮਾਰ, ਸਤੀਸ਼ ਵਰਮਾ. ਪੰਜਾਬੀ ਰੰਗਮੰਚ ਦੀ ਭੂਮਿਕਾ. ਬਿਸ਼ਨੇ ਚੰਦ ਐਂਡ ਸੰਸ, 2003.

ਕੁਲਵੰਤ ਸਿੰਘ. ਧਰਮ ਪਰਿਪੇਖ ਅਤੇ ਸਿਧਾਂਤ. ਰਵੀ ਸਾਹਿਤ ਪ੍ਰਕਾਸ਼ਨ, 2017.

ਕੇਸਰ, ਕੇਸਰ ਸਿੰਘ. ਸਾਹਿਤ ਖੋਜ ਤੇ ਸਾਹਿਤ ਆਲੋਚਨਾ. ਰਘਬੀਰ ਰਚਨਾ ਪ੍ਰਕਾਸ਼ਨ,1984.

ਕਾਹਲੋਂ, ਅੱਛਰ ਸਿੰਘ (ਡਾ.). ਪੰਜਾਬੀ ਨਾਟਕ ਵਿਚ ਇਕ ਵੱਖਰੀ ਪਛਾਣ ਅਜਮੇਰ ਸਿੰਘ ਔਲਖ. ਲਾਹੌਰ ਬੁੱਕ ਸ਼ਾਪ, 1985.

ਕਾਰਲ ਮਾਰਕਸ, ਫ੍ਰੈਡਰਿਕ ਏਂਗਲਜ ਅਤੇ ਵ.ਇ. ਲੈਨਿਨ. ਇਤਿਹਾਸਕ ਪਦਾਰਥਵਾਦ. ਪ੍ਰਗਤੀ ਪ੍ਰਕਾਸ਼ਨ, 1985.

ਕੋਟਭਾਈ, ਗੁਰਦਿਆਲ ਸਿੰਘ. ਕਾਰਲ ਮਾਰਕਸ ਦੀ ਜੀਵਨੀ ਤੇ ਚਿੰਤਨ. ਚੇਤਨਾ ਪ੍ਰਕਾਸ਼ਨ, 2021.

ਗਾਰਗੀ, ਬਲਵੰਤ. ਲੋਕ ਨਾਟਕ. ਨਵਯੁੱਗ ਪਬਲੀਸ਼ਰਜ਼, 1999.

ਓਹੀ. ਰੰਗਮੰਚ. ਨਵਯੁੱਗ ਪਬਲੀਸ਼ਰਜ਼, 1999.

ਚਰਨਦੀਪ ਸਿੰਘ. ਦਲਿਤ ਸਰੋਕਾਰ ਤੇ ਸਾਹਿਤ. ਲੋਕਗੀਤ ਪ੍ਰਕਾਸ਼ਨ, 2004.

ਚਰਨਜੀਤ ਕੌਰ (ਡਾ.). ਨਾਰੀਵਾਦੀ ਚਿੰਤਨ : ਪਰਿਪੇਖ ਤੇ ਪਾਸਾਰ. ਨਵਚੇਤਨਾ ਪ੍ਰਕਾਸ਼ਨ, 2001.

ਜਸਵਿੰਦਰ ਸਿੰਘ (ਡਾ.). ਪੰਜਾਬੀ ਸਭਿਆਚਾਰ ਜਾਣ-ਪਛਾਣ. ਗਰੇਸੀਅਸ ਪ੍ਰਕਾਸ਼ਨ, 2014.

ਧਰਮ ਸਿੰਘ (ਡਾ.). ਪੰਜਾਬੀ ਖੋਜ ਸੰਦਰਭ. ਰਵੀ ਸਾਹਿਤ ਪ੍ਰਕਾਸ਼ਨ, 2015.

ਓਹੀ.ਪੰਜਾਬੀ ਖੋਜ ਦਾ ਇਤਿਹਾਸ. ਪੰਜਾਬੀ ਅਕਾਦਮੀ, 2015.

ਨੂਰ, ਸਤਿੰਦਰ ਸਿੰਘ. ਸਾਹਿਤ ਅਤੇ ਦਲਿਤ ਚੇਤਨਾ. ਸਾਹਿਤ ਅਕਾਦਮੀ,2004.

ਓਹੀ. ਵਿਚਾਰਧਾਰਾ ਸਾਹਿਤ ਸਭਿਆਚਾਰ. ਚੇਤਨਾ ਪ੍ਰਕਾਸ਼ਨ, 2005.

ਓਹੀ. ਸਮਕਾਲੀ ਪੰਜਾਬੀ ਸਾਹਿਤ ਦੇ ਸਰੋਕਾਰ.ਪੰਜਾਬੀ ਅਕਾਦਮੀ, 2008.

ਨੂਰ ਪਰਮਜੀਤ ਕੌਰ. ਅਜਮੇਰ ਔਲਖ ਦੀ ਨਾਟ ਦ੍ਰਿਸ਼ਟੀ. ਵਾਰਿਸ ਸ਼ਾਹ ਫਾਊਂਡੇਸ਼ਨ, 1991.

ਪਰਮਜੀਤ ਕੌਰ, ਵਿਨੋਦ ਮਿੱਤਲ. ਨਾਰੀਵਾਦ ਤੇ ਸਾਹਿਤ ਸਮੀਖਿਆ. ਆਬ ਪਬਲੀਕੇਸ਼ਨਜ਼, 2013.

ਪਿਆਰ ਸਿੰਘ (ਡਾ.). ਖੋਜ ਸਿਧਾਂਤ ਤੇ ਵਿਵਹਾਰ. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1987.

ਬਹਿਲ, ਨਵਨਿੰਦਰਾ (ਡਾ.). ਨਾਟਕੀ ਸਾਹਿਤ. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2016.

ਬਰਾੜ, ਕਮਲਦੀਪ ਕੌਰ (ਡਾ.). ਅਜਮੇਰ ਸਿੰਘ ਔਲਖ ਦੀ ਨਾਟ ਚੇਤਨਾ ਪ੍ਰਕਾਸ਼ਨ. ਪੰਜਾਬੀ ਭਵਨ, 2007.

ਬਾਵਾ, ਮਨਮੋਹਣ. ਭਾਰਤੀ ਇਤਿਹਾਸ, ਮਿਥਿਹਾਸ. ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਟਿਡ, 2015.

ਬੇਅੰਤ ਕੌਰ (ਡਾ.). ਨਾਰੀਵਾਦੀ ਚਿੰਤਨ : ਪਰਿਪੇਖ ਤੇ ਵਿਹਾਰ. ਨਵਚੇਤਨਾ ਪ੍ਰਕਾਸ਼ਨ, 2001.

ਭਰਤਮੁਨੀ. ਨਾਟਯ ਸ਼ਾਸਤਰ. ਗੋਬਿੰਦ ਨਾਥ ਰਾਜਗੁਰੂ (ਅਨੁਵਾਦ). ਪੰਜਾਬੀ ਯੂਨੀਵਰਸਿਟੀ, 1985.

ਭੁਪਾਲ ਦਾਸ. ਪੰਜਾਬੀ ਨਾਟ-ਚੇਤਨਾ ਦਾ ਸਫ਼ਰ. ਬਲਵੰਤ ਪ੍ਰਕਾਸ਼ਨ, 1989.

ਭੀਮਇੰਦਰ ਸਿੰਘ (ਡਾ.). ਮਾਰਕਸਵਾਦ, ਨਵ-ਮਾਰਕਸਵਾਦ ਅਤੇ ਉੱਤਰ-ਆਧੁਨਿਕਤਾਵਾਦ. ਲੋਕਗੀਤ ਪ੍ਰਕਾਸ਼ਨ, 2006.

ਓਹੀ. ਦਲਿਤ ਚਿੰਤਨ -ਮਾਰਕਸੀ ਪਰਿਪੇਖ. ਯੂਨੀਸਟਾਰ ਪ੍ਰਕਾਸ਼ਨ,2013.

ਭੱਟੀ, ਸੁਰਜੀਤ ਸਿੰਘ. ਮਾਰਕਸਵਾਦੀ ਸਮੀਖਿਆ ਸਿਧਾਂਤ. ਸੇਧ ਪ੍ਰਕਾਸ਼ਨ,1984.

ਓਹੀ. ਮਾਰਕਸਵਾਦੀ ਪੰਜਾਬੀ ਆਲੋਚਨਾ. ਪੰਜਾਬ ਪ੍ਰਕਾਸ਼ਨ, 1986.

ਓਹੀ. ਵਾਦ-ਚਿੰਤਨ. ਚੇਤਨਾ ਪ੍ਰਕਾਸ਼ਨ,2015.

ਮਹਿਲ ਸਿੰਘ ਅਤੇ ਕੰਵਲਜੀਤ ਕੌਰ (ਸੰਪਾ.). ਦਲਿਤ ਸਰੋਕਾਰ ਸਿਧਾਂਤ ਤੇ ਵਿਹਾਰ. ਰਵੀ ਸਾਹਿਤ ਪ੍ਰਕਾਸ਼ਨ, 2012.

ਰਘਬੀਰ ਕੌਰ. ਪੰਜਾਬੀ ਦੁਖਾਂਤ ਨਾਟਕ ਪਰੰਪਰਾ ਤੇ ਪ੍ਰਵਾਹ. ਬੁੱਕ ਸ਼ਾਪ, 2004.

ਰਾਜਪਾਲ ਸਿੰਘ. ਮਾਓ-ਜ਼ੇ-ਤੁੰਗ. ਪੀਪਲਜ਼ ਫੋਰਮ, 2021.

ਰਾਣੀ, ਨਿਰਮਲਾ. ਅਜਮੇਰ ਸਿੰਘ ਔਲਖ ਦੀ ਨਾਟ ਸੰਵੇਦਨਾ. ਉਡਾਨ ਪਬਲੀਕੇਸ਼ਨਜ਼, 2007.

ਰੌਣਕੀ ਰਾਮ (ਡਾ.). ਦਲਿਤ ਚੇਤਨਾ: ਸਰੋਤ ਤੇ ਸਰੂਪ. ਲੋਕਗੀਤ ਪ੍ਰਕਾਸ਼ਨ,2010.

**English Books.**

Jain, Nemichandra. Indian Theatre Tradition. Continuity and Change National School of Drama, 2012.

Nagendra (Dr.). Comparative Literature. Delhi, 1997.

Sh. Styam J.L.. Drami, Stage and Audience. Cambridge University Press, 1975.

Sushila Singh. Feminism: Theory Criticism. Analysis Delhi Pen Craft International, 1997.

Waltes, Margaret. Feminism A Sery short Introduction. Oxford University Press, 2005.

## ਮੈਗਜ਼ੀਨ ਅਤੇ ਖੋਜ ਪੱਤ੍ਰਿਕਾਵਾਂ

ਖੋਜ ਪਤ੍ਰਿਕਾ. ਅੰਕ 25. ਨਾਟਕ ਵਿਸ਼ੇਸ਼ ਅੰਕ ਪਬਲਿਕੇਸ਼ਨ ਬਿਉਰੋ. ਪੰਜਾਬੀ ਯੂਨੀਵਰਸਿਟੀ, 1985.

ਖੋਜ ਪਤ੍ਰਿਕਾ. ਅੰਕ 61. ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ, ਮਾਰਚ 2005.

## ਸੰਦਰਭ ਗ੍ਰੰਥ

ਹਰਕੀਰਤ ਸਿੰਘ (ਸੰਪਾਦਕ). ਪੰਜਾਬੀ ਸ਼ਬਦ ਰੂਪ ਅਤੇ ਸ਼ਬਦ ਜੋੜ ਕੋਸ਼. ਪੰਜਾਬੀ ਯੂਨੀਵਰਸਿਟੀ, 1988.

ਨਾਭਾ, ਕਾਨ੍ਹ ਸਿੰਘ (ਭਾਈ). ਗੁਰਸ਼ਬਦ ਰਤਨਾਕਰ ਮਹਾਨਕੋਸ਼. ਨੈਸ਼ਨਲ ਬੁੱਕ ਸ਼ਾਪ, 2010.

**Internet Sites**

shodhganga.inflibnet.ac.in

www.encyclopedia.com

# FINAL SUBMISSION thesis 23 sep.docx

ORIGINALITY REPORT

| 0% | 0% | 0% | % |
|---|---|---|---|
| SIMILARITY INDEX | INTERNET SOURCES | PUBLICATIONS | STUDENT PAPERS |

MATCH ALL SOURCES (ONLY SELECTED SOURCE PRINTED)

< 1%

★ ir.amu.ac.in

Internet Source

| | | | |
|---|---|---|---|
| Exclude quotes | On | Exclude matches | < 7 words |
| Exclude bibliography | On | | |